ਜਾਦੂ ਦੀ ਮੁੰਦਰੀ


ਤੁਰਕਮੇਨੀਆ ਦੀਆਂ ਪਰੀ-ਕਹਾਣੀਆਂ







ਜਾਦੂ ਦੀ ਮੁੰਦਰੀ
ਤੁਰਕਮੇਨੀਆ ਦੀਆਂ
ਪਰੀ – ਕਹਾਣੀਆਂ



ਜਾਦੂ ਦੀ ਮੁੰਦਰੀ

ਤੁਰਕਮੇਨੀਆ ਦੀਆਂ ਪਰੀ-ਕਹਾਣੀਆਂ

ਰਾਦੂਗਾ ਪ੍ਰਕਾਸ਼ਨ
ਮਾਸਕੋ

ਪੰਜਾਬ ਬੁਕ ਸੈਂਟਰ
ਐਸ. ਸੀ. ਓ. 1126-27, ਸੈਕਟਰ 22-ਬੀ,
ਚੰਡੀਗੜ੍ਹ।

ਅਨੁਵਾਦਕ : ਕਸ਼ਮੀਰ ਸਿੰਘ
ਚਿਤਰਕਾਰ : ਵ. ਵਲਾਸੋਵ

ТУРКМЕНСКИЕ СКАЗКИ
На языке панджаби


TURKMAN FOLK TALES
In Punjabi

ਸੋਵੀਅਤ ਯੂਨੀਅਨ ਵਿਚ ਛਪਿਆ

ISBN 5-05-003066-8

ਤਤਕਰਾ

ਆਪ ਕੁੱਜੇ ਤੋਂ ਵੀ ਛੋਟਾ, ਦਾੜ੍ਹੀ ਢਾਈ ਇੰਚ



ਇਕ ਬਜ਼ੁਰਗ ਦੇ ਤਿੰਨ ਪੁਤਰ ਸਨ। ਸਭ ਤੋਂ ਵੱਡਾ ਤੇ ਵਿਚਕਾਰਲਾ ਉੱਚੇ ਲੰਮੇ ਤੇ ਤਗੜੇ ਨਿਕਲੇ ਜਦਕਿ ਛੋਟਾ ਨਿਕਚੂ ਜਿਹਾ ਹੀ ਰਿਹਾ: ਕੱਦ ਇਕ ਇੰਚ ਤੇ ਦਾੜ੍ਹੀ ਢਾਈ ਇੰਚ। ਇਸੇ ਕਾਰਨ ਉਸ ਨੂੰ "ਆਪ ਕੁੱਜੇ ਤੋਂ ਵੀ ਛੋਟਾ, ਦਾੜ੍ਹੀ ਢਾਈ ਇੰਚ" ਕਰ ਕੇ ਸੱਦਿਆ ਜਾਂਦਾ ਸੀ।

ਇਕ ਵਾਰ ਪਿਤਾ ਨੇ ਆਪਣੇ ਪੁਤਰਾਂ ਨੂੰ ਆਖਿਆ:

"ਮੇਰੇ ਪਿਆਰੇ ਬੱਚਿਓ, ਪਹਾੜਾਂ ਤੋਂ ਪਾਰ ਇਕ ਦਿਓ ਰਹਿੰਦਾ ਏ, ਉਸ ਨੇ ਮੇਰੇ ਕੋਲੋਂ ਦੋ ਦਮੜੀਆਂ ਉਧਾਰੀਆਂ ਲਈਆਂ ਨੇ। ਇਹਨਾਂ ਨਾਲ ਖੋਤੇ ਨੂੰ ਖ਼ੁਰੀਆਂ ਲਾਉਣ ਲਈ ਕਿਲ ਖ਼ਰੀਦੇ ਜਾ ਸਕਦੇ ਨੇ। ਤੁਹਾਡੇ ਵਿਚੋਂ ਕਿਹੜਾ ਦਿਓ ਕੋਲ ਜਾ ਕੇ ਉਧਾਰ ਵਾਪਸ ਮੰਗਣ ਦੀ ਹਿੰਮਤ ਕਰੇਗਾ?"

"ਮੈਂ ਜਾਵਾਂਗਾ," ਵੱਡੇ ਪੁਤਰ ਨੇ ਆਖਿਆ।

ਪਿਤਾ ਨੇ ਉਸ ਨੂੰ ਜਾਣ ਦਿੱਤਾ। ਵੱਡਾ ਪੁਤਰ ਦਿਓ ਕੋਲ ਗਿਆ ਤੇ ਆਖਿਆ:

"ਓਇ, ਆਦਰਯੋਗ ਦਿਓ, ਤੂੰ ਮੇਰੇ ਪਿਤਾ ਦੀਆਂ ਦੋ ਦਮੜੀਆਂ ਕਿਉਂ ਨਹੀਂ ਮੋੜਦਾ ਜਿਹੜੀਆਂ ਤੂੰ ਉਧਾਰੀਆਂ ਲਈਆਂ ਸਨ?"

"ਤੇਰੇ ਪਿਤਾ ਨੂੰ ਥੋੜ੍ਹਾ ਅਟਕ ਲੈਣਾ ਚਾਹੀਦੈ," ਦਿਓ ਨੇ ਜਵਾਬ ਦਿੱਤਾ। "ਮੈਂ ਉਹਨਾਂ ਨੂੰ ਆਪਣੇ ਵਾੜੇ ਵਿਚ ਬੀਜਿਆ ਹੋਇਐ, ਪਰ ਅਜੇ ਕੁਝ ਵੀ ਨਹੀਂ ਉਗਿਆ।"

"ਲੁੱਚਾ ਧੋਖੇਬਾਜ਼," ਵੱਡੇ ਪੁਤਰ ਨੇ ਆਖਿਆ, "ਤੂੰ ਸਾਡੀਆਂ ਦੋ ਦਮੜੀਆਂ ਹੁਣ ਮੋੜ ਦੇ: ਸਾਡਾ ਪਿਤਾ ਖੋਤੇ ਨੂੰ ਖੁਰੀਆਂ ਲਾਉਣ ਵਾਸਤੇ ਕਿਲ ਖ਼ਰੀਦਣੇ ਚਾਹੁੰਦੈ।"

ਦਿਓ ਨੂੰ ਇਹ ਅਪਮਾਨਜਨਕ ਗੱਲਾਂ ਸੁਣ ਕੇ ਬੜਾ ਗੁੱਸਾ ਚੜ੍ਹਿਆ। ਉਸ ਨੇ ਵੱਡੇ ਪੁਤਰ ਨੂੰ ਦਾੜ੍ਹੀ ਤੋਂ ਫੜ ਲਿਆ, ਚੁਕ ਕੇ ਖੂਹ ਵਿਚ ਸੁੱਟ ਦਿੱਤਾ, ਤੇ ਖੂਹ ਨੂੰ ਚੱਕੀ ਦੇ ਪੁੜ ਨਾਲ ਢੱਕ ਦਿੱਤਾ।"

ਜਦੋਂ ਵਿਚਕਾਰਲੇ ਪੁਤਰ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਆਪਣੇ ਪਿਤਾ ਨੂੰ ਆਖਿਆ:

"ਪਿਤਾ ਜੀ, ਮੈਨੂੰ ਦਿਓ ਕੋਲ ਜਾਣ ਦੀ ਆਗਿਆ ਦੇਵੋ। ਮੈਂ ਵੱਡੇ ਭਰਾ ਨੂੰ ਛੁਡਾ ਲਿਆਉਂਦਾ ਹਾਂ ਤੇ ਦਿਓ ਕੋਲੋਂ ਦੋ ਦਮੜੀਆਂ ਲੈ ਆਉਂਦਾ ਹਾਂ।"

ਪਿਤਾ ਨੇ ਵਿਚਕਾਰਲੇ ਪੁਤਰ ਨੂੰ ਜਾਣ ਦੀ ਆਗਿਆ ਦਿੱਤੀ ਤੇ ਜਾਣ ਵੇਲੇ ਆਖਿਆ:

"ਮੇਰੇ ਪਿਆਰੇ ਪੁਤਰ, ਛੇਤੀ ਛੇਤੀ ਮੁੜ ਆਈਂ: ਖੋਤੇ ਨੂੰ ਖ਼ੁਰੀਆਂ ਲਾਉਣ ਲਈ ਕਿਲ ਚਾਹੀਦੇ ਨੇ, ਪਰ ਕਿਲ ਹੈ ਨਹੀਂ!"

ਵਿਚਕਾਰਲਾ ਪੁਤਰ ਦਿਓ ਕੋਲ ਗਿਆ ਤੇ ਆਖਣ ਲੱਗਾ:

"ਓਇ, ਮਨਹੂਸ ਦਿਓ, ਮੇਰਾ ਵੱਡਾ ਭਰਾ ਕਿਥੇ ਵੇ? ਛੇਤੀ ਦੱਸ! ਤੇ ਦੋ ਦਮੜੀਆਂ ਮੋੜ ਦੇ, ਜਿਹੜੀਆਂ ਤੂੰ ਸਾਡੇ ਪਿਤਾ ਕੋਲੋਂ ਉਧਾਰੀਆਂ ਲਈਆਂ ਸਨ!"

"ਤੇਰਾ ਵੱਡਾ ਭਰਾ ਖੂਹ ਵਿਚ ਬੈਠਾ ਹੋਇਐ," ਦਿਓ ਨੇ ਜਵਾਬ ਦਿੱਤਾ। "ਉਥੇ ਬੈਠਾ ਉਹ ਦੋ ਦਮੜੀਆਂ ਗਿਣ ਰਿਹੈ, ਪਰ ਉਸ ਕੋਲੋਂ ਗਿਣੀਆਂ ਹੀ ਨਹੀਂ ਜਾਂਦੀਆਂ। ਤੂੰ ਉਹਦੀ ਮਦਦ ਕਰ! ਦੋਵੇਂ ਜਣੇ ਛੇਤੀ ਹੀ ਕੰਮ ਮੁਕਾ ਲਓਗੇ।"

ਏਨਾ ਕਹਿ ਕੇ ਦਿਓ ਨੇ ਵਿਚਕਾਰਲੇ ਭਰਾ ਨੂੰ ਦਾੜ੍ਹੀ ਤੋਂ ਫੜ ਲਿਆ ਤੇ ਉਸ ਨੂੰ ਵੀ ਉਸੇ ਖੂਹ ਵਿਚ ਸੁਟ ਦਿੱਤਾ ਜਿਸ ਵਿਚ ਵੱਡਾ ਭਰਾ ਬੈਠਾ ਹੋਇਆ ਸੀ।

ਇਹ ਖ਼ਬਰ ਸਭ ਤੋਂ ਛੋਟੇ ਭਰਾ ਨੂੰ ਮਿਲ ਗਈ। ਉਹ ਉਸੇ ਵੇਲੇ ਆਪਣੇ ਪਿਤਾ ਕੋਲ ਗਿਆ ਤੇ ਆਖਿਆ:

"ਪਿਤਾ ਜੀ, ਮੈਨੂੰ ਦਿਓ ਕੋਲ ਜਾਣ ਦੀ ਆਗਿਆ ਦੇਵੋ। ਮੈਂ ਆਪਣੇ ਭਰਾਵਾਂ ਨੂੰ ਛੁਡਾਉਣਾ, ਦਿਓ ਕੋਲੋਂ ਤੁਹਾਡੀਆਂ ਦੋ ਦਮੜੀਆਂ ਲਿਆਉਣਾ ਤੇ ਉਸ ਦੀ ਅਲਖ ਮੁਕਾਉਣੀ ਚਾਹੁੰਦਾ ਹਾਂ।"

"ਤੂੰ ਕੀ ਆਖਦਾ ਪਿਐਂ, ਪੁਤਰ," ਪਿਤਾ ਡਰ ਗਿਆ। "ਤੇਰੇ ਦੋ ਭਰਾ, ਜਿਹੜੇ ਏਨੇ ਤਗੜੇ ਨੇ, ਦਿਓ ਦਾ ਕੁਝ ਵੀ ਵਿਗਾੜ ਨਹੀਂ ਸਕੇ, ਤੂੰ ਉਹਦੇ ਨਾਲ ਨਜਿਠ ਨਹੀਂ ਸਕਣਾ—ਤੂੰ ਆਪ ਕੁੱਜੇ ਤੋਂ ਵੀ ਛੋਟਾ ਏਂ ਤੇ ਤੇਰੀ ਦਾੜ੍ਹੀ ਢਾਈ ਇੰਚ।"

ਪਰ ਛੋਟੇ ਪੁਤਰ ਨੇ ਆਪਣੇ ਪਿਤਾ ਦੀ ਗੱਲ ਵੱਲ ਧਿਆਨ ਨਾ ਦਿੱਤਾ, ਆਪਣੇ ਕੁੱਤੇ ਨੂੰ ਸ਼ਿਸ਼ਕਾਰਿਆ, ਜਿਸ ਦਾ ਕੱਦ ਅੱਧਾ ਇੰਚ ਸੀ, ਤੇ ਦਿਓ ਵੱਲ ਤੁਰ ਪਿਆ।

ਰਾਹ ਵਿਚ ਉਸ ਨੂੰ ਇਕ ਗਿੱਦੜ ਮਿਲਿਆ। "ਆਪ ਕੁੱਜੇ ਤੋਂ ਵੀ ਛੋਟਾ, ਦਾੜ੍ਹੀ ਢਾਈ ਇੰਚ" ਨੇ ਆਪਣੇ ਕੁੱਤੇ, "ਅੱਧਾ-ਇੰਚ" ਨੂੰ ਹੁਕਮ ਦਿੱਤਾ ਕਿ ਉਹ ਗਿੱਦੜ ਨੂੰ ਨਿਗਲ ਜਾਵੇ।

ਕੁੱਤੇ ਨੇ ਗਿੱਦੜ ਨੂੰ ਨਿਗਲ ਲਿਆ ਤੇ ਉਹ ਅੱਗੇ ਤੁਰ ਪਏ।

ਅੱਗੇ ਚਲਕੇ ਉਹਨਾਂ ਨੂੰ ਬਘਿਆੜ ਮਿਲਿਆ।

"ਆਪ ਕੁੱਜੇ ਤੋਂ ਵੀ ਛੋਟਾ, ਦਾੜ੍ਹੀ ਢਾਈ ਇੰਚ" ਨੇ ਕੁੱਤੇ ਨੂੰ ਸ਼ਿਸ਼ਕਾਰਿਆ: "ਓਇ, ਅੱਧਿਆ-ਇੰਚਾ, ਫੜ ਲੈ ਬਘਿਆੜ ਨੂੰ!"

ਕੁੱਤੇ ਨੇ ਅੱਖ ਦੇ ਪਲਕਾਰੇ ਵਿਚ ਬਘਿਆੜ ਨੂੰ ਨਿਗਲ ਲਿਆ।

ਫਿਰ ਉਹਨਾਂ ਦੇ ਰਾਹ ਵਿਚ ਤੇਜ਼ ਵਹਿੰਦਾ ਦਰਿਆ ਆਇਆ। "ਆਪ ਕੁੱਜੇ ਤੋਂ ਵੀ ਛੋਟਾ, ਦਾੜ੍ਹੀ ਢਾਈ ਇੰਚ" ਦਰਿਆ ਨੂੰ ਨਾ ਹੀ ਤਰ ਕੇ ਤੇ ਨਾ ਹੀ ਕਿਸੇ ਹੋਰ ਤਰੀਕੇ ਨਾਲ ਪਾਰ ਕਰ ਸਕਿਆ। ਉਸ ਨੇ ਬੜਾ ਸੋਚਿਆ, ਬੜਾ ਸੋਚਿਆ ਪਰ ਕੁਝ ਵੀ ਸੋਚ ਨਾ ਸਕਿਆ।

ਤਦ ਉਸ ਨੇ ਕੁੱਤੇ ਨੂੰ ਹੁਕਮ ਦਿੱਤਾ:

"ਓਇ ਅੱਧਿਆ-ਇੰਚਾ, ਸਾਰਾ ਦਰਿਆ ਪੀ ਜਾ।"

ਕੁੱਤਾ ਉਠਿਆ ਤੇ ਪਾਣੀ ਨੂੰ ਲੱਕਣ ਲੱਗ ਪਿਆ ਤੇ ਲੱਕਦਾ ਲੱਕਦਾ ਸਾਰਾ ਦਰਿਆ ਲੱਕ ਗਿਆ।

"ਆਪ ਕੁੱਜੇ ਤੋਂ ਵੀ ਛੋਟਾ, ਦਾੜ੍ਹੀ ਢਾਈ ਇੰਚ" ਸੁੱਕੇ ਦਰਿਆ ਵਿਚੋਂ ਦੀ ਲੰਘ ਗਿਆ।

ਆਖ਼ਰਕਾਰ, ਉਹ ਦਿਓ ਦੇ ਘਰ ਲਾਗੇ ਪਹੁੰਚ ਗਏ। "ਆਪ ਕੁੱਜੇ ਤੋਂ ਵੀ ਛੋਟਾ ਤੇ ਦਾੜ੍ਹੀ ਢਾਈ ਇੰਚ" ਨੇ ਦਰਵਾਜ਼ੇ ਉਤੇ ਦਸਤਕ ਦਿੱਤੀ ਤੇ ਕੜਕਿਆ:

"ਓਇ, ਨੀਚ ਦਿਓ, ਦਰਵਾਜ਼ਾ ਖੋਲ੍ਹ, ਨਹੀਂ ਤਾਂ ਮੈਂ ਇਸ ਨੂੰ ਭੰਨ ਦਿਆਂਗਾ!"

ਦਿਓ ਨੇ ਝੀਤ ਥਾਣੀਂ ਵੇਖਿਆ ਕਿ ਉਥੇ ਇਕ ਆਦਮੀ ਖੜਾ ਸੀ ਜਿਹੜਾ ਕੁੱਜੇ ਨਾਲੋਂ ਵੀ ਛੋਟਾ ਸੀ ਤੇ ਉਸ ਦੀ ਦਾੜ੍ਹੀ ਢਾਈ ਇੰਚ ਸੀ। ਇਹ ਵੇਖ ਕੇ ਦਿਓ ਅੱਗ–ਬਗੂਲਾ ਹੋ ਗਿਆ। ਉਸ ਨੇ ਦਰਵਾਜ਼ਾ ਚੁਪਟ ਖੋਲ੍ਹ ਦਿੱਤਾ ਤੇ ਗਰਜਿਆ:

"ਵਾਹ, ਵਾਹ! ਕੌਣ ਆਇਆ ਮੈਨੂੰ ਡਰਾਉਣ! ਮੈਂ ਤਾਂ ਸੋਚਿਆ ਕਿ ਚਿੜੀ ਦਾ ਬੋਟ ਚੀਂ–ਚੀਂ ਕਰਦਾ ਪਿਐ! ਤੈਨੂੰ ਕੀ ਚਾਹੀਦੈ?"

"ਮੇਰੇ ਭਰਾ ਵਾਪਸ ਕਰ ਦੇ, ਨਹੀਂ ਤਾਂ ਮੈਂ ਤੇਰੀ ਬੋਟੀ ਬੋਟੀ ਕਰ ਦਿਆਂਗਾ!" "ਆਪ ਕੁੱਜੇ ਤੋਂ ਵੀ ਛੋਟਾ ਤੇ ਦਾੜ੍ਹੀ ਢਾਈ ਇੰਚ" ਕੜਕਿਆ। "ਤੇ ਦੋ ਦਮੜੀਆਂ ਵੀ ਹੁਣੇ ਲਿਆ! ਚਲ, ਛੇਤੀ ਛੇਤੀ ਕਰ!"

"ਤੈਨੂੰ ਦਾੜ੍ਹੀ, ਸ਼ਾਇਦ, ਇਸ ਵਾਸਤੇ ਆਈ ਏ ਕਿ ਮੈਂ ਇਸ ਨੂੰ ਆਪਣੀਆਂ ਦੋ ਉਂਗਲਾਂ ਨਾਲ ਫੜ ਲਵਾਂ," ਦਿਓ ਨੇ ਜਵਾਬ ਦਿੱਤਾ। "ਤੇ ਮੇਰੇ ਮੁਰਗੀਖ਼ਾਨੇ ਵਿਚ ਇਕ ਕੁੱਕੜ ਤੇ ਇਕ ਕੁਕੜੀ ਏ: ਉਹਨਾਂ ਬੜੇ ਚਿਰਾਂ ਤੋਂ ਆਦਮ ਦਾ ਮਾਸ ਨਹੀਂ ਖਾਧਾ।"

ਏਨਾ ਕਹਿ ਕੇ ਦਿਓ ਨੇ ਛੋਟੇ ਭਰਾ ਨੂੰ ਦੋ ਉਂਗਲਾਂ ਨਾਲ ਦਾੜ੍ਹੀ ਤੋਂ ਫੜ ਲਿਆ ਤੇ ਮੁਰਗੀਖ਼ਾਨੇ ਵਿਚ ਵਗਾਹ ਮਾਰਿਆ।

ਕੁੱਤਾ "ਅੱਧਾ–ਇੰਚ" ਵੀ ਆਪਣੇ ਮਾਲਕ ਦੇ ਪਿਛੇ ਪਿਛੇ ਇਕ ਝੀਤ ਥਾਣੀਂ ਮੁਰਗੀਖ਼ਾਨੇ ਵਿਚ ਜਾ ਵੜਿਆ।

ਕੁੱਕੜ ਨੇ ਇਕ ਇੰਚ ਲੰਮੇ ਆਦਮੀ ਨੂੰ ਵੇਖ ਲਿਆ ਤੇ ਆਪਣੇ ਖੰਭ ਖਿਲਾਰਦਾ ਹੋਇਆ ਕੁਕੜੀ ਨੂੰ 'ਵਾਜਾਂ ਮਾਰਨ ਲੱਗਾ ਤਾਂ ਜੋ ਉਸ ਨੂੰ ਸਵਾਦੀ ਮਾਸ ਖਵਾ ਸਕੇ।

"ਆਪ ਕੁੱਜੇ ਤੋਂ ਵੀ ਛੋਟਾ, ਦਾੜ੍ਹੀ ਢਾਈ ਇੰਚ" ਕੁੱਤੇ ਉਤੇ ਕੜਕਿਆ:

"ਓਇ, ਅੱਧਿਆ–ਇੰਚਾ, ਗਿੱਦੜ ਨੂੰ ਕੱਢ ਜਿਹੜਾ ਤੂੰ ਨਿਗਲ ਲਿਆ ਸੀ!"

ਕੁੱਤੇ ਨੇ ਥੁੱਕਿਆ ਤੇ ਗਿੱਦੜ ਬਾਹਰ ਨਿਕਲ ਆਇਆ। ਜਦੋਂ ਗਿੱਦੜ ਨੇ ਕੁੱਕੜ ਤੇ ਕੁੱਕੜੀ ਦੀਆਂ ਸਿਰੀਆਂ ਮਰੋੜ ਦਿੱਤੀਆਂ ਤਾਂ ਕੁੱਤੇ ਨੇ ਉਸ ਨੂੰ ਦੁਬਾਰਾ ਨਿਗਲ ਲਿਆ।

ਸਵੇਰੇ ਦਿਓ ਮੁਰਗੀਖ਼ਾਨੇ ਵਿਚ ਆਇਆ ਤੇ ਵੇਖਿਆ ਕਿ ਨਿਕਚੂ ਜਿਹਾ ਆਦਮੀ ਗੂੜ੍ਹੀ ਨੀਂਦੇ ਨੌਂ–ਬਰ–ਨੌਂ ਸੁਤਾ ਪਿਆ ਸੀ। ਦਿਓ ਨੇ ਕੁੱਕੜ ਤੇ ਕੁੱਕੜੀ ਨੂੰ 'ਵਾਜਾਂ ਮਾਰੀਆਂ ਪਰ ਉਹ ਕਿਧਰੇ ਗ਼ਾਇਬ ਹੋ ਗਏ ਸਨ।

"ਓਇ, ਦਾੜ੍ਹੀ ਵਾਲਿਆ ਕਿਰਲਿਆ," ਦਿਓ ਗਰਜਿਆ, "ਕੁੱਕੜ ਤੇ ਕੁੱਕੜੀ ਕਿਥੇ ਗਏ ਨੇ?!"

"ਆਪ ਕੁੱਜੇ ਤੋਂ ਵੀ ਛੋਟਾ, ਦਾੜ੍ਹੀ ਢਾਈ ਇੰਚ" ਜਾਗ ਪਿਆ, ਅੱਖਾਂ ਮਲੀਆਂ ਤੇ ਜਵਾਬ ਦਿੱਤਾ:

"ਮੈਨੂੰ ਕੀ ਪਤੈ? ਹੋ ਸਕਦੈ, ਉਹ ਮੇਰੇ ਕੋਲੋਂ ਡਰਦੇ ਮੁਰਗੀਖ਼ਾਨਾ ਹੀ ਛਡ ਕੇ ਚਲੇ ਗਏ ਹੋਣ।"

"ਹੱਛਾ, ਇਹ ਗੱਲ ਏ!" ਦਿਓ ਦੇ ਸਣਕਪੜੀਂ ਅੱਗ ਲੱਗ ਗਈ। "ਤਾਂ ਫਿਰ ਮੇਰਾ ਭੇਡੂ ਤੇਰੇ ਕੋਲੋਂ ਨਹੀਂ ਡਰਨ ਲੱਗਾ! ਉਹ ਤੈਨੂੰ ਪਰਾਲੀ ਸਮੇਤ ਚਟਮ ਕਰ ਜਾਏਗਾ।"

ਉਸ ਨੇ ਬਹਾਦਰ ਬੰਦੇ ਨੂੰ ਢਾਈ ਇੰਚੀ ਦਾੜ੍ਹੀ ਤੋਂ ਫੜਿਆ, ਭੇਡਾਂ ਦੇ ਵਾੜੇ ਵਿਚ ਵਗਾਹ ਕੇ ਸੁਟਿਆ ਤੇ ਕਿਵਾੜ ਬੰਦ ਕਰ ਦਿੱਤਾ।

ਕੁੱਤਾ "ਅੱਧਾ–ਇੰਚ" ਵੀ ਆਪਣੇ ਮਾਲਕ ਦੇ ਪਿਛੇ ਪਿਛੇ ਭੇਡਾਂ ਦੇ ਵਾੜੇ ਵਿਚ ਜਾ ਵੜਿਆ।

"ਆਪ ਕੁੱਜੇ ਤੋਂ ਵੀ ਛੋਟਾ, ਦਾੜ੍ਹੀ ਢਾਈ ਇੰਚ" ਭੇਡਾਂ ਦੀ ਖੁਰਲੀ ਵਿਚ ਜਾ ਡਿੱਗਾ। ਉਸ ਨੂੰ ਭੇਡ

ਤੇ ਭੇਡੂ ਦੀਆਂ ਬੂਥੀਆਂ ਵਿਖਾਈ ਦਿੱਤੀਆਂ। ਭੇਡੂ ਨੇ ਆਪਣਾ ਜਬਾੜ੍ਹਾ ਖੋਲ੍ਹ ਲਿਆ ਸੀ ਪਰ ਨਿਕਚੂ ਬਹਾਦਰ ਨੇ ਕੁੱਤੇ ਨੂੰ ਬੁਲਾਇਆ:

"ਓਇ, ਅਧਿਆ-ਇੰਚਾ, ਬਘਿਆੜ ਨੂੰ ਛੇਤੀ ਛੇਤੀ ਕੱਢ, ਜਿਸ ਨੂੰ ਤੂੰ ਨਿਗਲ ਲਿਆ ਸੀ!"

ਕੁੱਤੇ ਨੇ ਥੁੱਕਿਆ ਤੇ ਬਘਿਆੜ ਬਾਹਰ ਨਿਕਲ ਆਇਆ, ਬਘਿਆੜ ਭੇਡੂ ਤੇ ਭੇਡ ਨੂੰ ਚੱਬ ਗਿਆ।

ਫਿਰ "ਆਪ ਕੁੱਜੇ ਤੋਂ ਵੀ ਛੋਟਾ, ਦਾੜ੍ਹੀ ਢਾਈ ਇੰਚ" ਨੇ ਕੁੱਤੇ ਨੂੰ ਹੁਕਮ ਦਿੱਤਾ ਕਿ ਉਹ ਬਘਿਆੜ ਨੂੰ ਉਸੇ ਵੇਲੇ ਦੁਬਾਰਾ ਨਿਗਲ ਲਵੇ। "ਅੱਧੇ-ਇੰਚ" ਨੇ ਉਸ ਨੂੰ ਇਕਦਮ ਨਿਗਲ ਲਿਆ।

ਸਵੇਰੇ ਦਿਓ ਭੇਡਾਂ ਦੇ ਵਾੜੇ ਵਿਚ ਆਇਆ। ਭਲਾ ਦੱਸੋ, ਉਸ ਨੇ ਉਥੇ ਕੀ ਵੇਖਿਆ?

ਨਿਕਚੂ ਬਹਾਦਰ ਪਰਾਲੀ ਵਿਚ ਘੂਕ ਸੁੱਤਾ ਪਿਆ ਸੀ।

"ਓਇ, ਕਮੀਨਿਆ!" ਦਿਓ ਚਿੰਘਾੜਿਆ। "ਮੇਰੀ ਭੇਡ ਤੇ ਭੇਡੂ ਕਿਥੇ ਗਏ?!"

"ਮੈਨੂੰ ਕੀ ਪਤੈ!" 'ਆਪ ਕੁੱਜੇ ਤੋਂ ਵੀ ਛੋਟੇ, ਦਾੜ੍ਹੀ ਢਾਈ ਇੰਚ' ਨੇ ਜਵਾਬ ਦਿੱਤਾ। "ਉਹ ਮੇਰੇ ਕੋਲੋਂ ਡਰਦੇ ਵਾੜੇ ਵਿਚੋਂ ਦੌੜ ਗਏ ਹੋਣੇ ਨੇ!"

"ਹੱਛਾ, ਇਹ ਗੱਲ ਏ!" ਦਿਓ ਗੁੱਸੇ ਵਿਚ ਅੰਨ੍ਹਾ ਹੋ ਕੇ ਕੜਕਿਆ। "ਮੈਂ ਆਪ ਹੀ ਤੈਨੂੰ ਖਾਵਾਂਗਾ!" ਦਿਓ ਨੇ ਉਸ ਦੀ ਦਾੜ੍ਹੀ ਫੜਨ ਲਈ ਆਪਣਾ ਪੰਜਾ ਵਧਾਇਆ।

ਪਰ "ਆਪ ਕੁੱਜੇ ਤੋਂ ਵੀ ਛੋਟਾ, ਦਾੜ੍ਹੀ ਢਾਈ ਇੰਚ" ਭੇਡਾਂ ਦੀ ਖੁਰਲੀ ਵਿਚੋਂ ਬੁੜ੍ਹਕ ਕੇ ਤੂੜੀ ਵਾਲੇ ਬੋਰੇ ਵਿਚ ਜਾ ਲੁਕਿਆ।

"ਓਇ, ਦਿਓ!" ਉਹ ਬੋਰੇ ਵਿਚੋਂ ਹੀ ਕੂਕਿਆ। "ਮੈਨੂੰ ਪਤੈ, ਤੇਰੀ ਭੇਡ ਤੇ ਭੇਡੂ ਕਿਥੇ ਲੁਕੇ ਹੋਏ ਨੇ!"

"ਕਿਥੇ ਨੇ, ਹੁਣੇ ਦੱਸ!"

"ਉਹਨਾਂ ਨੇ ਉਸ ਖੂਹ ਵਿਚ ਛਾਲ ਮਾਰ ਦਿੱਤੀ ਸੀ, ਜਿਥੇ ਤੂੰ ਰਹਿੰਦਾ ਏਂ," "ਆਪ ਕੁੱਜੇ ਤੋਂ ਵੀ ਛੋਟਾ, ਦਾੜ੍ਹੀ ਢਾਈ ਇੰਚ" ਨੇ ਜਵਾਬ ਦਿੱਤਾ। "ਛੇਤੀ ਕਰ, ਖੂਹ ਵਿਚ ਵੜ ਕੇ ਆਪ ਵੇਖ ਲੈ।"

ਦਿਓ ਖੂਹ ਵਿਚ ਵੜ ਗਿਆ। ਉਧਰ "ਆਪ ਕੁੱਜੇ ਤੋਂ ਵੀ ਛੋਟਾ, ਦਾੜ੍ਹੀ ਢਾਈ ਇੰਚ" ਨੇ ਕੁੱਤੇ ਨੂੰ ਆਵਾਜ਼ ਮਾਰੀ, ਦੌੜਦਾ ਦੌੜਦਾ ਖੂਹ ਵੱਲ ਗਿਆ ਤੇ ਹੁਕਮ ਦਿੱਤਾ:

"ਓਇ, ਅਧਿਆ-ਇੰਚਾ, ਦਰਿਆ ਦਾ ਉਹ ਸਾਰਾ ਪਾਣੀ ਕੱਢ ਦੇ, ਜਿਹੜਾ ਤੂੰ ਲੱਕ ਲਿਆ ਸੀ ਤੇ ਇਸ ਖੂਹ ਨੂੰ ਭਰ ਦੇ।"

ਕੁੱਤੇ ਨੇ ਖੂਹ ਨੂੰ ਪਾਣੀ ਨਾਲ ਭਰ ਦਿੱਤਾ ਜਿਸ ਵਿਚ ਦਿਓ ਡੁੱਬ ਗਿਆ ਅਤੇ ਸਦਾ ਵਾਸਤੇ ਖੂਹ ਦੇ ਥੱਲੇ ਉਤੇ ਰਹਿ ਗਿਆ।

ਇਸ ਮਗਰੋਂ "ਆਪ ਕੁੱਜੇ ਤੋਂ ਵੀ ਛੋਟਾ, ਦਾੜ੍ਹੀ ਢਾਈ ਇੰਚ" ਦੂਸਰੇ ਖੂਹ ਵੱਲ ਗਿਆ ਜਿਥੇ ਉਸ ਦੇ ਭਰਾ ਡੱਕੇ ਹੋਏ ਸਨ। ਉਸ ਨੇ ਖੂਹ ਉਤੋਂ ਚੱਕੀ ਦਾ ਪੁੜ ਹਟਾਇਆ ਅਤੇ ਆਪਣੇ ਭਰਾਵਾਂ ਨੂੰ ਆਜ਼ਾਦ ਕਰਾ ਲਿਆ।

"ਅਸੀਂ ਦਿਓ ਕੋਲੋਂ ਛੁਟਕਾਰਾ ਪਾ ਲਿਐ," 'ਆਪ ਕੁੱਜੇ ਤੋਂ ਵੀ ਛੋਟਾ, ਦਾੜ੍ਹੀ ਢਾਈ ਇੰਚ' ਨੇ ਕਿਹਾ। "ਹੁਣ ਸਾਨੂੰ ਦੋ ਦਮੜੀਆਂ ਲਭਣੀਆਂ ਚਾਹੀਦੀਆਂ ਨੇ ਜਿਹੜੀਆਂ ਦਿਓ ਨੇ ਪਿਤਾ ਕੋਲੋਂ ਉਧਾਰੀਆਂ ਲਈਆਂ ਸਨ।"

"ਮੈਨੂੰ ਪਤੈ, ਦਿਓ ਨੇ ਦੋ ਦਮੜੀਆਂ ਕਿਥੇ ਲੁਕਾਈਆਂ ਹੋਈਆਂ ਨੇ," ਵੱਡੇ ਭਰਾ ਨੇ ਆਖਿਆ। "ਉਸ ਨੇ ਉਹਨਾਂ ਨੂੰ ਆਪਣੇ ਬਗ਼ੀਚੇ ਵਿਚ ਦੱਬਿਆ ਹੋਇਐ।"

ਭਰਾਵਾਂ ਨੇ ਬੇਲਚੇ ਕੁਦਾਲੇ ਫੜੇ ਤੇ ਬਗ਼ੀਚੇ ਨੂੰ ਪੁਟਣ ਲੱਗ ਪਏ। ਉਥੇ ਉਹਨਾਂ ਨੂੰ ਸੱਤ ਸੋਨੇ ਨਾਲ ਅਤੇ ਸੱਤ ਹੀ ਚਾਂਦੀ ਨਾਲ ਭਰੀਆਂ ਗਾਗਰਾਂ ਮਿਲੀਆਂ।

"ਅਸੀਂ ਇਹ ਸਾਰੀਆਂ ਗਾਗਰਾਂ ਲੈ ਕੇ ਕਿਵੇਂ ਜਾਵਾਂਗੇ?" ਵਿਚਕਾਰਲੇ ਭਰਾ ਨੇ ਪੁੱਛਿਆ। "ਅਸੀਂ ਏਨਾ ਭਾਰ ਨਹੀਂ ਚੁੱਕ ਸਕਦੇ!"

ਤਦ "ਆਪ ਕੁੱਜੇ ਤੋਂ ਵੀ ਛੋਟਾ, ਦਾੜ੍ਹੀ ਢਾਈ ਇੰਚ" ਨੇ ਕੁੱਤੇ ਨੂੰ ਹੁਕਮ ਦਿੱਤਾ:

"ਓਇ, ਅੱਧਿਆ-ਇੰਚਾ, ਸੋਨੇ ਤੇ ਚਾਂਦੀ ਵਾਲੀਆਂ ਸਾਰੀਆਂ ਗਾਗਰਾਂ ਨਿਗਲ ਜਾ!"

ਕੁੱਤੇ ਨੇ ਉਸੇ ਵੇਲੇ ਸਾਰੀਆਂ ਗਾਗਰਾਂ ਨਿਗਲ ਲਈਆਂ ਤੇ ਤਿੰਨਾਂ ਭਰਾਵਾਂ ਦੇ ਅੱਗੇ ਅੱਗੇ ਤੇਜ਼ ਤੇਜ਼ ਦੌੜਨ ਲੱਗਾ।

ਪਿਤਾ ਆਪਣੇ ਪੁਤਰਾਂ ਨੂੰ ਵੇਖ ਕੇ ਬੜਾ ਖੁਸ਼ ਹੋਇਆ। "ਆਪ ਕੁੱਜੇ ਤੋਂ ਵੀ ਛੋਟਾ, ਦਾੜ੍ਹੀ ਢਾਈ ਇੰਚ" ਨੇ ਕੁੱਤੇ ਨੂੰ ਆਪਣੇ ਕੋਲ ਬੁਲਾਇਆ ਤੇ ਸਾਰੀਆਂ ਗਾਗਰਾਂ ਉਗਲੱਛ ਦੇਣ ਦਾ ਹੁਕਮ ਦਿੱਤਾ:

ਜਦੋਂ ਪਿਤਾ ਨੇ ਸੋਨਾ ਤੇ ਚਾਂਦੀ ਵੇਖੇ ਤਾਂ ਪੁੱਛਿਆ:

"ਇਹ ਖ਼ਜ਼ਾਨਾ ਤੁਹਾਨੂੰ ਕਿਥੋਂ ਲੱਭਾ?"

ਵੱਡੇ ਪੁਤਰ ਨੇ ਜਵਾਬ ਦਿੱਤਾ:

"ਇਹ ਸੋਨਾ ਤੇ ਚਾਂਦੀ ਤੇਰੀਆਂ ਦੋ ਦਮੜੀਆਂ ਵਿਚੋਂ ਪੈਦਾ ਹੋਇਐ, ਜਿਨ੍ਹਾਂ ਨੂੰ ਦਿਓ ਨੇ ਆਪਣੇ ਬਗ਼ੀਚੇ ਵਿਚ ਦੱਬ ਦਿੱਤਾ ਸੀ।"

ਅਤੇ "ਆਪ ਕੁੱਜੇ ਤੋਂ ਵੀ ਛੋਟਾ, ਦਾੜ੍ਹੀ ਢਾਈ ਇੰਚ" ਨੇ ਹੋਰ ਇਹ ਆਖਿਆ:

"ਪਿਤਾ ਜੀ, ਹੁਣ ਤੁਸੀਂ ਕਿਲ ਖ਼ਰੀਦ ਸਕਦੇ ਹੋ, ਤਾਂ ਜੋ ਸਾਡੇ ਇਕਲੌਤੇ ਖੋਤੇ ਨੂੰ ਖੁਰੀਆਂ ਲਾਈਆਂ ਜਾ ਸਕਣ।"



ਸੋਨੇ ਦੀਆਂ ਸੌ ਮੁਹਰਾਂ



ਬੜੇ ਚਿਰਾਂ ਦੀ ਗੱਲ ਹੈ ਕਿ ਇਕ ਸ਼ਹਿਰ ਵਿਚ ਸਾਰਾਈ ਨਾਂ ਦਾ ਇਕ ਜ਼ੀਨਸਾਜ਼ ਰਹਿੰਦਾ ਹੁੰਦਾ ਸੀ। ਉਸ ਦਾ ਇਕ ਪੁਤਰ ਸੀ ਜਿਸ ਦਾ ਨਾਂ ਮਾਮੇਦ ਸੀ।

ਇਕ ਵਾਰੀ ਜ਼ੀਨਸਾਜ਼ ਨੇ ਆਖਿਆ:

"ਪੁਤਰਾ, ਮੈਂ ਹੁਣ ਬੁੱਢਾ ਹੋ ਗਿਆ ਹਾਂ, ਮੈਂ ਪਹਿਲਾਂ ਵਾਂਗ ਕੰਮ ਨਹੀਂ ਕਰ ਸਕਦਾ। ਸਾਰੀ ਜ਼ਿੰਦਗੀ ਵਿਚ ਮੈਂ ਸੋਨੇ ਦੀਆਂ ਤਿੰਨ ਸੌ ਮੁਹਰਾਂ ਜੋੜੀਆਂ ਨੇ। ਮੇਰੇ ਦਿਨ ਹੁਣ ਥੋੜ੍ਹੇ ਰਹਿ ਗਏ ਨੇ, ਸੋ ਮੈਨੂੰ ਤੇਰੇ ਭਵਿਖ ਬਾਰੇ ਸੋਚਣਾ ਚਾਹੀਦੈ। ਤੂੰ ਇਹ ਦੱਸ ਕਿ ਤੂੰ ਕੀ ਬਣਨਾ ਚਾਹੁੰਦਾ ਏਂ: ਸੌਦਾਗਰ, ਸੰਗੀਤਕਾਰ ਜਾਂ ਮੁੱਲਾਂ?"

ਮਾਮੇਦ ਨੇ ਜਵਾਬ ਦਿੱਤਾ:

"ਮੈਂ ਮੁੱਲਾਂ ਨਹੀਂ ਬਣਨਾ ਚਾਹੁੰਦਾ ਕਿਉਂਕਿ ਪੜ੍ਹਨਾ ਬੜਾ ਮੁਸ਼ਕਲ ਕੰਮ ਏ। ਮੈਂ ਸੰਗੀਤਕਾਰ ਵੀ ਨਹੀਂ ਬਣਨਾ ਚਾਹੁੰਦਾ ਕਿਉਂਕਿ ਤਾਰਾਂ ਖੜਕਾਉਣ ਤੇ ਸੰਘ ਪਾੜਨ ਨੂੰ ਮੇਰਾ ਜੀਅ ਨਹੀਂ ਕਰਦਾ। ਮੈਂ ਸੌਦਾਗਰ ਬਣਨਾ ਚਾਹੁੰਦਾ ਹਾਂ ਕਿਉਂਕਿ ਸੌਦਾਗਰਾਂ ਨੂੰ ਆਪਣੀਆਂ ਦੁਕਾਨਾਂ ਵਿਚ ਬੈਠਣ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਕਰਨਾ ਪੈਂਦਾ।"

"ਚੰਗਾ, ਇੰਜ ਹੀ ਸਹੀ," ਜ਼ੀਨਸਾਜ਼ ਸਹਿਮਤ ਹੋ ਗਿਆ। "ਲੈ ਫੜ ਸੋਨੇ ਦੀਆਂ ਸੌ ਮੁਹਰਾਂ ਤੇ ਗੁਆਂਢ ਵਾਲੇ ਦੇਸ ਚਲਾ ਜਾ। ਇਸ ਰਕਮ ਨਾਲ ਤੂੰ ਕਾਲੀ ਮਿਰਚ ਖ਼ਰੀਦ ਲਈਂ ਤੇ ਇਥੇ ਵੇਚ ਕੇ ਮੁਨਾਫ਼ਾ ਕਮਾ ਲਈਂ।"

ਮਾਮੇਦ ਨੇ ਮੁਹਰਾਂ ਖੁਰਜੀ ਵਿਚ ਲੁਕਾ ਲਈਆਂ ਤੇ ਰਾਹੇ ਪੈ ਗਿਆ।

ਪਤਾ ਨਹੀਂ, ਉਸ ਨੂੰ ਬਹੁਤਾ ਜਾਂ ਥੋੜ੍ਹਾ ਚਿਰ ਲੱਗਾ, ਪਰ ਆਖ਼ਰ, ਉਹ ਗੁਆਂਢੀ ਦੇਸ ਦੀ ਰਾਜਧਾਨੀ ਪੁੱਜ ਗਿਆ। ਉਥੇ ਬਾਜ਼ਾਰ ਵਿਚ ਉਸ ਨੇ ਇਕ ਹੱਟੀ ਉਤੇ ਕਾਲੀ ਮਿਰਚ ਵਿਕਦੀ ਵੇਖੀ। ਮਾਮੇਦ ਨੇ ਹਟਵਾਣੀਏ ਨੂੰ ਸੋਨੇ ਦੀਆਂ ਇਕ ਸੌ ਮੁਹਰਾਂ ਦੇ ਬਦਲੇ ਕਾਲੀ ਮਿਰਚ ਵੇਚਣ ਲਈ ਆਖਿਆ। ਜਦ ਤਕ ਹਟਵਾਣੀਆ ਜਿਣਸ ਤੋਲਦਾ ਰਿਹਾ ਤਦ ਤਕ ਮਾਮੇਦ ਨੇ ਵੇਖਿਆ ਕਿ ਲੋਕ ਕਾਹਲੀ ਕਾਹਲੀ ਇਕੋ ਦਿਸ਼ਾ ਵੱਲ ਜਾ ਰਹੇ ਸਨ। ਮਾਮੇਦ ਕਾਲੀ ਮਿਰਚ ਬਾਰੇ ਭੁਲ ਗਿਆ ਤੇ ਭੀੜ ਦੇ ਪਿਛੇ ਪਿਛੇ ਤੁਰ ਪਿਆ। ਲੋਕਾਂ ਦੇ ਨਾਲ ਹੀ ਉਹ ਇਕ ਬਾਗ਼ ਵਿਚ ਪਹੁੰਚ ਗਿਆ। ਉਥੇ ਉਸ ਨੇ ਵੇਖਿਆ ਕਿ ਦੋ ਬਣੇ-ਠਣੇ ਮਰਦ ਦੋਤਾਰੇ ਵਜਾ ਰਹੇ ਸਨ। ਉਹ ਮੰਨੇ-ਪ੍ਰਮੰਨੇ ਸਾਜ਼ਿੰਦੇ ਸਨ ਅਤੇ ਭੀੜ ਉਹਨਾਂ ਨੂੰ ਸੁਣਦੀ ਹੋਈ ਆਨੰਦ ਮਾਣ ਰਹੀ ਸੀ।

"ਮੈਨੂੰ ਵੀ ਇਹਨਾਂ ਵਰਗੇ ਬਣਨਾ ਚਾਹੀਦੈ," ਮਾਮੇਦ ਨੇ ਸੋਚਿਆ, ਅਤੇ ਸਾਜ਼ਿੰਦਿਆਂ ਦੇ ਨੇੜੇ ਜਾ ਕੇ ਆਖਿਆ:

"ਭਲੇ ਲੋਕੋ, ਤੁਸੀਂ ਮੈਨੂੰ ਇਕ ਹਫ਼ਤੇ ਦੇ ਅੰਦਰ ਅੰਦਰ ਦੋਤਾਰਾ ਵਜਾਉਣਾ ਸਿਖਾਉਣ ਦਾ ਕੀ ਲਓਗੇ?"

"ਜੇ ਇਕ ਹਫ਼ਤੇ ਵਿਚ ਸਿਖਣਾ ਏ," ਉਹਨਾਂ ਵਿਚੋਂ ਇਕ ਜਣੇ ਨੇ ਜਵਾਬ ਦਿੱਤਾ, "ਤਾਂ ਸੋਨੇ ਦੀਆਂ ਸੌ ਮੁਹਰਾਂ ਤੋਂ ਘਟ ਨਹੀਂ ਲਵਾਂਗੇ।"

ਮਾਮੇਦ ਸੋਨੇ ਦੀਆਂ ਸੌ ਮੁਹਰਾਂ ਦੇਣੀਆਂ ਮੰਨ ਗਿਆ। ਸਾਜ਼ਿੰਦੇ ਉਸ ਨੂੰ ਆਪਣੇ ਘਰ ਲੈ ਗਏ ਤੇ ਇਕ ਹਫ਼ਤੇ ਵਿਚ ਉਸ ਨੂੰ ਦੋਤਾਰਾ ਵਜਾਉਣਾ ਸਿਖਾ ਦਿੱਤਾ। ਮਾਮੇਦ ਨੇ ਉਹਨਾਂ ਨੂੰ ਇਕ ਸੌ ਮੁਹਰਾਂ ਦਿੱਤੀਆਂ ਤੇ ਵਾਪਸੀ ਦਾ ਰਾਹ ਫੜਿਆ।

ਪਤਾ ਨਹੀਂ, ਉਸ ਨੂੰ ਬਹੁਤਾ ਜਾਂ ਥੋੜ੍ਹਾ ਚਿਰ ਲੱਗਿਆ ਪਰ, ਆਖ਼ਰ, ਉਹ ਆਪਣੇ ਜੱਦੀ ਸ਼ਹਿਰ ਅੱਪੜ ਗਿਆ।

ਜ਼ੀਨਸਾਜ਼ ਆਪਣੇ ਪੁਤਰ ਨੂੰ ਵੇਖ ਕੇ ਬਾਗ਼ ਬਾਗ਼ ਹੋ ਗਿਆ।

"ਬੱਲੇ ਓਇ, ਪੁੱਤਰਾ, ਬਹੁਤ ਸਾਰੀ ਕਾਲੀ ਮਿਰਚ ਲਿਆਇਆ ਹੋਣੈਂ, ਹੈਂ?"

ਮਾਮੇਦ ਨੇ ਕੋਈ ਗੱਲ ਲੁਕਾ ਕੇ ਨਾ ਰੱਖੀ। ਉਸ ਨੇ ਸਾਫ਼ ਸਾਫ਼ ਦੱਸ ਦਿੱਤਾ ਕਿ ਸੌ ਮੁਹਰਾਂ ਦੇ ਕੇ ਉਸ ਨੇ ਦੋਤਾਰਾ ਵਜਾਉਣਾ ਹੀ ਸਿਖਿਆ ਸੀ।

ਤਦ ਉਸ ਦੇ ਪਿਤਾ ਨੇ ਉਸ ਨੂੰ ਸੋਨੇ ਦੀਆਂ ਹੋਰ ਸੌ ਮੁਹਰਾਂ ਦਿੱਤੀਆਂ ਤੇ ਹਰ ਹਾਲਤ ਵਿਚ ਕਾਲੀ ਮਿਰਚ ਲਿਆਉਣ ਦਾ ਹੁਕਮ ਦਿੱਤਾ।

ਮਾਮੇਦ ਫਿਰ ਉਸੇ ਸ਼ਹਿਰ ਪਹੁੰਚ ਗਿਆ ਜਿਥੇ ਉਸ ਨੇ ਦੋਤਾਰਾ ਵਜਾਉਣ ਦੀ ਜਾਚ ਸਿਖੀ ਸੀ। ਕਾਲੀ ਮਿਰਚ ਵੇਚਣ ਵਾਲੇ ਹਟਵਾਣੀਏ ਨੇ ਉਸ ਨੂੰ ਵੇਖ ਲਿਆ ਤੇ ਬੜੇ ਅਫ਼ਸੋਸ ਜਿਹੇ ਨਾਲ ਆਵਾਜ਼ ਮਾਰੀ:

"ਓਇ ਸੌਦਾਗਰਾ, ਤੂੰ ਕਿਥੇ ਛਿਪਨ ਹੋ ਗਿਆ ਸੈਂ, ਜਦੋਂ ਮੈਂ ਤੇਰੇ ਲਈ ਕਾਲੀ ਮਿਰਚ ਤੋਲ ਰਿਹਾ ਸਾਂ?"

"ਤੇ ਤੂੰ ਮੇਰੇ 'ਤੇ ਥਾਣੇਦਾਰ ਲੱਗਾ ਏਂ?" ਮਾਮੇਦ ਨੇ ਗੁੱਸੇ ਵਿਚ ਆ ਕੇ ਜਵਾਬ ਦਿੱਤਾ। "ਮੈਂ ਸੈਂਕੜੇ ਥਾਵਾਂ 'ਤੇ ਵਪਾਰ ਕਰਦਾਂ ਤੇ ਮੈਨੂੰ ਹਰ ਥਾਂ ਜਾਣ ਦੀ ਫ਼ੁਰਸਤ ਨਹੀਂ ਮਿਲਦੀ। ਐਵੇਂ ਵਿਹਲੀਆਂ ਮਾਰ ਕੇ ਵਕਤ ਬਰਬਾਦ ਨਾ ਕਰ, ਇਸ ਨਾਲੋਂ ਚੰਗਾ ਤਾਂ ਇਹ ਹੈ ਕਿ ਤੂੰ ਮੈਨੂੰ ਸੌ ਮੁਹਰਾਂ ਬਦਲੇ ਕਾਲੀ ਮਿਰਚ ਫਟਾ ਫਟ ਤੋਲ ਦੇ।"

ਸੌਦਾਗਰ ਕਾਹਲੀ ਕਾਹਲੀ ਕਾਲੀ ਮਿਰਚ ਤੋਲਣ ਲੱਗ ਪਿਆ ਪਰ ਮਾਮੇਦ ਦੀ ਜਿਣਸ ਵਿਚ ਭੋਰਾ ਵੀ ਦਿਲਚਸਪੀ ਨਹੀਂ ਸੀ। ਉਹ ਹਰ ਵੇਲੇ ਆਪਣੇ ਆਲੇ-ਦੁਆਲੇ ਵੇਖਦਾ ਰਿਹਾ। ਅਚਾਨਕ ਉਸ ਨੇ ਵੇਖਿਆ ਕਿ ਮੁੰਡੇ ਕਿਤਾਬਾਂ ਤੇ ਕਾਪੀਆਂ ਲੈ ਕੇ ਉਸ ਦੇ ਲਾਗੋਂ ਦੀ ਦੌੜਦੇ ਹੋਏ ਲੰਘ ਗਏ ਸਨ। ਮਾਮੇਦ ਨੇ ਜਾਣਨਾ ਚਾਹਿਆ ਕਿ ਉਹ ਏਨੀ ਕਾਹਲੀ ਕਾਹਲੀ ਕਿਧਰ ਜਾ ਰਹੇ ਸਨ। ਸੋ, ਉਹ ਕਾਲੀ ਮਿਰਚ ਨੂੰ ਭੁੱਲ ਕੇ ਉਹਨਾਂ ਦੇ ਪਿਛੇ ਪਿਛੇ ਦੌੜਨ ਲੱਗਾ।

ਮੁੰਡੇ ਇਕ ਵੱਡੇ ਸਾਰੇ ਦਰਵਾਜ਼ੇ ਲਾਗੇ ਪਹੁੰਚੇ ਅਤੇ ਇਸ ਥਾਣੀਂ ਅੰਦਰ ਚਲੇ ਗਏ। ਉਥੇ ਧੌਲੇ ਵਾਲਾਂ ਵਾਲਾ ਇਕ ਮੁੱਲਾਂ ਉਹਨਾਂ ਦੀ ਉਡੀਕ ਕਰ ਰਿਹਾ ਸੀ। ਮੁੰਡੇ ਛੇਤੀ ਛੇਤੀ ਮੁੱਲਾਂ ਦੇ ਦੁਆਲੇ ਬੈਠ ਗਏ ਅਤੇ ਉਹ ਉਹਨਾਂ ਨੂੰ ਕੁਝ ਦਸਣ ਸਮਝਾਉਣ ਲੱਗ ਪਿਆ।

ਮਾਮੇਦ ਮੁੱਲਾਂ ਦੇ ਨੇੜੇ ਗਿਆ ਤੇ ਪੁੱਛਿਆ ਕਿ ਉਹ ਕੀ ਕਰ ਰਿਹਾ ਸੀ।

"ਮੈਂ ਮੁੰਡਿਆਂ ਨੂੰ ਪੜ੍ਹਨਾ ਲਿਖਣਾ ਸਿਖਾ ਰਿਹਾ ਹਾਂ ਤਾਂ ਜੋ ਉਹ ਭਵਿਖ ਵਿਚ ਦੇਸ ਦੇ ਕੰਮਾਂ ਕਾਰਜਾਂ ਨੂੰ ਨੇਪਰੇ ਚਾੜ੍ਹ ਸਕਣ।"

"ਤੇ ਇਕ ਹਫ਼ਤੇ ਵਿਚ ਇਹ ਕੰਮ ਕਰਨ ਦੀ ਜਾਚ ਸਿਖਾਉਣ ਦਾ ਕੀ ਲਓਗੇ?"

"ਜੇ ਇਕ ਹਫ਼ਤੇ ਵਿਚ ਸਿਖਣਾ ਏ ਤਾਂ ਘਟੋ ਘਟ ਸੋਨੇ ਦੀਆਂ ਸੌ ਮੁਹਰਾਂ ਲਵਾਂਗਾ।" ਮੁੱਲਾਂ ਨੇ ਜਵਾਬ ਦਿੱਤਾ।

"ਚੰਗਾ," ਮਾਮੇਦ ਮੰਨ ਗਿਆ, "ਲੈ ਫੜ ਸੋਨੇ ਦੀਆਂ ਸੌ ਮੁਹਰਾਂ।"

ਮਾਮੇਦ ਨੇ ਇਕ ਹਫ਼ਤੇ ਵਿਚ ਪੜ੍ਹਨਾ ਲਿਖਣਾ ਸਿਖ ਲਿਆ ਤੇ ਆਪਣੇ ਸ਼ਹਿਰ ਵੱਲ ਰਵਾਨਾ ਹੋ ਗਿਆ।

ਉਸ ਨੂੰ ਬਹੁਤਾ ਜਾਂ ਥੋੜ੍ਹਾ ਚਿਰ ਲੱਗਾ, ਪਰ ਆਖ਼ਰ, ਉਹ ਆਪਣੇ ਜੱਦੀ ਸ਼ਹਿਰ ਅੱਪੜ ਗਿਆ ਅਤੇ ਆਪਣੇ ਪਿਤਾ ਨੂੰ ਦੱਸ ਦਿੱਤਾ ਕਿ ਸੋਨੇ ਦੀਆਂ ਸੌ ਮੁਹਰਾਂ ਕਿਸ ਚੀਜ਼ ਉਤੇ ਖ਼ਰਚੀਆਂ ਸਨ।

ਉਸ ਦੇ ਪਿਤਾ ਨੇ ਉਸ ਨੂੰ ਬੁਰਾ ਭਲਾ ਬਿਲਕੁਲ ਨਾ ਆਖਿਆ ਤੇ ਆਖ਼ਰੀ ਸੌ ਮੁਹਰਾਂ ਦੇ ਕੇ ਤੀਜੀ ਵਾਰ ਕਾਲੀ ਮਿਰਚ ਖ਼ਰੀਦਣ ਲਈ ਭੇਜ ਦਿੱਤਾ।

ਮਾਮੇਦ ਫਿਰ ਉਸੇ ਸ਼ਹਿਰ ਪਹੁੰਚ ਗਿਆ ਜਿਥੇ ਉਸ ਨੇ ਸੋਨੇ ਦੀਆਂ ਦੋ ਸੌ ਮੁਹਰਾਂ ਖ਼ਰਚੀਆਂ ਸਨ, ਅਤੇ ਉਸੇ ਹੱਟੀ ਵੱਲ ਚਲਾ ਗਿਆ, ਪਰ ਹੱਟੀ ਬੰਦ ਸੀ। ਮਾਮੇਦ ਨੇ ਆਸੇ ਪਾਸੇ ਨਜ਼ਰ ਦੌੜਾਈ ਅਤੇ ਲਾਗਲੀ ਹੱਟੀ ਵਿਚੋਂ ਅਚਾਨਕ ਹੀ ਇਕ ਆਵਾਜ਼ ਉਸ ਦੇ ਕੰਨੀਂ ਪਈ:

"ਘੋੜਾ ਮਾਰ ਲੈ! ਹਾਥੀ ਦੀ ਚਾਲ ਚੱਲ! ਮੁਹਰਾ ਅੱਗੇ ਕਰ! ਬਦਸ਼ਾਹ ਮਾਰ ਲੈ!"

ਉਸ ਨੇ ਹੱਟੀ ਦੇ ਅੰਦਰ ਝਾਤੀ ਮਾਰੀ ਤੇ ਵੇਖਿਆ ਕਿ ਲੋਕ ਸ਼ਤਰੰਜ ਖੇਡ ਰਹੇ ਸਨ। ਉਹਨਾਂ ਵਿਚੋਂ ਇਕ ਜਣਾ ਕਮਾਲ ਦਾ ਖਿਡਾਰੀ ਸੀ।

ਮਾਮੇਦ ਨੇ ਉਸ ਵੱਲ ਵੇਖਿਆ ਤੇ ਪੁੱਛਿਆ:

"ਇਕ ਹਫ਼ਤੇ ਵਿਚ ਮੈਨੂੰ ਇਹ ਖੇਡ ਸਿਖਾਉਣ ਦਾ ਕੀ ਲਓਗੇ?"

"ਜੇ ਇਕ ਹਫ਼ਤੇ ਵਿਚ ਸਿਖਣੀ ਏ ਤਾਂ ਘਟੋ ਘਟ ਸੋਨੇ ਦੀਆਂ ਸੌ ਮੁਹਰਾਂ ਲਵਾਂਗਾ।"

"ਇਹ ਲਓ ਮੁਹਰਾਂ ਤੇ ਗੱਲਾਂ ਘੱਟ ਕਰੋ!" ਮਾਮੇਦ ਨੇ ਆਖਿਆ।

ਇਕ ਹਫ਼ਤੇ ਮਗਰੋਂ ਜਦੋਂ ਉਸ ਨੇ ਸ਼ਤਰੰਜ ਖੇਡਣ ਦੀ ਜਾਚ ਸਿਖ ਲਈ ਤਾਂ ਆਪਣੇ ਪਿਤਾ ਨੂੰ ਲਿਖ ਭੇਜਿਆ ਕਿ ਆਖ਼ਰੀ ਸੌ ਮੁਹਰਾਂ ਕਿਸ ਕੰਮ ਆਈਆਂ ਸਨ। ਉਸ ਨੇ ਆਪਣੇ ਪਿਤਾ ਨੂੰ ਸ਼ਹਿਰ ਆ ਜਾਣ ਦੀ ਬੇਨਤੀ ਕੀਤੀ ਸੀ ਤਾਂ ਜੋ ਉਸ ਨੂੰ ਬੁਢੇਪੇ ਵਿਚ ਤੰਗੀ ਤੁਰਸ਼ੀ ਨਾ ਕੱਟਣੀ ਪਵੇ ਅਤੇ ਲੋਕਾਂ ਅੱਗੇ ਸ਼ਰਮਿੰਦਿਆਂ ਨਾ ਹੋਣਾ ਪਵੇ ਜਿਹੜੇ ਉਸ ਨੂੰ ਚਿਰੋਕਣਾ ਜਾਣਦੇ ਸਨ।

ਜਦੋਂ ਪਿਤਾ ਸ਼ਹਿਰ ਪਹੁੰਚ ਗਿਆ ਤਾਂ ਮਾਮੇਦ ਨੇ ਆਖਿਆ:

"ਮੈਨੂੰ ਬਾਜ਼ਾਰ ਲੈ ਚੱਲੋ ਤੇ ਉਥੇ ਮੈਨੂੰ ਸੌਦਾਗਰਾਂ ਕੋਲ ਵੇਚ ਦਿਓ, ਜਿਨ੍ਹਾਂ ਨੂੰ ਕਾਫ਼ਲਿਆਂ ਵਾਸਤੇ ਊਠ ਹਿੱਕਣ ਵਾਲਿਆਂ ਦੀ ਲੋੜ ਹੁੰਦੀ ਏ। ਮੈਨੂੰ ਵੇਚ ਕੇ ਮਿਲਣ ਵਾਲੇ ਪੈਸਿਆਂ ਨਾਲ ਤੁਸੀਂ ਓਦੋਂ ਤਕ ਆਪਣਾ ਗੁਜ਼ਾਰਾ ਕਰ ਲੈਣਾ ਜਦ ਤਕ ਕਿ ਮੈਂ ਅਮੀਰ ਨਹੀਂ ਬਣ ਜਾਂਦਾ।"

ਉਸ ਦਾ ਪਿਤਾ ਰੋਣ ਲੱਗ ਪਿਆ ਕਿਉਂਕਿ ਉਸ ਨੂੰ ਆਪਣਾ ਪੁਤਰ ਵੇਚਣ ਦਾ ਸਖ਼ਤ ਅਫਸੋਸ ਸੀ। ਪਰ ਮਾਮੇਦ ਨੇ ਉਸ ਦੇ ਤਰਲੇ ਮਿੰਨਤਾਂ ਕੀਤੀਆਂ ਤੇ ਪਿਤਾ, ਆਖ਼ਰਕਾਰ, ਮੰਨ ਗਿਆ। ਉਸ ਨੇ ਪੁਤਰ ਨੂੰ ਬਾਹੋਂ ਫੜਿਆ ਤੇ ਬਾਜ਼ਾਰ ਵਿਚ ਲੈ ਗਿਆ।

ਐਨ ਉਸੇ ਵੇਲੇ ਸੌਦਾਗਰ ਇਕ ਵੱਡਾ ਸਾਰਾ ਕਾਫ਼ਲਾ ਤਿਆਰ ਕਰ ਰਹੇ ਸਨ ਅਤੇ ਉਹਨਾਂ ਨੂੰ ਊਠ

ਹਿੱਕਣ ਵਾਲਿਆਂ ਦੀ ਲੋੜ ਸੀ। ਯੋਮੁਦ-ਬੇਕ ਨਾਂ ਦੇ ਇਕ ਵਪਾਰੀ ਨੇ ਸੋਨੇ ਦੀ ਇਕ ਮੁਹਰ ਦੇ ਬਦਲੇ ਮਾਮੇਦ ਨੂੰ ਖ਼ਰੀਦ ਲਿਆ ਅਤੇ ਮੁੰਡਾ ਉਸੇ ਵੇਲੇ ਕਾਫ਼ਲੇ ਦੇ ਨਾਲ ਕਿਸੇ ਦੁਰੇਡੇ ਰਾਹ ਉਤੇ ਤੁਰ ਪਿਆ।

ਬਹੁਤਾ ਜਾਂ ਥੋੜ੍ਹਾ ਚਿਰ ਲੱਗਾ, ਕੋਈ ਨਹੀਂ ਜਾਣਦਾ ਪਰ ਆਖ਼ਰ, ਕਾਫ਼ਲਾ ਇਕ ਡੂੰਘੇ ਪਰ ਲਗਭਗ ਸੁੱਕ ਚੁੱਕੇ ਖੂਹ ਉਤੇ ਪਹੁੰਚ ਗਿਆ।

ਯੋਮੁਦ-ਬੇਕ ਨੇ ਊਠ ਹਿੱਕਣ ਵਾਲਿਆਂ ਨੂੰ ਹੁਕਮ ਦਿੱਤਾ ਕਿ ਮਾਮੇਦ ਨੂੰ ਰੱਸੇ ਨਾਲ ਬੰਨ੍ਹ ਕੇ ਖੂਹ ਵਿਚ ਉਤਾਰਿਆ ਜਾਵੇ ਤਾਂ ਜੋ ਉਹ ਘਟੋ ਘਟ ਇਕ ਮਟਕਾ ਪਾਣੀ ਦਾ ਭਰ ਲਿਆਵੇ।

ਜਦੋਂ ਮਾਮੇਦ ਖੂਹ ਦੇ ਥੱਲੇ ਉਤੇ ਪਹੁੰਚਿਆ ਤਾਂ ਵੇਖਿਆ ਕਿ ਉਥੇ ਸੋਨੇ, ਚਾਂਦੀ ਤੇ ਕੀਮਤੀ ਪੱਥਰਾਂ ਦਾ ਢੇਰ ਲੱਗਾ ਹੋਇਆ ਸੀ। ਉਸ ਨੇ ਉੱਚੀ ਉੱਚੀ ਬੋਲ ਕੇ ਸੌਦਾਗਰਾਂ ਨੂੰ ਆਪਣੀ ਲੱਭਤ ਬਾਰੇ ਦੱਸ ਦਿੱਤਾ ਤੇ ਸੌਦਾਗਰਾਂ ਨੇ ਕੁਝ ਖੁਰਜੀਆਂ ਹੇਠਾਂ ਸੁੱਟੀਆਂ।

ਜਦੋਂ ਸਾਰਾ ਖ਼ਜ਼ਾਨਾ ਬਾਹਰ ਕੱਢ ਲਿਆ ਗਿਆ ਤਾਂ ਕਾਫ਼ਲਾ ਅੱਗੇ ਚੱਲ ਪਿਆ ਤੇ ਮਾਮੇਦ ਨੂੰ ਖੂਹ ਵਿਚ ਹੀ ਰਹਿਣ ਦਿੱਤਾ। ਯੋਮੁਦ-ਬੇਕ ਨੂੰ ਡਰ ਸੀ ਕਿ ਮਾਮੇਦ ਆਪਣਾ ਹਿੱਸਾ ਮੰਗੇਗਾ। ਸੋ, ਉਸ ਨੇ ਮਾਮੇਦ ਕੋਲੋਂ ਆਪਣਾ ਖਹਿੜਾ ਛੁਡਾਉਣ ਲਈ ਇਹ ਵਿਸਾਹਘਾਤਕ ਫੈਸਲਾ ਕੀਤਾ।

ਖੂਹ ਵਿਚ ਰਹਿ ਗਏ ਮਾਮੇਦ ਨੇ ਆਸੇ ਪਾਸੇ ਨਜ਼ਰ ਮਾਰੀ ਤਾਂ ਉਸ ਨੂੰ ਇਕ ਛੋਟਾ ਜਿਹਾ ਦਰਵਾਜ਼ਾ ਵਿਖਾਈ ਦਿੱਤਾ। ਉਸ ਨੇ ਦਰਵਾਜ਼ਾ ਖੋਲ੍ਹਿਆ ਤੇ ਅੰਦਰ ਚਲਾ ਗਿਆ। ਅੰਦਰ ਇਕ ਦਿਓ ਸੁੱਤਾ ਪਿਆ ਸੀ, ਜਿਸ ਦੇ ਉਤੇ, ਦੀਵਾਰ ਨਾਲ ਇਕ ਦੋਤਾਰਾ ਲਟਕਿਆ ਹੋਇਆ ਸੀ। ਮਾਮੇਦ ਨੇ ਦੋਤਾਰਾ ਲਾਹ ਲਿਆ ਤੇ ਬੜੀ ਮੁਹਾਰਤ ਨਾਲ ਵਜਾਉਣ ਲੱਗ ਪਿਆ ਜਿਹੜੀ ਉਸ ਨੂੰ ਮੰਨੇ-ਪ੍ਰਮੰਨੇ ਸਾਜ਼ਿੰਦਿਆਂ ਨੇ ਸੋਨੇ ਦੀਆਂ ਸੌ ਮੁਹਰਾਂ ਦੇ ਬਦਲੇ ਸਿਖਾਈ ਸੀ।

ਦਿਓ ਉਸ ਵੇਲੇ ਜਾਗ ਪਿਆ, ਅਤੇ ਉਥੇ ਆਦਮੀ ਨੂੰ ਵੇਖ ਕੇ ਗਰਜਿਆ:

"ਓਇ ਮੁੰਡਿਆ, ਤੂੰ ਇਥੇ ਕਿਵੇਂ ਆ ਗਿਆ ਏਂ?!"

ਮਾਮੇਦ ਨੇ ਦਿਓ ਨੂੰ ਦੱਸਿਆ ਕਿ ਸੌਦਾਗਰਾਂ ਨੇ ਉਸ ਨਾਲ ਕਿਹੋ ਜਿਹਾ ਸਲੂਕ ਕੀਤਾ ਸੀ।

"ਮੈਂ ਤੈਨੂੰ ਖਾ ਜਾਣਾ ਸੀ," ਦਿਓ ਨੇ ਆਖਿਆ, "ਜੇ ਤੂੰ ਦੋਤਾਰਾ ਏਨੇ ਕਮਾਲ ਦਾ ਨਾ ਵਜਾਉਂਦਾ ਹੁੰਦਾ। ਇਸ ਤੋਂ ਇਲਾਵਾ, ਤੂੰ ਮੇਰੇ ਪੁਤਰ ਦੇ ਮਨ-ਪਸੰਦ ਗੀਤ ਦੀ ਧੁਨ ਵਜਾਈ ਏ।"


ਏਨਾ ਕਹਿ ਕੇ ਦਿਓ ਰੋਣ ਲੱਗ ਪਿਆ।

"ਤੂੰ ਕਿਉਂ ਰੋਂਦਾ ਏਂ?" ਮਾਮੇਦ ਨੇ ਪੁੱਛਿਆ।

"ਮੈਨੂੰ ਆਪਣੇ ਪੁਤਰ ਦਾ ਚੇਤਾ ਆ ਗਿਐ, ਉਹ ਵੀ ਤੇਰੇ ਵਰਗਾ ਜਵਾਨ ਸੀ," ਦਿਓ ਨੇ ਜਵਾਬ ਦਿੱਤਾ। "ਇਕ ਵਾਰ ਉਸ ਨਾਲ ਖੇਡਦਿਆਂ ਖੇਡਦਿਆਂ ਮੈਂ ਬੇਧਿਆਨੀ ਵਿਚ ਸ਼ੀਸ਼ੇ ਦਾ ਲਾਟੂ ਮਿਧ ਦਿੱਤਾ ਜਿਸ ਵਿਚ ਉਸ ਦੀ ਰੂਹ ਰਹਿੰਦੀ ਸੀ, ਤੇ ਉਹ ਚੱਲ ਵੱਸਿਆ। ਮੇਰਾ ਪੁਤਰ ਇਹ ਦੋਤਾਰਾ ਬੜੇ ਚਾਅ ਨਾਲ ਵਜਾਉਂਦਾ ਹੁੰਦਾ ਸੀ। ਤੂੰ, ਮੁੰਡਿਆ, ਇਹ ਦੱਸ ਕਿ ਦੋਤਾਰਾ ਏਨਾ ਸੁਹਣਾ ਵਜਾਉਣ ਬਦਲੇ ਮੈਂ ਤੇਰਾ ਸ਼ੁਕਰੀਆ ਕਿਵੇਂ ਅਦਾ ਕਰਾਂ? ਜੇ ਤੂੰ ਚਾਹੇਂ ਤਾਂ ਮੈਂ ਕਾਫ਼ਲੇ ਨੂੰ ਇਥੇ ਮੋੜ ਲਿਆਉਂਦਾ ਹਾਂ ਤੇ ਸੌਦਾਗਰਾਂ ਦੀ ਭੁਗਤ ਸਵਾਰਦਾ ਹਾਂ।"

ਮਾਮੇਦ ਨੇ ਜਵਾਬ ਦਿੱਤਾ:

"ਨਹੀਂ, ਆਦਰਯੋਗ ਦਿਓ, ਤੂੰ ਕਾਫ਼ਲੇ ਨੂੰ ਇਥੇ ਨਾ ਲਿਆ, ਸਗੋਂ ਮੈਨੂੰ ਕਾਫ਼ਲੇ ਕੋਲ ਪਹੁੰਚਾ ਦੇ।"



ਦਿਓ ਨੇ ਮਾਮੇਦ ਦੀ ਇੱਛਾ ਪੂਰੀ ਕਰ ਦਿੱਤੀ। ਉਸ ਨੇ ਮਾਮੇਦ ਨੂੰ ਏਨੀ ਤੇਜ਼ੀ ਨਾਲ ਕਾਫ਼ਲੇ ਕੋਲ ਪਹੁੰਚਾ ਦਿੱਤਾ ਕਿ ਆਦਮੀ ਏਨੇ ਚਿਰ ਵਿਚ ਪਾਣੀ ਦਾ ਘੁਟ ਵੀ ਨਹੀਂ ਪੀ ਸਕਦਾ।

"ਸਲਾਮ ਏ," ਮਾਮੇਦ ਨੇ ਹੈਰਾਨ ਹੋਏ ਸੌਦਾਗਰਾਂ ਨੂੰ ਆਖਿਆ। "ਮੈਨੂੰ ਮਾਫ਼ ਕਰਨਾ ਕਿ ਖੂਹ ਵਿਚ ਮੈਨੂੰ ਨੀਂਦ ਆ ਗਈ ਸੀ ਤੇ ਇੰਜ ਮੈਂ ਕਾਫ਼ਲੇ ਤੋਂ ਪਿਛੇ ਰਹਿ ਗਿਆ।"

"ਇਹਨਾਂ ਨਾਲ ਕਿਵੇਂ ਪੇਸ਼ ਆਵਾਂ?" ਦਿਓ ਨੇ ਪੁੱਛਿਆ। "ਜੇ ਆਖੇਂ ਤਾਂ ਇਹਨਾਂ ਦੀਆਂ ਬੋਟੀਆਂ ਬੋਟੀਆਂ ਕਰ ਦੇਵਾਂ?"

"ਨਹੀਂ, ਆਦਰਯੋਗ ਦਿਓ," ਮਾਮੇਦ ਨੇ ਜਵਾਬ ਦਿੱਤਾ, "ਇੰਜ ਨਹੀਂ ਕਰਨਾ ਚਾਹੀਦੈ। ਮੈਂ ਇਹਨਾਂ ਕੋਲੋਂ ਖ਼ਜ਼ਾਨੇ ਵਿਚੋਂ ਆਪਣਾ ਹਿੱਸਾ ਲੈ ਲਵਾਂਗਾ ਤੇ ਇਹਨਾਂ ਨੂੰ ਕੀਮਤ ਤਾਰ ਕੇ ਆਪਣੇ ਆਪ ਨੂੰ ਆਜ਼ਾਦ ਕਰ ਲਵਾਂਗਾ ਤੇ ਬਾਕੀ ਦੀ ਰਕਮ ਲੈ ਕੇ ਆਪਣੇ ਪਿਤਾ ਕੋਲ ਵਾਪਸ ਚਲਾ ਜਾਵਾਂਗਾ। ਤੇਰੀ ਬੜੀ ਮਿਹਰਬਾਨੀ, ਹੁਣ ਤੂੰ ਜਾ ਸਕਦਾ ਏਂ।"

ਦਿਓ ਉਸੇ ਵੇਲੇ ਛਾਈਂ-ਮਾਈਂ ਹੋ ਗਿਆ। ਸੌਦਾਗਰਾਂ ਦਾ ਤ੍ਰਾਹ ਨਿਕਲ ਗਿਆ ਸੀ। ਉਹ ਫੁਸ-ਫੁਸ ਕਰਦੇ ਹੋਏ ਇਕ ਦੂਜੇ ਨਾਲ ਸਲਾਹਾਂ ਕਰਨ ਲੱਗ ਪਏ ਕਿ ਆਪਣੇ ਗ਼ੁਲਾਮ ਤੋਂ ਖਹਿੜਾ ਕਿਵੇਂ ਛੁਡਾਇਆ ਜਾਵੇ ਜਿਸ ਦੇ ਹੁਕਮ ਵਿਚ ਦਿਓ ਬੱਝਿਆ ਹੋਇਆ ਸੀ। ਯੋਮੁਦ-ਬੇਕ ਨੇ ਮਾਮੇਦ ਦੇ ਹੱਥ ਇਕ ਚਿੱਠੀ ਦੇ ਕੇ ਆਪਣੇ ਪੁਤਰਾਂ ਕੋਲ ਭੇਜਣ ਦੀ ਤਰਕੀਬ ਸੋਚੀ ਤਾਂ ਜੋ ਉਹ ਮੁੰਡੇ ਨੂੰ ਜਾਨੋਂ ਮਾਰ ਦੇਣ।

ਯੋਮੁਦ-ਬੇਕ ਨੇ ਚਿੱਠੀ ਲਿਖੀ ਤੇ ਮਾਮੇਦ ਨੂੰ ਹੁਕਮ ਦਿੱਤਾ:

"ਤੂੰ ਮੇਰੇ ਘੋੜੇ ਉਤੇ ਚੜ੍ਹ ਕੇ ਅੱਗੇ ਅੱਗੇ ਚੱਲ ਤੇ ਸਾਡੇ ਘਰ ਜਾ ਕੇ ਖ਼ਬਰ ਦੇ ਕਿ ਕਾਫ਼ਲੇ ਵਿਚ ਸਭ ਸੁਖ-ਸਾਂਦ ਏ। ਇਹ ਚਿੱਠੀ ਮੇਰੇ ਵੱਡੇ ਪੁਤਰ ਨੂੰ ਦੇ ਦਈਂ।"

ਮਾਮੇਦ ਨੇ ਚਿੱਠੀ ਫੜੀ ਤੇ ਘੋੜੇ ਉਤੇ ਸਵਾਰ ਹੋ ਕੇ ਚਲਾ ਗਿਆ।

ਪਤਾ ਨਹੀਂ, ਬਹੁਤੇ ਜਾਂ ਥੋੜ੍ਹੇ ਚਿਰ ਵਿਚ ਪਰ, ਆਖ਼ਰ, ਉਹ ਇਕ ਨਾਲੇ ਕੰਢੇ ਪਹੁੰਚ ਗਿਆ। ਉਥੇ ਉਸ ਨੇ ਆਰਾਮ ਕਰਨ ਦਾ ਫ਼ੈਸਲਾ ਕੀਤਾ। ਉਸ ਨੇ ਧੂਣੀ ਬਾਲ ਲਈ ਤੇ ਚਾਹ ਵਾਸਤੇ ਪਾਣੀ ਰਖ ਦਿੱਤਾ। ਪਾਣੀ ਨੂੰ ਉਬਾਲ ਆਉਣ ਦੀ ਉਡੀਕ ਕਰਦਿਆਂ ਉਸ ਨੇ ਚਿੱਠੀ ਨੂੰ ਉਲਟਾ-ਪਲਟਾ ਕੇ ਵੇਖਿਆ ਤੇ ਉਸ ਦਾ ਚਿੱਠੀ ਪੜ੍ਹਨ ਨੂੰ ਦਿਲ ਕਰ ਆਇਆ।

"ਚਲੋ ਵੇਖਦੇ ਹਾਂ," ਉਸ ਨੇ ਸੋਚਿਆ, "ਮੈਂ ਪੜ੍ਹਨਾ ਲਿਖਣਾ ਭੁਲ ਤਾਂ ਨਹੀਂ ਗਿਆ ਜਿਹੜਾ ਮੈਂ ਸੋਨੇ ਦੀਆਂ ਸੌ ਮੁਹਰਾਂ ਦੇ ਕੇ ਮੁੱਲਾਂ ਕੋਲੋਂ ਸਿਖਿਆ ਸੀ।"

ਮਾਮੇਦ ਨੇ ਚਿੱਠੀ ਖੋਲ੍ਹੀ ਤੇ ਪੜ੍ਹ ਲਈ। ਚਿੱਠੀ ਇਹਨਾਂ ਸ਼ਬਦਾਂ ਨਾਲ ਸ਼ੁਰੂ ਹੁੰਦੀ ਸੀ: "ਮੇਰੇ ਹਰ ਇਕ ਪੁਤਰ ਨੂੰ ਸਲਾਮ," ਤੇ ਇਸ ਦੇ ਅੰਤ ਵਿਚ ਲਿਖਿਆ ਹੋਇਆ ਸੀ: "ਇਹ ਚਿੱਠੀ ਲਿਆਉਣ ਵਾਲਾ ਮੇਰਾ ਗ਼ੁਲਾਮ ਹੈ। ਉਹ ਸਾਡੇ ਖਿਲਾਫ਼ ਕੋਈ ਸਾਜ਼ਿਸ਼ ਘੜ ਰਿਹਾ ਹੈ, ਇਸ ਵਾਸਤੇ, ਉਸ ਨੂੰ ਬਿਨਾਂ ਕਿਸੇ ਢਿੱਲ ਦੇ ਜਾਨੋਂ ਮਾਰ ਦਿੱਤਾ ਜਾਵੇ।"

ਮਾਮੇਦ ਨੇ ਚਿੱਠੀ ਟੁਕੜੇ ਟੁਕੜੇ ਕਰ ਦਿੱਤੀ ਤੇ ਉਸ ਦੀ ਥਾਂ ਇਕ ਹੋਰ ਚਿੱਠੀ ਲਿਖ ਲਈ: "ਚਿੱਠੀ ਲਿਆਉਣ ਵਾਲੇ ਨੇ ਇਕ ਖੂਹ ਵਿਚੋਂ ਢੇਰ ਸਾਰਾ ਸੋਨਾ ਤੇ ਕੀਮਤੀ ਪੱਥਰ ਲੱਭੇ ਹਨ। ਇਸ ਖ਼ਜ਼ਾਨੇ ਦਾ ਅੱਧਾ ਹਿੱਸਾ ਉਸ ਨੇ ਮੈਨੂੰ ਤੁਹਫ਼ੇ ਵਜੋਂ ਦਿੱਤਾ ਹੈ। ਇਸ ਵਾਸਤੇ, ਇਸ ਮਹਿਮਾਨ ਦੀ ਚੰਗੀ ਆਉ-ਭਗਤ ਕੀਤੀ ਜਾਵੇ ਅਤੇ ਇਸ ਦੇ ਮਾਣ ਵਿਚ ਵੱਡੀ ਦਾਅਵਤ ਦਿੱਤੀ ਜਾਵੇ।"

ਏਨੇ ਨੂੰ ਪਾਣੀ ਉਬਲਣ ਲੱਗ ਪਿਆ ਸੀ। ਮਾਮੇਦ ਨੇ ਰੋਟੀਆਂ ਖਾਧੀਆਂ, ਚਾਹ ਪੀਤੀ ਤੇ ਆਪਣੇ ਰਾਹ ਉਤੇ ਅੱਗੇ ਚੱਲ ਪਿਆ।

ਜਦੋਂ ਮਾਮੇਦ ਉਸ ਸ਼ਹਿਰ ਪੁੱਜਾ, ਜਿਸ ਵਿਚ ਯੋਮੂਦ-ਬੇਕ ਰਹਿੰਦਾ ਸੀ, ਤਾਂ ਉਸ ਨੇ ਲੋਕਾਂ ਕੋਲੋਂ ਉਸ ਦੇ ਘਰ ਦਾ ਪਤਾ ਪੁੱਛ ਕੇ ਚਿੱਠੀ ਵੱਡੇ ਪੁਤਰ ਦੇ ਹੱਥ ਫੜਾਈ।

ਪੁਤਰਾਂ ਨੂੰ ਜਦੋਂ ਇਹ ਪਤਾ ਲੱਗਾ ਕਿ ਉਹਨਾਂ ਦਾ ਪਿਤਾ ਅਚਾਨਕ ਹੀ ਏਨਾ ਅਮੀਰ ਹੋ ਗਿਆ ਸੀ ਤਾਂ ਉਹਨਾਂ ਦੀ ਖੁਸ਼ੀ ਦਾ ਕੋਈ ਪਾਰਾਵਾਰ ਨਾ ਰਿਹਾ। ਉਹਨਾਂ ਨੇ ਮਾਮੇਦ ਦੀ ਬੜੀ ਖ਼ਾਤਰਦਾਰੀ ਕੀਤੀ। ਉਸੇ ਸ਼ਾਮ ਉਹਨਾਂ ਨੇ ਇਕ ਦਾਅਵਤ ਦਿੱਤੀ ਤੇ ਮਹਿਮਾਨ ਬੁਲਾਏ। ਦਾਅਵਤ ਸਾਰੀ ਰਾਤ ਚਲਦੀ ਰਹੀ। ਜਦੋਂ ਸਵੇਰ ਹੋਈ ਤਾਂ ਮਾਮੇਦ ਨੇ ਯੋਮੂਦ-ਬੇਕ ਦੇ ਵੱਡੇ ਪੁਤਰ ਨੂੰ ਪੁੱਛਿਆ:

"ਤੁਹਾਡੇ ਸ਼ਹਿਰ ਦੀ ਕਿਹੜੀ ਚੀਜ਼ ਰੋਚਕ ਏ?"

"ਕੁਝ ਵੀ ਨਹੀਂ," ਵੱਡੇ ਪੁਤਰ ਨੇ ਜਵਾਬ ਦਿੱਤਾ।

"ਤੇ ਤੁਹਾਡੇ ਦੇਸ ਉਤੇ ਕਿਸ ਦਾ ਰਾਜ ਏ?"

"ਸ਼ਹਿਜ਼ਾਦੀ ਦਾ। ਥੋੜ੍ਹਾ ਚਿਰ ਹੋਇਐ, ਉਸ ਨੇ ਐਲਾਨ ਕੀਤਾ ਸੀ ਕਿ ਜਿਹੜਾ ਕੋਈ ਸ਼ਤਰੰਜ ਦੀ ਖੇਡ ਵਿਚ ਉਸ ਨੂੰ ਹਰਾ ਦੇਵੇ, ਉਹ ਉਸੇ ਨਾਲ ਹੀ ਸ਼ਾਦੀ ਕਰ ਲਏਗੀ।"

"ਪਰ ਉਸ ਦੇ ਮਹਿਲ ਵਿਚ ਕਿਵੇਂ ਜਾਇਆ ਜਾਵੇ?" ਮਾਮੇਦ ਨੇ ਪੁੱਛਿਆ।

"ਤੂੰ, ਮਿਤਰਾ, ਉਥੇ ਨਾ ਜਾਈਂ," ਸੌਦਾਗਰ ਦੇ ਵੱਡੇ ਪੁਤਰ ਨੇ ਆਖਿਆ। "ਤੇਰੇ ਤੋਂ ਪਹਿਲਾਂ ਕਈਆਂ ਨੇ ਉਸ ਨੂੰ ਸ਼ਤਰੰਜ ਦੀ ਖੇਡ ਵਿਚ ਹਰਾਉਣ ਦੇ ਜਤਨ ਕੀਤੇ, ਪਰ ਉਹਨਾਂ ਨੂੰ ਆਪਣੇ ਸਿਰ ਲੁਹਾਉਣੇ ਪਏ, ਕਿਉਂਕਿ ਜਿਹੜਾ ਕੋਈ ਵੀ ਹਾਰ ਜਾਂਦਾ ਹੈ ਉਹ ਉਸ ਦਾ ਸਿਰ ਕਲਮ ਕਰ ਦੇਣ ਦਾ ਹੁਕਮ ਦੇ ਦਿੰਦੀ ਏ।"

ਪਰ ਮਾਮੇਦ ਨੇ ਸੁਣੀ ਅਣਸੁਣੀ ਕਰ ਦਿੱਤੀ ਤੇ ਮਹਿਲ ਵੱਲ ਤੁਰ ਪਿਆ। ਮਹਿਲ ਦੇ ਦਰਵਾਜ਼ੇ ਲਾਗੇ ਇਕ ਸੰਤਰੀ ਨੇ ਉਸ ਨੂੰ ਰੋਕ ਲਿਆ।

"ਤੈਨੂੰ ਇਥੋਂ ਕੀ ਚਾਹੀਦੈ?" ਸੰਤਰੀ ਨੇ ਪੁੱਛਿਆ।

"ਮੈਂ ਤੁਹਾਡੀ ਸ਼ਹਿਜ਼ਾਦੀ ਨੂੰ ਵਿਆਹੁਣ ਆਇਆ ਹਾਂ," ਮਾਮੇਦ ਨੇ ਜਵਾਬ ਦਿੱਤਾ।

ਸੰਤਰੀ ਇਹ ਗੱਲ ਦੱਸਣ ਵਾਸਤੇ ਸ਼ਹਿਜ਼ਾਦੀ ਕੋਲ ਗਿਆ ਤੇ ਵਾਪਸ ਆ ਕੇ ਆਖਿਆ:

"ਸ਼ਹਿਜ਼ਾਦੀ ਪੁੱਛਦੀ ਏ ਕਿ ਤੂੰ ਸ਼ਤਰੰਜ ਚੰਗੀ ਤਰ੍ਹਾਂ ਖੇਡ ਲੈਂਦਾ ਏਂ?"

"ਕਹਿ ਦੇ ਕਿ ਚੰਗੀ ਤਰ੍ਹਾਂ ਖੇਡ ਲੈਂਦਾ ਹਾਂ।"

"ਤੇਰਾ ਉਸਤਾਦ ਕੌਣ ਏ?"

"ਇਹ ਉਹ ਉਸਤਾਦ ਏ ਜਿਸ ਨੂੰ ਮੈਂ ਸ਼ਤਰੰਜ ਖੇਡਣ ਦੀ ਜਾਚ ਸਿਖਾਉਣ ਬਦਲੇ ਸੋਨੇ ਦੀਆਂ ਸੌ ਮੁਹਰਾਂ ਦਿੱਤੀਆਂ ਸਨ।"

"ਤੈਨੂੰ ਚਾਰ ਵਾਰੀ ਸਾਡੀ ਸ਼ਹਿਜ਼ਾਦੀ ਨਾਲ ਖੇਡਣਾ ਪਵੇਗਾ। ਤੈਨੂੰ ਸਿਰਫ਼ ਇਕ ਵਾਰੀ ਹਾਰਨ ਦਾ ਹੱਕ ਹੋਵੇਗਾ।"

"ਮੈਨੂੰ ਮਨਜ਼ੂਰ ਏ।"

"ਤੇ ਤੈਨੂੰ ਪਤੈ, ਜੇ ਸ਼ਰਤਾਂ ਪੂਰੀਆਂ ਨਾ ਕਰ ਸਕਿਆ ਤਾਂ ਤੇਰਾ ਕੀ ਹਸ਼ਰ ਹੋਵੇਗਾ?"

"ਮੈਨੂੰ ਪਤਾ ਏ," ਮਾਮੇਦ ਨੇ ਜਵਾਬ ਦਿੱਤਾ।

"ਤੇ ਤੈਨੂੰ ਆਪਣੀ ਜਾਨ ਚਲੇ ਜਾਣ ਦਾ ਕੋਈ ਅਫ਼ਸੋਸ ਨਹੀਂ?"

"ਅਫਸੋਸ ਇਸ ਗੱਲ ਦਾ ਏ ਕਿ ਮੈਂ ਤੁਹਾਡੀ ਸ਼ਹਿਜ਼ਾਦੀ ਨੂੰ ਜ਼ਰੂਰ ਹੀ ਵਿਆਹ ਲੈਣਾ ਏ, ਤੇ ਇਸ ਮਗਰੋਂ ਮੇਰਾ ਮਰਨ ਨੂੰ ਦਿਲ ਨਹੀਂ ਕਰਨਾ," ਮਾਮੇਦ ਨੇ ਜਵਾਬ ਦਿੱਤਾ।

ਤਦ ਮੰਤਰੀ ਗਭਰੂ ਨੂੰ ਸ਼ਹਿਜ਼ਾਦੀ ਕੋਲ ਲੈ ਗਿਆ।

ਉਸ ਨੂੰ ਵੇਖ ਕੇ ਸ਼ਹਿਜ਼ਾਦੀ ਕੂਕੀ:

"ਗਭਰੂਆ, ਮੈਨੂੰ ਬੜਾ ਅਫਸੋਸ ਹੋਵੇਗਾ ਜੇ ਜਲਾਦ ਨੇ ਤੇਰਾ ਸਿਰ ਵੱਢ ਦਿੱਤਾ। ਤੇਰਾ ਭਲਾ ਇਸੇ ਗੱਲ ਵਿਚ ਏ ਕਿ ਤੂੰ ਆਪਣਾ ਇਰਾਦਾ ਬਦਲ ਲਵੇਂ।"

"ਮੈਂ ਇਥੇ ਬੇਮਤਲਬ ਗੱਲਾਂ ਕਰਨ ਨਹੀਂ ਆਇਆ," ਮਾਮੇਦ ਨੇ ਜਵਾਬ ਦਿੱਤਾ।

ਸ਼ਹਿਜ਼ਾਦੀ ਨੇ ਗੋਟੇ ਲਿਆਉਣ ਦਾ ਹੁਕਮ ਦਿੱਤਾ ਤੇ ਉਸ ਨਾਲ ਸ਼ਤਰੰਜ ਖੇਡਣ ਲੱਗ ਪਈ। ਉਹਨਾਂ ਦੁਆਲੇ ਵਜ਼ੀਰ ਤੇ ਦਰਬਾਰੀ ਬੈਠੇ ਹੋਏ ਸਨ ਜਿਹੜੇ ਖਿਡਾਰੀਆਂ ਦੀ ਹਰ ਚਾਲ ਉਤੇ ਨਿਗਰਾਨੀ ਰਖ ਰਹੇ ਸਨ।

ਮਾਮੇਦ ਪਹਿਲੀ ਬਾਜ਼ੀ ਹਾਰ ਗਿਆ।

ਸ਼ਹਿਜ਼ਾਦੀ ਨੇ ਆਖਿਆ:

"ਗਭਰੂਆ, ਚੰਗਾ ਹੀ ਹੋਵੇ ਜੇ ਖੇਡਣਾ ਛਡ ਦੇਵੇਂ ਕਿਉਂਕਿ ਤੂੰ ਮੇਰੇ ਕੋਲੋਂ ਇਕ ਵੀ ਬਾਜ਼ੀ ਜਿੱਤ ਨਹੀਂ ਸਕਣੀ।"

"ਐਵੇਂ ਵਿਹਲੀਆਂ ਮਾਰ ਮਾਰ ਮੈਨੂੰ ਤੰਗ ਨਾ ਕਰ," ਮਾਮੇਦ ਨੇ ਜਵਾਬ ਦਿੱਤਾ। "ਪਹਿਲੀ ਬਾਜ਼ੀ ਮੈਂ ਆਪਣੇ ਅੰਦਰ ਤੇਰੇ ਲਈ ਇਜ਼ਤ ਦੀ ਭਾਵਨਾ ਹੋਣ ਕਰਕੇ ਹਾਰ ਗਿਆ ਹਾਂ। ਸਾਡੇ ਦੇਸ ਵਿਚ ਇਕ ਰਵਾਇਤ ਏ ਕਿ ਮਹਿਮਾਨ ਨੂੰ ਘਰ ਦੇ ਮਾਲਕ ਨਾਲ ਸ਼ਤਰੰਜ ਖੇਡਦਿਆਂ ਹੋਇਆਂ ਪਹਿਲੀ ਬਾਜ਼ੀ ਹਾਰ ਜਾਣੀ ਚਾਹੀਦੀ ਏ।"

ਉਹਨਾਂ ਨੇ ਖੇਡਣਾ ਜਾਰੀ ਰਖਿਆ ਤੇ ਬਾਕੀ ਦੀਆਂ ਤਿੰਨ ਬਾਜ਼ੀਆਂ ਮਾਮੇਦ ਜਿੱਤ ਗਿਆ।

ਜਦੋਂ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਬੜੀਆਂ ਖੁਸ਼ੀਆਂ ਮਨਾਉਣ ਲੱਗੇ। ਇਸ ਦਾ ਕਾਰਨ ਇਹ ਸੀ ਕਿ ਇਸ ਤੋਂ ਪਹਿਲਾਂ ਕਈ ਮਾਵਾਂ ਆਪਣੇ ਪੁਤਰਾਂ ਦੀ ਮੌਤ ਉਤੇ ਹੰਝੂ ਵਹਾ ਚੁੱਕੀਆਂ ਸਨ।

ਸ਼ਹਿਜ਼ਾਦੀ ਨੇ ਮਾਮੇਦ ਨੂੰ ਆਖਿਆ:

"ਤੂੰ ਮੈਨੂੰ ਅਜੇ ਪੂਰੀ ਤਰ੍ਹਾਂ ਨਹੀਂ ਜਿੱਤ ਸਕਿਆ। ਆ, ਇਕ ਬਾਜ਼ੀ ਹੋਰ ਖੇਡੀਏ। ਜੇ ਤੂੰ ਹਾਰ ਜਾਵੇਂ ਤਾਂ ਮੈਂ ਤੇਰਾ ਸਿਰ ਕਲਮ ਨਹੀਂ ਕਰਾਂਗੀ ਤੇ ਤੈਨੂੰ ਆਪਣੇ ਘਰ ਵਾਪਸ ਜਾਣ ਦਿਆਂਗੀ, ਪਰ ਜੇ ਤੂੰ ਜਿੱਤ ਗਿਆ ਤਾਂ ਮੈਂ ਸ਼ਾਦੀ ਦੇ ਜਸ਼ਨ ਮਨਾਵਾਂਗੀ।"

ਮਾਮੇਦ ਅਗਲੀ ਬਾਜ਼ੀ ਵੀ ਜਿੱਤ ਗਿਆ। ਹੁਣ ਸ਼ਹਿਜ਼ਾਦੀ ਨੂੰ ਵਿਆਹ ਰਚਾਉਣਾ ਤੇ ਰਾਜਧਾਨੀ ਦੇ ਸਾਰੇ ਵਾਸੀਆਂ ਨੂੰ ਪਲਾਓ ਖਵਾਉਣਾ ਹੀ ਪਿਆ।

ਅਗਲੇ ਦਿਨ ਸ਼ਾਦੀ ਦਾ ਇਕਰਾਰਨਾਮਾ ਲਿਖਿਆ ਗਿਆ ਤੇ ਸ਼ਹਿਜ਼ਾਦੀ ਨੇ ਗਭਰੂ ਨੂੰ ਸੋਨੇ ਦੇ ਤਖ਼ਤ ਉਤੇ ਬਿਠਾ ਦਿੱਤਾ। ਇੰਜ, ਮਾਮੇਦ ਬਾਦਸ਼ਾਹ ਬਣ ਗਿਆ।

ਜਦੋਂ ਉਸ ਨੇ ਰਾਜ ਕਰਨਾ ਸ਼ੁਰੂ ਕਰ ਦਿੱਤਾ ਤਾਂ ਦਗ਼ੇਬਾਜ਼ ਸੌਦਾਗਰਾਂ ਨੂੰ ਅੱਗੋਂ ਮਿਲਣ ਲਈ ਕੁਝ ਘੁੜ-ਸਵਾਰ ਭੇਜੇ ਅਤੇ ਹੁਕਮ ਦਿੱਤਾ ਕਿ ਉਹਨਾਂ ਨੂੰ ਸਿੱਧਾ ਮਹਿਲ ਵਿਚ ਲਿਆਂਦਾ ਜਾਵੇ।

ਜਦੋਂ ਯੋਮੂਦ-ਬੇਕ ਦੀ ਅਗਵਾਈ ਹੇਠਲੇ ਸੌਦਾਗਰਾਂ ਨੂੰ ਮਹਿਲ ਅੰਦਰ ਲਿਆਂਦਾ ਗਿਆ ਤਾਂ ਮਾਮੇਦ ਨੇ ਉਹਨਾਂ ਕੋਲੋਂ ਉਹ ਸਾਰਾ ਕੀਮਤੀ ਸਾਮਾਨ ਖੋਹ ਲੈਣ ਅਤੇ ਮੁਲਕ ਦੇ ਗਰੀਬ ਲੋਕਾਂ ਵਿਚ ਵੰਡ ਦੇਣ ਦਾ

ਹੁਕਮ ਦਿੱਤਾ ਜਿਹੜਾ ਉਸ ਨੇ ਖੂਹ ਵਿਚੋਂ ਲੱਭਿਆ ਸੀ। ਉਸ ਨੇ ਯੋਮੂਦ-ਬੇਕ ਨੂੰ ਸੋਨੇ ਦੀ ਇਕ ਮੁਹਰ ਦਿੱਤੀ ਤੇ ਆਖਿਆ:

"ਲੈ ਫੜ ਉਹ ਰਕਮ ਜਿਹੜੀ ਤੂੰ ਮੇਰੇ ਪਿਤਾ ਨੂੰ ਦਿੱਤੀ ਸੀ। ਅੱਜ ਦੇ ਦਿਨ ਤੋਂ ਮੈਂ ਆਪਣੀ ਆਜ਼ਾਦੀ ਕੀਮਤ ਤਾਰ ਕੇ ਮੁੜ ਹਾਸਲ ਕਰ ਲਈ ਏ। ਤੇ ਹੁਣ ਤੂੰ ਇਹ ਵੀ ਸਮਝ ਲੈ ਕਿ ਮੈਂ ਤੇਰਾ ਬਾਦਸ਼ਾਹ ਹਾਂ। ਜੇ ਤੂੰ ਹੋਰ ਕਿਸੇ ਨਾਲ ਵੀ ਉਸੇ ਤਰ੍ਹਾਂ ਦਗ਼ੇਬਾਜ਼ੀ ਕੀਤੀ ਜਿਸ ਤਰ੍ਹਾਂ ਮੇਰੇ ਨਾਲ ਕੀਤੀ ਸੀ ਤਾਂ ਤੈਨੂੰ ਇਸ ਦੀ ਭਾਰੀ ਕੀਮਤ ਤਾਰਨੀ ਪਵੇਗੀ।"


ਏਨਾ ਕਹਿ ਕੇ ਉਸ ਨੇ ਯੋਮੂਦ-ਬੇਕ ਤੇ ਸਾਰੇ ਸੌਦਾਗਰਾਂ ਨੂੰ ਖੁਲ੍ਹਾ ਛੱਡ ਦਿੱਤਾ।

ਇਸ ਮਗਰੋਂ ਮਾਮੇਦ ਨੇ ਆਪਣੇ ਪਿਤਾ ਦੇ ਨਾਂ ਇਕ ਚਿੱਠੀ ਲਿਖੀ ਤੇ ਕਾਸਿਦਾਂ ਨੂੰ ਹੁਕਮ ਦਿੱਤਾ ਕਿ ਬਜ਼ੁਰਗ ਨੂੰ ਮਹਿਲ ਵਿਚ ਉਸ ਦੇ ਕੋਲ ਲੈ ਆਂਦਾ ਜਾਵੇ।

ਬੁੱਢਾ ਜ਼ੀਨਸਾਜ਼ ਆਪਣੇ ਪੁਤਰ ਕੋਲ ਆ ਗਿਆ ਤੇ ਬੜੇ ਸੁਖ-ਆਨੰਦ ਨਾਲ ਜੀਊਣ ਲੱਗ ਪਿਆ। ਕਹਿੰਦੇ ਹਨ ਕਿ ਉਹ ਅਜ ਤਕ ਵੀ ਜੀਊਂਦੇ ਹਨ ਤੇ ਜ਼ਿੰਦਗੀ ਦਾ ਸੁਖ ਭੋਗ ਰਹੇ ਹਨ।



ਗੁਲਨਾਰ – ਜਾਨ



ਬੜੇ ਚਿਰਾਂ ਦੀ ਗੱਲ ਹੈ ਕਿ ਇਕ ਦੰਪਤੀ ਰਹਿੰਦੀ ਹੁੰਦੀ ਸੀ। ਦੋਵੇਂ ਜੀਅ ਬੜੇ ਇਤਫ਼ਾਕ ਨਾਲ ਰਹਿੰਦੇ ਸਨ, ਪਰ ਉਹ ਇਸ ਗੱਲ ਉਤੇ ਝੂਰਦੇ ਰਹਿੰਦੇ ਸਨ ਕਿ ਉਹਨਾਂ ਦੇ ਘਰ ਕੋਈ ਸੰਤਾਨ ਨਹੀਂ ਸੀ।

ਇਕ ਦਿਨ ਸਖ਼ਤ ਗਰਮੀ ਪੈ ਰਹੀ ਸੀ। ਪਤੀ ਬੜਾ ਨਿਮੋਝੂਣਾ ਜਿਹਾ ਹੋਇਆ ਆਪਣੇ ਕਿਬੀਤਕਾ* ਲਾਗੇ ਬੈਠਾ ਹੋਇਆ ਸੀ। ਉਸ ਵੇਲੇ ਉਥੋਂ ਦੀ ਇਕ ਦਰਵੇਸ਼ ਲੰਘ ਰਿਹਾ ਸੀ। ਉਹ ਕਿਬੀਤਕਾ ਦੇ ਪਰਛਾਵੇਂ ਹੇਠ ਸਾਹ ਲੈਣ ਵਾਸਤੇ ਬੈਠ ਗਿਆ ਤੇ ਪੁੱਛਿਆ:

"ਭਲਿਆ ਲੋਕਾ, ਤੂੰ ਏਨਾ ਝੂਰ ਕਿਉਂ ਰਿਹੈਂ?"

"ਮੈਂ ਬੜਾ ਦੁਖੀ ਹਾਂ," ਪਤੀ ਨੇ ਜਵਾਬ ਦਿੱਤਾ ਤੇ ਡੂੰਘਾ ਹਾਉਕਾ ਭਰਿਆ। "ਅੱਲਾ ਨੇ ਸਾਡੀ ਝੋਲੀ ਕੋਈ ਸੰਤਾਨ ਨਹੀਂ ਪਾਈ।"

"ਤੇਰਾ ਦੁਖ ਸੌਖਿਆਂ ਹੀ ਦੂਰ ਕੀਤਾ ਜਾ ਸਕਦੈ," ਦਰਵੇਸ਼ ਨੇ ਆਖਿਆ ਤੇ ਉਸ ਨੂੰ ਇਕ ਸੇਬ ਫੜਾਇਆ। "ਲੈ, ਇਹ ਸੇਬ ਫੜ, ਇਸ ਨੂੰ ਚੀਰ ਕੇ ਬਰਾਬਰ ਦੋ ਹਿੱਸਿਆਂ ਵਿਚ ਵੰਡ, ਇਕ ਹਿੱਸਾ ਆਪਣੀ ਪਤਨੀ ਨੂੰ ਦੇ ਦਈਂ ਤੇ ਦੂਜਾ ਆਪ ਖਾ ਲਈਂ। ਤੁਹਾਡੇ ਘਰ ਇਕ ਲੜਕੀ ਜਨਮ ਲਵੇਗੀ, ਉਸ ਦਾ ਨਾਂ ਗੁਲਨਾਰ – ਜਾਨ ਰਖਣਾ।"

ਏਨਾ ਆਖ ਕੇ ਦਰਵੇਸ਼ ਚਲਾ ਗਿਆ।

ਪਤੀ ਨੇ ਸੇਬ ਚੀਰ ਕੇ ਉਸ ਦੇ ਇਕੋ ਜਿਹੇ ਦੋ ਹਿੱਸੇ ਕਰ ਦਿੱਤੇ। ਇਕ ਹਿੱਸਾ ਉਸ ਨੇ ਆਪ ਖਾ ਲਿਆ ਤੇ ਦੂਜਾ ਆਪਣੀ ਪਤਨੀ ਨੂੰ ਦੇ ਦਿੱਤਾ।

ਇਕ ਸਾਲ ਮਗਰੋਂ ਉਹਨਾਂ ਦੇ ਘਰ ਇਕ ਬੱਚੀ ਨੇ ਜਨਮ ਲਿਆ। ਉਹਨਾਂ ਨੇ ਉਸ ਦਾ ਨਾਂ ਗੁਲਨਾਰ – ਜਾਨ ਰਖਿਆ।

ਲੜਕੀ ਦਾ ਕੱਦ – ਕਾਠ ਵਧਣ ਲੱਗਾ ਤੇ ਹਰ ਆਉਂਦੇ ਦਿਨ ਨਾਲ ਉਸ ਦੀ ਸੂਰਤ ਵਿਚ ਨਿਖਾਰ ਆਉਂਦਾ ਗਿਆ। ਜਦੋਂ ਉਹ ਹਨੇਰੇ ਕਿਬੀਤਕਾ ਵਿਚ ਵੜਦੀ ਤਾਂ ਉਸ ਵਿਚ ਚਾਨਣ ਹੋ ਜਾਂਦਾ, ਜਿਵੇਂ ਚੰਨ ਦੀ ਚਾਨਣੀ ਹੋਵੇ।

ਮਾਤਾ ਤੇ ਪਿਤਾ ਆਪਣੀ ਧੀ ਨੂੰ ਵੇਖਦੇ ਹੋਏ ਰਜਦੇ ਹੀ ਨਹੀਂ ਸਨ।

ਪਰ ਉਹਨਾਂ ਉਤੇ ਕਹਿਰ ਆ ਢੱਠਾ: ਬੱਚੀ ਦੀ ਮਾਤਾ ਸਦੀਵੀ ਵਿਛੋੜਾ ਦੇ ਗਈ।

---

* ਘਰ ਜਾਂ ਗੋਲ ਤੰਬੂ। ਕੇਂਦਰੀ ਏਸ਼ੀਆ ਵਿਚ ਕੱਚੇ ਘਰਾਂ ਨੂੰ ਵੀ ਕਿਬੀਤਕਾ ਆਖਿਆ ਜਾਂਦਾ ਹੈ।—**ਸੰਪਾ:**

ਪਿਤਾ ਕੁਝ ਸਾਲ ਤਕ ਗ਼ਮ ਖਾਂਦਾ ਰਿਹਾ, ਪਰ ਫਿਰ ਇਕ ਹੋਰ, ਬੜੀ ਹੀ ਸੁਹਣੀ ਔਰਤ ਨਾਲ ਵਿਆਹ ਕਰ ਲਿਆ। ਓਦੋਂ ਤਕ ਗੁਲਨਾਰ–ਜਾਨ ਚੰਗੀ ਮੁਟਿਆਰ ਨਿਕਲ ਆਈ ਸੀ।

ਮਤਰੇਈ ਮਾਂ ਉਸ ਨੂੰ ਨਫ਼ਰਤ ਕਰਨ ਲੱਗੀ ਕਿਉਂਕਿ ਗੁਲਨਾਰ–ਜਾਨ ਉਸ ਦੇ ਨਾਲੋਂ ਵੀ ਸੁਹਣੀ ਸੀ।

ਮਤਰੇਈ ਧੀ ਨਾਲ ਈਰਖ਼ਾ ਕਰਦਿਆਂ ਇਕ ਵਾਰੀ ਉਸ ਨੇ ਚੰਨ ਨੂੰ ਪੁਛਿਆ:

"ਮੈਨੂੰ ਦੱਸ ਕਿ ਕੌਣ ਸੁਹਣੀ ਏ: ਮੈਂ ਜਾਂ ਗੁਲਨਾਰ–ਜਾਨ?"

ਚੰਨ ਨੇ ਜਵਾਬ ਦਿੱਤਾ:

"ਅਸੀਂ ਦੋਵੇਂ ਵੀ ਉਸ ਦੇ ਮੁਕਾਬਲੇ ਕੁਝ ਨਹੀਂ। ਜਦੋਂ ਗੁਲਨਾਰ–ਜਾਨ ਰਾਤ ਵੇਲੇ ਕਿਬੀਤਕਾ ਵਿਚੋਂ ਨਿਕਲਦੀ ਏ ਤਾਂ ਉਹ ਆਪਣੇ ਸੁਹੱਪਣ ਨਾਲ ਏਨਾ ਚਾਨਣ ਖਿਲਾਰਦੀ ਏ ਕਿ ਮੈਨੂੰ ਚਾਹੁੰਦਿਆਂ ਨਾ ਚਾਹੁੰਦਿਆਂ ਵੀ ਅਸਮਾਨ ਛੱਡ ਕੇ ਜਾਣਾ ਪੈਂਦਾ ਏ।"

ਇਹ ਸੁਣਦਿਆਂ ਹੀ ਮਤਰੇਈ ਮਾਂ ਸੜ–ਬਲ ਕੇ ਕੋਲਾ ਹੋ ਗਈ ਤੇ ਸੂਰਜ ਕੋਲੋਂ ਪੁੱਛਣ ਲੱਗੀ:

"ਮੈਨੂੰ ਦੱਸ ਕਿ ਕੌਣ ਸੁਹਣੀ ਏ: ਮੈਂ ਕਿ ਮੇਰੀ ਮਤਰੇਈ ਧੀ?"

ਸੂਰਜ ਨੇ ਜਵਾਬ ਦਿੱਤਾ:

"ਨੀ ਸੁਹਣੀਏ, ਅਸੀਂ ਦੋਵੇਂ ਵੀ ਉਸ ਦਾ ਕੋਈ ਕੋਈ ਮੁਕਾਬਲਾ ਨਹੀਂ ਕਰ ਸਕਦੇ। ਸੰਝ ਵੇਲੇ ਜਦੋਂ ਉਹ ਬੱਕਰੀਆਂ ਦੀ ਧਾਰ ਕੱਢਦੀ ਏ ਤਾਂ ਮੇਰਾ ਚਾਨਣ ਨਿੰਮ੍ਹਾ ਪੈ ਜਾਂਦੈ, ਤੇ ਮੈਂ ਸ਼ਰਮ ਨਾਲ ਲਾਲ ਹੋ ਜਾਂਦਾ ਹਾਂ, ਕਿਉਂਕਿ ਅਸਮਾਨ ਵਿਚ ਮੈਨੂੰ ਨਹੀਂ, ਉਸ ਨੂੰ ਚਮਕਣਾ ਚਾਹੀਦੈ।"

ਏਨਾ ਸੁਣ ਕੇ ਮਤਰੇਈ ਮਾਂ ਗੁੱਸੇ ਨਾਲ ਅੰਨ੍ਹੀ ਹੋ ਗਈ ਤੇ ਆਪਣੇ ਪਤੀ ਕੋਲ ਜਾ ਕੇ ਆਖਣ ਲੱਗੀ:

"ਮੈਂ ਗੁਲਨਾਰ–ਜਾਨ ਨਾਲ ਇਕੋ ਕਿਬੀਤਕਾ ਵਿਚ ਹੋਰ ਨਹੀਂ ਰਹਿਣਾ ਚਾਹੁੰਦੀ! ਆ, ਰੋਟੀਆਂ ਪਕਾਈਏ ਤੇ ਉਸ ਨੂੰ ਐਸੀ ਥਾਂ ਛੱਡ ਆਈਏ ਜਿਥੋਂ ਉਹ ਘਰ ਵਾਪਸ ਨਾ ਆ ਸਕੇ।"

ਗੁਲਨਾਰ–ਜਾਨ ਦੇ ਪਿਤਾ ਨੇ ਸ਼ੁਰੂ ਵਿਚ ਤਾਂ ਇਸ ਦਾ ਵਿਰੋਧ ਕੀਤਾ, ਪਰ ਪਤਨੀ ਹਰ ਰੋਜ਼ ਉਸ ਦਾ ਨੱਕ ਵਿਚ ਦਮ ਕਰੀ ਰਖਦੀ ਸੀ। ਅਖ਼ੀਰ ਵਿਚ, ਉਸ ਨੂੰ ਮੰਨਣਾ ਹੀ ਪਿਆ।

ਮਤਰੇਈ ਮਾਂ ਨੇ ਸਵੇਰੇ ਸਵਖ਼ਤੇ ਰੋਟੀਆਂ ਪਕਾਈਆਂ। ਪਿਤਾ ਨੇ ਊਠ ਉਤੇ ਸਾਜ਼ ਪਾਇਆ, ਧੀ ਤੇ ਮਤਰੇਈ ਮਾਂ ਨੂੰ ਉਸ ਉਤੇ ਚੜ੍ਹਾ ਕੇ ਆਪ ਵੀ ਚੜ੍ਹ ਗਿਆ ਤੇ ਸਾਰੇ ਜਣੇ ਮਿਲ ਕੇ ਰੇਗਿਸਤਾਨ ਵੱਲ ਚੱਲ ਪਏ। ਉਹ ਸੂਰਜ ਡੁੱਬਣ ਤੋਂ ਪਹਿਲਾਂ ਪਹਿਲਾਂ ਇਕ ਅਜਿਹੀ ਥਾਂ ਉਤੇ ਪੁੱਜ ਗਏ ਜਿਥੇ ਅੱਖਾਂ ਨੂੰ ਕੁਝ ਵੀ ਨਾ ਦਿਸੇ ਤੇ ਕੰਨਾਂ ਨੂੰ ਕੁਝ ਵੀ ਨਾ ਸੁਣੇ।

ਉਥੇ ਹੀ ਉਹ ਰਾਤ–ਕਟੀ ਲਈ ਰੁਕ ਗਏ।

ਗੁਲਨਾਰ–ਜਾਨ ਨੂੰ ਦਾਲ ਵਿਚ ਕੁਝ ਕਾਲਾ ਕਾਲਾ ਲੱਗਾ। ਉਸ ਦੀ ਦੇਰ ਤਕ ਅੱਖ ਨਾ ਲੱਗੀ। ਅੱਧੀ ਰਾਤ ਗਿਆਂ ਕਿਤੇ ਉਸ ਨੇ ਆਪਣਾ ਸਿਰ ਪਿਤਾ ਦੇ ਚੋਲੇ ਉਤੇ ਰੱਖਿਆ ਤੇ ਗੂੜ੍ਹੀ ਨੀਂਦ ਦੀ ਝੋਲੀ ਵਿਚ ਪੈ ਗਈ। ਮਤਰੇਈ ਮਾਂ ਨੇ ਸੁੱਤੇ ਹੋਏ ਪਤੀ ਨੂੰ ਝੰਜੋੜਿਆ ਅਤੇ ਇਸ ਗੱਲੋਂ ਡਰਦਿਆਂ ਕਿ ਗੁਲਨਾਰ–ਜਾਨ ਕਿਤੇ ਜਾਗ ਨਾ ਪਵੇ, ਉਸ ਨੇ ਚੋਲੇ ਦਾ ਉਹ ਹਿੱਸਾ ਕੱਟ ਲਿਆ ਜਿਸ ਉਤੇ ਉਸ ਦੀ ਮਤਰੇਈ ਧੀ ਸੁੱਤੀ ਹੋਈ ਸੀ। ਫਿਰ ਦੋਵੇਂ ਜਣੇ ਵਾਪਸ ਜਾਣ ਦੀ ਤਿਆਰੀ ਕਰਨ ਲੱਗੇ। ਉਹਨਾਂ ਨੇ ਸਾਰੇ ਊਠ ਆਪਣੇ ਨਾਲ ਲਏ ਅਤੇ ਉਥੋਂ ਕਾਹਲੀ ਕਾਹਲੀ ਚਲੇ ਗਏ। ਗੁਲਨਾਰ–ਜਾਨ ਉਥੇ ਇਕੱਲੀ ਹੀ ਰਹਿ ਗਈ ਸੀ।

ਸਵੇਰੇ ਜਦੋਂ ਉਸ ਦੀ ਅੱਖ ਖੁਲ੍ਹੀ ਤਾਂ ਵੇਖਿਆ ਕਿ ਉਥੇ ਨਾ ਹੀ ਪਿਤਾ ਸੀ, ਨਾ ਹੀ ਮਤਰੇਈ ਮਾਂ ਤੇ ਨਾ ਹੀ ਊਠ ਸਨ। ਉਹ ਜ਼ਾਰ ਜ਼ਾਰ ਰੋਈ, ਫਿਰ ਉੱਠੀ ਤੇ ਜਿਧਰ ਧਿਆਨ ਗਿਆ ਉਧਰ ਹੀ ਤੁਰ ਪਈ।

ਪਤਾ ਨਹੀਂ ਬਹੁਤਾ ਕਿ ਥੋੜ੍ਹਾ ਚਿਰ, ਪਰ ਉਹ ਤੁਰਦੀ ਗਈ, ਤੁਰਦੀ ਗਈ ਤੇ ਆਖ਼ਰ ਤਿੰਨ ਕਿਬੀਤਕਿਆਂ ਲਾਗੇ ਪਹੁੰਚ ਗਈ। ਉਹਨਾਂ ਕਿਬੀਤਕਿਆਂ ਵਿਚ ਦਿਓ ਰਹਿੰਦੇ ਹੁੰਦੇ ਸਨ।

ਜਦੋਂ ਗੁਲਨਾਰ-ਜਾਨ ਪਹਿਲੇ ਕਿਬੀਤਕਾ ਲਾਗੇ ਪਹੁੰਚੀ ਤਾਂ ਦਰਵਾਜ਼ੇ ਲਾਗੇ ਦਿਓ ਦੀ ਘਰਵਾਲੀ ਵਿਖਾਈ ਦਿੱਤੀ। ਗੁਲਨਾਰ-ਜਾਨ ਨੇ ਉਸ ਨਾਲ ਦਵਾ-ਸਲਾਮ ਕੀਤੀ।

ਦਿਓ ਦੀ ਘਰਵਾਲੀ ਨੇ ਆਖਿਆ:

"ਨੀ ਸੁਹਣੀਏ, ਮਨ-ਮੋਹਣੀਏ, ਇਥੇ ਜੇ ਕੋਈ ਪੰਛੀ ਆਵੇ, ਉਹ ਆਪਣੇ ਖੰਭ ਖੁਹਾਵੇ, ਇਥੇ ਜੇ ਕੋਈ ਜੇਈਰਾਨ* ਆਵੇ, ਉਹ ਆਪਣੇ ਗਿਟੇ ਤੁੜਵਾਏ। ਚਲੀ ਜਾ ਏਥੋਂ ਬਚ ਕੇ ਨੀ!"

ਗੁਲਨਾਰ-ਜਾਨ ਦੂਸਰੇ ਕਿਬੀਤਕਾ ਕੋਲ ਗਈ। ਉਥੇ ਉਸ ਨੂੰ ਦੂਜੇ ਦਿਓ ਦੀ ਘਰਵਾਲੀ ਵਿਖਾਈ ਦਿੱਤੀ। ਕੁੜੀ ਨੇ ਉਸ ਨਾਲ ਦਵਾ-ਸਲਾਮ ਕੀਤੀ, ਪਰ ਦੂਜੇ ਦਿਓ ਦੀ ਘਰਵਾਲੀ ਨੇ ਵੀ ਉਸੇ ਤਰ੍ਹਾਂ ਆਖਿਆ:

"ਨੀ ਸੁਹਣੀਏ, ਮਨ-ਮੋਹਣੀਏ, ਇਥੇ ਜੇ ਕੋਈ ਪੰਛੀ ਆਵੇ, ਉਹ ਆਪਣੇ ਖੰਭ ਖੁਹਾਵੇ, ਇਥੇ ਜੇ ਕੋਈ ਕੂਲਾਨ** ਆਵੇ, ਉਹ ਆਪਣੇ ਗਿੱਟੇ ਤੁੜਵਾਏ। ਚਲੀ ਜਾ ਏਥੋਂ ਬਚ ਕੇ ਨੀ!"

ਤਦ ਗੁਲਨਾਰ-ਜਾਨ ਤੀਸਰੇ ਕਿਬੀਤਕਾ ਕੋਲ ਗਈ ਤੇ ਉਸ ਨੇ ਤੀਜੇ ਦਿਓ ਦੀ ਘਰਵਾਲੀ ਨਾਲ ਦਵਾ-ਸਲਾਮ ਕੀਤੀ ਜਿਹੜੀ ਉਸ ਨੂੰ ਅੱਗੋਂ ਮਿਲਣ ਵਾਸਤੇ ਕਿਬੀਤਕਾ ਵਿਚੋਂ ਬਾਹਰ ਆ ਗਈ ਸੀ।

"ਨੀ ਸੁਹਣੀਏ, ਮਨ-ਮੋਹਣੀਏ, ਆ, ਕਿਬੀਤਕਾ ਵਿਚ ਲੰਘ ਆ!" ਤੀਜੇ ਦਿਓ ਦੀ ਘਰਵਾਲੀ ਨੇ ਉਸ ਦਾ ਸਵਾਗਤ ਕਰਦਿਆਂ ਆਖਿਆ।

ਗੁਲਨਾਰ-ਜਾਨ ਅੰਦਰ ਲੰਘ ਗਈ। ਦਿਓ ਦੀ ਘਰਵਾਲੀ ਨੇ ਉਸ ਨੂੰ ਚਾਹ ਪਿਲਾਈ, ਰੋਟੀਆਂ ਖਵਾਈਆਂ ਤੇ ਫਿਰ ਆਖਿਆ:

"ਨੀ ਸੁਹਣੀਏ, ਮਨ ਮੋਹਣੀਏ। ਦਿਓ ਬੜੇ ਭਿਆਨਕ ਨੇ। ਇਸ ਵੇਲੇ ਉਹ ਸ਼ਿਕਾਰ ਉਤੇ ਗਏ ਹੋਏ ਨੇ, ਪਰ ਛੇਤੀ ਹੀ ਮੁੜ ਆਉਣਗੇ। ਜੇ ਮੇਰੇ ਘਰਵਾਲੇ ਨੇ ਤੈਨੂੰ ਇਥੇ ਵੇਖ ਲਿਆ ਤਾਂ ਡਾਢੀ ਮੁਸੀਬਤ ਆਵੇਗੀ। ਤੈਨੂੰ ਛੇਤੀ ਛੇਤੀ ਕਿਤੇ ਲੁਕ ਜਾਣਾ ਚਾਹੀਦੈ।"

ਦਿਓ ਦੀ ਘਰਵਾਲੀ ਨੇ ਕਿਬੀਤਕਾ ਵਿਚ ਇਕ ਟੋਇਆ ਪੁੱਟਿਆ, ਗੁਲਨਾਰ-ਜਾਨ ਨੂੰ ਉਸ ਵਿਚ ਲੁਕਾ ਕੇ ਉਤੇ ਨਮਦਾ ਪਾ ਦਿੱਤਾ।

ਛੇਤੀ ਹੀ ਦਿਓ ਵੀ ਸ਼ਿਕਾਰ ਤੋਂ ਪਰਤ ਆਇਆ। ਉਹ ਜਿਉਂ ਹੀ ਕਿਬੀਤਕਾ ਵਿਚ ਵੜਿਆ ਉਸ ਦਾ ਨੱਕ ਫਰਕਿਆ ਤੇ ਉਹ ਗਰਜਿਆ:

"ਆਦਮ ਬੋ, ਆਦਮ ਬੋ! ਦੱਸ ਨੀ, ਵਹੁਟੀਏ, ਕਿਥੇ ਲੁਕਿਆ ਆਦਮੀ?"

ਘਰਵਾਲੀ ਨੇ ਜਵਾਬ ਦਿੱਤਾ:

"ਸਹੁੰ ਰੱਬ ਦੀ, ਇਥੇ ਤਾਂ ਆਦਮੀ ਦਾ ਪੈਰ ਵੀ ਨਹੀਂ ਪਇਆ! ਤੂੰ ਲੋਕਾਂ ਵਿਚਾਲੇ ਉੱਡਦਾ ਆਇਆ ਏਂ, ਸ਼ਾਇਦ ਉਥੋਂ ਹੀ ਆਦਮ ਬੋ ਲਿਆਇਆ ਏਂ।"

---

* ਪਹਾੜੀ ਬਕਰਾ।

** ਘੋੜਿਆਂ ਦੀ ਨਸਲ ਦਾ ਜਾਨਵਰ, ਲਗਭਗ 2 ਮੀਟਰ ਲੰਮਾ, ਕੇਂਦਰੀ ਏਸ਼ੀਆ ਦੇ ਰੇਗਿਸਤਾਨੀ ਇਲਾਕਿਆਂ ਵਿਚ ਰਹਿੰਦਾ ਹੈ।

ਦਿਓ ਸ਼ਾਂਤ ਹੋ ਗਿਆ ਤੇ ਖਾਣਾ ਖਾਣ ਲੱਗ ਪਿਆ। ਉਸ ਨੇ ਪੂਰਾ ਜੇਈਰਾਨ ਖਾ ਲਿਆ ਤੇ ਫਿਰ ਸ਼ਿਕਾਰ ਲਈ ਚਲਾ ਗਿਆ।

ਦਿਓ ਦੇ ਚਲੇ ਜਾਣ ਮਗਰੋਂ ਉਸ ਦੀ ਘਰਵਾਲੀ ਨੇ ਗੁਲਨਾਰ-ਜਾਨ ਨੂੰ ਟੋਏ ਵਿਚੋਂ ਕੱਢ ਲਿਆ ਤੇ ਉਹਦੇ ਨਾਲ ਖੇਡਣ-ਮੱਲਣ ਲੱਗ ਪਈ।

ਇਸੇ ਤਰ੍ਹਾਂ ਕਰਦਿਆਂ ਕੁਝ ਦਿਨ ਲੰਘ ਗਏ। ਹਰ ਵਾਰੀ, ਜਦੋਂ ਦਿਓ ਸ਼ਿਕਾਰ ਤੋਂ ਮੁੜਦਾ ਤਾਂ ਉਹਦੀ ਘਰਵਾਲੀ ਗੁਲਨਾਰ-ਜਾਨ ਨੂੰ ਲੁਕਾ ਦਿੰਦੀ।

ਇਕ ਵਾਰੀ ਇਕ ਬੁਢੜੀ ਲਾਗੋਂ ਦੀ ਲੰਘੀ ਤੇ ਦਿਓ ਦੀ ਘਰਵਾਲੀ ਨਾਲ ਖੇਡ ਰਹੀ ਸੁਹਣੀ ਮੁਟਿਆਰ ਨੂੰ ਵੇਖ ਲਿਆ। ਉਸ ਨੂੰ ਕੁੜੀ ਉਤੇ ਤਰਸ ਆ ਗਿਆ ਤੇ ਉਸ ਨੇ ਉਸ ਨੂੰ ਹਰ ਹਾਲਤ ਵਿਚ ਬਚਾਉਣ ਦੀ ਪੱਕੀ ਧਾਰ ਲਈ।

ਬੁਢੜੀ ਨੇ ਗੁਲਨਾਰ-ਜਾਨ ਨੂੰ ਆਪਣੇ ਕੋਲ ਸੱਦ ਕੇ ਪੁੱਛਿਆ:

"ਨੀ ਨੱਢੀਏ ਮੁਟਿਆਰੇ, ਮੇਰੇ ਵਾਲ ਰਤਾ ਕੁ ਵਾਹ ਦੇ!"

ਗੁਲਨਾਰ-ਜਾਨ ਭੁੰਜੇ ਬੈਠ ਗਈ, ਬੁਢੜੀ ਦਾ ਸਿਰ ਆਪਣੇ ਗੋਡਿਆਂ ਉਤੇ ਧਰ ਲਿਆ ਤੇ ਉਹਦੇ ਵਾਲ ਵਾਹੁਣ ਲੱਗ ਪਈ। ਜਦੋਂ ਉਹ ਵਾਲ ਵਾਹ ਰਹੀ ਸੀ ਤਾਂ ਬੁਢੜੀ ਨੇ ਗੁਲਨਾਰ-ਜਾਨ ਦੇ ਗੋਡੇ ਵਿਚ ਸੂਈ ਖੋਭ ਦਿੱਤੀ।

ਗੁਲਨਾਰ-ਜਾਨ ਦੀ ਚੀਕ ਤਕ ਨਾ ਨਿਕਲੀ ਤੇ ਉਹ ਬੇਹੋਸ਼ ਹੋ ਗਈ। ਬੁਢੜੀ ਨੇ ਦਿਓ ਦੀ ਘਰਵਾਲੀ ਨੂੰ ਆਖਿਆ ਕਿ ਕੁੜੀ ਸੌਂ ਗਈ ਹੈ ਅਤੇ ਉਸ ਨੂੰ ਬਿਸਤਰੇ ਉਤੇ ਲਿਟਾ ਦੇਣਾ ਚਾਹੀਦਾ ਹੈ।

ਏਨੀ ਗੱਲ ਕਹਿ ਕੇ ਬੁਢੜੀ ਚਲੀ ਗਈ।

ਦਿਓ ਦੀ ਘਰਵਾਲੀ ਗੁਲਨਾਰ-ਜਾਨ ਨੂੰ ਕਿਬੀਤਕਾ ਵਿਚ ਲੈ ਗਈ ਤੇ ਵੱਟੋ-ਵੱਟ ਹੋਏ ਬਿਸਤਰੇ ਉਤੇ ਲਿਟਾ ਦਿੱਤਾ। ਜਦੋਂ ਦਿਓ ਵਾਪਸ ਆਉਣ ਵਾਲਾ ਸੀ ਤਾਂ ਉਹ ਕੁੜੀ ਨੂੰ ਜਗਾਉਣ ਲੱਗੀ, ਪਰ ਵੇਖਿਆ ਕਿ ਉਹ ਤਾਂ ਮਰੀ ਪਈ ਸੀ। ਦਿਓ ਦੀ ਘਰਵਾਲੀ ਡਰ ਗਈ ਤੇ ਰੋਣ ਲੱਗ ਪਈ।

ਜਦੋਂ ਦਿਓ ਸ਼ਿਕਾਰ ਤੋਂ ਪਰਤਿਆ ਤਾਂ ਉਹ ਬਰੂਹਾਂ ਤੋਂ ਹੀ ਚਿੰਘਾੜਨ ਲੱਗ ਪਿਆ:

"ਆਦਮ ਬੋ, ਆਦਮ ਬੋ! ਦੱਸ ਵਹੁਟੀਏ, ਕਿਥੇ ਲੁਕਿਆ ਆਦਮੀ?"

"ਸਾਡੇ ਕਿਬੀਤਕਾ ਵਿਚ ਇਕ ਮਰੀ ਹੋਈ ਕੁੜੀ ਪਈ ਏ," ਦਿਓ ਦੀ ਘਰ ਵਾਲੀ ਨੇ ਇਹ ਜਾਣਦਿਆਂ ਜਵਾਬ ਦਿੱਤਾ ਕਿ ਉਹ ਮੁਰਦੇ ਨੂੰ ਹੱਥ ਤੱਕ ਨਹੀਂ ਲਾਏਗਾ। "ਮੈਂ ਤੇ ਉਹ ਕਈ ਦਿਨਾਂ ਤੋਂ ਖੇਡਦੀਆਂ-ਮੱਲਦੀਆਂ ਰਹੀਆਂ ਤੇ ਵਕਤ ਬੜੀ ਚੰਗੀ ਤਰ੍ਹਾਂ ਲੰਘਦਾ ਗਿਆ। ਪਰ, ਅੱਜ ਕੋਈ ਬੁਢੜੀ ਇਥੇ ਆਈ ਸੀ ਤੇ ਕੁੜੀ ਨੂੰ ਆਪਣੇ ਵਾਲ ਵਾਹੁਣ ਲਈ ਆਖਿਆ। ਕੁੜੀ ਬੁਢੜੀ ਦਾ ਸਿਰ ਵਾਹੁਣ ਲੱਗ ਪਈ ਪਰ ਉਸੇ ਵੇਲੇ ਸੌਂ ਗਈ, ਤੇ ਜਦੋਂ ਮੈਂ ਉਸ ਨੂੰ ਜਗਾਉਣ ਲੱਗੀ ਤਾਂ ਉਹ ਮਰੀ ਪਈ ਸੀ।"

"ਏਹਦੇ ਬਦਲੇ ਦੁਖੀ ਹੋਣ ਦੀ ਭਲਾ ਕੀ ਲੋੜ ਏ?"

ਫਿਰ ਦਿਓ ਨੇ ਪਤਨੀ ਨੂੰ ਹੁਕਮ ਦਿੱਤਾ:

"ਇਸ ਕੁੜੀ ਦੀ ਲਾਸ਼ ਊਠ ਉਤੇ ਲੱਦ ਦੇ, ਤੇ ਊਠ ਜਿਧਰ ਚਾਹੇ ਉਧਰ ਹੀ ਜਾਵੇ। ਜਦੋਂ ਲੋਕ ਲਾਵਾਰਸ ਊਠ ਨੂੰ ਵੇਖਣਗੇ ਤਾਂ ਕਿਸੇ ਨਾ ਕਿਸੇ ਦਾ ਦਿਲ ਕਰੇਗਾ ਕਿ ਉਹ ਊਠ ਉਤੇ ਕਬਜ਼ਾ ਕਰ ਲਵੇ।"

ਦਿਓ ਦੀ ਘਰਵਾਲੀ ਨੇ ਊਠ ਨੂੰ ਸਟੈਪੀ ਵਿਚ ਛੱਡ ਦਿੱਤਾ, ਪਰ ਉਸ ਨੂੰ ਇੰਜ ਸ਼ਿੰਗਰ ਦਿੱਤਾ ਜਿਵੇਂ ਉਸ ਉਤੇ ਲਾੜੀ ਸਵਾਰ ਹੋਵੇ।

ਊਠ ਓਨੀ ਦੇਰ ਤਕ ਚਲਦਾ ਗਿਆ ਜਦ ਤਕ ਕਿ ਦੋ ਕਿਸਾਨਾਂ ਨੇ, ਜਿਹੜੇ ਬਾਲਣ ਇਕੱਠਾ ਕਰ ਰਹੇ ਸਨ, ਉਸ ਨੂੰ ਵੇਖ ਨਾ ਲਿਆ।

ਉਹਨਾਂ ਵਿਚੋਂ ਇਕ ਜਣਾ ਖ਼ੁਸ਼ੀ ਵਿਚ ਆਇਆ ਰੌਲਾ ਪਾਉਣ ਲੱਗ ਪਿਆ:

"ਲਾਵਾਰਸ ਊਠ ਮੇਰਾ ਹੋਵੇਗਾ!"

ਤੇ ਦੂਜੇ ਜਣੇ ਨੇ ਕਾਹਲੀ ਵਿਚ ਕਿਹਾ:

"ਤੇ ਜੋ ਕੁਝ ਉਸ ਉਤੇ ਲੱਦਿਆ ਹੋਇਐ ਉਹ ਮੇਰਾ ਹੋਵੇਗਾ!"

ਉਹ ਊਠ ਦੇ ਨੇੜੇ ਆਏ ਤਾਂ ਵੇਖਿਆ ਕਿ ਉਸ ਉਤੇ ਮਰੀ ਹੋਈ ਕੁੜੀ ਪਈ ਸੀ। ਕਿਸਾਨ ਊਠ ਨੂੰ ਆਪਣੇ ਪਿੰਡ ਲੈ ਗਏ, ਤੇ ਜਿਹੜਾ ਕਿਸਾਨ ਲੱਦੀ ਹੋਈ ਚੀਜ਼ ਲੈਣੀ ਚਾਹੁੰਦਾ ਸੀ, ਉਸ ਨੂੰ ਮੁਰਦਾ ਕੁੜੀ ਮਿਲੀ ਤੇ ਉਹ ਉਸ ਨੂੰ ਦਫ਼ਨਾਉਣ ਚਲਾ ਗਿਆ।

ਰਾਹ ਵਿਚ ਉਸ ਨੂੰ ਉਹ ਹੀ ਬੁਢੜੀ ਮਿਲੀ। ਉਸ ਨੇ ਪੁੱਛਿਆ:

"ਤੂੰ ਜੀਊਂਦੀ ਜਾਗਦੀ ਕੁੜੀ ਨੂੰ ਕਬਰਾਂ ਵੱਲ ਕਿਉਂ ਲਈ ਜਾ ਰਿਹੈਂ? ਇਸ ਨੂੰ ਆਪਣੇ ਘਰ ਲੈ ਜਾ, ਤੇ ਮਹਿਮਾਨਾਂ ਨੂੰ ਵਿਆਹ ਦਾ ਸੱਦਾ ਭੇਜ ਦੇ।"

ਕਿਸਾਨ ਨੇ ਬੁਢੜੀ ਦੀ ਗੱਲ ਮੰਨ ਲਈ ਤੇ ਗੁਲਨਾਰ-ਜਾਨ ਨੂੰ ਆਪਣੇ ਕਿਬੀਤਕਾ ਵੱਲ ਲੈ ਤੁਰਿਆ। ਬੁਢੜੀ ਵੀ ਉਸ ਦੇ ਪਿਛੇ ਪਿਛੇ ਤੁਰ ਪਈ। ਜਦੋਂ ਉਹ ਕਿਬੀਤਕਾ ਵਿਚ ਦਾਖ਼ਲ ਹੋਏ ਤਾਂ ਬੁਢੜੀ ਨੇ ਕੁੜੀ ਦੇ ਗੋਡੇ ਵਿਚੋਂ ਸੂਈ ਕੱਢ ਦਿੱਤੀ ਤੇ ਉਹ ਫਿਰ ਜੀਊ ਪਈ।

ਕਿਸਾਨ ਨੇ ਮਹਿਮਾਨਾਂ ਨੂੰ ਸੱਦਾ ਦਿੱਤਾ, ਸ਼ਾਦੀ ਦੇ ਜਸ਼ਨ ਮਨਾਏ ਤੇ ਗੁਲਨਾਰ-ਜਾਨ ਨਾਲ ਵਿਆਹ ਕਰ ਲਿਆ।



ਖੁਸ਼ਕਿਸਮਤੀ ਤੇ ਨੂੰਹਾਂ



ਇਕ ਟੱਬਰ ਵਿਚ ਤਿੰਨ ਨੂੰਹਾਂ ਸਨ। ਘਰ ਵਿਚ ਰਿਜਕ ਤੇ ਇਤਫ਼ਾਕ ਸੀ। ਇਕ ਵਾਰੀ ਉਹਨਾਂ ਦੀ ਸਾਂਝੀ ਖੁਸ਼ਕਿਸਮਤੀ ਵੱਡੀ ਨੂੰਹ ਕੋਲ ਆਈ ਤੇ ਕਹਿਣ ਲੱਗੀ:

"ਮੇਰੀ ਪਿਆਰੀ, ਦੱਸ, ਤੈਨੂੰ ਜੋ ਕੁਝ ਵੀ ਚਾਹੀਦੈ, ਮੇਰੇ ਕੋਲੋਂ ਮੰਗ ਲੈ। ਛੇਤੀ ਕਰ, ਨਹੀਂ ਤਾਂ ਮੈਂ ਇਥੋਂ ਜਾਣ ਹੀ ਵਾਲੀ ਹਾਂ।"

"ਬਹੁਤ ਅੱਛਾ," ਵੱਡੀ ਨੂੰਹ ਨੇ ਆਖਿਆ, "ਤੂੰ ਮੈਨੂੰ ਬਹੁਤ ਸਾਰੀ ਦੌਲਤ ਦੇ ਕੇ ਜਿਥੇ ਵੀ ਚਾਹੇਂ ਜਾ ਸਕਦੀ ਏਂ!"

ਖੁਸ਼ਕਿਸਮਤੀ ਨੇ ਉਸ ਦੀ ਹਰ ਮੁਰਾਦ ਪੂਰੀ ਕੀਤੀ ਤੇ ਵਿਚਕਾਰਲੀ ਨੂੰਹ ਕੋਲ ਚਲੀ ਗਈ।

"ਨੀ ਸੁਹਣੀਏ-ਮਨਮੋਹਣੀਏ," ਖੁਸ਼ਕਿਸਮਤੀ ਨੇ ਕਿਹਾ, "ਮੈਂ ਕਿਸੇ ਨਵੀਂ ਥਾਂ 'ਤੇ ਜਾਣ ਵਾਲੀ ਹਾਂ, ਇਸ ਵਾਸਤੇ ਮੇਰੇ ਜਾਣ ਤੋਂ ਪਹਿਲਾਂ ਤੂੰ ਜੋ ਕੁਝ ਵੀ ਚਾਹੁੰਦੀ ਏਂ, ਮੰਗ ਲੈ।"

"ਬਹੁਤ ਅੱਛਾ," ਵਿਚਕਾਰਲੀ ਵੀ ਸਹਿਮਤ ਹੋ ਗਈ, "ਜੇ ਤੂੰ ਜਾਣਾ ਹੀ ਏ ਤਾਂ ਮੈਨੂੰ ਬਹੁਤ ਸਾਰੀ ਮਾਇਆ ਦਿੰਦੀ ਜਾ।"

"ਚੰਗਾ," ਖੁਸ਼ਕਿਸਮਤੀ ਨੇ ਆਖਿਆ ਤੇ ਵਿਚਕਾਰਲੀ ਨੂੰਹ ਦੀਆਂ ਸਾਰੀਆਂ ਮੁਰਾਦਾਂ ਪੂਰੀਆਂ ਕਰ ਕੇ ਸਭ ਤੋਂ ਛੋਟੀ ਨੂੰਹ ਕੋਲ ਚਲੀ ਗਈ।

"ਨੀ ਭਲੀਏ ਲੋਕੇ, ਮੈਂ ਤੁਹਾਡਾ ਦੇਸ ਛੱਡ ਕੇ ਚਲੀ ਜਾਣਾ ਏ," ਉਸ ਨੇ ਉਸ ਨੂੰ ਦੱਸਿਆ। "ਵਿਛੜਨ ਤੋਂ ਪਹਿਲਾਂ ਤੂੰ ਜੋ ਕੁਝ ਵੀ ਮੰਗੇਂ—ਭਾਵੇਂ ਸੋਨਾ, ਭਾਵੇਂ ਚਾਂਦੀ—ਮੈਂ ਤੈਨੂੰ ਦੇ ਦਿਆਂਗੀ।"

"ਬੜੇ ਦੁਖ ਦੀ ਗੱਲ ਏ ਕਿ ਤੂੰ ਸਾਨੂੰ ਛੱਡ ਕੇ ਜਾ ਰਹੀ ਏਂ," ਛੋਟੀ ਨੂੰਹ ਨੂੰ ਸਚਮੁੱਚ ਹੀ ਬੜਾ ਅਫਸੋਸ ਹੋਇਆ। "ਪਰ ਮੈਨੂੰ ਨਾ ਹੀ ਸੋਨਾ, ਨਾ ਹੀ ਚਾਂਦੀ, ਨਾ ਹੀ ਧਨ ਦੌਲਤ ਦੀ ਲੋੜ ਏ। ਜੇ ਹੋ ਸਕੇ ਤਾਂ ਸਾਨੂੰ ਤੰਦਰੁਸਤੀ ਤੇ ਦੋਸਤੀ ਬਖ਼ਸ਼ ਦੇ, ਬਾਕੀ ਸਭ ਕੁਝ ਅਸੀਂ ਆਪ ਹੀ ਹਾਸਲ ਕਰ ਲਵਾਂਗੀਆਂ।"

"ਜੇ ਤੇਰੀ ਮੰਗ ਏਨੀ-ਕੁ ਹੀ ਏ," ਖੁਸ਼ਕਿਸਮਤੀ ਨੇ ਆਖਿਆ, "ਤਾਂ ਮੈਂ ਕਿਧਰੇ ਨਹੀਂ ਜਾ ਸਕਦੀ। ਮੈਂ ਹੁਣ ਸਦਾ ਵਾਸਤੇ, ਸ਼ਾਇਦ, ਤੇਰੇ ਹੀ ਕਿਥੀਤਕਾ ਵਿਚ ਰਹਾਂਗੀ।"

ਵੱਡੀਆਂ ਨੂੰਹਾਂ ਨੇ ਆਪਣਾ ਸਾਰਾ ਧਨ ਖਰਚ ਲਿਆ ਸੀ ਅਤੇ ਉਹਨਾਂ ਨੂੰ ਛੋਟੀ ਨੂੰਹ ਕੋਲੋਂ ਅਕਸਰ ਉਧਾਰ ਮੰਗਣਾ ਪੈਂਦਾ ਸੀ। ਉਸ ਨੇ ਵੀ ਉਹਨਾਂ ਨੂੰ ਕਦੀ ਇਨਕਾਰ ਨਹੀਂ ਕੀਤਾ ਸੀ।

ਸਿਆਣਾ ਮੁੰਡਾ



ਇਕ ਦੇਸ ਵਿਚੋਂ ਸੌਦਾਗਰਾਂ ਦਾ ਕਾਫ਼ਲਾ ਤੁਰਿਆ। ਸੌਦਾਗਰਾਂ ਨਾਲ ਕਈ ਨੌਕਰ ਚਾਕਰ ਸਨ। ਉਹਨਾਂ ਦੇ ਰਾਹ ਵਿਚ ਇਕ ਬੜਾ ਹੀ ਵੱਡਾ ਦਰਿਆ ਆਇਆ। ਉਸ ਦਰਿਆ ਨੂੰ ਪਾਰ ਕਰ ਕੇ ਹੀ ਅੱਗੇ ਵਧਿਆ ਜਾ ਸਕਦਾ ਸੀ। ਸਾਰੇ ਜਣੇ ਇਕ ਬੇੜੀ ਉਤੇ ਬੈਠ ਕੇ ਤਰਨ ਲੱਗ ਪਏ। ਪਰ ਅਚਾਨਕ ਦਰਿਆ ਵਿਚ ਤੂਫ਼ਾਨ ਆ ਗਿਆ, ਬੇੜੀ ਚਕਰਾਈ ਤੇ ਇਕ ਚਟਾਨ ਨਾਲ ਵੱਜ ਕੇ ਟੋਟੇ ਟੋਟੇ ਹੋ ਗਈ।

ਸਾਰੇ ਜਣੇ ਡੁੱਬ ਮਰੇ ਪਰ ਇਕ ਜਵਾਨ ਨੌਕਰ ਬਚਿਆ ਰਹਿ ਗਿਆ। ਉਸ ਨੇ ਬੇੜੀ ਦੇ ਇਕ ਫੱਟੇ ਨੂੰ ਫੜੀ ਰਖਿਆ ਤੇ ਦੇਰ ਤਕ ਪਾਣੀ ਵਿਚ ਹੱਥ ਪੈਰ ਮਾਰਦਾ ਰਿਹਾ। ਅਖੀਰ ਲਹਿਰਾਂ ਨੇ ਉਸ ਨੂੰ ਕੰਢੇ ਉਤੇ ਸੁੱਟ ਦਿੱਤਾ। ਵਿਚਾਰਾ ਮੁੰਡਾ ਉਠਿਆ ਅਤੇ ਜਿਧਰ ਨਜ਼ਰ ਗਈ ਉਧਰ ਹੀ ਤੁਰ ਪਿਆ।

ਦੂਰ ਕਿਤੇ ਉਸ ਨੂੰ ਇਕ ਸ਼ਹਿਰ ਨਜ਼ਰ ਆਇਆ। ਉਹ ਉਸ ਸ਼ਹਿਰ ਵੱਲ ਤੁਰ ਪਿਆ ਤੇ ਜਦੋਂ ਉਸ ਦੇ ਨੇੜੇ ਪੁੱਜਾ ਤਾਂ ਦਰਵਾਜ਼ੇ ਵਿਚੋਂ ਲੋਕਾਂ ਦੀ ਭੀੜ ਭੱਜੀ ਭੱਜੀ ਆਈ ਅਤੇ ਉਸ ਨੂੰ ਫੜ ਕੇ ਸ਼ਹਿਰ ਦੇ ਅੰਦਰ ਲੈ ਗਈ। "ਇਹ ਮੇਰਾ ਕੀ ਬਣਾਉਣਗੇ?" ਉਸ ਨੇ ਡਰ ਕੇ ਸੋਚਿਆ।

ਮੁੰਡੇ ਨੂੰ ਸੁਹਣੇ ਸੁਹਣੇ ਬਸਤਰ ਪਹਿਨਾਏ ਗਏ ਤੇ ਬਾਦਸ਼ਾਹ ਦੇ ਤਖ਼ਤ ਉਤੇ ਬਿਠਾ ਦਿੱਤਾ।

"ਇਹ ਕੀ ਹੋਇਐ? ਇਸ ਦਾ ਕੀ ਮਤਲਬ ਏ?" ਉਸ ਨੇ ਆਪਣੇ ਲਾਗੇ ਖਲੋਤੀ ਲੋਕਾਂ ਦੀ ਭੀੜ ਕੋਲੋਂ ਪੁੱਛਿਆ।

"ਸਾਡੇ ਦੇਸ ਵਿਚ ਇਕ ਰੀਤ ਪ੍ਰਚਲਤ ਏ," ਚਿੱਟੀ ਦਾੜ੍ਹੀ ਵਾਲੇ ਇਕ ਯਾਸ਼ੂਲੀ* ਨੇ ਕਿਹਾ। "ਜਦੋਂ ਇਕ ਬਾਦਸ਼ਾਹ ਦੀ ਹਕੂਮਤ ਦੀ ਮਿਆਦ ਪੁੱਗ ਜਾਂਦੀ ਏ ਤਾਂ ਅਸੀਂ ਉਸ ਨੂੰ ਪਹਾੜਾਂ ਵਿਚ ਛੱਡ ਆਉਂਦੇ ਹਾਂ। ਸਾਡੇ ਦੇਸ ਵਿਚ ਕੋਈ ਵੀ ਬਾਦਸ਼ਾਹ ਇਕ ਸਾਲ ਤੋਂ ਵਧ ਹਕੂਮਤ ਨਹੀਂ ਕਰ ਸਕਦਾ। ਪਹਾੜਾਂ ਵਿਚ ਸੱਪ ਤੇ ਠੂਹੇਂ ਰਹਿੰਦੇ ਨੇ ਜਿਹੜੇ ਉਸ ਨੂੰ ਖਾ ਜਾਂਦੇ ਨੇ। ਉਸ ਦੀ ਥਾਂ ਅਸੀਂ ਉਸ ਆਦਮੀ ਨੂੰ ਬਾਦਸ਼ਾਹ ਬਣਾ ਦਿੰਦੇ ਹਾਂ ਜਿਹੜਾ ਸ਼ਹਿਰ ਦੇ ਦਰਵਾਜ਼ੇ ਤੋਂ ਬਾਹਰ ਸਭ ਤੋਂ ਪਹਿਲਾਂ ਟੱਕਰ ਜਾਵੇ। ਇਸ ਵਾਰੀ ਤੂੰ ਕਾਬੂ ਆ ਗਿਆ ਏਂ, ਸੋ ਅਸੀਂ ਤੈਨੂੰ ਬਾਦਸ਼ਾਹ ਬਣਾ ਦਿੱਤਾ ਏ।"


"ਇਸ ਦਾ ਮਤਲਬ ਇਹ ਹੋਇਆ," ਮੁੰਡੇ ਨੇ ਸ਼ਾਂਤ ਹੁੰਦਿਆਂ ਪੁੱਛਿਆ, "ਕਿ ਜਦ ਤਕ ਮੈਂ ਬਾਦਸ਼ਾਹ ਹੋਵਾਂਗਾ ਮੈਂ ਆਪਣੀ ਮਨ-ਮਰਜ਼ੀ ਦੀ ਹਰ ਗੱਲ ਕਰ ਸਕਾਂਗਾ?"

---


* ਯਾਸ਼ੂਲੀ—ਆਦਰਯੋਗ ਬਜ਼ੁਰਗ।

''ਜ਼ਰੂਰ,'' ਯਾਸੂਲੀ ਨੇ ਆਖਿਆ, ''ਪੂਰਾ ਸਾਲ ਤੇਰੇ ਹਰ ਹੁਕਮ ਦੀ ਤਾਮੀਲ ਕੀਤੀ ਜਾਵੇਗੀ।''

ਗਭਰੂ ਨੇ ਆਪਣੀ ਹਕੂਮਤ ਉਸ ਭਿਆਨਕ ਪਹਾੜ ਉਤੇ ਚੜ੍ਹਾਈ ਨਾਲ ਸ਼ੁਰੂ ਕੀਤੀ। ਉਸ ਨੇ ਇਕ ਵੱਡੀ ਫ਼ੌਜ ਤਿਆਰ ਕੀਤੀ ਅਤੇ ਸੱਪਾਂ ਤੇ ਠੂੰਹਿਆਂ ਦਾ ਹੀ ਨਹੀਂ ਸਗੋਂ ਸਾਰੇ ਖ਼ੂੰਖ਼ਾਰ ਜਾਨਵਰਾਂ ਦਾ ਬੀਜ ਨਾਸ਼ ਕਰ ਦਿੱਤਾ। ਫਿਰ ਉਸ ਨੇ ਉਥੇ ਨਹਿਰਾਂ ਪੁੱਟਣ, ਬਾਗ਼-ਬਗ਼ੀਚੇ ਲਾਉਣ ਦਾ ਹੁਕਮ ਦਿੱਤਾ ਤੇ ਉਥੇ ਹੀ ਇਕ ਸ਼ਹਿਰ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ। ਜਦੋਂ ਉਸ ਦੀ ਬਾਦਸ਼ਾਹੀ ਦੀ ਮਿਆਦ ਪੁੱਗ ਗਈ ਤਾਂ ਉਸ ਭਿਆਨਕ ਥਾਂ ਦਾ ਕੋਈ ਨਾਂ ਨਿਸ਼ਾਨ ਵੀ ਬਾਕੀ ਨਹੀਂ ਰਿਹਾ ਸੀ। ਲੋਕਾਂ ਨੇ ਵੇਖਿਆ ਕਿ ਬਾਦਸ਼ਾਹ ਚੰਗੇ ਕੰਮ ਕਰਦਾ ਸੀ, ਇਸ ਲਈ ਉਹਨਾਂ ਨੇ ਉਸ ਨੂੰ ਦੁਬਾਰਾ ਬਾਦਸ਼ਾਹ ਬਣਾ ਲਿਆ। ਇੰਜ ਉਸ ਨੇ ਲੰਮੀ ਉਮਰ ਭੋਗੀ ਤੇ ਨੇਕੀ ਦੇ ਅਨੇਕਾਂ ਕੰਮ ਕੀਤੇ।



ਵਜ਼ੀਰ ਤੇ ਬੱਚੇ



ਬੜੇ ਚਿਰਾਂ ਦੀ ਗੱਲ ਹੈ ਕਿ ਇਕ ਬਾਦਸ਼ਾਹ ਰਹਿੰਦਾ ਹੁੰਦਾ ਸੀ ਅਤੇ ਉਸ ਦਾ ਇਕ ਵਜ਼ੀਰ ਸੀ। ਇਕ ਵਾਰੀ ਬਾਦਸ਼ਾਹ ਨੂੰ ਆਪਣੇ ਵਜ਼ੀਰ ਉਤੇ ਗੁੱਸਾ ਆ ਗਿਆ ਅਤੇ ਉਸ ਕੋਲੋਂ ਸਾਰੇ ਪਸ਼ੂ ਖੋਹ ਲਏ ਜਿਹੜੇ ਉਸ ਨੇ ਵਜ਼ੀਰ ਦੇ ਅਹੁਦੇ ਉਤੇ ਹੁੰਦਿਆਂ ਪ੍ਰਾਪਤ ਕੀਤੇ ਸਨ। ਬਾਦਸ਼ਾਹ ਨੇ ਵਜ਼ੀਰ ਨੂੰ ਨੌਕਰੀ ਤੋਂ ਖਾਰਜ ਕਰ ਦਿੱਤਾ।

ਵਜ਼ੀਰ ਬੜੀ ਦੇਰ ਤਕ ਨੌਕਰੀ ਤੋਂ ਬਿਨਾਂ ਹੀ ਰਿਹਾ ਕਿਉਂਕਿ ਉਹ ਆਪਣੇ ਮਾਲਕ ਦੀਆਂ ਨਜ਼ਰਾਂ ਵਿਚ ਆਪਣੇ ਆਪ ਨੂੰ ਜਾਇਜ਼ ਨਹੀਂ ਠਹਿਰਾ ਸਕਿਆ ਸੀ।

ਇਕ ਵਾਰੀ ਵਜ਼ੀਰ ਕਿਧਰੇ ਜਾ ਰਿਹਾ ਸੀ ਕਿ ਉਸ ਦਾ ਧਿਆਨ ਕੁਝ ਬੱਚਿਆਂ ਨੇ ਖਿੱਚਿਆ। ਉਹ ਬਾਦਸ਼ਾਹ ਤੇ ਵਜ਼ੀਰ ਦੀ ਖੇਡ ਖੇਡ ਰਹੇ ਸਨ।

"ਤੂੰ ਨਿਕੰਮਾ ਵਜ਼ੀਰ ਏਂ," ਬਾਦਸ਼ਾਹ ਬਣੇ ਮੁੰਡੇ ਨੇ ਆਖਿਆ, "ਮੈਂ ਤੇਰੇ ਪਸ਼ੂ ਖੋਹ ਲੈਣੇ ਨੇ ਤੇ ਤੈਨੂੰ ਵਜ਼ੀਰੀ ਤੋਂ ਖ਼ਾਰਜ ਕਰ ਦੇਣੈਂ।"

"ਓ ਬਾਦਸ਼ਾਹ ਸਲਾਮਤ," ਵਜ਼ੀਰ ਬਣੇ ਮੁੰਡੇ ਨੇ ਆਖਿਆ, "ਜੇ ਤੂੰ ਜ਼ਾਲਮ ਏਂ ਤਾਂ ਮੇਰੇ ਨਾਲ ਕੋਈ ਵੀ ਬੇਇਨਸਾਫੀ ਕਰ ਸਕਦਾ ਏਂ।"

"ਨਹੀਂ," ਬਾਦਸ਼ਾਹ ਬਣੇ ਮੁੰਡੇ ਨੇ ਆਖਿਆ, "ਮੈਂ ਜ਼ਾਲਮ ਨਹੀਂ ਹਾਂ, ਮੈਂ ਇਨਸਾਫ-ਪਸੰਦ ਹਾਂ।"

"ਤਾਂ ਫਿਰ ਮੇਰੇ ਪਸ਼ੂ ਲੈ ਲਾ," ਵਜ਼ੀਰ ਬਣੇ ਮੁੰਡੇ ਨੇ ਆਖਿਆ, "ਪਰ ਮੇਰੀ ਸਿਹਤ ਮੈਨੂੰ ਮੋੜ ਦੇ, ਜਿਹੜੀ ਮੈਂ ਤੇਰੀ ਵਜ਼ੀਰੀ ਕਰਦਿਆਂ ਗੁਆ ਬੈਠਾ ਹਾਂ..."

ਇਹ ਗੱਲ ਸੁਣ ਕੇ ਵਜ਼ੀਰ ਸੋਚਣ ਲੱਗ ਪਿਆ:

"ਤੇ ਮੈਨੂੰ ਵੀ ਬਾਦਸ਼ਾਹ ਸਾਮ੍ਹਣੇ ਇਸੇ ਤਰ੍ਹਾਂ ਕਹਿਣਾ ਚਾਹੀਦਾ ਸੀ। ਲਗਦੈ ਕਿ ਬੱਚੇ ਮੇਰੇ ਨਾਲੋਂ ਸਿਆਣੇ ਨੇ।"


ਜਦੋਂ ਵਜ਼ੀਰ ਘਰ ਪਹੁੰਚਿਆ ਤਾਂ ਬਾਦਸ਼ਾਹ ਨੂੰ ਇਕ ਚਿੱਠੀ ਲਿਖੀ: "ਮੇਰੇ ਮਾਲਕ, ਜਦੋਂ ਤਕ ਮੈਨੂੰ ਵਜ਼ੀਰ ਨਹੀਂ ਬਣਾਇਆ ਗਿਆ ਸੀ ਤਾਂ ਮੇਰੇ ਕੋਲ ਕੁਝ ਵੀ ਨਹੀਂ ਹੁੰਦਾ ਸੀ। ਮੈਂ ਬੜਾ ਹੀ ਕੰਗਾਲ ਸਾਂ। ਕਈ ਸਾਲਾਂ ਵਿਚ ਮੈਂ ਏਨੇ ਪਸ਼ੂ ਪ੍ਰਾਪਤ ਕੀਤੇ ਹਨ ਪਰ ਮੈਂ ਆਪਣੀ ਸਿਹਤ ਗੁਆ ਬੈਠਾ ਹਾਂ। ਮੈਂ ਇਹ ਸ਼ਿਕਾਇਤ

ਨਹੀਂ ਕਰਦਾ ਹਾਂ ਕਿ ਤੂੰ ਮੇਰੇ ਡੰਗਰ ਪਸ਼ੂ ਖੋਹ ਲਏ ਨੇ। ਜੇ ਤੂੰ ਇਨਸਾਫ–ਪਸੰਦ ਏਂ ਤਾਂ ਪਸ਼ੂ ਆਪਣੇ ਕੋਲ ਰੱਖ ਲੈ ਪਰ ਮੈਨੂੰ ਮੇਰੀ ਸਿਹਤ ਮੋੜ ਦੇ।"

ਬਾਦਸ਼ਾਹ ਨੂੰ ਏਨੀ ਤੇਜ਼ ਬੁੱਧੀ ਨਾਲ ਲਿਖੀ ਹੋਈ ਚਿੱਠੀ ਚੰਗੀ ਲੱਗੀ ਅਤੇ ਆਪਣੇ ਹਰਕਾਰੇ ਨੂੰ ਵਜ਼ੀਰ ਕੋਲ ਇਹ ਆਖਣ ਲਈ ਭੇਜਿਆ ਕਿ ਉਹ ਮਹੱਲ ਵਿਚ ਆ ਜਾਵੇ ਤੇ ਆਪਣੀਆਂ ਜ਼ਿੰਮੇਦਾਰੀਆਂ ਫਿਰ ਸੰਭਾਲ ਲਵੇ।



ਬਾਦਸ਼ਾਹ ਹਰੂਨ ਰਸ਼ੀਦ



ਹਰੂਨ ਰਸ਼ੀਦ ਦੇ ਵਜ਼ੀਰ ਦਾ ਨਾਂ ਜਕਾਯੇਰ ਸੀ। ਇਕ ਵਾਰੀ ਆਪਣੀ ਰਾਜਧਾਨੀ ਦੀਆਂ ਸੜਕਾਂ ਉਤੇ ਚਹਿਲ-ਕਦਮੀ ਕਰਦਿਆਂ ਬਾਦਸ਼ਾਹ ਤੇ ਵਜ਼ੀਰ ਨੇ ਇਕ ਰੋਂਦਾ ਹੋਇਆ ਆਦਮੀ ਵੇਖਿਆ।

"ਤੂੰ ਰੋਂਦਾ ਕਿਉਂ ਏਂ?" ਬਾਦਸ਼ਾਹ ਨੇ ਉਸ ਨੂੰ ਪੁੱਛਿਆ।

"ਮੈਂ ਮਛੇਰਾ ਹਾਂ," ਉਸ ਆਦਮੀ ਨੇ ਆਖਿਆ, "ਪਰ ਮੇਰੇ ਜਾਲ ਸਾਰੀ ਉਮਰ ਖ਼ਾਲੀ ਰਹੇ ਨੇ ਅਤੇ ਮੇਰਾ ਟੱਬਰ ਭੁੱਖਾ ਮਰਦਾ ਏ। ਮੈਂ ਰੋਵਾਂ ਨਾ ਤਾਂ ਹੋਰ ਕੀ ਕਰਾਂ।"

"ਇੰਜ ਨਹੀਂ ਹੋ ਸਕਦਾ!" ਬਾਦਸ਼ਾਹ ਕੂਕਿਆ। "ਤੂੰ ਜਾਲ ਸੁੱਟ, ਤੇ ਜੋ ਕੁਝ ਵੀ ਜਾਲਾਂ ਵਿਚ ਫਸੇ, ਅਸੀਂ ਖ਼ਰੀਦ ਲਵਾਂਗੇ।"

ਉਹ ਦਰਿਆ ਉਤੇ ਗਏ। ਮਛੇਰੇ ਨੇ ਜਾਲਾਂ ਨੂੰ ਖਿਲਾਰਿਆ ਤੇ ਕੰਢੇ ਤੋਂ ਚੋਖਾ ਦੂਰ ਸੁੱਟ ਦਿੱਤਾ। ਅਜੇ ਉਹ ਪੂਰੀ ਤਰ੍ਹਾਂ ਡੁੱਬੇ ਵੀ ਨਹੀਂ ਸਨ ਕਿ ਕੋਈ ਚੀਜ਼ ਉਹਨਾਂ ਵਿਚ ਫਸ ਗਈ ਸੀ।

"ਖਿੱਚ!" ਬਾਦਸ਼ਾਹ ਨੇ ਹੁਕਮ ਦਿੱਤਾ।

ਮਛੇਰੇ ਨੇ ਜਾਲ ਖਿੱਚ ਲਿਆ ਜਿਸ ਵਿਚ ਇਕ ਵੱਡਾ ਸਾਰਾ ਸੰਦੂਕ ਸੀ। ਬਾਦਸ਼ਾਹ ਨੇ ਕੀਤੇ ਵਾਅਦੇ ਮੁਤਾਬਿਕ ਮਛੇਰੇ ਨੂੰ ਚੰਗਾ ਮਿਹਨਤਾਨਾ ਦਿੱਤਾ ਤੇ ਮਛੇਰਾ ਖੁਸ਼ੀ ਵਿਚ ਨਾ ਮਿਉਂਦਾ ਹੋਇਆ ਕਾਹਲੀ ਕਾਹਲੀ ਆਪਣੇ ਘਰ ਚਲਾ ਗਿਆ।

ਸੰਦੂਕ ਮਹਿਲ ਵਿਚ ਪਹੁੰਚਾ ਦਿੱਤਾ ਗਿਆ। ਬਾਦਸ਼ਾਹ ਨੇ ਸੰਦੂਕ ਖੋਲ੍ਹਣ ਦਾ ਹੁਕਮ ਦਿੱਤਾ। ਉਸ ਵਿਚ ਇਕ ਬੜੀ ਹੀ ਸੁਹਣੀ ਪਰ ਲਹੂ-ਲੁਹਾਨ ਔਰਤ ਪਈ ਹੋਈ ਸੀ।

"ਸਾਡੀ ਬਾਦਸ਼ਾਹੀ ਵਿਚ ਏਨਾ ਜ਼ੁਲਮ ਕਰਨ ਦੀ ਕਿਸ ਦੀ ਹਿੰਮਤ ਹੋਈ?!" ਰਾਜੇ ਨੂੰ ਰੋਹ ਚੜ੍ਹ ਗਿਆ। "ਅਸੀਂ ਇਹੋ ਜਿਹੇ ਜੁਰਮ ਕਰਨ ਦੀ ਇਜਾਜ਼ਤ ਕਿਸੇ ਨੂੰ ਵੀ ਨਹੀਂ ਦਿਆਂਗੇ।"

ਉਸ ਨੇ ਵਜ਼ੀਰ ਨੂੰ ਸੱਦਿਆ ਤੇ ਹੁਕਮ ਫ਼ਰਮਾਇਆ:

"ਮੈਂ ਤੈਨੂੰ ਤਿੰਨ ਦਿਨਾਂ ਦੀ ਮੁਹਲਤ ਦਿੰਦਾ ਹਾਂ। ਕਾਤਲ ਨੂੰ ਲੱਭ ਕੇ ਮੇਰੇ ਹਵਾਲੇ ਕਰ। ਜੇ ਤੂੰ ਨਾ ਲੱਭ ਸਕਿਆ ਤਾਂ ਤੇਰੇ ਸਿਰ ਦੀ ਖ਼ੈਰ ਨਹੀਂ।"

ਵਜ਼ੀਰ ਨੇ ਬੜਾ ਢੂੰਡਿਆ, ਬੜਾ ਢੂੰਡਿਆ, ਪਰ ਬਾਦਸ਼ਾਹ ਵਲੋਂ ਦਿੱਤਾ ਹੋਇਆ ਵਕਤ ਲੰਘ ਗਿਆ ਤੇ ਦੋਸ਼ੀ ਨੂੰ ਲੱਭਿਆ ਨਾ ਜਾ ਸਕਿਆ। ਉਹ ਘਰ ਪਹੁੰਚਿਆ, ਸਕੇ-ਸਨੇਹੀਆਂ ਨੂੰ ਵਿਦਾ ਆਖੀ ਤੇ ਸਿਰ ਨੀਵਾਂ ਕਰ ਕੇ ਬਾਦਸ਼ਾਹ ਅੱਗੇ ਹਾਜ਼ਰ ਹੋ ਗਿਆ।

"ਓ ਬਾਦਸ਼ਾਹਾਂ ਦੇ ਬਾਦਸ਼ਾਹ, ਮੈਂ ਤੇਰੇ ਹੁਕਮ ਦੀ ਤਾਮੀਲ ਨਹੀਂ ਕਰ ਸਕਿਆ," ਵਜ਼ੀਰ ਨੇ ਆਖਿਆ।

ਬਾਦਸ਼ਾਹ ਗੁੱਸੇ ਨਾਲ ਕੰਬ ਰਿਹਾ ਸੀ।

"ਫਾਹੇ ਲਾ ਦਿਓ!" ਉਸ ਨੇ ਪਹਿਰੇਦਾਰਾਂ ਨੂੰ ਹੁਕਮ ਦਿੱਤਾ। "ਫਾਂਸੀ ਵੇਖਣ ਲਈ ਸਾਰੀ ਖ਼ਲਕਤ ਨੂੰ ਸੱਦੋ।"

ਸਾਰਾ ਮੈਦਾਨ ਲੋਕਾਂ ਨਾਲ ਭਰ ਗਿਆ। ਜਲਾਦ ਵਜ਼ੀਰ ਨੂੰ ਮਨਹੂਸ ਦਰਖ਼ਤ ਕੋਲ ਲੈ ਗਿਆ ਤੇ ਉਸ ਦੇ ਗਲ ਵਿਚ ਰੱਸਾ ਪਾ ਦਿੱਤਾ।

"ਰੁਕੋ! ਰੁਕੋ!" ਇਕ ਚੀਕ ਸੁਣਾਈ ਦਿੱਤੀ ਅਤੇ ਭੀੜ ਵਿਚੋਂ ਇਕ ਮੁੰਡਾ ਭੱਜਦਾ ਭਜਦਾ ਬਾਹਰ ਆਇਆ। "ਸਾਰਾ ਕਸੂਰ ਮੇਰਾ ਏ!..."

ਭੀੜ ਹੈਰਾਨੀ ਵਿਚ ਅਹਿਲ ਖਲੋਤੀ ਸੀ ਅਤੇ ਜਲਾਦ ਦਾ ਮੂੰਹ ਟੱਡਿਆ ਰਹਿ ਗਿਆ ਸੀ।

"ਇਸ ਮੁੰਡੇ ਦਾ ਕੋਈ ਕਸੂਰ ਨਹੀਂ!" ਇਕ ਹੋਰ ਆਵਾਜ਼ ਆਈ ਤੇ ਭੀੜ ਵਿਚੋਂ ਇਕ ਬੁੱਢਾ ਆਦਮੀ ਨਿਕਲਿਆ। "ਸਾਰਾ ਕਸੂਰ ਮੇਰਾ ਏ।"

ਪਹਿਰੇਦਾਰਾਂ ਨੇ ਉਹਨਾਂ ਦੋਹਾਂ ਨੂੰ ਫੜ ਲਿਆ, ਬਾਦਸ਼ਾਹ ਦੇ ਕੋਲ ਲੈ ਗਏ ਤੇ ਸਾਰੀ ਹੋਈ-ਬੀਤੀ ਸੁਣਾ ਦਿੱਤੀ।

ਬਾਦਸ਼ਾਹ ਨੇ ਮੁੰਡੇ ਕੋਲੋਂ ਪੁੱਛਿਆ। ਜਦੋਂ ਮੁੰਡੇ ਨੇ ਆਪਣੀ ਹੱਡ-ਬੀਤੀ ਸੁਣਾਉਣੀ ਸ਼ੁਰੂ ਕੀਤੀ ਤਾਂ ਬਾਦਸ਼ਾਹ ਨੇ ਟੋਕ ਕੇ ਪੁੱਛਿਆ:

"ਪਰ ਇਹ ਬੁੱਢਾ ਆਦਮੀ ਇਥੇ ਕਿਉਂ ਏ?"

"ਇਹ ਬਜ਼ੁਰਗ ਮੇਰਾ ਤਾਇਆ ਏ। ਉਹ ਸਮਝਦੈ ਕਿ ਉਸ ਨੇ ਬਥੇਰੀ ਉਮਰ ਭੋਗ ਲਈ ਏ, ਤੇ ਉਹ ਮੇਰੀ ਥਾਂ ਆਪਣੀ ਜਾਨ ਦੇਣੀ ਚਾਹੁੰਦੈ। ਪਰ ਵੇਖੋ ਨਾ, ਕਸੂਰ ਤਾਂ ਸਾਰਾ ਮੇਰਾ ਏ... ਮੇਰੀ ਘਰਵਾਲੀ ਬੜੀ ਸੁਹਣੀ ਤੇ ਨੇਕ ਸੀ। ਅਸੀਂ ਇਕ ਦੂਜੇ ਨੂੰ ਪਿਆਰ ਕਰਦੇ ਸਾਂ। ਇਕ ਵਾਰੀ ਉਹ ਬੀਮਾਰ ਹੋ ਗਈ ਤੇ ਮੈਂ ਉਸ ਨੂੰ ਤਿੰਨ ਨਾਸ਼ਪਾਤੀਆਂ ਖ਼ਰੀਦ ਕੇ ਦਿੱਤੀਆਂ। ਨਾਸ਼ਪਾਤੀਆਂ ਦੇ ਕੇ ਮੈਂ ਆਪਣੀ ਹੱਟੀ 'ਤੇ ਚਲਾ ਗਿਆ। ਮੈਂ ਕੀ ਵੇਖਦਾ ਹਾਂ ਕਿ ਉਹਨਾਂ ਨਾਸ਼ਪਾਤੀਆਂ ਵਿਚੋਂ ਇਕ ਕਿਸੇ ਮਰਦ ਦੇ ਹੱਥ ਵਿਚ ਸੀ ਜਿਹੜੀਆਂ ਮੈਂ ਹੁਣੇ ਹੁਣੇ ਘਰ ਦੇ ਕੇ ਆਇਆ ਸਾਂ। ਮੈਂ ਉਸ ਨੂੰ ਪੁੱਛਿਆ: 'ਤੂੰ ਇਹ ਨਾਸ਼ਪਾਤੀ ਕਿਥੋਂ ਲਈ ਏ?' ਉਸ ਨੇ ਜਵਾਬ ਦਿੱਤਾ: 'ਇਕ ਸੁੰਦਰੀ ਨੇ ਦਿੱਤੀ ਏ।' ਮੈਂ ਘਰ ਜਾ ਕੇ ਵੇਖਿਆ ਕਿ ਸਚਮੁੱਚ ਹੀ ਉਥੇ ਤਿੰਨਾਂ ਵਿਚੋਂ ਦੋ ਨਾਸ਼ਪਾਤੀਆਂ ਹੀ ਰਹਿ ਗਈਆਂ ਸਨ। ਮੈਂ ਬੇਵਫ਼ਾ ਔਰਤ ਦਾ ਕਤਲ ਕਰ ਦਿੱਤਾ, ਉਸ ਨੂੰ ਇਕ ਸੰਦੂਕ ਵਿਚ ਪਾਇਆ ਤੇ ਦਰਿਆ ਵਿਚ ਸੁੱਟ ਦਿੱਤਾ। ਇਹ ਕੰਮ ਮੁਕਾ ਕੇ ਅਜੇ ਹਟਿਆ ਹੀ ਸਾਂ ਕਿ ਮੇਰੀ ਧੀ ਦੌੜਦੀ ਦੌੜਦੀ ਆਈ ਤੇ ਆਖਣ ਲੱਗੀ: 'ਮਾਂ ਨੇ ਮੈਨੂੰ ਇਕ ਨਾਸ਼ਪਾਤੀ ਦਿੱਤੀ ਸੀ ਤੇ ਮੈਂ ਉਹ ਇਕ ਆਦਮੀ ਨੂੰ ਦੇ ਦਿੱਤੀ।' ਮੈਂ ਆਪਣੇ ਗ਼ਮ ਦੀ ਗੱਲ ਨਹੀਂ ਕਰ ਸਕਦਾ... ਮੈਂ ਆਪਣੀ ਧੀ ਦੀ ਮਾਂ ਦਾ ਕਤਲ ਕਰ ਦਿਤੈ!... ਇਸ ਤੋਂ ਵੱਡਾ ਜੁਰਮ ਹੋਰ ਕੋਈ ਨਹੀਂ ਹੋ ਸਕਦਾ। ਹੁਣ ਪਛਤਾਵਾ ਕਰਨ ਦਾ ਕੋਈ ਲਾਭ ਨਹੀਂ। ਮੈਂ ਜੁਰਮ ਕੀਤੈ ਤੇ ਮੈਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਏ।"

ਮੁੰਡੇ ਦੀ ਕਹਾਣੀ ਸੁਣ ਕੇ ਬਾਦਸ਼ਾਹ ਦਾ ਦਿਲ ਪਸੀਜ ਗਿਆ।

"ਵਜ਼ੀਰ ਜਾਕਯੇਰ, ਤੂੰ ਤਿੰਨ ਦਿਨਾਂ ਦੇ ਅੰਦਰ ਅੰਦਰ ਉਸ ਆਦਮੀ ਨੂੰ ਲੱਭ ਕੇ ਲਿਆਉਣਾ ਹੋਵੇਗਾ ਜਿਸ ਨੇ ਬੱਚੀ ਕੋਲੋਂ ਨਾਸ਼ਪਾਤੀ ਲਈ ਸੀ। ਜੇ ਤੂੰ ਉਸ ਨੂੰ ਲੱਭ ਨਾ ਸਕਿਓਂ ਤਾਂ ਤੈਨੂੰ ਫਾਂਸੀ ਉਤੇ ਲਟਕਣਾ ਹੀ ਪਵੇਗਾ।"

ਵਜ਼ੀਰ ਫਿਰ ਢੂੰਡਣ ਲੱਗ ਪਿਆ। ਤੀਸਰੇ ਦਿਨ, ਜਦੋਂ ਉਹ ਬਾਦਸ਼ਾਹ ਕੋਲ ਵਾਪਸ ਜਾਣ ਹੀ

ਵਾਲਾ ਸੀ ਕਿ ਉਸ ਦਾ ਇਕ ਪੁਤਰ ਹੱਥਾਂ ਵਿਚ ਨਾਸ਼ਪਾਤੀ ਲੈ ਕੇ ਦੌੜਦਾ ਹੋਇਆ ਉਸ ਦੇ ਕੋਲ ਆਇਆ।

"ਇਹ ਨਾਸ਼ਪਾਤੀ ਤੂੰ ਕਿਥੋਂ ਲਈ ਏ?" ਵਜ਼ੀਰ ਨੇ ਹੈਰਾਨ ਹੁੰਦਿਆਂ ਪੁੱਛਿਆ।

"ਇਹ ਮੈਨੂੰ ਔਸ ਆਦਮੀ ਨੇ ਦਿੱਤੀ ਏ," ਬੱਚੇ ਨੇ ਆਖਿਆ।

ਵਜ਼ੀਰ ਨੇ ਉਸ ਆਦਮੀ ਨੂੰ ਫੜ ਲਿਆ ਤੇ ਬਾਦਸ਼ਾਹ ਕੋਲ ਲੈ ਗਿਆ।

"ਕੀ ਇਹ ਉਹ ਆਦਮੀ ਹੀ ਏ ਜਿਸ ਦੇ ਹੱਥ ਵਿਚ ਤੂੰ ਨਾਸ਼ਪਾਤੀ ਵੇਖੀ ਸੀ?" ਬਾਦਸ਼ਾਹ ਨੇ ਗਭਰੂ ਕੋਲੋਂ ਪੁੱਛਿਆ।

"ਹਾਂ, ਇਹ ਉਹ ਆਦਮੀ ਹੀ ਏ," ਗਭਰੂ ਨੇ ਪੁਸ਼ਟੀ ਕੀਤੀ।

"ਤੂੰ ਇਹ ਨਾਸ਼ਪਾਤੀ ਕਿਥੋਂ ਲਈ ਸੀ?" ਬਾਦਸ਼ਾਹ ਨੇ ਓਪਰੇ ਆਦਮੀ ਨੂੰ ਪੁੱਛਿਆ।

"ਇਹ ਮੈਨੂੰ ਇਕ ਸੁੰਦਰੀ ਨੇ ਦਿੱਤੀ ਸੀ।"

"ਉਹ ਕਿਹੋ ਜਿਹੀ ਏ?" ਗਭਰੂ ਨੇ ਆਸ ਦੀ ਭਾਵਨਾ ਨਾਲ ਪੁੱਛਿਆ।

"ਇਹੋ ਜਿਹੀ ਏ," ਓਪਰੇ ਆਦਮੀ ਨੇ ਆਪਣਾ ਹੱਥ ਗੋਡਿਆਂ ਤੋਂ ਥੋੜ੍ਹਾ ਜਿੰਨਾ ਉੱਚਾ ਵਿਖਾਇਆ। "ਕੋਈ ਛੇ–ਸੱਤ ਸਾਲ ਦੀ।"

"ਸਾਰੀ ਗੱਲ ਸਾਫ਼ ਹੋ ਗਈ," ਬਾਦਸ਼ਾਹ ਨੇ ਆਖਿਆ ਤੇ ਹੁਕਮ ਦਿੱਤਾ ਕਿ ਈਰਖਾ ਦਾ ਸਦਾ ਲਈ ਖ਼ਾਤਮਾ ਕਰ ਦਿੱਤਾ ਜਾਵੇ ਅਤੇ ਗਭਰੂ ਨੂੰ ਛੱਡ ਦਿੱਤਾ ਜਾਵੇ।



ਮਤਰੇਈ ਧੀ



ਇਕ ਜਣੇ ਨੇ ਆਖਿਆ: 'ਵਾਪਰੀ ਸੀ', ਦੂਜੇ ਨੇ ਆਖਿਆ: 'ਨਹੀਂ ਵਾਪਰੀ ਸੀ', ਪਰ ਤੁਸੀਂ ਮੇਰੀ ਬਾਤ ਸੁਣੋ। ਹੋਇਆ ਇੰਜ ਕਿ...

ਇਕ ਕਿਸਾਨ ਦੇ ਘਰ ਕੰਨਿਆ ਨੇ ਜਨਮ ਲਿਆ ਪਰ ਪਤਨੀ ਜਨਮ ਦੇਣ ਮਗਰੋਂ ਛੇਤੀ ਹੀ ਮਰ ਗਈ।

ਕਿਸਾਨ ਨੇ ਦੂਜਾ ਵਿਆਹ ਕਰਾ ਲਿਆ। ਦੂਜੀ ਪਤਨੀ ਨੇ ਵੀ ਇਕ ਬੱਚੀ ਨੂੰ ਜਨਮ ਦਿੱਤਾ।

ਵਰ੍ਹੇ ਬੀਤਦੇ ਗਏ ਤੇ ਦੋਵੇਂ ਕੁੜੀਆਂ ਵੱਡੀਆਂ ਹੋ ਗਈਆਂ।

ਛੋਟੀ ਕੁੜੀ ਦੀ ਮਾਂ ਮਤਰੇਈ ਧੀ ਨੂੰ ਪਸੰਦ ਨਹੀਂ ਕਰਦੀ ਸੀ। ਉਹ ਉਸ ਨੂੰ ਗਾਂ ਚਾਰਨ ਤੇ ਔਖੇ ਤੋਂ ਔਖਾ ਕੰਮ ਕਰਨ ਉਤੇ ਮਜਬੂਰ ਕਰਦੀ ਸੀ। ਪਰ ਆਪਣੀ ਧੀ ਨੂੰ ਲਿਸ਼ਕਾਰਦੀ–ਪੁਸ਼ਕਾਰਦੀ ਰਹਿੰਦੀ ਸੀ ਤਾਂ ਜੋ ਉਸ ਦੀ ਸ਼ਾਦੀ ਕਿਸੇ ਧਨਵਾਨ ਦੇ ਪੁਤਰ ਨਾਲ ਕੀਤੀ ਜਾ ਸਕੇ।

ਇੰਜ ਵਕਤ ਗੁਜ਼ਰਦਾ ਗਿਆ। ਇਕ ਕੁੜੀ ਤਾਂ ਮੌਜ ਮੇਲਾ ਕਰਦੀ ਰਹਿੰਦੀ ਤੇ ਡੱਕਾ ਤਕ ਨਾ ਤੋੜਦੀ, ਜਦ ਕਿ ਦੂਸਰੀ ਹਰ ਵੇਲੇ ਕੰਮਾਂ ਵਿਚ ਰੁੱਝੀ ਰਹਿੰਦੀ ਸੀ।

ਇਕ ਵਾਰੀ ਮਤਰੇਈ ਮਾਂ ਨੇ ਮਤਰੇਈ ਧੀ ਨੂੰ ਆਖਿਆ:

"ਤੈਨੂੰ, ਨਿਕੰਮੀਏ, ਰੱਬ ਚੁੱਕ ਲਵੇ! ਜਦੋਂ ਗਾਂ ਚਾਰਦੀ ਏਂ, ਕਪਾਹ ਏਨੀ ਥੋੜ੍ਹੀ ਕਿਉਂ ਤੁੰਬਦੀ ਏਂ?"

ਉਸ ਨੇ ਕਪਾਹ ਦੀ ਇਕ ਵੱਡੀ ਸਾਰੀ ਗੱਠ ਲਿਆ ਰੱਖੀ ਤੇ ਆਖਿਆ:

"ਤਰਕਾਲਾਂ ਤਕ ਇਹ ਕਪਾਹ ਤੁੰਬੇ ਬਿਨਾਂ ਘਰ ਨਾ ਪਰਤੀਂ! ਹਾਂ, ਤੇ ਇਹ ਵੀ ਵੇਖੀਂ ਕਿ ਇਕ ਵੀ ਵੜੇਵਾਂ ਨਾ ਡਿੱਗੇ ਤੇ ਰੂੰ ਦਾ ਇਕ ਵੀ ਤੂੰਬਾ ਨਾ ਉੱਡੇ!"

ਕੁੜੀ ਨੇ ਕਪਾਹ ਦੀ ਗੱਠ ਚੁੱਕੀ ਤੇ ਗਾਂ ਤੇ ਵੱਛੇ ਨੂੰ ਚਰਾਂਦ ਵੱਲ ਹਿਕ ਲਿਆ। ਉਹ ਤੁਰੀ ਜਾਂਦੀ ਭਾਰ ਹੇਠਾਂ ਲਿਫਦੀ ਜਾਂਦੀ ਰੋ ਰਹੀ ਸੀ:

"ਮੈਂ ਇਕ ਦਿਨ ਵਿਚ ਏਨੀ ਕਪਾਹ ਕਿਵੇਂ ਤੁੰਬ ਸਕਾਂਗੀ? ਏਨਾ ਕੰਮ ਤਾਂ ਮੇਰੇ ਕੋਲੋਂ ਦੋ ਦਿਨਾਂ ਵਿਚ ਵੀ ਨਹੀਂ ਨਿਬੜਨਾ!"

ਵੱਛੇ ਨੇ ਕੁੜੀ ਦਾ ਵਿਰਲਾਪ ਸੁਣ ਲਿਆ ਤੇ ਆਖਿਆ:

"ਤੂੰ ਰੋ ਨਾ, ਆਇਬੀਬੀ, ਮੈਂ ਤੇਰਾ ਕਸ਼ਟ ਦੂਰ ਕਰਨ ਵਿਚ ਸਹਾਇਤਾ ਕਰਾਂਗਾ। ਜਿਉਂ ਹੀ ਅਸੀਂ ਚਰਾਂਦ ਵਿਚ ਪਹੁੰਚਾਂਗੇ ਤਾਂ ਪਹਿਲਾਂ ਮੈਂ ਘਾਹ ਚਰ ਲਵਾਂਗਾ ਤੇ ਫਿਰ ਫਟਾ ਫਟਾ ਕਪਾਹ ਤੁੰਬ ਦਿਆਂਗਾ।"

ਕੁੜੀ ਵੱਛੇ ਦੀ ਗੱਲ ਮੰਨ ਗਈ। ਜਦੋਂ ਵੱਛੇ ਨੇ ਰੱਜ ਕੇ ਘਾਹ ਚਰ ਲਿਆ ਤਾਂ ਕੁੜੀ ਨੇ ਸਾਰੀ ਕਪਾਹ

ਉਹਦੇ ਅੱਗੇ ਖਿਲਾਰ ਦਿੱਤੀ। ਵੱਛਾ ਕਪਾਹ ਦੀਆਂ ਫੁੱਟੀਆਂ ਖਾਣ ਲੱਗ ਪਿਆ। ਕੁੜੀ ਨੇ ਤੁੰਬੀ ਹੋਈ ਕਪਾਹ ਦੇ ਗੋੜ੍ਹੇ ਚੁੱਕ ਕੇ ਇਕ ਬੋਰੀ ਵਿਚ ਤੇ ਵੜੇਵੇਂ ਦੂਜੀ ਬੋਰੀ ਵਿਚ ਪਾ ਦਿੱਤੇ।

ਤਰਕਾਲਾਂ ਵੇਲੇ ਉਹ ਦੋਵੇਂ ਬੋਰੀਆਂ ਘਰ ਲੈ ਆਈ ਅਤੇ ਮਤਰੇਈ ਮਾਂ ਦੇ ਹਵਾਲੇ ਕੀਤੀਆਂ।

ਮਤਰੇਈ ਮਾਂ ਕੁੜੀ ਦੀ ਫੁਰਤੀ ਉਤੇ ਬੜੀ ਹੈਰਾਨ ਹੋਈ ਅਤੇ ਅਗਲੇ ਦਿਨ ਵੀ ਓਡੀ ਹੀ ਵੱਡੀ ਗੱਠ ਦੇ ਦਿੱਤੀ।

"ਜੇ ਤੂੰ ਏਨੀ ਛੁਹਲੀ ਏਂ," ਉਸ ਨੇ ਆਖਿਆ, "ਤਾਂ ਤੈਨੂੰ ਇਹ ਸਾਰੀ ਕਪਾਹ ਤੁੰਬਣ ਅਤੇ ਕੱਤਣ ਲੱਗਿਆਂ ਬਹੁਤਾ ਜ਼ੋਰ ਨਹੀਂ ਲਾਉਣਾ ਪੈਣਾ। ਪਰ ਵੇਖੀਂ, ਤੂੰ ਸਾਰਾ ਕੰਮ ਕੀਤੇ ਬਿਨਾਂ ਘਰ ਨਾ ਪਰਤੀਂ!"

ਅਇਬੀਬੀ ਨੇ ਭਾਰੀ ਗੱਠ ਮੋਢਿਆਂ ਉਤੇ ਚੁੱਕੀ ਤੇ ਅਥਰੂ ਵਹਾਉਂਦੀ ਹੋਈ ਚਰਾਂਦ ਵੱਲ ਤੁਰ ਪਈ।

"ਨਾ ਰੋ, ਅਇਬੀਬੀ," ਵੱਛਾ ਉਸ ਨੂੰ ਧਰਵਾਸ ਦੇਣ ਲੱਗਾ, "ਮੈਂ ਵੜੇਵਿਆਂ ਨਾਲੋਂ ਰੂੰ ਹੀ ਅੱਡ ਨਹੀਂ ਕਰ ਸਕਦਾ, ਸਗੋਂ ਆਪਣੀ ਜੀਭ ਨਾਲ ਕੱਤ ਵੀ ਸਕਦਾ ਹਾਂ।"

ਰੱਜ ਕੇ ਘਾਹ ਚਰਨ ਮਗਰੋਂ ਵੱਛੇ ਨੇ ਕੰਮ ਆਰੰਭ ਦਿੱਤਾ। ਉਸ ਦੇ ਮੂੰਹ ਵਿਚੋਂ ਚੰਗੀ ਤਰ੍ਹਾਂ ਕੱਤੇ ਹੋਏ ਧਾਗੇ ਨਿਕਲਣ ਲੱਗੇ ਅਤੇ ਕੁੜੀ ਧਾਗਿਆਂ ਨੂੰ ਵਲ੍ਹੇਟ ਵਲ੍ਹੇਟ ਕੇ ਵੱਡੇ ਵੱਡੇ ਗੋਲੇ ਬਣਾਉਣ ਲੱਗੀ।

ਤਰਕਾਲਾਂ ਪੈਣ ਤਕ ਸਾਰਾ ਕੰਮ ਨਿਬੜ ਗਿਆ, ਆਇਬੀਬੀ ਨੇ ਸਾਰਾ ਸੂਤ ਚੁਕਿਆ ਤੇ ਮਤਰੇਈ ਮਾਂ ਦੇ ਹਵਾਲੇ ਕੀਤਾ।

ਮਤਰੇਈ ਮਾਂ ਕੁੜੀ ਦੀ ਫੁਰਤੀ ਉਤੇ ਫਿਰ ਬੜੀ ਹੈਰਾਨ ਹੋਈ।

ਅਗਲੀ ਸਵੇਰ ਉਸ ਨੇ ਕੁੜੀ ਨੂੰ ਕਪਾਹ ਦੀ ਇਕ ਹੋਰ ਵੱਡੀ ਸਾਰੀ ਗੱਠ ਦਿੱਤੀ ਤੇ ਤਰਕਾਲਾਂ ਨੂੰ ਸੂਤ ਘਰ ਲਿਆਉਣ ਦਾ ਹੁਕਮ ਦਿੱਤਾ।

ਜਦੋਂ ਵੱਛੇ ਨੇ ਢਿੱਡ ਭਰ ਕੇ ਘਾਹ ਚਰ ਲਿਆ ਤਾਂ ਉਸ ਨੇ ਕੰਮ ਸ਼ੁਰੂ ਕਰ ਦਿੱਤਾ ਅਤੇ ਸੂਰਜ ਅਸਤ ਹੋਣ ਤੋਂ ਪਹਿਲਾਂ ਹੀ ਕੁੜੀ ਨੇ ਸਾਰਾ ਸੂਤ ਵਲ੍ਹੇਟ ਲਿਆ।

ਪਰ ਅਚਾਨਕ ਹੀ ਇਕ ਵਾ-ਵਰੋਲਾ ਆਇਆ ਤੇ ਅਤੇ ਇਕ ਗੋਲੇ ਨੂੰ ਪਗਡੰਡੀ ਉਤੇ ਰੇੜ੍ਹ ਕੇ ਲੈ ਗਿਆ।

ਕੁੜੀ ਜਾਣਦੀ ਸੀ ਕਿ ਮਤਰੇਈ ਮਾਂ ਸੂਤ ਨੂੰ ਤੋਲੇਗੀ। ਸੋ, ਉਹ ਸੂਤ ਦਾ ਗੋਲਾ ਫੜਨ ਲਈ ਦੌੜ ਪਈ। ਪਰ ਗੋਲਾ ਖੇਤਾਂ ਤੇ ਦਰਿਆਵਾਂ ਥਾਣੀਂ ਹੋਰ ਤੇਜ਼, ਹੋਰ ਤੇਜ਼ ਅੱਗੇ ਹੀ ਵਧਦਾ ਗਿਆ ਜਦ ਤਕ ਕਿ ਇਕ ਕਿਬੀਤਕਾ ਵਿਚ ਜਾ ਕੇ ਲੁਕ ਨਾ ਗਿਆ।

ਕੁੜੀ ਨੇ ਕਿਬੀਤਕਾ ਦੇ ਅੰਦਰ ਝਾਤੀ ਮਾਰੀ ਤਾਂ ਉਸ ਨੂੰ ਨਮਦੇ ਉਤੇ ਬੈਠੀ ਹੋਈ ਚਿੱਟੇ ਝਾਟੇ ਵਾਲੀ ਇਕ ਮਾਈ ਦਿਖਾਈ ਦਿੱਤੀ।

"ਐਨੇ-ਜਾਨ*," ਕੁੜੀ ਨੇ ਬੁਢੜੀ ਨੂੰ ਸੰਬੋਧਨ ਕੀਤਾ, "ਤੁਸੀਂ ਤੰਦਰੁਸਤ ਰਹੋ ਤੇ ਲੰਮੀ ਉਮਰ ਭੋਗੋ! ਤੁਹਾਡੇ ਕਿਬੀਤਕਾ ਵਿਚ ਮੇਰਾ ਧਾਗਿਆਂ ਦਾ ਗੋਲਾ ਰਿੜ੍ਹਦਾ ਰਿੜ੍ਹਦਾ ਆ ਵੜਿਐ। ਜੇ ਇਹ ਗੋਲਾ ਗੁਆਚ ਗਿਆ ਤਾਂ ਮੇਰੀ ਮਤਰੇਈ ਮਾਂ ਮੈਨੂੰ ਘਰੋਂ ਕੱਢ ਦਏਗੀ।"

ਬੁਢੜੀ ਨੇ ਜਵਾਬ ਦਿੱਤਾ:

"ਤੇਰਾ ਗੋਲਾ ਸੰਦੂਕ ਵਿਚ ਏ, ਧੀਏ! ਇਹਨੂੰ ਲੈ ਜਾ ਤੇ ਰਾਜ਼ੀ ਰਹਿ।"

---

* ਦਾਦੀ-ਮਾਂ।

ਕੁੜੀ ਸੰਦੂਕ ਦੇ ਕੋਲ ਗਈ, ਉਸ ਦਾ ਢੱਕਣ ਖੋਲ੍ਹਿਆ ਤੇ ਅਵਾਕ ਰਹਿ ਗਈ: ਸੰਦੂਕ ਸੋਨੇ ਤੇ ਚਾਂਦੀ ਦੇ ਗਹਿਣਿਆਂ ਤੇ ਕੀਮਤੀ ਪੱਥਰਾਂ ਨਾਲ ਨੱਕੋ-ਨੱਕ ਭਰਿਆ ਹੋਇਆ ਸੀ।

ਬੁੱਢੜੀ ਸੰਦੂਕ ਵੱਲ ਪਿਠ ਕਰ ਕੇ ਬੈਠੀ ਹੋਈ ਸੀ। ਪਰ ਕੁੜੀ ਨੇ ਕਿਸੇ ਵੀ ਚੀਜ਼ ਨੂੰ ਹੱਥ ਨਾ ਲਾਇਆ, ਸਿਰਫ਼ ਧਾਗਿਆਂ ਦਾ ਗੋਲਾ ਲੈ ਲਿਆ ਤੇ ਬੁੱਢੜੀ ਕੋਲੋਂ ਜਾਣ ਦੀ ਇਜਾਜ਼ਤ ਮੰਗੀ।

"ਤੂੰ ਕਾਹਲੀ ਨਾ ਕਰ, ਧੀਏ," ਬੁੱਢੜੀ ਨੇ ਆਖਿਆ। "ਪਹਿਲਾਂ ਧੂੰਕਸ਼ ਬੰਦ ਕਰ ਦਈਂ, ਮੇਰੇ ਵਿਚ ਤਾਂ ਉਹਨੂੰ ਬੰਦ ਕਰਨ ਜੋਗੀ ਸਤਿਆ ਵੀ ਨਹੀਂ ਰਹੀ।"

ਕੁੜੀ ਨੇ ਧੂੰਕਸ਼ ਬੰਦ ਕਰਨ ਲਈ ਇਕ ਹੱਥ ਨਾਲ ਰੱਸੀ ਫੜ ਕੇ ਨਮਦੇ ਨੂੰ ਖਿਚਿਆ ਪਰ ਖਿਚ ਨਾ ਸਕੀ। ਤਦ ਉਸ ਨੇ ਧਾਗਿਆਂ ਦਾ ਗੋਲਾ ਰਖ ਦਿੱਤਾ ਤੇ ਬੜੀ ਹੀ ਮੁਸ਼ਕਲ ਨਾਲ ਨਮਦਾ ਖਿਚ ਸਕੀ।

"ਤੇ ਹੁਣ, ਧੀਏ," ਬੁੱਢੜੀ ਨੇ ਆਖਿਆ, "ਮੇਰੇ ਸਿਰ ਦੇ ਸਾਰੇ ਵਾਲ ਪੁੱਟ ਦੇ, ਝਾਟੇ ਨੇ ਮੈਨੂੰ ਤੰਗ ਕਰ ਮਾਰਿਐ।"

ਪਰ ਕੁੜੀ ਨੇ ਦੇਗਚੀ ਵਿਚ ਪਾਣੀ ਗਰਮ ਕੀਤਾ, ਬੁਢੜੀ ਦਾ ਸਿਰ ਧੋ ਦਿੱਤਾ ਤੇ ਕੰਘੀ ਨਾਲ ਵਾਲ ਵਾਹ ਦਿੱਤੇ।

"ਧੀਏ," ਬੁੱਢੜੀ ਨੇ ਆਖਿਆ, "ਮੈਂ ਤੈਨੂੰ ਓਦੋਂ ਜਾਣ ਦਿਆਂਗੀ ਜਦੋਂ ਤੂੰ ਮੇਰੇ ਸਾਰੇ ਭਾਂਡੇ ਭੰਨ ਦਏਂਗੀ, ਸਾਰੇ ਸੰਦੂਕ ਚੀਰ ਦਏਂਗੀ, ਸਾਰੀਆਂ ਰਜ਼ਾਈਆਂ ਉਧੇੜ ਕੇ ਉਹਨਾਂ ਵਿਚੋਂ ਸਾਰੀ ਉੱਨ ਕੱਢ ਦਏਂਗੀ।"

"ਸਤਿ ਬਚਨ, ਮਾਂ ਜੀ," ਕੁੜੀ ਨੇ ਜਵਾਬ ਦਿੱਤਾ ਤੇ ਉਸੇ ਵੇਲੇ ਸਾਰੇ ਭਾਂਡੇ ਧੋ ਦਿੱਤੇ, ਸੰਦੂਕਾਂ ਦੀ ਸਫ਼ਾਈ ਕਰ ਦਿੱਤੀ ਤੇ ਬੁੱਢੜੀ ਦੀਆਂ ਸਾਰੀਆਂ ਰਜ਼ਾਈਆਂ ਤੇ ਸਿਰਹਾਣਿਆਂ ਵਿਚੋਂ ਘੱਟਾ ਝਾੜ ਦਿੱਤਾ।

ਕੁੜੀ ਨੇ ਸਾਰੇ ਕਿਬੀਤਕਾ ਦੀ ਸਾਂਭ ਸਫਾਈ ਕਰ ਕੇ ਆਖਿਆ:

"ਹੁਣ, ਐਨੇ-ਜਾਨ, ਮੈਨੂੰ ਘਰ ਜਾਣ ਦੇਵੋ, ਨਹੀਂ ਤਾਂ ਗਾਂ ਮੈਨੂੰ ਉਡੀਕੇ ਬਿਨਾਂ ਹੀ ਚਰਾਂਦ ਵਿਚੋਂ ਚਲੀ ਜਾਵੇਗੀ। ਜੇ ਉਸ ਨੇ ਫਸਲਾਂ ਲਿਤਾੜ ਦਿੱਤੀਆਂ ਤਾਂ ਮਤਰੇਈ ਮਾਂ ਤੇ ਪਿਤਾ ਮੇਰੀ ਬੁਰੀ ਹਾਲਤ ਕਰਨਗੇ।"

"ਚੰਗਾ, ਧੀਏ," ਬੁੱਢੜੀ ਨੇ ਜਵਾਬ ਦਿੱਤਾ, "ਜਾ, ਰਾਜ਼ੀ ਰਹਿ। ਤੇਰੇ ਰਾਹ ਵਿਚ ਪਹਿਲਾਂ ਇਕ ਨਾਲਾ ਆਵੇਗਾ ਤੇ ਫਿਰ ਇਕ ਛੱਪੜ ਆਵੇਗਾ। ਨਾਲੇ ਵਿਚੋਂ ਮੂੰਹ ਧੋ ਲਵੀਂ ਤੇ ਕਮੀਜ਼ ਨੂੰ ਹੰਗਾਲ ਲਵੀਂ, ਤੇ ਛੱਪੜ ਥਾਣੀਂ ਅੱਖਾਂ ਮੀਟ ਕੇ ਦੌੜਦੀ ਹੋਈ ਲੰਘ ਜਾਵੀਂ। ਚੰਗਾ, ਹੁਣ ਜਾ।"

ਜਿਉਂ ਹੀ ਕੁੜੀ ਬੁਢੜੀ ਕੋਲੋਂ ਤੁਰੀ, ਕਿਬੀਤਕਾ ਉਸੇ ਵੇਲੇ ਅਲੋਪ ਹੋ ਗਿਆ। ਕੁੜੀ ਉਜਾੜ ਬੀਆ-ਬਾਨ ਵਿਚ ਇਕੱਲੀ ਹੀ ਰਹਿ ਗਈ।

ਉਹ ਅਟੇ-ਸਟੇ ਇਕ ਦਿਸ਼ਾ ਵਿਚ ਤੁਰ ਪਈ ਅਤੇ ਛੇਤੀ ਹੀ ਉਸ ਨੂੰ ਇਕ ਛੋਟਾ ਜਿਹਾ ਨਾਲਾ ਵਿਖਾਈ ਦਿੱਤਾ। ਨਾਲਾ ਏਨਾ ਛੋਟਾ ਸੀ ਕਿ ਉਸ ਨੂੰ ਟਪ ਕੇ ਲੰਘਿਆ ਜਾ ਸਕਦਾ ਸੀ। ਕੁੜੀ ਨਾਲੇ ਦੇ ਕੰਢੇ ਉਤੇ ਬੈਠ ਗਈ, ਹੱਥ ਮੂੰਹ ਧੋਤਾ ਅਤੇ ਆਪਣਾ ਖ਼ਸਤਾ-ਹਾਲ ਕਮੀਜ਼ ਧੋ ਲਿਆ।

ਫਿਰ ਉਹ ਅੱਗੇ ਤੁਰ ਪਈ ਤੇ ਛੇਤੀ ਹੀ ਉਸ ਨੂੰ ਇਕ ਵਿਸ਼ਾਲ ਛੱਪੜ ਵਿਖਾਈ ਦਿੱਤਾ। ਉਸ ਨੇ ਅੱਖਾਂ ਮੀਟੀਆਂ ਤੇ ਛੇਤੀ ਛੇਤੀ ਦੌੜਨ ਲੱਗੀ, ਅਤੇ ਜਦੋਂ ਉਸ ਨੇ ਅੱਖਾਂ ਖੋਲ੍ਹੀਆਂ ਤਾਂ ਉਹ ਚਰਾਂਦ ਵਿਚ ਪਹੁੰਚ ਚੁੱਕੀ ਸੀ ਜਿਥੇ ਗਾਂ ਤੇ ਵੱਛਾ ਉਸ ਨੂੰ ਉਡੀਕ ਰਹੇ ਸਨ।

ਕੁੜੀ ਨੇ ਸੂਤ ਦੇ ਗੋਲੇ ਚੁੱਕੇ ਤੇ ਗਾਂ ਵੱਛੇ ਨੂੰ ਘਰ ਵੱਲ ਹਿਕ ਲਿਆ।

ਜਦੋਂ ਮਤਰੇਈ ਮਾਂ ਨੇ ਉਸ ਨੂੰ ਵੇਖਿਆ ਤਾਂ ਹੈਰਾਨੀ ਵਿਚ ਉਸ ਦਾ ਮੂੰਹ ਟੱਡਿਆ ਗਿਆ। ਉਸ

ਦੇ ਸਾਮ੍ਹਣੇ ਇਕ ਹੂਰਾਂ-ਪਰੀ ਖੜੀ ਸੀ ਜਿਸ ਨੇ ਬੜਾ ਹੀ ਸੁਹਣਾ ਰੇਸ਼ਮੀ ਪਹਿਰਾਵਾ ਅਤੇ ਸੋਨੇ ਚਾਂਦੀ ਦੇ ਗਹਿਣੇ ਪਾਏ ਹੋਏ ਸਨ, ਜਿਨ੍ਹਾਂ ਵਿਚ ਕੀਮਤੀ ਨਗ ਜੜੇ ਹੋਏ ਸਨ।

"ਤੂੰ ਇਹ ਸਭ ਕੁਝ ਕਿਥੋਂ ਲਿਆਈ ਏਂ, ਮੇਰੀ ਲਾਡੋ?" ਮਤਰੇਈ ਮਾਂ ਨੇ ਦੰਭੀ ਮੋਹ ਜਤਾਉਂਦਿਆਂ ਪੁੱਛਿਆ।

ਕੁੜੀ ਮਤਰੇਈ ਮਾਂ ਦੇ ਝਾਂਸੇ ਵਿਚ ਆ ਗਈ ਤੇ ਅਤੇ ਇਹ ਭੇਦ ਦੱਸ ਦਿੱਤਾ ਕਿ ਸਾਰਾ ਕਸੂਰ ਵਾ-ਵਰੋਲੇ ਦਾ ਸੀ ਜਿਹੜਾ ਧਾਗਿਆਂ ਦਾ ਗੋਲਾ ਰੇੜ੍ਹਦਾ ਰੇੜ੍ਹਦਾ ਇਕ ਬੁਢੜੀ ਦੇ ਕਿਬੀਤਕਾ ਵਿਚ ਲੈ ਗਿਆ ਸੀ।

ਅਗਲੇ ਦਿਨ ਮਤਰੇਈ ਮਾਂ ਨੇ ਆਪਣੀ ਸਕੀ ਧੀ ਨੂੰ ਚਰਾਂਦ ਵਿਚ ਭੇਜਣ ਦਾ ਫੈਸਲਾ ਕੀਤਾ। ਉਸ ਨੇ ਆਪਣੀ ਧੀ ਨੂੰ ਤੁਰਨ ਲੱਗਿਆਂ ਮਿੱਠੀਆਂ ਰੋਟੀਆਂ ਅਤੇ ਧਾਗਿਆਂ ਦਾ ਇਕ ਗੋਲਾ ਦੇ ਕੇ ਆਖਿਆ:

"ਓਨਾ ਚਿਰ ਚਰਾਂਦ ਵਿਚ ਬੈਠੀ ਰਹੀਂ ਜਿੰਨਾ ਚਿਰ ਕਿ ਵਾ-ਵਰੋਲਾ ਤੇਰੇ ਗੋਲੇ ਨੂੰ ਰੇੜ੍ਹਨ ਨਾ ਲੱਗ ਪਵੇ। ਤੇ ਜਦੋਂ ਰੇੜ੍ਹਨ ਲੱਗ ਪਵੇ ਤਾਂ ਉਸ ਦੇ ਪਿਛੇ ਪਿਛੇ ਦੌੜਦੀ ਜਾਵੀਂ।"

"ਗਾਂ ਚਰਾਉਣ ਨੂੰ ਮੇਰਾ ਦਿਲ ਨਹੀਂ ਕਰਦਾ!" ਸਕੀ ਧੀ ਚੀਕ ਉੱਠੀ। "ਅਇਬੀਬੀ ਚਾਰਦੀ ਫਿਰੇ! ਜੇ ਤੂੰ ਮੈਨੂੰ ਵਾਗਣ ਬਣਾ ਦਿੱਤਾ ਤਾਂ ਕਿਸੇ ਵੀ ਬਾਈ ਦੇ ਮੁੰਡੇ ਨੇ ਮੇਰੇ ਨਾਲ ਵਿਆਹ ਨਹੀਂ ਕਰਾਉਣਾ!"

"ਤੂੰ ਵੀ ਕਮਲੀ ਏਂ, ਮੇਰੀਏ ਕਬੂਤਰੀਏ," ਮਾਂ ਉਸ ਨੂੰ ਮਨਾਉਣ ਲੱਗੀ। "ਮੈਂ ਤਾਂ ਤੇਰੇ ਹੀ ਭਲੇ ਦੀ ਗੱਲ ਕਰਦੀ ਪਈ ਆਂ। ਤੈਨੂੰ ਬੱਸ ਇਕੋ ਦਿਨ ਚਰਾਂਦ ਵਿਚ ਬੈਠਣਾ ਪੈਣੈ ਤੇ ਬੁੱਢੀ ਜਾਦੂਗਰਨੀ ਨੇ ਤੈਨੂੰ ਅਇਬੀਬੀ ਨਾਲੋਂ ਵੀ ਸੁਹਣੀ ਬਣਾ ਦੇਣੈ।"

ਆਲਸ ਉਤੇ ਕਾਬੂ ਪਾ ਕੇ ਸਕੀ ਧੀ ਨੇ ਗਾਂ ਤੇ ਵੱਛੇ ਨੂੰ ਚਰਾਂਦ ਵੱਲ ਹਿੱਕ ਲਿਆ।

ਮਿੱਠੀਆਂ ਰੋਟੀਆਂ ਤੇ ਧਾਗਿਆਂ ਦੇ ਗੋਲੇ ਵਾਲੀ ਗਠੜੀ ਕੁੜੀ ਨੂੰ ਬੜੀ ਹੀ ਭਾਰੀ ਲੱਗੀ। ਉਸ ਨੇ ਭਾਰ ਹੌਲਾ ਕਰਨ ਦਾ ਮਨ ਬਣਾਇਆ। ਪਰ ਉਹ ਏਨੀ ਲੀਚੜ ਸੀ ਕਿ ਉਸ ਨੇ ਰੋਟੀਆਂ ਦਰਖ਼ਤਾਂ ਉਤੇ ਬੈਠੀਆਂ ਭੁਖਣ-ਭਾਣੀਆਂ ਘੁੱਗੀਆਂ ਨੂੰ ਨਾ ਦਿੱਤੀਆਂ, ਇਸ ਦੀ ਥਾਂ, ਉਸ ਨੇ ਗੋਲੇ ਨਾਲੋਂ ਧਾਗੇ ਤੋੜ ਤੋੜ ਕੇ ਰਸਤੇ ਦੇ ਪੱਥਰਾਂ ਤੇ ਕਾਰਾਗਾਚ ਦੇ ਦਰਖ਼ਤਾਂ ਦੀਆਂ ਟਾਹਣੀਆਂ ਉਤੇ ਟੰਗਣੇ ਸ਼ੁਰੂ ਕਰ ਦਿੱਤੇ।

ਇੰਜ ਕਰਦੀ ਕਰਦੀ ਉਹ ਅਜਿਹੀ ਥਾਂ ਉਤੇ ਪਹੁੰਚ ਗਈ ਜਿਥੇ ਇਕ ਛਾਂਦਾਰ ਦਰਖ਼ਤ ਸੀ। ਉਥੇ ਗਾਂ ਤੇ ਵੱਛੇ ਦੇ ਚਾਰਨ ਲਈ ਘਾਹ ਬਿਲਕੁਲ ਨਹੀਂ ਸੀ, ਪਰ ਉਸ ਨੇ ਉਹਨਾਂ ਲਈ ਚਰਾਂਦ ਲੱਭਣ ਲਈ ਕੋਈ ਕੋਸ਼ਿਸ਼ ਨਾ ਕੀਤੀ, ਉਸੇ ਦਰਖ਼ਤ ਦੀ ਛਾਂ ਹੇਠ ਬੈਠ ਗਈ ਅਤੇ ਅੱਧਾ-ਕੁ ਬਚਿਆ ਗੋਲਾ ਆਪਣੇ ਲਾਗੇ ਰਖ ਲਿਆ। ਫਿਰ ਉਹ ਮਿੱਠੀਆਂ ਰੋਟੀਆਂ ਖਾਣ ਲੱਗ ਪਈ।

ਸੂਰਜ ਅਸਤ ਹੋਣ ਤੋਂ ਪਹਿਲਾਂ ਪਹਿਲਾਂ ਕੁੜੀ ਨੇ ਦਰਖ਼ਤ ਦੀ ਛਾਂ ਹੇਠਾਂ ਰੱਜ ਕੇ ਸੌਂ ਲਿਆ, ਅਤੇ ਜਦੋਂ ਉਹ ਘਰ ਨੂੰ ਮੁੜਨ ਵਾਲੀ ਹੀ ਸੀ ਕਿ ਅਚਾਨਕ ਇਕ ਵਾ-ਵਰੋਲਾ ਆਇਆ ਤੇ ਛੋਟੇ ਜਿਹੇ ਗੋਲੇ ਨੂੰ ਪਗਡੰਡੀ ਉਤੇ ਰੇੜ੍ਹਨ ਲੱਗ ਪਿਆ।

ਮਾਂ ਦੀ ਆਖੀ ਗੱਲ ਦਾ ਚੇਤਾ ਆਉਂਦਿਆਂ ਹੀ ਕੁੜੀ ਗੋਲੇ ਦੇ ਪਿਛੇ ਪਿਛੇ ਦੌੜ ਪਈ ਤੇ ਦੌੜਦੀ ਦੌੜਦੀ ਇਕ ਕਿਬੀਤਕਾ ਤੱਕ ਪਹੁੰਚ ਗਈ। ਉਹ ਕਿਬੀਤਕਾ ਵਿਚ ਵੜ ਗਈ। ਉਥੇ ਉਸ ਨੂੰ ਇਕ ਝਾਟੜ ਬੁੱਢੜੀ ਵਿਖਾਈ ਦਿੱਤੀ। ਕੁੜੀ ਦਾ ਤਰਾਹ ਨਿਕਲ ਗਿਆ। ਉਹ ਉਥੋਂ ਦੌੜ ਜਾਣਾ ਚਾਹੁੰਦੀ ਸੀ, ਪਰ ਬੁੱਢੜੀ ਨੇ ਉਸ ਨੂੰ ਪੁੱਛਿਆ:



"ਧੀਏ, ਤੂੰ ਕੀ ਲੈਣ ਇਥੇ ਆਈ ਏਂ?"

"ਤੂੰ ਪੁੱਛਦੀ ਕਿਉਂ ਏਂ? ਤੈਨੂੰ ਜਿਵੇਂ ਦਿਸਿਆ ਹੀ ਨਾ ਹੋਵੇ!" ਮਤਰੇਈ ਮਾਂ ਦੀ ਧੀ ਨੇ ਆਖਿਆ। "ਮੇਰਾ ਗੋਲਾ ਰਿੜ੍ਹਦਾ ਰਿੜ੍ਹਦਾ ਤੇਰੇ ਕਿਬੀਤਕਾ ਵਿਚ ਆ ਵੜਿਐ।"

"ਧੀਏ, ਜ਼ਰਾ ਸੰਦੂਕ ਲਾਗੇ ਜਾਈਂ," ਬੁੱਢੜੀ ਨੇ ਆਖਿਆ, "ਉਥੇ ਤੇਰਾ ਗੋਲਾ ਤੈਨੂੰ ਮਿਲ ਜਾਏਗਾ।"

ਮਤਰੇਈ ਮਾਂ ਦੀ ਧੀ ਨੇ ਸੰਦੂਕ ਖੋਲ੍ਹਿਆ। ਸੰਦੂਕ ਸੋਨੇ ਤੇ ਚਾਂਦੀ ਦੇ ਗਹਿਣਿਆਂ ਤੇ ਕੀਮਤੀ ਪੱਥਰਾਂ ਨਾਲ ਭਰਿਆ ਪਿਆ ਸੀ। ਗਹਿਣੇ ਵੇਖ ਕੇ ਕੁੜੀ ਨੂੰ ਏਨਾ ਜ਼ਿਆਦਾ ਲਾਲਚ ਹੋ ਗਿਆ ਕਿ ਉਸ ਨੇ ਅਛੋਪਲੇ ਜਿਹੇ ਕੁਝ ਗਹਿਣੇ ਚੁੱਕੇ ਤੇ ਆਪਣੀ ਕੱਛ ਵਿਚ ਲੁਕਾ ਲਏ। ਫਿਰ ਉਸ ਨੇ ਸੰਦੂਕ ਵਿਚੋਂ ਧਾਗਿਆਂ ਦਾ ਗੋਲਾ ਫੜਿਆ ਤੇ ਉਥੋਂ ਕਾਹਲੀ ਕਾਹਲੀ ਜਾਣ ਹੀ ਲੱਗੀ ਸੀ ਕਿ ਬੁੱਢੜੀ ਨੇ ਉਸ ਨੂੰ ਰੋਕ ਕੇ ਆਖਿਆ:

"ਧੀਏ, ਜਾਣ ਦੀ ਕਾਹਲ ਨਾ ਕਰ। ਪਹਿਲਾਂ ਧੂੰਕਸ਼ ਬੰਦ ਕਰ ਦੇ।"

ਮਤਰੇਈ ਮਾਂ ਦੀ ਧੀ ਉਥੋਂ ਛੇਤੀ ਤੋਂ ਛੇਤੀ ਚਲੀ ਜਾਣਾ ਚਾਹੁੰਦੀ ਸੀ। ਇਸ ਲਈ, ਉਸ ਨੇ ਫਟਾਫਟ ਦੋਹਾਂ ਹੱਥਾਂ ਨਾਲ ਰੱਸੀ ਖਿੱਚੀ। ਜਦੋਂ ਉਸ ਨੇ ਰੱਸੀ ਖਿੱਚੀ ਤਾਂ ਉਸ ਦੀ ਕੱਛ ਵਿਚੋਂ ਚੋਰੀ ਦੇ ਗਹਿਣੇ ਡਿਗ ਪਏ। ਬੁਢੜੀ ਨੇ ਉਹਨਾਂ ਨੂੰ ਉਠਾਇਆ ਤੇ ਆਖਿਆ:

"ਤੇ ਹੁਣ, ਧੀਏ, ਮੇਰੇ ਸਿਰ ਦੇ ਸਾਰੇ ਵਾਲ ਖੋਹ ਦੇ।"

ਮਤਰੇਈ ਮਾਂ ਦੀ ਧੀ ਨੂੰ ਬੁੱਢੜੀ ਉਤੇ ਏਨਾ ਗੁੱਸਾ ਆਇਆ ਕਿ ਉਹ ਧੂਹਾ–ਧੂਹ ਉਸ ਦੇ ਵਾਲ ਖੋਹਣ ਲੱਗ ਪਈ।

ਬੁੱਢੜੀ ਦੇ ਸਿਰ ਉਤੇ ਇਕ ਵੀ ਵਾਲ ਨਾ ਰਹਿ ਗਿਆ, ਪਰ ਉਸ ਨੇ ਬੜੇ ਠਰ੍ਹੰਮੇ ਨਾਲ ਆਖਿਆ:

"ਹੁਣ, ਧੀਏ, ਮੇਰੇ ਸਾਰੇ ਭਾਂਡੇ ਭੰਨ ਦੇ, ਸੰਦੂਕ ਨੂੰ ਚੀਰ ਕੇ ਇਸ ਦੇ ਟੋਟੇ ਟੋਟੇ ਕਰ ਦੇ, ਮੇਰੇ ਸਿਰਹਾਣੇ ਤੇ ਰਜ਼ਾਈਆਂ ਉਧੇੜ ਕੇ ਉਹਨਾਂ ਵਿਚੋਂ ਉੱਨ ਕੱਢ ਦੇ।"

ਮਤਰੇਈ ਮਾਂ ਦੀ ਧੀ ਨੇ ਬੁੱਢੜੀ ਦੀ ਇਹ ਮੁਰਾਦ ਬੜੀ ਖੁਸ਼ੀ ਨਾਲ ਪੂਰੀ ਕਰ ਦਿੱਤੀ। ਜਦੋਂ ਕਿਬੀਤਕਾ ਵਿਚ ਸਭ ਕੁਝ ਟੁੱਟ ਭੱਜ ਗਿਆ, ਲੀਰੋ ਲੀਰ ਹੋ ਕੇ ਖਿਲਰ ਗਿਆ ਤਾਂ ਬੁੱਢੜੀ ਨੇ ਆਖਿਆ:

"ਮਿਹਰਬਾਨੀ ਤੇਰੀ, ਧੀਏ। ਤੇਰੇ ਭਾਗ ਓਨੇ ਹੀ ਚੰਗੇ ਹੋਣ ਜਿੰਨਾ ਚੰਗਾ ਤੇਰਾ ਦਿਲ ਏ! ਮੈਂ ਤੈਨੂੰ ਸੁਹੱਪਣ ਦੀ ਦਾਤ ਦਿੰਦੀ ਹਾਂ। ਜਦੋਂ ਘਰ ਜਾਏਂਗੀ ਤਾਂ ਤੇਰੇ ਰਾਹ ਵਿਚ ਇਕ ਨਾਲਾ ਆਵੇਗਾ। ਤੂੰ ਅੱਖਾਂ ਬੰਦ ਕਰ ਕੇ ਦੌੜਦੀ ਹੋਈ ਉਸ ਨੂੰ ਟੱਪ ਜਾਵੀਂ। ਇਸ ਮਗਰੋਂ ਇਕ ਛੱਪੜ ਆਵੇਗਾ। ਉਸ ਵਿਚ ਆਪਣਾ ਮੂੰਹ ਤੇ ਹੱਥ ਧੋ ਲਈਂ ਤੇ ਕਮੀਜ਼ ਹੰਗਾਲ ਲਈਂ। ਤੇ ਜਦੋਂ ਆਪਣੇ ਘਰ ਪਹੁੰਚ ਜਾਵੇਂਗੀ ਤਾਂ ਪਿਓ ਨੂੰ ਆਖੀਂ: 'ਫੜੀਂ!' ਤੇ ਮਾਂ ਨੂੰ ਆਖੀਂ: "ਕੱਟੀਂ!"

ਮਤਰੇਈ ਮਾਂ ਦੀ ਧੀ ਕਿਬੀਤਕਾ ਵਿਚੋਂ ਨਿਕਲੀ ਤੇ ਸ਼ੂਟ ਵੱਟ ਲਈ।

ਜਦੋਂ ਉਹ ਦੌੜਦੀ ਹੋਈ ਨਾਲੇ ਕੋਲ ਅੱਪੜੀ ਤਾਂ ਉਸ ਨੇ ਅੱਖਾਂ ਮੀਟ ਕੇ ਨਾਲਾ ਟੱਪ ਲਿਆ, ਜਿਵੇਂ ਕਿ ਬੁੱਢੜੀ ਨੇ ਹਦਾਇਤ ਦਿੱਤੀ ਸੀ, ਅਤੇ ਛੱਪੜ ਲਾਗੇ ਬੈਠ ਕੇ ਮੂੰਹ ਹੱਥ ਧੋਤਾ ਤੇ ਕਮੀਜ਼ ਹੰਗਾਲਿਆ।

ਓਧਰ ਗਾਂ ਤੇ ਵੱਛਾ ਕੁੜੀ ਨੂੰ ਉਡੀਕ ਉਡੀਕ ਕੇ ਚਰਾਂਦ ਵਿਚੋਂ ਤੁਰ ਪਏ ਤੇ ਆਪ ਹੀ ਘਰ ਪਹੁੰਚ ਗਏ।

ਜਦੋਂ ਮਤਰੇਈ ਮਾਂ ਨੇ ਵੇਖਿਆ ਕਿ ਧੀ ਪਰਤੀ ਨਹੀਂ ਸੀ, ਉਹ ਆਪਣੇ ਘਰਵਾਲੇ ਨੂੰ ਲੈ ਕੇ ਉਸ ਨੂੰ ਲੱਭਣ ਤੁਰ ਪਈ। ਰਾਹ ਵਿਚ ਉਹਨਾਂ ਨੂੰ ਛੇਤੀ ਹੀ ਆਪਣੀ ਧੀ ਮਿਲ ਗਈ। ਉਹ ਲੀਰੋ–ਲੀਰ ਹੋਈ ਕਮੀਜ਼ ਪਾ ਕੇ ਤੁਰੀ ਆ ਰਹੀ ਸੀ। ਤੇ ਜਦੋਂ ਉਹਨਾਂ ਨੇ ਉਸ ਦਾ ਚਿਹਰਾ ਵੇਖਿਆ ਤਾਂ ਉਹਨਾਂ ਨੂੰ ਡੋਬ ਪੈਣ ਲੱਗੇ ਕਿਉਂਕਿ ਕੁੜੀ ਦੇ ਮੱਥੇ ਉਤੇ ਖੋਤੇ ਦਾ ਕੰਨ ਲੱਗਾ ਹੋਇਆ ਸੀ।

ਕੁੜੀ ਦੀ ਮਾਂ ਜ਼ਾਰ ਜ਼ਾਰ ਰੋਈ ਤੇ ਪਿਓ ਏਨਾ ਦੰਗ ਰਹਿ ਗਿਆ ਸੀ ਕਿ ਉਸ ਦੇ ਮੂੰਹੋਂ ਇਕ ਵੀ ਲਫ਼ਜ਼ ਨਾ ਨਿਕਲਿਆ।

ਜਦੋਂ ਉਹ ਆਪਣੇ ਘਰ ਪਹੁੰਚੇ ਤਾਂ ਮਤਰੇਈ ਮਾਂ ਦੀ ਧੀ ਨੇ ਆਪਣਾ ਅਕਾਰ ਸ਼ੀਸ਼ੇ ਵਿਚ ਵੇਖਿਆ ਤੇ ਡਰ ਨਾਲ ਉਸ ਦੀ ਚੀਕ ਨਿਕਲ ਗਈ:

"ਅੱਬਾ, ਫੜੀਂ! ਅੰਮਾਂ, ਕੱਟੀਂ!"

ਪਿਓ ਨੇ ਧੀ ਦੇ ਮੱਥੇ ਉਤੇ ਲੱਗਾ ਖੋਤੇ ਦਾ ਕੰਨ ਫੜਿਆ ਤੇ ਮਾਂ ਨੇ ਕੱਟ ਦਿੱਤਾ। ਪਰ ਉਸੇ ਵੇਲੇ ਕੁੜੀ ਦੇ ਮੱਥੇ ਉਤੇ ਇਕ ਨਵਾਂ, ਜੱਤਲ ਕੰਨ ਉਭਰ ਆਇਆ। ਉਹਨਾਂ ਨੇ ਜਿੰਨੀ ਵਾਰੀ ਕੰਨ ਕੱਟਿਆ ਓਨੀ ਵਾਰੀ ਹੀ ਨਵਾਂ ਉਭਰਦਾ ਗਿਆ। ਇੰਜ, ਉਹ ਕੁੜੀ ਨੂੰ ਸਾਰੀ ਉਮਰ ਕਜ਼ ਲੱਗਾ ਰਿਹਾ।

ਮਤਰੇਈ ਮਾਂ ਮਤਰੇਈ ਧੀ ਨੂੰ ਪਹਿਲਾਂ ਨਾਲੋਂ ਵੀ ਵਧ ਕੇ ਨਫਰਤ ਕਰਨ ਲੱਗ ਪਈ। ਉਸ ਨੂੰ ਅੰਦਾਜ਼ਾ ਹੋ ਗਿਆ ਕਿ ਮਤਰੇਈ ਧੀ ਦੀ ਸਹਾਇਤਾ ਵੱਛੇ ਨੇ ਕੀਤੀ ਸੀ। ਇਸ ਲਈ, ਇਕ ਵਾਰੀ ਉਸ ਨੇ ਆਪਣੇ ਖਾਵੰਦ ਨੂੰ ਆਖਿਆ:

"ਸਾਡਾ ਵੱਛਾ ਵਾਹਣਾ ਫਿੱਟ ਗਿਐ। ਲਿਆ ਇਹਨੂੰ ਵੱਢ ਦਈਏ।"

ਖਾਵੰਦ ਨੇ ਕੋਈ ਇਤਰਾਜ਼ ਨਾ ਕੀਤਾ, ਪਰ ਅਇਬੀਬੀ ਬੜਾ ਹੀ ਰੋਈ। ਉਹ ਵੱਛੇ ਕੋਲ ਗਈ ਤੇ ਹੰਝੂ ਵਹਾਉਂਦੀ ਹੋਈ ਆਖਣ ਲੱਗੀ:

"ਮੇਰੇ ਪਿਆਰੇ ਵੱਛੜੇ, ਮੇਰੀ ਜ਼ਾਲਮ ਮਤਰੇਈ ਮਾਂ ਤੈਨੂੰ ਵੱਢਣਾ ਚਾਹੁੰਦੀ ਏ! ਤੇ ਮੈਨੂੰ ਅਹੁੜ ਨਹੀਂ ਰਹੀ ਕਿ ਤੇਰੀ ਮਦਦ ਕਿਵੇਂ ਕਰਾਂ!"

"ਤੂੰ ਝੂਰ ਨਾ, ਨੇਕ ਅਇਬੀਬੀ," ਵੱਛੇ ਨੇ ਜਵਾਬ ਦਿੱਤਾ। "ਤੂੰ ਮੇਰੀ ਗੱਲ ਧਿਆਨ ਨਾਲ ਸੁਣ। ਜਦੋਂ ਮੈਨੂੰ ਵੱਢ ਕੇ ਮੇਰਾ ਗੋਸ਼ਤ ਖਾ ਲੈਣਗੇ ਤਾਂ ਤੂੰ ਮੇਰੀਆਂ ਹੱਡੀਆਂ ਇਕੱਠੀਆਂ ਕਰ ਕੇ ਉਸ ਪੁਰਾਣੇ ਤੰਦੂਰ ਵਿਚ ਲੁਕਾ ਦਈਂ, ਜਿਸ ਵਿਚ ਤੇਰੀ ਮਤਰੇਈ ਮਾਂ ਪਹਿਲਾਂ ਰੋਟੀਆਂ ਪਕਾਇਆ ਕਰਦੀ ਸੀ। ਤੇ ਜਦੋਂ ਤੇਰਾ ਦਿਲ ਉਦਾਸ ਹੋ ਜਾਵੇ ਤਾਂ ਮੇਰੀਆਂ ਹੱਡੀਆਂ ਵੇਖਣ ਆ ਜਾਇਆ ਕਰੀਂ, ਤੇਰੇ ਦਿਲ ਨੂੰ ਚੈਨ ਆ ਜਾਵੇਗਾ।"

ਉਸੇ ਸ਼ਾਮ ਪਿਓ ਨੇ ਵੱਛਾ ਵੱਢ ਦਿੱਤਾ ਅਤੇ ਮਤਰੇਈ ਮਾਂ ਨੇ ਇਕ ਵੱਡੀ ਸਾਰੀ ਕੜਾਹੀ ਵਿਚ ਗੋਸ਼ਤ ਰਿੰਨ੍ਹਿਆ।

ਅਇਬੀਬੀ ਕੋਲੋਂ ਇਹ ਵੇਖਿਆ ਨਹੀਂ ਜਾਂਦਾ ਸੀ ਕਿ ਉਹਦਾ ਅੱਬਾ, ਮਤਰੇਈ ਮਾਂ ਤੇ ਮਤਰੇਈ ਭੈਣ ਵੱਛੇ ਦਾ ਗੋਸ਼ਤ ਕਿਵੇਂ ਖਾ ਰਹੇ ਸਨ। ਉਹ ਰੋਂਦੀ ਰੋਂਦੀ ਕਿਬੀਤਕਾ ਵਿਚੋਂ ਨਿਕਲ ਗਈ। ਤੇ ਜਦੋਂ ਉਹਨਾਂ ਨੇ ਹੱਡੀਆਂ ਬਾਹਰ ਵਿਹੜੇ ਵਿਚ ਸੁੱਟ ਦਿੱਤੀਆਂ ਤਾਂ ਕੁੜੀ ਨੇ ਉਹਨਾਂ ਨੂੰ ਇਕੱਠੀਆਂ ਕਰ ਕੇ ਪੁਰਾਣੇ ਤੰਦੂਰ ਵਿਚ ਲੁਕਾ ਦਿੱਤਾ, ਜਿਸ ਵਿਚ ਮਤਰੇਈ ਮਾਂ ਪਹਿਲਾਂ ਰੋਟੀਆਂ ਪਕਾਇਆ ਕਰਦੀ ਸੀ।

ਕੁਝ ਮਹੀਨੇ ਬੀਤ ਗਏ। ਇਕ ਵਾਰੀ ਕਿਸੇ ਤਿਉਹਾਰ ਉਤੇ ਅਇਬੀਬੀ ਨੇ ਸੁਨਹਿਰੀ ਗੋਟੇ ਵਾਲਾ ਰੇਸ਼ਮੀ ਕਮੀਜ਼ ਪਾ ਲਿਆ ਤੇ ਘੁੰਮਣ-ਫਿਰਨ ਲਈ ਪੈਲੀਆਂ ਵਿਚ ਚਲੀ ਗਈ।

ਜਦੋਂ ਉਹ ਸੈਰ ਕਰ ਰਹੀ ਸੀ ਤਾਂ ਥੋੜ੍ਹੀ ਦੂਰੀ ਉਤੇ ਸ਼ਹਿਜ਼ਾਦਾ ਸ਼ਿਕਾਰ ਕਰਨ ਨਿਕਲਿਆ ਹੋਇਆ ਸੀ। ਉਸ ਨੇ ਉਸ ਸੁਹਣੀ ਕੁੜੀ ਨੂੰ ਵੇਖ ਲਿਆ, ਜਿਸ ਦਾ ਰੂਪ ਇੰਜ ਲਿਸ਼ਕਾਰੇ ਮਾਰ ਰਿਹਾ ਸੀ ਜਿਵੇਂ ਸੂਰਜ ਸਾਰੇ ਸੰਸਾਰ ਨੂੰ ਰੁਸ਼ਨਾਉਂਦਾ ਹੈ। ਉਸ ਨੂੰ ਕੁੜੀ ਨਾਲ ਮੁਹੱਬਤ ਹੋ ਗਈ।

ਸ਼ਹਿਜ਼ਾਦਾ ਜਦ ਮਹਿਲੀਂ ਪਰਤਿਆ ਤਾਂ ਉਸ ਨੇ ਬਾਦਸ਼ਾਹ ਨੂੰ ਆਖ ਸੁਣਾਇਆ:

"ਅੱਬਾ-ਜਾਨ, ਮੈਨੂੰ ਅਇਬੀਬੀ ਨਾਂ ਦੀ ਕੁੜੀ ਨਾਲ ਮੁਹੱਬਤ ਹੋ ਗਈ ਏ। ਜੇ ਤੂੰ ਮੇਰਾ ਉਸ ਨਾਲ ਵਿਆਹ ਨਾ ਕਰਾਇਆ ਤਾਂ ਮੈਂ ਮਰ ਜਾਵਾਂਗਾ।"

ਬਾਦਸ਼ਾਹ ਆਪਣੇ ਮੁੰਡੇ ਦਾ ਵਿਆਹ ਆਇਬੀਬੀ ਨਾਲ ਕਰਨਾ ਮੰਨ ਗਿਆ ਅਤੇ ਉਸ ਦੇ ਪਿਓ ਵੱਲ ਵਚੋਲਿਆਂ ਨੂੰ ਘੱਲਿਆ।

ਸਮਾਂ ਪਾ ਕੇ ਸ਼ਾਦੀ ਦਾ ਦਿਨ ਵੀ ਆ ਗਿਆ। ਕੁੜੀ ਨੂੰ ਲੈਣ ਵਾਸਤੇ ਇਕ ਕਾਫ਼ਲਾ ਊਠਾਂ ਉਤੇ ਸਵਾਰ ਹੋਇਆ ਅਤੇ ਸੁਗਾਤਾਂ ਲੈ ਕੇ ਗਿਆ।

ਮਤਰੇਈ ਮਾਂ ਆਪਣੇ ਘਰਵਾਲੇ ਦੇ ਦੁਆਲੇ ਹੋ ਗਈ।

"ਪਹਿਲਾਂ ਕਰੂਪ ਕੁੜੀ ਦੇ ਹੱਥ ਪੀਲੇ ਕਰਨੇ ਚਾਹੀਦੇ ਨੇ, ਸੁਹਣੀ ਨਾਲ ਤਾਂ ਹਰ ਕੋਈ ਵਿਆਹ ਕਰ ਲਏਗਾ।"

ਖਾਵੰਦ ਸਹਿਮਤ ਹੋ ਗਿਆ ਅਤੇ ਮਤਰੇਈ ਮਾਂ ਨੇ ਆਪਣੀ ਮਤਰੇਈ ਧੀ ਕੋਲੋਂ ਸੁਨਹਿਰੀ ਗੋਟੇ ਵਾਲਾ ਰੇਸ਼ਮੀ ਕਮੀਜ਼ ਖੋਹ ਕੇ ਛੇਤੀ ਛੇਤੀ ਆਪਣੀ ਧੀ ਨੂੰ ਪੁਆ ਦਿੱਤਾ, ਮੱਥੇ ਉਤੋਂ ਖੋਤੇ ਦਾ ਕੰਨ ਵੱਢਿਆ ਤੇ ਉਸ ਦਾ ਚਿਹਰਾ ਢੱਕ ਕੇ ਸ਼ਿੰਗਾਰੇ ਹੋਏ ਊਠ ਉਤੇ ਬਿਠਾ ਦਿੱਤਾ।

ਉਸੇ ਸ਼ਾਮ ਲਾੜੀ ਨੂੰ ਲਾੜੇ ਦੇ ਸੌਣ-ਕਮਰੇ ਵਿਚ ਲਿਜਾਇਆ ਗਿਆ। ਜਦੋਂ ਸ਼ਹਿਜ਼ਾਦੇ ਨੇ ਲਾੜੀ ਦਾ ਮੂੰਹ ਵੇਖਣਾ ਚਾਹਿਆ ਤਾਂ ਲਾੜੀ ਨੇ ਮੂੰਹ ਮੋੜ ਲਿਆ ਤੇ ਉਹ ਆਪਣੇ ਮੱਥੇ ਉਤੇ ਦੁਬਾਰਾ ਉੱਗ ਆਏ ਖੋਤੇ ਦੇ ਕੰਨ ਨੂੰ ਕਰਚ ਕਰਚ ਕਰ ਕੇ ਚਿਥਣ ਲੱਗ ਪਈ।

"ਤੂੰ ਮੇਰੇ ਵੱਲ ਵੇਖਦੀ ਕਿਉਂ ਨਹੀਂ?" ਸ਼ਹਿਜ਼ਾਦੇ ਨੇ ਪੁੱਛਿਆ।

"ਮੈਨੂੰ ਸੰਗ ਲਗਦੀ ਏ!" ਕਰੂਪ ਕੁੜੀ ਨੇ ਜਵਾਬ ਦਿੱਤਾ।

"ਤੇ ਤੂੰ ਚਿੱਥ ਕੀ ਰਹੀ ਏਂ?"

"ਮਾਂ ਨੇ ਮੈਨੂੰ ਰਾਹ ਵਿਚ ਚੱਬਣ ਲਈ ਭੁੱਜੀ ਕਣਕ ਦੇ ਕੁਝ ਦਾਣੇ ਦਿੱਤੇ ਸਨ ਤਾਂ ਜੋ ਮੈਂ ਅੱਕ ਥੱਕ ਨਾ ਜਾਵਾਂ।"

"ਲਿਆ, ਮੈਨੂੰ ਵੀ ਦੇ," ਸ਼ਹਿਜ਼ਾਦੇ ਨੇ ਆਖਿਆ। "ਮੈਨੂੰ ਭੁੱਜੀ ਕਣਕ ਬੜੀ ਚੰਗੀ ਲਗਦੀ ਏ।"

"ਮੈਂ ਤਾਂ ਸਾਰੀ ਹੀ ਖਾ ਲਈ ਏ," ਕਰੂਪ ਕੁੜੀ ਨੇ ਕਾਹਲੀ ਵਿਚ ਜਵਾਬ ਦਿੱਤਾ।

ਰਾਤੀਂ ਸ਼ਹਿਜ਼ਾਦੇ ਨੂੰ ਇਕ ਸੁਪਨਾ ਆਇਆ ਕਿ ਉਹ ਖੋਤੇ ਨੂੰ ਜੱਫੀ ਪਾ ਕੇ ਸੁੱਤਾ ਹੋਇਆ ਹੈ। ਡਰ ਨਾਲ ਉਸ ਨੂੰ ਜਾਗ ਆ ਗਈ ਤਾਂ ਉਸ ਨੇ ਮਹਿਸੂਸ ਕੀਤਾ ਕਿ ਉਸ ਦੇ ਸਿਰ ਹੇਠ ਖੋਤੇ ਦਾ ਕੰਨ ਆਇਆ ਹੋਇਆ ਸੀ।

"ਇਸ ਦਾ ਮਤਲਬ ਇਹ ਹੋਇਆ ਕਿ ਇਹ ਕੋਈ ਸੁਪਨਾ ਨਹੀਂ ਸੀ!" ਉਹ ਕੜਕਿਆ ਅਤੇ ਤਲਵਾਰ ਨਾਲ ਖੋਤੇ ਦਾ ਕੰਨ ਵੱਢ ਦਿੱਤਾ, ਪਰ ਉਹ ਫਿਰ ਉੱਗ ਆਇਆ। ਤਦ ਮਤਰੇਈ ਮਾਂ ਦੀ ਧੀ ਨੇ ਸੱਚੀ ਸੱਚੀ ਗੱਲ ਸ਼ਹਿਜ਼ਾਦੇ ਨੂੰ ਸੁਣਾ ਦਿੱਤੀ।

ਅੱਗ-ਬਗੂਲੇ ਹੋਏ ਸ਼ਹਿਜ਼ਾਦੇ ਨੇ ਕਰੂਪ ਕੁੜੀ ਨੂੰ ਉਸ ਦੇ ਮਾਪਿਆਂ ਕੋਲ ਉਸੇ ਵੇਲੇ ਛੱਡ ਆਉਣ ਅਤੇ ਉਸ ਦੀ ਥਾਂ ਅਸਲੀ ਲਾੜੀ ਨੂੰ ਲਿਆਉਣ ਦਾ ਹੁਕਮ ਦਿੱਤਾ।

ਹਰਕਾਰਿਆਂ ਨੇ ਮਤਰੇਈ ਮਾਂ ਦੀ ਧੀ ਉਸ ਦੇ ਹਵਾਲੇ ਕੀਤੀ ਤੇ ਧਮਕੀ ਦੇ ਲਹਿਜੇ ਵਿਚ ਪੁੱਛਿਆ:

"ਸ਼ਹਿਜ਼ਾਦੇ ਦੀ ਲਾੜੀ ਨੂੰ ਕਿਥੇ ਲੁਕਾਇਆ ਈ?"

ਮਤਰੇਈ ਮਾਂ ਗੁੱਸੇ ਨਾਲ ਲਾਲ-ਪੀਲੀ ਹੋ ਉੱਠੀ ਤੇ ਕੜਕੀ:

"ਜੇ ਸ਼ਹਿਜ਼ਾਦੇ ਨੇ ਗੋਹੇ ਦੀ ਮੁਸ਼ਕ ਵਾਲੀ ਛੋਕਰੀ ਨਾਲ ਹੀ ਵਿਆਹ ਕਰਾਉਣੈ ਤਾਂ ਜਾਓ, ਉਸ ਨੂੰ ਚਰਾਂਦ ਵਿਚੋਂ ਲਭਦੇ ਫਿਰੋ, ਜਿਥੇ ਉਹ ਗਾਂ ਚਾਰਦੀ ਏ!"

ਹਰਕਾਰੇ ਕੁੜੀ ਨੂੰ ਲੱਭਣ ਗਏ ਤੇ ਲੱਭ ਕੇ ਘਰ ਲੈ ਆਏ ਤਾਂ ਜੋ ਉਹ ਆਪਣੇ ਕਪੜੇ ਬਦਲ ਲੈਂਦੀ। ਪਰ ਉਸ ਰੇਸ਼ਮੀ ਕਮੀਜ਼ ਤੋਂ ਇਲਾਵਾ, ਜਿਹੜਾ ਮਤਰੇਈ ਮਾਂ ਨੇ ਉਸ ਕੋਲੋਂ ਖੋਹ ਲਿਆ ਸੀ, ਕੁੜੀ ਕੋਲ ਹੋਰ ਕੁਝ ਵੀ ਨਹੀਂ ਸੀ। ਇਸ ਵਾਸਤੇ, ਉਸ ਕੋਲ ਪਾਟੇ ਪੁਰਾਣੇ ਕਪੜੇ ਹੀ ਰਹਿ ਗਏ ਸਨ। ਆਪਣੇ ਪਿਤਾ ਦੇ ਘਰੋਂ ਸਦਾ ਲਈ ਚਲੇ ਜਾਣ ਤੋਂ ਪਹਿਲਾਂ ਉਹ ਵੱਛੇ ਦੀਆਂ ਹੱਡੀਆਂ ਤੋਂ ਵਿਦਾਈ ਲੈਣ ਲਈ ਭੱਜੀ ਭੱਜੀ ਤੰਦੂਰ ਵੱਲ ਗਈ। ਜਦੋਂ ਉਸ ਨੇ ਤੰਦੂਰ ਵਿਚ ਝਾਤੀ ਮਾਰੀ ਤਾਂ ਉਥੇ ਹੱਡੀਆਂ ਦੀ ਥਾਂ ਸੂਹਾ ਰੇਸ਼ਮੀ ਸੂਟ ਪਿਆ ਹੋਇਆ ਸੀ ਜਿਹੜਾ ਚਾਂਦੀ ਦੀਆਂ ਤੰਦਾਂ ਨਾਲ ਸੀਤਾ ਹੋਇਆ ਸੀ ਤੇ ਸੋਨੇ ਤੇ ਨਗੀਨਿਆਂ ਨਾਲ ਸ਼ਿੰਗਾਰਿਆ ਹੋਇਆ ਸੀ।

ਜਦੋਂ ਸੁੰਦਰੀ ਅਇਬੀਬੀ ਨੂੰ ਮਹਿਲ ਵਿਚ ਲਿਆਂਦਾ ਗਿਆ ਤਾਂ ਬਾਦਸ਼ਾਹ ਨੇ ਅੱਖਾਂ ਬੰਦ ਕਰ ਲਈਆਂ ਕਿਉਂਕਿ ਉਹ ਕੁੜੀ ਦੇ ਸੁਹੱਪਣ ਨਾਲ ਚੁੰਧਿਆ ਗਈਆਂ ਸਨ। ਬਾਦਸ਼ਾਹ ਨੇ ਸ਼ਾਦੀ ਦੇ ਜਸ਼ਨ ਮਨਾਉਣ ਦਾ ਹੁਕਮ ਦਿੱਤਾ ਜਿਹੜੇ ਚਾਲੀ ਦਿਨ ਤੇ ਚਾਲੀ ਰਾਤਾਂ ਚਲਦੇ ਰਹੇ।

ਮੈਂ ਵੀ ਉਹਨਾਂ ਜਸ਼ਨਾਂ ਵਿਚ ਸ਼ਾਮਲ ਹੋਇਆ ਸਾਂ। ਮੈਨੂੰ ਭੇਡੂ ਦੇ ਪੱਟ ਦੇ ਮਾਸ ਵਾਲੇ ਪਲਾਓ ਦੀ ਥਾਲੀ ਭਰ ਕੇ ਦਿੱਤੀ ਗਈ। ਜਦੋਂ ਮੈਂ ਘਰ ਜਾ ਰਿਹਾ ਸਾਂ ਤਾਂ ਮੈਨੂੰ ਠੇਡਾ ਲੱਗ ਗਿਆ ਤੇ ਸਾਰਾ ਪਲਾਓ ਭੁੰਜੇ ਖਿਲਰ ਗਿਆ। ਓਦੋਂ ਇਕ ਕੁੱਤਾ ਦੌੜਦਾ ਦੌੜਦਾ ਆਇਆ ਤੇ ਪੱਟ ਦੇ ਮਾਸ ਦਾ ਟੁਕੜਾ ਚੁਕ ਕੇ ਲੈ ਗਿਆ। ਇੰਜ, ਮੈਂ ਉਸ ਜਸ਼ਨ ਤੋਂ ਖ਼ਾਲੀ ਪੇਟ ਹੀ ਪਰਤਿਆ।



ਗੁਲਜਹਾਂ

ਪਤਾ ਨਹੀਂ, ਇਹ ਗੱਲ ਹੋਈ ਹੈ ਜਾਂ ਨਹੀਂ ਹੋਈ, ਪਰ ਆਖਿਆ ਜਾਂਦਾ ਹੈ ਕਿ ਪੁਰਾਣਿਆਂ ਸਮਿਆਂ ਵਿਚ ਸ਼ੇਰਵਾਨਦਿਲ ਨਾਂ ਦਾ ਇਕ ਬਾਦਸ਼ਾਹ ਰਹਿੰਦਾ ਹੁੰਦਾ ਸੀ। ਦਿਨ ਵੇਲੇ ਉਹ ਆਪਣੀ ਪਰਜਾ ਦੀਆਂ ਸ਼ਿਕਾਇਤਾਂ ਸੁਣਿਆ ਕਰਦਾ ਸੀ ਤੇ ਰਾਤ ਵੇਲੇ ਫ਼ਕੀਰਾਂ ਵਾਲੇ ਕਪੜੇ ਪਾ ਕੇ ਤੇ ਆਪਣੇ ਕੁਝ ਵਜ਼ੀਰਾਂ ਨੂੰ ਨਾਲ ਲੈ ਕੇ ਘਰ ਘਰ ਜਾਂਦਾ ਹੁੰਦਾ ਸੀ ਅਤੇ ਇਹ ਸੁਣਿਆ ਕਰਦਾ ਸੀ ਕਿ ਪਰਜਾ ਉਸ ਦੇ ਬਾਰੇ ਕੀ ਕਹਿੰਦੀ ਸੀ।

ਇਕ ਵਾਰੀ ਸ਼ੇਰਵਾਨਦਿਲ ਤੇ ਉਸ ਦੇ ਦੋ ਵਜ਼ੀਰ ਕਿਸੇ ਗ਼ਰੀਬ ਦੇ ਘਰ ਚਲੇ ਗਏ ਜਿਹੜਾ ਰਾਜਧਾਨੀ ਦੇ ਸਭ ਤੋਂ ਦੁਰੇਡੇ ਸਿਰੇ ਉਤੇ ਰਹਿੰਦਾ ਸੀ ਅਤੇ ਉਥੇ ਰਾਤ ਲੰਘਾਉਣ ਲਈ ਆਗਿਆ ਮੰਗੀ। ਗ਼ਰੀਬ ਆਦਮੀ ਨੇ ਉਹਨਾਂ ਨੂੰ ਆਪਣੇ ਕਿਬੀਤਕਾ ਦੇ ਅੰਦਰ ਆ ਜਾਣ ਦਿੱਤਾ। ਮਹਿਮਾਨ ਥਾਂ ਥਾਂ ਤੋਂ ਪਾਟੇ ਨਮਦੇ ਉਤੇ ਲੰਮੇ ਪੈ ਗਏ ਅਤੇ ਸੁੱਤੇ ਹੋਣ ਦਾ ਬਹਾਨਾ ਕੀਤਾ।

ਗ਼ਰੀਬ ਆਦਮੀ ਦੀਆਂ ਤਿੰਨ ਜਵਾਨ-ਜਹਾਨ ਧੀਆਂ ਸਨ। ਇਹ ਵੇਖ ਕੇ ਕਿ ਮਹਿਮਾਨ ਸੁੱਤੇ ਹੋਏ ਸਨ, ਇਕ ਕੁੜੀ ਨੇ ਆਖਿਆ:

"ਆਓ, ਨੀ ਭੈਣੋਂ, ਆਪਣੀ ਆਪਣੀ ਇੱਛਾ ਦੱਸੀਏ।"

"ਚਲੋ," ਦੂਸਰੀਆਂ ਦੋਹਾਂ ਨੇ ਜਵਾਬ ਦਿੱਤਾ।

"ਜੇ ਮੇਰਾ ਵਿਆਹ ਉਸ ਕਿਸਾਨ ਨਾਲ ਕਰ ਦਿੱਤਾ ਜਾਵੇ, ਜਿਸ ਨਾਲ ਮੈਨੂੰ ਮੁਹੱਬਤ ਏ, ਤਾਂ ਮੈਂ ਬੜੀ ਅਸ਼ੀਲ ਤੇ ਨੇਕ ਵਹੁਟੀ ਬਣਾਂਗੀ," ਸਭ ਤੋਂ ਵੱਡੀ ਭੈਣ ਨੇ ਆਖਿਆ।

"ਮੈਂ ਕਿਸੇ ਅਮੀਰ ਸੌਦਾਗਰ ਦੀ ਬੀਵੀ ਬਣਨਾ ਚਾਹਾਂਗੀ," ਵਿਚਕਾਰਲੀ ਨੇ ਕਿਹਾ।

"ਲੈ, ਇਹ ਵੀ ਕੋਈ ਇੱਛਾ ਹੋਈ, ਭਲਾ?" ਛੋਟੀ ਭੈਣ ਗੁਲਜਹਾਂ ਨੇ ਆਖਿਆ। "ਜੇ ਮੈਂ ਸ਼ੇਰਵਾਨਦਿਲ ਦੀ ਵਹੁਟੀ ਬਣ ਜਾਂਦੀ ਤਾਂ ਉਸ ਦੀ ਸਾਰੀ ਦੌਲਤ ਗ਼ਰੀਬਾਂ ਵਿਚ ਵੰਡ ਦਿੰਦੀ, ਤੇ ਜਦੋਂ ਮੈਂ ਮਹਿਲ ਵਿਚੋਂ ਨਿਕਲਦੀ ਤਾਂ ਬਾਦਸ਼ਾਹ ਆਪ ਮੇਰੇ ਪੈਰੀਂ ਜੁੱਤੀ ਪਾਉਂਦਾ ਤੇ ਜਦੋਂ ਵਾਪਸ ਆਉਂਦੀ ਤਾਂ ਵੀ ਆਪ ਹੀ ਲਾਹੁੰਦਾ।"

ਜਦੋਂ ਸਵੇਰ ਹੋਈ ਤਾਂ ਸ਼ੇਰਵਾਨਦਿਲ ਨੇ ਘਰ ਦੇ ਮਾਲਕ ਕੋਲੋਂ ਵਿਦਾਈ ਲਈ ਤੇ ਛੇਤੀ ਛੇਤੀ ਆਪਣੇ ਮਹਿਲ ਵਿਚ ਪਹੁੰਚ ਗਿਆ। ਉਸ ਨੇ ਆਪਣੇ ਅਹਿਲਕਾਰਾਂ ਨੂੰ ਸੱਦਿਆ ਤੇ ਗ਼ਰੀਬ ਦੀਆਂ ਧੀਆਂ ਨੂੰ ਲਿਆਉਣ ਦਾ ਹੁਕਮ ਦਿਤਾ।

"ਅੱਛਾ, ਸੁੰਦਰੀਓ," ਜਦੋਂ ਕੁੜੀਆਂ ਮਹਿਲ ਵਿਚ ਲਿਆਂਦੀਆਂ ਗਈਆਂ ਤਾਂ ਬਾਦਸ਼ਾਹ ਨੇ ਉਹਨਾਂ ਨੂੰ ਸੰਬੋਧਨ ਕਰਦਿਆਂ ਆਖਿਆ, "ਹੁਣ ਮੈਂ ਤੁਹਾਡੇ ਕੋਲੋਂ ਕੁਝ ਸਵਾਲ ਪੁੱਛਾਂਗਾ, ਜਿਨ੍ਹਾਂ ਦਾ ਤੁਹਾਨੂੰ ਜਵਾਬ

ਦੇਣਾ ਪਵੇਗਾ। ਪਰ ਸੱਚ ਸੱਚ ਬੋਲਣਾ। ਅੱਛਾ, ਇਹ ਦੱਸੋ: ਕੱਲ ਸ਼ਾਮੀਂ ਤੁਸੀਂ ਆਪਸ ਵਿਚ ਕਿਹੜੀਆਂ ਗੱਲਾਂ ਕੀਤੀਆਂ ਸਨ?"

"ਮੈਂ ਇਹ ਆਖਿਆ ਸੀ ਕਿ ਮੈਂ ਉਸ ਕਿਸਾਨ ਦੀ ਬੀਵੀ ਬਣਨਾ ਚਾਹਾਂਗੀ, ਜਿਸ ਨਾਲ ਮੈਨੂੰ ਮੁਹੱਬਤ ਏ," ਵੱਡੀ ਭੈਣ ਨੇ ਆਖਿਆ।

ਬਾਦਸ਼ਾਹ ਨੇ ਉਸ ਕਿਸਾਨ ਦੇ ਥਾਂ-ਟਿਕਾਣੇ ਦਾ ਪਤਾ ਕੀਤਾ, ਉਸ ਨੂੰ ਬੁਲਾਇਆ ਤੇ ਵੱਡੀ ਭੈਣ ਨੂੰ ਉਸ ਆਦਮੀ ਨਾਲ ਰਹਿ ਕੇ ਸੁਖੀ ਜੀਵਨ ਬਿਤਾਉਣ ਦੀ ਅਸੀਸ ਦਿੱਤੀ।

"ਤੇ ਤੂੰ ਕੀ ਆਖਿਆ ਸੀ?" ਬਾਦਸ਼ਾਹ ਨੇ ਵਿਚਕਾਰਲੀ ਭੈਣ ਨੂੰ ਪੁੱਛਿਆ।

"ਮੈਂ ਆਖਿਆ ਸੀ ਕਿ ਇਕ ਅਮੀਰ ਸੌਦਾਗਰ ਨਾਲ ਵਿਆਹ ਕਰਾਉਣਾ ਚਾਹਾਂਗੀ।" ਵਿਚਕਾਰਲੀ ਭੈਣ ਨੇ ਜਵਾਬ ਦਿੱਤਾ।

ਬਾਦਸ਼ਾਹ ਨੇ ਉਸ ਸੌਦਾਗਰ ਦੇ ਥਾਂ-ਟਿਕਾਣੇ ਦਾ ਵੀ ਪਤਾ ਕਰ ਲਿਆ ਅਤੇ ਉਸ ਨੂੰ ਸੱਦ ਕੇ ਕੁੜੀ ਨੂੰ ਸੁਖੀ ਜੀਵਨ ਦੀਆਂ ਸ਼ੁਭ-ਕਾਮਨਾਵਾਂ ਦਿੱਤੀਆਂ।

"ਚੰਗਾ, ਤੇ ਹੁਣ ਤੂੰ ਦੱਸ ਕਿ ਤੂੰ ਕੀ ਆਖਿਆ ਸੀ?" ਬਾਦਸ਼ਾਹ ਨੇ ਗੁਲਜਹਾਂ ਨੂੰ ਪੁੱਛਿਆ।

"ਬਾਦਸ਼ਾਹ ਸਲਾਮਤ, ਮੈਂ ਇਹ ਗੱਲ ਕਹਿਣ ਦੀ ਹਿੰਮਤ ਕੀਤੀ ਸੀ ਕਿ ਜੇ ਮੈਂ ਤੁਹਾਡੀ ਬੇਗਮ ਹੁੰਦੀ ਤਾਂ ਸਾਰੀ ਦੌਲਤ ਗ਼ਰੀਬਾਂ ਵਿਚ ਵੰਡ ਦਿੰਦੀ, ਅਤੇ ਜਦੋਂ ਮੈਂ ਮਹਿਲ ਵਿਚੋਂ ਬਾਹਰ ਨਿਕਲਦੀ ਤਾਂ ਬਾਦਸ਼ਾਹ ਆਪ ਮੇਰੇ ਪੈਰੀਂ ਜੁੱਤੀ ਪਾਉਂਦਾ ਤੇ ਜਦੋਂ ਵਾਪਸ ਆਉਂਦੀ ਤਾਂ ਵੀ ਆਪ ਹੀ ਲਾਹੁੰਦਾ।"

"ਮੈਂ ਤੇਰੀ ਹਰ ਮੁਰਾਦ ਪੂਰੀ ਕਰਨ ਲਈ ਤਿਆਰ ਹੁੰਦਾ," ਬਾਦਸ਼ਾਹ ਨੇ ਆਖਿਆ, "ਪਰ ਜਿਥੋਂ ਤਕ ਜੁੱਤੀ ਪਾਉਣ ਤੇ ਲਾਹੁਣ ਦਾ ਸਵਾਲ ਏ... ਤੂੰ ਕੁਝ ਬਹੁਤਾ ਹੀ ਚਾਹੁੰਦੀ ਏਂ..."

ਉਸ ਨੇ ਜਲਾਦ ਨੂੰ ਬੁਲਾਇਆ ਤੇ ਹੁਕਮ ਦਿੱਤਾ:

"ਇਹਦਾ ਸਿਰ ਕਲਮ ਕਰ ਦਿੱਤਾ ਜਾਵੇ!"

"ਓ ਬਾਦਸ਼ਾਹਾਂ ਦੇ ਬਾਦਸ਼ਾਹ," ਵਜ਼ੀਰਾਂ ਨੇ ਆਖਿਆ, "ਉਹ ਅਜੇ ਨਿਆਣੀ ਤੇ ਬੇਸਮਝ ਏ, ਇਸ ਵਾਸਤੇ, ਉਹਦੀ ਜਾਨ ਬਖ਼ਸ਼ ਦੇ ਤੇ ਉਸ ਨੂੰ ਰੇਗਿਸਤਾਨ ਵਿਚ ਛੱਡ ਆਉਣ ਦਾ ਹੁਕਮ ਦੇ। ਉਥੇ ਜੇ ਇਹ ਬਚ ਸਕਦੀ ਏ ਤਾਂ ਬਚ ਜਾਵੇ, ਜੇ ਨਹੀਂ, ਤਾਂ ਮਰ ਜਾਵੇ।"

ਬਾਦਸ਼ਾਹ ਰਾਜ਼ੀ ਹੋ ਗਿਆ।

ਗੁਲਜਹਾਂ ਰੇਗਿਸਤਾਨ ਵਿਚ ਦਿਨ ਰਾਤ ਰੋਂਦੀ ਕੁਰਲਾਂਦੀ ਰਹਿੰਦੀ। ਉਹ ਸਵੇਰ ਹੋਣ ਉਤੇ ਆਪਣੇ ਅੱਥਰੂ ਪੂੰਝਦੀ ਤੇ ਜਿਧਰ ਧਿਆਨ ਜਾਂਦਾ ਉਧਰ ਹੀ ਤੁਰ ਪੈਂਦੀ। ਪਤਾ ਨਹੀਂ ਇਹ ਸਿਲਸਿਲਾ ਬਹੁਤਾ ਜਾਂ ਥੋੜ੍ਹਾ ਚਿਰ ਜਾਰੀ ਰਿਹਾ। ਤੁਰ ਤੁਰ ਕੇ ਉਸ ਦੇ ਪੈਰ ਸੁੱਜ ਗਏ ਸਨ, ਧੁੱਪ ਨਾਲ ਚਿਹਰਾ ਕਾਲਾ ਹੋ ਗਿਆ ਸੀ ਅਤੇ ਪਿਆਸ ਕਾਰਨ ਬੁੱਲ੍ਹ ਪਾਟ ਗਏ ਸਨ। ਜਦੋਂ ਉਸ ਨੂੰ ਬਚਣ ਦੀ ਕੋਈ ਆਸ ਨਾ ਰਹੀ ਤਾਂ ਉਸ ਦੇ ਰਾਹ ਵਿਚ ਇਕ ਦਰਖ਼ਤ ਆਇਆ ਜਿਸ ਦੀ ਛਾਂ ਹੇਠ ਇਕ ਛੋਟਾ ਜਿਹਾ ਨਾਲਾ ਕਲ-ਕਲ ਕਰ ਰਿਹਾ ਸੀ।

ਗੁਲਜਹਾਂ ਨੇ ਰੱਜ ਕੇ ਪਾਣੀ ਪੀਤਾ ਤੇ ਆਰਾਮ ਕਰਨ ਲਈ ਲੰਮੀ ਪੈ ਗਈ। ਉਸ ਨੂੰ ਪਤਾ ਵੀ ਨਾ ਲੱਗਾ ਕਿ ਕਦੋਂ ਉਸ ਦੀ ਅੱਖ ਲੱਗ ਗਈ ਸੀ।

ਰਾਤੀਂ ਕੁਝ ਆਵਾਜ਼ਾਂ ਆਈਆਂ ਤੇ ਉਸ ਦੀ ਅੱਖ ਖੁਲ੍ਹ ਗਈ। ਉਹ ਬਿੜਕਾਂ ਲੈਣ ਲੱਗੀ। ਦਰਅਸਲ, ਦਰਖ਼ਤ ਉਤੇ ਬੈਠੀਆਂ ਚਿੜੀਆਂ ਆਪਸ ਵਿਚ ਗੱਲਾਂ ਕਰ ਰਹੀਆਂ ਸਨ।

"ਨੀ ਸਈਓ, ਤੁਸੀਂ ਦਰਖ਼ਤ ਹੇਠਾਂ ਸੁੱਤੀ ਕੁੜੀ ਨੂੰ ਵੇਖਦੀਆਂ ਹੋ?" ਇਕ ਚਿੜੀ ਨੇ ਪੁੱਛਿਆ।

"ਵੇਖਦੀਆਂ ਹਾਂ!... ਵੇਖਦੀਆਂ ਹਾਂ!" ਦੂਸਰੀਆਂ ਨੇ ਜਵਾਬ ਦਿੱਤਾ।

"ਇਸ ਵਿਚਾਰੀ ਨੂੰ ਬਾਦਸ਼ਾਹ ਸ਼ੇਰਵਾਨਦਿਲ ਬਦਲੇ ਓਦੋਂ ਤਕ ਏਨੇ ਕਸ਼ਟ ਝਲਣੇ ਪਏ ਨੇ, ਜਦ ਤਕ ਕਿ ਉਹ ਆਪਣੀ ਮਾਲਕੀ ਦੇ ਇਲਾਕੇ ਵਿਚ ਨਹੀਂ ਪਹੁੰਚ ਗਈ।"

"ਹੈਂ, ਇਹ ਉਹਦੀ ਮਾਲਕੀ ਏ?"

"ਹਾਂ, ਇਹ ਉਸ ਬਾਦਸ਼ਾਹ ਨੇ ਉਹਦੇ ਨਾਂ ਲਾਈ ਸੀ ਜਿਹੜਾ ਹਜ਼ਰਤ ਨੂਹ ਦੇ ਜ਼ਮਾਨੇ ਵਿਚ ਰਹਿੰਦਾ ਹੁੰਦਾ ਸੀ। ਐਥੇ, ਇਸ ਦਰਖ਼ਤ ਤੋਂ ਚਾਲੀ ਕਦਮਾਂ ਦੀ ਵਿੱਥ ਉਤੇ, ਪੂਰਬ ਦੀ ਦਿਸ਼ਾ ਵਿਚ ਇਕ ਵੱਡਾ ਖ਼ਜ਼ਾਨਾ ਦੱਬਿਆ ਹੋਇਐ। ਸਾਰੇ ਖ਼ਜ਼ਾਨੇ ਦੀ ਮਾਲਕਣ ਇਹ ਕੁੜੀ ਏ। ਜਿਥੇ ਖ਼ਜ਼ਾਨਾ ਦੱਬਿਆ ਹੋਇਐ ਉਸ ਥਾਂ ਰੱਖੇ ਹੋਏ ਪੱਥਰ ਉਤੇ ਲਿਖਿਆ ਹੋਇਐ: "ਗੁਲਜਹਾਂ"। ਤੇ ਪਹਾੜਾਂ ਵਿਚ, ਸਾਡੇ ਦਰਖ਼ਤ ਹੇਠੋਂ ਦੀ ਵਗਣ ਵਾਲੇ ਨਾਲੇ ਦੇ ਮੁੱਢ ਲਾਗੇ ਇਕ ਬਾਗ਼ ਏ, ਜਿਸ ਵਿਚ ਇਕ ਮਹਿਲ ਏ। ਏਨਾ ਸੁਹਣਾ ਮਹਿਲ ਦੁਨੀਆ ਵਿਚ ਹੋਰ ਕਿਤੇ ਵੀ ਨਹੀਂ।"

ਏਨਾ ਕਹਿ ਕੇ ਚਿੜੀਆਂ ਨੇ ਪਰ ਫੈਲਾਏ ਤੇ ਉੱਡ ਗਈਆਂ।

ਸਰਘੀ ਵੇਲਾ ਹੋਇਆ ਹੀ ਸੀ ਕਿ ਗੁਲਜਹਾਂ ਤੁਰ ਪਈ। ਚਾਲੀ ਕਦਮ ਪੁੱਟਣ ਮਗਰੋਂ ਉਸ ਨੇ ਦਰਖ਼ਤ ਨਾਲੋਂ ਤੋੜੀ ਇਕ ਸੁੱਕੀ ਮੁੱਢੀ ਨਾਲ ਜ਼ਮੀਨ ਪੁੱਟਣੀ ਸ਼ੁਰੂ ਕਰ ਦਿੱਤੀ। ਛੇਤੀ ਹੀ ਉਸ ਨੂੰ ਉਹ ਪੱਥਰ ਮਿਲ ਗਿਆ ਜਿਸ ਉਤੇ ਗੁਲਜਹਾਂ ਦਾ ਨਾਂ ਲਿਖਿਆ ਹੋਇਆ ਸੀ। ਉਸ ਨੇ ਪੱਥਰ ਨੂੰ ਸੌਖਿਆਂ ਹੀ ਚੁੱਕ ਲਿਆ। ਉਸ ਹੇਠਾਂ ਏਨਾ ਵੱਡਾ ਖ਼ਜ਼ਾਨਾ ਪਿਆ ਹੋਇਆ ਸੀ ਜਿਸ ਬਾਰੇ ਨਾ ਕਿਸੇ ਨੇ ਸੁਣਿਆ ਸੀ ਤੇ ਨਾ ਕਿਸੇ ਨੇ ਲਿਖਿਆ ਸੀ। ਪੱਥਰ ਨੂੰ ਉਥੇ ਹੀ ਰਖ ਕੇ ਉਹ ਬਾਗ਼ ਅਤੇ ਮਹਿਲ ਢੂੰਡਣ ਤੁਰ ਪਈ।

ਪਤਾ ਨਹੀਂ ਬਹੁਤਾ ਜਾਂ ਥੋੜ੍ਹਾ ਚਿਰ, ਪਰ ਗੁਲਜਹਾਂ ਉਸ ਨਾਲੇ ਦੇ ਵਹਾ ਦੇ ਉਲਟ, ਜਿਸ ਦੇ ਕੰਢੇ ਲਾਗੇ ਉਹ ਸੁੱਤੀ ਸੀ, ਤੁਰਦੀ ਗਈ, ਤੁਰਦੀ ਗਈ, ਤੇ ਆਖ਼ਿਰਕਾਰ, ਇਕ ਗੁਫ਼ਾ ਸਾਮ੍ਹਣੇ ਪਹੁੰਚ ਗਈ। ਗੁਫ਼ਾ ਲੰਘ ਕੇ ਉਹ ਇਕ ਬੜੇ ਹੀ ਸੁਹਣੇ ਬਾਗ਼ ਵਿਚ ਅੱਪੜ ਗਈ। ਉਸ ਨੂੰ ਏਨਾ ਚਾਅ ਚੜ੍ਹ ਗਿਆ ਕਿ ਉਸ ਦੀ ਨਜ਼ਰ ਕਿਸੇ ਇਕ ਚੀਜ਼ ਉਤੇ ਟਿਕਦੀ ਹੀ ਨਹੀਂ ਸੀ: ਆਲੇ ਦੁਆਲੇ ਫੁੱਲ ਮਹਿਕਾਂ ਛੱਡ ਰਹੇ ਸਨ, ਕੋਇਲਾਂ ਗੀਤ ਗਾ ਰਹੀਆਂ ਤੇ ਫ਼ੁਹਾਰੇ ਕਲ-ਕਲ ਕਰ ਰਹੇ ਸਨ। ਗੁਲਜਹਾਂ ਨੇ ਇਸ਼ਨਾਨ ਕੀਤਾ ਤੇ ਅੱਗੇ ਤੁਰ ਪਈ। ਦਰਖ਼ਤਾਂ ਦੇ ਝੁੰਡ ਪਿਛੇ ਇਕ ਮਹਿਲ ਵਿਖਾਈ ਦੇ ਰਿਹਾ ਸੀ ਜਿਸ ਦੀ ਸੁੰਦਰਤਾ ਬਿਆਨੋਂ ਬਾਹਰੀ ਸੀ। ਉਹ ਮਹਿਲ ਦੇ ਸਾਰੇ ਕਮਰਿਆਂ ਵਿਚ ਗਈ ਜਿਹੜੇ ਬੜੇ ਹੀ ਅਲੀਸ਼ਾਨ ਸਨ। ਗੁਲਜਹਾਂ ਫਿਰ ਬਾਗ਼ ਵਿਚ ਆ ਗਈ। ਏਨੇ ਨੂੰ ਇਕ ਬੁਢੜੀ ਉਸ ਕੋਲ ਆਈ।

"ਤੂੰ ਕਿਥੋਂ ਆਈ ਏਂ, ਨੱਢੀਏ?" ਉਸ ਨੇ ਗੁਲਜਹਾਂ ਨੂੰ ਪੁੱਛਿਆ। "ਅੱਜ ਤਕ ਇਥੇ ਕਿਸੇ ਵੀ ਮਨੁੱਖ ਦਾ ਪੈਰ ਨਹੀਂ ਪਿਆ।"

"ਮੈਂ ਗੁਲਜਹਾਂ ਹਾਂ।"

"ਸਲਾਮ ਏ, ਮੇਰੀਏ ਬੱਚੜੀਏ," ਬੁਢੜੀ ਖ਼ੁਸ਼ ਹੋ ਗਈ। "ਮੈਂ ਕਿੰਨੇ ਸਾਲਾਂ ਤੋਂ ਤੇਰੀ ਉਡੀਕ ਕਰਦੀ ਰਹੀ ਹਾਂ। ਤੂੰ, ਮੇਰੀਏ ਲਾਡੋ, ਆਖ਼ਿਰਕਾਰ, ਆ ਹੀ ਗਈ ਏਂ। ਆ, ਮੈਂ ਤੈਨੂੰ ਤੇਰਾ ਵਿਰਸਾ ਵਿਖਾਵਾਂ ਤੇ ਚਾਬੀ ਤੇਰੇ ਹਵਾਲੇ ਕਰਾਂ। ਹੁਣ ਤੋਂ ਤੂੰ ਹੀ ਇਸ ਸਭ ਕਾਸੇ ਦੀ ਮਾਲਕ ਏਂ।"

ਬੁੱਢੜੀ ਗੁਲਜਹਾਂ ਨੂੰ ਇਕ ਕਮਰੇ ਵਿਚ ਲੈ ਗਈ, ਉਸ ਨੂੰ ਵਿਖਾਇਆ ਕਿ ਉਸ ਦੇ ਵਸਤਰ ਕਿਥੇ ਤੇ ਕਿਹੋ ਜਿਹੇ ਸਨ। ਅਗਲੇ ਦਿਨ ਗੁਲਜਹਾਂ ਘੋੜੇ ਉਤੇ ਸਵਾਰ ਹੋ ਕੇ ਤੇ ਮਰਦਾਨਾ ਕਪੜੇ ਪਾ ਕੇ ਉਸ ਦੇਸ ਦੇ ਬਾਦਸ਼ਾਹ ਕੋਲ ਚਲੀ ਗਈ।

ਅਹਿਲਕਾਰਾਂ ਨੇ ਬਾਦਸ਼ਾਹ ਨੂੰ ਜਾ ਖ਼ਬਰ ਕੀਤੀ ਕਿ ਕਿਸੇ ਦੁਰੇਡੇ ਦੇਸ ਤੋਂ ਕੋਈ ਅਮੀਰ ਸੌਦਾਗਰ ਆਇਆ ਹੋਇਆ ਹੈ। ਇਹ ਸੁਣ ਕੇ ਬਾਦਸ਼ਾਹ ਨੇ ਤੁਰਤ ਹੁਕਮ ਦਿੱਤਾ: "ਪਤਵੰਤੇ ਮਹਿਮਾਨ ਨੂੰ ਬੁਲਾ ਲਿਆਓ!"

ਗੁਲਜਹਾਂ ਮਹਿਲ ਵਿਚ ਦਾਖ਼ਲ ਹੋਈ, ਬਾਦਸ਼ਾਹ ਨੂੰ ਸਲਾਮ ਕੀਤੀ ਤੇ ਸੁਗਾਤਾਂ ਦਿੱਤੀਆਂ।

"ਤੂੰ ਕਿਥੋਂ ਆਇਆ ਏਂ, ਭਲਿਆ ਲੋਕਾ?" ਬਾਦਸ਼ਾਹ ਨੇ ਪੁੱਛਿਆ। "ਤੇ ਤੈਨੂੰ ਸਾਡੇ ਦੇਸ ਵਿਚ ਕਿਹੜਾ ਕੰਮ ਪੈ ਗਿਐ?"

"ਮੈਂ ਸੌਦਾਗਰ ਹਾਂ," ਗੁਲਜਹਾਂ ਨੇ ਆਖਿਆ।" ਮੇਰਾ ਅੱਬਾ ਮੇਰੇ ਵਾਸਤੇ ਭਾਰੀ ਦੌਲਤ ਛੱਡ ਗਿਐ, ਤੇ ਮੈਂ ਖੇਤੀ ਦਾ ਕੰਮ ਕਰਨਾ ਚਾਹੁੰਦਾ ਹਾਂ। ਤੁਹਾਡੇ ਦੇਸ ਵਿਚ ਇਕ ਰੱਕੜ, ਉਜਾੜ ਸਟੈਪੀ ਏ। ਤੁਸੀਂ ਇਹ ਮੇਰੇ ਕੋਲ ਵੇਚ ਦੇਵੋ ਤੇ ਮੈਂ ਇਸ ਉਜਾੜ ਭੋਂ ਨੂੰ ਬਹਿਸ਼ਤ ਵਿਚ ਬਦਲ ਦਿਆਂਗਾ।"

"ਚੰਗਾ ਫਿਰ, ਇਹ ਤਾਂ ਬੜੇ ਕੰਮ ਦੀ ਗੱਲ ਏ," ਥੋੜ੍ਹਾ-ਕੁ ਸੋਚਣ ਮਗਰੋਂ ਬਾਦਸ਼ਾਹ ਨੇ ਆਖਿਆ। "ਹੁਣ ਤੁਸੀਂ ਆਰਾਮ ਕਰੋ ਤੇ ਮੈਂ ਓਨਾ ਚਿਰ ਆਪਣੇ ਵਜ਼ੀਰਾਂ ਤੇ ਵਕੀਲਾਂ ਨਾਲ ਸਲਾਹ-ਮਸ਼ਵਰਾ ਕਰ ਲੈਂਦਾ ਹਾਂ, ਜਿਸ ਮਗਰੋਂ ਅਸੀਂ ਆਪਣਾ ਫੈਸਲਾ ਸੁਣਾਵਾਂਗੇ।"

ਅਗਲੇ ਦਿਨ ਬਾਦਸ਼ਾਹ ਨੇ ਗੁਲਜਹਾਂ ਨੂੰ ਫਿਰ ਸੱਦਾ ਭੇਜਿਆ ਤੇ ਸਟੈਪੀ ਦਾ ਮੁੱਲ ਦੱਸ ਦਿੱਤਾ—ਇਕ ਹਜ਼ਾਰ ਤੁਮੇਨ*। ਗੁਲਜਹਾਂ ਨੇ ਰਕਮ ਗਿਣੀ ਤੇ ਬਾਦਸ਼ਾਹ ਨੂੰ ਦੇ ਦਿੱਤੀ।

"ਮੇਰੀ ਇਕ ਹੋਰ ਅਰਜ਼ ਏ, ਬਾਦਸ਼ਾਹਾਂ ਦੇ ਬਾਦਸ਼ਾਹ," ਉਸ ਨੇ ਆਖਿਆ। "ਤੁਹਾਡੀ ਰਾਜਧਾਨੀ ਵਿਚ ਕਈ ਬੜੇ ਬੜੇ ਕਾਰੀਗਰ ਤੇ ਵਧੀਆ ਕਾਮੇ ਨੇ। ਜੇ ਤੁਹਾਡਾ ਹੁਕਮ ਹੋਵੇ ਤਾਂ ਉਹਨਾਂ ਵਿਚੋਂ ਕੁਝ ਨੂੰ ਮੈਂ ਆਪਣੇ ਨਾਲ ਲੈ ਜਾਂਦਾ ਹਾਂ।"

ਬਾਦਸ਼ਾਹ ਨੇ ਕਾਰੀਗਰ ਤੇ ਕਾਮੇ ਲੈ ਜਾਣ ਦੀ ਦਿਲ ਖੋਲ੍ਹ ਕੇ ਆਗਿਆ ਦੇ ਦਿੱਤੀ।

ਗੁਲਜਹਾਂ ਮਹਿਲ ਵਿਚੋਂ ਨਿਕਲ ਕੇ ਬਾਜ਼ਾਰ ਚਲੀ ਗਈ। ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਕਿ ਇਕ ਸੌਦਾਗਰ ਆਇਆ ਹੋਇਆ ਹੈ ਜਿਹੜਾ ਉਹਨਾਂ ਕਾਰੀਗਰਾਂ ਤੇ ਕਾਮਿਆਂ ਨੂੰ ਚੰਗੀਆਂ ਤੋਂ ਚੰਗੀਆਂ ਉਜਰਤਾਂ ਦੇਣ ਦਾ ਵਾਅਦਾ ਕਰਦਾ ਹੈ ਜਿਹੜੇ ਸਟੈਪੀ ਵਿਚ ਨਵਾਂ ਸ਼ਹਿਰ ਉਸਾਰਨ ਲਈ ਜਾਣਗੇ। ਸ਼ਾਮ ਤਕ ਲੋੜੀਂਦੇ ਚਾਹਵਾਨ ਕਾਰੀਗਰ ਤੇ ਕਾਮੇ ਇਕੱਠੇ ਹੋ ਗਏ। ਗੁਲਜਹਾਂ ਨੇ ਕੁਝ ਡੰਗਰ ਤੇ ਲੋੜੀਂਦਾ ਸਾਮਾਨ ਖਰੀਦਿਆ, ਬਾਦਸ਼ਾਹ ਨੂੰ ਅਲਵਿਦਾ ਆਖਿਆ ਤੇ ਕਾਰੀਗਰਾਂ ਕਾਮਿਆਂ ਨੂੰ ਲੈ ਕੇ ਅੱਗੇ ਅੱਗੇ ਤੁਰ ਪਈ।

ਪਤਾ ਨਹੀਂ, ਉਹ ਬਹੁਤਾ ਜਾਂ ਥੋੜ੍ਹਾ ਚਿਰ ਤੁਰਦੇ ਗਏ, ਪਰ ਅਖ਼ੀਰ ਉਹ ਉਸ ਦਰਖ਼ਤ ਕੋਲ ਪਹੁੰਚ ਗਏ ਜਿੱਥੇ ਗੁਲਜਹਾਂ ਨੇ ਚਿੜੀਆਂ ਨੂੰ ਗੱਲਾਂ ਕਰਦਿਆਂ ਸੁਣਿਆ ਸੀ ਤੇ ਜਿਥੇ ਉਸ ਦਾ ਖ਼ਜ਼ਾਨਾ ਦੱਬਿਆ ਹੋਇਆ ਸੀ।

ਆਰਾਮ ਕਰਨ ਮਗਰੋਂ ਲੋਕਾਂ ਨੇ ਕੰਮ ਅਰੰਭ ਦਿੱਤਾ। ਬੇਹਤਰੀਨ ਕਾਰੀਗਰਾਂ ਨੇ ਗੁਲਜਹਾਂ ਵਾਸਤੇ ਮਹਿਲ ਉਸਾਰਨਾ ਸ਼ੁਰੂ ਕਰ ਦਿੱਤਾ, ਪੁਟਾਈ ਕਾਮੇ ਪਹਾੜਾਂ ਹੇਠੋਂ ਪਾਣੀ ਲਿਆਉਣ ਵਾਸਤੇ ਸੁਰੰਗਾਂ ਪੁਟਣ ਲੱਗ ਪਏ।

ਗੁਲਜਹਾਂ ਨੇ ਸ਼ੇਰਵਾਨਦਿਲ ਦੇ ਮਹਿਲ ਨਾਲੋਂ ਵੀ ਸੁਹਣਾ ਮਹਿਲ ਬਣਾਉਣ ਦਾ ਫੈਸਲਾ ਕੀਤਾ। ਜੇ ਸ਼ੇਰਵਾਨਦਿਲ ਦੇ ਮਹਿਲ ਦੇ ਸੱਤ ਦਰਵਾਜ਼ੇ ਸਨ ਤਾਂ ਗੁਲਜਹਾਂ ਦੇ ਮਹਿਲ ਦੇ ਅੱਠ ਦਰਵਾਜ਼ੇ ਹੋਣਗੇ, ਜੇ ਪਹਿਲੇ ਦੇ ਮੁਖ ਦਵਾਰ ਦੇ ਸੱਤ ਥੰਮ ਸਨ ਤਾਂ ਨਵੇਂ ਦੇ ਅੱਠ ਥੰਮ ਹੋਣਗੇ। ਸ਼ੇਰਵਾਨਦਿਲ ਦਾ ਮਹਿਲ ਇੱਟਾਂ

* ਉਹਨਾਂ ਵੇਲਿਆਂ ਵਿਚ ਪ੍ਰਚਲਤ ਸਿੱਕੇ ਦਾ ਨਾਂ।—ਸੰਪਾ:

ਦਾ ਬਣਿਆ ਹੋਇਆ ਸੀ ਜਦ ਕਿ ਗੁਲਜਹਾਂ ਦਾ ਮਹਿਲ ਪੱਥਰ ਦੀਆਂ ਸਿਲਾਂ ਦਾ ਹੋਵੇਗਾ।

ਗੁਲਜਹਾਂ ਦਾ ਮਹਿਲ ਕੁਝ ਹੀ ਦਿਨਾਂ ਵਿਚ ਬਣ ਕੇ ਤਿਆਰ ਹੋ ਗਿਆ। ਮਹਿਲ ਏਨਾ ਸੁਹਣਾ ਸੀ ਕਿ ਬੰਦਾ ਵੇਖਦਿਆਂ ਰੱਜਦਾ ਹੀ ਨਹੀਂ ਸੀ। ਮਹਿਲ ਦੇ ਆਲੇ ਦੁਆਲੇ ਬਾਗ਼ ਲਾ ਦਿੱਤਾ ਗਿਆ, ਤਲਾਅ, ਫੁਹਾਰੇ ਤੇ ਮੰਡਪ ਬਣਾ ਦਿੱਤੇ ਗਏ, ਫੁਲਵਾੜੀਆਂ ਲਗਾ ਦਿੱਤੀਆਂ ਗਈਆਂ।

ਜਦੋਂ ਪੂਰਾ ਸ਼ਹਿਰ ਉਸਰ ਗਿਆ ਤਾਂ ਗੁਲਜਹਾਂ ਨੇ ਲੋਕਾਂ ਨੂੰ ਇਕੱਠਿਆਂ ਕੀਤਾ ਤੇ ਆਖਿਆ:

"ਤੇ ਹੁਣ, ਤੁਹਾਡੇ ਵਿਚੋਂ ਜਿਹੜਾ ਕੋਈ ਵੀ ਚਾਹਵੇ ਆਪਣੇ ਪਰਿਵਾਰ ਨੂੰ ਲਿਆ ਕੇ ਇਸ ਸ਼ਹਿਰ ਵਿਚ ਵੱਸ ਸਕਦਾ ਏ। ਤੇ ਉਥੇ ਜਿਸ ਕਿਸੇ ਨੂੰ ਵੀ ਮਿਲੋ, ਸਾਡੇ ਸ਼ਹਿਰ ਵਿਚ ਆ ਕੇ ਵਸ ਜਾਣ ਲਈ ਆਖੋ।"

ਨੇਕ ਸੌਦਾਗਰ ਦੀਆਂ ਧੁੰਮਾਂ ਦੂਰ ਦੂਰ ਪੈਣ ਲੱਗ ਪਈਆਂ ਅਤੇ ਸਭਨਾਂ ਦਿਸ਼ਾਵਾਂ ਵਿਚੋਂ ਲੋਕ ਨਵੇਂ ਸ਼ਹਿਰ ਵਿਚ ਆ ਕੇ ਵਸਣ ਲੱਗ ਪਏ। ਸ਼ਹਿਰ ਦਾ ਪਸਾਰ ਹੋਣ ਲੱਗਾ, ਉਸ ਦੀ ਨੁਹਾਰ ਨਿਖਰਨ ਲੱਗੀ। ਲੋਕਾਂ ਕੋਲ ਧੰਨ ਦੌਲਤ ਤੇ ਖੁਸ਼ੀਆਂ ਦੀ ਕੋਈ ਕਮੀ ਨਹੀਂ ਸੀ। ਛੇਤੀ ਹੀ ਪਰਜਾ ਨੇ ਗੁਲਜਹਾਂ ਨੂੰ ਆਪਣਾ ਬਾਦਸ਼ਾਹ ਬਣਾ ਲਿਆ।

ਤੇ ਹੁਣ ਅਸੀਂ ਸ਼ੇਰਵਾਨਦਿਲ ਵੱਲ ਪਰਤਦੇ ਹਾਂ।

ਉਸ ਦਾ ਇਕ ਅਸੂਲ ਸੀ ਕਿ ਜੇ ਕੋਈ ਗ਼ਰੀਬ ਆਦਮੀ ਉਸ ਦੇ ਮਹਿਲ ਦੇ ਸੱਤ ਦੇ ਸੱਤ ਦਰਵਾਜ਼ੇ ਵੇਖ ਕੇ ਉਸ ਕੋਲ ਆ ਜਾਂਦਾ ਤਾਂ ਉਹ ਯਾਦ ਵਜੋਂ ਉਸ ਨੂੰ ਕੋਈ ਸੁਗਾਤ ਦਿੰਦਾ ਸੀ। ਗੁਲਜਹਾਂ ਨੂੰ ਇਸ ਗੱਲ ਦਾ ਪਤਾ ਸੀ। ਇਕ ਵਾਰੀ ਉਸ ਨੇ ਆਪਣੇ ਵੱਡੇ ਵਜ਼ੀਰ ਨੂੰ ਬੁਲਾਇਆ ਤੇ ਆਖਿਆ:

"ਮੇਰੇ ਵਜ਼ੀਰ, ਤੈਨੂੰ ਸ਼ੇਰਵਾਨਦਿਲ ਕੋਲ ਜਾਣਾ ਚਾਹੀਦੈ। ਜਦੋਂ ਉਸ ਦੇ ਸ਼ਹਿਰ ਲਾਗੇ ਪਹੁੰਚ ਜਾਵੇਂ ਤਾਂ ਫ਼ਕੀਰਾਂ ਵਰਗੇ ਕਪੜੇ ਪਾ ਲਵੀਂ ਤੇ ਮਹਿਲ ਦੇ ਸੱਤੇ ਦਰਵਾਜ਼ੇ ਵੇਖਣ ਮਗਰੋਂ ਬਾਦਸ਼ਾਹ ਕੋਲ ਚਲਾ ਜਾਵੀਂ। ਜਦੋਂ ਤੂੰ ਉਹਦੇ ਕੋਲ ਜਾਵੇਂਗਾ ਤਾਂ ਉਹ ਤੈਨੂੰ ਕੋਈ ਸੁਗਾਤ ਦੇਵੇਗਾ। ਸੁਗਾਤ ਲੈ ਕੇ ਤੂੰ ਫਿਰ ਸੱਤੇ ਦਰਵਾਜ਼ੇ ਵੇਖੀਂ ਤੇ ਉਸ ਕੋਲ ਚਲਾ ਜਾਵੀਂ। ਤੈਨੂੰ ਦੁਬਾਰਾ ਵੇਖ ਕੇ ਉਸ ਨੂੰ ਗੁੱਸਾ ਚੜ੍ਹ ਜਾਵੇਗਾ, ਤਦ ਤੂੰ ਉਸ ਨੂੰ ਆਖੀਂ ਕਿ ਤੈਨੂੰ ਆਦਰਯੋਗ ਸ਼ੇਰਵਾਨਦਿਲ ਨੂੰ ਏਨਾ ਗੁੱਸਾ ਚੜ੍ਹਨ ਦੀ ਆਸ ਨਹੀਂ ਸੀ, ਅਤੇ ਇਹ ਕਿ ਉਹ ਉਸ ਬਾਦਸ਼ਾਹ ਦਾ ਸਾਨੀ ਨਹੀਂ ਹੈ ਜਿਸ ਦਾ ਮਹਿਲ ਵੀ ਇਸੇ ਮਹਿਲ ਵਰਗਾ ਹੈ ਪਰ ਉਸ ਦੇ ਅੱਠ ਦਰਵਾਜ਼ੇ ਨੇ ਅਤੇ ਬਾਦਸ਼ਾਹ ਵੀ ਉਹਦੇ ਨਾਲੋਂ ਸਖ਼ੀ ਹੈ—ਹਰ ਦਰਵਾਜ਼ਾ ਵੇਖਣ ਦੇ ਬਦਲੇ ਸੁਗਾਤਾਂ ਦਿੰਦਾ ਹੈ, ਉਹ ਬਾਦਸ਼ਾਹ ਬੜਾ ਹੀ ਮਿਹਰਬਾਨ ਹੈ। ਉਹ ਏਨਾ ਇਨਸਾਫ-ਪਸੰਦ ਹੈ ਕਿ ਦੁਨੀਆ ਵਿਚ ਦੂਸਰਾ ਕੋਈ ਵੀ ਉਸ ਜਿਹਾ ਨਹੀਂ ਹੈ। ਆਖੀਂ, ਹੁਣ ਮੈਂ ਉਸ ਕੋਲ ਹੀ ਜਾਂਦਾ ਹਾਂ, ਤੇ ਏਨਾ ਆਖ ਕੇ ਉਥੋਂ ਚਲਾ ਜਾਵੀਂ।"

ਵਜ਼ੀਰ ਨੇ ਗੁਲਜਹਾਂ ਦੀ ਗੱਲ ਧਿਆਨ ਨਾਲ ਸੁਣੀ ਅਤੇ ਉਸੇ ਵੇਲੇ ਤਿਆਰ ਹੋ ਕੇ ਸਫ਼ਰ 'ਤੇ ਤੁਰ ਪਿਆ।

ਪਤਾ ਨਹੀਂ, ਉਹ ਬਹੁਤਾ ਕਿ ਥੋੜ੍ਹਾ ਚਿਰ ਤੁਰਦਾ ਗਿਆ, ਪਰ ਅਖ਼ੀਰ ਉਹ ਇਕ ਸਰਾਂ ਵਿਚ ਪਹੁੰਚ ਗਿਆ ਜਿਥੇ ਉਸ ਨੇ ਆਰਾਮ ਕੀਤਾ ਅਤੇ ਸਵੇਰ ਹੋਣ ਉਤੇ ਉਂਜ ਹੀ ਕੀਤਾ ਜਿਵੇਂ ਗੁਲਜਹਾਂ ਨੇ ਕਿਹਾ ਸੀ। ਉਸ ਨੇ ਫ਼ਕੀਰਾਂ ਵਾਲੇ ਕਪੜੇ ਪਾਏ, ਬਾਦਸ਼ਾਹਾਂ ਦੇ ਬਾਦਸ਼ਾਹ ਸ਼ੇਰਵਾਨਦਿਲ ਦੇ ਮਹਿਲ ਵਿਚ ਦਾਖ਼ਲ ਹੋਇਆ ਤੇ ਗਾਉਣ ਲੱਗ ਪਿਆ:

ਦੀਵਾਨਾ ਤੇਰੇ ਮਹਿਲਾਂ 'ਚ ਆਵੇ
ਸਭ ਦੁਖ ਦਰਦ ਦੂਰ ਹੋ ਜਾਵੇ...

"ਹੇ ਅੱਲਾ, ਹੇ ਅੱਲਾ! ਹੇ ਪਾਕ ਦੀਵਾਨੇ ਬਹਾਵਤਦੀਨ! ਸਾਨੂੰ ਖ਼ੈਰ ਪਾ, ਅੱਲਾ ਤੇਰੇ ਖ਼ਜ਼ਾਨੇ ਹੋਰ ਵੀ ਭਰਭੂਰ ਕਰੇ!" ਦਰਵਾਜ਼ਿਆਂ ਵੱਲ ਵੇਖਦਾ ਹੋਇਆ ਉਹ ਕਾਹਲੀ ਕਾਹਲੀ ਬੋਲੀ ਜਾ ਰਿਹਾ ਸੀ। ਜਦੋਂ ਉਸ ਨੇ ਸੱਤ ਦੇ ਸੱਤ ਦਰਵਾਜ਼ਿਆਂ ਨੂੰ ਵੇਖ ਲਿਆ ਤਾਂ ਸ਼ੇਰਵਾਨਦਿਲ ਨੇ ਉਸ ਨੂੰ ਕੋਈ ਸਿੱਕਾ ਦਿੱਤਾ। ਤਦ ਫ਼ਕੀਰ ਪਹਿਲੇ ਦਰਵਾਜ਼ੇ ਕੋਲ ਗਿਆ ਤੇ ਫਿਰ ਗਾਉਣ ਤੇ ਮੰਗਣ ਲੱਗ ਪਿਆ।

"ਓਇ ਦੀਵਾਨਿਆ, ਤੂੰ ਬੜਾ ਬੇਈਮਾਨ ਲਗਦਾ ਏਂ!" ਸ਼ੇਰਵਾਨਦਿਲ ਨੂੰ ਗੁੱਸਾ ਚੜ੍ਹ ਗਿਆ ਤੇ "ਫ਼ਕੀਰ" ਨੂੰ ਕੱਢ ਦਿੱਤਾ।

"ਵਾਹ ਸ਼ੇਰਵਾਨਦਿਲ!" "ਫ਼ਕੀਰ" ਚਿਲਕਿਆ। "ਤੇਰੇ ਕੋਲ ਵੇਖਣ ਵਾਲੀ ਕੋਈ ਸ਼ੈ ਹੈ ਈ ਨਹੀਂ। ਪਰ ਰੇਗਿਸਤਾਨ ਵਿਚ ਬਣੇ ਨਵੇਂ ਸ਼ਹਿਰ ਦਾ ਬਾਦਸ਼ਾਹ ਸਚਮੁੱਚ ਹੀ ਬਾਦਸ਼ਾਹ ਏ। ਦੁਨੀਆ ਵਿਚ ਉਸ ਵਰਗਾ ਮਿਹਰਬਾਨ ਤੇ ਇਨਸਾਫ਼-ਪਸੰਦ, ਸ਼ਾਇਦ, ਹੋਰ ਕੋਈ ਨਹੀਂ। ਉਹ ਸਭਨਾਂ ਨੂੰ ਖ਼ੁਸ਼ ਹੋ ਕੇ ਮਿਲਦੈ ਤੇ ਹਰ ਦਰਵਾਜ਼ਾ ਵੇਖਣ ਦੇ ਬਦਲੇ ਵੱਖਰਾ ਇਨਾਮ ਦਿੰਦੈ, ਤੇ ਉਹਦੇ ਦਰਵਾਜ਼ਿਆਂ ਦੀ ਗਿਣਤੀ ਸੱਤ ਨਹੀਂ ਸਗੋਂ ਅੱਠ ਏ। ਨਹੀਂ, ਨਹੀਂ, ਮੈਂ ਇਥੇ ਹੋਰ ਇਕ ਵੀ ਦਿਨ ਨਹੀਂ ਟਿਕ ਸਕਦਾ।"

ਗੁਲਜਹਾਂ ਦਾ ਵਜ਼ੀਰ ਸਰਾਂ ਵਿਚ ਮੁੜ ਆਇਆ, ਫ਼ਕੀਰਾਂ ਵਾਲੇ ਕਪੜੇ ਉਤਾਰੇ ਅਤੇ ਘੋੜੇ ਉਤੇ ਪਲਾਕੀ ਮਾਰ ਕੇ ਛੇਤੀ ਛੇਤੀ ਆਪਣੇ ਘਰ ਵੱਲ ਰਵਾਨਾ ਹੋ ਗਿਆ।

ਪਤਾ ਨਹੀਂ, ਉਹ ਬਹੁਤਾ ਜਾਂ ਥੋੜ੍ਹਾ ਚਿਰ ਤੁਰਦਾ ਗਿਆ, ਪਰ ਅਖ਼ੀਰ ਉਹ ਆਪਣੇ ਬਾਦਸ਼ਾਹ ਕੋਲ ਪਹੁੰਚ ਗਿਆ ਤੇ ਸਾਰੀ ਹੋਈ ਬੀਤੀ ਸੁਣਾ ਦਿੱਤੀ। ਗੁਲਜਹਾਂ ਨੇ ਉਸ ਨੂੰ ਮੁਨਾਸਿਬ ਇਨਾਮ ਦਿੱਤਾ ਤੇ ਕਿਹਾ:

"ਮੇਰੇ ਵਜ਼ੀਰ, ਇਹ ਹੁਕਮ ਦੇਵੋ ਕਿ ਸ਼ਹਿਰ ਨੂੰ ਸਜਾਇਆ ਬਣਾਇਆ ਜਾਵੇ—ਆਸ ਰਖਣੀ ਚਾਹੀਦੀ ਏ ਕਿ ਸ਼ੇਰਵਾਨਦਿਲ ਅਜ ਜਾਂ ਭਲਕੇ ਕਿਸੇ ਨਾ ਕਿਸੇ ਬਹਾਨੇ ਸਾਡੇ ਕੋਲ ਆ ਜਾਵੇ।"

ਤੇ ਆਓ, ਹੁਣ ਸ਼ੇਰਵਾਨਦਿਲ ਦੀ ਗੱਲ ਕਰੀਏ।

ਜਦੋਂ 'ਫ਼ਕੀਰ' ਨੇ ਸ਼ੇਰਵਾਨਦਿਲ ਨੂੰ ਕੋਸਿਆ ਤੇ ਕਿਸੇ ਹੋਰ ਬਾਦਸ਼ਾਹ ਦੀਆਂ ਸਿਫ਼ਤਾਂ ਕੀਤੀਆਂ ਸਨ ਤਾਂ ਉਸ ਨੇ ਨਵਾਂ ਦੇਸ ਵੇਖਣ ਦਾ ਮਨ ਬਣਾਇਆ ਅਤੇ ਆਪਣੀਂ ਅੱਖੀਂ ਉਹ ਸ਼ਾਨਦਾਰ ਨਜ਼ਾਰੇ ਵੇਖਣੇ ਚਾਹੇ ਜਿਨ੍ਹਾਂ ਬਾਰੇ ਉਸ ਦੇ ਕੰਨਾਂ ਵਿਚ ਆਵਾਜ਼ਾਂ ਗੂੰਜ ਰਹੀਆਂ ਸਨ। ਉਸ ਨੇ ਆਪਣੇ ਦੋ ਵਜ਼ੀਰ ਸੱਦ ਬੁਲਾਏ ਅਤੇ ਉਹਨਾਂ ਨੂੰ ਆਖਿਆ:

"ਸਫ਼ਰ ਲਈ ਤਿਆਰੀਆਂ ਕਰੋ। ਆਓ, ਨਵਾਂ ਸ਼ਹਿਰ ਵੇਖਣ ਚੱਲੀਏ। ਉਸ ਸ਼ਹਿਰ ਦੀ ਏਨੀ ਚਰਚਾ ਹੋ ਰਹੀ ਏ ਕਿ ਮੇਰਾ ਆਪਣਾ ਦਿਲ ਇਹ ਸ਼ਹਿਰ ਵੇਖਣ ਨੂੰ ਕਰਦੈ। ਤੇ ਸਾਡੀ ਪਾਕ ਜ਼ਮੀਂ ਉਤੇ "ਸਭ ਤੋਂ ਇਨਸਾਫ਼-ਪਸੰਦ" ਬਾਦਸ਼ਾਹ ਨੂੰ ਵੇਖਣਾ ਵੀ ਮਾੜਾ ਨਹੀਂ ਹੋਵੇਗਾ।"

ਹਾਜੀਆਂ ਦਾ ਭੇਸ ਧਾਰ ਕੇ ਬਾਦਸ਼ਾਹ ਤੇ ਉਸ ਦੇ ਦੋ ਵਜ਼ੀਰ ਸਫ਼ਰ ਉਤੇ ਤੁਰ ਪਏ। ਅਖ਼ੀਰ ਉਹ ਉਸ ਸ਼ਹਿਰ ਲਾਗੇ ਪਹੁੰਚ ਗਏ ਜਿਸ ਉਤੇ ਗੁਲਜਹਾਂ ਰਾਜ ਕਰਦੀ ਸੀ ਤੇ ਉਸ ਦੇ ਦਰਵਾਜ਼ੇ ਵਿਚ ਜਾ ਵੜੇ। ਸੰਤਰੀਆਂ ਨੇ ਆਪਣੇ ਬਾਦਸ਼ਾਹ ਨੂੰ ਇਕਦਮ ਜਾ ਦੱਸਿਆ ਕਿ ਤਿੰਨ ਨਵੇਂ ਦੀਵਾਨੇ ਆਏ ਹਨ।

ਗੁਲਜਹਾਂ ਨੇ ਕੀਮਤੀ ਤੋਂ ਕੀਮਤੀ ਵਸਤਰ ਪਹਿਨੇ, ਹੀਰਿਆਂ ਨਾਲ ਜੜਿਆ ਤਾਜ ਆਪਣੇ ਸਿਰ ਉਤੇ ਧਰ ਕੇ ਸ਼ਾਹੀ ਤਖ਼ਤ ਉਤੇ ਬੈਠ ਗਈ। ਉਸ ਨੇ ਆਪਣੇ ਲਾਗੇ ਸੋਨੇ ਨਾਲ ਭਰੀ ਇਕ ਵਡੀ ਸੁਰਾਹੀ ਰਖ ਲਈ। ਵੇਖੋ ਨਾ, ਉਸ ਕੋਲ ਬੇਸ਼ੁਮਾਰ ਸੋਨਾ ਸੀ।

ਲੰਮੇ ਸਫ਼ਰ ਕਾਰਨ ਥੱਕੇ ਹੋਏ ਸ਼ੇਰਵਾਨਦਿਲ ਤੇ ਉਸ ਦੇ ਵਜ਼ੀਰ ਇਕ ਸਰਾਂ ਵਿਚ ਆਰਾਮ ਕਰਨ ਲਈ ਠਹਿਰ ਗਏ, ਖਾਣਾ ਖਾਧਾ, ਚਾਹ ਪੀਤੀ ਤੇ ਮਗਰੋਂ ਮਹਿਲ ਵੱਲ ਤੁਰ ਪਏ। ਮਹਿਮਾਨ ਇਕ ਦਰਵਾਜ਼ੇ ਲਾਗੋਂ

ਦੀ ਲੰਘੇ ਤਾਂ ਗੁਲਜਹਾਂ ਨੇ ਉਹਨਾਂ ਨੂੰ ਏਨਾ ਸੋਨਾ ਦਿੱਤਾ ਜਿਸ ਦਾ ਕੋਈ ਹਿਸਾਬ ਹੀ ਨਹੀਂ ਸੀ। ਫਿਰ ਉਹ ਇਕ ਹੋਰ ਦਰਵਾਜ਼ੇ ਦੇ ਲਾਗੋਂ ਦੀ ਲੰਘੇ ਤਾਂ ਉਹਨਾਂ ਨੂੰ ਹੋਰ ਸੋਨਾ ਦਿੱਤਾ ਗਿਆ। ਤੇ ਜਦੋਂ ਉਹ ਆਖ਼ਰੀ, ਅੱਠਵੇਂ ਦਰਵਾਜ਼ੇ ਲਾਗੋਂ ਦੀ ਲੰਘੇ ਤਾਂ ਉਹਨਾਂ ਦੇ ਥੈਲਿਆਂ ਵਿਚ ਹੋਰ ਸੋਨਾ ਪਾਉਣ ਜੋਗੀ ਥਾਂ ਹੀ ਨਹੀਂ ਬਚੀ ਸੀ। ਤਦ ਉਹ ਸੋਨੇ ਦੀਆਂ ਮੁਹਰਾਂ ਜੇਬਾਂ, ਬਗ਼ਲਾਂ ਵਿਚ ਪਾਉਣ ਲੁਕਾਉਣ ਲੱਗ ਪਏ। ਜਦੋਂ ਮਹਿਮਾਨ ਜਾਣ ਲੱਗੇ ਤਾਂ ਗੁਲਜਹਾਂ ਨੇ ਉਹਨਾਂ ਨੂੰ ਪੁੱਛਿਆ:

"ਆਦਰਯੋਗ ਹਾਜੀਓ, ਤੁਸੀਂ ਏਨੀ ਕਾਹਲ ਕਿਉਂ ਕਰਦੇ ਹੋ? ਆਓ, ਸਾਡੇ ਮਹਿਮਾਨਖ਼ਾਨੇ ਪਧਾਰੋ, ਉਥੇ ਤੁਹਾਡੇ ਮਨ-ਪਸੰਦ ਦੀਆਂ ਚੀਜ਼ਾਂ ਖਾਣ ਤੇ ਪੀਣ ਨੂੰ ਮਿਲਣਗੀਆਂ ਤੇ ਫਿਰ ਤੁਸੀਂ ਅੱਲਾ ਦਾ ਨਾਂ ਲੈ ਕੇ ਚਲੇ ਜਾਣਾ। ਸਾਡੇ ਇਥੇ ਇਕ ਰਿਵਾਜ ਏ ਕਿ ਜੋ ਕੋਈ ਵੀ ਸਾਡੇ ਕੋਲ ਆਉਂਦਾ ਏ, ਭਾਵੇਂ ਉਹ ਬਾਦਸ਼ਾਹ ਜਾਂ ਕੰਗਾਲ ਹੋਵੇ, ਸਾਡੇ ਕੋਲ ਮਹਿਮਾਨ ਬਣ ਕੇ ਜ਼ਰੂਰ ਰਹਿੰਦਾ ਏ," ਤੇ ਉਹ ਏਨੀ ਖੁਲ੍ਹ-ਦਿਲੀ ਉਤੇ ਹੈਰਾਨ ਹੋਏ ਹਾਜੀਆਂ ਨੂੰ ਆਪਣੇ ਕਮਰੇ ਵਿਚ ਲੈ ਗਈ ਜਿਥੇ ਇਕ ਦਸਤਰਖ਼ਾਨ ਵਿਛਿਆ ਹੋਇਆ ਸੀ ਅਤੇ ਉਸ ਉਤੇ ਸੋਨੇ ਦੇ ਪਿਆਲਿਆਂ ਵਿਚ ਵੰਨ-ਸੁਵੰਨੇ ਖਾਣੇ ਪਏ ਹੋਏ ਸਨ। ਗੁਲਜਹਾਂ ਨੇ ਉਹਨਾਂ ਵਿਚੋਂ ਹਰੇਕ ਨੂੰ ਆਪਣੇ ਮਨ-ਪਸੰਦ ਦਾ ਕੋਈ ਵੀ ਪਿਆਲਾ ਯਾਦਗੀਰੀ ਵਜੋਂ ਲੈ ਲੈਣ ਦੀ ਪੇਸ਼ਕਸ਼ ਕੀਤੀ। ਪਰ ਦਿਵਾਨਿਆਂ ਨੇ ਅਜਿਹਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ।

"ਨਹੀਂ, ਨਹੀਂ," ਗੁਲਜਹਾਂ ਨੇ ਆਖਿਆ, "ਸਾਡੇ ਇਥੇ ਇਸ ਤਰ੍ਹਾਂ ਦਾ ਰਿਵਾਜ ਏ ਕਿ ਜੇ ਅਸੀਂ ਮਹਿਮਾਨ ਨੂੰ ਖਾਣਾ ਖੁਆਈਏ ਤਾਂ ਜਿਸ ਬਰਤਨ ਵਿਚ ਉਸ ਨੇ ਖਾਣਾ ਖਾਧਾ ਹੋਵੇ ਉਹ ਬਰਤਨ ਵੀ ਦੇ ਦਿੰਦੇ ਹਾਂ।"

ਸਚਮੁੱਚ ਹੀ ਉਸ ਦਾ ਇਹ ਅਸੂਲ ਸੀ ਅਤੇ ਉਹ ਇਸ ਦੀ ਸਖ਼ਤੀ ਨਾਲ ਪਾਲਣਾ ਕਰਦੀ ਸੀ। ਇਸ ਅਸੂਲ ਨੂੰ ਨਾ ਮੰਨਣ ਦਾ ਮਤਲਬ ਮਾਲਕ ਦੀ ਹੱਤਕ ਕਰਨ ਦੇ ਬਰਾਬਰ ਸੀ। ਇਸ ਵਾਸਤੇ, ਸ਼ੇਰਵਾਨਦਿਲ ਨੇ ਉਹ ਬਰਤਨ ਉਠਾ ਲਏ ਜਿਨ੍ਹਾਂ ਵਿਚ ਉਸ ਨੇ ਖਾਣਾ ਖਾਧਾ ਸੀ।

"ਸਤਿਕਾਰਯੋਗ ਮਹਿਮਾਨੋ," ਗੁਲਜਹਾਂ ਨੇ ਇਕ ਵਾਰੀ ਫਿਰ ਆਖਿਆ, "ਤੁਸੀਂ ਇਸ ਦੁਨੀਆ ਵਿਚ ਘੁਮ ਫਿਰ ਕੇ ਬਹੁਤ ਕੁਝ ਵੇਖਿਆ ਹੋਣੈ। ਤੇ ਜਿਸ ਨੇ ਬਹੁਤ ਕੁਝ ਵੇਖਿਆ ਹੋਵੇ ਉਸ ਨੂੰ ਬਹੁਤ ਕੁਝ ਦਾ ਪਤਾ ਹੁੰਦੈ। ਚਲੋ, ਸਾਨੂੰ ਵੀ ਕੁਝ ਦੱਸੋ। ਸਾਨੂੰ ਚੰਗੇ ਚੰਗੇ ਅਖਾਣ ਤੇ ਬਾਤਾਂ ਸੁਣਨਾ ਬੜਾ ਹੀ ਪਸੰਦ ਏ।"

"ਹੇ ਬਾਦਸ਼ਾਹ ਹਜ਼ੂਰ, ਇਸ ਵੇਲੇ ਅਸੀਂ ਤੈਨੂੰ ਕੁਝ ਨਹੀਂ ਦੱਸ ਸਕਦੇ," ਸ਼ੇਰਵਾਨਦਿਲ ਨੇ ਜਵਾਬ ਦਿੱਤਾ, "ਸਾਡੀ ਬਿਰਤੀ ਅਜੇ ਇਕਾਗਰ ਨਹੀਂ ਹੋਈ। ਅਸੀਂ ਤਰਕਾਲਾਂ ਨੂੰ ਆਵਾਂਗੇ ਤੇ ਬਾਤਾਂ ਸੁਣਾਵਾਂਗੇ।"

"ਚਲੋ, ਇੰਜ ਵੀ ਹੋ ਸਕਦੈ," ਗੁਲਜਹਾਂ ਨੇ ਕਿਹਾ।

ਤਰਕਾਲਾਂ ਵੇਲੇ ਸ਼ੇਰਵਾਨਦਿਲ ਆਪਣੇ ਹਮਸਫ਼ਰਾਂ ਨੂੰ ਨਾਲ ਲੈ ਕੇ ਆ ਗਿਆ। ਤਦ ਗੁਲਜਹਾਂ ਨੇ ਕਿਹਾ:

"ਸਭ ਤੋਂ ਪਹਿਲਾਂ ਉਹ ਸੁਣਾਏਗਾ, ਜਿਸ ਨੂੰ ਸਭ ਤੋਂ ਵਧ ਗਿਆਨ ਹੋਵੇ।"

"ਜੇ ਬਾਦਸ਼ਾਹ ਦਾ ਹੁਕਮ ਹੋਵੇ," ਸ਼ੇਰਵਾਨਦਿਲ ਨੇ ਆਖਿਆ, "ਸਭ ਤੋਂ ਪਹਿਲਾਂ ਮੈਂ ਸੁਣਾਉਂਦਾ ਹਾਂ।"

"ਬਹੁਤ ਅੱਛਾ," ਗੁਲਜਹਾਂ ਸਹਿਮਤ ਹੋ ਗਈ। "ਤਾਂ ਫਿਰ ਅੱਜ ਦੀ ਰਾਤ ਤੇਰੀਆਂ ਗੱਲਾਂ ਸੁਣਾਂਗੇ। ਤੇ ਤੇਰੇ ਹਮਸਫ਼ਰ ਮਹਿਮਾਨਖ਼ਾਨੇ ਵਿਚ ਜਾ ਕੇ ਆਰਾਮ ਕਰ ਸਕਦੇ ਨੇ।"

ਜਦੋਂ ਸ਼ੇਰਵਾਨਦਿਲ ਇਹ ਬਾਤਾਂ ਸੁਣਾ ਰਿਹਾ ਸੀ ਕਿ ਉਸ ਨੇ ਕੀ ਵੇਖਿਆ ਤੇ ਕੀ ਸੁਣਿਆ ਸੀ ਤਾਂ

4—489

ਗੁਲਜਹਾਂ ਵਿਚੋਂ ਵਿਚੋਂ ਜਾਣਬੁਝ ਕੇ ਉੱਠ ਖਲੋਂਦੀ ਤੇ ਵਿਹੜੇ ਵਿਚ ਚਲੀ ਜਾਂਦੀ। ਤੇ ਹਰ ਵਾਰੀ ਸ਼ਹਿਨਸ਼ਾਹੇ ਸ਼ਹਿਨਸ਼ਾਹ ਸ਼ੇਰਵਾਨਦਿਲ ਕਦੀ ਉਸ ਨੂੰ ਜੁੱਤੀ ਫੜਾਉਂਦਾ ਤੇ ਕਦੀ ਉਸ ਕੋਲੋਂ ਜੁਤੀ ਫੜਦਾ।

"ਬੜੇ ਚਿਰਾਂ ਦੀ ਗੱਲ ਏ," ਸ਼ੇਰਵਾਨਦਿਲ ਨੇ ਕਹਿਣਾ ਸ਼ੁਰੂ ਕੀਤਾ, "ਇਕ ਬੜਾ ਹੀ ਸਿਆਣਾ ਤੇ ਇਨਸਾਫ–ਪਸੰਦ ਬਾਦਸ਼ਾਹ ਰਹਿੰਦਾ ਹੁੰਦਾ ਸੀ। ਪਰਜਾ ਉਸ ਦੀ ਖੁਲ੍ਹਦਿਲੀ ਤੇ ਸਾਊਪੁਣੇ ਦੇ ਕਿੱਸੇ ਸੁਣਾਇਆ ਕਰਦੀ ਸੀ। ਉਹ ਅਕਸਰ ਇਕੱਲਾ ਰਹਿ ਜਾਇਆ ਕਰਦਾ ਸੀ ਤਾਂ ਸੋਚਦਾ ਹੁੰਦਾ ਸੀ: 'ਮੇਰੇ ਵਰਗਾ ਇਨਸਾਨ ਇਸ ਦੁਨੀਆ ਵਿਚ ਹੋਰ ਕੋਈ ਵੀ ਨਹੀਂ ਤੇ, ਸ਼ਾਇਦ, ਨਾ ਹੀ ਹੋਵੇਗਾ।' ਇਕ ਵਾਰੀ ਜਦੋਂ ਉਹ ਡੂੰਘੀਆਂ ਸੋਚਾਂ ਵਿਚ ਗਲਤਾਨ ਸੀ ਤਾਂ ਉਸ ਕੋਲ ਕੋਈ ਫ਼ਕੀਰ ਆਇਆ ਤੇ ਭਿਖਿਆ ਮੰਗਣ ਲੱਗਾ। ਬਾਦਸ਼ਾਹ ਨੇ ਉਸ ਨੂੰ ਇਕ ਮੁਹਰ ਦਿੱਤੀ। ਫ਼ਕੀਰ ਫਿਰ ਆਇਆ ਤੇ ਹੋਰ ਮੁਹਰ ਮੰਗਣ ਲੱਗਾ। ਬਾਦਸ਼ਾਹ ਇਸ ਤਰ੍ਹਾਂ ਦੀ ਗੁਸਤਾਖੀ ਬਰਦਾਸ਼ਤ ਨਾ ਕਰ ਸਕਿਆ ਤੇ ਫ਼ਕੀਰ ਨੂੰ ਉਥੋਂ ਨੱਸਾ ਦਿੱਤਾ। ਤਦ ਫ਼ਕੀਰ ਨੇ ਆਖਿਆ ਕਿ ਬਾਦਸ਼ਾਹ ਓਨਾ ਖੁਲ੍ਹ–ਦਿਲਾ ਨਹੀਂ ਸੀ ਜਿੰਨੀ ਕਿ ਉਹਦੀ ਚਰਚਾ ਹੁੰਦੀ ਸੀ, ਅਤੇ ਇਹ ਕਿ ਕਿਸੇ ਹੋਰ ਦੇਸ ਦਾ ਬਾਦਸ਼ਾਹ ਸਚਮੁੱਚ ਹੀ ਬਾਦਸ਼ਾਹਾਂ ਵਰਗਾ ਸੀ। ਉਸ ਵਰਗਾ ਖੁਲ੍ਹਦਿਲਾ ਤੇ ਇਨਸਾਫ–ਪਸੰਦ ਸਾਰੀ ਦੁਨੀਆ ਵਿਚ ਹੋਰ ਕੋਈ ਨਹੀਂ ਹੈ। ਬਾਦਸ਼ਾਹ ਨੂੰ ਫ਼ਕੀਰ ਦੀ ਗੱਲ ਉਤੇ ਯਕੀਨ ਨਾ ਆਇਆ ਤੇ ਆਪ ਉਸ ਦੇਸ ਲਈ ਰਵਾਨਾ ਹੋ ਗਿਆ ਤਾਂ ਜੋ ਆਪਣੀ ਅੱਖੀਂ ਵੇਖ ਸਕੇ ਕਿ ਫ਼ਕੀਰ ਦੀ ਗੱਲ ਸੱਚੀ ਸੀ ਜਾਂ ਝੂਠੀ। ਹਾਂ, ਤੇ ਫ਼ਕੀਰ ਦੀ ਗੱਲ ਬਿਲਕੁਲ ਸੱਚੀ ਨਿਕਲੀ। ਤਦ ਬਾਦਸ਼ਾਹ ਆਪ ਵੀ ਬੜਾ ਦਿਆਲੂ ਤੇ ਖੁਲ੍ਹਦਿਲਾ ਬਣ ਗਿਆ। ਉਸ ਵੇਲੇ ਤੋਂ ਦੁਨੀਆ ਵਿਚ ਦੋ ਬਾਦਸ਼ਾਹ ਹੋ ਗਏ ਜਿਹੜੇ ਇਕੋ ਜਿੰਨੇ ਸਿਆਣੇ, ਸਾਊ ਤੇ ਖੁਲ੍ਹਦਿਲੇ ਸਨ।"

"ਪਰ ਮਹਿਮਾਨ ਨੇ ਪੂਰੀ ਗੱਲ ਨਹੀਂ ਆਖੀ," ਗੁਲਜਹਾਂ ਨੇ ਆਖਿਆ। "ਦਰਅਸਲ, ਬਾਦਸ਼ਾਹ ਸੱਚੇ ਦਿਲੋਂ ਸਖ਼ੀ ਨਹੀਂ ਬਣਿਆ, ਸਗੋਂ ਦੂਸਰੇ ਬਾਦਸ਼ਾਹ ਦੇ ਨਾਮਣੇ ਨਾਲ ਰਸ਼ਕ ਕਾਰਨ। ਚੰਗਾ ਤਾਂ ਇਹ ਹੀ ਹੁੰਦਾ ਜੇ ਉਹ ਆਪਣੀ ਖ਼ਸਲਤ ਨਾ ਭੁਲਦਾ ... ਓ, ਲਗਦੈ, ਗੱਲਾਂ ਕਰਦਿਆਂ ਬੜਾ ਚਿਰ ਹੋ ਗਿਐ, ਮਹਿਮਾਨ ਥੱਕ ਗਿਆ ਹੋਣੈ, ਉਸ ਨੂੰ ਆਰਾਮ ਕਰਨਾ ਚਾਹੀਦੈ ... ਸ਼ੁਭ ਰਾਤਰੀ ... ਭਲਕੇ ਫਿਰ ਆਇਓ, ਮੈਂ ਵੀ ਕੋਈ ਬਾਤ ਸੁਣਾਵਾਂਗਾ।"

ਅਗਲੇ ਦਿਨ ਸ਼ੇਰਵਾਨਦਿਲ ਆਪਣੇ ਵਜ਼ੀਰਾਂ ਸਮੇਤ ਫਿਰ ਆ ਗਿਆ। ਗੁਲਜਹਾਂ ਸ਼ਾਹੀ ਤਖ਼ਤ ਉਤੇ ਬਿਰਾਜਮਾਨ ਹੋ ਗਈ, ਮਹਿਮਾਨਾਂ ਨੂੰ ਆਪਣੇ ਲਾਗੇ ਹੀ ਪਤਵੰਤਿਆਂ ਵਾਲੀਆਂ ਥਾਵਾਂ ਉਤੇ ਬਿਠਾ ਦਿੱਤਾ ਤੇ ਬਾਤ ਸੁਣਾਉਣ ਲੱਗੀ ਕਿ ਕਿਵੇਂ ਇਕ ਬਾਦਸ਼ਾਹ ਨੇ ਤਿੰਨ ਭੈਣਾਂ ਨੂੰ ਗੱਲਾਂ ਕਰਦਿਆਂ ਸੁਣ ਲਿਆ ਸੀ, ਕਿਵੇਂ ਉਸ ਨੇ ਦੋ ਵੱਡੀਆਂ ਭੈਣਾਂ ਦੀ ਇੱਛਾ ਪੂਰੀ ਕੀਤੀ ਸੀ, ਜਦਕਿ ਸਭ ਤੋਂ ਛੋਟੀ ਨੂੰ ਉਸ ਨਾਲ ਸ਼ਾਦੀ ਕਰਨ ਦੀ ਥਾਂ ਰੇਗਿਸਤਾਨ ਵਿਚ ਜੰਗਲੀ ਜਾਨਵਰਾਂ ਅੱਗੇ ਸੁਟ ਦਿੱਤਾ ਸੀ। ਸ਼ੇਰਵਾਨਦਿਲ ਨੇ ਕੁਝ ਵਾਰੀ ਉੱਠਣ ਦੀ ਕੋਸ਼ਿਸ਼ ਕੀਤੀ ਤਾਂ ਜੋ ਗੁਲਜਹਾਂ ਦੀਆਂ ਅੱਖਾਂ ਤੋਂ ਦੂਰ ਹੋ ਸਕੇ, ਪਰ ਗੁਲਜਹਾਂ ਨੇ ਉਸ ਨੂੰ ਓਦੋਂ ਤਕ ਜਾਣ ਨਾ ਦਿੱਤਾ ਜਦੋਂ ਤਕ ਏਨੀ ਗੱਲ ਸੁਣਾ ਨਾ ਦਿੱਤੀ ਕਿ ਉਹ ਬਾਦਸ਼ਾਹ ਉਸ ਕੁੜੀ ਦੀ ਇਸ ਸਾਹਸੀ ਇੱਛਾ ਬਾਰੇ ਸੁਣ ਕੇ ਅੱਗ–ਬਗੂਲਾ ਹੋ ਉਠਿਆ ਸੀ ਕਿ ਜਦੋਂ ਉਹ ਮਹਿਲਾਂ ਵਿਚੋਂ ਬਾਹਰ ਜਾਵੇ ਤਾਂ ਬਾਦਸ਼ਾਹ ਉਸ ਨੂੰ ਆਪਣੇ ਹੱਥੀਂ ਜੁਤੀ ਪੁਆਏ ਤੇ ਜਦੋਂ ਅੰਦਰ ਆਵੇ ਆਪਣੇ ਹੱਥੀਂ ਲਾਹਵੇ, ਅਤੇ ਇਹ ਕਿ ਕਿਵੇਂ ਮਗਰੋਂ ਉਸ ਬਾਦਸ਼ਾਹ ਨੇ ਉਸੇ ਕੁੜੀ ਨੂੰ ਜਦੋਂ ਉਹ ਮਹਿਲ ਵਿਚੋਂ ਬਾਹਰ ਨਿਕਲਦੀ ਸੀ ਆਪ ਜੁੱਤੀ ਪੁਆਈ ਸੀ ਤੇ ਜਦੋਂ ਉਹ ਵਾਪਸ ਆਉਂਦੀ ਸੀ, ਤਾਂ ਬਾਦਸ਼ਾਹ ਆਪ ਜੁੱਤੀ ਲਾਹੁੰਦੀ ਸੀ। ਇੰਜ ਉਸ ਕੁੜੀ ਦਾ ਸੁਪਨਾ ਸਾਕਾਰ ਹੋ ਗਿਆ।

ਇਹ ਸਾਰੀ ਗੱਲ ਸੁਣ ਕੇ ਸ਼ੇਰਵਾਨਦਿਲ ਏਨਾ ਘਬਰਾ ਗਿਆ ਕਿ ਅੱਖ ਵੀ ਉੱਚੀ ਨਾ ਕਰ ਸਕਿਆ। ਇਸ ਸਭ ਕਾਸੇ ਦੇ ਅਖ਼ੀਰ ਉਤੇ ਗੁਲਜਹਾਂ ਆਪਣੇ ਕਮਰੇ ਵਿਚੋਂ ਨਿਕਲੀ ਤੇ ਕੁੜੀਆਂ ਵਾਲਾ ਪਹਿਰਾਵਾ ਪਾ ਕੇ ਮੁੜ ਆਈ।

"ਲੈ ਵੇਖ, ਬਾਦਸ਼ਾਹ ਸ਼ੇਰਵਾਨਦਿਲ," ਉਸ ਨੇ ਮੁਸਕ੍ਰਾਉਂਦਿਆਂ ਆਖਿਆ। "ਤੂੰ ਜੁੱਤੀ ਤਾਂ ਮੈਨੂੰ ਫੜਾ ਹੀ ਦਿੱਤੀ ਏ। ਜਾਂ ਫਿਰ ਮੈਨੂੰ ਗਲਤੀ ਲੱਗੀ ਏ?" ਉਸ ਨੇ ਸ਼ਰਾਰਤੀ ਲਹਿਜੇ ਵਿਚ ਪੁੱਛਿਆ।

ਗੁਲਜਹਾਂ ਨੇ ਬੜੇ ਇੱਜ਼ਤ-ਮਾਣ ਨਾਲ ਬਾਦਸ਼ਾਹ ਸ਼ੇਰਵਾਨਦਿਲ ਤੇ ਉਸ ਦੇ ਵਜ਼ੀਰਾਂ ਨੂੰ ਰੁਖ਼ਸਤ ਕੀਤਾ। ਤੇ ਆਪ ਉਹ ਕਈ ਸਾਲਾਂ ਤਕ ਇਕ ਸਿਆਣੇ, ਇਨਸਾਫ਼-ਪਸੰਦ ਤੇ ਖੁਲ੍ਹਦਿਲੇ ਬਾਦਸ਼ਾਹ ਵਾਂਗ, ਦੁਨੀਆ ਵਿਚ ਸਭ ਤੋਂ ਸਿਆਣੇ, ਸਭ ਤੋਂ ਇਨਸਾਫ਼-ਪਸੰਦ ਤੇ ਸਭ ਤੋਂ ਖੁਲ੍ਹਦਿਲੇ ਬਾਦਸ਼ਾਹ ਵਜੋਂ ਰਾਜ ਕਰਦੀ ਰਹੀ।



ਜਾਦੂ ਦੀ ਮੁੰਦਰੀ



ਬੜੇ ਚਿਰਾਂ ਦੀ ਗੱਲ ਹੈ ਕਿ ਇਕ ਜੋੜੀ ਰਹਿੰਦੀ ਸੀ। ਉਹਨਾਂ ਦਾ ਇਕ ਪੁਤਰ ਸੀ ਜਿਸ ਦਾ ਨਾਂ ਓਵੇਜ਼ ਸੀ। ਉਹ ਏਨਾ ਆਲਸੀ ਸੀ ਕਿ ਅਠਾਰ੍ਹਾਂ ਸਾਲ ਦੀ ਉਮਰ ਤਕ ਕਿਬੀਤਕਾ ਵਿਚੋਂ ਕਦੀ ਬਾਹਰ ਨਹੀਂ ਨਿਕਲਿਆ ਸੀ ਤੇ ਨਾ ਹੀ ਉਸ ਨੇ ਕਦੀ ਮੂੰਹ ਧੋਤਾ ਸੀ। ਇਸੇ ਕਰਕੇ ਲੋਕਾਂ ਨੇ ਉਸ ਦੀ ਅੱਲ ਯਲਤਾ—ਕੰਮਚੋਰ—ਪਾ ਦਿੱਤੀ ਸੀ। ਉਹ ਉਸ ਦੇ ਆਲਸੀ ਹੋਣ ਕਰਕੇ ਉਸ ਦੀ ਬੜੀ ਖਿੱਲੀ ਉਡਾਇਆ ਕਰਦੇ ਸਨ।

ਇਕ ਵਾਰੀ ਓਵੇਜ਼ ਪਾਟੇ ਹੋਏ ਨਮਦੇ ਉਤੇ ਲੇਟਿਆ ਪਿਆ ਸੀ ਤੇ ਸੋਚ ਰਿਹਾ ਸੀ:

"ਉਂ-ਹੂੰ, ਮੈਂ ਵੀ, ਸ਼ਾਇਦ, ਹੋਰਨਾਂ ਲੋਕਾਂ ਵਾਂਗ ਹੀ ਇਕ ਇਨਸਾਨ ਹਾਂ। ਸਾਰੇ ਲੋਕ ਕੁਝ ਨਾ ਕੁਝ ਕਰ ਰਹੇ ਨੇ, ਕੁਝ ਨਾ ਕੁਝ ਚਾਹ ਰਹੇ ਨੇ। ਤੇ ਮੈਨੂੰ ਵੀ ਆਪਣੇ ਅੱਬਾ ਦੇ ਸਿਰ ਭਾਰ ਨਹੀਂ ਬਣਨਾ ਚਾਹੀਦਾ। ਮੈਂ ਜਾਂਦਾ ਹਾਂ ਤੇ ਆਪਣੇ ਲਈ ਕੋਈ ਕੰਮ ਲੱਭਦਾ ਹਾਂ।"

ਓਦੋਂ ਹੀ ਕੁਝ ਸੌਦਾਗਰ ਲੰਮੇ ਸਫ਼ਰ ਉਤੇ ਜਾਣ ਦੀਆਂ ਤਿਆਰੀਆਂ ਕਰ ਰਹੇ ਸਨ। ਓਵੇਜ਼ ਨੇ ਉਹਨਾਂ ਦਾ ਤਰਲਾ ਕੀਤਾ ਕਿ ਉਸ ਨੂੰ ਵੀ ਆਪਣੇ ਨਾਲ ਲੈ ਜਾਣ। ਸੌਦਾਗਰਾਂ ਨੂੰ ਵੀ ਕਿਸੇ ਨੌਕਰ ਦੀ ਲੋੜ ਸੀ। ਇੰਜ, ਸੌਦਾਗਰਾਂ ਦਾ ਕਾਫ਼ਲਾ ਇਕ ਸ਼ਹਿਰ ਪਹੁੰਚ ਗਿਆ। ਅਚਾਨਕ ਓਵੇਜ਼ ਨੂੰ ਢੰਡੋਰਚੀ ਦੀ ਆਵਾਜ਼ ਸੁਣਾਈ ਦਿੱਤੀ ਜਿਹੜਾ ਉੱਚੀ ਉੱਚੀ ਕਹਿ ਰਿਹਾ ਸੀ: "ਜਿਹੜਾ ਕੋਈ ਵੀ ਨੌਕਰੀ ਕਰਨੀ ਚਾਹੁੰਦਾ ਹੈ, ਸੌਦਾਗਰ ਉਸ ਨੂੰ ਇਕ ਹਜ਼ਾਰ ਖੋਟੇ ਟਕੇ ਤੇ ਇਕ ਖਰਾ ਟਕਾ ਦੇਵੇਗਾ।"

ਓਵੇਜ਼ ਨੇ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਉਸ ਨੇ ਮਿਹਨਤਾਨੇ ਵਜੋਂ ਇਕ ਖਰਾ ਟਕਾ ਮੰਗਿਆ। ਸੌਦਾਗਰ ਨੇ ਉਸ ਨੂੰ ਰੱਖ ਲਿਆ। ਓਵੇਜ਼ ਨੇ ਇਕ ਮਹੀਨਾ ਨੌਕਰੀ ਕੀਤੀ ਤੇ ਉਸ ਨੂੰ ਇਕ ਟਕਾ ਮਿਲ ਗਿਆ। ਉਹ ਟਕੇ ਨੂੰ ਲੈ ਕੇ ਆਪਣੇ ਮਾਪਿਆਂ ਵਾਸਤੇ ਕੋਈ ਤੁਹਫ਼ਾ ਖ਼ਰੀਦਣ ਲਈ ਤੁਰ ਪਿਆ। ਉਹ ਤੁਰਦਾ ਗਿਆ, ਤੁਰਦਾ ਗਿਆ ਪਰ ਕੰਮ ਦੀ ਕੋਈ ਵੀ ਚੀਜ਼ ਨਾ ਲੱਭੀ, ਕਿਉਂਕਿ ਉਸ ਕੋਲ ਪੈਸੇ ਥੋੜ੍ਹੇ ਸਨ। ਕਿਸੇ ਜਣੇ ਨੇ ਉਸ ਨੂੰ ਬਿੱਲੀ ਖ਼ਰੀਦਣ ਲਈ ਕਿਹਾ। ਓਵੇਜ਼ ਨੇ ਬਿੱਲੀ ਖ਼ਰੀਦ ਲਈ ਤੇ ਸੌਦਾਗਰਾਂ ਨੂੰ ਦੇ ਦਿੱਤੀ ਜਿਨ੍ਹਾਂ ਨਾਲ ਉਹ ਉਸ ਸ਼ਹਿਰ ਪਹੁੰਚਿਆ ਸੀ ਅਤੇ ਕਿਹਾ ਕਿ ਉਹ ਤੁਹਫ਼ਾ ਉਸ ਦੇ ਮਾਪਿਆਂ ਤਕ ਪਹੁੰਚਾ ਦਿੱਤਾ ਜਾਵੇ। ਏਨਾ ਕਹਿ ਕੇ ਉਹ ਫਿਰ ਆਪਣੇ ਸੌਦਾਗਰ ਕੋਲ ਕੰਮ ਕਰਨ ਚਲਾ ਗਿਆ।

ਕਾਫ਼ਲੇ ਦੇ ਮੁਖੀ ਨੇ ਬਿੱਲੀ ਨੂੰ ਥੈਲੇ ਵਿਚ ਪਾ ਲਿਆ ਤੇ ਕਾਫ਼ਲਾ ਆਪਣੇ ਸ਼ਹਿਰ ਵੱਲ ਚੱਲ ਪਿਆ। ਸੌਦਾਗਰਾਂ ਦੇ ਰਾਹ ਵਿਚ ਇਕ ਪਿੰਡ ਆਇਆ। ਉਹਨਾਂ ਨੇ ਉਥੇ ਹੀ ਰਾਤ-ਕਟੀ ਕਰਨ ਦਾ ਫੈਸਲਾ ਕੀਤਾ।

ਪਿੰਡ-ਵਾਸੀਆਂ ਨੇ ਬਿੱਲੀ ਨੂੰ ਵੇਖ ਲਿਆ ਤੇ ਕਾਫ਼ਲੇ ਦੇ ਮੁਖੀ ਨੂੰ ਆਖਣ ਲੱਗੇ ਕਿ ਬਿੱਲੀ ਉਹਨਾਂ ਨੂੰ ਉਂਝ ਹੀ ਦੇ ਦੇਵੇ ਜਾਂ ਵੇਚ ਦੇਵੇ।

"ਤੁਸੀਂ ਬਿੱਲੀ ਦਾ ਕੀ ਕਰੋਗੇ?" ਇਹ ਗੱਲ ਸੁਣ ਕੇ ਦੰਗ ਰਹਿ ਗਏ ਮੁਖੀ ਨੇ ਪੁੱਛਿਆ।

"ਸਾਨੂੰ ਚੂਹਿਆਂ ਨੇ ਤੰਗ ਕਰ ਮਾਰਿਐ, ਪਰ ਸਾਡੇ ਕੋਲ ਕੋਈ ਬਿੱਲੀ ਨਹੀਂ ਏ।"

"ਮੈਂ ਤੁਹਾਡੀ ਇਸ ਬਿਪਤਾ ਵਿਚ ਮਦਦ ਜ਼ਰੂਰ ਕਰ ਦਿੰਦਾ," ਕਾਫ਼ਲੇ ਦੇ ਮੁਖੀ ਨੇ ਆਖਿਆ, "ਪਰ ਇਹ ਮੇਰੀ ਨਹੀਂ ਏ, ਮੈਨੂੰ ਇਹ ਬਿੱਲੀ ਇਸ ਦੇ ਮਾਲਕਾਂ ਕੋਲ ਪਹੁੰਚਾਣੀ ਚਾਹੀਦੀ ਏ।"

ਪਿੰਡ ਦੇ ਸਭ ਤੋਂ ਪਤਵੰਤੇ ਲੋਕ—ਯਾਸੂਲੀ—ਇਕੱਠੇ ਹੋ ਗਏ ਅਤੇ ਬੜੀ ਦੇਰ ਤਕ ਇਹ ਸੋਚਦੇ-ਵਿਚਾਰਦੇ ਰਹੇ ਕਿ ਬਿੱਲੀ ਕਿਵੇਂ ਪ੍ਰਾਪਤ ਕੀਤੀ ਜਾਵੇ। ਅਖ਼ੀਰ, ਉਹਨਾਂ ਨੇ ਇਹ ਫੈਸਲਾ ਕੀਤਾ:

"ਕਾਫ਼ਲੇ ਦੇ ਮੁਖੀ ਸਾਹਿਬ," ਪਿੰਡ ਦੇ ਸਭ ਤੋਂ ਪਤਵੰਤੇ ਸੱਜਣ ਨੇ ਆਖਿਆ, "ਅਸੀਂ ਤੇਰਾ ਉਹ ਥੈਲਾ ਸੋਨੇ ਨਾਲ ਭਰ ਦਿੰਦੇ ਹਾਂ ਜਿਸ ਵਿਚ ਤੂੰ ਬਿੱਲੀ ਪਾਈ ਹੋਈ ਏ ਤੇ ਬਿੱਲੀ ਸਾਨੂੰ ਦੇ ਦੇ। ਸਾਡਾ ਖ਼ਿਆਲ ਏ ਕਿ ਇਸ ਦੇ ਮਾਲਕ ਨਾ ਹੀ ਸਾਡੇ ਨਾਲ ਤੇ ਨਾ ਹੀ ਤੇਰੇ ਨਾਲ ਨਾਰਾਜ਼ ਹੋਣਗੇ।"

ਕਾਫ਼ਲੇ ਦੇ ਮੁਖੀ ਨੇ ਬਿੱਲੀ ਦੇ ਦਿੱਤੀ ਤੇ ਥੈਲਾ ਲਿਆ ਕੇ ਓਵੇਜ਼ ਦੇ ਮਾਪਿਆਂ ਦੇ ਹਵਾਲੇ ਕੀਤਾ। ਏਨਾ ਕੀਮਤੀ ਤੁਹਫ਼ਾ ਵੇਖ ਕੇ ਉਹ ਦੇਰ ਤਕ ਆਪਣੇ ਆਪ ਵਿਚ ਨਾ ਆ ਸਕੇ।

ਓਵੇਜ਼ ਨੇ ਹੋਰ ਇਕ ਮਹੀਨਾ ਕੰਮ ਕੀਤਾ ਅਤੇ ਇਕ ਟਕਾ ਕਮਾਇਆ। ਉਹ ਆਪਣੇ ਮਾਪਿਆਂ ਵਾਸਤੇ ਕੋਈ ਤੁਹਫ਼ਾ ਖ਼ਰੀਦਣ ਦੀ ਤਲਾਸ਼ ਕਰਦਾ ਰਿਹਾ ਪਰ ਕੁਝ ਵੀ ਨਾ ਲੱਭ ਸਕਿਆ। ਕਿਸੇ ਨੇ ਉਸ ਨੂੰ ਕੁੱਤਾ ਖ਼ਰੀਦਣ ਲਈ ਆਖਿਆ। ਓਵੇਜ਼ ਕੋਈ ਚੀਜ਼ ਖ਼ਰੀਦੇ ਬਿਨਾਂ ਵਾਪਸ ਨਹੀਂ ਜਾਣਾ ਚਾਹੁੰਦਾ ਸੀ। ਸੋ, ਉਸ ਨੇ ਕੁੱਤਾ ਖ਼ਰੀਦ ਲਿਆ। ਉਹ ਕਿਸੇ ਸੌਦਾਗਰ ਨੂੰ ਮਿਲਣ ਦੀ ਆਸ ਨਾਲ ਉਸ ਰਾਹ ਉਤੇ ਜਾ ਖਲੋਤਾ ਜਿਸ ਉਤੋਂ ਦੀ ਸੌਦਾਗਰਾਂ ਦੇ ਕਾਫ਼ਲੇ ਲੰਘਦੇ ਹੁੰਦੇ ਸਨ। ਉਹ ਉਹਨਾਂ ਹੱਥ ਤੁਹਫ਼ਾ ਆਪਣੇ ਮਾਪਿਆਂ ਕੋਲ ਭੇਜਣਾ ਚਾਹੁੰਦਾ ਸੀ। ਪਰ ਕੋਈ ਵੀ ਕਾਫ਼ਲਾ ਨਾ ਆਇਆ ਤੇ ਉਸ ਨੇ ਉਥੇ, ਰਾਹ ਉਤੇ ਹੀ ਰਾਤ ਲੰਘਾਈ।

ਸਵੇਰੇ ਲੋਅ ਲੱਗਣ ਨਾਲ ਓਵੇਜ਼ ਜਾਗ ਪਿਆ। ਉਸ ਨੇ ਵੇਖਿਆ ਕਿ ਕੁੱਤਾ ਉਥੇ ਹੈ ਨਹੀਂ ਸੀ ਅਤੇ ਉਸ ਦੇ ਲਾਗੇ ਇਕ ਵੱਡਾ ਸਾਰਾ ਅਜਗਰ ਪਲਸੇਟੇ ਮਾਰ ਰਿਹਾ ਸੀ।

ਡਰ ਦੇ ਮਾਰੇ ਓਵੇਜ਼ ਨੇ ਅੱਖਾਂ ਮੀਟ ਲਈਆਂ ਤੇ ਗੁੱਛਾ-ਮੁੱਛਾ ਹੋ ਗਿਆ। ਪਰ ਅਜਗਰ ਨੇ ਉਸ ਨੂੰ ਮਨੁੱਖਾਂ ਵਰਗੀ ਆਵਾਜ਼ ਵਿਚ ਆਖਿਆ:

"ਓਇ ਗਭਰੂਆ, ਤੂੰ ਡਰ ਨਾ। ਜੇ ਤੂੰ ਮੇਰੀ ਮਦਦ ਕਰ ਦਏਂ ਤਾਂ ਮੈਂ ਤੈਨੂੰ ਕੁਝ ਨਹੀਂ ਕਹਿੰਦਾ।"

"ਮੈਂ ਤੇਰੀ ਕੀ ਮਦਦ ਕਰ ਸਕਦਾ ਹਾਂ?"

"ਮੈਂ ਬਾਦਸ਼ਾਹ ਅਜਗਰ ਦਾ ਇਕਲੌਤਾ ਪੁਤਰ ਹਾਂ। ਇਕ ਵਾਰੀ ਮੇਰੇ ਬਾਪ ਨੇ ਮੇਰਾ ਦਿਲ ਦੁਖਾਇਆ ਸੀ ਤੇ ਮੈਂ ਉਸ ਨੂੰ ਛੱਡ ਕੇ ਚਲਾ ਗਿਆ। ਉਸ ਘਟਨਾ ਨੂੰ ਕਈ ਸਾਲ ਹੋ ਗਏ ਨੇ ਪਰ ਅਸੀਂ ਕਿਸੇ ਵੀ ਤਰ੍ਹਾਂ ਸੁਲ੍ਹਾ ਨਹੀਂ ਕਰ ਸਕਦੇ। ਪਰ ਤੂੰ ਇਹ ਕੰਮ ਕਰ ਸਕਦਾ ਏਂ।"

ਓਵੇਜ਼ ਕੀ ਕਰ ਸਕਦਾ ਸੀ। ਸੋ, ਉਸ ਨੇ ਕਿਹਾ:

"ਠੀਕ ਹੈ, ਜੇ ਹੋ ਸਕਿਆ ਤਾਂ ਮੈਂ ਤੁਹਾਡੀ ਸੁਲ੍ਹਾ ਕਰਾ ਦਿਆਂਗਾ।"

ਉਹ ਤੁਰੇ ਜਾ ਰਹੇ ਸਨ ਤੇ ਅਜਗਰ ਕਹਿ ਰਿਹਾ ਸੀ:

"ਜਦੋਂ ਤੂੰ ਸਾਡੀ ਸੁਲ੍ਹਾ ਕਰਾ ਦਏਂਗਾ ਤਾਂ ਮੇਰਾ ਬਾਪ ਆਖੇਗਾ: 'ਤੂੰ ਇਨਾਮ ਵਜੋਂ ਕੀ ਲੈਣਾ ਚਾਹੇਂਗਾ?' ਤੂੰ ਉਸ ਦੀ ਮੁੰਦਰੀ ਮੰਗ ਲਈਂ। ਉਸ ਮੁੰਦਰੀ ਦੀ ਸਹਾਇਤਾ ਨਾਲ ਤੂੰ ਆਪਣੀ ਹਰ ਮੁਰਾਦ ਪੂਰੀ ਕਰ

ਸਕਿਆ ਕਰੇਂਗਾ। ਮੇਰਾ ਬਾਪ ਮੁੰਦਰੀ ਦੀ ਥਾਂ ਤੈਨੂੰ ਹੋਰ ਬਹੁਤ ਕੁਝ ਦੇਣ ਲਈ ਤਿਆਰ ਹੋਵੇਗਾ, ਪਰ ਤੂੰ ਮੰਨੀਂ ਨਾ।"

ਪਤਾ ਨਹੀਂ ਕਿ ਉਹ ਥੋੜ੍ਹਾ ਜਾਂ ਬੜਾ ਚਿਰ ਤੁਰਦੇ ਗਏ, ਪਰ ਅਖ਼ੀਰ ਵਿਚ, ਉਹਨਾਂ ਦੇ ਸਾਮ੍ਹਣਿਓਂ ਸੱਪ ਰੀਂਗਦੇ ਆਉਂਦੇ ਵਿਖਾਈ ਦਿੱਤੇ। ਓਵੇਜ਼ ਤਾਂ ਡਰ ਨਾਲ ਕੰਬ ਵੀ ਰਿਹਾ ਸੀ। ਛੇਤੀ ਹੀ ਉਸ ਨੂੰ ਬੁੱਢਾ ਅਜਗਰ ਵਿਖਾਈ ਦਿੱਤਾ।

"ਹੇ ਬਾਦਸ਼ਾਹਾਂ ਦੇ ਬਾਦਸ਼ਾਹ," ਓਵੇਜ਼ ਨੇ ਝੁਕ ਕੇ ਉਸ ਨੂੰ ਸਲਾਮ ਕੀਤਾ, "ਦੁਨੀਆ ਭਰ ਵਿਚ ਤੇਰੀ ਦਿਆਲਤਾ ਦੇ ਗੁਣ ਗਾਏ ਜਾਂਦੇ ਨੇ, ਪਰ ਤੂੰ ਆਪਣੇ ਸਕੇ ਪੁਤ ਤੇ ਤਖ਼ਤ ਦੇ ਵਾਰਸ ਨਾਲ ਤਕਰਾਰ ਕਰ ਕੇ ਇਸ ਨੂੰ ਧੱਬਾ ਲਾ ਰਿਹਾ ਏਂ। ਤਗੜੇ ਤੇ ਸਿਆਣੇ ਬਾਦਸ਼ਾਹ ਨੂੰ ਕਮਜ਼ੋਰਾਂ ਤੇ ਬੱਚਿਆਂ ਦਾ ਦਿਲ ਨਹੀਂ ਦੁਖਾਉਣਾ ਚਾਹੀਦਾ।"

ਬੁੱਢੇ ਅਜਗਰ ਨੇ ਇਹ ਗੱਲਾਂ ਸੁਣੀਆਂ ਤਾਂ ਉਸ ਦੀਆਂ ਅੱਖਾਂ ਸਾਮ੍ਹਣੇ ਹਨੇਰਾ ਛਾ ਗਿਆ। ਓਵੇਜ਼ ਬਾਦਸ਼ਾਹ ਦੀ ਪ੍ਰਸ਼ੰਸਾ ਕਰਦਾ ਤੇ ਉਸ ਦੇ ਇਕਲੌਤੇ ਪੁਤਰ ਤੇ ਗੱਦੀ ਦੇ ਵਾਰਸ ਵੱਲ ਨਰਮੀ ਵਿਖਾਉਣ ਦੀਆਂ ਬੇਨਤੀਆਂ ਕਰਦਾ ਰਿਹਾ। ਜਦੋਂ ਉਸ ਨੇ ਬੋਲਣਾ ਬੰਦ ਕੀਤਾ ਤਾਂ ਬਾਦਸ਼ਾਹ ਨੇ ਆਪਣੇ ਬੇਸਮਝ ਪੁੱਤਰ ਨੂੰ ਗਲਵਕੜੀ ਵਿਚ ਲੈ ਲਿਆ ਤੇ ਹੁਕਮ ਦਿੱਤਾ ਕਿ ਉਸ ਦੀ ਸਹੀ ਸਲਾਮਤ ਵਾਪਸੀ ਦੀ ਖ਼ੁਸ਼ੀ ਵਿਚ ਜਸ਼ਨਾਂ ਦੀ ਤਿਆਰੀ ਕੀਤੀ ਜਾਵੇ।

ਤਿੰਨ ਦਿਨ ਤੇ ਤਿੰਨ ਰਾਤਾਂ ਜਸ਼ਨ ਹੁੰਦੇ ਰਹੇ। ਓਵੇਜ਼ ਨੂੰ ਸਭ ਤੋਂ ਪਤਵੰਤੇ ਮਹਿਮਾਨ ਵਜੋਂ ਨਿਵਾਜਿਆ ਗਿਆ। ਤੇ ਜਦੋਂ ਉਹ ਘਰ ਜਾਣ ਲੱਗਾ ਤਾਂ ਬਾਦਸ਼ਾਹ ਨੇ ਉਸ ਨੂੰ ਆਖਿਆ:

"ਮੈਂ ਤੇਰੇ 'ਤੇ ਬੜਾ ਖ਼ੁਸ਼ ਹਾਂ ਤੇ ਇਸ ਖ਼ੁਸ਼ੀ ਦੇ ਬਦਲੇ ਤੈਨੂੰ ਕੁਝ ਦੇਣਾ ਚਾਹੁੰਦਾ ਹਾਂ। ਦੱਸ, ਤੈਨੂੰ ਕੀ ਚਾਹੀਦੈ?"

"ਹੇ ਬਾਦਸ਼ਾਹ, ਮੈਨੂੰ ਬਹੁਤ ਥੋੜ੍ਹਾ ਜਿਹਾ ਚਾਹੀਦੈ," ਓਵੇਜ਼ ਨੇ ਬੜੇ ਗੌਰਵ ਨਾਲ ਜਵਾਬ ਦਿੱਤਾ, "ਮੈਨੂੰ ਇਸ ਗੱਲ ਦਾ ਬੜਾ ਹੀ ਸੰਤੋਖ ਹੋਵੇਗਾ ਕਿ ਬਾਦਸ਼ਾਹ ਅਜਗਰ ਸਦਾ ਖ਼ੁਸ਼ ਤੇ ਤੰਦਰੁਸਤ ਰਹਿਣ। ਜੇ ਆਪਣੀ ਦਿਆਲਤਾ ਦੀ ਯਾਦ ਵਜੋਂ ਮੈਨੂੰ ਕੋਈ ਤੁਹਫ਼ਾ ਦੇਣ ਦੀ ਬਾਦਸ਼ਾਹ ਦੀ ਇੱਛਾ ਹੋਵੇ ਤਾਂ ਮੈਨੂੰ ਉਂਗਲੀ ਵਿਚ ਪਈ ਹੋਈ ਮੁੰਦਰੀ ਦੇ ਦਿੱਤੀ ਜਾਵੇ। ਮੇਰੇ ਲਈ ਇਸ ਦਾ ਕੋਈ ਭਾਰ ਨਹੀਂ ਤੇ ਬਾਦਸ਼ਾਹ ਨੂੰ ਇਸ ਦਾ ਕੋਈ ਵਿਗੋਚਾ ਨਹੀਂ ਹੋਣ ਲੱਗਾ।"

ਬਾਦਸ਼ਾਹ ਸਭ ਕੁਝ ਦੇਣ ਲਈ ਤਿਆਰ ਸੀ ਪਰ ਮੁੰਦਰੀ ਨਹੀਂ ਦੇਣੀ ਚਾਹੁੰਦਾ ਸੀ। ਪਰ ਓਵੇਜ਼ ਵਰਗਾ ਮਿਲਾਪੜਾ ਤੇ ਸੁਆਰਥਹੀਣ ਮੁੰਡਾ ਉਸ ਨੂੰ ਬੜਾ ਹੀ ਚੰਗਾ ਲੱਗਾ। ਸੋ, ਬਾਦਸ਼ਾਹ ਨੇ ਮੁੰਦਰੀ ਮੁੰਡੇ ਨੂੰ ਦੇ ਦਿੱਤੀ। ਓਵੇਜ਼ ਨੇ ਮਹਿਮਾਨ-ਨਿਵਾਜ਼ੀ ਲਈ ਅਜਗਰ ਦਾ ਸ਼ੁਕਰੀਆ ਅਦਾ ਕੀਤਾ ਤੇ ਵਾਪਸ ਆਪਣੇ ਰਾਹ ਪੈ ਗਿਆ।

ਓਧਰ ਓਵੇਜ਼ ਦੇ ਮਾਪੇ ਉਸ ਨੂੰ ਮਰ ਗਿਆ ਸਮਝ ਬੈਠੇ ਸਨ ਪਰ ਉਹ ਜੀਊਂਦਾ ਜਾਗਦਾ ਘਰ ਪਰਤ ਆਇਆ। ਮਾਪਿਆਂ ਦੀ ਖ਼ੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ। ਉਹਨਾਂ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਸ ਨੂੰ ਕਿੱਥੇ ਬਿਠਾਉਣ ਤੇ ਕੀ ਖਵਾਉਣ।

ਅਗਲੀ ਸਵੇਰ ਓਵੇਜ਼ ਨੇ ਆਪਣੀ ਮਾਂ ਨੂੰ ਆਖਿਆ:

"ਐਦਜੇ*, ਜਾ ਤੇ ਮੇਰੇ ਲਈ ਬਾਦਸ਼ਾਹ ਦੀ ਧੀ ਦਾ ਸਾਕ ਮੰਗ ਲਿਆ।"

* ਅੰਮਾਂ।—**ਸੰਪਾ:**

"ਇਹ ਤੂੰ ਕੀ ਆਖਦਾ ਪਿਆ ਏਂ, ਪੁੱਤਰਾ," ਬੁੱਢੀ ਸਹਿਮ ਗਈ, "ਤੈਨੂੰ, ਭਲਾ, ਪਤਾ ਨਹੀਂ ਕਿ ਉਹ ਕਿੱਡਾ ਜ਼ਾਲਮ ਏ। ਮੈਂ ਤਾਂ ਉਹਦਾ ਨਾਂ ਲੈਣ ਤੋਂ ਵੀ ਘਬਰਾਉਂਦੀ ਹਾਂ।"

"ਐਦਜੇ, ਮੈਂ ਤੇਰਾ ਤਰਲਾ ਕਰਦਾ ਹਾਂ," ਓਵੇਜ਼ ਨੇ ਆਖਿਆ।

"ਤੈਨੂੰ ਪਤਾ ਵੀ ਹੈ," ਮਾਂ ਨੇ ਆਖਿਆ, "ਉਹ ਕਿੱਡਾ ਵੱਡਾ ਕਾਲਿਮ* ਮੰਗਦੈ?"

"ਜਿੰਨਾ ਵੀ ਮੰਗੇ, ਤੂੰ ਮੰਨ ਜਾਈਂ," ਓਵੇਜ਼ ਨੇ ਆਖਿਆ।

ਮਾਂ ਬੜੀ ਬੇਦਿਲੀ ਜਿਹੀ ਨਾਲ ਚਲੀ ਗਈ।

ਲਓ ਜੀ, ਹੁਣ ਕੰਗਾਲ ਦਾ ਮੁੰਡਾ ਬਾਦਸ਼ਾਹ ਦਾ ਜਵਾਈ ਬਣਨਾ ਚਾਹੁੰਦਾ ਸੀ ਮੁੰਡੇ ਦੀ ਇਸ ਯਕੀਨੋਂ ਬਾਹਰੀ ਗੁਸਤਾਖ਼ੀ ਨੂੰ ਆਪਣੀ ਹੱਤਕ ਸਮਝਦਿਆਂ ਅਤੇ ਇਹ ਸੋਚਦਿਆਂ ਕਿ ਕਿਸੇ ਹੋਰ ਨੂੰ ਵੀ ਉਸ ਦੀ ਧੀ ਦਾ ਸਾਕ ਮੰਗਣ ਦੀ ਹਿੰਮਤ ਨਾ ਪਵੇ, ਬਾਦਸ਼ਾਹ ਨੇ ਕਿਹਾ:

"ਅਸੀਂ ਰਜ਼ਾਮੰਦ ਹਾਂ, ਪਰ ਭਲਕੇ ਸਵੇਰੇ, ਜਦੋਂ ਅਸੀਂ ਆਪਣੇ ਬਿਸਤਰੇ ਤੋਂ ਉੱਠੀਏ ਤਾਂ ਮਹਿਲ ਦੇ ਸਾਮ੍ਹਣੇ ਚਾਂਦੀ ਦਾ ਬਣਿਆ ਹੋਇਆ ਇਕ ਕਿਲਾ ਹੋਵੇ ਅਤੇ ਉਸ ਦੀ ਹਰ ਬਾਹੀ ਉਤੇ ਸੋਨੇ ਦੇ ਮਹਿਲ ਬਣੇ ਹੋਏ ਹੋਣ। ਇਕ ਮਹਿਲ ਵਿਚ ਬਹਾਰ, ਦੂਜੇ ਵਿਚ ਹੁਨਾਲ, ਤੀਜੇ ਵਿਚ ਪਤਝੜ ਤੇ ਚੌਥੇ ਵਿਚ ਸਿਆਲ ਦੀ ਰੁੱਤ ਹੋਵੇ। ਜੇ ਇਸ ਤਰ੍ਹਾਂ ਨਾ ਹੋਇਆ ਤਾਂ ਤੁਹਾਡਾ ਗੁਸਤਾਖ਼ ਪੁਤਰ ਵੀ ਜੀਉਂਦਾ ਨਹੀਂ ਰਹੇਗਾ।"

ਇਹ ਸ਼ਰਤ ਸੁਣ ਕੇ ਮਾਂ ਬੇਹੋਸ਼ ਹੋ ਜਾਣ ਲੱਗੀ ਸੀ। ਜਦੋਂ ਉਹ ਆਪਣੇ ਕਿਬੀਤਕਾ ਪਹੁੰਚੀ ਤਾਂ ਉਸ ਨੂੰ ਆਪਣੀ ਕੋਈ ਹੋਸ਼ ਨਹੀਂ ਸੀ।

"ਸੁਣਾ ਐਦਜੇ, ਕੀ ਜਵਾਬ ਮਿਲਿਐ?" ਪੁਤਰ ਨੇ ਬੇਸਬਰੀ ਨਾਲ ਪੁੱਛਿਆ। "ਕਿਵੇਂ ਆਈ ਏਂ, ਬਘਿਆੜ ਜਾਂ ਲੂੰਮੜੀ ਬਣ ਕੇ?"

"ਤੂੰ ਵੀ ਚੰਗਾ ਏਂ, ਆਪਣੀਆਂ ਲੂੰਮੜੀਆਂ ਬਘਿਆੜਾਂ ਨੂੰ ਲਈ ਫਿਰਦੈ। ਸ਼ੁਕਰ ਅੱਲਾ ਦਾ ਕਿ ਜੀਉਂਦੀ ਆ ਗਈ ਹਾਂ।" ਉਸ ਨੇ ਸਹਿਮੀ ਹੋਈ ਨੇ ਦੱਸਿਆ ਕਿ ਬਾਦਸ਼ਾਹ ਨੇ ਕਿੰਨਾ ਭਾਰੀ ਭੁੱਗਾ ਮੰਗਿਆ ਸੀ।

"ਤੁਸੀਂ ਚਿੰਤਾ ਨਾ ਕਰੋ, ਐਦਜੇ," ਓਵੇਜ਼ ਨੇ ਆਖਿਆ, "ਸਭ ਕੁਝ ਠੀਕ ਠਾਕ ਹੋਵੇਗਾ।"

ਰਾਤੀਂ ਜਦੋਂ ਸ਼ਹਿਰ ਦੇ ਸਾਰੇ ਲੋਕ ਗੂੜ੍ਹੀ ਨੀਂਦ ਸੁੱਤੇ ਹੋਏ ਸਨ ਤਾਂ ਓਵੇਜ਼ ਨੇ ਘਰੋਂ ਬਾਹਰ ਨਿਕਲ ਕੇ ਮੁੰਦਰੀ ਨੂੰ ਉਸੇ ਤਰ੍ਹਾਂ ਕਰਨ ਦਾ ਹੁਕਮ ਦਿੱਤਾ ਜੋ ਕੁਝ ਬਾਦਸ਼ਾਹ ਨੇ ਚਾਹਿਆ ਸੀ।

ਅਜੇ ਲੋਅ ਲੱਗੀ ਹੀ ਸੀ ਕਿ ਮਹਿਲ ਵਿਚ ਹਫੜਾ ਦਫੜੀ ਮੱਚ ਗਈ। ਰੌਲਾ ਪੈਣ ਕਾਰਨ ਬਾਦਸ਼ਾਹ ਵੀ ਜਾਗ ਪਿਆ ਤੇ ਗੁੱਸੇ ਨਾਲ ਪੁੱਛਿਆ:

"ਉਥੇ ਐਸੀ ਕਿਹੜੀ ਗੱਲ ਹੋ ਗਈ ਏ ਕਿ ਸਾਨੂੰ ਵੀ ਸੌਣ ਨਹੀਂ ਦਿੱਤਾ ਜਾ ਰਿਹਾ! ਕਸੂਰਵਾਨਾਂ ਨੂੰ ਫੜ ਲਓ ਤੇ ਸਖ਼ਤ ਸਜ਼ਾ ਦੇਵੋ।"

"ਹੇ ਬਾਦਸ਼ਾਹ ਸਲਾਮਤ," ਕੰਬਦੇ ਹੋਏ ਵਜ਼ੀਰ ਨੇ ਆਖਿਆ। "ਕਰਾਮਾਤ ਹੋ ਗਈ ਏ।"

"ਕਿੱਥੇ?" ਬਾਦਸ਼ਾਹ ਚੀਕਿਆ ਤੇ ਬਿਸਤਰੇ ਉਤੋਂ ਭੁੜਕ ਕੇ ਉੱਠਿਆ।

"ਅਹੁ ਵੇਖੋ!" ਵਜ਼ੀਰ ਨੇ ਬਾਰੀ ਵੱਲ ਇਸ਼ਾਰਾ ਕੀਤਾ।

ਮਹਿਲ ਦੇ ਐਨ ਸਾਮ੍ਹਣੇ ਚਾਂਦੀ ਦਾ ਇਕ ਵੱਡਾ ਸਾਰਾ ਕਿਲਾ ਲਿਸ਼ਕਾਰੇ ਮਾਰ ਰਿਹਾ ਸੀ ਜਿਸ ਦੀਆਂ ਚਾਰੇ ਬਾਹੀਆਂ ਉਤੇ ਸੋਨੇ ਦੇ ਬਣੇ ਹੋਏ ਮਹਿਲ ਸਨ। ਕਿਲੇ ਦੇ ਲਾਗੇ ਬਾਦਸ਼ਾਹ ਦਾ ਬਣਨ ਵਾਲਾ ਜਵਾਈ, ਗ਼ਰੀਬ ਆਦਮੀ ਦਾ ਪੁਤਰ ਓਵੇਜ਼ ਖਲੋਤਾ ਹੋਇਆ ਉਡੀਕ ਰਿਹਾ ਸੀ।

* ਲਾੜੀ ਦੇ ਬਦਲੇ ਉਸ ਦੇ ਮਾਪਿਆਂ ਨੂੰ ਦਿੱਤਾ ਜਾਣ ਵਾਲਾ ਧਣ।



ਜਦੋਂ ਬਾਦਸ਼ਾਹ ਨੇ ਬਾਰੀ ਥਾਣੀਂ ਵੇਖਿਆ ਤਾਂ ਵਿਆਹ ਦਾ ਜਸ਼ਨ ਮਨਾਉਣ ਦਾ ਐਲਾਨ ਕਰਨ ਦਾ ਹੁਕਮ ਦਿੱਤਾ।

ਸ਼ਾਦੀ ਦੇ ਜਸ਼ਨ ਸੱਤ ਦਿਨ ਤੇ ਸੱਤ ਰਾਤਾਂ ਜਾਰੀ ਰਹੇ, ਸੱਤ ਦਿਨ ਤੇ ਸੱਤ ਰਾਤਾਂ ਲੋਕ ਖੁਸ਼ੀਆਂ ਮਨਾਉਂਦੇ ਰਹੇ, ਪਰ ਬਾਦਸ਼ਾਹ ਨੇ ਸਾਰਾ ਸਮਾਂ ਮੂੰਹ ਵੱਟੀ ਰਖਿਆ। ਇਹ ਵਿਚਾਰ ਉਸ ਦਾ ਖਹਿੜਾ ਨਹੀਂ ਛੱਡ ਰਿਹਾ ਸੀ: "ਜਦੋਂ ਮੈਂ ਏਨਾ ਕਾਲਿਮ ਤਹਿ ਕੀਤਾ ਸੀ ਤਾਂ ਮੈਨੂੰ ਪਤਾ ਸੀ ਕਿ ਜੇ ਤਿੰਨ-ਚਾਰ ਬਾਦਸ਼ਾਹ ਆਪਣੀ ਸਾਰੀ ਦੌਲਤ ਮਿਲਾ ਕੇ ਵੀ ਕਾਲਿਮ ਦੇਣਾ ਚਾਹੁਣ ਤਾਂ ਨਹੀਂ ਦੇ ਸਕਦੇ। ਪਰ ਇਹ ਕੰਗਾਲ ਤੇ ਮੈਲਾ-ਕੁਚੈਲਾ ਮੁੰਡਾ ਪਤਾ ਨਹੀਂ ਕਿਥੋਂ ਟਪਕ ਪਿਐ ਤੇ ਮੇਰੀ ਧੀ ਨੂੰ ਵਿਆਹ ਕੇ ਲੈ ਗਿਐ। ਨਹੀਂ, ਦਾਲ ਵਿਚ ਜ਼ਰੂਰ ਕੁਝ ਕਾਲਾ ਏ। ਮੈਂ ਇਸ ਤਰ੍ਹਾਂ ਨਹੀਂ ਹੋਣ ਦੇਣਾ।"

ਜਦੋਂ ਓਵੇਜ਼ ਅਜਗਰ ਕੋਲੋਂ ਆਪਣੇ ਘਰ ਆ ਰਿਹਾ ਸੀ ਤਾਂ ਉਸ ਨੂੰ ਅਜੇ ਮੁੰਦਰੀ ਦੀ ਤਾਕਤ ਦਾ ਪੂਰਾ ਭੇਤ ਨਹੀਂ ਸੀ ਤੇ ਨਾ ਹੀ ਉਸ ਨੂੰ ਪਤਾ ਸੀ ਕਿ ਉਸ ਕੋਲੋਂ ਕੀ ਮੰਗਿਆ ਜਾ ਸਕਦਾ ਸੀ। ਇਸ ਲਈ, ਸਭ ਤੋਂ ਪਹਿਲਾਂ ਉਸ ਨੇ ਆਪਣੀਆਂ ਇਹ ਇਹ ਇਛਾਵਾਂ ਪੂਰੀਆਂ ਕੀਤੀਆਂ: ਆਪਣੀ ਬਿੱਲੀ ਵਾਪਸ ਲਿਆਂਦੀ, ਜਿਸ ਨੂੰ ਜਿਵੇਂ ਕਿ ਉਸ ਨੂੰ ਪਤਾ ਲੱਗਾ, ਉਸ ਪਿੰਡ ਵਿਚ ਸੋਨੇ ਦੇ ਥੈਲੇ ਬਦਲੇ ਖਰੀਦਿਆ ਗਿਆ ਸੀ ਜਿੱਥੇ ਕਾਫ਼ਲਾ ਠਹਿਰਿਆ ਸੀ; ਕੁੱਤੇ ਨੂੰ ਵਾਪਸ ਲਿਆਂਦਾ, ਜਿਹੜਾ ਅਜਗਰ ਨੂੰ ਮਿਲਣ ਤੋਂ ਪਹਿਲਾਂ ਕਿਧਰੇ ਗੁੰਮ ਹੋ ਗਿਆ ਸੀ। ਬਿੱਲੀ ਤੇ ਕੁੱਤਾ ਵਾਪਸ ਆ ਗਏ ਸਨ ਤੇ ਹੁਣ ਓਵੇਜ਼ ਉਹਨਾਂ ਨਾਲੋਂ ਵਿਛੜਨਾ ਨਹੀਂ ਚਾਹੁੰਦਾ ਸੀ।

ਆਪਣੇ ਪਿਤਾ, ਬਾਦਸ਼ਾਹ ਦੇ ਸੁਭਾਅ ਨੂੰ ਜਾਣਦੀ ਹੋਣ ਕਰਕੇ ਸ਼ਹਿਜ਼ਾਦੀ ਨੇ ਓਵੇਜ਼ ਨੂੰ ਆਖਿਆ:

"ਕਹਿੰਦੇ ਨੇ: 'ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਪਾਈਆਂ ਜਾ ਸਕਦੀਆਂ'। ਮੇਰੇ ਪਿਤਾ ਨੇ ਤੈਨੂੰ ਸੁਖ ਦਾ ਸਾਹ ਨਹੀਂ ਲੈਣ ਦੇਣਾ। ਆ, ਅਸੀਂ ਦਰਿਆ ਦੇ ਦੂਸਰੇ ਕੰਢੇ ਜਾ ਵੱਸੀਏ।"

ਜਦੋਂ ਓਵੇਜ਼ ਮਹਿਲ ਵਿਚੋਂ ਨਿਕਲਿਆ ਤਾਂ ਆਪਣੀ ਪਤਨੀ ਦੀ ਸਲਾਹ ਉਤੇ ਮੁੰਦਰੀ ਨੂੰ ਹੁਕਮ ਦਿੱਤਾ ਕਿ ਉਹ ਉਹਨਾਂ ਨੂੰ ਦਰਿਆ ਦੇ ਦੂਜੇ ਕੰਢੇ ਪਹੁੰਚਾ ਦੇਵੇ। ਬਾਦਸ਼ਾਹ ਦੇ ਕਿਸੇ ਨੌਕਰ ਨੇ ਸੁਣ ਲਿਆ ਕਿ ਓਵੇਜ਼ ਨੇ ਮੁੰਦਰੀ ਨਾਲ ਕਿਵੇਂ ਗੱਲਾਂ ਕੀਤੀਆਂ ਸਨ ਤੇ ਮੁਖ਼ਬਰੀ ਕਰ ਦਿੱਤੀ। ਬਾਦਸ਼ਾਹ ਨੇ ਹਰ ਕੀਮਤ ਉਤੇ ਜਾਦੂ ਦੀ ਮੁੰਦਰੀ ਆਪਣੇ ਕਬਜ਼ੇ ਵਿਚ ਲੈਣ ਦਾ ਫੈਸਲਾ ਕੀਤਾ। ਉਸ ਨੇ ਢੰਡੋਰਾ ਪਿਟਵਾ ਦਿੱਤਾ ਕਿ ਜਿਹੜਾ ਕੋਈ ਵੀ ਉਸ ਦੇ ਜਵਾਈ ਦੀ ਉਂਗਲ ਤੋਂ ਮੁੰਦਰੀ ਲਾਹ ਲਿਆਵੇਗਾ ਉਸ ਨੂੰ ਢੇਰ ਸਾਰਾ ਸੋਨਾ ਦਿਤਾ ਜਾਵੇਗਾ। ਇਹ ਗੱਲ ਇਕ ਬੁਢੜੀ ਦੇ ਕੰਨੀਂ ਵੀ ਪਈ ਤੇ ਉਹ ਬਾਦਸ਼ਾਹ ਕੋਲ ਪਹੁੰਚ ਗਈ।

"ਜੇ ਮੈਨੂੰ ਉਸ ਕੰਢੇ ਪਹੁੰਚਾ ਦਿੱਤਾ ਜਾਵੇ," ਉਸ ਨੇ ਆਖਿਆ, "ਤਾਂ ਮੈਂ ਜਾਦੂ ਦੀ ਮੁੰਦਰੀ ਲਿਆ ਸਕਦੀ ਹਾਂ।"

ਬਾਦਸ਼ਾਹ ਦੇ ਹੁਕਮ ਉਤੇ ਬੁਢੜੀ ਨੂੰ ਉਸੇ ਵੇਲੇ ਦਰਿਆ ਦੇ ਦੂਜੇ ਕੰਢੇ ਉਤੇ ਪਹੁੰਚਾ ਦਿੱਤਾ ਗਿਆ। ਉਹ ਪਾਣੀ ਲਾਗੇ ਬੈਠ ਕੇ ਡੁਸਕਣ ਲੱਗ ਪਈ। ਹੋਇਆ ਇੰਜ ਕਿ ਉਸ ਦੇ ਰੋਣ ਦੀ ਆਵਾਜ਼ ਲਾਗੋਂ ਦੀ ਲੰਘ ਰਹੇ ਓਵੇਜ਼ ਨੇ ਸੁਣ ਲਈ।

"ਤੂੰ ਰੋਂਦੀ ਕਿਉਂ ਏ, ਦਾਦੀ-ਮਾਂ?"

"ਹਾਏ ਹਾਏ, ਵੇ ਪੁਤਰਾ, ਜੇ ਮੈਂ ਨਹੀਂ ਤਾਂ ਹੋਰ ਕੌਣ ਰੋਵੇ। ਮੇਰੇ ਇਕਲੌਤੇ ਤੇ ਕਮਾਊ ਪੁਤਰ ਨੂੰ ਬਾਦਸ਼ਾਹ ਦੇ ਬੰਦਿਆਂ ਨੇ ਮਾਰ ਦਿੱਤੈ ਤੇ ਮੈਨੂੰ ਇਸ ਵੀਰਾਨ ਕੰਢੇ ਉਤੇ ਖੂੰਖ਼ਾਰ ਜਨੌਰਾਂ ਦੇ ਖਾਣ ਲਈ ਸੁਟ ਦਿੱਤੈ।"

"ਤੂੰ ਦੁਖੀ ਨਾ ਹੋ, ਦਾਦੀ-ਮਾਂ," ਓਵੇਜ਼ ਨੇ ਆਖਿਆ। "ਆ, ਮੇਰੇ ਨਾਲ ਚੱਲ। ਮੇਰੀ ਪਤਨੀ ਦਾ ਘਰ ਦੇ ਕੰਮਾਂ ਵਿਚ ਹੱਥ ਵਟਾ ਦਿਆ ਕਰੇਂਗੀ, ਨਹੀਂ ਤਾਂ ਉਸ ਨੂੰ ਬੜਾ ਅਕੇਵਾਂ ਲੱਗਾ ਰਹਿੰਦੈ।"

ਬੁਢੜੀ ਕੁਝ ਕੁ ਦਿਨ ਰਹਿਣ ਮਗਰੋਂ ਘਰ ਦਾ ਹੀ ਜੀਅ ਬਣ ਗਈ। ਓਵੇਜ਼ ਸ਼ਿਕਾਰ ਉਤੇ ਚਲਾ ਜਾਇਆ ਕਰਦਾ ਸੀ ਤੇ ਬੁਢੜੀ ਜਵਾਨ ਵਹੁਟੀ ਨਾਲ ਪਰਛਾਵੇਂ ਵਾਂਗ ਚੰਬੜੀ ਰਹਿੰਦੀ ਸੀ।

"ਤੈਨੂੰ ਕੁੜੇ, ਪਤੈ," ਇਕ ਵਾਰੀ ਉਸ ਨੇ ਸ਼ਹਿਜ਼ਾਦੀ ਨੂੰ ਆਖਿਆ, "ਮੈਨੂੰ ਲਗਦੈ, ਓਵੇਜ਼ ਤੇਰੇ ਉਤੇ ਇਤਬਾਰ ਨਹੀਂ ਕਰਦਾ।"

"ਨਹੀਂ ਮਾਂ ਜੀ, ਉਹ ਮੈਨੂੰ ਬੜਾ ਮੋਹ ਕਰਦੈ। ਜਦੋਂ ਕੋਈ ਮੋਹ ਕਰਦੈ ਤਾਂ ਇਤਬਾਰ ਵੀ ਕਰਦੈ।"

"ਨਹੀਂ, ਨਹੀਂ, ਤੂੰ ਇਹ ਨਾ ਆਖ," ਬੁਢੜੀ ਨੇ ਬੋਲਣਾ ਜਾਰੀ ਰਖਿਆ। "ਉਹ ਏਨੀ ਕੀਮਤੀ ਮੁੰਦਰੀ ਪਾ ਕੇ ਸ਼ਿਕਾਰ ਉਤੇ ਜਾਂਦੈ। ਵੇਖੇਂ ਨਾ, ਇਹ ਵੀ ਤਾਂ ਹੋ ਸਕਦੈ ਕਿ ਉਹ ਉਸ ਨੂੰ ਗੁਆ ਬੈਠੇ। ਇੰਜ ਕੀਮਤੀ ਸ਼ੈ ਜਾਂਦੀ ਰਹੇਗੀ। ਚੰਗਾ ਹੀ ਹੋਵੇ ਜੇ ਉਹ ਮੁੰਦਰੀ ਘਰ ਛੱਡ ਜਾਇਆ ਕਰੇ। ਇੰਜ, ਮੁੰਦਰੀ ਬਚੀ ਰਹੇਗੀ।"

ਜਵਾਨ ਪਤਨੀ ਸਵੇਰ ਤੋਂ ਸ਼ਾਮ ਤਕ ਬੁਢੜੀ ਦੀ ਆਖੀ ਹੋਈ ਗੱਲ ਹੀ ਵਿਚਾਰਦੀ ਰਹੀ। ਜਿਉਂ ਜਿਉਂ ਉਹ ਸੋਚਦੀ ਗਈ ਤਿਉਂ ਤਿਉਂ ਉਸ ਦਾ ਇਹ ਯਕੀਨ ਪੱਕਾ ਹੁੰਦਾ ਗਿਆ ਕਿ ਓਵੇਜ਼ ਉਸ ਨੂੰ ਸਚਮੁੱਚ ਹੀ ਪਿਆਰ ਨਹੀਂ ਕਰਦਾ ਸੀ। ਜਦੋਂ ਓਵੇਜ਼ ਪਰਤਿਆ ਤਾਂ ਉਹ ਝੱਟ ਉਸ ਦੇ ਕੋਲ ਗਈ। ਉਸ ਨੇ ਬੜਾ ਲਾਡ ਪਿਆਰ ਕੀਤਾ ਤੇ ਉਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖਿਆ ਤੇ ਆਖਿਆ:

"ਮੈਨੂੰ ਮੁੰਦਰੀ ਦੇ, ਮੈਂ ਪਾ ਕੇ ਵੇਖਾਂ।"

"ਲੈ ਫੜ," ਓਵੇਜ਼ ਨੇ ਮੁੰਦਰੀ ਲਾਹੀ ਤੇ ਆਪਣੀ ਪਿਆਰੀ ਪਤਨੀ ਦੀ ਉਂਗਲ ਉਤੇ ਚਾੜ੍ਹ ਦਿੱਤੀ। "ਪਰ ਇਹਨੂੰ ਗੁਆਈਂ ਨਾ।"

ਸਵੇਰੇ ਓਵੇਜ਼ ਸ਼ਿਕਾਰ ਉਤੇ ਚਲਾ ਗਿਆ। ਬੁੱਢੜੀ ਨੇ ਮਾਲਕਣ ਦੇ ਹੱਥ ਪਈ ਮੁੰਦਰੀ ਵੇਖ ਲਈ ਤੇ ਉਸ ਨੂੰ ਪ੍ਰਾਪਤ ਕਰਨ ਦਾ ਵਿਚਾਰ ਉਸੇ ਵੇਲੇ ਉਸ ਦੇ ਦਿਮਾਗ ਵਿਚ ਆਇਆ। ਪਾਣੀ ਗਰਮ ਕਰਨ ਮਗਰੋਂ ਉਸ ਨੇ ਆਖਿਆ:

"ਲੈ ਫੜ ਗਰਮ ਪਾਣੀ ਤੇ ਨਹਾ ਧੋ ਲੈ। ਜਵਾਨ ਨੂੰਹ ਨੂੰ ਹਰ ਵੇਲੇ ਸਾਫ਼ ਸੁਥਰੀ ਰਹਿਣਾ ਚਾਹੀਦੈ, ਨਹੀਂ ਤਾਂ ਘਰਵਾਲਾ ਮੋਹ ਨਹੀਂ ਕਰਦਾ।"

ਜਵਾਨ ਮਾਲਕਣ ਨੇ ਕਪੜੇ ਲਾਹੇ, ਮੁੰਦਰੀ ਉਤਾਰੀ ਤੇ ਉਸ ਨੂੰ ਸਿਰਹਾਣੇ ਹੇਠ ਰਖ ਕੇ ਚਲੀ ਗਈ। ਬੁਢੜੀ ਤਾਂ ਇਸੇ ਮੌਕੇ ਦੀ ਉਡੀਕ ਵਿਚ ਸੀ। ਉਸ ਨੇ ਜਾਦੂ ਦੀ ਮੁੰਦਰੀ ਚੁਕ ਲਈ ਤੇ ਰੌਲਾ ਪਾਉਣ ਲੱਗੀ:

"ਜਾਦੂ ਦੀਏ ਮੁੰਦਰੀਏ, ਓਵੇਜ਼ ਨੂੰ ਜਾਨੋਂ ਮਾਰ ਦੇ, ਉਹਦੀ ਘਰਵਾਲੀ ਨੂੰ ਅਧਮੋਈ ਕਰ ਦੇ ਤੇ ਮੈਨੂੰ ਬਾਦਸ਼ਾਹ ਕੋਲ ਪਹੁੰਚਾ ਦੇ।"

ਜਾਦੂ ਦੀ ਮੁੰਦਰੀ ਨੇ ਉਸੇ ਤਰ੍ਹਾਂ ਕੀਤਾ ਜਿਸ ਤਰ੍ਹਾਂ ਦਾ ਉਸ ਨੂੰ ਹੁਕਮ ਮਿਲਿਆ ਸੀ।

ਬਾਦਸ਼ਾਹ ਨੇ ਆਪਣੇ ਵਾਅਦੇ ਅਨੁਸਾਰ ਬੁਢੜੀ ਨੂੰ ਇਨਾਮ ਦਿੱਤਾ ਤੇ ਉਹ ਆਪਣੇ ਘਰ ਚਲੀ ਗਈ।

ਉਧਰ ਜਦੋਂ ਓਵੇਜ਼ ਸ਼ਿਕਾਰ ਉਤੇ ਗਿਆ ਹੋਇਆ ਸੀ ਤਾਂ ਕੁੱਤਾ ਉਸ ਦੇ ਨਾਲ ਸੀ। ਉਸ ਨੇ ਜਦੋਂ ਵੇਖਿਆ ਕਿ ਉਸ ਦੇ ਮਾਲਕ ਉਤੇ ਆਫ਼ਤ ਆ ਪਈ ਸੀ, ਜਿਹੜਾ ਅਚਾਨਕ ਡਿਗ ਕੇ ਮਰ ਗਿਆ ਸੀ, ਤਾਂ ਕੁੱਤਾ ਦੌੜਦਾ ਦੌੜਦਾ ਘਰ ਚਲਾ ਗਿਆ। ਅੱਗੋਂ ਉਸ ਨੂੰ ਬਿੱਲੀ ਮਿਲ ਪਈ। ਕੁੱਤੇ ਨੇ ਬਿੱਲੀ ਨੂੰ ਦੱਸਿਆ ਕਿ ਓਵੇਜ਼ ਮਰ ਗਿਆ ਸੀ, ਤੇ ਉਹ ਦੋਵੇਂ ਇਹ ਸੋਚਣ ਲੱਗ ਪਏ ਕਿ ਮੁੰਦਰੀ ਕਿਵੇਂ ਲੱਭੀ ਜਾਵੇ।

ਉਹਨਾਂ ਨੇ ਦਰਿਆ ਪਾਰ ਕੀਤਾ ਤੇ ਬਾਦਸ਼ਾਹ ਦੇ ਮਹਿਲ ਵੱਲ ਤੁਰ ਪਏ। ਕੁੱਤੇ ਨੇ ਮਹਿਲ ਅੰਦਰ

ਜਾਣ ਦੇ ਬੜੇ ਹੀ ਜਤਨ ਕੀਤੇ ਪਰ ਸਭ ਅਸਫਲ ਰਹੇ। ਪਰ ਬਿੱਲੀ ਕਿਸੇ ਨਾ ਕਿਸੇ ਤਰ੍ਹਾਂ ਅੰਦਰ ਤਿਲਕ ਗਈ।

ਬਾਦਸ਼ਾਹ ਮੂੰਹ ਬੰਦ ਕਰ ਕੇ ਸੁੱਤਾ ਹੋਇਆ ਸੀ। ਬਿੱਲੀ ਨੇ ਸਾਰੀਆਂ ਨੁਕਰਾਂ ਫੋਲ ਮਾਰੀਆਂ ਪਰ ਮੁੰਦਰੀ ਉਸ ਨੂੰ ਕਿਤੇ ਵੀ ਨਾ ਮਿਲੀ।

ਅਚਾਨਕ ਉਸ ਨੂੰ ਇਕ ਚੂਹਾ ਵਿਖਾਈ ਦਿੱਤਾ ਜਿਸ ਨੂੰ ਬਿੱਲੀ ਨੇ ਫੜ ਲਿਆ।

"ਮੈਨੂੰ ਛੱਡ ਦੇ, ਬਿੱਲੀਏ," ਚੂਹੇ ਨੇ ਤਰਲਾ ਲਿਆ, "ਮੈਂ ਤੇਰੀ ਸਹਾਇਤਾ ਕਰਾਂਗਾ।"

"ਤੂੰ ਮੇਰੀ ਸਹਾਇਤਾ ਕਿਵੇਂ ਕਰ ਸਕਦੈਂ?" ਬਿੱਲੀ ਨੇ ਪੁੱਛਿਆ।

"ਤੂੰ ਮੁੰਦਰੀ ਲੱਭ ਰਹੀ ਏਂ," ਚੂਹੇ ਨੇ ਆਖਿਆ, "ਮੈਨੂੰ ਪਤੈ ਕਿ ਉਹ ਕਿੱਥੇ ਰਖੀ ਹੋਈ ਏ।"

"ਚੱਲ, ਦੱਸ।"

"ਬਾਦਸ਼ਾਹ ਦੇ ਮੂੰਹ ਵਿਚ, ਜ਼ਬਾਨ ਦੇ ਹੇਠਾਂ।"

"ਤੇਰਾ ਸ਼ੁਕਰੀਆ, ਚੂਹਿਆ। ਪਰ ਮੈਂ ਤੈਨੂੰ ਛੱਡਾਂਗੀ ਤਦ ਜਦੋਂ ਤੂੰ ਬਾਦਸ਼ਾਹ ਨੂੰ ਛਿੱਕ ਮਾਰਨ ਉਤੇ ਮਜਬੂਰ ਕਰ ਦੇਵੇਂਗਾ।"

ਚੂਹਾ ਬਾਦਸ਼ਾਹ ਦੇ ਮੂੰਹ ਕੋਲ ਗਿਆ ਤੇ ਉਸ ਦੀਆਂ ਨਾਸਾਂ ਵਿਚ ਆਪਣੀ ਪੂਛ ਵਾੜ ਦਿੱਤੀ।

"ਅ-ਅ-ਛੀਂ!" ਬਾਦਸ਼ਾਹ ਨੇ ਛਿੱਕ ਮਾਰੀ ਤੇ ਮੁੰਦਰੀ ਉਸ ਦੇ ਮੂੰਹ ਵਿਚੋਂ ਡਿਗ ਪਈ। ਬਿੱਲੀ ਨੇ ਮੁੰਦਰੀ ਨੂੰ ਝਪਟ ਕੇ ਫੜ ਲਿਆ ਤੇ ਅੱਖ ਦੇ ਪਲਕਾਰੇ ਵਿਚ ਬਾਹਰ ਨਿਕਲ ਗਈ, ਜਿਥੇ ਕੁੱਤਾ ਉਸ ਦੀ ਉਡੀਕ ਕਰ ਰਿਹਾ ਸੀ।

ਜਦੋਂ ਉਹ ਦਰਿਆ ਦੇ ਕੰਢੇ ਉਤੇ ਪੁੱਜੇ ਤਾਂ ਕੁੱਤੇ ਨੇ ਆਖਿਆ:

"ਮੇਰੀ ਮਿਤਰ ਬਿੱਲੀਈ, ਤੂੰ ਮੁੰਦਰੀ ਮੈਨੂੰ ਦੇ ਦੇ, ਨਹੀਂ ਤਾਂ ਤੂੰ ਇਸ ਨੂੰ ਪਾਣੀ ਵਿਚ ਡੇਗ ਬੈਠੇਂਗੀ ਤੇ ਫਿਰ ਉਹ ਨਹੀਂ ਲੱਭੀ ਜਾਣੀ।"

ਬਿੱਲੀ ਨੇ ਬੜਾ ਸਮਝਾਇਆ ਕਿ ਉਹ ਮੁੰਦਰੀ ਨੂੰ ਗੁਆਚਣ ਨਹੀਂ ਦੇਵੇਗੀ ਪਰ ਕੁੱਤੇ ਨੇ ਮੁੰਦਰੀ ਬਿੱਲੀ ਕੋਲੋਂ ਖੋਹ ਲਈ ਤੇ ਉਹ ਤਰਨ ਲੱਗ ਪਏ। ਜਦੋਂ ਉਹ ਦੂਜੇ ਕੰਢੇ ਲਾਗੇ ਪਹੁੰਚਣ ਹੀ ਵਾਲੇ ਸਨ ਕਿ ਕੁੱਤੇ ਨੂੰ ਤ੍ਰੇਹ ਲੱਗ ਗਈ। ਕੁੱਤਾ ਪਾਣੀ ਲੱਕਣ ਲੱਗ ਪਿਆ। ਉਸ ਦੇ ਮੂੰਹ ਵਿਚੋਂ ਮੁੰਦਰੀ ਡਿਗ ਪਈ ਤੇ ਪਾਣੀ ਵਿਚ ਡੁੱਬ ਗਈ।

ਬਿੱਲੀ ਨੇ ਕੁੱਤੇ ਨੂੰ ਬੜਾ ਹੀ ਕੋਸਿਆ ਤੇ ਫਿਰ ਕੰਢੇ ਉਤੇ ਬੈਠ ਕੇ ਰੋਣ ਲੱਗ ਪਈ।

ਅਚਾਨਕ ਹੀ ਕੰਢੇ ਦੇ ਐਨ ਲਾਗੇ ਇਕ ਮੱਛੀ ਨੇ ਆਪਣੀ ਪੂਛ ਨਾਲ ਛਪ-ਛਪ ਕੀਤਾ। ਇਸ ਗੱਲ ਦਾ ਚੇਤਾ ਆਉਂਦਿਆਂ ਹੀ ਕਿ ਉਹਨਾਂ ਨੇ ਚਿਰਾਂ ਤੋਂ ਕੁਝ ਨਹੀਂ ਖਾਧਾ ਸੀ, ਬਿੱਲੀ ਨੇ ਮੱਛੀ ਨੂੰ ਫੜ ਲਿਆ। ਵਾਹ-ਵਾਹ! ਓਦੋਂ ਕਿਆ ਕਰਾਮਾਤ ਹੋਈ। ਇਹੋ ਜਿਹੀ ਤਾਂ ਪਰੀ-ਕਹਾਣੀਆਂ ਵਿਚ ਵੀ ਨਹੀਂ ਹੁੰਦੀ: ਮੁੰਦਰੀ ਮੱਛੀ ਦੇ ਪੇਟ ਵਿਚ ਸੀ। ਬਿੱਲੀ ਨੇ ਮੁੰਦਰੀ ਫੜੀ ਤੇ ਉਹ ਦੌੜਦੇ ਹੋਏ ਘਰ ਪਹੁੰਚ ਗਏ।

ਮਾਲਕਣ ਨੇ ਮੁੰਦਰੀ ਬਿੱਲੀ ਕੋਲੋਂ ਫੜੀ ਤੇ ਆਖਿਆ:

"ਮੇਰੀ ਮੁਰਾਦ, ਓਵੇਜ਼ ਤੇ ਮੈਂ ਜ਼ਿੰਦਾ ਹੋਈਏ, ਹੋਈਏ ਆਬਾਦ!"

ਉਸੇ ਵੇਲੇ ਓਵੇਜ਼ ਬਰੂਹਾਂ ਲੰਘ ਕੇ ਅੰਦਰ ਆ ਗਿਆ।

ਜਦੋਂ ਪਤਨੀ ਆਪਣੇ ਪਤੀ ਨੂੰ ਮਿਲੀ ਤਾਂ ਉਸ ਦੀਆਂ ਅੱਖਾਂ ਵਿਚ ਖੁਸ਼ੀ ਦੇ ਹੰਝੂ ਡਲ੍ਹਕ ਰਹੇ ਸਨ। ਉਸ ਨੇ ਉਸ ਨੂੰ ਦੱਸਿਆ ਕਿ ਬੁਢੜੀ ਨੇ ਕਿਹੜੀ ਕਾਲੀ ਕਰਤੂਤ ਕੀਤੀ ਸੀ।


"ਭਲਾ ਹੋਵੇ ਕੁੱਤੇ ਤੇ ਬਿੱਲੀ ਦਾ," ਆਪਣੀ ਵਿਥਿਆ ਦੇ ਅੰਤ ਉਤੇ ਉਸ ਨੇ ਆਖਿਆ। "ਜੇ ਉਹ ਨਾ ਹੁੰਦੇ ਤਾਂ ਅਸੀਂ ਵੀ ਇਸ ਦੁਨੀਆ ਵਿਚ ਨਹੀਂ ਹੋਣਾ ਸੀ।"

"ਸਿਆਣਿਆਂ ਦਾ ਆਖਿਆ ਬਿਲਕੁਲ ਠੀਕ ਏ," ਓਵੇਜ਼ ਨੇ ਕਿਹਾ, "ਕਿ ਆਪਣੇ ਹੱਥ ਦੀ ਕਮਾਈ ਹੀ ਕਿਸੇ ਲੇਖੇ ਲਗਦੀ ਏ..." ਤੇ ਹੁਣ, ਮੇਰੀਏ ਮੁੰਦਰੀਏ, ਬਾਦਸ਼ਾਹ ਨੂੰ ਉਸ ਦੇ ਸਾਰੇ ਵਜ਼ੀਰਾਂ, ਸਾਰੇ ਵਕੀਲਾਂ ਸਮੇਤ ਖ਼ਤਮ ਕਰ ਦੇ, ਲਾਲਚੀ ਬੁਢੜੀ ਨੂੰ ਖ਼ਤਮ ਕਰ ਦੇ, ਪਰ ਮੇਰੇ ਮਾਪਿਆਂ ਨੂੰ ਉਹਨਾਂ ਦੀ ਸਾਰੀ ਦੌਲਤ ਸਮੇਤ ਇਥੇ ਪਹੁੰਚਾ ਦੇ।"

ਮੁੰਦਰੀ ਨੇ ਓਵੇਜ਼ ਦੇ ਹੁਕਮ ਦੀ ਤਾਮੀਲ ਕੀਤੀ। ਦੋਹਾਂ ਜੀਆਂ ਨੇ ਜਸ਼ਨ ਬੜੀ ਧੂੰਮ-ਧਾਮ ਨਾਲ ਮਨਾਏ। ਉਥੇ ਕਈ ਲੋਕ ਆਏ ਹੋਏ ਸਨ। ਦੋਸਤ ਖ਼ੁਸ਼ ਹੋ ਰਹੇ ਸਨ ਤੇ ਦੁਸ਼ਮਣ ਸੜ ਬਲ ਕੇ ਕੋਲੇ ਹੋ ਰਹੇ ਸਨ।



ਦਾਨਾ ਆਦਮੀ



ਇਕ ਵਾਰੀ ਬਿਆਖ਼ਲੀਲੀ ਨਾਂ ਦਾ ਇਕ ਆਦਮੀ ਰਹਿੰਦਾ ਹੁੰਦਾ ਸੀ। ਲੋਕੀਂ ਉਸ ਦਾ ਏਨਾ ਆਦਰ ਸਤਿਕਾਰ ਕਰਦੇ ਸਨ ਕਿ ਉਸ ਨੂੰ ਬਿਆਖ਼ਲੀਲੀ ਕਰ ਕੇ ਹੀ ਨਹੀਂ ਸਗੋਂ ਬਿਆਖ਼ਲੀਲੀ ਦਾਨਾ ਕਰ ਕੇ ਸੱਦਿਆ ਜਾਂਦਾ ਸੀ। ਇਕ ਵਾਰੀ ਬਾਜ਼ਾਰ ਵਿਚ ਉਸ ਨੂੰ ਇਕ ਬੜਾ ਹੀ ਅਮੀਰ ਸੌਦਾਗਰ ਮਿਲਿਆ। ਸੌਦਾਗਰ ਨੇ ਪੁੱਛਿਆ :

"ਹੇ, ਬਿਆਖ਼ਲੀਲੀ ਦਾਨਾ, ਮੈਨੂੰ ਦੱਸੋ ਕਿ ਇਸ ਸਾਲ ਵੇਚਣ ਵਾਸਤੇ ਕਿਹੜੀ ਜਿਨਸ ਖ਼ਰੀਦਣ ਦਾ ਫ਼ਾਇਦਾ ਰਹੇਗਾ ?"

"ਲਸਣ ਤੇ ਲੋਹੇ ਦਾ," ਦਾਨੇ ਆਦਮੀ ਨੇ ਜਵਾਬ ਦਿੱਤਾ।

ਸੌਦਾਗਰ ਨੇ ਦਾਨੇ ਆਦਮੀ ਦੀ ਸਲਾਹ ਉਤੇ ਅਮਲ ਕੀਤਾ ਤੇ ਉਸ ਨੂੰ ਬੜੀ ਹੀ ਖੱਟੀ ਹੋਈ। ਸਫਲ ਸੌਦੇ ਨਾਲ ਉਸ ਦੀ ਦੌਲਤ ਵਿਚ ਵਾਧਾ ਹੀ ਨਾ ਹੋਇਆ ਸਗੋਂ ਉਹ ਆਪਣੀਆਂ ਨਜ਼ਰਾਂ ਵਿਚ ਵੀ ਉੱਚਾ ਹੋ ਗਿਆ।

ਦਾਨਾ ਆਦਮੀ ਤੇ ਸੌਦਾਗਰ ਇਕ ਵਾਰੀ ਫਿਰ ਬਾਜ਼ਾਰ ਵਿਚ ਮਿਲ ਪਏ।

"ਓਇ, ਬਿਆਖ਼ਲੀਲੀ ਦੀਵਾਨਿਆ," ਜਦੋਂ ਦਾਨਾ ਆਦਮੀ ਸੌਦਾਗਰ ਦੇ ਲਾਗੋਂ ਦੀ ਲੰਘਿਆ ਤਾਂ ਉਹ ਚਿੱਲਾਇਆ। "ਇਸ ਸਾਲ ਕਿਹੜੀ ਚੀਜ਼ ਦਾ ਮੈਨੂੰ ਫ਼ਾਇਦਾ ਹੋਵੇਗਾ ?"

"ਹਲਵੇ ਤੇ ਪਿਆਜ ਦਾ," ਦਾਨੇ ਆਦਮੀ ਨੇ ਤੁਰੇ ਜਾਂਦਿਆਂ ਹੀ ਜਵਾਬ ਦਿੱਤਾ।

ਸੌਦਾਗਰ ਨੇ ਆਪਣੀ ਸਾਰੀ ਪੂੰਜੀ ਹਲਵਾ ਤੇ ਪਿਆਜ ਖ਼ਰੀਦਣ ਉਤੇ ਹੀ ਲਾ ਦਿੱਤੀ। ਉਸ ਨੇ ਬੜੀ ਹੀ ਵਾਹ ਲਾਈ ਪਰ ਕਿਸੇ ਨੇ ਵੀ ਉਸ ਕੋਲੋਂ ਇਹ ਜਿਨਸਾਂ ਨਾ ਖ਼ਰੀਦੀਆਂ। ਬਹਾਰ ਆਈ। ਹਲਵਾ ਪਿਘਲ ਗਿਆ, ਗੰਢਿਆਂ ਦੀਆਂ ਭੂਕਾਂ ਨਿਕਲ ਆਈਆਂ ਤੇ ਸੌਦਾਗਰ ਦਾ ਦਿਵਾਲਾ ਨਿਕਲ ਗਿਆ।

ਸੁਕ ਕੇ ਤੀਲਾ ਹੋਇਆ ਸੌਦਾਗਰ ਬਾਜ਼ਾਰ ਵਿਚ ਤੁਰਿਆ ਜਾ ਰਿਹਾ ਸੀ ਕਿ ਉਥੇ ਉਸ ਨੂੰ ਉਹੀ ਦਾਨਾ ਆਦਮੀ ਮਿਲ ਗਿਆ।


ਸੌਦਾਗਰ ਨੇ ਪੁੱਛਿਆ :

"ਤੂੰ ਮੈਨੂੰ ਇਹ ਦੱਸ ਕਿ ਪਿਛਲੀ ਵਾਰੀ ਜਿਹੜੀ ਸਲਾਹ ਮੈਨੂੰ ਦਿੱਤੀ ਸੀ ਉਸ ਉਤੇ ਅਮਲ ਕਰਨ ਨਾਲ ਮੈਂ ਬੜਾ ਅਮੀਰ ਹੋ ਗਿਆ ਸਾਂ, ਪਰ ਇਸ ਵਾਰੀ ਮੇਰਾ ਦਿਵਾਲਾ ਨਿਕਲ ਗਿਐ ?"

"ਪਿਛਲੀ ਵਾਰੀ ਤੂੰ ਮੈਨੂੰ ਬਿਆਖ਼ਲੀਲੀ ਦਾਨਾ ਕਰ ਕੇ ਸੱਦਿਆ ਸੀ," ਦਾਨੇ ਆਦਮੀ ਨੇ ਜਵਾਬ ਦਿੱਤਾ, "ਮੈਂ ਉਸੇ ਹਿਸਾਬ ਨਾਲ ਤੈਨੂੰ ਦਾਨਿਆਂ ਵਰਗੀ ਸਲਾਹ ਦਿੱਤੀ ਸੀ। ਪਰ ਇਸ ਵਾਰੀ ਤੂੰ ਮੈਨੂੰ ਬਿਆਖ਼ਲੀਲੀ ਦੀਵਾਨਿਆ ਆਖ ਕੇ ਸੱਦਿਆ ਸੀ। ਸੋ, ਮੈਂ ਦੀਵਾਨਿਆਂ ਵਾਲੀ ਸਲਾਹ ਹੀ ਦੇ ਦਿੱਤੀ। ਸਾਰਾ ਕਸੂਰ ਤੇਰਾ ਆਪਣਾ ਹੀ ਏ।"



ਕਰੀਮ



ਪੁਰਾਣੇ ਸਮਿਆਂ ਵਿਚ ਇਕ ਗ਼ਰੀਬ ਆਦਮੀ ਰਹਿੰਦਾ ਹੁੰਦਾ ਸੀ। ਉਸ ਦੀਆਂ ਸੱਤ ਧੀਆਂ ਸਨ ਅਤੇ ਇਕ ਪੁਤਰ ਸੀ, ਜਿਸ ਦਾ ਨਾਂ ਕਰੀਮ ਸੀ। ਮੁੰਡਾ ਅਜੇ ਨਿੱਕਾ ਹੀ ਸੀ ਕਿ ਦਿਓ ਉਸ ਦੀਆਂ ਭੈਣਾਂ ਨੂੰ ਚੁਕ ਕੇ ਲੈ ਗਏ ਅਤੇ ਉਹਨਾਂ ਨਾਲ ਵਿਆਹ ਕਰਾ ਲਿਆ। ਮਾਪਿਆਂ ਨੂੰ ਆਪਣੀਆਂ ਧੀਆਂ ਦੇ ਖੁੱਸ ਜਾਣ ਦਾ ਬੜਾ ਹੀ ਦੁਖ ਹੋਇਆ ਅਤੇ ਉਹ ਲਗਭਗ ਸਾਰਾ ਸਾਰਾ ਦਿਨ ਰੋਂਦੇ ਕੁਰਲਾਉਂਦੇ ਰਹਿੰਦੇ।

ਜਦੋਂ ਕਰੀਮ ਵੱਡਾ ਹੋਇਆ ਤਾਂ ਉਹ ਆਪਣੇ ਪਿਤਾ ਦੇ ਘੋੜੇ ਉਤੇ ਸਵਾਰ ਹੋਇਆ, ਹੱਥ ਵਿਚ ਤੇਜ਼ ਖੜਗ ਫੜੀ ਅਤੇ ਆਪਣੀਆਂ ਭੈਣਾਂ ਦੀ ਭਾਲ ਵਿਚ ਚੱਲ ਪਿਆ।

"ਪਿਆਰੇ ਪੁਤਰ," ਮਾਪਿਆਂ ਨੇ ਤਰਲਾ ਕੀਤਾ, "ਤੂੰ ਨਾ ਜਾ। ਦਿਓ ਤੈਨੂੰ ਮਾਰ ਦੇਣਗੇ।"

ਪਰ ਕਰੀਮ ਨੇ ਮਾਂ ਪਿਓ ਦੀ ਇਕ ਵੀ ਨਾ ਸੁਣੀ।

ਉਸ ਨੇ ਸਾਰੀਆਂ ਸਟੈਪੀਆਂ ਫਰੋਲ ਮਾਰੀਆਂ, ਸਾਰੇ ਪਹਾੜ ਗਾਹ ਮਾਰੇ, ਤੇ ਅੰਤ ਵਿਚ ਉਹ ਇਕ ਵੱਡੇ ਸ਼ਹਿਰ ਵਿਚ ਪਹੁੰਚ ਗਿਆ। ਉਹ ਸਭ ਤੋਂ ਪਹਿਲਾਂ ਮਿਲਣ ਵਾਲੇ ਕਿਬੀਤਕਾ ਵਿਚ ਦਾਖ਼ਲ ਹੋਇਆ, ਜਿਸ ਵਿਚ ਇਕ ਬੁਢੜੀ ਤੇ ਇਕ ਕੁੜੀ ਬੈਠੀਆਂ ਹੋਈਆਂ ਰੋ ਰਹੀਆਂ ਸਨ।

"ਤੁਸੀਂ ਰੋਂਦੀਆਂ ਕਿਉਂ ਜੇ?" ਕਰੀਮ ਨੇ ਪੁੱਛਿਆ।

"ਅਸੀਂ ਕਿਵੇਂ ਨਾ ਰੋਈਏ," ਬੁਢੜੀ ਨੇ ਆਖਿਆ, "ਜੇ ਸਾਡਾ ਬਾਦਸ਼ਾਹ ਏਡਾ ਜ਼ਾਲਮ ਤੇ ਲਹੂ-ਪੀਣਾ ਏ। ਉਹ ਸਾਡੇ ਲੋਕਾਂ ਕੋਲੋਂ ਹਰ ਰੋਜ਼ ਇਕ ਕੁੜੀ ਮੰਗਦਾ ਏ ਤੇ ਅਗਲੇ ਦਿਨ ਉਸ ਨੂੰ ਫਾਹੇ ਲਾ ਦਿੰਦਾ ਏ। ਅੱਜ, ਉਸ ਕੋਲ ਜਾਣ ਦੀ ਵਾਰੀ ਮੇਰੀ ਧੀ ਦੀ ਏ।"

ਇਹ ਗੱਲ ਸੁਣ ਕੇ ਕਰੀਮ ਨੂੰ ਏਨਾ ਰੋਹ ਚੜ੍ਹਿਆ ਕਿ ਉਸ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ, ਸਰੀਰ ਸੂਤਿਆ ਗਿਆ। ਉਸੇ ਵੇਲੇ ਤਿੰਨ ਘੁੜ-ਸਵਾਰ ਕਿਬੀਤਕਾ ਅੰਦਰ ਆਏ ਅਤੇ ਕੁੜੀ ਤੋਰਨ ਦੀ ਮੰਗ ਕੀਤੀ। ਕਰੀਮ ਨੇ ਦੋ ਜਣਿਆਂ ਦੀ ਅਲਖ ਮੁਕਾ ਦਿੱਤੀ ਤੇ ਤੀਜੇ ਦੇ ਹੱਥ ਬਾਦਸ਼ਾਹ ਲਈ ਇਕ ਚਿੱਠੀ ਭੇਜ ਦਿੱਤੀ। ਉਸ ਵਿਚ ਲਿਖਿਆ ਹੋਇਆ ਸੀ: "ਬੇਕਿਰਕ ਜ਼ਾਲਮਾ, ਮੈਂ ਤੇਰੇ ਸਾਰੇ ਲਸ਼ਕਰੀਆਂ ਦਾ ਖ਼ਾਤਮਾ ਕਰਨ ਤੇ ਤੇਰਾ ਸਿਰ ਕਲਮ ਕਰਨ ਲਈ ਆ ਗਿਆ ਹਾਂ! ਕਰੀਮ"।

ਬਾਦਸ਼ਾਹ ਨੇ ਚਿੱਠੀ ਪੜ੍ਹੀ ਤੇ ਜਲਾਦਾਂ ਨੂੰ ਹੁਕਮ ਦਿੱਤਾ: "ਜਾਓ, ਤੇ ਇਸ ਗੁਸਤਾਖ਼ ਕਰੀਮ ਨੂੰ ਕਤਲ ਕਰ ਦੇਵੋ!"

ਪਰ ਵਜ਼ੀਰ ਨੇ ਦਖ਼ਲ ਦਿੰਦਿਆਂ ਕਿਹਾ:

"ਓ ਮੇਰੇ ਬਾਦਸ਼ਾਹ, ਇਸ ਬਹਾਦਰ ਗਭਰੂ ਨੂੰ ਏਨਾ ਸੌਖਿਆਂ ਨਹੀਂ ਮਾਰਿਆ ਜਾ ਸਕਦਾ। ਜੇ ਉਸ ਨੂੰ ਆਪਣੇ ਜ਼ੋਰ ਉਤੇ ਏਨਾ ਯਕੀਨ ਨਾ ਹੁੰਦਾ ਤਾਂ ਉਹ ਕਦੀ ਵੀ ਇਸ ਤਰ੍ਹਾਂ ਦੀ ਚਿੱਠੀ ਨਾ ਲਿਖਦਾ। ਪਹਿਲਾਂ ਉਸ ਨੂੰ ਇਥੇ ਬੁਲਾਇਆ ਜਾਣਾ ਚਾਹੀਦੈ, ਵੇਖਿਆ ਚਾਖਿਆ ਜਾਣਾ ਚਾਹੀਦੈ ਕਿ ਉਹ ਕਿਹੋ ਜਿਹਾ ਆਦਮੀ ਏ ਤੇ ਇਸ ਮਗਰੋਂ ਉਸ ਨੂੰ ਮਾਰਿਆ ਵੀ ਜਾ ਸਕਦੈ।"

"ਮੈਂ ਤੇਰੀ ਗੱਲ ਨਾਲ ਸਹਿਮਤ ਹਾਂ, ਵਜ਼ੀਰ," ਬਾਦਸ਼ਾਹ ਨੇ ਆਖਿਆ। "ਜਾਓ ਤੇ ਉਸ ਨੂੰ ਸੱਦ ਕੇ ਮੇਰੇ ਕੋਲ ਲਿਆਓ।"

ਜਦੋਂ ਕਰੀਮ ਨੂੰ ਸੱਦਾ ਮਿਲਿਆ ਤਾਂ ਉਸ ਨੇ ਆਖਿਆ:

"ਚਲੋ ਠੀਕ ਏ। ਸਿਆਣਿਆਂ ਦਾ ਕਹਿਣਾ ਏ: 'ਜੇ ਕੋਈ ਸੱਦੇ ਤਾਂ ਨਾਂਹ ਨਾ ਕਰੋ, ਜੇ ਕੋਈ ਆਖੇ ਨਾ ਤਾਂ ਮੂੰਹ ਨਾ ਵਿਖਾਓ।'"

ਉਸ ਨੇ ਛੇਤੀ ਹੀ ਤਿਆਰੀ ਕੀਤੀ, ਘੋੜੇ ਉਤੇ ਪਲਾਕੀ ਮਾਰੀ ਤੇ ਮਹਿਲ ਵੱਲ ਚੱਲ ਪਿਆ।

"ਤੂੰ ਬਹਾਦਰ ਗਭਰੂ ਏਂ," ਜਦੋਂ ਕਰੀਮ ਬਾਦਸ਼ਾਹ ਦੇ ਸਾਮ੍ਹਣੇ ਆਇਆ ਤਾਂ ਉਸ ਨੇ ਆਖਿਆ। "ਤੈਨੂੰ ਨਾ ਮੇਰਾ ਤੇ ਨਾ ਹੀ ਮੇਰੇ ਗੁੱਸੇ ਦਾ ਖ਼ੌਫ਼ ਏ।"

"ਹੇ ਬਾਦਸ਼ਾਹ, ਕੀ ਕੋਈ ਬੁਜ਼ਦਿਲ ਇਹੋ ਜਿਹੀ ਚਿੱਠੀ ਲਿਖ ਸਕਦੈ?"

"ਦੱਸ, ਤੈਨੂੰ ਮੇਰੇ ਕੋਲੋਂ ਕੀ ਚਾਹੀਦੈ?" ਬਾਦਸ਼ਾਹ ਨੇ ਪੁੱਛਿਆ।

"ਬਹੁਤ ਥੋੜ੍ਹਾ," ਕਰੀਮ ਨੇ ਆਖਿਆ। "ਮੈਂ ਚਾਹੁੰਦਾ ਹਾਂ ਕਿ ਤੂੰ ਲੋਕਾਂ ਨੂੰ ਤੰਗ ਕਰਨਾ ਬੰਦ ਕਰ ਦਏਂ।"

ਕਰੀਮ ਦੇ ਮੂੰਹੋਂ ਇਹ ਸਾਹਸੀ ਸ਼ਬਦ ਸੁਣ ਕੇ ਬਾਦਸ਼ਾਹ ਤੇ ਵਜ਼ੀਰ ਨੇ ਹੈਰਾਨ ਹੋ ਕੇ ਉਂਗਲਾਂ ਮੂੰਹ ਵਿਚ ਪਾ ਲਈਆਂ।

"ਅੱਛਾ," ਬਾਦਸ਼ਾਹ ਨੇ ਆਖਿਆ, "ਅਸੀਂ ਵਾਅਦਾ ਕਰਦੇ ਹਾਂ ਕਿ ਅੱਗੇ ਤੋਂ ਇਹੋ ਜਿਹੀ ਕੋਈ ਗੱਲ ਨਹੀਂ ਹੋਵੇਗੀ। ਤੇਰੇ ਸਾਹਸ ਤੇ ਬਹਾਦਰੀ ਦੇ ਬਦਲੇ ਮੈਂ ਤੇਰਾ ਵਿਆਹ ਉਸ ਕੁੜੀ ਨਾਲ ਕਰਾ ਦਿੰਦਾ ਹਾਂ ਜਿਸ ਨੂੰ ਬਚਾਉਣ ਦੀ ਖ਼ਾਤਰ ਤੂੰ ਮੇਰੇ ਦੋ ਵਧੀਆ ਨੌਕਰਾਂ ਨੂੰ ਮਾਰ ਦਿੱਤਾ ਸੀ।"

ਕਰੀਮ ਨੇ ਸ਼ਾਹੀ ਸੁਗਾਤ ਲਈ ਬਾਦਸ਼ਾਹ ਦਾ ਸ਼ੁਕਰੀਆ ਅਦਾ ਕੀਤਾ ਤੇ ਆਪਣੀ ਹੋਣ ਵਾਲੀ ਪਤਨੀ ਕੋਲ ਕਿਬੀਤਕਾ ਵਿਚ ਚਲਾ ਗਿਆ।

ਕੁਝ ਚਿਰ ਆਪਣੀ ਜਵਾਨ ਪਤਨੀ ਨਾਲ ਰਹਿਣ ਮਗਰੋਂ ਕਰੀਮ ਫਿਰ ਸਫ਼ਰ ਲਈ ਰਵਾਨਾ ਹੋ ਗਿਆ। ਪਤਾ ਨਹੀਂ, ਉਹ ਥੋੜ੍ਹਾ ਜਾਂ ਬੜਾ ਚਿਰ ਤੁਰਦਾ ਗਿਆ, ਪਰ ਅਖ਼ੀਰ, ਉਹ ਇਕ ਵੱਡੇ ਸ਼ਹਿਰ ਪਹੁੰਚ ਗਿਆ ਅਤੇ ਉਸ ਸ਼ਹਿਰ ਦੇ ਪਹਿਲੇ ਹੀ ਕਿਬੀਤਕਾ ਵਿਚ ਵੜ ਗਿਆ। ਉਹ ਕੀ ਵੇਖਦਾ ਹੈ ਕਿ ਕੁਝ ਗ਼ਰੀਬ ਲੋਕ ਹਨੇਰੇ ਵਿਚ ਬੈਠੇ ਹੋਏ ਸਨ।

"ਤੁਸੀਂ ਦੀਵਾ ਕਿਉਂ ਨਹੀਂ ਬਾਲਦੇ?" ਕਰੀਮ ਨੇ ਪੁੱਛਿਆ।

"ਸਾਨੂੰ ਡਰ ਲਗਦੈ," ਕਿਬੀਤਕਾ ਦੇ ਮਾਲਕ ਨੇ ਜਵਾਬ ਦਿੱਤਾ।

"ਤੁਸੀਂ ਕਿਸ ਚੀਜ਼ ਕੋਲੋਂ ਏਨਾ ਡਰਦੇ ਹੋ?" ਕਰੀਮ ਪੁੱਛ ਪੁੱਛ ਕੇ ਪਤਾ ਲਾਉਣ ਲੱਗਾ।

"ਔਥੇ ਇਕ ਅਜਗਰ ਰਹਿੰਦਾ ਏ," ਕਿਬੀਤਕਾ ਦੇ ਮਾਲਕ ਨੇ ਥੋੜ੍ਹੀ ਦੂਰੀ ਉਤੇ ਵਾਕਿਆ ਇਕ ਵੱਡੇ ਸਾਰੇ ਪਹਾੜ ਵੱਲ ਹੱਥ ਨਾਲ ਇਸ਼ਾਰਾ ਕੀਤਾ। "ਜਦੋਂ ਵੀ ਕੋਈ ਦੀਵਾ ਬਾਲਦਾ ਏ ਤਾਂ ਅਜਗਰ ਉਸੇ ਵੇਲੇ ਆ ਵਿਖਾਲੀ ਦਿੰਦਾ ਏ ਤੇ ਦੀਵਾ ਜਗਾਉਣ ਵਾਲੇ ਨੂੰ ਖਾ ਜਾਂਦਾ ਏ।"

"ਜ਼ਰਾ ਆਓ, ਅਸੀਂ ਪਰਖ ਕੇ ਵੇਖਦੇ ਹਾਂ!" ਕਰੀਮ ਨੇ ਆਖਿਆ।

ਲੋਕਾਂ ਨੇ ਉਸ ਨੂੰ ਬੜਾ ਹੀ ਹਟਕਿਆ ਪਰ ਉਹ ਆਪਣੀ ਆਈ ਤੇ ਉਤਰਿਆ ਹੋਇਆ ਸੀ। ਵੇਖੋ ਨਾ, ਮਹਿਮਾਨ ਦਾ ਦਰਜਾ ਮੇਜ਼ਬਾਨ ਨਾਲੋਂ ਉੱਚਾ ਹੁੰਦਾ ਹੈ। ਜਿਉਂ ਹੀ ਦੀਵਾ ਬਲਿਆ ਭਿਅੰਕਰ ਸ਼ੋਰ ਸੁਣਾਈ ਦੇਣ ਲੱਗਾ। ਬੱਚੇ ਰੋਣ ਲੱਗ ਪਏ, ਕਿਬੀਤਕਾ ਦੇ ਮਾਲਕ ਦਾ ਚਿਹਰਾ ਡਰ ਨਾਲ ਪੀਲਾ ਭੂਕ ਹੋ ਗਿਆ। ਕਰੀਮ ਨੰਗੀ ਖੜਗ ਲੈ ਕੇ ਬਾਹਰ ਨਿਕਲਿਆ ਅਤੇ ਜਿਉਂ ਹੀ ਅਜਗਰ ਨੇੜੇ ਆਇਆ ਉਸ ਦੇ ਟੋਟੇ ਟੋਟੇ ਕਰ ਦਿੱਤੇ।

ਅਗਲੀ ਸਵੇਰ ਸ਼ਹਿਰ ਦੇ ਬੱਚੇ ਬੱਚੇ ਦੀ ਜ਼ਬਾਨ ਉਤੇ ਨਿਡਰ ਗਭਰੂ ਦਾ ਨਾਂ ਸੀ ਅਤੇ ਲੋਕਾਂ ਨੇ ਉਸ ਨੂੰ ਵਿਦਾ ਕਰਨ ਵੇਲੇ ਲੱਖ ਲੱਖ ਅਸੀਸਾਂ ਦਿੱਤੀਆਂ।

ਸਭ ਸਟੈਪੀਆਂ ਤੇ ਪਹਾੜ ਪਿਛੇ ਰਹਿ ਗਏ ਸਨ ਜਦੋਂ ਕਰੀਮ ਇਕ ਅਜਿਹੀ ਥਾਂ ਉਤੇ ਪੁੱਜਾ ਜਿੱਥੇ ਸੱਤ ਦਿਓ ਭਰਾ ਰਹਿੰਦੇ ਸਨ, ਜਿਨ੍ਹਾਂ ਦੀਆਂ ਵਹੁਟੀਆਂ ਕਰੀਮ ਦੀਆਂ ਭੈਣਾਂ ਸਨ। ਜਦੋਂ ਕਰੀਮ ਮਹਿਲ ਵਿਚ ਪਹੁੰਚਿਆ ਤਾਂ ਦਿਓ ਸ਼ਿਕਾਰ ਉਤੇ ਗਏ ਹੋਏ ਸਨ। ਆਪਣੇ ਸਕੇ ਭਰਾ ਨੂੰ ਮਿਲ ਕੇ ਭੈਣਾਂ ਖੁਸ਼ੀ ਵਿਚ ਫੂਲੀਆਂ ਨਹੀਂ ਸਮਾ ਰਹੀਆਂ ਸਨ। ਪਰ ਜਦੋਂ ਉਹਨਾਂ ਨੂੰ ਇਸ ਗੱਲ ਦਾ ਚੇਤਾ ਆਇਆ ਕਿ ਉਹਨਾਂ ਦੇ ਪਤੀ ਵਾਪਸ ਆਉਣ ਹੀ ਵਾਲੇ ਸਨ ਤਾਂ ਉਹਨਾਂ ਨੂੰ ਬੜੀ ਹੀ ਚਿੰਤਾ ਹੋਈ।

"ਸਾਡੇ ਪਿਆਰੇ ਵੀਰਾ," ਉਹ ਕਰੀਮ ਦੇ ਤਰਲੇ ਮਿੰਨਤਾਂ ਕਰਨ ਲੱਗੀਆਂ, "ਅਜੇ ਵਕਤ ਹੈ ਵੇ, ਤੂੰ ਘਰ ਨੂੰ ਤੀਰ ਹੋ ਜਾ।"

"ਮੈਂ ਇਥੇ ਇਸ ਲਈ ਨਹੀਂ ਆਇਆ," ਕਰੀਮ ਨੇ ਆਖਿਆ, "ਕਿ ਪਹਿਲੀ ਵਾਰੀ ਹੀ ਖ਼ਤਰਾ ਪੈਦਾ ਹੋਣ ਉਤੇ ਮੈਂ ਘਰ ਦੌੜ ਜਾਵਾਂ। ਚੰਗੀ ਗੱਲ ਤਾਂ ਇਹ ਹੋਵੇ ਜੇ ਤੁਸੀਂ ਮੈਨੂੰ ਇਹ ਦੱਸੋ ਕਿ ਦਿਓ ਆਪਣੀਆਂ ਰੂਹਾਂ ਕਿੱਥੇ ਲੁਕਾ ਕੇ ਰਖਦੇ ਨੇ?"

"ਮੇਰੇ ਪਤੀ ਦੀ ਰੂਹ ਸ਼ੇਰ ਕੋਲ ਏ," ਇਕ ਭੈਣ ਨੇ ਜਵਾਬ ਦਿੱਤਾ। "ਇਹ ਸ਼ੇਰ ਚਾਲੀ ਦਰਵਾਜ਼ਿਆਂ ਪਿਛੇ ਬੰਦ ਏ। ਬਾਕੀ ਦੇ ਦਿਓਆਂ ਦੀਆਂ ਰੂਹਾਂ ਇਕ ਬੋਤਲ ਵਿਚ ਬੰਦ ਨੇ ਜਿਹੜੀ ਸੋਨੇ ਦੇ ਸੰਦੂਕ ਵਿਚ ਪਈ ਹੋਈ ਏ।"

ਕਰੀਮ ਨੇ ਸੰਦੂਕ ਖੋਲ੍ਹਿਆ ਤੇ ਬੋਤਲ ਭੰਨ ਦਿੱਤੀ। ਉਸੇ ਵੇਲੇ ਛਿਆਂ ਦਿਓਆਂ ਦੀਆਂ ਰੂਹਾਂ ਉੱਡ ਗਈਆਂ।

ਅਚਾਨਕ ਇਕ ਵਾ–ਵਰੋਲਾ ਆਇਆ ਤੇ ਕਰੀਮ ਨੂੰ ਉਤੇ ਹੇਠਾਂ ਸੁਟਣ ਲੱਗਾ। ਪਰ ਕਰੀਮ ਦੇ ਹੱਥ ਵਿਚ ਕੋਈ ਜੜ੍ਹ ਆ ਗਈ ਤੇ ਵਾ–ਵਰੋਲਾ ਉਸ ਨੂੰ ਉਪਰ ਨਾ ਚੁੱਕ ਸਕਿਆ।

"ਤੂੰ, ਮਾਣਸ, ਇਥੇ ਕਿਉਂ ਆਇਆ ਏਂ?" ਦਿਓ ਕਰੀਮ ਦੇ ਸਾਮ੍ਹਣੇ ਪਰਗਟ ਹੋਇਆ ਤੇ ਗਰਜਿਆ।

"ਮੈਂ ਤੈਨੂੰ ਜਾਨੋਂ ਮਾਰਨ ਆਇਆ ਹਾਂ," ਕਰੀਮ ਨੇ ਜਵਾਬ ਦਿੱਤਾ ਤੇ ਖੜਗ ਦੇ ਇਕ ਹੀ ਵਾਰ ਨਾਲ ਦਿਓ ਦਾ ਸਿਰ ਲਾਹ ਦਿੱਤਾ।


ਉਸ ਮਗਰੋਂ ਕਰੀਮ ਇਕ ਤੋਂ ਬਾਅਦ ਦੂਜਾ ਦਰਵਾਜ਼ਾ ਭੰਨਦਾ ਗਿਆ ਅਤੇ ਅਖ਼ੀਰ ਸ਼ੇਰ ਤੱਕ ਪਹੁੰਚ ਗਿਆ। ਪਹਿਲੇ ਹੀ ਵਾਰ ਨਾਲ ਉਸ ਨੇ ਸ਼ੇਰ ਦੀ ਧੌਣ ਲਾਹ ਦਿੱਤੀ। ਕਰੀਮ ਆਪਣੀਆਂ ਭੈਣਾਂ ਨੂੰ ਨਾਲ ਲੈ ਕੇ ਵਾਪਸੀ ਦੇ ਸਫ਼ਰ ਉਤੇ ਤੁਰ ਪਿਆ।

ਪਤਾ ਨਹੀਂ, ਥੋੜ੍ਹਾ ਜਾਂ ਬੜਾ ਚਿਰ ਉਹ ਤੁਰਦੇ ਗਏ, ਪਰ ਅਖ਼ੀਰ ਉਸ ਸ਼ਹਿਰ ਵਿਚ ਪੁੱਜ ਗਏ ਜਿਥੇ

ਕਰੀਮ ਨੇ ਅਜਗਰ ਦੀ ਜਾਨ ਕੱਢੀ ਸੀ। ਲੋਕਾਂ ਨੂੰ ਅਜੇ ਤਕ ਉਸ ਨਿਡਰ ਜਿਗੀਤ ਦਾ ਚੇਤਾ ਸੀ। ਉਹਨਾਂ ਨੇ ਉਸ ਅੱਗੇ ਬੇਨਤੀ ਕੀਤੀ ਕਿ ਉਹ ਥੋੜ੍ਹਾ ਚਿਰ ਹੋਰ ਉਹਨਾਂ ਕੋਲ ਰਹਿ ਜਾਵੇ। ਪਰ ਕਰੀਮ ਨੂੰ ਆਪਣੀ ਪਤਨੀ ਤੇ ਮਾਪਿਆਂ ਕੋਲ ਜਾਣ ਦੀ ਕਾਹਲ ਸੀ। ਇਸ ਲਈ, ਥੋੜ੍ਹਾ ਜਿੰਨਾ ਆਰਾਮ ਕਰਨ ਮਗਰੋਂ ਉਹ ਫਿਰ ਤੁਰ ਪਏ। ਛੇਤੀ ਹੀ ਕਰੀਮ ਆਪਣੀ ਪਤਨੀ ਨੂੰ ਜਾ ਮਿਲਿਆ ਜਿਸ ਦੀ ਉਸ ਦੇ ਦੋਸਤਾਂ ਨੂੰ ਬੜੀ ਖੁਸ਼ੀ ਹੋਈ। ਇਸ ਮਗਰੋਂ ਉਹ ਆਪਣੇ ਮਾਪਿਆਂ ਨੂੰ ਵੀ ਜਾ ਮਿਲਿਆ।



ਕਾਰਾਮੇਰਗੇਨ



ਮੁਦਤਾਂ ਹੋਈਆਂ ਕਿ ਕਾਰਾਮੇਰਗੇਨ ਨਾਂ ਦਾ ਇਕ ਸ਼ਿਕਾਰੀ ਰਹਿੰਦਾ ਹੁੰਦਾ ਸੀ। ਉਸ ਦਾ ਆਪਣਾ ਕੋਈ ਪਰਿਵਾਰ ਨਹੀਂ ਸੀ। ਉਹ ਹਰ ਵੇਲੇ ਮੈਦਾਨਾਂ ਤੇ ਪਹਾੜਾਂ ਨੂੰ ਗਾਹੁੰਦਾ ਰਹਿੰਦਾ। ਇਕ ਵਾਰ ਦੀ ਗੱਲ ਹੈ ਕਿ ਪਹਾੜਾਂ ਵਿਚ ਸ਼ਿਕਾਰ ਕਰਦਿਆਂ ਉਸ ਨੂੰ ਦੋ ਸੱਪਾਂ ਨੇ ਵਿਖਾਲੀ ਦਿੱਤੀ। ਇਕ ਸੱਪ ਦਾ ਰੰਗ ਕਾਲਾ ਸੀ ਤੇ ਦੂਜੇ ਦਾ ਚਿੱਟਾ। ਦੋਵੇਂ ਹੀ ਗੁਛਾ ਮੁੱਛਾ ਹੋ ਕੇ ਪਏ ਹੋਏ ਸਨ। ਕਾਰਾਮੇਰਗੇਨ ਨੇ ਤੀਰ ਚਲਾਇਆ ਪਰ ਸੱਪ ਮਰੇ ਨਾ। ਉਹ ਸੱਟ ਖਾ ਕੇ ਰੀਂਗਦੇ ਹੋਏ ਚਲੇ ਗਏ। ਜਦੋਂ ਕਾਰਾਮੇਰਗੇਨ ਘਰ ਵੱਲ ਆ ਰਿਹਾ ਸੀ ਤਾਂ ਉਸ ਨੇ ਸੋਚਿਆ:

"ਮੈਂ ਕਿਉਂ ਉਹਨਾਂ ਨੂੰ ਤੀਰ ਮਾਰਿਆ। ਉਹਨਾਂ ਨੇ ਮੈਨੂੰ ਕੁਝ ਨਹੀਂ ਆਖਿਆ ਸੀ ਤੇ ਮੈਨੂੰ ਉਹਨਾਂ ਦੀ ਕੋਈ ਲੋੜ ਵੀ ਨਹੀਂ ਸੀ।" ਤੇ ਜਦੋਂ ਉਹ ਆਪਣੇ ਕਿਬੀਤਕਾ ਵਿਚ ਦਾਖਲ ਹੋਇਆ ਤਾਂ ਬੇਸਮਝੀ ਵਿਚ ਚਲਾਏ ਤੀਰ ਦੇ ਬਦਲੇ ਆਪਣੇ ਆਪ ਨੂੰ ਬੁਰੀ ਤਰ੍ਹਾਂ ਕੋਸ ਚੁਕਾ ਸੀ।

ਉਧਰ ਚਿੱਟਾ ਸੱਪ ਰੀਂਗਦਾ ਹੋਇਆ ਆਪਣੇ ਪਿਤਾ ਕੋਲ ਗਿਆ, ਜਿਹੜਾ ਸੱਪਾਂ ਦਾ ਬਾਦਸ਼ਾਹ ਸੀ, ਤੇ ਸ਼ਿਕਾਇਤ ਕੀਤੀ:

"ਮੈਂ ਪਹਾੜਾਂ ਵਿਚ ਸੈਰ ਕਰ ਰਿਹਾ ਸਾਂ ਕਿ ਕਾਰਾਮੇਰਗੇਨ ਨੇ ਮੇਰੇ ਉਤੇ ਤੀਰ ਚਲਾ ਦਿੱਤਾ।"

ਸੱਪਾਂ ਦੇ ਬਾਦਸ਼ਾਹ ਨੇ ਉੱਡਣੇ ਸੱਪਾਂ ਨੂੰ ਹੁਕਮ ਦਿਤਾ ਕਿ ਕਾਰਾਮੇਰਗੇਨ ਨੂੰ ਤੁਰਤ ਉਸ ਦੇ ਸਾਮ੍ਹਣੇ ਪੇਸ਼ ਕੀਤਾ ਜਾਵੇ। ਜਿਉਂ ਹੀ ਸੱਪ ਉਡਦੇ ਹੋਏ ਉਸ ਦੇ ਕਿਬੀਤਕਾ ਦੇ ਬੂਹੇ ਅੱਗੇ ਪਹੁੰਚੇ ਤਾਂ ਕੀ ਵੇਖਦੇ ਹਨ ਕਿ ਉਹ ਆਪ ਹੀ ਬਾਹਰ ਆ ਰਿਹਾ ਸੀ। ਉਹਨਾਂ ਨੇ ਉਸ ਨੂੰ ਫੜ ਲਿਆ ਤੇ ਅੱਖ ਦੇ ਫੋਰ ਵਿਚ ਆਪਣੇ ਬਾਦਸ਼ਾਹ ਕੋਲ ਲੈ ਗਏ।

"ਜਦੋਂ ਤੂੰ ਸ਼ਿਕਾਰ ਕਰਨ ਨਿਕਲਿਆ ਸੈਂ ਤਾਂ ਤੂੰ ਚਿੱਟੇ ਸੱਪ ਉਤੇ ਤੀਰ ਨਹੀਂ ਚਲਾਇਆ ਸੀ?" ਬਾਦਸ਼ਾਹ ਨੇ ਪੁੱਛਿਆ।

"ਹਾਂ, ਇਕ ਵਾਰੀ ਇੰਜ ਹੋਇਆ ਸੀ," ਕਾਰਾਮੇਰਗੇਨ ਨੇ ਸਾਫ਼ ਸਾਫ਼ ਮੰਨ ਲਿਆ।

"ਹੱਛਾ, ਤੂੰ ਦੱਸ ਕਿ ਇਹ ਹੋਇਆ ਕਿਵੇਂ?"

"ਮੈਂ ਤੁਰਿਆ ਜਾ ਰਿਹਾ ਸਾਂ। ਮੈਨੂੰ ਦੋ ਸੱਪਾਂ ਨੇ ਵਿਖਾਲੀ ਦਿੱਤੀ: ਇਕ ਚਿੱਟਾ ਤੇ ਦੂਜਾ ਕਾਲਾ ਸੀ। ਦੋਵੇਂ

5*

ਹੀ ਸੱਪ ਗੁੱਛਾ–ਮੁੱਛਾ ਹੋ ਕੇ ਪਏ ਸਨ। ਮੈਨੂੰ ਇਹ ਸਭ ਕੁਝ ਬੜਾ ਅਜੀਬ ਜਿਹਾ ਲੱਗਾ, ਤੇ ਮੈਂ ਤੀਰ ਚਲਾ ਦਿੱਤਾ। ਜਿਥੋਂ ਤਕ ਉਹਨਾਂ ਦੇ ਮਰਨ ਦੀ ਗੱਲ ਏ, ਉਹ ਮਰੇ ਤਾਂ ਨਾ ਪਰ ਜ਼ਖ਼ਮੀ ਹੋ ਗਏ ਸਨ। ਉਸ ਮਗਰੋਂ ਉਹ ਮੈਨੂੰ ਲੱਭੇ ਨਹੀਂ, ਕਿਧਰੇ ਖਿਸਕ ਗਏ ਸਨ।"

"ਕੀ ਤੂੰ ਉਹਨਾਂ ਨੂੰ ਪਛਾਣ ਸਕਦੈਂ?" ਬਾਦਸ਼ਾਹ ਨੇ ਪੁੱਛਿਆ।

"ਮੇਰਾ ਖ਼ਿਆਲ ਏ ਕਿ ਪਛਾਣ ਸਕਦਾਂ।"

ਤਿੰਨ ਦਿਨ ਕਾਰਾਮੇਰਗੇਨ ਦੇ ਅੱਗੋਂ ਦੀ ਭਾਂਤ ਭਾਂਤ ਦੇ ਸਾਰੇ ਸੱਪ ਰੀਂਗਦੇ ਰਹੇ। ਚੌਥੇ ਦਿਨ ਉਸ ਨੇ ਕਾਲੇ ਤੇ ਚਿੱਟੇ ਸੱਪਾਂ ਵੱਲ ਇਸ਼ਾਰਾ ਕੀਤਾ, ਜਿਨ੍ਹਾਂ ਉਤੇ ਉਸ ਨੇ ਤੀਰ ਚਲਾਇਆ ਸੀ।

ਚਿੱਟਾ ਸੱਪ ਅਸਲ ਵਿਚ ਸਪਣੀ ਸੀ ਤੇ ਬਾਦਸ਼ਾਹ ਦੀ ਧੀ ਸੀ, ਅਤੇ ਕਿਉਂ ਜੋ, ਬਾਦਸ਼ਾਹ ਦੀ ਧੀ ਉਸ ਦੇ ਹੁਕਮ ਤੋਂ ਬਿਨਾਂ ਕਿਸੇ ਨਾਲ ਘੁੰਮਣ ਫਿਰਨ ਚਲੀ ਗਈ ਸੀ, ਇਸ ਲਈ ਬਾਦਸ਼ਾਹ ਨੇ ਦੋਹਾਂ ਸੱਪਾਂ ਨੂੰ ਹੀ ਮਾਰ ਦਿੱਤਾ।

ਉਸ ਨੇ ਕਾਰਾਮੇਰਗੇਨ ਨੂੰ ਤੁਹਫ਼ੇ ਵਜੋਂ ਇਕ ਮੁੰਦਰੀ ਦਿੱਤੀ ਤੇ ਆਖਿਆ:

"ਇਸ ਮੁੰਦਰੀ ਦੀ ਸਹਾਇਤਾ ਨਾਲ ਤੂੰ ਸਾਰੇ ਜਾਨਵਰਾਂ ਤੇ ਰੁੱਖਾਂ ਬੂਟਿਆਂ ਦੀਆਂ ਬੋਲੀਆਂ ਸਮਝ ਲਿਆ ਕਰੇਂਗਾ। ਪਰ ਤੂੰ ਜੋ ਕੁਝ ਵੀ ਸੁਣੇਂ ਉਸ ਬਾਰੇ ਹੋਰ ਕਿਸੇ ਨੂੰ ਨਾ ਦੱਸੀਂ।"

ਇਕ ਵਾਰੀ ਕਾਰਾਮੇਰਗੇਨ ਕਿਸੇ ਬਾਈ ਦੇ ਘਰ ਬੈਠਾ ਚਾਹ ਪੀ ਰਿਹਾ ਸੀ ਕਿ ਇਕ ਕੁੱਤਾ ਦੌੜਦਾ ਦੌੜਦਾ ਆਇਆ ਤੇ ਭੌਂਕਣ ਲੱਗ ਪਿਆ। ਕਾਰਾਮੇਰਗੇਨ ਉੱਠਿਆ ਤੇ ਉਸ ਨੂੰ ਰੋਟੀ ਦਾ ਇਕ ਟੁਕੜਾ ਦਿੱਤਾ। ਲਾਗੇ ਬੈਠੇ ਲੋਕ ਬੜੇ ਹੈਰਾਨ ਹੋਏ।

"ਇਹ ਤੂੰ ਕੀ ਕਰਦਾ ਪਿਐਂ?" ਉਹਨਾਂ ਨੇ ਪੁੱਛਿਆ।

"ਕੁੱਤੇ ਨੇ ਕਿਹੈ ਕਿ ਉਸ ਨੂੰ ਭੁੱਖ ਲੱਗੀ ਹੋਈ ਏ," ਕਾਰਾਮੇਰਗੇਨ ਨੇ ਜਵਾਬ ਦਿੱਤਾ।

ਇੰਜ, ਕਾਰਾਮੇਰਗੇਨ ਨੇ ਸੱਪਾਂ ਦੇ ਬਾਦਸ਼ਾਹ ਦੇ ਹੁਕਮ ਦੀ ਪਾਲਣਾ ਨਾ ਕੀਤੀ ਅਤੇ ਜਾਨਵਰਾਂ ਤੇ ਰੁੱਖਾਂ–ਬੂਟਿਆਂ ਦੀ ਬੋਲੀ ਸਮਝਣ ਦੀ ਉਸ ਦੀ ਸਮਰੱਥਾ ਜਾਂਦੀ ਰਹੀ। ਉਹ ਸੋਚਦਾ ਰਿਹਾ, ਸੋਚਦਾ ਰਿਹਾ ਕਿ ਕੀ ਕੀਤਾ ਜਾਵੇ।

ਅਖ਼ੀਰ, ਉਹ ਸੱਪਾਂ ਦੇ ਬਾਦਸ਼ਾਹ ਕੋਲ ਹੀ ਚਲਾ ਗਿਆ।

"ਮੈਨੂੰ ਤੇਰੀ ਚੇਤਾਵਨੀ ਦਾ ਚੇਤਾ ਭੁਲ ਗਿਆ ਸੀ," ਕਾਰਾਮੇਰਗੇਨ ਨੇ ਆਖਿਆ, "ਕੀ ਇਹ ਗ਼ਲਤੀ ਸੋਧੀ ਨਹੀਂ ਜਾ ਸਕਦੀ?"

ਬਾਦਸ਼ਾਹ ਨੇ ਉਸ ਦੇ ਸਿਰ ਉਤੇ ਤੇਲਪੋਕ ਟੋਪੀ ਪਾਈ, ਉਸ ਨੂੰ ਚਾਲੀ ਊਠ ਦਿੱਤੇ ਤੇ ਆਖਿਆ:

"ਪੁਰਾਣੇ ਕਿਲੇ ਦੇ ਖੰਡਰਾਂ ਵੱਲ ਜਾ ਤੇ ਉਥੇ ਜਾ ਕੇ ਇਹਨਾਂ ਊਠਾਂ ਨੂੰ ਮਾਰ ਦੇ। ਜਦੋਂ ਤੂੰ ਇਹ ਕੰਮ ਕਰ ਹਟੇਂਗਾ ਤਾਂ ਲੁਕ ਜਾਵੀਂ ਤੇ ਉਡੀਕੀਂ: ਉਡਦੇ ਉਡਦੇ ਕਾਂ ਆਉਣਗੇ ਤੇ ਇਹਨਾਂ ਦੀਆਂ ਲੋਥਾਂ ਉਤੇ ਚੱਕਰ ਲਾਉਣਗੇ। ਜਦੋਂ ਉਹ ਆਪਣੀ ਭੁੱਖ ਮਿਟਾ ਲੈਣਗੇ ਤਾਂ ਤੈਨੂੰ ਉਹਨਾਂ ਕੋਲੋਂ ਕਿਸੇ ਗੱਲ ਦਾ ਪਤਾ ਲੱਗੇਗਾ।"

ਕਾਰਾਮੇਰਗੇਨ ਨੇ ਉਵੇਂ ਹੀ ਕੀਤਾ ਜਿਵੇਂ ਸੱਪਾਂ ਦੇ ਬਾਦਸ਼ਾਹ ਦਾ ਹੁਕਮ ਸੀ। ਜਦੋਂ ਉਹ ਲੁਕ ਗਿਆ ਤਾਂ ਕਾਂ ਉਡਦੇ ਉਡਦੇ ਆਏ ਤੇ ਊਠਾਂ ਦਾ ਮਾਸ ਨੋਚਣ ਲੱਗੇ। ਇਕ ਬੁਢੜੀ ਕਾਉਣੀ ਦਾ ਜਦੋਂ ਪੇਟ ਭਰ ਗਿਆ ਤਾਂ ਉਸ ਨੇ ਆਖਿਆ:

"ਪਹਿਲੀਆਂ ਵਿਚ ਇਸ ਜ਼ਮੀਨ ਦਾ ਮਾਲਕ ਬਾਦਸ਼ਾਹ ਅਜ਼ਗਰ ਹੁੰਦਾ ਸੀ। ਜਦੋਂ ਉਸ ਦੇ ਵਿਆਹ

ਦੇ ਜਸ਼ਨ ਮਨਾਏ ਜਾ ਰਹੇ ਸਨ ਤਾਂ ਮੈਂ ਅੱਜ ਵਾਂਗ ਹੀ ਰੱਜ ਕੇ ਮਾਸ ਖਾਧਾ ਸੀ। ਪਰ ਇਹ ਬੜੀ ਹੀ ਪੁਰਾਣੀ ਗੱਲ ਏ, ਕੋਈ ਨੌਂ ਸੌ ਸਾਲ ਬੀਤ ਗਏ ਹੋਣੇ ਨੇ!... ਉਸ ਬਾਦਸ਼ਾਹ ਕੋਲ ਬੜਾ ਹੀ ਸੋਨਾ ਸੀ! ਉਹ ਸੋਨਾ ਉਸ ਨੇ ਇਸ ਟਿਲੇ ਹੇਠਾਂ ਦੱਬ ਦਿੱਤਾ ਜਿਸ ਉਤੇ ਮੈਂ ਬੈਠੀ ਹੋਈ ਹਾਂ।"

ਜਦੋਂ ਕਾਂ ਉੱਡ ਗਏ ਤਾਂ ਕਾਰਾਮੇਰਗੇਨ ਨੇ ਖ਼ਜ਼ਾਨਾ ਪੁੱਟ ਲਿਆ। ਉਸ ਮਗਰੋਂ ਉਸ ਨੇ ਆਪਣਾ ਟੱਬਰ ਵਸਾ ਲਿਆ ਤੇ ਖੁਸ਼ੀਆਂ ਵਾਲਾ ਜੀਵਨ ਬੀਤਾਉਣ ਲੱਗ ਪਿਆ।



ਆਜੜੀ ਦਾ ਪੁਤਰ

ਬੜੇ ਚਿਰਾਂ ਦੀ ਗੱਲ ਹੈ ਕਿ ਇਸ ਦੁਨੀਆ ਵਿਚ ਇਕ ਆਜੜੀ ਰਹਿੰਦਾ ਹੁੰਦਾ ਸੀ। ਉਹ ਕਈ ਸਾਲ ਬਾਈ ਦੀਆਂ ਭੇਡਾਂ ਚਾਰਦਾ ਰਿਹਾ ਤੇ ਕੰਮ ਦੇ ਬਦਲੇ ਉਸ ਨੂੰ ਜੋ ਵੀ ਪੈਸਾ ਮਿਲਦਾ ਸੀ ਜਮ੍ਹਾਂ ਕਰਦਾ ਰਿਹਾ ਤਾਂ ਜੋ ਆਪਣੇ ਲਈ ਵਹੁਟੀ ਖ਼ਰੀਦ ਸਕੇ। ਜਦੋਂ ਉਸ ਕੋਲ ਲੋੜੀਂਦੀ ਰਕਮ ਜਮ੍ਹਾਂ ਹੋ ਗਈ ਤਾਂ ਆਜੜੀ ਨੇ ਵਿਆਹ ਕਰ ਲਿਆ ਤੇ ਆਪਣਾ ਟੱਬਰ ਵਸਾ ਲਿਆ।

ਇਕ ਸਾਲ ਲੰਘਿਆ ਤੇ ਉਸ ਦੀ ਘਰਵਾਲੀ ਨੇ ਇਕ ਪੁਤਰ ਨੂੰ ਜਨਮ ਦਿੱਤਾ। ਜਿਉਂ ਜਿਉਂ ਮੁੰਡਾ ਕੱਦ ਕੱਢਦਾ ਗਿਆ, ਮਾਪੇ ਬੜੇ ਖੁਸ਼ ਹੁੰਦੇ ਰਹੇ। ਪਰ ਜਦੋਂ ਉਹ ਚਾਰ ਸਾਲਾਂ ਦਾ ਹੋ ਗਿਆ ਤਾਂ ਆਜੜੀ ਦੇ ਕਿਬੀਤਕਾ ਉਤੇ ਕਹਿਰ ਢਹਿ ਪਿਆ। ਪਹਿਲਾਂ ਉਹ ਆਪ ਚੱਲ ਵੱਸਿਆ ਤੇ ਮਗਰੋਂ ਉਸ ਦੀ ਘਰਵਾਲੀ ਖ਼ੁਦਾ ਨੂੰ ਪਿਆਰੀ ਹੋ ਗਈ।

ਯਤੀਮ ਨੂੰ ਉਸ ਦੇ ਪਿਤਾ ਦੇ ਦੂਰ ਦੇ ਰਿਸ਼ਤੇਦਾਰ ਲੈ ਗਏ। ਉਹ ਓਨੇ ਅਮੀਰ ਨਹੀਂ ਸਨ, ਪਰ ਬੜੇ ਹੀ ਕੰਜੂਸ ਸਨ। ਸੋ ਪੁਤਰ ਨੂੰ ਬੜੇ ਮਾੜੇ ਦਿਨ ਵੇਖਣੇ ਪਏ। ਰਿਸ਼ਤੇਦਾਰਾਂ ਨੂੰ ਉਸ ਦਾ ਖ਼ਿਆਲ ਸਿਰਫ਼ ਓਦੋਂ ਹੀ ਆਉਂਦਾ ਜਦੋਂ ਉਹ ਭੁੱਖ ਨਾਲ ਮਰਨ ਲਗਦਾ ਸੀ। ਤਦ ਉਹ ਉਸ ਨੂੰ ਸੁੱਕੀ ਰੋਟੀ ਦਾ ਇਕ ਟੁਕੜਾ ਦਿੰਦੇ ਅਤੇ ਸਮਝਦੇ ਕਿ ਇਹ ਵੀ ਉਸ ਲਈ ਬਹੁਤ ਜ਼ਿਆਦਾ ਸੀ।

ਮੁੰਡਾ ਰੋਟੀ ਦਾ ਟੁਕੜਾ ਲੈ ਕੇ ਦਰਿਆ ਵੱਲ ਚਲਾ ਜਾਂਦਾ ਅਤੇ ਰੋਟੀ ਨੂੰ ਪਾਣੀ ਵਿਚ ਡੋਬ ਕੇ ਉਡੀਕਦਾ ਰਹਿੰਦਾ ਕਿ ਉਹ ਕਦੋਂ ਗਿੱਲੀ ਹੋ ਕੇ ਕੁਝ ਨਰਮ ਹੁੰਦੀ ਹੈ। ਫਿਰ ਉਹ ਰੋਟੀ ਨਾਲੋਂ ਬੁਰਕੀਆਂ ਤੋੜ ਤੋੜ ਕੇ ਆਪਣੀ ਭੁੱਖ ਮਿਟਾਉਣ ਲੱਗਦਾ। ਉਹ ਬੜੀ ਹੀ ਕੋਸ਼ਿਸ਼ ਕਰਦਾ ਕਿ ਰੋਟੀ ਦਾ ਇਕ ਵੀ ਭੋਰਾ ਨਾ ਡਿੱਗੇ ਪਰ ਉਸ ਨੂੰ ਇਸ ਕੰਮ ਵਿਚ ਸਫਲਤਾ ਨਾ ਮਿਲਦੀ। ਉਸ ਦੇ ਹੱਥਾਂ ਵਿਚੋਂ ਭੋਰੇ ਕਿਰ ਕੇ ਪਾਣੀ ਵਿਚ ਡਿਗ ਪੈਂਦੇ ਜਿਨ੍ਹਾਂ ਨੂੰ ਇਕ ਛੋਟੀ ਜਿਹੀ ਮੱਛੀ ਬੋਚ ਲੈਂਦੀ ਸੀ।

ਤੇ ਇਹ ਸਿਲਸਿਲਾ ਕਈ ਸਾਲਾਂ ਤਕ ਚਲਦਾ ਰਿਹਾ। ਓਨੇ ਚਿਰ ਵਿਚ ਮੁੰਡੇ ਨੇ ਚੰਗਾ ਕੱਦ ਕੱਢ ਲਿਆ ਤੇ ਮੱਛੀ ਵੀ ਵੱਡੀ ਹੋ ਗਈ। ਮੁੰਡਾ ਚੰਗਾ ਤਗੜਾ ਤੇ ਤੰਦਰੁਸਤ ਨਿਕਲਿਆ। ਤੇ ਮੱਛੀ ਵੀ ਇਕ ਤਗੜੀ ਸ਼ੀਟ-ਮੱਛੀ ਬਣ ਗਈ। ਉਹ ਦੋਵੇਂ ਪੱਕੇ ਮਿਤਰ ਬਣ ਗਏ। ਕਦੀ ਕਦੀ ਤਾਂ ਇੰਜ ਹੁੰਦਾ ਸੀ ਕਿ ਮੁੰਡਾ ਜਦੋਂ ਦਰਿਆ ਦੇ ਕੰਢੇ ਪਹੁੰਚਦਾ ਹੀ ਸੀ ਤਾਂ ਮੱਛੀ ਉਥੇ ਪਹਿਲਾਂ ਹੀ ਆਈ ਹੁੰਦੀ ਸੀ: ਐਨ ਕੰਢੇ ਦੇ ਲਾਗੇ ਛਪ ਛਪ ਕਰ ਰਹੀ ਹੁੰਦੀ ਸੀ।

ਇਕ ਵਾਰੀ ਆਜੜੀ ਦਾ ਮੁੰਡਾ ਬਾਜ਼ਾਰ ਗਿਆ। ਉਹ ਬਾਜ਼ਾਰ ਵਿਚ ਤੁਰਿਆ ਜਾ ਰਿਹਾ ਸੀ ਕਿ ਵੇਖਿਆ: ਇਕ ਅਮੀਰ ਆਦਮੀ ਭੀੜ ਵਿਚੋਂ ਦੀ ਧੁਸ ਦੇ ਕੇ ਲੰਘਦਾ ਹੋਇਆ ਚੀਕੀ ਜਾ ਰਿਹਾ ਸੀ:

"ਜਿਹੜਾ ਕੋਈ ਵੀ ਚਾਹਵੇ ਮੇਰੇ ਕੋਲ ਨੌਕਰੀ ਕਰ ਸਕਦਾ ਏ! ਮੈਂ ਉਸ ਨੂੰ ਚਾਲੀ ਦਿਨ ਖੁਆਵਾਂ–ਪਿਲਾਵਾਂਗਾ ਤੇ ਸਿਰਫ ਇਕ ਦਿਨ ਕੰਮ ਕਰਨ ਲਈ ਮਜਬੂਰ ਕਰਾਂਗਾ!"

"ਮੈਂ ਹੀ ਇਸ ਦੀ ਨੌਕਰੀ ਕਿਉਂ ਨਾ ਕਰ ਲਵਾਂ," ਆਜੜੀ ਦੇ ਮੁੰਡੇ ਨੇ ਸੋਚਿਆ ਅਤੇ ਬਾਈ ਦੇ ਲਾਗੇ ਜਾ ਕੇ ਆਖਿਆ: "ਮੈਨੂੰ ਬਣਾ ਲੈ ਨੌਕਰ!"

ਬਾਈ ਨੇ ਮੁੰਡੇ ਨੂੰ ਸਿਰ ਤੋਂ ਪੈਰਾਂ ਤਕ ਚੰਗੀ ਤਰ੍ਹਾਂ ਵੇਖਿਆ ਚਾਖਿਆ, ਉਸ ਨੂੰ ਬੜੀ ਤਸੱਲੀ ਹੋਈ ਤੇ ਮੁੰਡੇ ਨੂੰ ਆਪਣਾ ਨੌਕਰ ਬਣਾ ਲਿਆ।

ਬਾਈ, ਆਪਣੇ ਵਾਅਦੇ ਮੁਤਾਬਿਕ, ਆਜੜੀ ਦੇ ਮੁੰਡੇ ਨੂੰ ਚਾਲੀ ਦਿਨ ਵਧੀਆ ਤੋਂ ਵਧੀਆ ਖਾਣੇ ਖੁਵਾਉਂਦਾ ਰਿਹਾ, ਅਤੇ ਇਕਤਾਲੀਵੇਂ ਦਿਨ ਸਭ ਤੋਂ ਪਲੇ ਹੋਏ ਬਲਦ ਨੂੰ ਨੱਥ ਪਾਉਣ ਦਾ ਹੁਕਮ ਦਿੱਤਾ। ਆਪ ਬਾਈ ਛਿਆਂ ਵਿਚੋਂ ਪਹਿਲੇ ਊਠ ਉਤੇ ਬੈਠ ਗਿਆ ਤੇ ਆਪਣੇ ਨੌਕਰ ਨੂੰ ਹੁਕਮ ਦਿੱਤਾ ਕਿ ਉਹ ਉਹਨਾਂ ਦੇ ਪਿਛੇ ਪਿਛੇ ਬਲਦ ਲਿਆਵੇ।

ਪਤਾ ਨਹੀਂ, ਕਾਫ਼ਲਾ ਥੋੜ੍ਹਾ ਜਾਂ ਬੜਾ ਚਿਰ ਤੁਰਦਾ ਗਿਆ। ਅਖ਼ੀਰ ਵਿਚ ਉਹ ਇਕ ਮੈਦਾਨ ਵਿਚ ਕੇਲੇਜ਼ਾਵ ਪਹਾੜ ਤੋਂ ਥੋੜ੍ਹੀ ਦੂਰੀ ਉਤੇ ਰੁਕ ਗਿਆ।

"ਪੁਤਰਾ," ਬਾਈ ਨੇ ਆਖਿਆ, "ਬਲਦ ਨੂੰ ਮਾਰ ਕੇ ਇਸ ਦੀ ਖੱਲ ਸਾਬਤ ਦੀ ਸਾਬਤ ਲਾਹ ਲੈ।"

ਆਜੜੀ ਦੇ ਪੁਤਰ ਨੇ ਉਵੇਂ ਹੀ ਕੀਤਾ ਜਿਵੇਂ ਮਾਲਕ ਨੇ ਆਖਿਆ ਸੀ।

"ਤੇ ਹੁਣ ਖੱਲ ਦੇ ਅੰਦਰ ਵੜ ਜਾ ਤੇ ਚੰਗੀ ਤਰ੍ਹਾਂ ਵੇਖ ਕਿ ਤੂੰ ਕਿਤੇ ਗਲਤੀ ਨਾਲ ਇਸ ਨੂੰ ਕਿਤਿਓਂ ਚੀਰ ਤਾਂ ਨਹੀਂ ਦਿੱਤਾ," ਬਾਈ ਨੇ ਫਿਰ ਕਿਹਾ।

ਆਜੜੀ ਦਾ ਪੁਤਰ ਖੱਲ ਵਿਚ ਵੜ ਗਿਆ ਅਤੇ ਬਾਈ ਨੇ ਉਸੇ ਵੇਲੇ, ਬਿਨਾਂ ਕਿਸੇ ਢਿਲ ਦੇ, ਖੱਲ ਦੇ ਸਿਰੇ ਨੂੰ ਨੱਥ ਨਾਲ ਬੰਨ੍ਹ ਦਿੱਤਾ, ਜਿਹੜੀ ਬਲਦ ਨੂੰ ਪਈ ਹੋਈ ਸੀ। ਆਪ ਬਾਈ ਊਠਾਂ ਨੂੰ ਲੈ ਕੇ ਕੇਲੇਜ਼ਾਵ ਪਹਾੜ ਦੇ ਐਨ ਲਾਗੇ ਚਲਾ ਗਿਆ ਤੇ ਉਡੀਕਣ ਲੱਗਾ।

ਬਲਦ ਦੀ ਲਾਸ਼ ਦਾ ਮਾਸ ਨੋਚਣ ਵਾਸਤੇ ਖ਼ੂੰਖ਼ਾਰ ਪਰਿੰਦੇ ਉਡਦੇ ਆਏ ਤੇ ਛੇਤੀ ਹੀ ਉਥੇ ਸਿਰਫ ਹੱਡੀਆਂ ਹੀ ਰਹਿ ਗਈਆਂ। ਫਿਰ ਪਰਿੰਦਿਆਂ ਨੇ ਆਜੜੀ ਦੇ ਪੁਤਰ ਸਮੇਤ ਖੱਲ ਨੂੰ ਚੁਕ ਲਿਆ ਤੇ ਉਸ ਨੂੰ ਕੇਲੇਜ਼ਾਵ ਪਹਾੜ ਦੀ ਟੀਸੀ ਉਤੇ ਲੈ ਗਏ ਅਤੇ ਉਸ ਵਿਚ ਚੁੰਝਾਂ ਮਾਰਨ ਲੱਗ ਪਏ।

ਜਿਉਂ ਹੀ ਖੱਲ ਵਿਚ ਚੋਖਾ ਸਾਰਾ ਮਘੋਰਾ ਹੋ ਗਿਆ, ਆਜੜੀ ਦਾ ਮੁੰਡਾ ਉਸ ਵਿਚੋਂ ਨਿਕਲ ਆਇਆ ਤੇ ਪੰਛੀਆਂ ਨੂੰ ਟਾਹਰਾਂ ਮਾਰ ਮਾਰ ਕੇ ਉਡਾ ਦਿੱਤਾ। ਉਸ ਨੇ ਆਸੇ ਪਾਸੇ ਨਜ਼ਰ ਦੌੜਾਈ ਤੇ ਕੀ ਵੇਖਿਆ ਕਿ ਉਹ ਪਹਾੜ ਦੀ ਸਭ ਤੋਂ ਉੱਚੀ ਟੀਸੀ ਉਤੇ ਖੜਾ ਸੀ। ਪਹਾੜ ਦੇ ਇਕ ਪਾਸੇ ਵਿਸ਼ਾਲ, ਅਸੀਮ ਮੈਦਾਨੀ ਇਲਾਕਾ ਸੀ ਤੇ ਦੂਜੇ ਪਾਸੇ ਤੂਫਾਨੀ ਦਰਿਆ ਸੀ। ਪਹਾੜ ਖੜਵਾਂ ਸੀ ਅਤੇ ਉਤਰਨ ਲਈ ਕੋਈ ਰਸਤਾ ਨਹੀਂ ਸੀ। ਆਜੜੀ ਦੇ ਪੁਤਰ ਨੇ ਹੋਰ ਨੀਝ ਲਾ ਕੇ ਵੇਖਿਆ ਤਾਂ ਉਸ ਨੂੰ ਛੇ ਊਠਾਂ ਦਾ ਕਾਫ਼ਲਾ ਵਿਖਾਈ ਦਿੱਤਾ ਜਿਸ ਦੇ ਅੱਗੇ ਉਸ ਦਾ ਮਾਲਕ ਖੜਾ ਸੀ।

"ਓਇ ਚਾਚਾ," ਆਜੜੀ ਦਾ ਪੁਤਰ ਚਿੱਲਾਇਆ, "ਤੂੰ ਇਹ ਮੇਰੇ ਨਾਲ ਕੀ ਧੋਖਾ ਕੀਤਾ ਈ? ਮੇਰਾ ਕੀ ਕਸੂਰ ਏ? ਹੁਣ ਮੈਂ ਹੇਠਾਂ ਕਿਵੇਂ ਉਤਰਾਂਗਾ?"

"ਤੂੰ ਐਵੇਂ ਸਮਾਂ ਬਰਬਾਦ ਨਾ ਕਰ," ਹੇਠੋਂ ਆਵਾਜ਼ ਆਈ, "ਆਪਣੇ ਪੈਰਾਂ ਹੇਠਲੇ ਪੱਥਰ ਚੁਕ ਚੁਕ ਕੇ ਭੁੰਜੇ ਸੁਟ, ਮੈਂ ਇਹ ਊਠਾਂ ਉਤੇ ਲੱਦੀ ਜਾਂਦਾ ਹਾਂ। ਜਿਉਂ ਹੀ ਖੁਰਜੀਆਂ ਭਰ ਗਈਆਂ ਮੈਂ ਤੈਨੂੰ ਦਸ ਦਿਆਂਗਾ ਕਿ ਉਤਰਨ ਦਾ ਰਾਹ ਕਿਹੜਾ ਏ।"

ਆਜੜੀ ਦਾ ਪੁਤਰ ਪੂਰੇ ਜ਼ੋਰ ਨਾਲ ਪੱਥਰ ਤੇ ਟੁਕੜੇ ਸੁਟਣ ਲੱਗ ਪਿਆ ਜਿਨ੍ਹਾਂ ਵਿਚ ਸੋਨਾ ਤੇ ਚਾਂਦੀ ਸੀ। ਬਾਈ ਊਠ ਲੱਦਦਾ ਗਿਆ। ਜਦੋਂ ਸਾਰੀਆਂ ਖੁਰਜੀਆਂ ਭਰ ਗਈਆਂ ਤਾਂ ਬਾਈ ਮੂਹਰਲੇ ਊਠ ਉਤੇ ਚੜ੍ਹ ਬੈਠਾ ਤੇ ਕਾਫ਼ਲਾ ਵਾਪਸੀ ਸਫ਼ਰ ਉਤੇ ਰਵਾਨਾ ਹੋ ਗਿਆ।

"ਓਇ ਚਾਚਾ, ਓਇ ਬਾਈ–ਆਗਾ!" ਆਜੜੀ ਦਾ ਮੁੰਡਾ ਟਾਹਰਾਂ ਮਾਰਨ ਲੱਗਾ, "ਤੂੰ ਵਾਅਦਾ ਕੀਤਾ ਸੀ ਕਿ ਪਹਾੜ ਤੋਂ ਉਤਰਨ ਦਾ ਰਾਹ ਦੱਸੇਂਗਾ, ਪਰ ਤੂੰ ਭੁਲ ਗਿਐਂ ਤੇ ਚਲਾ ਚੱਲਿਐਂ।"

"ਤੈਨੂੰ ਉਥੇ ਪੱਥਰਾਂ ਤੋਂ ਇਲਾਵਾ ਹੋਰ ਕੀ ਕੁਝ ਵਿਖਾਈ ਦੇ ਰਿਹੈ?" ਜਵਾਬ ਆਇਆ।

"ਕੋਈ ਹੱਡੀਆਂ ਜਿਹੀਆਂ ਨੇ!"

"ਇਹ ਹੱਡੀਆਂ ਤੇਰੇ ਵਰਗੇ ਲੋਕਾਂ ਦੀਆਂ ਹੀ ਨੇ। ਜਿਹੜਾ ਕੋਈ ਵੀ ਇਸ ਪਹਾੜ 'ਤੇ ਜਾਂਦੈ, ਜੀਉਂਦਾ ਮੁੜ ਕੇ ਨਹੀਂ ਆਉਂਦਾ। ਅਲਵਿਦਾ!.." ਤੇ ਕਾਫ਼ਲਾ ਮੁੰਡੇ ਦੀਆਂ ਨਜ਼ਰਾਂ ਤੋਂ ਦੂਰ ਹੋਣ ਲੱਗ ਪਿਆ।

ਆਜੜੀ ਦਾ ਪੁਤਰ ਜ਼ਾਲਮ ਬੰਦੇ ਨੂੰ ਜਾਂਦੇ ਨੂੰ ਵੇਖਦਾ ਹੋਇਆ ਇਹ ਸੋਚਣ ਲੱਗ ਪਿਆ ਕਿ ਬਿਪਤਾ ਵਿਚੋਂ ਕਿਵੇਂ ਨਿਕਲਿਆ ਜਾਵੇ। ਉਸ ਨੇ ਵਾਰ ਵਾਰ ਆਲੇ ਦੁਆਲੇ ਵੇਖਿਆ ਪਰ ਉਸ ਨੂੰ ਕੋਈ ਰਸਤਾ ਨਾ ਲੱਭਾ। ਅਖ਼ੀਰ ਉਸ ਨੇ ਖਿਝ ਕੇ ਫ਼ੈਸਲਾ ਕੀਤਾ: "ਮੈਂ ਉਸ ਘੜੀ ਦੀ ਉਡੀਕ ਕਿਉਂ ਕਰਾਂ ਜਦੋਂ ਮੈਨੂੰ, ਨਿਢਾਲ ਹੋਏ ਨੂੰ, ਖ਼ੂੰਖਾਰ ਪਰਿੰਦੇ ਖਾ ਜਾਣਗੇ। ਇਸ ਨਾਲੋਂ ਚੰਗਾ ਤਾਂ ਇਹ ਹੋਵੇ ਕਿ ਮੈਂ ਮੱਛੀਆਂ ਦਾ ਖਾਜਾ ਬਣ ਜਾਵਾਂ।"

ਤਦ ਉਸ ਨੇ ਦਰਿਆ ਵਿਚ ਛਾਲ ਮਾਰ ਦਿੱਤੀ... ਜਦੋਂ ਉਹ ਹੇਠਾਂ ਡਿਗਦਾ ਆ ਰਿਹਾ ਸੀ ਤਾਂ ਉਸ ਨੂੰ ਸ਼ੀਟ–ਮੱਛੀ ਨੇ ਵੇਖ ਲਿਆ ਤੇ ਪਾਣੀ ਵਿਚ ਡਿਗਣ ਤੋਂ ਪਹਿਲਾਂ ਹੀ ਬੋਚ ਕੇ ਦਰਿਆ ਦੇ ਕੰਢੇ ਉਤੇ ਪਹੁੰਚਾ ਦਿੱਤਾ।

ਅਹਿਸਾਨ ਦੇ ਭਾਰ ਹੇਠ ਦੱਬਿਆ ਆਜੜੀ ਦਾ ਮੁੰਡਾ ਭੁੜਕ ਕੇ ਉਠਿਆ। ਉਸ ਨੂੰ ਆਸ ਸੀ ਕਿ ਉਹ ਆਪਣੇ ਰਖਵਾਲੇ ਨੂੰ ਵੇਖ ਕੇ ਉਸ ਦਾ ਧੰਨਵਾਦ ਕਰ ਸਕੇਗਾ। ਪਰ ਉਥੇ ਉਸ ਨੂੰ ਕੋਈ ਵੀ ਵਿਖਾਈ ਨਾ ਦਿੱਤਾ।

ਪਤਾ ਨਹੀਂ, ਆਜੜੀ ਦਾ ਪੁੱਤਰ ਥੋੜ੍ਹਾ ਜਾਂ ਬਹੁਤਾ ਚਿਰ ਤੁਰਦਾ ਗਿਆ, ਪਰ ਅੰਤ ਵਿਚ ਉਹ ਆਪਣੇ ਸ਼ਹਿਰ ਪਹੁੰਚ ਗਿਆ। ਇਕ ਦਿਨ ਉਸ ਨੇ ਫਿਰ ਸੁਣਿਆ ਕਿ ਸ਼ਹਿਰ ਵਿਚ ਮੇਲਾ ਲੱਗਣ ਵਾਲਾ ਸੀ।

"ਚਲੋ, ਚਲਦੇ ਹਾਂ," ਉਸ ਨੇ ਸੋਚਿਆ, "ਹੋ ਸਕਦੈ, ਕੋਈ ਕੰਮ ਹੀ ਮਿਲ ਜਾਵੇ।"

ਉਹ ਮੰਡੀ ਪਹੁੰਚ ਗਿਆ ਤੇ ਕੀ ਵੇਖਦਾ ਹੈ: ਮੰਡੀ ਵਿਚ ਉਹੀ ਬਾਈ ਇਧਰ ਉਧਰ ਆ ਜਾ ਰਿਹਾ ਸੀ ਤੇ ਉੱਚੀ ਉੱਚੀ ਕਹਿ ਰਿਹਾ ਸੀ: "ਜਿਹੜਾ ਕੋਈ ਵੀ ਨੌਕਰੀ ਕਰਨੀ ਚਾਹੁੰਦੈ, ਮੇਰੇ ਕੋਲ ਕਰ ਸਕਦੈ। ਚਾਲੀ ਦਿਨ ਖੁਆਵਾਂ–ਪਿਲਾਵਾਂਗਾ ਤੇ ਸਿਰਫ਼ ਇਕ ਦਿਨ ਕੰਮ ਕਰਨ ਲਈ ਮਜਬੂਰ ਕਰਾਂਗਾ!"

"ਉਹ ਮੈਨੂੰ ਸ਼ਾਇਦ ਨਾ ਪਛਾਣੇ," ਆਜੜੀ ਦੇ ਮੁੰਡੇ ਨੇ ਸੋਚਿਆ। "ਇਕ ਵਾਰ ਫਿਰ ਨੌਕਰੀ ਕਰ ਕੇ ਵੇਖਦਾ ਹਾਂ।"

ਹਾਂ, ਤੇ ਇੰਜ ਹੀ ਹੋਇਆ। ਬਾਈ ਨੂੰ ਭੋਰਾ ਵੀ ਸ਼ੱਕ ਨਾ ਹੋਇਆ। ਉਹ ਉਸ ਸੁਡੌਲ ਗਭਰੂ ਦੀ ਸ਼ਕਲ ਵਿਚ ਆਪਣੇ ਪੁਰਾਣੇ ਨੌਕਰ ਨੂੰ ਪਛਾਣ ਨਾ ਸਕਿਆ। ਸੋ, ਉਸ ਨੇ ਮੁੰਡੇ ਨੂੰ ਨੌਕਰੀ 'ਤੇ ਰੱਖ ਲਿਆ।

ਚਾਲੀ ਦਿਨ ਲੰਘ ਗਏ। ਇਕਤਾਲੀਵੇਂ ਦਿਨ ਬਾਈ ਨੇ ਫਿਰ ਕਾਫ਼ਲਾ ਤਿਆਰ ਕੀਤਾ ਅਤੇ ਉਸ ਨੂੰ ਕੇਲੇਜ਼ਾਵ ਪਹਾੜ ਵੱਲ ਲੈ ਤੁਰਿਆ। ਜਦੋਂ ਆਜੜੀ ਦੇ ਪੁਤਰ ਨੇ ਬਲਦ ਨੂੰ ਮਾਰ ਕੇ ਉਸ ਦੀ ਖੱਲ ਲਾਹ ਲਈ ਤਾਂ ਬਾਈ ਨੇ ਉਸ ਨੂੰ ਖੱਲ ਵਿਚ ਵੜਨ ਅਤੇ ਇਹ ਵੇਖਣ ਦੀ ਸਲਾਹ ਦਿੱਤੀ ਕਿ ਕੀ ਉਸ ਵਿਚ ਕੋਈ



ਮੋਰੀ ਤਾਂ ਨਹੀਂ ਹੋ ਗਈ ਸੀ ਤੇ ਨੌਕਰ ਨੇ ਕਿਤੇ ਗਲਤੀ ਨਾਲ ਉਸ ਨੂੰ ਖ਼ਰਾਬ ਤਾਂ ਨਹੀਂ ਕਰ ਦਿੱਤਾ ਸੀ। ਪਰ ਨੌਕਰ ਨੇ ਕਿਹਾ:

"ਉਈ, ਬਾਈ-ਆਗਾ, ਮੈਨੂੰ ਤਾਂ ਇਸ ਦੇ ਅੰਦਰ ਵੜਨ ਦੀ ਜਾਚ ਹੀ ਨਹੀਂ। ਪਹਿਲਾਂ ਤੁਸੀਂ ਵਿਖਾਓ!..."

ਬਾਈ ਨੇ ਮੁੰਡੇ ਨੂੰ ਬਥੇਰਾ ਮਨਾਇਆ ਪਰ ਉਹ ਆਪਣੀ ਗੱਲ ਉਤੇ ਅੜਿਆ ਰਿਹਾ। ਉਹ ਇਹੋ ਕਹਿੰਦਾ ਰਿਹਾ: "ਪਹਿਲਾਂ ਤੁਸੀਂ ਵਿਖਾਓ!..." ਬਾਈ ਅੱਗ-ਬਗੂਲਾ ਹੋ ਉੱਠਿਆ।

"ਏਧਰ ਵੇਖ, ਮੂਰਖਾ, ਇਸ ਤਰ੍ਹਾਂ ਵੜੀਦਾ ਹੁੰਦੈ!" ਬਾਈ ਕੜਕਿਆ ਤੇ ਬਲਦ ਦੀ ਖੱਲ ਦੇ ਅੰਦਰ ਵੜ ਗਿਆ।

ਜਿਉਂ ਹੀ ਬਾਈ ਦਾ ਸਿਰ ਖੱਲ ਦੇ ਅੰਦਰ ਹੋਇਆ, ਆਜੜੀ ਦੇ ਪੁਤਰ ਨੇ ਬੋਰੀ-ਰੂਪੀ ਖੱਲ ਨੂੰ ਫੜਿਆ ਅਤੇ ਉਸ ਦੇ ਮੂੰਹ ਨੂੰ ਬਲਦ ਦੀ ਨੱਥ ਨਾਲ ਕੱਸ ਕੇ ਬੰਨ ਦਿੱਤਾ। ਬਾਈ ਨੇ ਬੜੇ ਹਾੜੇ ਵੀ ਕੱਢੇ, ਬੜੀਆਂ ਧਮਕੀਆਂ ਵੀ ਦਿੱਤੀਆਂ ਪਰ ਆਜੜੀ ਦੇ ਮੁੰਡੇ ਦੇ ਕੰਨ ਉਤੇ ਜੂੰ ਤਕ ਨਾ ਸਰਕੀ। ਉਹ ਮੁਹਰਲੇ ਊਠ ਦੀ ਨਕੇਲ ਫੜ ਕੇ ਸਾਰੇ ਕਾਫ਼ਲੇ ਨੂੰ ਇਕ ਪਾਸੇ ਲੈ ਗਿਆ ਅਤੇ ਉਡੀਕਣ ਲੱਗਾ।

ਪਿਛਲੀ ਵਾਰ ਵਾਂਗ ਹੀ ਇਸ ਵਾਰੀ ਵੀ ਖ਼ੂੰਖਾਰ ਪਰਿੰਦੇ ਉਡਦੇ ਉਡਦੇ ਆਏ ਤੇ ਬਲਦ ਦੀ ਲੋਥ ਉਤੇ ਝਪਟ ਪਏ। ਉਹਨਾਂ ਨੇ ਅੱਖ ਦੇ ਫੋਰ ਵਿਚ ਸਾਰਾ ਮਾਸ ਖਾ ਲਿਆ। ਫਿਰ ਉਹਨਾਂ ਨੇ ਖੱਲ ਉਠਾ ਲਈ ਜਿਸ ਵਿਚ ਬਾਈ ਬੰਦ ਕੀਤਾ ਹੋਇਆ ਸੀ। ਉਹ ਉਡਦੇ ਉਡਦੇ ਕੇਲੇਜ਼ਾਵ ਪਹਾੜ ਦੀ ਟੀਸੀ ਉਤੇ ਚਲੇ ਗਏ ਤੇ ਬੋਰੀ ਨੂੰ ਚੁੰਝਾਂ ਮਾਰਨ ਲੱਗੇ। ਜਿਉਂ ਹੀ ਉਸ ਵਿਚ ਚੋਖੀ ਮੋਰੀ ਬਣ ਗਈ ਤਾਂ ਬਾਈ ਬਲਦ ਦੀ ਖੱਲ ਵਿਚੋਂ ਨਿਕਲ ਆਇਆ। ਉਸ ਨੇ ਆਲੇ ਦੁਆਲੇ ਵੇਖਿਆ। ਉਥੇ ਉਹਨਾਂ ਲੋਕਾਂ ਦੀਆਂ ਹੱਡੀਆਂ ਪਈਆਂ ਹੋਈਆਂ ਸਨ ਜਿਨ੍ਹਾਂ ਨੂੰ ਉਸ ਨੇ ਮੌਤ ਦੇ ਮੂੰਹ ਪਾਇਆ ਸੀ। ਬਾਈ ਨੇ ਸੋਚਿਆ: "ਲਗਦੈ ਕਿ ਇਸ ਅਖਾਣ ਉਤੇ ਅਮਲ ਹੋਣ ਲੱਗਾ ਹੈ: 'ਜਿਹੜਾ ਕਿਸੇ ਲਈ ਟੋਆ ਪੁਟੇ ਉਸ ਲਈ ਖਾਤਾ ਤਿਆਰ ਹੁੰਦਾ ਏ।'"

"ਓਇ, ਪੁਤਰਾ, ਇਹ ਤੂੰ ਮੇਰੇ ਨਾਲ ਹੀ ਧੋਖਾ ਕੀਤਾ ਈ!" ਉਸ ਨੇ ਆਜੜੀ ਦੇ ਪੁਤਰ ਨੂੰ ਉੱਚੀ ਸਾਰੀ ਆਖਿਆ। "ਮੈਂ ਤੇਰਾ ਕੀ ਵਿਗਾੜਿਐ? ਮੈਂ ਹੁਣ ਹੇਠਾਂ ਕਿਵੇਂ ਉਤਰਾਂਗਾ?"

"ਬਾਈ-ਆਗਾ, ਐਵੇਂ ਵਕਤ ਬਰਬਾਦ ਨਾ ਕਰ," ਹੇਠੋਂ ਆਵਾਜ਼ ਆਈ, "ਆਪਣੇ ਪੈਰਾਂ ਹੇਠਲੇ ਪੱਥਰ ਭੁੰਜੇ ਸੁੱਟੀ ਜਾ, ਮੈਂ ਊਠ ਲੱਦੀ ਜਾਵਾਂਗਾ, ਤੇ ਜਦੋਂ ਮੇਰੀਆਂ ਖੁਰਜੀਆਂ ਭਰ ਜਾਣਗੀਆਂ ਮੈਂ ਤੈਨੂੰ ਉਤਰਨ ਦਾ ਰਾਹ ਦੱਸ ਦਿਆਂਗਾ। ਪਿਛਲੀ ਵਾਰੀ ਤੂੰ ਮੈਨੂੰ ਉਥੇ ਭੇਜਿਆ ਸੀ। ਤੂੰ ਵੇਖਦਾ ਹੀ ਏਂ, ਮੈਂ ਜੀਉਂਦਾ ਜਾਗਦਾ ਹਾਂ।"

ਬਾਈ ਨੇ ਆਪਣੇ ਪੁਰਾਣੇ ਨੌਕਰ ਨੂੰ ਪਛਾਣ ਲਿਆ ਤੇ ਉਸ ਦੇ ਅੰਦਰ ਬਚ ਜਾਣ ਦੀ ਆਸ ਪੈਦਾ ਹੋ ਗਈ। ਇਸ ਵਾਸਤੇ, ਉਸ ਨੇ ਬਿਨਾਂ ਕਿਸੇ ਢਿੱਲ ਦੇ ਕੀਮਤੀ ਪੱਥਰ ਹੇਠਾਂ ਸੁਟਣੇ ਸ਼ੁਰੂ ਕਰ ਦਿੱਤੇ।

ਜਦੋਂ ਸਾਰੇ ਊਠ ਲੱਦੇ ਗਏ ਤਾਂ ਆਜੜੀ ਦਾ ਪੁਤਰ ਮੁਹਰਲੇ ਊਠ ਉਤੇ ਸਵਾਰ ਹੋ ਗਿਆ ਅਤੇ ਵਾਪਸੀ ਦੇ ਸਫ਼ਰ 'ਤੇ ਚੱਲ ਪਿਆ।

"ਓਇ ਮੁੰਡਿਆ, ਤੂੰ ਵਾਅਦਾ ਕੀਤਾ ਸੀ, ਪਹਾੜ ਤੋਂ ਉਤਰਨ ਦਾ ਰਾਹ ਦੱਸੇਂਗਾ!" ਬਾਈ ਦੀਆਂ ਘੱਗੀਆਂ ਫੁੱਲ ਗਈਆਂ।

"ਓ-ਹੋ, ਮੈਨੂੰ ਤਾਂ ਸੱਚ ਚੇਤਾ ਹੀ ਭੁੱਲ ਗਿਆ," ਆਜੜੀ ਦੇ ਪੁਤਰ ਨੇ ਜਵਾਬ ਦਿੱਤਾ। "ਪਰ ਵੇਖੇਂ ਨਾ, ਮੈਂ ਇਸ ਤਰ੍ਹਾਂ ਐਵੇਂ ਹੀ ਨਹੀਂ ਕਰ ਸਕਦਾ।"

"ਤੂੰ ਜਿੰਨੇ ਪੈਸੇ ਮੰਗੇਂ ਦੇ ਦਿਆਂਗਾ," ਬਾਈ ਨੇ ਫੱਟ ਜਵਾਬ ਦਿੱਤਾ, "ਪਰ ਮੇਰੀ ਜਾਨ ਬਚਾ ਲੈ।"

"ਤੂੰ ਲਿਖ ਕੇ ਦੇ ਕਿ ਆਪਣੀ ਸਾਰੀ ਦੌਲਤ ਮੈਨੂੰ ਦੇ ਦਏਂਗਾ।"

ਬਾਈ ਨੇ ਇਕ ਪੱਤਰ ਲਿਖਿਆ, ਉਸ ਉਤੇ ਆਪਣੀ ਮੋਹਰ ਲਾਈ ਜਿਹੜੀ ਹਰ ਵੇਲੇ ਉਸ ਕੋਲ ਹੁੰਦੀ ਸੀ ਅਤੇ ਹੇਠਾਂ ਸੁੱਟ ਦਿੱਤਾ। ਆਜੜੀ ਦੇ ਪੁਤਰ ਨੇ ਪੱਤਰ ਵੇਖਿਆ ਕਿ ਕੀ ਸਭ ਕੁਝ ਸਹੀ ਸਹੀ ਲਿਖਿਆ ਹੋਇਆ ਸੀ ਅਤੇ ਉਸ ਨੂੰ ਬਗਲ ਵਿਚ ਲੁਕਾ ਕੇ ਆਖਿਆ:

"ਤੇ ਹੁਣ, ਅਲਵਿਦਾ, ਬਾਈ-ਆਗਾ: ਤੂੰ ਆਪ ਹੀ ਟੋਇਆ ਪੁਟਿਆ ਸੀ, ਆਪ ਹੀ ਇਸ ਵਿਚ ਡਿਗਾ ਤੇ ਆਪ ਹੀ ਇਸ ਵਿਚੋਂ ਨਿਕਲ।"

ਜਦੋਂ ਆਜੜੀ ਦਾ ਪੁਤਰ ਆਪਣੇ ਪਿੰਡ ਪਰਤਿਆ ਤਾਂ ਬਾਈ ਦਾ ਲਿਖਿਆ ਹੋਇਆ ਪੱਤਰ ਵਿਖਾ ਕੇ ਉਸ ਦੀ ਸਾਰੀ ਦੌਲਤ ਦਾ ਮਾਲਕ ਬਣ ਗਿਆ। ਉਹ ਬੜਾ ਹੀ ਮਿਹਰਬਾਨ ਮਾਲਕ ਨਿਕਲਿਆ।



ਬਜ਼ੁਰਗ ਪਿਤਾ ਦੀਆਂ ਮੱਤਾਂ



ਪੁਰਾਣੇ ਵੇਲਿਆਂ ਦੀ ਗੱਲ ਹੈ ਕਿ ਇਕ ਬਾਦਸ਼ਾਹ ਰਹਿੰਦਾ ਸੀ। ਉਹ ਸਾਰੀ ਦੁਨੀਆ ਵਿਚ ਆਪਣੀ ਕਠੋਰਤਾ ਕਾਰਨ ਜਾਣਿਆ ਜਾਂਦਾ ਸੀ। ਉਹ ਸਾਰੇ ਬੁੱਢਿਆਂ ਤੇ ਬੁਢੜੀਆਂ ਨੂੰ ਸਟੈਪੀ ਵਿਚ ਕੱਢ ਦਿੰਦਾ ਸੀ ਜਿਥੇ ਉਹ ਮਰ ਖਪ ਜਾਂਦੇ ਸਨ। ਉਸ ਸਮੇਂ ਤੋਂ ਇਸ ਥਾਂ ਨੂੰ ਮੌਤ ਦੀ ਵਾਦੀ ਆਖਿਆ ਜਾਣ ਲੱਗ ਪਿਆ।

ਬਾਦਸ਼ਾਹ ਦੇ ਇਕ ਨੌਕਰ ਦਾ ਪਿਤਾ ਬਿਰਧ ਹੋ ਗਿਆ। ਆਪਣੇ ਬਾਦਸ਼ਾਹ ਦੇ ਸਖ਼ਤ ਹੁਕਮ ਨੂੰ ਧਿਆਨ ਵਿਚ ਰਖਦਿਆਂ ਉਸ ਨੇ ਆਪਣੇ ਪਿਤਾ ਨੂੰ ਕੰਧਾੜੇ ਚੁੱਕਿਆ ਤੇ ਮੌਤ ਦੀ ਵਾਦੀ ਵੱਲ ਲੈ ਤੁਰਿਆ। ਉਹ ਤੁਰਦਾ ਗਿਆ, ਤੁਰਦਾ ਗਿਆ ਤੇ ਏਨਾ ਥੱਕ ਗਿਆ ਕਿ ਉਸ ਨੂੰ ਸਾਹ ਲੈਣ ਵਾਸਤੇ ਰੁਕਣਾ ਪਿਆ। ਉਹ ਇਕ ਧੋੜ੍ਹੇ ਉਤੇ ਬੈਠ ਗਿਆ। ਸੁੰਨ ਹੋ ਚੁਕੇ ਆਪਣੇ ਮੋਢਿਆਂ ਨੂੰ ਹਿਲਾਉਂਦਿਆਂ ਉਸ ਦੇ ਕੰਨੀਂ ਉਹਦੇ ਪਿਤਾ ਦੇ ਹੱਸਣ ਦੀ ਆਵਾਜ਼ ਪਈ। ਪੁਤਰ ਨੂੰ ਬੜੀ ਹੈਰਾਨੀ ਹੋਈ।

"ਅੱਬਾ! ਮੈਂ ਤੈਨੂੰ ਮੌਤ ਦੀ ਵਾਦੀ ਲਿਜਾ ਰਿਹਾ ਹਾਂ ਤੇ ਤੂੰ ਹੱਸ ਰਿਹਾ ਏਂ। ਇਹ ਕੀ ਹੋਇਆ?"

"ਪੁਤਰਾ, ਮੈਂ ਵੀ ਕਿਸੇ ਵੇਲੇ ਆਪਣੇ ਪਿਓ ਨੂੰ ਮੌਤ ਦੀ ਵਾਦੀ ਵੱਲ ਲੈ ਕੇ ਜਾ ਰਿਹਾ ਸਾਂ ਕਿ ਇਸੇ ਥਾਂ 'ਤੇ ਸਾਹ ਲੈਣ ਲਈ ਬੈਠਾ ਸਾਂ। ਸਿਆਣਿਆਂ ਦਾ ਕਹਿਣੈ: 'ਕਿਸੇ ਨੂੰ ਬਿਪਤਾ ਵਿਚ ਪਏ ਨੂੰ ਵੇਖ ਕੇ ਕੱਛਾਂ ਨਾ ਵਜਾਓ, ਤੁਸੀਂ ਵੀ ਇਸ ਬਿਪਤਾ ਵਿਚ ਫਸ ਸਕਦੇ ਹੋ।' ਤੂੰ ਵੇਖਦਾ ਹੀ ਏਂ, ਮੇਰਾ ਵੀ ਉਹੋ ਹਸ਼ਰ ਹੋਇਐ। ਇਸੇ ਕਰਕੇ ਹੀ ਤਾਂ ਮੈਂ ਹੱਸੀ ਜਾ ਰਿਹਾਂ।"

"ਇਸ ਦਾ ਮਤਲਬ ਇਹ ਹੋਇਆ, ਅੱਬਾ," ਪੁਤਰ ਨੇ ਚਿੰਤਾਵਾਨ ਹੁੰਦਿਆਂ ਆਖਿਆ, "ਕਿ ਬੁੱਢੇਵਾਰੇ ਮੈਨੂੰ ਵੀ ਮੌਤ ਦੀ ਵਾਦੀ ਵਿਚ ਲਿਆਂਦਾ ਜਾਵੇਗਾ?"

"ਤੇ ਤੂੰ ਕੀ ਸਮਝਦੈਂ, ਪੁਤਰਾ! ਤੂੰ ਬੁੱਢਾ ਹੋਇਆ ਨਹੀਂ ਕਿ ਤੇਰੇ ਪੁੱਤ ਨੇ ਤੈਨੂੰ ਕੰਧਾੜੇ ਚੁਕ ਕੇ ਇਧਰ ਲਿਆਂਦਾ ਨਹੀਂ। ਤੇ ਉਹ ਵੀ ਇਸੇ ਧੋੜ੍ਹੇ ਉਤੇ ਬੈਠ ਕੇ ਸਾਹ ਲਵੇਗਾ।"

"ਓ ਅੱਬਾ-ਜਾਨ, ਤਾਂ ਫਿਰ ਮੈਂ ਤੈਨੂੰ ਅੱਗੇ ਲੈ ਕੇ ਨਹੀਂ ਜਾਂਦਾ। ਚੰਗਾ ਹੀ ਹੋਵੇ ਜੇ ਘਰ ਮੁੜ ਚੱਲੀਏ..."

ਬਾਦਸ਼ਾਹ ਕੋਲੋਂ ਡਰਦਿਆਂ ਪੁਤਰ ਨੇ ਆਪਣੇ ਪਿਓ ਨੂੰ ਸੰਦੂਕ ਵਿਚ ਬੰਦ ਕਰ ਲਿਆ, ਉਸ ਨੂੰ ਤਾਲਾ ਲਾ ਦਿੱਤਾ ਅਤੇ ਇਸ ਬਾਰੇ ਕਿਸੇ ਨੂੰ ਨਾ ਦੱਸਿਆ। ਜਦੋਂ ਕੋਈ ਵੀ ਬੰਦਾ ਲਾਗੇ ਨਾ ਹੁੰਦਾ ਤਾਂ ਉਹ ਸੰਦੂਕ ਖੋਲ੍ਹ ਕੇ ਆਪਣੇ ਪਿਤਾ ਨੂੰ ਖਾਣਾ ਖੁਵਾਉਂਦਾ, ਪਾਣੀ ਪਿਲਾਉਂਦਾ ਤੇ ਹਰ ਤਰੀਕੇ ਨਾਲ ਉਸ ਦਾ ਜੀਅ ਪਰਚਾਉਂਦਾ। ਪਰ ਜਦੋਂ ਵੀ ਕੋਈ ਓਪਰਾ ਬੰਦਾ ਨੇੜੇ ਆਉਂਦਾ ਉਹ ਉਸ ਨੂੰ ਫਿਰ ਲੁਕਾ ਦਿੰਦਾ।

ਇਕ ਵਾਰੀ ਬਾਦਸ਼ਾਹ ਨੇ ਆਪਣੇ ਨਜ਼ਦੀਕੀ ਲੋਕਾਂ ਨੂੰ ਆਪਣੇ ਕੋਲ ਸੱਦਿਆ ਤੇ ਐਲਾਨ ਕੀਤਾ:

"ਛੇਤੀ ਹੀ ਅਸੀਂ ਅਵਿਜ਼ੇਮਜ਼ੇਮ ਚਸ਼ਮੇ ਵੱਲ ਪ੍ਰਾਣਧਾਰੀ ਜਲ ਪੀਣ ਵਾਸਤੇ ਜਾਵਾਂਗੇ। ਸਾਰੇ ਹੀ ਤਿਆਰ ਰਹਿਣ।"

ਜਦੋਂ ਨੌਕਰ ਘਰ ਆਇਆ ਤਾਂ ਆਪਣੇ ਪਿਤਾ ਨੂੰ ਸੰਦੂਕ ਵਿਚੋਂ ਕੱਢ ਦਿੱਤਾ ਅਤੇ ਉਹ ਖ਼ਬਰ ਉਸ ਨੂੰ ਸੁਣਾ ਦਿੱਤੀ ਜਿਹੜੀ ਉਸ ਨੇ ਬਾਦਸ਼ਾਹ ਕੋਲੋਂ ਸੁਣੀ ਸੀ।

"ਸੁਣ ਪੁਤਰਾ," ਪਿਤਾ ਨੇ ਆਖਿਆ, "ਚਸ਼ਮਾ ਅਵਿਜ਼ੇਮਜ਼ੇਮ ਲੱਭਣਾ ਏਨਾ ਸੌਖਾ ਨਹੀਂ। ਪਰ ਜੇ ਤੂੰ ਮੇਰੀ ਗੱਲ ਨੂੰ ਪੱਲੇ ਬੰਨ੍ਹ ਲਵੇਂ ਤਾਂ ਮੈਂ ਤੈਨੂੰ ਕੋਈ ਕੰਮ ਦੀ ਗੱਲ ਸਿਖਾ ਸਕਦਾਂ।"

"ਅੱਬਾ, ਮੈਂ ਤੈਨੂੰ ਆਪਣੇ ਨਾਲ ਲੈ ਚਲਦਾਂ। ਉਥੇ ਸਾਨੂੰ ਮੌਜਾਂ ਰਹਿਣਗੀਆਂ।"

"ਚੰਗਾ," ਪਿਤਾ ਸਹਿਮਤ ਹੋ ਗਿਆ। "ਇਸ ਤੋਂ ਇਲਾਵਾ ਤੂੰ ਇਕ ਮੱਛੀ, ਇਕ ਬਲਦ ਤੇ ਖਰਬੂਜ਼ਿਆਂ ਦੇ ਬੀਜ ਵੀ ਆਪਣੇ ਨਾਲ ਲੈ ਚੱਲ।"

ਬਾਦਸ਼ਾਹ ਦੇ ਨੌਕਰ ਨੇ ਊਠ ਉਤੇ ਸੰਦੂਕ ਲੱਦ ਦਿੱਤਾ ਜਿਸ ਵਿਚ ਉਸ ਦਾ ਪਿਤਾ ਸੀ ਅਤੇ ਬਾਦਸ਼ਾਹ ਦੇ ਅਹਿਲਕਾਰਾਂ ਵਾਲੀ ਥਾਂ ਜਾ ਮੱਲੀ। ਉਸੇ ਵੇਲੇ ਕਾਫ਼ਲਾ ਤੁਰ ਪਿਆ।

ਪਤਾ ਨਹੀਂ, ਉਹ ਥੋੜ੍ਹਾ ਜਾਂ ਬਹੁਤਾ ਚਿਰ ਤੁਰਦੇ ਗਏ ਤੇ ਨੌਕਰ ਦਾ ਪਿਤਾ ਆਖਦਾ ਹੈ:

"ਪੁਤਰਾ, ਛੇਤੀ ਹੀ ਰੇਗਿਸਤਾਨ ਆਉਣ ਵਾਲਾ ਹੈ ਜਿਥੇ ਪਾਣੀ ਦੀ ਇਕ ਵੀ ਬੂੰਦ ਨਹੀਂ। ਜਦੋਂ ਤੁਹਾਡੇ ਕੋਲੋਂ ਪਾਣੀ ਮੁਕ ਜਾਵੇ ਤਾਂ ਤੂੰ ਬਲਦ ਨੂੰ ਖੁਲ੍ਹਾ ਛੱਡ ਦਈਂ ਤੇ ਜਿਧਰ ਉਹ ਜਾਵੇ ਉਹਦੇ ਮਗਰ ਮਗਰ ਤੁਰਿਆ ਜਾਵੀਂ। ਜਿਥੇ ਰੁਕ ਕੇ ਉਹ ਜ਼ਮੀਨ ਨੂੰ ਢੁੱਡਾਂ ਮਾਰਨ ਲੱਗੇ ਉਥੇ ਖੂਹ ਪੁੱਟ ਕੇ ਪਾਣੀ ਕੱਢ ਲੈਣਾ। ਤੁਸੀਂ ਸਾਰੇ ਹੀ ਰੱਜ ਕੇ ਪਾਣੀ ਪੀ ਲਓਗੇ ਤੇ ਤ੍ਰੇਹ ਮਿਟਾ ਸਕੋਗੇ।"

ਜਦੋਂ ਬਾਦਸ਼ਾਹ ਨੇ ਕਾਫ਼ਲੇ ਦਾ ਮੁਆਇਨਾ ਕੀਤਾ ਤਾਂ ਉਸ ਨੇ ਵੇਖਿਆ ਕਿ ਉਸ ਦਾ ਇਕ ਨੌਕਰ ਬਲਦ ਨੂੰ ਨੱਥੋਂ ਫੜ ਕੇ ਤੁਰਿਆ ਜਾ ਰਿਹਾ ਸੀ। ਉਸ ਨੂੰ ਇਸ ਗੱਲ ਉਤੇ ਬੜੀ ਹੈਰਾਨੀ ਹੋਈ ਤੇ ਪੁੱਛ ਲਿਆ:

"ਤੈਨੂੰ ਬਲਦ ਦੀ ਕੀ ਲੋੜ ਪੈ ਗਈ?"

"ਹੇ ਜਹਾਂ-ਪਨਾਹ," ਨੌਕਰ ਨੇ ਆਖਿਆ, "ਸਾਡਾ ਸਫ਼ਰ ਬੜਾ ਲੰਮਾ ਏ। ਜੇ ਰਾਹ ਵਿਚ ਹੀ ਖਾਣ ਦਾ ਸਾਮਾਨ ਮੁੱਕ ਗਿਆ ਤਾਂ ਇਹ ਕੰਮ ਆ ਸਕਦੈ।"

ਬਾਦਸ਼ਾਹ ਨੇ ਘੋੜੇ ਨੂੰ ਅੱਡੀ ਲਾਈ ਤੇ ਅੱਗੇ ਨਿਕਲ ਗਿਆ।

ਕੋਈ ਨਹੀਂ ਜਾਣਦਾ ਕਿ ਉਹ ਕਿੰਨੀ ਦੇਰ ਤਕ ਚਲਦੇ ਰਹੇ, ਪਰ ਅੰਤ ਵਿਚ ਉਹ ਰੇਗਿਸਤਾਨ ਦੀ ਹੱਦ ਤਕ ਪੁੱਜ ਗਏ। ਅਸਹਿ ਗਰਮੀ, ਮੁਸ਼ਕਲ ਰਸਤੇ ਤੇ ਪਾਣੀ ਦੀ ਅਣਹੋਂਦ ਕਾਰਨ ਲੋਕ ਬੇਹਦ ਥੱਕ ਗਏ ਸਨ। ਪਿਆਸ ਨਾਲ ਉਹਨਾਂ ਦੀ ਜਾਨ ਨਿਕਲਦੀ ਜਾ ਰਹੀ ਸੀ। ਤਦ ਨੌਕਰ ਨੇ ਆਪਣਾ ਬਲਦ ਖੁਲ੍ਹਾ ਛੱਡ ਦਿੱਤਾ ਅਤੇ ਲੋਕਾਂ ਨੂੰ ਲੈ ਕੇ ਉਸ ਦੇ ਮਗਰ ਮਗਰ ਤੁਰ ਪਿਆ। ਬਲਦ ਤੁਰਦਾ ਗਿਆ, ਤੁਰਦਾ ਗਿਆ ਤੇ ਫਿਰ ਅਚਾਨਕ ਰੁਕ ਗਿਆ। ਉਸ ਨੇ ਧਰਤੀ ਨੂੰ ਸੁੰਘਿਆ ਤੇ ਇਸ ਨੂੰ ਢੁੱਡਾਂ ਮਾਰਨ ਲੱਗ ਪਿਆ। ਜਿਸ ਕਿਸੇ ਵਿਚ ਵੀ ਅਜੇ ਥੋੜ੍ਹੀ ਬਹੁਤੀ ਸਤਿਆ ਬਾਕੀ ਰਹਿ ਗਈ ਸੀ, ਉਸ ਉਸ ਨੇ ਬੇਲਚੇ ਫੜੇ ਤੇ ਖੂਹ ਪੁੱਟਣ ਲੱਗ ਪਏ। ਅਜੇ ਉਹਨਾਂ ਨੇ ਛੋਟਾ ਜਿਹਾ ਟੋਇਆ ਹੀ ਪੁਟਿਆ ਸੀ ਕਿ ਧਰਤੀ ਹੇਠੋਂ ਪਾਣੀ ਦਾ ਇਕ ਸੋਮਾ ਫੁੱਟ ਪਿਆ।

ਇਸ ਕਰਾਮਾਤੀ ਘਟਨਾ ਉਤੇ ਬਾਦਸ਼ਾਹ ਨੂੰ ਬੜੀ ਹੈਰਾਨੀ ਹੋਈ।

ਯਾਤਰੀਆਂ ਨੇ ਰੱਜ ਕੇ ਪਾਣੀ ਪੀਤਾ, ਆਰਾਮ ਕੀਤਾ, ਆਪਣੇ ਨਾਲ ਲਿਜਾਣ ਲਈ ਪਾਣੀ ਭਰ ਲਿਆ ਤੇ ਅੱਗੇ ਚੱਲ ਪਏ। ਤਦ ਪਿਤਾ ਨੇ ਆਪਣੇ ਪੁਤਰ ਨੂੰ ਆਖਿਆ:

"ਪੁਤਰਾ, ਉਸ ਪਾਣੀ ਵਿਚ ਸਾਰੇ ਬੀਜ ਪਾ ਦੇ, ਜਿਹੜੇ ਤੇਰੇ ਕੋਲ ਏ। ਜਦੋਂ ਤਕ ਅਸੀਂ ਵਾਪਸ ਆਵਾਂਗੇ ਇਥੇ ਵੱਡੇ ਵੱਡੇ ਤੇ ਮਿੱਠੇ ਮਿੱਠੇ ਖਰਬੂਜ਼ਿਆਂ ਦੀ ਫਸਲ ਉੱਗ ਆਵੇਗੀ।

ਪੁਤਰ ਨੇ ਉਵੇਂ ਹੀ ਕੀਤਾ ਜਿਵੇਂ ਉਸ ਦੇ ਪਿਤਾ ਨੇ ਆਖਿਆ ਸੀ। ਫਿਰ ਉਹ ਕਾਫ਼ਲੇ ਨਾਲ ਜਾ ਮਿਲਣ ਲਈ ਦੌੜ ਪਿਆ। ਬਾਦਸ਼ਾਹ ਨੇ ਫਿਰ ਆਪਣੇ ਨੌਕਰ ਦੇ ਅਜੀਬ ਰਵੱਈਏ ਵੱਲ ਧਿਆਨ ਦਿੱਤਾ ਤੇ ਬੜਾ ਹੈਰਾਨ ਹੋਇਆ।

ਕੋਈ ਨਹੀਂ ਜਾਣਦਾ ਕਿ ਉਹ ਕਿੰਨਾ ਚਿਰ ਚੱਲਦੇ ਗਏ, ਪਰ ਅਖ਼ੀਰ ਵਿਚ ਪਿਤਾ ਆਪਣੇ ਪੁਤਰ, ਬਾਦਸ਼ਾਹ ਦੇ ਨੌਕਰ ਨੂੰ ਕਹਿੰਦਾ ਹੈ:

"ਪੁਤਰਾ, ਤੈਨੂੰ ਕਿਤੇ ਚੇਤਾ ਤਾਂ ਨਹੀਂ ਭੁਲ ਗਿਆ ਕਿ ਤੂੰ ਆਪਣੇ ਨਾਲ ਇਕ ਮੱਛੀ ਵੀ ਲਿਆਂਦੀ ਸੀ?"

"ਨਹੀਂ ਅੱਬਾ, ਮੈਂ ਤੁਹਾਡਾ ਆਖਿਆ ਕਿਵੇਂ ਮੋੜ ਸਕਦਾ ਸਾਂ। ਮੱਛੀ ਮੈਂ ਲੈ ਲਈ ਸੀ।"

"ਚੰਗਾ ਫਿਰ, ਸੁਣ ਮੇਰੀ ਗੱਲ: ਛੇਤੀ ਹੀ ਅਸੀਂ ਉਸ ਥਾਂ 'ਤੇ ਪੁੱਜ ਜਾਵਾਂਗੇ ਜਿਥੇ ਚਾਲੀ ਚਸ਼ਮੇ ਵਹਿੰਦੇ ਨੇ। ਉਹਨਾਂ ਵਿਚੋਂ ਇਕ—ਅਵਿਜ਼ੇਮਜ਼ੇਮ ਚਸ਼ਮਾ ਏ। ਜਦ ਤਕ ਦੂਸਰੇ ਲੋਕ ਇਸ ਚਸ਼ਮੇ ਨੂੰ ਲੱਭਦੇ ਫਿਰਨਗੇ ਤੂੰ ਮੱਛੀ ਨੂੰ ਕੱਢੀਂ ਤੇ ਇਸ ਨੂੰ ਹਰੇਕ ਚਸ਼ਮੇ ਦੇ ਪਾਣੀ ਵਿਚ ਪਾ ਕੇ ਵੇਖੀਂ। ਜਦੋਂ ਇਹ ਅਵਿਜ਼ੇਮਜ਼ੇਮ ਚਸ਼ਮੇ ਦੇ ਪਾਣੀ ਨੂੰ ਛੂਹੇਗੀ ਤਾਂ ਉਸੇ ਵੇਲੇ ਮੁੜ ਜਿਊ ਪਵੇਗੀ ਤੇ ਤੇਰੇ ਹੱਥਾਂ ਵਿਚੋਂ ਤਿਲਕ ਕੇ ਤਰਨ ਲੱਗ ਪਵੇਗੀ। ਤਦ ਤੂੰ ਬਿਨਾਂ ਕਿਸੇ ਢਿਲ ਦੇ ਲੰਮਾ ਪੈ ਕੇ ਉਸ ਚਸ਼ਮੇ ਦਾ ਪਾਣੀ ਪੀ ਲਵੀਂ ਤੇ ਮਗਰੋਂ ਆਪਣਾ ਮਟਕਾ ਭਰ ਲਵੀਂ।"

ਜਦੋਂ ਰਾਹ ਵਿਚ ਚਾਲੀ ਚਸ਼ਮੇ ਆਏ ਤਾਂ ਬਾਦਸ਼ਾਹ ਦਾ ਨੌਕਰ ਆਪਣੇ ਘੋੜੇ ਤੋਂ ਉਤਰਿਆ ਅਤੇ, ਜਿਵੇਂ ਉਸ ਦੇ ਪਿਤਾ ਨੇ ਮੱਤ ਦਿੱਤੀ ਸੀ, ਮੱਛੀ ਨੂੰ ਇਕ ਮਗਰੋਂ ਦੂਜੇ ਚਸ਼ਮੇ ਦੇ ਪਾਣੀ ਵਿਚ ਪਾ ਕੇ ਵੇਖਣ ਲੱਗਾ। ਅਚਾਨਕ ਇਕ ਚਸ਼ਮੇ ਦੇ ਪਾਣੀ ਵਿਚ ਮੱਛੀ ਨੌਕਰ ਦੇ ਹੱਥ ਵਿਚੋਂ ਤਿਲਕ ਗਈ ਤੇ ਤਰਨ ਲੱਗ ਪਈ। ਉਸ ਨੇ ਚਸ਼ਮੇ ਦੀ ਧਾਰ ਨਾਲ ਮੂੰਹ ਲਾਇਆ ਤੇ ਹਾਬੜਿਆਂ ਵਾਂਗ ਪਾਂਣੀ ਪੀਣ ਲੱਗ ਪਿਆ। ਜਦੋਂ ਉਸ ਦੀ ਪਿਆਸ ਮਿਟ ਗਈ ਤਾਂ ਉਸ ਨੇ ਆਪਣੇ ਨਾਲ ਲਿਆਂਦਾ ਮਟਕਾ ਪਾਣੀ ਨਾਲ ਭਰ ਲਿਆ।

ਬਾਦਸ਼ਾਹ ਨੇ ਇਸ ਗੱਲ ਵੱਲ ਵੀ ਧਿਆਨ ਦਿੱਤਾ।

ਯਾਤਰੀ ਆਰਾਮ ਕਰਨ ਮਗਰੋਂ ਵਾਪਸ ਆਪਣੇ ਸਫ਼ਰ 'ਤੇ ਚਾਲੇ ਪੈ ਗਏ। ਜਦੋਂ ਉਹ ਉਸ ਥਾਂ ਉਤੇ ਆਏ ਜਿਥੇ ਨੌਕਰ ਨੇ ਬਲਦ ਦੀ ਸਹਾਇਤਾ ਨਾਲ ਪਾਣੀ ਦਾ ਚਸ਼ਮਾ ਲਭਿਆ ਸੀ ਤਾਂ ਕੀ ਵੇਖਦੇ ਹਨ ਕਿ ਉਥੇ ਵੇਲਾਂ ਨੂੰ ਵੱਡੇ ਵੱਡੇ, ਹਰੇ ਹਦਵਾਣੇ ਲੱਗੇ ਹੋਏ ਸਨ। ਲੋਕਾਂ ਨੇ ਰੱਜ ਕੇ ਹਦਵਾਣੇ ਖਾਧੇ ਤੇ ਬਾਕੀ ਦੇ ਆਪਣੇ ਨਾਲ ਲੈ ਲਏ।

ਇਹ ਘਟਨਾ ਵੀ ਬਾਦਸ਼ਾਹ ਵੱਲੋਂ ਅਣਗੌਲੀ ਨਾ ਰਹੀ।

ਇੰਜ ਸਾਰੀਆਂ ਰੁਕਾਵਟਾਂ ਪਾਰ ਕਰ ਕੇ ਬਾਦਸ਼ਾਹ ਦਾ ਕਾਫ਼ਲਾ ਸਹੀ ਸਲਾਮਤ ਵਾਪਸ ਮਹਿਲ ਵਿਚ ਆ ਗਿਆ।

ਸਾਰੇ ਸਫ਼ਰ ਦੌਰਾਨ ਨੌਕਰ ਦੇ ਵਤੀਰੇ ਨੇ ਬਾਦਸ਼ਾਹ ਦੇ ਦਿਲ ਅੰਦਰ ਬੜੀ ਉਤਸੁਕਤਾ ਪੈਦਾ ਕੀਤੀ। ਉਸ ਨੇ ਤੁਰਤ ਨੌਕਰ ਨੂੰ ਸੱਦ ਬੁਲਾਇਆ ਤੇ ਆਪਣੀਆਂ ਹਰਕਤਾਂ ਦਾ ਕਾਰਨ ਦੱਸਣ ਲਈ ਆਖਿਆ:

"ਓ ਜਹਾਂ-ਪਨਾਹ, ਮੈਂ ਤੇਰੇ ਸਵਾਲ ਦਾ ਜਵਾਬ ਦਿਆਂਗਾ, ਪਰ ਪਹਿਲਾਂ ਤੂੰ ਇਹ ਵਾਅਦਾ ਕਰ ਕਿ ਮੇਰਾ ਲਹੂ ਨਹੀਂ ਵਹਾਏਂਗਾ," ਨੌਕਰ ਨੇ ਆਖਿਆ।

"ਅਸੀਂ ਵਾਅਦਾ ਕਰਦੇ ਹਾਂ!" ਬਾਦਸ਼ਾਹ ਨੇ ਜਸ਼ਨੀ ਲਹਿਜੇ ਵਿਚ ਕਿਹਾ:


"ਮੇਰਾ ਅੱਬਾ," ਨੌਕਰ ਨੇ ਕਹਿਣਾ ਸ਼ੁਰੂ ਕੀਤਾ, "ਬਿਰਧ ਹੋ ਗਿਐ। ਜਦੋਂ ਮੈਂ ਤੁਹਾਡੇ ਹੁਕਮ ਦੀ ਤਾਮੀਲ ਕਰਦਾ ਹੋਇਆ ਉਸ ਨੂੰ ਮੌਤ ਦੀ ਵਾਦੀ ਵਿਚ ਛੱਡਣ ਲਈ ਜਾ ਰਿਹਾ ਸਾਂ ਤਾਂ ਮੈਂ ਥੱਕ ਗਿਆ ਅਤੇ ਇਕ ਥਾਂ 'ਤੇ ਸਾਹ ਲੈਣ ਲਈ ਬੈਠ ਗਿਆ। ਤਦ ਮੇਰਾ ਅੱਬਾ ਹੱਸਣ ਲੱਗ ਪਿਆ। ਉਸ ਨੇ ਮੈਨੂੰ ਦੱਸਿਆ ਕਿ ਜਦੋਂ ਉਹ ਆਪਣੇ ਅੱਬਾ ਨੂੰ ਲੈ ਕੇ ਜਾ ਰਿਹਾ ਸੀ ਤਾਂ ਉਸ ਨੇ ਵੀ ਉਸੇ ਥਾਂ 'ਤੇ ਬੈਠ ਕੇ ਸਾਹ ਲਿਆ ਸੀ। ਇਹ ਸੁਣ ਕੇ ਮੈਨੂੰ ਆਪਣੇ ਅੱਬਾ ਉਤੇ ਤਰਸ ਆ ਗਿਆ ਤੇ ਮੈਂ ਉਸ ਨੂੰ ਵਾਪਸ ਘਰ ਲੈ ਆਇਆ ਤੇ ਲੁਕਾਈ ਰਖਿਆ। ਜਦੋਂ ਮੈਂ ਉਸ ਨੂੰ ਦੱਸਿਆ ਕਿ ਬਾਦਸ਼ਾਹ ਅਵਿਜ਼ੇਮਜ਼ੇਮ ਚਸ਼ਮਾ ਵੇਖਣਾ ਚਾਹੁੰਦਾ ਏ ਤਾਂ ਉਸ ਨੇ ਮੈਨੂੰ ਸਲਾਹ ਦਿੱਤੀ ਕਿ ਕੀ ਕੁਝ ਨਾਲ ਲੈ ਕੇ ਜਾਣਾ ਚਾਹੀਦੈ ਤੇ ਕੀ ਕਰਨਾ ਚਾਹੀਦੈ। ਇਸੇ ਵਾਸਤੇ, ਜੋ ਕੁਝ ਵੀ ਮੈਂ ਕੀਤਾ ਆਪਣੇ ਅੱਬਾ ਦੀ ਸਲਾਹ ਉਤੇ ਹੀ ਕੀਤਾ ਸੀ। ਜੇ ਉਹ ਇਸ ਤਰ੍ਹਾਂ ਦੀਆਂ ਮੱਤਾਂ ਨਾ ਦਿੰਦਾ ਤਾਂ ਅਸੀਂ ਰੇਗਿਸਤਾਨ ਪਾਰ ਨਹੀਂ ਕਰ ਸਕਣਾ ਸੀ ਤੇ ਸਾਰਿਆਂ ਨੇ ਪਿਆਸ ਨਾਲ ਮਰ ਜਾਣਾ ਸੀ। ਜੇ ਇੰਜ ਵਾਪਰ ਜਾਂਦਾ ਤਾਂ ਅਸੀਂ ਅਵਿਜ਼ੇਮਜ਼ੇਮ ਚਸ਼ਮਾ ਵੀ ਨਹੀਂ ਵੇਖ ਸਕਣਾ ਸੀ।"

ਬਾਦਸ਼ਾਹ ਦੇ ਚਿਹਰੇ ਉਤੇ ਪਹਿਲੀ ਵਾਰੀ ਹੈਰਾਨੀ ਛਾਈ, ਅਤੇ ਉਸ ਨੇ ਉਸੇ ਵੇਲੇ ਇਕ ਫ਼ਰਮਾਨ ਜਾਰੀ ਕੀਤਾ, ਜਿਸ ਵਿਚ ਬਜ਼ੁਰਗ ਲੋਕਾਂ ਨੂੰ ਮੌਤ ਦੀ ਵਾਦੀ ਵਿਚ ਛਡ ਕੇ ਆਉਣ ਦੀ ਸਦਾ ਲਈ ਮਨਾਹੀ ਕਰ ਦਿੱਤੀ ਗਈ।

ਤਦ ਉਸ ਪੁਤਰ ਦੇ ਮਾਣ ਵਿਚ ਚਾਲੀ ਦਿਨ ਤੇ ਚਾਲੀ ਰਾਤਾਂ ਜਸ਼ਨ ਮਨਾਏ ਗਏ ਜਿਸ ਨੇ ਬਾਦਸ਼ਾਹ ਦੇ ਜਲਾਦ ਕੋਲੋਂ ਧੌਣ ਲੁਹਾ ਲੈਣ ਦੇ ਖ਼ਤਰੇ ਦੀ ਕੋਈ ਪਰਵਾਹ ਨਾ ਕਰਦਿਆਂ ਆਪਣੇ ਅੱਬਾ ਦੀ ਜਾਨ ਬਚਾ ਲਈ ਸੀ ਅਤੇ ਉਸ ਦੀ ਸਲਾਹ ਉਤੇ ਅਮਲ ਕਰਦਿਆਂ ਕਈ ਹੋਰ ਲੋਕਾਂ ਦੀਆਂ ਜਾਨਾਂ ਬਚਾ ਲਈਆਂ ਸਨ।



ਇਮਾਨਦਾਰ ਕਿਸਾਨ



ਇਕ ਵਾਰੀ ਦੀ ਗੱਲ ਹੈ ਕਿ ਸਪਾ ਨਾਂ ਦਾ ਇਕ ਕਿਸਾਨ ਰਹਿੰਦਾ ਹੁੰਦਾ ਸੀ। ਉਹ ਬੜਾ ਹੀ ਇਮਾਨਦਾਰ ਤੇ ਮਿਹਨਤੀ ਸੀ। ਉਸ ਨੂੰ ਕਿਸੇ ਨਾਲ ਈਰਖ਼ਾ ਨਹੀਂ ਹੁੰਦੀ ਸੀ। ਉਸ ਦੀ ਫਸਲਬਾੜੀ ਏਨੀ ਚੰਗੀ ਹੁੰਦੀ ਸੀ ਕਿ ਅਨਾਜ ਨਾਲ ਕੋਠੀਆਂ ਭਰ ਜਾਂਦੀਆਂ ਸਨ ਤੇ ਫਿਰ ਵੀ ਦਾਣੇ ਬਚ ਜਾਂਦੇ ਸਨ।

ਇਕ ਦਿਨ ਸਪਾ ਆਪਣੀ ਪੈਲੀ ਸਿੰਜ ਰਿਹਾ ਸੀ ਕਿ ਉਸ ਨੂੰ ਨਹਿਰ ਵਿਚ ਇਕ ਵੱਡਾ ਸਾਰਾ ਲਾਲ ਸੇਬ ਤਰਦਾ ਹੋਇਆ ਵਿਖਾਈ ਦਿੱਤਾ। ਉਸ ਨੇ ਸੇਬ ਫੜਿਆ ਤੇ ਉਸ ਨੂੰ ਚੱਕ ਮਾਰਿਆ।

"ਓ–ਹੋ, ਮੈਂ ਤਾਂ ਇਹ ਬੜਾ ਮਾੜਾ ਕੰਮ ਕੀਤੈ," ਉਸ ਨੇ ਆਪਣੇ ਆਪ ਨੂੰ ਕੋਸਿਆ, "ਮੈਂ ਇਸ ਦੇ ਮਾਲਕ ਕੋਲੋਂ ਪੁਛੇ ਬਗ਼ੈਰ ਹੀ ਸੇਬ ਖਾਣ ਲੱਗ ਪਿਆਂ।"

ਉਹ ਸੋਚ ਸੋਚ ਕੇ ਮਾਲਕ ਨੂੰ ਲੱਭਣ ਵਾਸਤੇ ਨਿਕਲ ਤੁਰਿਆ ਤਾਂ ਜੋ ਉਸ ਕੋਲੋਂ ਆਗਿਆ ਮੰਗੀ ਜਾ ਸਕੇ।

ਕੋਈ ਨਹੀਂ ਜਾਣਦਾ ਕਿ ਉਹ ਕਿੰਨਾ ਚਿਰ ਤੁਰਦਾ ਗਿਆ ਪਰ, ਅਖ਼ੀਰ ਵਿਚ, ਉਹ ਇਕ ਵੱਡੇ ਸਾਰੇ ਬਾਗ਼ ਕੋਲ ਪਹੁੰਚ ਗਿਆ। ਦਰਖ਼ਤਾਂ ਵਿਚਾਲੇ ਉਸ ਨੂੰ ਚਿੱਟੇ ਵਾਲਾਂ ਵਾਲਾ ਇਕ ਮਨੁੱਖ ਦਿਖਾਈ ਦਿੱਤਾ, ਜਿਸ ਦੇ ਹੱਥਾਂ ਵਿਚ ਖੂੰਡੀ ਸੀ। ਸਪਾ ਨੇ ਉਸ ਨਾਲ ਦੁਆ–ਸਲਾਮ ਕੀਤਾ ਅਤੇ ਨਹਿਰ ਵਿਚੋਂ ਮਿਲਿਆ ਸੇਬ ਵਿਖਾ ਕੇ ਕਿਹਾ:

"ਆਗਾ, ਇਹ ਸੇਬ ਕਿਤੇ ਤੁਹਾਡੇ ਬਾਗ਼ ਦਾ ਤਾਂ ਨਹੀਂ?"

"ਨਹੀਂ, ਪੁਤਰਾ," ਫਲ ਵੇਖ ਕੇ ਯਾਸੂਲੀ ਨੇ ਜਵਾਬ ਦਿੱਤਾ। "ਅਹੁ, ਇਸ ਤੋਂ ਅੱਗੇ ਮੇਰੇ ਵੱਡੇ ਭਰਾ ਦਾ ਬਾਗ਼ ਏ। ਤੂੰ ਉਸ ਨੂੰ ਜਾ ਪੁੱਛ, ਸ਼ਾਇਦ ਉਹਦਾ ਹੋਵੇ।"

ਸਪਾ ਅਗਾਂਹ ਤੁਰ ਪਿਆ। ਛੇਤੀ ਹੀ ਉਸ ਨੂੰ ਦੂਜਾ ਬਾਗ਼ ਵਿਖਾਈ ਦਿੱਤਾ। ਉਹ ਪਹਿਲੇ ਬਾਗ਼ ਨਾਲੋਂ ਵੀ ਵੱਡਾ ਸੀ। ਉਸ ਵਿਚ ਇਕ ਆਦਮੀ ਤੁਰਦਾ ਫਿਰਦਾ ਹੋਇਆ ਬੂਟਿਆਂ ਨੂੰ ਪਾਣੀ ਦੇ ਰਿਹਾ ਸੀ ਜਿਸ ਨੂੰ ਅਜੇ ਮਾਮੂਲੀ ਜਿਹੇ ਧੌਲੇ ਆਏ ਹੋਏ ਸਨ।

ਉਸ ਨਾਲ ਦੁਆ–ਸਲਾਮ ਕਰ ਕੇ ਸਪਾ ਨੇ ਪੁੱਛਿਆ:

"ਆਗਾ, ਇਹ ਸੇਬ ਕਿਤੇ ਤੁਹਾਡੇ ਬਾਗ਼ ਦਾ ਤਾਂ ਨਹੀਂ?"

ਬਜ਼ੁਰਗ ਉਸ ਦੇ ਨੇੜੇ ਆਇਆ ਤੇ ਸੇਬ ਵੇਖ ਕੇ ਜਵਾਬ ਦਿੱਤਾ:

"ਨਹੀਂ, ਭਲਿਆ ਲੋਕਾ, ਮੇਰੇ ਬਾਗ਼ ਵਿਚ ਇਹੋ ਜਿਹੇ ਸੇਬ ਨਹੀਂ ਲੱਗਦੇ। ਤੂੰ ਇਸ ਤੋਂ ਅੱਗੇ ਜਾ। ਉਥੇ ਮੇਰੇ ਵੱਡੇ ਭਰਾ ਦਾ ਬਾਗ਼ ਏ। ਹੋ ਸਕਦੈ, ਉਹਦੇ ਬਾਗ਼ ਵਿਚ ਇਸ ਤਰ੍ਹਾਂ ਦੇ ਸੇਬ ਲੱਗਦੇ ਹੋਣ।"

ਸਪਾ ਫਿਰ ਵਹਾਅ ਦੇ ਉਲਟ ਤੁਰਦਾ ਗਿਆ। ਉਸ ਨੂੰ ਪਹਿਲਿਆਂ ਨਾਲੋਂ ਵੀ ਵੱਡਾ ਬਾਗ਼ ਵਿਖਾਈ ਦਿੱਤਾ। ਉਥੇ ਉਸ ਨੂੰ ਅਧਖੜ ਉਮਰ ਦਾ ਇਕ ਆਦਮੀ ਵਿਖਾਈ ਦਿੱਤਾ। ਉਹ ਸੇਬਾਂ ਨੂੰ ਗੋਡਦਾ ਹੋਇਆ ਕੁਝ ਗੁਣ-ਗੁਣਾ ਰਿਹਾ ਸੀ।

ਸਪਾ ਨੇ ਉਸ ਨਾਲ ਵੀ ਦਵਾ-ਸਲਾਮ ਕੀਤਾ ਤੇ ਸੇਬ ਵਿਖਾ ਕੇ ਪੁੱਛਿਆ:

"ਆਗਾ, ਇਹ ਸੇਬ ਕਿਤੇ ਤੁਹਾਡੇ ਬਾਗ਼ ਦਾ ਤਾਂ ਨਹੀਂ?"

"ਹਾਂ, ਮੇਰੇ ਬਾਗ਼ ਦਾ ਏ," ਉਸ ਨੇ ਫਲ ਨੂੰ ਚੰਗੀ ਤਰ੍ਹਾਂ ਵੇਖ ਕੇ ਜਵਾਬ ਦਿੱਤਾ।

"ਤੁਹਾਡੇ?" ਸਪਾ ਨੇ ਇਕ ਵਾਰੀ ਫਿਰ ਪੁੱਛਿਆ ਤੇ ਦੱਸਣ ਲੱਗ ਪਿਆ: "ਮੈਨੂੰ ਇਹ ਸੇਬ ਨਹਿਰ ਵਿਚੋਂ ਮਿਲਿਐ। ਇਸ ਨੂੰ ਫੜ ਕੇ ਮੈਂ ਚੱਕ ਮਾਰ ਬੈਠਾ... ਪਰ ਵੇਖੋ ਨਾ, ਇਹ ਸੇਬ ਮੇਰਾ ਨਹੀਂ, ਤੁਹਾਡਾ ਏ... ਆਗਾ, ਅਣਜਾਣੇ ਵਿਚ ਹੋਈ ਇਸ ਗ਼ਲਤੀ ਲਈ ਮੈਨੂੰ ਮਾਫ਼ ਕਰ ਦੇਵੋ, ਖ਼ੁਦਾ ਦੇ ਵਾਸਤੇ। ਇਸ ਸੇਬ ਦੇ ਬਦਲੇ ਮੈਂ ਤੁਹਾਨੂੰ, ਜੋ ਚਾਹੋ, ਦੇ ਸਕਦਾ ਹਾਂ।"

"ਨਹੀਂ, ਨਹੀਂ," ਬਾਗ਼ਬਾਨ ਨੇ ਜਵਾਬ ਦਿੱਤਾ, "ਮੈਂ ਤੇਰੇ ਕੋਲੋਂ ਕੁਝ ਵੀ ਨਹੀਂ ਲਵਾਂਗਾ।"

"ਆਗਾ-ਜਾਨ," ਸਪਾ ਤਰਲੇ ਲੈਣ ਲੱਗਾ, "ਇਸ ਦਾ ਮਤਲਬ ਇਹ ਹੋਇਆ ਕਿ ਤੁਸੀਂ ਮੇਰੇ ਨਾਲ ਨਾਰਾਜ਼ ਹੋ ਕਿਉਂਕਿ ਤੁਸੀਂ ਹਰਜ਼ਾਨਾ ਨਹੀਂ ਲੈ ਰਹੇ। ਵੇਖੋ ਨਾ, ਮੈਂ ਵੀ ਤੁਹਾਡੇ ਵਰਗਾ ਹੀ ਕਿਸਾਨ ਹਾਂ। ਸਾਰੀ ਉਮਰ ਆਪਣੇ ਹੱਥਾਂ ਦੀ ਕਮਾਈ ਖਾਂਦਾ ਰਿਹਾਂ ਤੇ ਮੈਨੂੰ ਦੂਜਿਆਂ ਦੀ ਮਿਹਨਤ ਦੀ ਕਦਰ ਏ। ਤੁਸੀਂ ਮੇਰੇ ਕੋਲੋਂ ਜੋ ਵੀ ਚਾਹੋ ਲੈ ਸਕਦੇ ਹੋ, ਭਾਵੇਂ ਪੈਸੇ, ਭਾਵੇਂ ਅਨਾਜ, ਮਤਲਬ ਕਿ ਜੋ ਵੀ ਚਾਹੋ... ਮੈਂ ਸਭ ਕੁਝ ਦੇਣ ਲਈ ਤਿਆਰ ਹਾਂ, ਪਰ ਮੈਨੂੰ ਮਾਫ਼ ਕਰ ਦੇਵੋ।"

ਸਪਾ ਨੇ ਬੜਾ ਕਿਹਾ, ਬੜਾ ਕਿਹਾ ਪਰ ਬਾਗ਼ਬਾਨ ਕਿਵੇਂ ਵੀ ਰਾਜ਼ੀ ਨਹੀਂ ਹੋ ਰਿਹਾ ਸੀ। ਅਖ਼ੀਰ ਵਿਚ ਬਾਗ਼ਬਾਨ ਨੇ ਕਿਹਾ:

"ਤੂੰ ਨੌਜਵਾਨਾ, ਜੇ ਏਨਾ ਹੀ ਜ਼ੋਰ ਪਾਉਂਦੈਂ ਤਾਂ ਮੇਰਾ ਏਨਾ-ਕੁ ਕੰਮ ਕਰ। ਉਸ ਕਿਬੀਤਕਾ ਵਿਚ ਮੇਰੀ ਧੀ ਬੈਠੀ ਹੋਈ। ਉਹ ਅੰਨ੍ਹੀ, ਬੋਲੀ ਤੇ ਗੂੰਗੀ ਏ। ਨਾ ਉਹਦੇ ਹੱਥ ਨੇ, ਨਾ ਪੈਰ। ਤੂੰ ਉਸ ਨਾਲ ਵਿਆਹ ਕਰ ਲੈ।"

"ਚੰਗਾ," ਸਪਾ ਇਕਦਮ ਸਹਿਮਤ ਹੋ ਗਿਆ। "ਮੈਂ ਅਜੇ ਤਕ ਕੁਆਰਾ ਹੀ ਹਾਂ ਤੇ ਤੁਹਾਡੀ ਧੀ ਮੇਰੀ ਵਹੁਟੀ ਬਣੇਗੀ। ਪਰ ਤੁਸੀਂ ਮੇਰੇ ਨਾਲ ਖ਼ਫ਼ਾ ਨਾ ਹੋਣਾ ਕਿਉਂਕਿ ਮੈਂ ਤੁਹਾਡਾ ਸੇਬ ਖ਼ਰਾਬ ਕਰ ਦਿੱਤੈ।"

"ਨਹੀਂ, ਮੈਂ ਖ਼ਫ਼ਾ ਨਹੀਂ ਹੁੰਦਾ," ਬਾਗ਼ਬਾਨ ਨੇ ਆਖਿਆ ਅਤੇ ਉਸ ਨੂੰ ਉਸ ਦੀ ਬਣਨ ਵਾਲੀ ਵਹੁਟੀ ਕੋਲ ਜਾਣ ਦਾ ਰਾਹ ਦੱਸਿਆ।

ਨੌਜਵਾਨ ਕਿਬੀਤਕਾ ਅੰਦਰ ਗਿਆ ਤੇ ਸੁੰਨ ਹੋ ਗਿਆ। ਥੜ੍ਹੇ ਉਤੇ ਅੰਤਾਂ ਦੀ ਸੁਹਣੀ ਇਕ ਕੁੜੀ ਸੁਤੀ ਹੋਈ ਸੀ।

"ਯਾ ਅੱਲਾ!" ਨੌਜਵਾਨ ਇਹ ਅਣਕਿਆਸੀ ਕਰਾਮਤ ਵੇਖ ਕੇ ਚੀਕਿਆ ਤੇ ਸੋਚਣ ਲੱਗਾ: "ਮੈਨੂੰ, ਸ਼ਾਇਦ, ਕਿਬੀਤਕਾ ਦਾ ਭੁਲੇਖਾ ਲੱਗ ਗਿਐ। ਇਹ ਉਸ ਕੁੜੀ ਵਰਗੀ ਬਿਲਕੁਲ ਨਹੀਂ ਜਿਸ ਦਾ ਉਸ ਦੇ ਪਿਤਾ ਨੇ ਜ਼ਿਕਰ ਕੀਤਾ ਸੀ।"

ਉਹ ਤੁਰਤ ਬਾਹਰ ਆ ਗਿਆ ਤੇ ਬਾਗ਼ਬਾਨ ਕੋਲ ਜਾ ਕੇ ਘਬਰਾਇਆ ਹੋਇਆ ਪੁੱਛਣ ਲੱਗਾ:

"ਆਗਾ, ਉਹ ਤਾਂ ਉਸ ਕੁੜੀ ਵਰਗੀ ਨਹੀਂ ਜਿਸ ਦਾ ਤੁਸੀਂ ਜ਼ਿਕਰ ਕੀਤਾ ਸੀ... ਮੈਂ ਸ਼ਾਇਦ, ਗ਼ਲਤੀ ਨਾਲ ਕਿਸੇ ਹੋਰ ਕਿਬੀਤਕਾ ਵਿਚ ਚਲਾ ਗਿਆ ਸਾਂ।"

"ਨਹੀਂ, ਪੁਤਰਾ," ਬਾਗ਼ਬਾਨ ਨੇ ਮੁਸਕ੍ਰਾਉਂਦਿਆਂ ਕਿਹਾ, "ਤੈਨੂੰ ਗ਼ਲਤੀ ਨਹੀਂ ਲੱਗੀ। ਇਹ ਉਹੋ ਕੁੜੀ ਏ।"

"ਤਾਂ ਫਿਰ ਤੁਸੀਂ ਇਹ ਕਿਉਂ ਆਖਿਆ ਸੀ ਕਿ ਉਹ ਅੰਨ੍ਹੀ, ਬੋਲੀ ਤੇ ਗੂੰਗੀ ਏ, ਅਤੇ ਇਹ ਕਿ ਉਹਦੇ ਨਾ ਹੱਥ ਤੇ ਨਾ ਹੀ ਪੈਰ ਨੇ?"


"ਹਾਂ, ਇਹ ਗੱਲ ਇੰਜ ਹੀ ਏ। ਉਹ ਅੰਨ੍ਹੀ ਇਸ ਲਈ ਏ ਕਿ ਉਸ ਨੂੰ ਆਪਣੀਆਂ ਕਿਤਾਬਾਂ ਤੋਂ ਇਲਾਵਾ ਹੋਰ ਕੁਝ ਵੀ ਵਿਖਾਈ ਨਹੀਂ ਦਿੰਦਾ, ਉਹ ਬੋਲੀ ਇਸ ਲਈ ਏ ਕਿ ਉਸ ਨੂੰ ਉਸ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਸੁਣਦਾ ਜੋ ਕੁਝ ਉਹ ਪੜ੍ਹਦੀ ਏ। ਗੂੰਗੀ ਇਸ ਲਈ ਕਿ ਉਹ ਸਿਰਫ਼ ਆਪਣੀਆਂ ਕਿਤਾਬਾਂ ਨਾਲ ਹੀ ਗੱਲਾਂ ਕਰ ਸਕਦੀ ਏ। ਉਹਦੇ ਹੱਥ ਇਸ ਲਈ ਨਹੀਂ ਕਿ ਉਹ ਕਿਤਾਬਾਂ ਤੋਂ ਇਲਾਵਾ ਹੋਰ ਕਿਸੇ ਵੀ ਚੀਜ਼ ਨੂੰ ਹੱਥ ਨਹੀਂ ਲਾਉਂਦੀ, ਪੈਰ ਇਸ ਕਰਕੇ ਨਹੀਂ ਕਿ ਉਹ ਆਪਣੀਆਂ ਕਿਤਾਬਾਂ ਛੱਡ ਕੇ ਕਿਧਰੇ ਵੀ ਨਹੀਂ ਜਾਂਦੀ।"

"ਹੁਣ ਆਈ ਸਮਝ ਸਾਰੀ ਗੱਲ ਦੀ," ਸਪਾ ਨੇ ਆਖਿਆ ਤੇ ਹੌਸਲਾ ਕਰ ਕੇ ਪੁੱਛਿਆ: "ਜਦੋਂ ਮੈਂ ਸੇਬ ਦੇ ਮਾਲਕ ਨੂੰ ਢੂੰਡਦਾ ਹੋਇਆ ਤੁਰਿਆ ਆ ਰਿਹਾ ਸਾਂ ਤਾਂ ਪਹਿਲੇ ਬਾਗ਼ ਵਿਚਲੇ ਚਿੱਟੇ ਵਾਲਾਂ ਵਾਲੇ ਮਾਲਕ ਨੇ ਮੈਨੂੰ ਇਹ ਆਖਿਆ ਸੀ ਕਿ ਅਗਲਾ ਬਾਗ਼ ਉਸ ਦੇ ਵੱਡੇ ਭਰਾ ਦਾ ਏ। ਜਦੋਂ ਮੈਂ ਉਸ ਨੂੰ ਵੇਖਿਆ ਤਾਂ ਉਹ ਵੇਖਣ ਨੂੰ ਪਹਿਲੇ ਨਾਲੋਂ ਛੋਟੀ ਉਮਰ ਦਾ ਲੱਗਦਾ ਸੀ। ਉਸ ਨੂੰ ਧੌਲੇ ਆਉਣੇ ਅਜੇ ਸ਼ੁਰੂ ਹੀ ਹੋਏ ਸਨ। ਉਸ ਨੇ ਵੀ ਮੈਨੂੰ ਆਪਣੇ ਵੱਡੇ ਭਰਾ, ਮਤਲਬ ਕਿ ਤੁਹਾਡੇ ਕੋਲ ਭੇਜਿਆ ਸੀ। ਪਰ ਤੁਸੀਂ ਸਭ ਤੋਂ ਛੋਟੀ ਉਮਰ ਦੇ ਲੱਗਦੇ ਹੋ। ਤੁਹਾਡੀ ਦਾੜ੍ਹੀ ਵਿਚ ਇਕ ਵੀ ਚਿੱਟਾ ਵਾਲ ਨਹੀਂ। ਇਹ ਕਿਵੇਂ ਹੋਇਆ?"

"ਹਾਂ," ਬਾਗ਼ਬਾਨ ਨੇ ਲੰਮਾ ਸਾਹ ਖਿਚਿਆ, "ਇਹ ਸਭ ਬੜਾ ਅਜੀਬ ਲੱਗਦਾ ਏ। ਸਭ ਤੋਂ ਛੋਟੇ ਦੇ ਸਭ ਤੋਂ ਵਧ ਧੌਲੇ ਨੇ। ਕਿਉਂ? ਕਿਉਂਕਿ ਉਸ ਦੀ ਆਪਣੀ ਪਤਨੀ ਨਾਲ ਨਹੀਂ ਬਣਦੀ! ਵਿਚਕਾਰਲਾ ਭਰਾ ਕੁਝ ਠੰਡੇ ਸੁਭਾ ਵਾਲੈ, ਇਸ ਲਈ ਉਹਦੀ ਸਿਹਤ ਚੰਗੇਰੀ ਏ, ਧੌਲੇ ਆਉਣੇ ਅਜੇ ਸ਼ੁਰੂ ਹੀ ਹੋਏ ਨੇ। ਪਰ ਮੇਰੇ ਟੱਬਰ ਦੇ ਜੀਅ ਇਹ ਜਾਣਦੇ ਤਕ ਨਹੀਂ ਕਿ ਝਗੜਾ ਕਿਸ ਬਲਾ ਦਾ ਨਾਂ ਏ। ਸਾਡੇ ਟੱਬਰ ਵਿਚ ਹਰ ਵੇਲੇ ਬਹਾਰ ਵਰਗਾ ਮਾਹੌਲ ਰਹਿੰਦੈ। ਇਸੇ ਕਰਕੇ, ਮੈਂ ਬੁੱਢਾ ਨਹੀਂ ਹੁੰਦਾ, ਸਗੋਂ ਹਰ ਆਏ ਦਿਨ ਨਾਲ ਜਵਾਨ ਹੁੰਦਾ ਜਾਂਦਾ ਜਾਪਦਾ ਹਾਂ।"

ਇਸ ਤਰ੍ਹਾਂ ਦਾ ਜਵਾਬ ਸੁਣ ਕੇ ਸਪਾ ਦੀ ਪੂਰੀ ਤੱਸਲੀ ਹੋ ਗਈ ਸੀ। ਉਸ ਨੇ ਮਾਫ਼ੀ ਦੇਣ ਦੇ ਬਦਲੇ ਮਾਲਕ ਦਾ ਸ਼ੁਕਰੀਆ ਅਦਾ ਕੀਤਾ ਤੇ ਆਪਣੇ ਨਾਲ ਉਸ ਦੀ ਧੀ—ਆਪਣੀ ਲਾੜੀ—ਨੂੰ ਲੈ ਕੇ ਆਪਣੇ ਘਰ ਚਲਾ ਗਿਆ।

ਛੇਤੀ ਹੀ ਉਸ ਨੇ ਵਿਆਹ ਦੇ ਜਸ਼ਨ ਮਨਾਏ ਤੇ ਨੌਜਵਾਨ ਜੋੜੀ ਨੇ ਅਮਨ-ਚੈਨ ਤੇ ਇਤਫ਼ਾਕ ਨਾਲ ਬੜਾ ਹੀ ਸੁਖੀ ਜੀਵਨ ਬੀਤਾਇਆ।



ਸਾਹਤਦੁਰਦੀ

ਜੁਮਾਨਜ਼ਰ–ਆਗਾ ਹਰ ਰੋਜ਼ ਸਕਸਾਊਲ ਦੀ ਲੱਕੜ ਲਿਆ ਕੇ ਬਾਜ਼ਾਰ ਵਿਚ ਵੇਚਿਆ ਕਰਦਾ ਸੀ। ਲੱਕੜ ਵੇਚ ਕੇ ਮਿਲੇ ਪੈਸਿਆਂ ਨਾਲ ਉਹ ਆਟਾ ਖ਼ਰੀਦ ਲਿਆ ਕਰਦਾ ਸੀ ਤੇ ਆਇਗੁਲ–ਐਦਜੇ ਰੋਟੀਆਂ ਪਕਾਇਆ ਕਰਦੀ ਸੀ। ਆਟੇ ਦੀਆਂ ਸਿਰਫ਼ ਤਿੰਨ ਰੋਟੀਆਂ ਹੀ ਬਣਦੀਆਂ ਸਨ: ਇਕ ਖਾਵੰਦ ਲਈ, ਦੂਜੀ ਆਪਣੇ ਪੁਤਰ, ਸਾਹਤਦੁਰਦੀ ਲਈ ਤੇ ਤੀਜੀ, ਸਭ ਤੋਂ ਨਿੱਕੀ, ਆਪਣੇ ਲਈ।

ਸਾਹਤਦੁਰਦੀ ਆਮ ਕਰ ਕੇ ਆਪਣੀ ਰੋਟੀ ਖਾ ਲੈਂਦਾ ਸੀ ਤੇ ਪਾਟਾ ਪੁਰਾਣਾ ਚੋਗਾ ਵਲ੍ਹੇਟ ਕੇ ਅਗਲੀ ਰੋਟੀ ਮਿਲਣ ਦੀ ਆਸ ਨਾਲ ਸੌਂ ਜਾਂਦਾ ਸੀ। ਉਹ ਕਿਤੇ ਵੀ ਨਹੀਂ ਜਾਂਦਾ ਸੀ ਤੇ ਕੋਈ ਵੀ ਕੰਮ ਨਹੀਂ ਕਰਦਾ ਸੀ।

ਜੁਮਾਨਜ਼ਰ–ਆਗਾ ਨੇ ਕਈ ਵਾਰੀ ਕੋਸ਼ਿਸ਼ ਕੀਤੀ ਸੀ ਕਿ ਉਹਦਾ ਮੁੰਡਾ ਵੀ ਟੱਬਰ ਪਾਲਣ ਵਿਚ ਹੱਥ ਵਟਾਵੇ ਪਰ ਉਸ ਦੀਆਂ ਸਾਰੀਆਂ ਕੋਸ਼ਿਸ਼ਾਂ ਅਜਾਈਂ ਗਈਆਂ। ਉਹਨਾਂ ਦੇ ਜੀਵਨ ਦਾ ਚੱਕਰ ਇੰਜ ਹੀ ਚਲਦਾ ਰਿਹਾ।

"ਓ–ਹੋ, ਭਲਾ ਇਸ ਤਰ੍ਹਾਂ ਵੀ ਜ਼ਿੰਦਗੀ ਬਤੀਤ ਕੀਤੀ ਜਾਂਦੀ ਏ?" ਇਕ ਵਾਰੀ ਸਾਹਤਦੁਰਦੀ ਨੇ ਆਪਣੇ ਆਪ ਕੋਲੋਂ ਪੁੱਛਿਆ। "ਮੈਂ ਅੱਬਾ ਦੇ ਸਿਰ ਉਤੇ ਅੱਗੋਂ ਭਾਰ ਨਹੀਂ ਬਣਨਾ ਚਾਹੁੰਦਾ। ਚਲ ਕੇ ਕੋਈ ਕੰਮ ਲਭਦਾ ਹਾਂ।"

"ਅੱਬਾ," ਮੁੰਡੇ ਨੇ ਆਖਿਆ, "ਮੈਨੂੰ ਕਿਧਰੇ ਜਾ ਕੇ ਕੰਮ ਕਰਨ ਦੀ ਇਜਾਜ਼ਤ ਦੇਵੋ।"

ਜੁਮਾਨਜ਼ਰ–ਆਗਾ ਇਸ ਗੱਲ ਦਾ ਆਦੀ ਹੋ ਚੁੱਕਾ ਸੀ ਕਿ ਉਹਦਾ ਮੁੰਡਾ ਵਿਹਲੜ ਹੈ। ਸੋ, ਉਸ ਨੇ ਉਹਦੀ ਇਸ ਗੱਲ ਵੱਲ ਕੋਈ ਧਿਆਨ ਨਾ ਦਿੱਤਾ।

ਸਾਹਤਦੁਰਦੀ ਨੇ ਆਪਣੇ ਅੱਬਾ ਦੇ ਜਵਾਬ ਦੀ ਉਡੀਕ ਕੀਤੇ ਬਿਨਾਂ ਚੋਲਾ ਪਾਇਆ ਤੇ ਕਿਸੇ ਲਾਗਲੇ ਪਿੰਡ ਚਲਾ ਗਿਆ। ਉਹ ਇਧਰ ਉਧਰ ਘੁੰਮਦਾ ਫਿਰਦਾ ਰਿਹਾ ਤੇ ਕੀ ਵੇਖਦਾ ਹੈ ਕਿ ਕੋਈ ਘਰ ਬਣਾਇਆ ਜਾ ਰਿਹਾ ਸੀ। ਘਰ ਦਾ ਮਾਲਕ ਇਸ਼ਾਨ* ਲੱਗਦਾ ਸੀ ਜਿਹੜਾ ਘਰ ਦੇ ਦੁਆਲੇ ਚਕਰ ਲਾਉਂਦਾ ਹੋਇਆ ਕਾਮਿਆਂ ਨੂੰ ਝਿੜਕੀ ਜਾ ਰਿਹਾ ਸੀ ਤੇ ਕੰਮ ਛੇਤੀ ਛੇਤੀ ਕਰਨ ਲਈ ਆਖ ਰਿਹਾ ਸੀ।

"ਇਸ਼ਾਨ–ਆਗਾ," ਸਾਹਤਦੁਰਦੀ ਨੇ ਆਖਿਆ, "ਮੈਂ ਤੁਹਾਡਾ ਕਾਮਾ ਬਣਨਾ ਚਾਹੁੰਦਾ ਹਾਂ।"

---

* ਮਹੰਤ ਦੇ ਦਰਜੇ ਦਾ ਧਾਰਮਿਕ ਮੁਖੀ।—ਸੰਪਾ:

"ਠੀਕ ਏ," ਐਰਨਜ਼ਰ–ਇਸ਼ਾਨ ਨੇ ਜਵਾਬ ਦਿੱਤਾ, "ਪੁਤਰਾ, ਤੈਨੂੰ ਆਪਣਾ ਕਾਮਾ ਬਣਾਉਣ ਉਤੇ ਮੈਨੂੰ ਕੋਈ ਇਤਰਾਜ਼ ਨਹੀਂ, ਪਰ ਪਹਿਲਾਂ ਇਹ ਵਿਖਾ ਕਿ ਤੂੰ ਕੀ ਕਰ ਸਕਦਾ ਏਂ। ਲੈ ਫੜ ਬੇਲਚਾ ਤੇ ਮਿੱਟੀ ਗੋ।"

ਸਾਹਤਦੂਰਦੀ ਨੇ ਝਟ ਬੇਲਚਾ ਫੜ ਲਿਆ ਤੇ ਟੋਏ ਵਿਚ ਵੜ ਗਿਆ। ਜਦ ਤਕ ਕਾਮਾ ਕੰਧ ਨੂੰ ਲਿੰਬ ਕੇ ਹਟਿਆ ਸੀ, ਉਸ ਨੇ ਏਨੀ ਮਿੱਟੀ ਗੋ ਲਈ ਸੀ ਕਿ ਜਿੰਨੀ ਦੋ ਕਾਮੇ ਮਿਲ ਕੇ ਵੀ ਤਿਆਰ ਨਹੀਂ ਕਰ ਸਕਦੇ ਸਨ।

"ਸ਼ਾਬਾਸ਼, ਸ਼ਾਬਾਸ਼," ਐਰਨਜ਼ਰ–ਇਸ਼ਾਨ ਨੇ ਮੁੰਡੇ ਦੀ ਪ੍ਰਸੰਸਾ ਕੀਤੀ, "ਮੈਂ ਤੈਨੂੰ ਰਖ ਲੈਂਦਾ ਹਾਂ। ਮੈਂ ਤੈਨੂੰ ਦੂਸਰਿਆਂ ਨਾਲੋਂ ਦੁਗਣੀ ਉਜਰਤ ਦਿਆਂਗਾ। ਸਾਰਿਆਂ ਨੂੰ ਦਿਨ ਵਿਚ ਇਕ ਤਾਸ਼ੀ ਪਲਾਓ ਤੇ ਇਕ ਚਾਹਦਾਨੀ ਚਾਹ ਦੀ ਦਿਤੀ ਜਾਂਦੀ ਏ। ਹੋਰਨਾਂ ਨੂੰ ਮੈਂ ਇਕ–ਇਕ ਟਕਾ ਦਿੰਦਾ ਹਾਂ ਤੇ ਤੈਨੂੰ ਦੋ ਦਿਆ ਕਰਾਂਗਾ।"

ਸਾਹਤਦੂਰਦੀ ਦੀ ਖੁਸ਼ੀ ਦਾ ਕੋਈ ਅੰਤ ਨਹੀਂ ਸੀ। ਉਸ ਨੇ ਸ਼ਾਮ ਤਕ ਜਾਨ ਮਾਰ ਕੇ ਕੰਮ ਕੀਤਾ। ਉਸ ਨੂੰ ਓਨਾ ਪਲਾਓ ਮਿਲ ਗਿਆ ਜਿੰਨੇ ਦਾ ਉਸ ਨਾਲ ਵਾਅਦਾ ਕੀਤਾ ਗਿਆ ਸੀ। ਉਸ ਨੇ ਇਕ ਤਾਸ਼ੀ ਪਲਾਓ ਖਾਧਾ ਤੇ ਚਾਹ ਪੀਤੀ ਤੇ ਪਲਾਓ ਦੀ ਦੂਜੀ ਤਾਸ਼ੀ ਲੈ ਕੇ ਘਰ ਚਲਾ ਗਿਆ।

ਉਧਰ ਮਾਪੇ ਇਸ ਗੱਲ ਉਤੇ ਬੜੇ ਹੈਰਾਨ ਸਨ ਕਿ ਉਹਨਾਂ ਦਾ ਪੁਤਰ ਏਨੀ ਦੇਰ ਘਰੋਂ ਬਾਹਰ ਰਿਹਾ ਸੀ। ਪਰ ਮੁੰਡੇ ਨੇ ਘਰ ਦੀਆਂ ਬਰੂਹਾਂ ਅੰਦਰ ਪੈਰ ਪਾਉਂਦਿਆਂ ਹੀ ਕਿਹਾ:

"ਅੱਬਾ, ਮੈਂ ਤੇਰੇ ਲਈ ਪਲਾਓ ਦੀ ਤਾਸ਼ੀ ਤੇ ਦੋ ਟਕੇ ਲਿਆਂਦੇ ਨੇ। ਤੂੰ ਤੇ ਅੰਮਾ ਅੱਜ ਪਲਾਓ ਨਾਲ ਗੁਜ਼ਾਰਾ ਕਰ ਲਓਗੇ ਤੇ ਪੈਸਿਆਂ ਨਾਲ ਹੋਰ ਦੋ ਦਿਨ ਝਟ ਲੰਘਾ ਸਕਦੇ ਹੋ।"

"ਤੂੰ ਆਪਣਾ ਝੱਟ ਲੰਘਾ ਲਏਂ ਤਾਂ ਵੀ ਸ਼ੁਕਰ ਏ," ਉਸ ਦੇ ਅੱਬਾ ਨੇ ਬੁੜ ਬੁੜ ਕੀਤਾ। "ਤੂੰ ਤਾਂ ਮੇਰੇ ਸਿਰ 'ਤੇ ਭਾਰ ਬਣ ਕੇ ਬੈਠਾ ਹੋਇਆ ਏਂ।"

ਇਹ ਗੱਲ ਸੁਣ ਕੇ ਸਾਹਤਦੂਰਦੀ ਨੇ ਬੜਾ ਵੱਟ ਖਾਧਾ ਤੇ ਬਿਨਾਂ ਕੁਝ ਆਖੇ ਘਰੋਂ ਨਿਕਲ ਗਿਆ ਤੇ ਇਸ਼ਾਨ ਕੋਲ ਚਲਾ ਗਿਆ।

ਉਥੇ ਜਾ ਕੇ ਉਸ ਨੇ ਪਲਾਓ ਖਾ ਲਿਆ ਤੇ ਸੋਚੀਂ ਪੈ ਗਿਆ: "ਮਿੱਟੀ ਗੋਹਣਾ ਬੜਾ ਔਖਾ ਕੰਮ ਏ। ਇੰਜ ਤਾਂ ਮੈਂ ਆਪਣੀ ਸਾਰੀ ਤਾਕਤ ਗੁਆ ਬੈਠਾਂਗਾ ਜਿਹੜੀ ਮੈਂ ਏਨੇ ਸਾਲ ਵਿਹਲਾ ਰਹਿ ਕੇ ਇਕੱਠੀ ਕਰਦਾ ਰਿਹਾਂ। ਮੈਨੂੰ ਜਾ ਕੇ ਕੋਈ ਹੋਰ ਕੰਮ ਲਭਣਾ ਚਾਹੀਦੈ।"

ਐਰਨਜ਼ਰ–ਇਸ਼ਾਨ ਨੇ ਸਾਹਤਦੂਰਦੀ ਨੂੰ ਬਥੇਰਾ ਮਨਾਇਆ, ਪਰ ਕਿਉਂਕਿ ਉਸ ਨੇ ਬੜੀ ਜ਼ਿੱਦ ਕੀਤੀ ਸੀ, ਇਸ ਲਈ ਉਹ ਜਿਧਰ ਜਾਣਾ ਚਾਹੁੰਦਾ ਸੀ ਉਧਰ ਹੀ ਜਾਣ ਦਿੱਤਾ।

ਤਰਕਾਲਾਂ ਤਕ ਸਾਹਤਦੂਰਦੀ ਕਿਸੇ ਦੂਜੇ ਪਿੰਡ ਵਿਚ ਪਹੁੰਚ ਚੁੱਕਾ ਸੀ। ਉਥੇ ਉਸ ਨੂੰ ਪਤਾ ਲੱਗਾ ਕਿ ਨਬਾਤਗਿਲਦੀ ਨਾਂ ਦੇ ਸੌਦਾਗਰ ਨੂੰ ਕਿਸੇ ਕਾਮੇ ਦੀ ਲੋੜ ਸੀ।

"ਆ ਜਾ, ਨੌਜਵਾਨ," ਸੌਦਾਗਰ ਨੇ ਆਖਿਆ, "ਆ, ਮੇਰੇ ਊਠਾਂ ਵੱਲ ਚੱਲੀਏ। ਵੇਖਦੇ ਹਾਂ ਕਿ ਤੂੰ ਇਹਨਾਂ ਨੂੰ ਸੰਭਾਲ ਸਕਦੈਂ। ਹੱਛਾ, ਪਹਿਲਾਂ ਤੂੰ ਇਸ ਊਠ ਨੂੰ ਸਾਜ਼ ਪਾ।"

ਸਾਹਤਦੂਰਦੀ ਨੇ ਬੜੀ ਸਫ਼ਾਈ ਨਾਲ ਸਾਜ਼ ਪਾ ਦਿੱਤਾ, ਤੰਗ ਕੱਸ ਦਿੱਤਾ ਤੇ ਖਿਚ ਕੇ ਵੇਖਿਆ ਕਿ ਕਾਠੀ ਚੰਗੀ ਤਰ੍ਹਾਂ ਕੱਸੀ ਗਈ ਸੀ ਕਿ ਨਹੀਂ।

ਸੌਦਾਗਰ ਨੂੰ ਮੁਹਾਰਤੀ ਮੁੰਡਾ ਪਸੰਦ ਆ ਗਿਆ ਤੇ ਆਖਿਆ:

"ਅੱਜ ਅਸੀਂ ਚੀਨ–ਮਚੀਨ ਲਈ ਰਵਾਨਾ ਹੋਵਾਂਗੇ। ਮੈਂ ਕਾਫ਼ਲੇ ਦਾ ਮੁਖੀ ਹਾਂ। ਜੇ ਚਾਹੁੰਦਾ ਏਂ ਤਾਂ ਤੈਨੂੰ ਵੀ ਆਪਣੇ ਨਾਲ ਲੈ ਚਲਦਾਂ।"

ਸਾਹਤਦੁਰਦੀ ਨੂੰ ਲੱਗਾ ਕਿ ਨਵਾਂ ਕੰਮ ਮਿੱਟੀ ਗੋਹਣ ਨਾਲੋਂ ਕਿਤੇ ਸੌਖਾ ਸੀ। ਸੋ ਉਹ ਇਕਦਮ ਸਹਿਮਤ ਹੋ ਗਿਆ। ਤੁਸੀਂ ਜਾਣਦੇ ਹੀ ਹੋ ਕਿ ਉਹ ਬੜਾ ਦਲਿਦਰੀ ਹੁੰਦਾ ਸੀ। ਪਰ ਜੇ ਕੋਈ ਕੰਮ ਉਸ ਨੂੰ ਚੰਗਾ ਲੱਗ ਜਾਂਦਾ ਤਾਂ ਉਸ ਨੂੰ ਬੜੀ ਲਗਨ ਨਾਲ ਨੇਪਰੇ ਚਾੜ੍ਹਦਾ ਸੀ। ਸੋ, ਇਸ ਵਾਰੀ ਵੀ ਇੰਜ ਹੀ ਹੋਇਆ। ਕਾਫ਼ਲੇ ਨੇ ਚੀਨ ਦੇਸ ਤਕ ਦਾ ਅਜੇ ਅੱਧਾ ਸਫ਼ਰ ਹੀ ਤਹਿ ਕੀਤਾ ਸੀ ਕਿ ਸਾਹਤਦੁਰਦੀ ਦਾ ਦਲਿਦਰ ਥੱਕ ਗਿਆ ਤੇ ਰਾਹ ਵਿਚ ਹੀ ਰਹਿ ਗਿਆ। ਹੁਣ ਜਦਕਿ ਸਾਹਤਦੁਰਦੀ ਨੇ ਦਲਿਦਰ ਕੋਲੋਂ ਛੁਟਕਾਰਾ ਪਾ ਲਿਆ ਸੀ ਉਹ ਹਰ ਪੜਾਅ ਉਤੇ ਸਾਰਿਆਂ ਤੋਂ ਪਿਛੋਂ ਸੌਂਦਾ ਸੀ, ਪਰ ਸਵੇਰੇ ਸਾਰਿਆਂ ਤੋਂ ਪਹਿਲਾਂ ਜਾਗ ਪੈਂਦਾ ਸੀ। ਉਸ ਦੇ ਉਠਾਂ ਦੀਆਂ ਕੁਖਾਂ ਹਰ ਵੇਲੇ ਭਰੀਆਂ ਰਹਿੰਦੀਆਂ ਸਨ ਤੇ ਉਹ ਵੇਲੇ ਸਿਰ ਸਫ਼ਰ ਉਤੇ ਚਲਣ ਲਈ ਤਿਆਰ ਰਹਿੰਦੇ ਸਨ। ਸੌਦਾਗਰ ਆਪਣੇ ਕਾਮੇ ਉਤੇ ਬੜਾ ਖੁਸ਼ ਸੀ। ਲੰਮੇ, ਥਕਾ ਮਾਰਨ ਵਾਲੇ ਸਫ਼ਰ ਮਗਰੋਂ ਰਾਹ ਵਿਚ ਆਏ ਇਕ ਖੂਹ ਲਾਗੇ ਕਾਫ਼ਲੇ ਨੇ ਦੋ–ਤਿੰਨ ਦਿਨਾਂ ਦਾ ਪੜਾਅ ਕੀਤਾ। ਅੱਗੋਂ ਹੋਇਆ ਇਹ ਕਿ ਜਦੋਂ ਸਫ਼ਰ ਜਾਰੀ ਰਖਣ ਦਾ ਵਕਤ ਆਇਆ ਤਾਂ ਸੌਦਾਗਰ ਅਚਾਨਕ ਹੀ ਬੀਮਾਰ ਪੈ ਗਿਆ। ਉਸ ਨੇ ਸਾਹਤਦੁਰਦੀ ਨੂੰ ਆਪਣੇ ਕੋਲ ਬੁਲਾ ਕੇ ਆਖਿਆ:

"ਜੇ ਮੈਂ ਰਾਹ ਵਿਚ ਹੀ ਮਰ ਗਿਆ ਤਾਂ ਤੂੰ ਮੈਨੂੰ ਸਟੈਪੀ ਵਿਚ ਨਾ ਸੁੱਟੀਂ, ਸਗੋਂ ਭੇਡ ਦੀ ਖੱਲ ਦੇ ਬੋਰੇ ਵਿਚ ਸੀਊਂ ਕੇ ਵਾਪਸ ਭੇਜ ਦਈਂ। ਪਰ, ਆਪ ਵਾਪਸ ਨਾ ਜਾਈਂ ਤੇ ਕਾਫ਼ਲੇ ਦਾ ਮੁਖੀ ਬਣ ਜਾਈਂ।"

"ਮੈਂ ਉਵੇਂ ਹੀ ਕਰਾਂਗਾ ਜਿਵੇਂ ਤੁਹਾਡੀ ਇੱਛਾ ਹੋਵੇ," ਸਾਹਤਦੁਰਦੀ ਨੇ ਆਖਿਆ।

ਸੌਦਾਗਰ ਨੇ ਉਸ ਦਾ ਸ਼ੁਕਰੀਆ ਅਦਾ ਕੀਤਾ ਤੇ ਚਲ ਵੱਸਿਆ। ਸਾਹਤਦੁਰਦੀ ਨੇ ਉਵੇਂ ਹੀ ਕੀਤਾ ਜਿਵੇਂ ਉਸ ਦੇ ਮਾਲਕ ਨੇ ਕਿਹਾ ਸੀ। ਇਸ ਮਗਰੋਂ ਉਸ ਨੇ ਸਾਰੇ ਲੋਕਾਂ ਨੂੰ ਇਕੱਠਾ ਕੀਤਾ ਤੇ ਆਖਿਆ:

"ਨਬਾਤਗਿਲਦੀ–ਆਗਾ ਨੇ ਕਾਫ਼ਲੇ ਦਾ ਮੁਖੀ ਬਣਨ ਦਾ ਕੰਮ ਮੈਨੂੰ ਸੌਂਪਿਆ ਏ," ਉਸ ਨੇ ਆਖਿਆ, "ਤੇ ਆਪ ਕੋਈ ਜ਼ਰੂਰੀ ਕੰਮ ਪੈ ਜਾਣ ਕਰਕੇ ਵਾਪਸ ਚਲਾ ਗਿਆ ਏ।"

ਕਾਫ਼ਲੇ ਦੇ ਲੋਕ ਹੈਰਾਨ ਹੋਏ ਇਕ ਦੂਜੇ ਦੇ ਮੂੰਹ ਵੱਲ ਵੇਖਣ ਲੱਗੇ ਪਰ ਪੁੱਛਿਆ ਨਾ ਕਿ ਸੌਦਾਗਰ ਵਾਪਸ ਕਿਉਂ ਚਲਾ ਗਿਆ ਸੀ। ਉਹ ਆਪੇ ਜਾਣੇ ਕਿ ਕਿਉਂ, ਉਹ ਮਾਲਕ ਸੀ।

ਇੰਜ ਉਹ ਚੀਨ–ਮਚੀਨ ਤਕ ਪਹੁੰਚ ਗਏ, ਇਕ ਸਰਾਂ ਕਿਰਾਏ ਉਤੇ ਲਈ ਤੇ ਸੌਦਾ ਕਰਨ ਲੱਗ ਪਏ, ਆਪਣੀਆਂ ਚੀਜ਼ਾਂ ਚੰਗੇ ਭਾਅ ਵੇਚ ਕੇ ਲੋੜੀਂਦੀਆਂ ਜਿਨਸਾਂ ਖ਼ਰੀਦਣ ਲੱਗ ਪਏ।

ਆਓ, ਕਾਫ਼ਲੇ ਦੇ ਲੋਕਾਂ ਨੂੰ ਆਪਣਾ ਕੰਮ ਕਰਨ ਦਈਏ ਅਤੇ ਆਪ ਚਲ ਕੇ ਵੇਖੀਏ ਕਿ ਚੀਨ–ਮਚੀਨ ਦੇ ਬਾਦਸ਼ਾਹ ਦੀ ਧੀ ਉਸ ਵੇਲੇ ਕੀ ਕਰ ਰਹੀ ਸੀ।

ਸ਼ਹਿਜ਼ਾਦੀ ਆਪਣੇ ਲਈ ਯੋਗ ਵਰ ਦੀ ਭਾਲ ਵਿਚ ਸੀ। ਕਈ ਬਾਦਸ਼ਾਹਾਂ ਤੇ ਖ਼ਾਨਾਂ, ਵਜ਼ੀਰਾਂ ਤੇ ਬੇਗਾਂ ਦੇ ਮੁੰਡੇ ਉਸ ਨਾਲ ਵਿਆਹ ਕਰਨਾ ਚਾਹੁੰਦੇ ਸਨ। ਪਰ ਸ਼ਹਿਜ਼ਾਦੀ ਨੂੰ ਉਹਨਾਂ ਵਿਚੋਂ ਕੋਈ ਵੀ ਪਸੰਦ ਨਹੀਂ ਸੀ। ਇਕ ਵਾਰੀ ਉਸ ਨੇ ਮਰਦਾਵਾਂ ਪਹਿਰਾਵਾ ਪਾਇਆ ਤੇ ਸ਼ਹਿਰ ਵਿਚ ਘੁੰਮਣ ਫਿਰਨ ਲਈ ਨਿਕਲ ਗਈ। ਉਸ ਨੇ ਕਈ ਗਲੀਆਂ ਬਾਜ਼ਾਰ ਗਾਹੇ। ਅੰਤ ਵਿਚ ਉਸ ਨੂੰ ਸਾਹਤਦੁਰਦੀ ਵਿਖਾਈ ਦਿੱਤਾ। ਉਹ ਲੰਮ–ਸਲੰਮਾ ਤੇ ਬੜਾ ਹੀ ਸ਼ਕਲਵੰਦ ਹੋਣ ਕਰਕੇ ਬਾਕੀ ਲੋਕਾਂ ਨਾਲੋਂ ਬਿਲਕੁਲ ਨਿਆਰਾ ਲਗਦਾ ਸੀ।

"ਇਸ ਗਭਰੂ ਨਾਲ ਹੀ ਮੈਂ ਵਿਆਹ ਕਰਾਵਾਂਗੀ," ਉਸ ਨੇ ਆਪਣੇ ਆਪ ਨੂੰ ਕਿਹਾ ਅਤੇ ਉਸੇ ਵੇਲੇ

ਉਸ ਨਾਲ ਜਾਣ-ਪਛਾਣ ਕਰਨੀ ਚਾਹੀ। ਪਰ ਉਹ ਸ਼ਰਮਾਕਲ ਤੇ ਸਨਿਮਰ ਹੋਣ ਕਰਕੇ ਕੋਈ ਵੀ ਢੰਗ ਨਾ ਲੱਭ ਸਕੀ ਤੇ ਆਪਣੀ ਬੁਢੜੀ ਆਯਾ ਦੀ ਸਹਾਇਤਾ ਲੈਣ ਦਾ ਫੈਸਲਾ ਕੀਤਾ।

"ਨੀ ਧੀਏ," ਵਫ਼ਾਦਾਰ ਆਯਾ ਨੇ ਆਖਿਆ, "ਉਹਨੂੰ ਤਾਂ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਮਨਾ ਲਵਾਂਗੀਆਂ, ਪਰ ਤੇਰਾ ਅੱਬਾ ਉਹਦੇ ਨਾਲ ਤੇਰੀ ਸ਼ਾਦੀ ਕਰਨ ਲਈ ਰਜ਼ਾਮੰਦ ਹੋ ਜਾਵੇਗਾ? ਤੂੰ ਇਸ ਬਾਰੇ ਸੋਚਿਆ ਵੀ ਏ? ਪਰ ਜੇ ਤੂੰ ਮਨ ਬਣਾ ਹੀ ਲਿਐ ਤਾਂ ਇਹ ਕੰਮ ਵੀ ਕਰ ਲਵਾਂਗੀਆਂ। ਅਸੀਂ ਚੋਰੀ ਚੋਰੀ ਤੇਰਾ ਵਿਆਹ ਉਹਦੇ ਨਾਲ ਕਰ ਦਿਆਂਗੀਆਂ ਤੇ ਤੂੰ ਉਹਨੂੰ ਆਖੀਂ ਕਿ ਇਸ ਦੇਸ ਵਿਚੋਂ ਚਲਾ ਜਾਵੇ ਕਿਉਂਕਿ ਜੇ ਤੇਰੇ ਅੱਬਾ ਨੂੰ ਪਤਾ ਲੱਗ ਗਿਆ ਤਾਂ ਉਹ ਉਸ ਦਾ ਬੁਰਾ ਹਸ਼ਰ ਕਰੇਗਾ।"

ਸ਼ਹਿਜ਼ਾਦੀ ਸਹਿਮਤ ਹੋ ਗਈ ਤੇ ਪੁੱਛਿਆ:

"ਆਯਾ, ਇਸ ਦੇ ਵਾਸਤੇ ਕੀ ਕਰਨਾ ਚਾਹੀਦੈ?"

"ਤੂੰ, ਧੀਏ," ਬੁਢੜੀ ਨੇ ਸਮਝਾਉਣਾ ਸ਼ੁਰੂ ਕੀਤਾ, "ਇਹ ਹੁਕਮ ਦੇ ਕਿ ਇਕ ਸੁਹਣਾ ਤੇ ਮਜ਼ਬੂਤ ਸੰਦੂਕ ਬਣਾ ਦਿੱਤਾ ਜਾਵੇ। ਉਹ ਏਨਾ ਮਜ਼ਬੂਤ ਹੋਵੇ ਕਿ ਚਾਲੀ ਸਾਲ ਤਕ ਪਾਣੀ ਹੇਠ ਪਿਆ ਰਹਿਣ ਨਾਲ ਵੀ ਉਸ ਦਾ ਕੁਝ ਨਾ ਵਿਗੜੇ। ਤੂੰ ਸੰਦੂਕ ਵਿਚ ਵੜ ਜਾਵੀਂ ਤੇ ਕਿਸੇ ਸੌਦਾਗਰ ਨੂੰ ਕਹੀਂ ਕਿ ਸੰਦੂਕ ਉਸ ਗਭਰੂ ਕੋਲ ਵੇਚ ਦੇਵੇ। ਮੈਂ ਤੈਨੂੰ ਇਹੋ ਜਿਹਾ ਵਪਾਰੀ ਲੱਭ ਦਿਆਂਗੀ।"

"ਪਰ, ਜੇ ਸੌਦਾਗਰ ਨੇ ਕਿਸੇ ਹੋਰ ਕੋਲ ਵੇਚ ਦਿੱਤਾ?" ਸ਼ਹਿਜ਼ਾਦੀ ਨੂੰ ਚਿੰਤਾ ਹੋਈ।

"ਤੂੰ ਇਹਦਾ ਫਿਕਰ ਨਾ ਕਰ। ਤੂੰ ਮੈਨੂੰ ਉਹ ਸੁਣੱਖਾ ਗਭਰੂ ਵਿਖਾ ਦੇ, ਬਾਕੀ ਸਭ ਕਾਸੇ ਦਾ ਪ੍ਰਬੰਧ ਮੈਂ ਆਪੇ ਕਰ ਲਵਾਂਗੀ।"

ਸ਼ਹਿਜ਼ਾਦੀ ਨੇ ਉਵੇਂ ਹੀ ਕੀਤਾ ਜਿਵੇਂ ਉਸ ਨੂੰ ਸਲਾਹ ਦਿੱਤੀ ਗਈ ਸੀ। ਨੌਕਰਾਣੀ ਸੰਦੂਕ ਲੈ ਕੇ ਬਾਜ਼ਾਰ ਵਿਚ ਸੌਦਾਗਰ ਕੋਲ ਚਲੀ ਗਈ ਤੇ ਆਖਿਆ:

"ਇਹ ਸੰਦੂਕ ਉਸ ਕੋਲ ਵੇਚ ਦਈਂ ਜਿਸ ਵੱਲ ਮੈਂ ਇਸ਼ਾਰਾ ਕਰਾਂਗੀ। ਪਰ ਸੰਦੂਕ ਖੋਲ੍ਹੀਂ ਨਾ। ਜੇ ਹੋਰ ਕੋਈ ਪੁੱਛੇ ਤਾਂ ਕਹੀਂ: 'ਵਿਕਾਊ ਨਹੀਂ ਏ।' ਜੇ ਕੋਈ ਬਹੁਤਾ ਹੀ ਜ਼ੋਰ ਪਾਵੇ ਤਾਂ ਇਸ ਦਾ ਮੁੱਲ ਸੌ ਗੁਣਾ ਦੱਸੀਂ। ਜੇ ਸੰਦੂਕ ਸਹੀ ਥਾਂ 'ਤੇ ਪਹੁੰਚ ਗਿਆ ਤਾਂ ਤੈਨੂੰ ਭਾਰੀ ਇਨਾਮ ਮਿਲੇਗਾ।"

ਸੌਦਾਗਰ ਬੜੀ ਖੁਸ਼ੀ ਨਾਲ ਮੰਨ ਗਿਆ। ਸੰਦੂਕ ਏਨਾ ਸੁਹਣਾ ਸੀ ਕਿ ਜਿਉਂ ਹੀ ਸਾਮ੍ਹਣੇ ਰਖਿਆ ਗਿਆ ਗਾਹਕਾਂ ਦੀ ਏਨੀ ਭੀੜ ਲੱਗ ਗਈ ਕਿ ਤਿਲ ਮਾਰਿਆ ਭੁੰਜੇ ਨਹੀਂ ਡਿਗਦਾ ਸੀ। ਪਰ ਸੌਦਾਗਰ ਨੇ ਉਹੋ ਗੱਲ ਕੀਤੀ ਜਿਸ ਦੀ ਬੁਢੜੀ ਨੇ ਹਦਾਇਤ ਕੀਤੀ ਸੀ। ਭੀੜ-ਭੜਕਾ ਵੇਖ ਕੇ ਸਾਹਤਦੁਰਦੀ ਵੀ ਉਥੇ ਆ ਗਿਆ। ਬੁਢੜੀ ਨੇ ਸੌਦਾਗਰ ਨੂੰ ਸੈਣਤ ਮਾਰੀ। ਸੌਦਾਗਰ ਨੇ ਪਰਦੇਸੀ ਨੂੰ ਖੁਸ਼ਾਮਦੀ ਲਹਿਜੇ ਵਿਚ ਸਿਜਦਾ ਕੀਤਾ ਤੇ ਸੰਦੂਕ ਵੇਚਣ ਦੀ ਪੇਸ਼ਕਸ਼ ਕੀਤੀ:

"ਬੜਾ ਹੀ ਸੁਹਣਾ ਏ ਸੰਦੂਕ, ਨੌਜਵਾਨਾ, ਸਿਰਫ਼ ਤੇਰੇ ਕੋਲ ਹੀ ਵੇਚਣਾ ਚਾਹੁੰਦਾ ਹਾਂ। ਤੂੰ ਮੈਨੂੰ ਬੜਾ ਹੀ ਚੰਗਾ ਲੱਗਾ ਏਂ।"

"ਮੈਂ ਬੜੀ ਖੁਸ਼ੀ ਨਾਲ ਖ਼ਰੀਦ ਲੈਂਦਾ, ਆਦਰਯੋਗ ਸੌਦਾਗਰ ਜੀ," ਸਾਹਤਦੁਰਦੀ ਨੇ ਜਵਾਬ ਦਿੱਤਾ, "ਪਰ ਮੇਰਾ ਵਤਨ ਇਥੋਂ ਬੜੀ ਦੂਰ ਏ, ਸੰਦੂਕ ਲੈ ਕੇ ਜਾਣ ਵਿਚ ਬੜੀ ਬੇਆਰਾਮੀ ਹੋਵੇਗੀ, ਜਦਕਿ ਇਥੇ ਇਸ ਦੀ ਮੈਨੂੰ ਕੋਈ ਲੋੜ ਨਹੀਂ।"

ਬੁਢੜੀ ਨੇ ਸੌਦਾਗਰ ਨੂੰ ਫਿਰ ਸੈਣਤ ਮਾਰੀ ਤੇ ਉਹ ਆਪਣੀ ਜਿਣਸ ਵੇਚਣ ਲਈ ਹੋਰ ਜ਼ੋਰ ਦੇਣ ਲੱਗ ਪਿਆ।

"ਖ਼ਾਨ ਸਾਹਿਬ, ਲੈ ਲਓ, ਘਾਟੇ ਵਿਚ ਨਹੀਂ ਰਹੋਗੇ। ਏਨਾ ਸੁਹਣਾ ਤੇ ਹੰਢਣਸਾਰ ਸੰਦੂਕ ਤੁਹਾਨੂੰ ਸਾਰੀ ਦੁਨੀਆ 'ਚੋਂ ਨਹੀਂ ਮਿਲਣ ਲੱਗਾ। ਇਸ ਵਿਚ ਕਿਸੇ ਵੀ ਪ੍ਰਕਾਰ ਦੀਆਂ ਚੀਜ਼ਾਂ ਰੱਖੀਆਂ ਜਾ ਸਕਦੀਆਂ ਨੇ, ਤੇ ਉਹ ਕਦੀ ਵੀ ਖ਼ਰਾਬ ਨਹੀਂ ਹੋਣਗੀਆਂ।"

"ਚਲੋ, ਲੈ ਹੀ ਲੈਂਦੇ ਹਾਂ," ਸਾਹਤਦੁਰਦੀ ਨੇ ਸੋਚਿਆ, "ਜੇ ਉਹ ਏਨਾ ਜ਼ੋਰ ਦੇ ਰਿਹੈ।"

ਉਸ ਨੇ ਮਾਮੂਲੀ ਜਿਹੀ ਕੀਮਤ ਉਤੇ ਸੰਦੂਕ ਖ਼ਰੀਦ ਲਿਆ ਤੇ ਸਰਾਂ ਵਿਚ ਲਿਆ ਕੇ ਆਪਣੇ ਕਮਰੇ ਵਿਚ ਰਖ ਦਿੱਤਾ। ਸ਼ਾਮ ਵੇਲੇ ਕਾਫ਼ਲੇ ਦੇ ਨੌਜਵਾਨ ਉਸ ਕੋਲ ਆ ਗਏ ਜਿਨ੍ਹਾਂ ਨਾਲ ਲੰਮੇ ਸਫ਼ਰ ਦੌਰਾਨ ਉਸ ਦੀ ਦੋਸਤੀ ਪੈ ਗਈ ਸੀ। ਉਹ ਸਾਰੇ ਮਿਲ ਕੇ ਰਾਤ ਦਾ ਖਾਣਾ ਖਾਣ ਲੱਗੇ। ਅਚਾਨਕ ਸੰਦੂਕ ਖੁਲ੍ਹਿਆ ਅਤੇ ਉਸ ਵਿਚੋਂ ਇਕ ਹੁਸਨ ਪਰੀ ਨਿਕਲੀ। ਜਿਸ ਕਿਸੇ ਨੇ ਵੀ ਇਹ ਨਜ਼ਾਰਾ ਵੇਖਿਆ ਹੈਰਾਨੀ ਵਿਚ ਸੁੰਨ ਹੋ ਗਿਆ। ਦੋ ਤਿੰਨ ਜਣੇ ਤਾਂ ਬੇਹੋਸ਼ ਵੀ ਹੋ ਗਏ। ਕੁੜੀ ਨੇ ਉਹਨਾਂ ਨੂੰ ਕੁਝ ਸੁੰਘਾਇਆ ਤੇ ਉਹ ਉਸੇ ਵੇਲੇ ਹੋਸ਼ ਵਿਚ ਆ ਗਏ।

"ਤੂੰ ਕੋਈ ਚੁੜੇਲ ਏਂ ਜਾਂ ਦੇਵੀ?" ਸਾਹਤਦੁਰਦੀ ਨੇ ਪੁੱਛਿਆ।

"ਮੈਂ ਨਾ ਹੀ ਚੁੜੇਲ ਹਾਂ ਤੇ ਨਾ ਹੀ ਦੇਵੀ," ਕੁੜੀ ਮੁਸਕਰਾ ਪਈ ਜਿਸ ਸਦਕਾ ਉਹ ਹੋਰ ਵੀ ਸੁਹਣੀ ਲੱਗ ਰਹੀ ਸੀ। "ਮੈਂ ਇਸ ਦੇਸ ਦੇ ਬਾਦਸ਼ਾਹ ਦੀ ਧੀ ਹਾਂ। ਮੈਨੂੰ ਤੇਰੇ ਨਾਲ, ਗਭਰੂਆ, ਦਿਲੀ ਮੁਹੱਬਤ ਹੋ ਗਈ ਏ, ਤੇ ਇਹ ਚਲਾਕੀ ਮੈਂ ਇਸ ਵਾਸਤੇ ਕੀਤੀ ਏ ਕਿ ਤੈਨੂੰ ਮਿਲ ਸਕਾਂ ਤੇ ਫਿਰ ਤੇਰੇ ਨਾਲੋਂ ਕਦੀ ਵੀ ਨਾ ਵਿਛੜਾਂ। ਮੇਰੀ ਅਰਜ਼ ਏ ਕਿ ਤੂੰ ਮੈਨੂੰ ਅੱਜ ਹੀ ਇਸ ਸ਼ਹਿਰ ਵਿਚੋਂ ਕੱਢ ਕੇ ਲੈ ਜਾ, ਨਹੀਂ ਤਾਂ ਮੇਰਾ ਵੀ ਤੇ ਤੇਰਾ ਵੀ ਬੁਰਾ ਹਸ਼ਰ ਹੋਵੇਗਾ—ਅੱਬਾ ਮੈਨੂੰ ਢੂੰਡੇਗਾ ਤੇ ਜ਼ਰੂਰ ਹੀ ਲੱਭ ਲਵੇਗਾ।"

ਦੋਸਤ ਹੈਰਾਨੀ ਉਤੇ ਕਾਬੂ ਪਾਉਣ ਮਗਰੋਂ ਸਾਹਤਦੁਰਦੀ ਨੂੰ ਏਨੀ ਸ਼ਾਨਦਾਰ ਲਾੜੀ ਮਿਲ ਜਾਣ ਦੀਆਂ ਵਧਾਈਆਂ ਦੇਣ ਲੱਗੇ ਤੇ ਉਸੇ ਵੇਲੇ ਲਾੜੀ ਨੂੰ ਲਾੜੇ ਦੇ ਘਰ ਪਹੁੰਚਾ ਦੇਣ ਦਾ ਫੈਸਲਾ ਕੀਤਾ। ਇਕ ਗਭਰੂ ਨੇ ਸੰਦੂਕ ਆਪਣੇ ਊਠ ਉਤੇ ਲੱਦ ਲਿਆ ਅਤੇ ਸਾਰਿਆਂ ਕੋਲੋਂ ਵਿਦਾਈ ਲੈ ਕੇ ਸਫ਼ਰ ਉਤੇ ਚਲ ਪਿਆ।

ਕੋਈ ਨਹੀਂ ਜਾਣਦਾ ਕਿ ਉਹ ਕਿੰਨੀ-ਕੁ ਦੇਰ ਚਲਦਾ ਗਿਆ ਪਰ ਅਖ਼ੀਰ ਵਿਚ ਉਹ ਲੋੜੀਂਦੀ ਥਾਂ ਉਤੇ ਪੁਜ ਗਿਆ ਤੇ ਸੰਦੂਕ ਸਾਹਤਦੁਰਦੀ ਦੇ ਮਾਪਿਆਂ ਦੇ ਹਵਾਲੇ ਕੀਤਾ।

ਪਿਤਾ ਨੇ ਸੰਦੂਕ ਸਭਨਾਂ ਪਾਸਿਆਂ ਤੋਂ ਚੰਗੀ ਤਰ੍ਹਾਂ ਵੇਖਿਆ ਜਿਹੜਾ ਲੰਮੇ ਸਫ਼ਰ ਦੌਰਾਨ ਚੋਖਾ ਘਸ ਗਿਆ ਸੀ ਤੇ ਓਨਾ ਦਿਲਕਸ਼ ਨਹੀਂ ਰਿਹਾ ਸੀ। ਉਸ ਨੇ ਨੱਕ ਚੜ੍ਹਾਉਂਦਿਆਂ ਬੁੜ ਬੁੜ ਕੀਤਾ:

"ਹੂੰ, ਚੀਨ-ਮਚੀਨ ਵਿਚ ਇਸ ਨਾਲੋਂ ਚੰਗਾ ਹੋਰ ਕੋਈ ਸੰਦੂਕ ਨਹੀਂ ਸੀ? ਇਸ ਨੂੰ ਮੈਂ ਸਿਰ 'ਚ ਮਾਰਨੈ?"

ਬਜ਼ੁਰਗ, ਸ਼ਾਇਦ, ਬੜਾ ਚਿਰ ਚੰਗਾ ਮੰਦਾ ਬੋਲਦਾ ਰਹਿੰਦਾ ਪਰ ਉਸੇ ਵੇਲੇ ਸੰਦੂਕ ਦਾ ਢੱਕਣ ਖੁਲ੍ਹਿਆ ਤੇ ਉਸ ਵਿਚੋਂ ਕਿਆਸੋਂ ਬਾਹਰੀ ਸੁਹਣੀ ਕੁੜੀ ਨਿਕਲੀ। ਉਸ ਨੇ ਆਲੇ ਦੁਆਲੇ ਵੇਖਿਆ। ਹਨੇਰੇ ਕਿਬੀਤਕਾ ਵਿਚ ਇਕ ਪਾਟੇ ਪੁਰਾਣੇ ਨਮਦੇ ਉਤੇ ਦੋ ਬਜ਼ੁਰਗ ਲੋਕ ਖਲੋਤੇ ਹੋਏ ਦਿਖਾਈ ਦਿੱਤੇ।

ਇਹ ਨਜ਼ਾਰਾ ਵੇਖ ਕੇ ਬਜ਼ੁਰਗ ਸੁੰਨ ਹੋ ਗਏ। ਉਹਨਾਂ ਨੇ ਏਨੀ ਸੁਹਣੀ ਕੁੜੀ ਪਹਿਲਾਂ ਕਦੀ ਵੀ ਨਹੀਂ ਵੇਖੀ ਸੀ।

"ਮੈਂ ਸਾਹਤਦੁਰਦੀ ਦੀ ਪਤਨੀ ਹਾਂ," ਕੁੜੀ ਨੇ ਬਹਿਸ਼ਤ ਦੇ ਪੰਛੀ ਦੇ ਗੀਤ ਨਾਲੋਂ ਵੀ ਮਿੱਠੀ ਆਵਾਜ਼ ਵਿਚ ਕਿਹਾ, "ਤੇ ਤੁਸੀਂ ਉਸ ਦੇ ਮਾਤਾ ਤੇ ਪਿਤਾ ਹੋ?"

"ਹਾਂ, ਧੀਏ!" ਜੁਮਾਨਜ਼ਰ-ਆਗਾ ਨੇ ਪੁਸ਼ਟੀ ਕੀਤੀ। "ਅਸੀਂ ਸਾਹਤਦੁਰਦੀ ਦੇ ਮਾਪੇ ਹਾਂ। ਬੁਢੜੀਏ, ਜੋ ਵੀ ਅੱਲਾ ਦਾ ਦਿੱਤੈ, ਇਸ ਨੂੰ ਖੁਵਾ ਦੇ।"

"ਆਇ-ਹਾਇ, ਨੀ ਬੰਨੋ," ਸੁਆਣੀ ਇਧਰ ਉਧਰ ਹੱਥ ਮਾਰਨ ਲੱਗੀ, "ਸਾਡੇ ਕੋਲ ਤਾਂ ਰੋਟੀ ਤੋਂ ਇਲਾਵਾ ਹੋਰ ਕੁਝ ਹੈ ਹੀ ਨਹੀਂ।"

"ਤੁਸੀਂ ਫਿਕਰ ਨਾ ਕਰੋ," ਸ਼ਹਿਜ਼ਾਦੀ ਨੇ ਸੋਨੇ ਦੀਆਂ ਮੁਹਰਾਂ ਵਾਲਾ ਬਟੂਆ ਕੱਢਦਿਆਂ ਕਿਹਾ। "ਇਹ ਲਓ ਪੈਸੇ, ਜਿੰਨੇ ਚਾਹੀਦੇ ਨੇ ਤੇ ਜਿਸ ਚੀਜ਼ ਦੀ ਵੀ ਲੋੜ ਏ, ਖ਼ਰੀਦੋ।"

ਜੁਮਾਨਜ਼ਰ ਨੇ ਝਕਦੇ ਝਕਦੇ ਨੇ ਕੁਝ ਸਿੱਕੇ ਲੈ ਲਏ ਤੇ ਸਭ ਤੋਂ ਜ਼ਰੂਰੀ ਚੀਜ਼ਾਂ ਖ਼ਰੀਦ ਲਈਆਂ।

"ਅੱਬਾ-ਜਾਨ," ਨੂੰਹ ਨੇ ਪੁੱਛਿਆ, "ਕੀ ਉਥੇ ਕੋਈ ਫਲ, ਮਿਠਾਈਆਂ ਨਹੀਂ ਸਨ?"

"ਮੈਂ ਬਹੁਤੇ ਪੈਸੇ ਖ਼ਰਚਣ ਦਾ ਹੌਸਲਾ ਨਹੀਂ ਕੀਤਾ," ਸਿਰ ਝੁਕਾ ਕੇ ਜੁਮਾਨਜ਼ਰ ਨੇ ਕਿਹਾ।

"ਤਾਂ ਫਿਰ ਬਾਗ਼ ਵਾਲਾ ਕੋਈ ਚੰਗਾ ਘਰ ਖ਼ਰੀਦ ਲਵੋ, ਜਾਂ ਫਿਰ ਇਕੱਲਾ ਬਾਗ਼ ਹੀ ਖ਼ਰੀਦ ਲਓ।"

ਜੁਮਾਨਜ਼ਰ-ਆਗਾ ਨੇ ਇਵੇਂ ਹੀ ਕੀਤਾ। ਉਸ ਨੇ ਇਕ ਬਾਗ਼ ਖ਼ਰੀਦ ਲਿਆ ਅਤੇ ਉਸ ਦੇ ਆਲੇ ਦੁਆਲੇ ਜੰਗਲਾ ਲਾ ਦਿੱਤਾ, ਪਰ ਉਹ ਆਪਣਾ ਜੱਦੀ ਘਰ ਛਡ ਕੇ ਜਾਣਾ ਨਹੀਂ ਚਾਹੁੰਦਾ ਸੀ। ਸੋ, ਉਹ ਬੁਢੜੀ ਨਾਲ ਹੀ ਕਿਬੀਤਕਾ ਵਿਚ ਰਹਿ ਗਿਆ। ਨੂੰਹ ਨੇ ਉਹਨਾਂ ਨੂੰ ਬੜਾ ਮਨਾਇਆ ਪਰ ਉਹ ਨਾ ਮੰਨੇ। ਇੰਜ, ਉਸ ਨੂੰ ਇਕੱਲੀ ਨੂੰ ਹੀ ਬਾਗ਼ ਵਿਚ ਜਾਣਾ ਪਿਆ। ਪਰ ਉਸ ਨੂੰ ਇਕੱਲੀ ਨੂੰ ਡਰ ਲਗਦਾ ਸੀ। ਇਸ ਵਾਸਤੇ, ਉਸ ਨੇ ਕੁਝ ਨੌਕਰਾਣੀਆਂ ਰਖ ਲਈਆਂ ਤੇ ਸਾਰੀਆਂ ਮਿਲ ਕੇ ਰਹਿਣ ਲੱਗ ਪਈਆਂ।

ਜਿਸ ਮੁਲਕ ਵਿਚ ਸਾਹਤਦੁਰਦੀ ਦੇ ਮਾਪੇ ਰਹਿੰਦੇ ਸਨ ਉਸ ਵਿਚ ਓਦੋਂ ਬਾਦਸ਼ਾਹ ਪੋਦੀ ਦਾ ਰਾਜ ਸੀ। ਉਸ ਦਾ ਜਾਨਸ਼ੀਨ ਬਾਜ਼ ਨੂੰ ਨਾਲ ਲੈ ਕੇ ਸ਼ਿਕਾਰ ਕਰਨ ਦਾ ਬੜਾ ਸ਼ੁਕੀਨ ਸੀ ਤੇ ਸਾਰਾ ਵਕਤ ਇਸੇ ਮਨੋਰੰਜਣ ਵਿਚ ਰੁੱਝਾ ਰਹਿੰਦਾ ਸੀ। ਇਕ ਵਾਰੀ ਉਹ ਸ਼ਿਕਾਰ ਕਰਨ ਵਿਚ ਏਨਾ ਮਸਤ ਸੀ ਕਿ ਆਪਣੇ ਮਹਿਲ ਤੋਂ ਬਹੁਤ ਦੂਰ ਨਿਕਲ ਗਿਆ। ਉਹ ਇਕ ਬਹੁਤ ਸੁਹਣੇ ਬਾਗ਼ ਲਾਗੇ ਪਹੁੰਚ ਗਿਆ। ਉਸੇ ਵੇਲੇ ਇਕ ਤਿਤਰ ਫੜਫੜਾਇਆ ਤੇ ਉੱਡ ਗਿਆ। ਸ਼ਹਿਜ਼ਾਦੇ ਨੇ ਆਪਣਾ ਬਾਜ਼ ਉਸ ਦੇ ਪਿਛੇ ਛਡ ਦਿੱਤਾ। ਬਾਜ਼ ਆਪਣੇ ਸ਼ਿਕਾਰ ਉਤੇ ਝਪਟਿਆ ਪਰ ਨਿਸ਼ਾਨੇ ਤੋਂ ਖੁੰਝ ਗਿਆ ਤੇ ਖ਼ੁਰਮਾਨੀ ਦੇ ਇਕ ਰੁੱਖ ਉਤੇ ਬੈਠ ਕੇ ਝਾੜੀਆਂ ਉਤੇ ਆਪਣੀਆਂ ਨਜ਼ਰਾਂ ਦੌੜਾਉਣ ਲੱਗਾ। ਸ਼ਹਿਜ਼ਾਦਾ ਬਾਜ਼ ਨੂੰ ਫੜਨ ਵਾਸਤੇ ਕਾਠੀ ਉਤੇ ਉੱਚਾ ਹੋਇਆ ਅਤੇ ਉਸ ਨੂੰ ਇਕ ਬੇਹਦ ਸੁਹਣੀ ਲੜਕੀ ਵਿਖਾਈ ਦਿੱਤੀ। ਉਹ ਹੱਕਾ ਬੱਕਾ ਰਹਿ ਗਿਆ ਤੇ ਡਗਮਗਾਇਆ। ਉਹ ਘੋੜੇ ਉਤੋਂ ਡਿਗ ਪਿਆ ਤੇ ਬੇਹੋਸ਼ ਹੋ ਗਿਆ। ਇਕ ਰਾਹੀ ਨੇ ਸ਼ਹਿਜ਼ਾਦੇ ਨੂੰ ਕਾਠੀ ਉਤੇ ਪਾਇਆ ਤੇ ਛੇਤੀ ਛੇਤੀ ਮਹਿਲ ਵਿਚ ਲੈ ਗਿਆ।

ਸ਼ਹਿਜ਼ਾਦੇ ਨੂੰ ਬੇਹੋਸ਼ ਹੋਏ ਨੂੰ ਵੇਖ ਕੇ ਮਹਿਲ ਵਿਚ ਹਫੜਾ-ਦਫੜੀ ਮੱਚ ਗਈ। ਸਾਰੇ ਤਬੀਬਾਂ (ਹਕੀਮਾਂ) ਨੂੰ ਸੱਦਿਆ ਗਿਆ ਜਿਨ੍ਹਾਂ ਨੇ ਉਸ ਨੂੰ ਹੋਸ਼ ਵਿਚ ਲਿਆਂਦਾ। ਉਸ ਦਿਨ ਤੋਂ ਗਭਰੂ ਦਿਨੋਂ ਦਿਨ ਨਿਘਰਨ ਲੱਗ ਪਿਆ। ਉਸ ਦਾ ਬੜਾ ਹੀ ਇਲਾਜ ਕੀਤਾ ਗਿਆ, ਬੜੇ ਹੀ ਤਬੀਬ ਬੁਲਾਏ ਗਏ ਪਰ ਸ਼ਹਿਜ਼ਾਦੇ ਦੀ ਸਿਹਤ ਵਿਚ ਕੋਈ ਮੋੜਾ ਨਾ ਪਇਆ।

ਤਦ ਬਾਦਸ਼ਾਹ ਨੇ ਇਹ ਐਲਾਨ ਕੀਤਾ ਕਿ ਜਿਹੜਾ ਕੋਈ ਵੀ ਉਸ ਦੇ ਪੁਤਰ ਦੀ ਬੀਮਾਰੀ ਦਾ ਪਤਾ ਲਾ ਕੇ ਉਸ ਦਾ ਇਲਾਜ ਕਰ ਸਕੇਗਾ ਉਸ ਨੂੰ ਮਾਲਾ ਮਾਲ ਕਰ ਦਿੱਤਾ ਜਾਵੇਗਾ।

ਉਸ ਕੋਲ ਇਕ ਬੜੀ ਹੀ ਬਜ਼ੁਰਗ ਔਰਤ ਆਈ। ਉਸ ਨੇ ਕਿਹਾ ਕਿ ਉਸ ਨੂੰ ਤੇ ਸ਼ਹਿਜ਼ਾਦੇ

ਨੂੰ ਇਕੱਲਿਆਂ ਛੱਡ ਦਿੱਤਾ ਜਾਵੇ। ਜਦੋਂ ਸਾਰੇ ਜਣੇ ਚਲੇ ਗਏ ਤਾਂ ਉਸ ਨੇ ਸ਼ਹਿਜ਼ਾਦੇ ਨੂੰ ਮਾਲਸ਼ ਕੀਤੀ, ਉਸ ਦੀਆਂ ਸਾਰੀਆਂ ਹੱਡੀਆਂ ਟੋਹ ਕੇ ਵੇਖਣ ਮਗਰੋਂ ਪੁੱਛਿਆ:

"ਹੱਛਾ ਨੱਢਿਆ, ਤੂੰ ਇਹ ਦੱਸ ਕਿ ਪਿਛੇ ਜਿਹੇ ਤੂੰ ਕਿਥੇ ਜਾਂਦਾ, ਕੀ ਵੇਖਦਾ ਤੇ ਕੀ ਸੁਣਦਾ ਰਿਹਾ ਏਂ।"

ਸ਼ਹਿਜ਼ਾਦੇ ਨੂੰ ਬੁਢੜੀ ਉਤੇ ਏਨਾ ਵਿਸ਼ਵਾਸ ਹੋ ਗਿਆ ਕਿ ਉਸ ਨੇ ਹੋਸ਼ ਵਿਚ ਆਉਣ ਮਗਰੋਂ ਸਾਰਾ ਭੇਦ ਖੋਲ੍ਹ ਦਿੱਤਾ:

"ਮੈਂ ਸ਼ਿਕਾਰ ਉਤੇ ਗਿਆ ਸਾਂ ਕਿ ਇਕ ਬਾਗ਼ ਵਿਚ ਅਚਾਨਕ ਇਕ ਲੋਹੜੇ ਦੀ ਸੁਹਣੀ ਕੁੜੀ ਨੂੰ ਵੇਖਿਆ। ਉਸ ਨੇ ਮੇਰਾ ਦਿਲ ਲੁਟ ਲਿਆ ਤੇ ਉਸ ਵੇਲੇ ਤੋਂ ਮੈਂ ਆਪਣੇ ਮਨ ਦਾ ਚੈਨ ਗੁਆ ਬੈਠਾ ਹਾਂ। ਮੇਰੀ ਇਸ ਬੀਮਾਰੀ ਦਾ ਇਕੋ ਇਕ ਇਲਾਜ ਇਹ ਹੈ ਕਿ ਮੇਰਾ ਉਸ ਨਾਲ ਵਿਆਹ ਕਰ ਦਿੱਤਾ ਜਾਵੇ।"

ਬਜ਼ੁਰਗ ਔਰਤ ਬਾਦਸ਼ਾਹ ਕੋਲ ਗਈ ਤੇ ਸਾਰੀ ਗੱਲ ਕਹਿ ਦਿੱਤੀ।

"ਹੋ ਸਕਦਾ ਏ ਕਿ ਉਹ ਲੜਕੀ ਕਿਸੇ ਦੀ ਪਤਨੀ ਜਾਂ ਮੰਗੇਤਰ ਹੋਵੇ," ਉਸ ਨੇ ਆਖਿਆ। "ਮੈਂ ਇਹ ਵਾਅਦਾ ਨਹੀਂ ਕਰ ਸਕਦੀ ਕਿ ਉਸ ਨੂੰ ਤੇਰੇ ਪੁਤਰ ਨਾਲ ਮੰਗ ਦਿਆਂਗੀ, ਪਰ ਮੈਂ ਸਾਰੀ ਗੱਲ ਦਾ ਪਤਾ ਕਰਾਂਗੀ।"

"ਜੇ ਉਹ ਕੁਵਾਰੀ ਏ ਤਾਂ ਸਾਕ ਲੈ ਆ!" ਬਾਦਸ਼ਾਹ ਕੜਕਿਆ।

ਬੁਢੜੀ ਉਸੇ ਵੇਲੇ ਉਸ ਖ਼ੂਬਸੂਰਤ ਕੁੜੀ ਨੂੰ ਲੱਭਣ ਨਿਕਲ ਤੁਰੀ। ਜਦੋਂ ਬੁਢੜੀ ਨੂੰ ਇਹ ਪਤਾ ਲੱਗਾ ਕਿ ਉਹ ਸਾਹਤਦੁਰਦੀ ਦੀ ਪਤਨੀ ਸੀ ਤਾਂ ਉਸ ਨੂੰ ਬੜੀ ਨਿਰਾਸ਼ਾ ਹੋਈ ਤੇ ਸਾਰੀ ਗੱਲ ਸ਼ਹਿਜ਼ਾਦੇ ਨੂੰ ਦੱਸ ਦਿੱਤੀ।

"ਹਾਇ," ਗਭਰੂ ਹਾਉਕੇ ਲੈਣ ਲੱਗਾ, "ਹੁਣ ਮੈਂ, ਭਾਗਾਂ-ਮਾਰਿਆ, ਕੀ ਕਰਾਂ!"

"ਕੋਈ ਗੱਲ ਨਹੀਂ, ਸੁਹਣਿਆ," ਬੁਢੜੀ ਉਸ ਨੂੰ ਧਰਵਾਸ ਦੇਣ ਲੱਗੀ, "ਕੋਈ ਨਾ ਕੋਈ ਰਾਹ ਲੱਭ ਲਵਾਂਗੀ ਤੇ ਤੇਰਾ ਦੁਖ ਹਰਨ ਕਰ ਦਿਆਂਗੀ... ਹੱਛਾ, ਤੇਰੀ ਕੀ ਸਲਾਹ ਏ, ਜੇ ਕਿਸੇ ਨੂੰ ਚੀਨ-ਮਚੀਨ ਭੇਜਿਆ ਜਾਵੇ ਜਿਹੜਾ ਸਾਡੀ ਚਿੱਠੀ ਸਾਹਤਦੁਰਦੀ ਨੂੰ ਪਹੁੰਚਾ ਦੇਵੇ?..."

"ਕਿਹੜੀ ਚਿੱਠੀ, ਦਾਦੀ-ਮਾਂ?..."

"ਕਿਹੜੀ?... ਉਹਦੇ ਅੱਬਾ ਵੱਲੋਂ! ਅਸੀਂ ਇਹ ਲਿਖਾਂਗੇ: 'ਮੇਰੇ ਪਿਆਰੇ ਬੇਟਾ ਸਾਹਤਦੁਰਦੀ! ਤੂੰ ਜਿਹੜੀ ਨੂੰਹ ਸਾਡੇ ਕੋਲ ਘੱਲੀ ਸੀ ਉਹ ਬੜੀ ਹੀ ਭੈੜੀ ਔਰਤ ਏ। ਉਹ ਜਦੋਂ ਇਥੇ ਆਈ ਹੀ ਸੀ ਤਾਂ ਸਾਡੇ ਨਾਲੋਂ ਵੱਖਰੀ ਹੋ ਗਈ ਤੇ ਆਪਣੇ ਵਾਸਤੇ ਨਵਾਂ ਘਰ ਬਣਾ ਲਿਆ। ਤੇ ਹੁਣ ਉਹ ਆਪਣੀ ਮਰਜ਼ੀ ਨਾਲ ਰਹਿੰਦੀ ਏ। ਉਹਦੇ ਬਾਰੇ ਗੱਲਾਂ ਸੁਣ ਕੇ ਸਾਨੂੰ ਬੜੀ ਹੀ ਨਮੋਸ਼ੀ ਹੁੰਦੀ ਏ। ਨਹੀਂ, ਅਸੀਂ ਨਹੀਂ ਚਾਹੁੰਦੇ ਕਿ ਇਹੋ ਜਿਹੀ ਔਰਤ ਤੇਰੀ ਵਹੁਟੀ ਬਣੇ। ਅਜੇ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਤੂੰ ਉਸ ਨੂੰ ਤਲਾਕ ਦੇ ਦੇ, ਉਸ ਨੂੰ ਆਪਣੇ ਆਪ ਨੂੰ ਤੇਰੀ ਵਹੁਟੀ ਨਹੀਂ ਸਮਝਣਾ ਚਾਹੀਦਾ।' ਜਿਉਂ ਹੀ ਸਾਹਤਦੁਰਦੀ ਇਹ ਚਿੱਠੀ ਪੜ੍ਹੇਗਾ ਉਹ ਤਲਾਕ ਦੇ ਦਏਗਾ। ਇਸ ਮਗਰੋਂ ਅਸੀਂ ਉਹਦੇ ਨਾਲ ਤੇਰੀ ਮੰਗਣੀ ਕਰ ਦਿਆਂਗੇ।"

ਚਲਾਕ ਬੁਢੜੀ ਦੀ ਗੱਲ ਸ਼ਹਿਜ਼ਾਦੇ ਦੇ ਮਨ ਨੂੰ ਜੱਚ ਗਈ। ਅਗਲੇ ਹੀ ਦਿਨ ਇਕ ਹਰਕਾਰਾ ਚਿੱਠੀ ਲੈ ਕੇ ਚੀਨ-ਮਚੀਨ ਵੱਲ ਘੋੜਾ ਭਜਾਈ ਜਾ ਰਿਹਾ ਸੀ।

ਸਾਹਤਦੂਰਦੀ ਨੇ ਚਿੱਠੀ ਖੋਲ੍ਹੀ ਤੇ ਪੜ੍ਹ ਲਈ। ਜਦੋਂ ਹਰਕਾਰਾ ਚਿੱਠੀ ਦਾ ਜਵਾਬ ਲੈਣ ਆਇਆ ਤਾਂ ਸਾਹਤਦੂਰਦੀ ਨੇ ਉਸੇ ਵੇਲੇ ਉਸ ਦੀ ਅਲਖ ਮੁਕਾ ਦਿਤੀ ਅਤੇ ਉਸ ਨੂੰ ਕਬਰ ਵਿਚ ਦਫ਼ਨਾ ਕੇ ਇੰਜ ਰਹਿਣ ਲੱਗ ਪਿਆ ਜਿਵੇਂ ਕੁਝ ਵੀ ਨਾ ਵਾਪਰਿਆ ਹੋਵੇ।

ਸ਼ਹਿਜ਼ਾਦਾ ਆਪਣੇ ਹਰਕਾਰੇ ਨੂੰ ਉਡੀਕ ਉਡੀਕ ਕੇ ਹਾਰ ਗਿਆ ਪਰ ਉਹ ਵਾਪਸ ਨਾ ਆਇਆ। ਤਦ ਉਸ ਨੇ ਦੂਸਰਾ ਹਰਕਾਰਾ ਭੇਜਿਆ, ਪਰ ਉਹ ਵੀ ਜੀਊਂਦਾ ਵਾਪਸ ਨਾ ਆਇਆ।

ਫਿਰ ਤੀਜਾ ਹਰਕਾਰਾ ਗਿਆ, ਪਰ ਉਸ ਦਾ ਵੀ ਉਹੀ ਹਸ਼ਰ ਹੋਇਆ।

ਆਪਣੇ ਸਾਰੇ ਕੰਮ ਕਾਜ ਨਿਬੇੜ ਕੇ, ਜਿਵੇਂ ਸੌਦਾਗਰ ਨੇ ਮੱਤ ਦਿੱਤੀ ਸੀ, ਸਾਹਤਦੂਰਦੀ ਆਪਣੇ ਦੇਸ ਮੁੜ ਆਇਆ। ਉਹ ਪਰਖਣਾ ਚਾਹੁੰਦਾ ਸੀ ਕਿ ਕੀ ਚਿੱਠੀ ਵਿਚ ਲਿਖੀ ਹੋਈ ਗੱਲ ਸੱਚੀ ਸੀ। ਇਸ ਵਾਸਤੇ ਉਹ ਅੱਧੀ ਰਾਤ ਵੇਲੇ ਘਰ ਪਹੁੰਚਿਆ।

"ਕੌਣ ਏ?" ਦਰਵਾਜ਼ੇ ਉਤੇ ਹੋਈ ਦਸਤਕ ਦੀ ਆਵਾਜ਼ ਸੁਣ ਕੇ ਉਂਘਲਾਉਂਦੇ ਹੋਏ ਪਿਤਾ ਨੇ ਪੁੱਛਿਆ।

"ਬੂਹਾ ਖੋਲ੍ਹ, ਅੱਬਾ!"

"ਆ ਮੇਰਿਆ ਪੁਤਰਾ, ਜੀ ਆਇਆਂ ਨੂੰ!"

"ਸ਼ੁਕਰੀਆ," ਪੁਤਰ ਨੇ ਪਿਤਾ ਦਾ ਧੰਨਵਾਦ ਕੀਤਾ ਤੇ ਪੁੱਛਿਆ: "ਮੇਰੀ ਪਤਨੀ ਕਿਥੇ ਏ?..."

"ਉਸ ਨੇ ਕੁਤਲਾ-ਆਗਾ ਦੇ ਪੁਰਾਣੇ ਬਾਗ਼ ਨੂੰ ਆਬਾਦ ਕਰ ਲਿਐ ਤੇ ਉਹ ਉਸ ਵਿਚ ਹੀ ਰਹਿੰਦੀ ਏ..."

ਉਹ ਕਿਸੇ ਮੰਦਭਾਵਨਾ ਦੇ ਪੂਰਵ ਅਹਿਸਾਸ ਨਾਲ ਕੰਬ ਉਠਿਆ ਤੇ ਬੜੀ ਕਾਹਲ ਵਿਚ ਕਿਬੀਤਕਾ ਵਿਚੋਂ ਨਿਕਲਿਆ ਤੇ ਘੋੜੇ ਉਤੇ ਪਲਾਕੀ ਮਾਰ ਕੇ ਉਸ ਨੂੰ ਸਰਪਟ ਦੌੜਾ ਲਿਆ। ਉਸ ਨੇ ਚੋਰੀ ਛਿਪੇ ਬਾਗ਼ ਵਿਚ ਵੜਨ ਦੀ ਕੋਸ਼ਿਸ਼ ਕੀਤੀ। ਪਰ ਬੜਾ ਚਿਰ ਉਸ ਨੂੰ ਕੋਈ ਸਫ਼ਲਤਾ ਨਾ ਮਿਲੀ। ਉੱਚੇ ਜੰਗਲੇ ਤੇ ਕੰਡਿਆਲੀਆਂ ਝਾੜੀਆਂ ਨੇ ਉਸ ਦੇ ਰਾਹ ਵਿਚ ਅਲੰਘ ਕੰਧ ਖੜੀ ਕੀਤੀ ਹੋਈ ਸੀ। ਅਖ਼ੀਰ, ਝਾੜੀਆਂ ਵਿਚ ਉਸ ਨੂੰ ਇਕ ਰਾਹ ਲੱਭ ਗਿਆ।


ਉਹ ਬਾਗ਼ ਵਿਚ ਬੜਾ ਹੀ ਅਛੋਪਲੇ ਜਿਹੇ ਦਾਖ਼ਲ ਹੋਇਆ ਤਾਂ ਜੋ ਕਿਸੇ ਦਾ ਧਿਆਨ ਨਾ ਖਿਚਿਆ ਜਾਵੇ, ਅਤੇ ਆਪਣੀ ਵਹੁਟੀ ਨੂੰ ਲੱਭਣ ਲੱਗਾ। ਇਕ ਕਮਰੇ ਵਿਚੋਂ ਉਸ ਨੂੰ ਮਧਮ ਜਿਹਾ ਚਾਨਣ ਆਉਂਦਾ ਵਿਖਾਈ ਦਿੱਤਾ। ਉਸ ਨੇ ਅੰਦਰ ਝਾਤੀ ਮਾਰੀ ਤੇ ਕੀ ਵੇਖਦਾ ਹੈ: ਉਸ ਦੀ ਪਤਨੀ ਚਾਲੀ ਪਰਤਾਂ ਵਾਲੇ ਗਲੀਚਿਆਂ ਉਤੇ ਲੇਟੀ ਹੋਈ ਸੀ ਜਿਨ੍ਹਾਂ ਉਤੇ ਸਾਟਿਨ ਦਾ ਬਿਸਤਰਾ ਵਿਛਿਆ ਹੋਇਆ ਸੀ। ਉਸ ਦੇ ਦੋਹਾਂ ਪਾਸਿਆਂ ਉਤੇ ਨੌਕਰਾਣੀਆਂ ਬੈਠੀਆਂ ਹੋਈਆਂ ਸਨ ਜਿਹੜੀਆਂ ਬੜੇ ਖ਼ਿਆਲ ਨਾਲ ਕੋਈ ਖੁਸ਼ਬੂਦਾਰ ਚੀਜ਼ ਉਸ ਦੇ ਸਰੀਰ ਉਤੇ ਮਲ ਰਹੀਆਂ ਸਨ।

"ਜੇ ਮੈਂ ਉਸ ਨੂੰ ਜਗਾ ਦਿੱਤਾ," ਸਾਹਤਦੂਰਦੀ ਨੇ ਸੋਚਿਆ, "ਤਾਂ ਉਹ ਆਪਣੇ ਆਪ ਨੂੰ ਜਾਇਜ਼ ਠਹਿਰਾਉਣ ਦੇ ਕਈ ਬਹਾਨੇ ਲਭ ਲਏਗੀ ਤੇ ਮੈਨੂੰ ਉਸ ਉਤੇ ਤਰਸ ਆ ਜਾਵੇਗਾ।"

ਉਸ ਛੁਰਾ ਕੱਢਿਆ ਤੇ ਸੁਤੀ ਹੋਈ ਵਹੁਟੀ ਦਾ ਨਿਸ਼ਾਨਾ ਸੇਧ ਕੇ ਮਾਰ ਦਿੱਤਾ। ਨੌਕਰਾਣੀਆਂ ਦੇ ਮੂੰਹੋਂ ਅਜੇ ਚੀਕ ਵੀ ਨਹੀਂ ਨਿਕਲੀ ਸੀ ਕਿ ਕਾਤਲ ਉਥੋਂ ਹਵਾ ਹੋ ਚੁੱਕਾ ਸੀ।

ਅਗਲੀ ਸਵੇਰ ਇਹ ਅਫ਼ਵਾਹ ਫੈਲ ਗਈ ਕਿ ਸਾਹਤਦੂਰਦੀ ਦੀ ਵਹੁਟੀ ਦਾ ਕਤਲ ਹੋ ਗਿਆ ਸੀ। ਮੌਕੇ ਦੀ ਤਾੜ ਰਖਣ ਵਾਲੇ ਲੋਕਾਂ ਨੇ ਜਦੋਂ ਵੇਖਿਆ ਕਿ ਹੁਣ ਬਾਗ਼ ਦਾ ਕੋਈ ਮਾਲਕ ਨਹੀਂ ਰਿਹਾ ਸੀ ਉਹਨਾਂ





ਨੇ ਜਿਹੜੀ ਚੀਜ਼ ਵੀ ਹੱਥ ਲੱਗੀ ਚੁਰਾਉਣੀ ਸ਼ੁਰੂ ਕਰ ਦਿੱਤੀ। ਇਕ ਦਿਨ ਦੇ ਅੰਦਰ ਅੰਦਰ ਕੰਧਾਂ ਤੋਂ ਛੁਟ ਸਭ ਕੁਝ ਲੁਟ ਲਿਆ ਗਿਆ ਸੀ।

ਆਖ਼ਰੀ ਦੋ ਚੋਰ ਸਨ—ਤਬੀਬ ਤੇ ਲੁਹਾਰ, ਜਿਨ੍ਹਾਂ ਦੀ ਆਪਸ ਵਿਚ ਦੋਸਤੀ ਸੀ। ਉਹਨਾਂ ਨੇ ਤੁਰ ਫਿਰ ਕੇ ਬੜਾ ਢੂੰਡਿਆ ਪਰ ਉਹਨਾਂ ਦੇ ਹੱਥ ਇਕੱਲਾ ਸੰਦੂਕ ਹੀ ਲੱਗਾ। ਉਸ ਸੰਦੂਕ ਵਿਚ ਸ਼ਹਿਜ਼ਾਦੀ ਦੀ ਲਾਸ਼ ਸੀ। ਉਹਨਾਂ ਨੇ ਬੜਾ ਸੋਚਿਆ, ਬੁੱਝਿਆ ਤੇ ਇਹ ਫੈਸਲਾ ਕੀਤਾ ਕਿ ਦੋਵੇਂ ਚੀਜ਼ਾਂ ਨਾਲ ਲਿਜਾਈਆਂ ਜਾਣ।

ਰਾਹ ਵਿਚ ਲੁਹਾਰ ਆਖਦਾ ਹੈ:

"ਤਬੀਬ, ਓਇ ਤਬੀਬ, ਲਿਆ ਸੰਦੂਕ ਮੈਨੂੰ ਦੇ ਦੇ। ਮੈਂ ਗ਼ਰੀਬ ਆਦਮੀ ਹਾਂ ਤੇ ਇਸ ਦੀ ਕੋਈ ਸ਼ੈ ਬਣਾ ਲਵਾਂਗਾ। ਤੂੰ ਅਮੀਰ ਆਦਮੀ ਏਂ, ਤੈਨੂੰ ਇਸ ਦੀ ਕੋਈ ਲੋੜ ਨਹੀਂ।"

ਤਬੀਬ ਨੇ ਬਿਨਾਂ ਕਿਸੇ ਕਿੰਤੂ-ਪ੍ਰੰਤੂ ਦੇ ਸੰਦੂਕ ਦੇ ਦਿੱਤਾ ਤੇ ਲਾਸ਼ ਆਪ ਲੈ ਲਈ। ਘਰ ਜਾ ਕੇ ਉਸ ਨੇ ਕੁੜੀ ਨੂੰ ਚੁਲ੍ਹੇ ਲਾਗੇ ਲੰਮੀ ਪਾ ਦਿੱਤਾ ਤੇ ਉਸ ਦਾ ਜ਼ਖ਼ਮ ਧੋਤਾ। ਉਸ ਨੇ ਕੰਨ ਲਾ ਕੇ ਉਸ ਦੀ ਧੜਕਣ ਸੁਣੀ ਤਾਂ ਉਸ ਨੂੰ ਜਾਪਿਆ ਕਿ ਕੁੜੀ ਵਿਚ ਅਜੇ ਵੀ ਥੋੜ੍ਹੀ ਬਹੁਤੀ ਜਾਨ ਹੈ ਸੀ। ਤਬੀਬ ਨੇ ਭਿੰਨ ਭਿੰਨ ਜੜੀ-ਬੂਟੀਆਂ ਤੋਂ ਬਣਾਈ ਹੋਈ ਦਵਾਈ ਫੜੀ ਤੇ ਕੁੜੀ ਦੇ ਹੱਥਾਂ ਤੇ ਪੈਰਾਂ ਉਤੇ ਮਲਣ ਲੱਗਾ। ਦਿਨ ਗੁਜ਼ਰ ਗਿਆ, ਰਾਤ ਪੈ ਗਈ। ਪਰ ਉਸ ਨੇ ਮਾਲਸ਼ ਕਰਨੀ ਜਾਰੀ ਰਖੀ। ਸਵੇਰੇ ਸੂਰਜ ਅਜੇ ਚੜ੍ਹਿਆ ਹੀ ਸੀ ਕਿ ਕੁੜੀ ਨੇ ਅੱਖਾਂ ਖੋਲ੍ਹੀਆਂ। ਚਾਲੀ ਦਿਨਾਂ ਮਗਰੋਂ ਸ਼ਹਿਜ਼ਾਦੀ ਰਾਜ਼ੀਬਾਜ਼ੀ ਹੋ ਗਈ ਤੇ ਕੰਮਾਂ ਵਿਚ ਹੱਥ ਵਟਾਉਣ ਲੱਗ ਪਈ। ਉਸ ਨੂੰ ਸਿਲਾਈ-ਕਢਾਈ ਦਾ ਕੰਮ ਕਰਨਾ ਚੰਗੀ ਤਰ੍ਹਾਂ ਆਉਂਦਾ ਸੀ, ਤੇ ਛੇਤੀ ਹੀ ਤਬੀਬ ਦੇ ਘਰ ਬੜੀ ਅਮੀਰੀ ਆ ਗਈ।

ਇਕ ਵਾਰੀ ਤਬੀਬ ਦੇ ਘਰ ਲੁਹਾਰ ਦੀ ਵਹੁਟੀ ਆਈ। ਜਦੋਂ ਉਸ ਨੇ ਕੁੜੀ ਨੂੰ ਵੇਖਿਆ ਤਾਂ ਤਬੀਬ ਦੀ ਘਰਵਾਲੀ ਨੂੰ ਆਖਿਆ:

"ਵਾਹ, ਨੀ ਸੁਆਣੀਏਂ, ਤੂੰ ਮੈਨੂੰ ਕਦੀ ਵੀ ਦਸਿਆ ਕਿਉਂ ਨਹੀਂ ਕਿ ਤੇਰੀ ਏਨੀ ਸੁਹਣੀ ਧੀ ਏ। ਲਗਦੈ, ਉਹ ਸਾਡੇ ਮੁੰਡੇ ਨਾਲੋਂ ਉਮਰੋਂ ਥੋੜ੍ਹੀ ਹੀ ਵੱਡੀ ਏ, ਪਰ ਏਨਾ ਕੱਦ ਕੱਢਿਆ ਇਸ ਨੇ। ਹਾਂ ਸੱਚ, ਕੁੜੀਆਂ ਕੱਦ ਵੀ ਤਾਂ ਮੁੰਡਿਆਂ ਨਾਲੋਂ ਛੇਤੀ ਕੱਢਦੀਆਂ ਨੇ।"

"ਤੂੰ ਕੀ ਆਖਦੀ ਪਈ ਏਂ, ਗੁਆਂਢਣੇ," ਤਬੀਬ ਦੀ ਘਰਵਾਲੀ ਨੇ ਬਾਹਵਾਂ ਹਿਲਾਉਂਦੀ ਨੇ ਆਖਿਆ, "ਇਹ ਮੇਰੀ ਧੀ ਨਹੀਂ! ਇਹ ਤਾਂ ਉਹੀ ਕੁੜੀ ਏ ਜਿਸ ਨੂੰ ਮੇਰੇ ਬੱਚਿਆਂ ਦੇ ਬਾਪੂ ਨੇ ਤੇਰੇ ਘਰਵਾਲੇ ਨਾਲ ਮਿਲ ਕੇ ਸਾਹਤਦੂਰਦੀ ਦੇ ਉਜੜੇ ਹੋਏ ਬਾਗ਼ ਵਿਚੋਂ ਲਿਆਂਦਾ ਸੀ।"

"ਮੈਨੂੰ ਪਤਾ ਸੀ," ਲੁਹਾਰ ਦੀ ਵਹੁਟੀ ਖ਼ਫ਼ਾ ਹੋਣ ਲੱਗੀ, "ਕਿ ਮੇਰਾ ਝੁੱਡੂ ਧੋਖਾ ਖਾ ਜਾਏਗਾ। ਟੁੱਟਾ ਜਿਹਾ ਡੱਬਾ ਲੈ ਆਇਆ ਪਰ ਏਨੀ ਚੰਗੀ ਸਿਲਾਈ-ਕਢਾਈ ਕਰਨ ਵਾਲੀ ਕੁੜੀ ਨੂੰ ਛੱਡ ਆਇਆ।"

"ਤੂੰ ਕੀ ਆਖਦੀ ਪਈ ਏਂ, ਗੁਆਂਢਣੇ! ਜੇ ਉਹ ਕਿਸੇ ਹੋਰ ਦੇ ਹੱਥ ਲੱਗ ਜਾਂਦੀ ਤਾਂ ਉਸ ਨੇ ਬਚਣਾ ਬਿਲਕੁਲ ਨਹੀਂ ਸੀ।"

"ਨਹੀਂ, ਤੂੰ ਬਹੁਤੀਆਂ ਗੱਲਾਂ ਨਾ ਕਰ! ਤੇਰੇ ਘਰਵਾਲੇ ਨੇ ਮੇਰੇ ਘਰਵਾਲੇ ਨੂੰ ਬੁੱਧੂ ਬਣਾ ਲਿਆ ਤੇ ਬੱਸ! ਪਰ ਅਸੀਂ ਇਹ ਗੱਲ ਨਹੀਂ ਹੋਣ ਦੇਣੀ। ਅਸੀਂ ਇਨਸਾਫ ਕਰਵਾ ਕੇ ਛੱਡਾਂਗੇ।"

ਲੁਹਾਰ ਦੀ ਘਰਵਾਲੀ ਦੀਆਂ ਅੱਖਾਂ ਲਿਸ਼ਕੀਆਂ, ਉਸ ਨੇ ਘਸੁੰਨ ਵੱਟਿਆ ਤੇ ਘਰ ਵਿਚੋਂ ਇੰਜ ਭੁੜਕ ਕੇ ਨਿਕਲੀ ਜਿਵੇਂ ਉਸ ਉਤੇ ਉਬਲਦਾ ਉਬਲਦਾ ਪਾਣੀ ਪੈ ਗਿਆ ਹੋਵੇ।

ਜਦੋਂ ਉਹ ਆਪਣੇ ਘਰ ਪਹੁੰਚੀ ਤਾਂ ਬਰੂਹਾਂ ਤੋਂ ਹੀ ਆਪਣੇ ਖ਼ਾਵੰਦ ਉਤੇ ਕੜਕਣ ਲੱਗੀ:

"ਡਾਂਗ ਫੜ ਤੇ ਆ ਚੱਲੀਏ!"

"ਤੂੰ ਕਿਥੇ ਜਾਣ ਦੀ ਏਨੀ ਕਾਹਲ ਕਰਦੀ ਪਈ ਏਂ?" ਲੁਹਾਰ ਹੱਕਾ ਬੱਕਾ ਰਹਿ ਗਿਆ।

"ਤਬੀਬ ਨੇ ਤੇਰੇ ਨਾਲ ਧੋਖਾ ਕੀਤੈ, ਜਿਵੇਂ ਕਿਸੇ ਨਲੀ-ਚੋਚੋ ਨਾਲ ਕੀਤਾ ਜਾਂਦੈ। ਉਹਨੇ ਤੈਨੂੰ ਬਿਲਕੁਲ ਨਿਕੰਮਾ ਜਿਹਾ ਡੱਬਾ ਦੇ ਦਿੱਤਾ ਤੇ ਆਪਣੇ ਕੋਲ ਚੰਨ ਵਰਗੀ ਸੁਹਣੀ ਕੁੜੀ ਰਖ ਲਈ।"

"ਇਹ ਕਿਵੇਂ ਹੋਇਆ?" ਲੁਹਾਰ ਦੰਗ ਰਹਿ ਗਿਆ।

"ਹੋਇਆ ਏਦਾਂ ਕਿ ਸਾਹਤਦੁਰਦੀ ਦੀ ਵਹੁਟੀ ਨੂੰ ਕਿਸੇ ਨੇ ਵੀ ਕਤਲ ਨਹੀਂ ਕੀਤਾ ਸੀ। ਉਹ ਤਾਂ ਐਵੇਂ ਗੂੜ੍ਹੀ ਨੀਂਦ ਸੁੱਤੀ ਹੋਈ ਸੀ। ਤਬੀਬ ਨੇ ਤੇਰੇ ਉਤੇ ਕੋਈ ਜਾਦੂ ਧੂੜ ਦਿੱਤਾ ਸੀ ਤੇ ਇਸੇ ਹਫੜਾ ਦਫੜੀ ਵਿਚ ਉਹ ਕੁੜੀ ਨੂੰ ਤੇਰੇ ਨੱਕ ਥੱਲਿਓਂ ਧੂਹ ਕੇ ਲੈ ਗਿਆ।"

"ਆ, ਚੱਲੀਏ!" ਲੁਹਾਰ ਨੇ ਦ੍ਰਿੜ੍ਹਤਾ ਨਾਲ ਆਖਿਆ। "ਅਸੀਂ ਉਸ ਬੇਸ਼ਰਮ ਕੋਲੋਂ ਕੁੜੀ ਖੋਹ ਲਿਆਉਂਦੇ ਹਾਂ।"

ਲੁਹਾਰ ਨੇ ਫੜ ਲਿਆ ਵੰਝ ਤੇ ਘਰਵਾਲੀ ਨੇ ਡਾਂਗ। ਉਹਨਾਂ ਦੋਵਾਂ ਨੇ ਤਬੀਬ ਦੇ ਘਰ ਵੱਲ ਚੜ੍ਹਾਈ ਕਰ ਦਿੱਤੀ।

ਤਬੀਬ ਦੇ ਮਨ ਵਿਚ ਕੋਈ ਖੋਟ ਨਹੀਂ ਸੀ। ਸੋ, ਉਸ ਨੇ ਆਪਣੇ ਦੋਸਤ ਤੇ ਉਹਦੀ ਪਤਨੀ ਨੂੰ ਕਿਬੀਤਕਾ ਵਿਚ ਆਉਣ ਦਾ ਸੱਦਾ ਦਿੱਤਾ।

"ਅਸੀਂ ਤੇਰੇ ਕਿਬੀਤਕਾ ਵਿਚ ਤਾਂ ਹੀ ਵੜਾਂਗੇ," ਲੁਹਾਰ ਨੇ ਧਮਕੀ ਦਿੱਤੀ, "ਜੇ ਤੂੰ ਕੁੜੀ ਦੀ ਕਮਾਈ ਦਾ ਹਿੱਸਾ ਸਾਨੂੰ ਵੀ ਦੇਵੇਂ।"

"ਕਿਹੜੇ ਹਿੱਸੇ ਦੀ ਗੱਲ ਕਰਦੇ ਹੋ?" ਤਬੀਬ ਹੈਰਾਨ ਹੋਇਆ। "ਤੂੰ ਆਪ ਹੀ ਤਾਂ ਆਖਿਆ ਸੀ ਕਿ ਤੂੰ ਗਰੀਬ ਏਂ ਤੇ ਮਰ ਚੁਕੀ ਕੁੜੀ ਨੂੰ ਦਫ਼ਨਾਉਣ ਲਈ ਤੇਰੇ ਕੋਲ ਕੋਈ ਵਸੀਲਾ ਨਹੀਂ। ਤੂੰ ਆਪ ਹੀ ਤਾਂ ਮੇਰਾ ਵਾਸਤਾ ਪਾਇਆ ਸੀ ਕਿ ਸੰਦੂਕ ਤੈਨੂੰ ਦੇ ਦਿੱਤਾ ਜਾਵੇ? ਇਹ ਗੱਲ ਹੋਈ ਸੀ ਕਿ ਨਹੀਂ?"

"ਹੋਈ ਸੀ," ਲੁਹਾਰ ਨੇ ਮਿਣ ਮਿਣ ਕੀਤਾ। "ਪਰ ਤੂੰ ਇਹ ਦੱਸ ਕਿ ਮੇਰਾ ਹਿੱਸਾ ਦਏਂਗਾ ਕਿ ਨਹੀਂ?" ਉਸ ਨੇ ਵਧੀਕੀ ਕੀਤੀ।

"ਜੇ ਮੈਂ ਤੈਨੂੰ ਕੁਝ ਵੀ ਨਹੀਂ ਦਿੰਦਾ ਤਾਂ ਤੂੰ ਕੀ ਕਰ ਲਏਂਗਾ?"

ਤਬੀਬ ਨੇ ਜੰਗਲੇ ਨਾਲੋਂ ਇਕ ਡੰਡਾ ਲਾਹਿਆ ਤੇ ਲੁਹਾਰ ਵੱਲ ਅੱਗੇ ਵਧਿਆ। ਲੁਹਾਰ ਦੀ ਘਰਵਾਲੀ ਨੇ ਹਾਲ ਪਾਹਰਿਆ ਮਚਾ ਦਿੱਤੀ। ਲੜਾਈ ਸ਼ੁਰੂ ਹੋ ਗਈ। ਔਰਤਾਂ ਇਕ ਦੂਜੀ ਦਾ ਝਾਟਾ ਖੋਹਣ ਲੱਗ ਪਈਆਂ ਤੇ ਮਰਦ ਇਕ ਦੂਜੇ ਉਤੇ ਡੰਡੇ ਡਾਂਗਾਂ ਵਰ੍ਹਾਉਣ ਲੱਗੇ।

ਜਦੋਂ ਲੜਾਈ ਪੂਰੇ ਜ਼ੋਰਾਂ ਉਤੇ ਸੀ ਤਾਂ ਸ਼ਹਿਜ਼ਾਦੀ ਬਾਹਰ ਨਿਕਲ ਆਈ।

"ਠਹਿਰੋ," ਉਹ ਕੂਕੀ, "ਤੁਸੀਂ ਕਿਹੜੀ ਗੱਲੋਂ ਲੜ ਰਹੇ ਜੇ?"

"ਤੇਰੇ ਕਰਕੇ, ਕਬੂਤਰੀਏ," ਲੁਹਾਰ ਨੇ ਹਫਦੇ ਹੋਏ ਨੇ ਆਖਿਆ।

"ਸਿਆਣਿਆਂ ਦਾ ਕਹਿਣੈ: 'ਯਤੀਮ ਆਪਣਾ ਨਾੜੂ ਆਪ ਹੀ ਕੱਟਦੈ,'" ਕੁੜੀ ਨੇ ਆਖਿਆ। "ਆਂ-ਹਾਂ," ਉਸ ਨੇ ਲੁਹਾਰ ਨੂੰ ਸੰਬੋਧਤ ਹੋ ਕੇ ਆਖਿਆ, "ਮੇਰਾ ਸੰਦੂਕ ਮੈਨੂੰ ਲਿਆ ਦੇਵੋ ਤੇ ਸਾਰੀ ਦੌਲਤ ਮੈਂ ਤੁਹਾਡੇ ਦੋਹਾਂ ਵਿਚ ਅੱਧੋ-ਅੱਧ ਵੰਡ ਦਿਆਂਗੀ।"

ਲੁਹਾਰ ਸਿਰ 'ਤੇ ਪੈਰ ਧਰ ਕੇ ਦੌੜ ਗਿਆ ਤੇ ਛੇਤੀ ਹੀ ਮੰਦ-ਭਾਗੇ ਸੰਦੂਕ ਨੂੰ ਲੈ ਆਇਆ। ਕੁੜੀ ਨੇ ਉਸ ਨੂੰ ਆਪਣੀ ਚਾਬੀ ਨਾਲ ਖੋਲ੍ਹਿਆ ਤੇ ਉਸ ਵਿਚੋਂ ਕਮਾਨ ਕੱਢਿਆ। ਉਸ ਨੇ ਇਕ ਤੀਰ ਲਿਆ

ਤੇ ਚਿੱਲੇ ਉਤੇ ਚੜ੍ਹਾ ਕੇ ਪੂਰੇ ਜ਼ੋਰ ਨਾਲ ਚਲਾ ਦਿੱਤਾ। ਸ਼ਾਂ ਸ਼ਾਂ ਕਰਦਾ ਤੀਰ ਉਪਰ ਨੂੰ ਉਡਿਆ ਤੇ ਫਿਰ ਅੱਖੋਂ ਉਹਲੇ ਹੋ ਗਿਆ।

"ਤੇ ਹੁਣ, ਜਿਹੜਾ ਕੋਈ ਵੀ ਇਹ ਤੀਰ ਲੱਭ ਕੇ ਸਭ ਤੋਂ ਪਹਿਲਾਂ ਮੇਰੇ ਕੋਲ ਲਿਆਏਗਾ ਮੈਂ ਉਸ ਦੀ ਹੀ ਹੋਵਾਂਗੀ।"

ਤਬੀਬ ਤੇ ਲੁਹਾਰ ਇਕ ਦੂਜੇ ਨੂੰ ਪਿਛੇ ਛਡਦੇ ਹੋਏ ਉਸ ਦਿਸ਼ਾ ਵਿਚ ਦੌੜਨ ਲੱਗ ਪਏ ਜਿਧਰ ਤੀਰ ਉੱਡ ਗਿਆ ਸੀ। ਉਹਨਾਂ ਦੀਆਂ ਪਤਨੀਆਂ ਵੀ ਉਹਨਾਂ ਦੇ ਪਿਛੇ ਦੌੜ ਗਈਆਂ। ਉਧਰ ਕੁੜੀ ਨੇ ਸੰਦੂਕ ਸਰਕਾ ਕੇ ਦਰਿਆ ਵਿਚ ਸੁਟ ਦਿੱਤਾ, ਆਪ ਉਸ ਵਿਚ ਬੈਠ ਗਈ ਤੇ ਹੇਠੋਂ ਢੱਕਣ ਬੰਦ ਕਰ ਲਿਆ।

ਕੋਈ ਨਹੀਂ ਜਾਣਦਾ ਕਿ ਸੰਦੂਕ ਕਿੰਨੀ ਦੇਰ ਤਕ ਦਰਿਆ ਵਿਚ ਰੁੜ੍ਹਦਾ ਗਿਆ ਸੀ ਪਰ, ਅੰਤ ਵਿਚ, ਉਹ ਖ਼ੀਵਾ* ਤੱਕ ਪਹੁੰਚ ਗਿਆ। ਉਸ ਵੇਲੇ ਦਰਿਆ ਦੇ ਕੰਢੇ ਉਤੇ ਬਾਦਸ਼ਾਹ ਦੀਆਂ ਬੇਗਮਾਂ ਆਰਾਮ ਫ਼ਰਮਾ ਰਹੀਆਂ ਸਨ—ਉਹਨਾਂ ਦੀ ਗਿਣਤੀ ਤੀਹ ਸੀ। ਉਹਨਾਂ ਵਿਚੋਂ ਇਕ ਨੇ, ਜਿਹੜੀ ਸਾਰੀਆਂ ਨਾਲੋਂ ਛੋਟੀ ਸੀ, ਵੇਖਿਆ ਕਿ ਦਰਿਆ ਦੇ ਅੱਧ-ਵਿਚਕਾਰ ਕੋਈ ਚੀਜ਼ ਰੁੜ੍ਹਦੀ ਜਾ ਰਹੀ ਸੀ। ਉਹਨਾਂ ਨੇ ਕੁਝ ਮਾਂਝੀਆਂ ਨੂੰ ਬੇੜੀ ਵਿਚ ਬੈਠ ਕੇ ਉਸ ਚੀਜ਼ ਨੂੰ ਕੱਢ ਲਿਆਉਣ ਦਾ ਹੁਕਮ ਦਿੱਤਾ। ਜਦੋਂ ਸੰਦੂਕ ਕੱਢ ਲਿਆ ਗਿਆ ਤਾਂ ਵੱਡੀ ਬੇਗਮ ਦੇ ਕਹਿਣ ਉਤੇ ਮਾਂਝੀ ਉਸ ਨੂੰ ਮਹਿਲ ਵਿਚ ਲੈ ਗਏ।

ਜਿਉਂ ਹੀ ਨੌਕਰਾਂ ਨੇ ਸੰਦੂਕ ਫ਼ਰਸ਼ ਉਤੇ ਧਰਿਆ ਉਸ ਦੇ ਤਾਲੇ ਨੇ ਕੜਿਕ ਕੀਤਾ, ਢੱਕਣ ਖੁਲ੍ਹਿਆ ਅਤੇ ਉਸ ਵਿਚੋਂ ਸ਼ਹਿਜ਼ਾਦੀ ਨਿਕਲ ਆਈ। ਇਸ ਘਟਨਾ ਬਾਰੇ ਖ਼ਬਰ ਉਸੇ ਵੇਲੇ ਬਾਦਸ਼ਾਹ ਨੂੰ ਦਿੱਤੀ ਗਈ। ਉਹ ਆਇਆ ਤੇ ਵੇਖਦਿਆਂ ਹੀ ਸ਼ਹਿਜ਼ਾਦੀ ਉਤੇ ਮੋਹਿਤ ਹੋ ਗਿਆ।

ਕਈ ਦਿਨ ਤੇ ਕਈ ਰਾਤਾਂ ਉਨੀਂਦਰੇ ਕਾਰਨ ਉਹ ਬੜਾ ਹੀ ਪਰੇਸ਼ਾਨ ਰਿਹਾ, ਤੇ ਅੰਤ ਵਿਚ, ਜਦੋਂ ਉਸ ਕੋਲੋਂ ਰਿਹਾ ਨਾ ਗਿਆ ਤਾਂ ਉਸ ਨੇ ਕੁੜੀ ਨੂੰ ਆਪਣੇ ਦਿਲ ਦੀ ਗੱਲ ਕਹਿ ਸੁਣਾਈ।

"ਓ ਬਾਦਸ਼ਾਹ ਸਲਾਮਤ," ਕੁੜੀ ਨੇ ਆਖਿਆ, "ਮੇਰੇ ਵਿਛੋੜੇ ਦਾ ਗ਼ਮ ਅਜੇ ਦੂਰ ਨਹੀਂ ਹੋਇਆ। ਜ਼ਰਾ ਸਬਰ ਕਰੋ। ਜਿਉਂ ਹੀ ਮੇਰਾ ਗ਼ਮ ਦੂਰ ਹੋ ਗਿਆ ਮੈਂ ਤੁਹਾਡੇ ਨਾਲ ਸ਼ਾਦੀ ਕਰ ਲਵਾਂਗੀ।"

ਬਾਦਸ਼ਾਹ ਨੇ ਬੜੇ ਸਬਰ ਨਾਲ ਕੁੜੀ ਦੀ ਗੱਲ ਸੁਣੀ ਤੇ ਉਡੀਕ ਲੈਣ ਲਈ ਸਹਿਮਤ ਹੋ ਗਿਆ। ਦੋ ਮਹੀਨੇ ਤੇ ਨੌਂ ਦਿਨ ਅਜੇ ਹੋਰ ਉਡੀਕ ਕਰਨੀ ਸੀ।

ਅਗਲੀ ਸਵੇਰ ਬੇਗਮਾਂ ਨੇ ਸ਼ਹਿਜ਼ਾਦੀ ਨੂੰ ਇਸ਼ਨਾਨ ਕਰਨ ਲਈ ਦਰਿਆ ਉਤੇ ਜਾਣ ਲਈ ਕਿਹਾ। ਉਹ ਬੜੀ ਖ਼ੁਸ਼ੀ ਨਾਲ ਤਿਆਰ ਹੋ ਗਈ। ਜਦੋਂ ਉਹ ਦਰਿਆ ਦੇ ਕੰਢੇ ਉਤੇ ਪਹੁੰਚੀਆਂ ਤਾਂ ਬੇੜੀ ਵੇਖ ਕੇ ਕੁੜੀ ਨੇ ਇਹ ਵਿਖਾਵਾ ਕੀਤਾ ਕਿ ਉਸ ਨੂੰ ਇਸ ਚੀਜ਼ ਦੀ ਕੋਈ ਜਾਣਕਾਰੀ ਨਹੀਂ ਸੀ। ਬੇੜੀ ਵੱਲ ਇਸ਼ਾਰਾ ਕਰਦਿਆਂ ਉਸ ਨੇ ਪੁੱਛਿਆ:

"ਤੇ ਇਹ ਕਿਸ ਕੰਮ ਵਾਸਤੇ ਏ?"

"ਇਹ ਬੇੜੀ ਏ।"

"ਇਸ ਵਿਚ ਬੈਠ ਕੇ ਦਰਿਆ ਦੀ ਸੈਰ ਕੀਤੀ ਜਾ ਸਕਦੀ ਏ?"

"ਏਨਾ ਹੀ ਨਹੀਂ, ਸਗੋਂ ਦੂਸਰੇ ਕੰਢੇ ਤਕ ਵੀ ਪਹੁੰਚਿਆ ਜਾ ਸਕਦੈ।" ਬੇਗਮਾਂ ਇਕ ਦੂਜੀ ਨੂੰ ਟੋਕਦੀਆਂ ਹੋਈਆਂ ਸਮਝਾਉਣ ਲੱਗੀਆਂ।

---

* ਕੇਂਦਰੀ ਏਸ਼ੀਆ ਵਿਚ ਇਕ ਪਰਾਚੀਨ ਸ਼ਹਿਰ ਦਾ ਨਾਂ।

"ਮੇਰਾ ਸੈਰ ਕਰਨ ਨੂੰ ਦਿਲ ਕਰਦੈ," ਕੁੜੀ ਨੇ ਹਾਉਕਾ ਲਿਆ।

"ਬੈਠ ਜਾ।"

"ਅਸੀਂ ਆਪ ਵੀ ਬੜੀ ਖੁਸ਼ੀ ਨਾਲ ਸੈਰ ਕਰਾਂਗੀਆਂ।"

"ਤੈਨੂੰ ਡਰ ਨਹੀਂ ਲੱਗੇਗਾ?" ਬੇਗਮਾਂ ਨੇ ਫਿਰ ਲੁਤਰ ਲੁਤਰ ਕੀਤਾ।

ਸਾਰੀਆਂ ਔਰਤਾਂ ਬੇੜੀ ਵਿਚ ਬੈਠ ਗਈਆਂ ਤੇ ਬੇੜੀ ਠਿਲ ਪਈ। ਜਦੋਂ ਕੰਢਾ ਬਹੁਤ ਦੂਰ ਰਹਿ ਗਿਆ ਤਾਂ ਉਹਨਾਂ ਨੇ ਵਾਪਸ ਮੁੜਨ ਦਾ ਫੈਸਲਾ ਕੀਤਾ।

"ਆ–ਹਾ!" ਕੁੜੀ ਉਤਸ਼ਾਹ ਵਿਚ ਆਈ ਕੂਕੀ, "ਕਿੰਨਾ ਸੁਹਣੈ, ਕਿੰਨਾ ਮਜ਼ੇਦਾਰ!... ਆਓ, ਉਸ ਕੰਢੇ ਤੱਕ ਜਾਈਏ ਤੇ ਆਰਾਮ ਕਰ ਕੇ ਮੁੜ ਜਾਵਾਂਗੀਆਂ!"

ਕੁਝ ਬੇਗਮਾਂ ਇਹ ਕਹਿਣ ਲੱਗੀਆਂ ਕਿ ਏਨੀ ਦੂਰ ਜਾਣਾ ਬੜਾ ਖ਼ਤਰਨਾਕ ਏ, ਪਰ ਕੁੜੀ ਨੇ ਬੇੜੀ ਚਲਾਉਣ ਵਾਲਾ ਇਕੋ ਇਕ ਚੱਪੂ ਉਠਾਇਆ, ਕੁਝ ਔਰਤਾਂ ਉਤੇ ਕੜਕੀ ਤੇ ਉਹਨਾਂ ਵੱਲ ਚੱਪੂ ਉਲਾਰਿਆ।

ਇੰਜ, ਉਹ ਤਰਕਾਲਾਂ ਪੈਣ ਤਕ ਦਰਿਆ ਦੇ ਵਹਾ ਦੇ ਨਾਲ ਨਾਲ ਤਰਦੀਆਂ ਗਈਆਂ। ਰਾਤ ਵੇਲੇ ਤਰਨਾ ਖ਼ਤਰਨਾਕ ਸੀ ਤੇ ਠੰਡ ਵੀ ਲੱਗਦੀ ਸੀ। ਵੇਖੋ ਨਾ, ਸਾਰੀਆਂ ਬੇਗਮਾਂ ਵਸਤਰ–ਹੀਣ ਸਨ, ਇਸ ਲਈ ਸ਼ਹਿਜ਼ਾਦੀ ਨੇ ਫੈਸਲਾ ਕੀਤਾ ਕਿ ਰਾਤ ਨਿੱਘੀ ਰੇਤ ਉਤੇ ਲੰਘਾਈ ਜਾਵੇ ਤੇ ਸਵੇਰੇ ਸਫ਼ਰ ਜਾਰੀ ਰਖਿਆ ਜਾਵੇ।

ਜਿਉਂ ਹੀ ਬੇੜੀ ਕੰਢੇ ਨੂੰ ਲੱਗੀ ਤੇ ਸਾਰੀਆਂ ਔਰਤਾਂ ਕੰਢੇ ਉਤੇ ਚਲੀਆਂ ਗਈਆਂ ਤਿਉਂ ਹੀ ਜੁਸ਼ੀਲੇ ਦੌੜਾਕ ਘੋੜਿਆਂ ਉਤੇ ਸਵਾਰ ਤੀਹ ਡਾਕੂ ਆ ਧਮਕੇ। ਉਹ ਹਮੇਸ਼ਾ ਇਸ ਜਗ੍ਹਾ ਉਤੇ ਰਾਤ–ਕਟੀ ਕਰਦੇ ਹੁੰਦੇ ਸਨ ਅਤੇ ਜਦੋਂ ਉਹਨਾਂ ਨੇ ਓਪਰੇ ਲੋਕਾਂ ਨੂੰ ਵੇਖਿਆ ਤਾਂ ਉਹਨਾਂ ਨੂੰ ਉਥੋਂ ਕੱਢ ਦੇਣ ਦਾ ਫੈਸਲਾ ਕੀਤਾ। ਪਰ ਜੋ ਕੁਝ ਉਹਨਾਂ ਨੇ ਵੇਖਿਆ ਉਸ ਨਾਲ ਉਹਨਾਂ ਨੂੰ ਡਾਢੀ ਹੈਰਾਨੀ ਹੋਈ। ਉਹਨਾਂ ਨੇ ਸੰਘ ਪਾੜ ਪਾੜ ਕੇ ਹਸਦਿਆਂ ਨੇ ਬੇਗਮਾਂ ਨੂੰ ਆਪਸ ਵਿਚ ਵੰਡ ਲਿਆ। ਇਕੱਲੀ ਸ਼ਹਿਜ਼ਾਦੀ ਹੀ ਬਾਕੀ ਰਹਿ ਗਈ ਸੀ। ਡਾਕੂਆਂ ਨੇ ਉਸ ਵੱਲ ਵੇਖਿਆ ਤੇ ਹਰੇਕ ਨੇ ਉਸ ਨੂੰ ਆਪਣੀ ਵਹੁਟੀ ਬਣਾਉਣਾ ਚਾਹਿਆ ਕਿਉਂਕਿ ਚੰਨ ਚਾਨਣੀ ਵਿਚ ਤਾਂ ਉਹ ਕੋਈ ਹੂਰ–ਪਰੀ ਲੱਗ ਰਹੀ ਸੀ। ਪਹਿਲਾਂ ਤਾਂ ਡਾਕੂ ਤੂੰ–ਤੂੰ, ਮੈਂ–ਮੈਂ ਕਰਨ ਲੱਗੇ ਪਰ ਫਿਰ ਹੱਥੋ–ਪਾਈ ਹੋ ਪਏ। ਜਦੋਂ ਉਹਨਾਂ ਨੇ ਇਕ ਦੂਜੇ ਦੀ ਚੰਗੀ ਤਰ੍ਹਾਂ ਕੁਟ–ਮਾਰ ਕਰ ਲਈ ਅਤੇ ਉਹ ਲੜਖੜਾ ਰਹੇ ਸਨ ਤਾਂ ਕੁੜੀ ਨੇ ਉਹਨਾਂ ਨੂੰ ਪੁੱਛਿਆ:

"ਤੁਸੀਂ ਕਿਹੜੀ ਗੱਲੋਂ ਖਹਿਬੜ ਰਹੇ ਸੀ?"

"ਤੇਰਾ ਕਰਕੇ!" ਉਹਨਾਂ ਨੇ ਇਕਵਾਰਗੀ ਜਵਾਬ ਦਿੱਤਾ।

"ਭਲਾ, ਮੇਰੀ ਖ਼ਾਤਰ ਖਹਿਬੜਨ ਦੀ ਲੋੜ ਵੀ ਹੈ?... ਮੈਂ ਤੁਹਾਡੇ ਸਾਰਿਆਂ ਲਈ ਇਕ ਇਕ ਵਹੁਟੀ ਲਿਆ ਦਿਤੀ ਏ। ਏਨੇ ਨਾਲ ਸਬਰ ਨਹੀਂ? ਤੇ ਮੈਂ ਤੁਹਾਡੀ ਸਾਰਿਆਂ ਦੀ ਸੇਵਾ ਕਰਿਆ ਕਰਾਂਗੀ।"

ਡਾਕੂਆਂ ਨੇ ਆਪਣੀਆਂ ਕੈਦਣਾਂ ਵੱਲ ਵੇਖਿਆ ਤੇ ਸੋਚਿਆ: "ਸਚਮੁਚ ਹੀ, ਅਸੀਂ ਕਿਉਂ ਖਹਿਬੜ ਰਹੇ ਹਾਂ? ਸਾਡੀਆਂ ਵਹੁਟੀਆਂ ਵੀ ਕੋਈ ਘਟ ਸੁਹਣੀਆਂ ਨਹੀਂ।" ਰੌਲਾ–ਗੌਲਾ ਇਕਦਮ ਬੰਦ ਹੋ ਗਿਆ ਤੇ ਡਾਕੂ ਕੈਦਣਾਂ ਨੂੰ ਆਪਣੇ ਲਾਗੇ ਬਿਠਾ ਕੇ ਖਾਣਾ ਖਾਣ ਲੱਗੇ। ਸ਼ਰਾਬ ਦੇ ਦੌਰ ਚੱਲਣ ਲੱਗੇ, ਵਧੀਆ ਤੋਂ ਵਧੀਆ ਖਾਣੇ ਆ ਗਏ, ਮੌਜ–ਮੇਲਾ ਆਪਣੀ ਸਿਖ਼ਰ ਉਤੇ ਸੀ।

"ਤੇ ਆਓ, ਹੁਣ ਸ਼ੁਗਲ-ਮੇਲਾ ਕਰੀਏ," ਡਾਕੂਆਂ ਦੇ ਸਰਦਾਰ ਨੇ ਆਖਿਆ। ਗਾਉਣਾ ਵਜਾਉਣਾ ਸ਼ੁਰੂ ਹੋਇਆ। ਫਿਰ ਨੱਚਣ ਟੱਪਣ ਦੀ ਵਾਰੀ ਆਈ।

ਮਰਦ ਲਗਾਤਾਰ ਸ਼ਰਾਬ ਪੀ ਰਹੇ ਸਨ। ਉਹ ਏਨੇ ਸ਼ਰਾਬੀ ਹੋ ਗਏ ਸਨ ਕਿ ਉਨ੍ਹਾਂ ਨੂੰ ਨੀਂਦ ਨੇ ਉਥੇ ਹੀ ਘੇਰ ਲਿਆ।

"ਆਪਣੇ 'ਪਤੀਆਂ' ਦੇ ਕਪੜੇ ਲਾਹ ਲਓ," ਸ਼ਹਿਜ਼ਾਦੀ ਨੇ ਮਜ਼ਾਕ ਨਾਲ ਆਖਿਆ, "ਆਪਣੇ ਤਨ ਕੱਜੋ ਤੇ ਹਥਿਆਰ ਚੁਕ ਕੇ ਆਪਣਾ ਰਸਤਾ ਫੜੋ।"

ਔਰਤਾਂ ਨੇ ਛੇਤੀ ਛੇਤੀ ਸਾਰਾ ਕੰਮ ਕੀਤਾ, ਘੋੜਿਆਂ ਉਤੇ ਸਵਾਰ ਹੋਈਆਂ ਅਤੇ ਉਹਨਾਂ ਨੂੰ ਦੌੜਾ ਕੇ ਲੈ ਗਈਆਂ। ਉਹ ਸਾਰੀ ਰਾਤ ਤੇ ਸਾਰਾ ਦਿਨ ਚਲਦੀਆਂ ਗਈਆਂ। ਤਰਕਾਲਾਂ ਵੇਲੇ ਇਕ ਮਹਿਲ ਦੇ ਦਰਵਾਜ਼ੇ ਲਾਗੇ ਉਹਨਾਂ ਨੂੰ ਲੋਕਾਂ ਦਾ ਹਜੂਮ ਵਿਖਾਈ ਦਿੱਤਾ। ਉਹ ਕਿਸੇ ਪੰਛੀ ਨੂੰ ਉਡਾ ਉਡਾ ਕੇ ਵੇਖ ਰਹੇ ਸਨ ਕਿ ਉਹ ਕਿਥੇ ਜਾ ਕੇ ਬੈਠੇਗਾ। ਪਹਿਲੀ ਵਾਰੀ ਪੰਛੀ ਜੰਗਲੇ ਉਤੇ ਬੈਠ ਗਿਆ, ਦੂਜੀ ਵਾਰੀ ਦਰਖ਼ਤ ਉਤੇ, ਤੇ ਤੀਜੀ ਵਾਰੀ ਸ਼ਹਿਜ਼ਾਦੀ ਦੇ ਮੋਢੇ ਉਤੇ ਜਿਹੜੀ ਮਰਦਾਵੇਂ ਭੇਸ ਵਿਚ ਜਲੂਸ ਦੇ ਅੱਗੇ ਅੱਗੇ ਆ ਰਹੀ ਸੀ।

ਇਕ ਅਕਸਾਕਾਲ ਨੇ ਨੌਜਵਾਨ ਘੁੜ-ਸਵਾਰ ਨੂੰ ਝੁਕ ਕੇ ਸਲਾਮ ਕੀਤਾ ਤੇ ਆਖਿਆ:

"ਹੇ ਆਦਰਯੋਗ ਮਹਿਮਾਨ! ਸਾਡੇ ਮੁਲਕ ਵਿਚ ਇਕ ਬੜੀ ਪੁਰਾਣੀ ਰਵਾਇਤ ਏ ਕਿ ਜਦੋਂ ਨਵੇਂ ਬਾਦਸ਼ਾਹ ਦੀ ਤਖ਼ਤਨਸ਼ੀਨੀ ਕਰਨੀ ਹੁੰਦੀ ਏ ਤਾਂ ਅਸੀਂ ਇਸ ਪੰਛੀ ਨੂੰ ਪਿੰਜਰੇ ਵਿਚੋਂ ਛੱਡ ਦਿੰਦੇ ਹਾਂ ਤੇ ਇਹ ਉਡਦਾ ਉਡਦਾ ਜਿਸ ਦੇ ਮੋਢੇ ਉਤੇ ਬੈਠ ਜਾਵੇ ਉਹ ਹੀ ਸਾਡਾ ਬਾਦਸ਼ਾਹ ਬਣ ਸਕਦਾ ਏ। ਇਹ ਅੱਲਾ ਦੀ ਰਜ਼ਾ ਏ। ਇਹ ਮਾਣ ਹੁਣ ਤੁਹਾਨੂੰ ਮਿਲਿਆ ਏ।"

ਕੁੜੀ ਨੇ ਬੜੇ ਆਦਰ ਨਾਲ ਸਿਰ ਝੁਕਾਇਆ ਤੇ ਅੱਲਾ ਦੀ ਰਜ਼ਾ ਮੰਨ ਲਈ। ਇੰਜ ਉਹ ਉਸ ਮੁਲਕ ਦੀ ਬਾਦਸ਼ਾਹ ਬਣ ਗਈ।

ਸ਼ਹਿਜ਼ਾਦੀ ਨੇ ਕੁੜੀਆਂ ਵਾਲੇ ਕਪੜੇ ਪਾਏ ਤੇ ਸ਼ਾਹੀ ਚਿਤਰਕਾਰ ਨੂੰ ਭੇਦ ਨਾ ਖੋਲ੍ਹਣ ਦੀ ਸਹੁੰ ਚੁਕਾ ਕੇ ਆਪਣੀ ਤਸਵੀਰ ਬਣਾਉਣ ਲਈ ਆਖਿਆ। ਜਦੋਂ ਤਸਵੀਰ ਤਿਆਰ ਹੋ ਗਈ ਤਾਂ ਉਸ ਨੇ ਆਪਣੇ ਦਰਬਾਰੀਆਂ ਨੂੰ ਬੁਲਾਕੇ ਤਸਵੀਰ ਵਿਖਾਈ ਤੇ ਆਖਿਆ:

"ਇਸ ਕੁੜੀ ਨੇ ਲੋਕਾਂ ਨੂੰ ਬੜਾ ਪ੍ਰੇਸ਼ਾਨ ਕੀਤਾ ਹੋਇਐ। ਮੈਂ ਚਾਹੁੰਦੀ ਹਾਂ ਕਿ ਇਹ ਤਸਵੀਰ ਮਹਿਲ ਦੇ ਪ੍ਰਵੇਸ਼-ਦਵਾਰ ਉਤੇ ਟੰਗ ਦਿੱਤੀ ਜਾਵੇ ਤੇ ਜਿਹੜਾ ਕੋਈ ਵੀ ਇਸ ਦੇ ਖ਼ਿਲਾਫ਼ ਸ਼ਿਕਾਇਤ ਕਰਨ ਆਵੇ ਉਸ ਨੂੰ ਤੁਰਤ ਮੇਰੇ ਕੋਲ ਲਿਆਂਦਾ ਜਾਵੇ।"

ਇਸ ਹੁਕਮ ਦੀ ਉਸੇ ਵੇਲੇ ਤਾਮੀਲ ਕੀਤੀ ਗਈ। ਕੁਝ ਦਿਨਾਂ ਮਗਰੋਂ ਮਹਿਲ ਦੇ ਸਾਮ੍ਹਣੇ ਕਈ ਮਰਦਾਂ ਦੀ ਭੀੜ ਇੱਕਠੀ ਹੋ ਗਈ ਜਿਨ੍ਹਾਂ ਨੇ ਸਿਰਫ਼ ਕੱਛਾ ਬੁਨੈਣ ਹੀ ਪਾਏ ਹੋਏ ਸਨ।

"ਇਸ ਜ਼ਨਾਨੀ ਨੇ ਸਾਨੂੰ ਬੜਾ ਦੁਖੀ ਕੀਤਾ ਹੋਇਐ!.."

"ਉਸ ਨੂੰ ਸਾਡੇ ਹਵਾਲੇ ਕਰੋ!.."

"ਅਸੀਂ ਉਹਨੂੰ ਮਜ਼ਾ ਚਖ਼ਾਉਂਦੇ ਆਂ!" ਉਹ ਕੜਕ ਰਹੇ ਸਨ।

ਫ਼ਰਿਆਦੀਆਂ ਨੂੰ ਮਹਿਲ ਅੰਦਰ ਜਾਣ ਦਿੱਤਾ ਗਿਆ, ਉਹਨਾਂ ਨੂੰ ਇਕ ਵਖਰੇ ਕਮਰੇ ਵਿਚ ਬਿਠਾਇਆ ਗਿਆ। ਉਥੇ ਉਹਨਾਂ ਨੂੰ ਖੁਆਇਆ ਪਿਲਾਇਆ ਗਿਆ ਪਰ ਉਥੋਂ ਕਿਧਰੇ ਵੀ ਜਾਣ ਨਾ ਦਿੱਤਾ।

ਕੁਝ ਹੋਰ ਦਿਨ ਬੀਤੇ ਤੇ ਇਕ ਬੁੱਢਾ ਆਦਮੀ ਫ਼ਰਿਆਦ ਲੈ ਕੇ ਆ ਗਿਆ। ਉਸ ਨੂੰ ਵੀ ਅਲਹਿਦਾ ਕਮਰੇ ਵਿਚ ਲਿਜਾਇਆ ਗਿਆ।

ਇਸ ਮਗਰੋਂ ਤਬੀਬ ਤੇ ਲੁਹਾਰ ਆਪਣੀਆਂ ਪਤਨੀਆਂ ਸਮੇਤ ਆ ਧਮਕੇ। ਉਹਨਾਂ ਨਾਲ ਵੀ ਦੂਸਰੇ ਫ਼ਰਿਆਦੀਆਂ ਵਾਲਾ ਸਲੂਕ ਕੀਤਾ ਗਿਆ।

ਅੰਤ ਵਿਚ, ਮਹਿਲ ਦੇ ਸਾਮ੍ਹਣੇ ਸਾਹਤਦੁਰਦੀ ਆਇਆ।

"ਮੈਂ ਇਸ ਦੀ ਚੰਗੀ ਭੁਗਤ ਸਵਾਰਾਂਗਾ," ਉਹ ਗਰਜਿਆ, "ਬਾਦਸ਼ਾਹ ਇਸ ਨੂੰ ਮੇਰੇ ਹਵਾਲੇ ਕਰੇ!"

ਉਸ ਨੂੰ ਵੀ ਅਲਹਿਦਾ ਕਮਰੇ ਵਿਚ ਲਿਜਾਇਆ ਗਿਆ।

ਫ਼ਰਿਆਦੀ ਬੈਠੇ ਹੋਏ ਦਿਮਾਗ ਲੜਾਈ ਜਾ ਰਹੇ ਸਨ।

"ਇਹ ਕੁੜੀ ਬਾਦਸ਼ਾਹ ਦੀ ਧੀ ਜਾਂ ਭੈਣ ਏ, ਉਹਨਾਂ ਦੀਆਂ ਸ਼ਕਲਾਂ ਬੜੀਆਂ ਮਿਲਦੀਆਂ ਜੁਲਦੀਆਂ ਨੇ। ਚੰਗਾ ਹੀ ਹੋਵੇ ਜੇ ਸਾਨੂੰ ਇਥੋਂ ਸਹੀ ਸਲਾਮਤ ਨਿਕਲ ਜਾਣ ਦਿੱਤਾ ਜਾਵੇ।"

ਪਰ ਸਾਹਤਦੁਰਦੀ ਸੋਚ ਰਿਹਾ ਸੀ: "ਮੈਂ ਇਕ ਵਾਰੀ ਉਸ ਨੂੰ ਵੇਖ ਲਵਾਂ ਸਹੀ। ਇਸ ਮਗਰੋਂ ਮੈਨੂੰ ਭਾਵੇਂ ਜਾਨੋਂ ਮਾਰ ਦੇਣ ਤੇ ਮੇਰੀ ਲਾਸ਼ ਕੁੱਤਿਆਂ ਦੇ ਖਾਣ ਲਈ ਸੁਟ ਦੇਣ।"

ਤਿੰਨ–ਚਾਰ ਦਿਨ ਲੰਘ ਗਏ। ਬਾਦਸ਼ਾਹ ਨੇ ਸਾਹਤਦੁਰਦੀ ਨੂੰ ਬੁਲਾਇਆ ਤੇ ਆਖਿਆ:

"ਹੁਣ ਅਸੀਂ ਫ਼ਰਿਆਦੀਆਂ ਨੂੰ ਵਾਰੀ ਵਾਰੀ ਬੁਲਾਵਾਂਗੇ, ਤੇ ਤੂੰ ਉਹਨਾਂ ਨੂੰ ਸੁਣਦਾ ਜਾਵੀਂ।"

ਸਭ ਤੋਂ ਪਹਿਲਾਂ ਲੁਹਾਰ ਤੇ ਤਬੀਬ ਨੂੰ ਲਿਆਂਦਾ ਗਿਆ।

"ਤੁਹਾਡੀ ਫ਼ਰਿਆਦ ਕੀ ਏ?" ਬਾਦਸ਼ਾਹ ਨੇ ਪੁੱਛਿਆ।

"ਜਿਸ ਕੁੜੀ ਦੀ ਤਸਵੀਰ ਮਹਿਲ ਦੇ ਵੱਡੇ ਦਰਵਾਜ਼ੇ ਉਤੇ ਟੰਗੀ ਹੋਈ ਏ," ਤਬੀਬ ਨੇ ਆਖਿਆ, "ਉਸ ਨੇ ਇਕ ਤੀਰ ਛੱਡਿਆ ਤੇ ਆਖਿਆ ਸੀ ਕਿ ਜਿਹੜਾ ਵੀ ਉਸ ਤੀਰ ਨੂੰ ਲੱਭ ਕੇ ਲਿਆਏਗਾ ਉਹ ਉਸੇ ਦੀ ਹੀ ਹੋ ਜਾਵੇਗੀ। ਤੀਰ ਸਾਨੂੰ ਕਿਤੇ ਵੀ ਨਾ ਲੱਭਾ ਤੇ ਕੁੜੀ ਵੀ ਕਿਧਰੇ ਗ਼ਾਇਬ ਹੋ ਗਈ।"

"ਤਾਂ ਫਿਰ ਤੁਸੀਂ ਕੀ ਚਾਹੁੰਦੇ ਹੋ? ਕੁੜੀ ਜਾਂ ਆਪਣੀ ਮਿਹਨਤ ਬਦਲੇ ਪੈਸੇ?"

"ਪੈਸੇ ਮਿਲ ਜਾਣ ਤਾਂ ਚੰਗਾ ਹੀ ਏ।" ਲੁਹਾਰ ਦੀ ਘਰਵਾਲੀ ਨੇ ਆਖਿਆ।

ਬਾਦਸ਼ਾਹ ਨੇ ਹੁਕਮ ਦਿੱਤਾ ਕਿ ਚੌਹਾਂ ਨੂੰ ਹੀ ਸੋਨੇ ਦੀਆਂ ਮੁਹਰਾਂ ਦਾ ਇਕ ਇਕ ਬੁਕ ਦੇ ਦਿੱਤਾ ਜਾਵੇ ਤੇ ਉਹ ਸੰਤੁਸ਼ਤ ਹੋ ਕੇ ਚਲੇ ਗਏ।

"ਤੇ ਤੇਰੀ ਕੀ ਫ਼ਰਿਆਦ ਏ?" ਬਾਦਸ਼ਾਹ ਨੇ ਬਜ਼ੁਰਗ ਨੂੰ ਪੁੱਛਿਆ।

"ਮੈਂ ਖ਼ੀਵਾ ਦਾ ਬਾਦਸ਼ਾਹ ਹਾਂ। ਮੇਰੀਆਂ ਤੀਹ ਬੇਗਮਾਂ ਸਨ ਤੇ ਇਹ ਕੁੜੀ ਦਰਿਆ ਵਿਚ ਰੁੜ੍ਹਦੀ ਰੁੜ੍ਹਦੀ ਸਾਡੇ ਮੁਲਕ ਦੀ ਸਰਹੱਦ ਅੰਦਰ ਆ ਗਈ। ਉਹ ਮੈਨੂੰ ਪਸੰਦ ਆ ਗਈ। ਮੈਂ ਉਸ ਨੂੰ ਆਪਣੀ ਜਾਨ ਨਾਲੋਂ ਵੀ ਵਧ ਪਿਆਰ ਕਰਦਾ ਸਾਂ। ਕੁਝ ਦਿਨ ਬੀਤੇ ਤੇ ਮੇਰੇ ਕੋਲ ਇਹ ਕੁੜੀ ਵੀ ਨਾ ਰਹੀ ਤੇ ਨਾ ਹੀ ਬੇਗਮਾਂ। ਉਹ ਉਹਨਾਂ ਸਾਰੀਆਂ ਨੂੰ ਮੇਰੇ ਮਹਿਲ ਵਿਚੋਂ ਕੱਢ ਕੇ ਲੈ ਗਈ ਸੀ।"

"ਮੇਰੇ ਸ਼ਾਹੀ ਭਰਾ, ਖ਼ੀਵਾ ਦੇ ਬਾਦਸ਼ਾਹ ਦੀ ਕੀ ਮੁਰਾਦ ਏ? ਤੁਸੀਂ ਕੀ ਲੈਣਾ ਚਾਹੁੰਦੇ ਹੋ—ਇਹ ਕੁੜੀ ਜਾਂ ਆਪਣੀਆਂ ਬੇਗਮਾਂ?"

"ਮੇਰੀਆਂ ਬੇਗਮਾਂ ਸਹੀ ਸਲਾਮਤ ਹੋਣ," ਖ਼ੀਵਾ ਦੇ ਬਾਦਸ਼ਾਹ ਨੇ ਜਵਾਬ ਦਿੱਤਾ, "ਉਸ ਕੁੜੀ ਬਾਰੇ ਤਾਂ ਮੈਂ ਸੋਚਣਾ ਵੀ ਨਹੀਂ ਚਾਹੁੰਦਾ, ਉਹ ਬੜੀ ਲੜਾਕੀ ਕੁੜੀ ਏ, ਤੇ ਮੈਂ ਬਹੁਤ ਬੁੱਢਾ ਹੋ ਗਿਆ ਹਾਂ।"

ਬਾਦਸ਼ਾਹ ਨੇ ਹੁਕਮ ਦਿੱਤਾ ਕਿ ਖ਼ੀਵਾ ਦੇ ਬਾਦਸ਼ਾਹ ਦੀਆਂ ਬੇਗਮਾਂ ਨੂੰ ਵਧੀਆ ਤੋਂ ਵਧੀਆ ਰੇਸ਼ਮੀ

ਪੁਸ਼ਾਕਾਂ ਪਹਿਨਾਈਆਂ ਜਾਣ। ਉਸ ਨੇ ਬਾਦਸ਼ਾਹ ਨੂੰ ਤੁਹਫ਼ੇ ਵਜੋਂ ਇਕ ਕੀਮਤੀ ਚੋਲਾ ਦਿੱਤਾ ਤੇ ਪੂਰੇ ਆਦਰ ਸਨਮਾਨ ਨਾਲ ਉਸ ਦੇ ਮੁਲਕ ਤੋਰ ਦਿੱਤਾ।

ਇਸ ਤੋਂ ਮਗਰੋਂ ਤੀਹ ਫ਼ਰਿਆਦੀਆਂ ਨੂੰ ਸੱਦਿਆ ਗਿਆ ਜਿਨ੍ਹਾਂ ਦੇ ਤੇੜ ਕੱਛੇ ਤੇ ਗਲ੍ਹ ਬੁਨੈਣਾਂ ਹੀ ਸਨ।

"ਤੁਹਾਡੀ ਕੀ ਫ਼ਰਿਆਦ ਏ?" ਬਾਦਸ਼ਾਹ ਨੇ ਪੁੱਛਿਆ।

ਡਾਕੂਆਂ ਵਿਚੋਂ (ਬੇਸ਼ਕ, ਇਹ ਉਹੀ ਡਾਕੂ ਸਨ) ਇਕ ਜਣਾ ਅੱਗੇ ਵਧਿਆ ਤੇ ਆਖਿਆ:

"ਹੇ ਸਰਵਸ਼ਕਤੀਮਾਨ ਬਾਦਸ਼ਾਹ, ਇਸ ਕੁੜੀ ਨੇ ਸਾਨੂੰ ਸਾਰਿਆਂ ਨੂੰ ਇਕ ਇਕ ਵਹੁਟੀ ਲਿਆ ਕੇ ਦਿੱਤੀ ਸੀ ਤੇ ਆਪ ਸਾਡੀ ਸਾਰਿਆਂ ਦੀ ਸੇਵਾ ਕਰਨੀ ਮੰਨ ਗਈ ਸੀ। ਸਾਨੂੰ ਇਸ ਗੱਲ ਦੀ ਏਨੀ ਖੁਸ਼ੀ ਹੋਈ ਕਿ ਅਸੀਂ ਬੜਾ ਸ਼ੁਗਲ-ਮੇਲਾ ਕੀਤਾ। ਜਦੋਂ ਸਵੇਰੇ ਜਾਗੇ ਤਾਂ ਸਾਨੂੰ ਨਾ ਹੀ ਸਾਡੀਆਂ ਵਹੁਟੀਆਂ, ਨਾ ਹੀ ਕਪੜੇ, ਤੇ ਨਾ ਹੀ ਸਾਡੇ ਘੋੜੇ—ਕੁਝ ਵੀ ਨਾ ਲੱਭਾ।"

"ਤਾਂ ਫਿਰ ਹੁਣ ਤੁਹਾਨੂੰ ਕੀ ਚਾਹੀਦੈ?" ਬਾਦਸ਼ਾਹ ਨੇ ਪੁੱਛਿਆ। "ਤੁਹਾਨੂੰ ਵਹੁਟੀਆਂ ਚਾਹੀਦੀਆਂ ਨੇ ਜਾਂ ਫਿਰ ਕਪੜੇ ਤੇ ਘੋੜੇ?"

"ਸਾਨੂੰ ਬਹੁਤ ਥੋੜ੍ਹਾ ਜਿੰਨਾ, ਜੋ ਹੱਕੀ ਤੌਰ 'ਤੇ ਸਾਡਾ ਏ, ਮਿਲ ਜਾਵੇ ਅਸੀਂ ਤਾਂ ਵੀ ਖੁਸ਼ ਹਾਂ। ਬਾਕੀ, ਜੋ ਅੱਲਾ ਦੀ ਮਿਹਰ ਹੋਵੇ।"

ਬਾਦਸ਼ਾਹ ਨੇ ਹੁਕਮ ਦਿੱਤਾ ਕਿ ਫ਼ਰਿਆਦੀਆਂ ਨੂੰ ਕਪੜੇ ਤੇ ਘੋੜੇ ਦੇ ਦਿੱਤੇ ਜਾਣ ਅਤੇ ਇਥੋਂ ਨਿਕਲ ਜਾਣ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਜਾਵੇ।

ਜਦੋਂ ਆਖ਼ਰੀ ਡਾਕੂ ਦੇ ਨਿਕਲ ਜਾਣ ਮਗਰੋਂ ਦਰਵਾਜ਼ਾ ਅਜੇ ਬੰਦ ਹੀ ਹੋਇਆ ਸੀ ਕਿ ਆਦਰ ਵਜੋਂ ਸਿਰ ਝੁਕਾਈ ਇਕ ਗਭਰੂ ਆਇਆ ਜਿਸ ਦੇ ਤਨ ਉਤੇ ਅਮੀਰਾਂ ਵਾਲੇ ਪਰ ਪਾਟੇ-ਪੁਰਾਣੇ ਕਪੜੇ ਸਨ।

"ਹੇ ਬਾਦਸ਼ਾਹ ਸਲਾਮਤ," ਉਸ ਨੇ ਆਖਿਆ, "ਮੈਨੂੰ ਇਸ ਕੁੜੀ ਨਾਲ ਡਾਢਾ ਇਸ਼ਕ ਹੋ ਗਿਆ ਸੀ, ਪਰ, ਕਿਉਂਕਿ ਉਹ ਕਿਸੇ ਹੋਰ ਦੀ ਪਤਨੀ ਸੀ ਜਿਸ ਦੀ ਉਹ ਬੜੀ ਬੇਸਬਰੀ ਨਾਲ ਉਡੀਕ ਕਰ ਰਹੀ ਸੀ, ਮੈਂ ਇਕ ਬੁਢੜੀ ਦੱਲੀ ਦੀ ਸਲਾਹ ਉਤੇ ਉਸ ਦੇ ਪਤੀ ਦੇ ਨਾਂ ਕੁਝ ਚਿੱਠੀਆਂ ਲਿਖ ਦਿਤੀਆਂ ਜਿਸ ਵਿਚ ਉਸ ਨੂੰ ਇਕ ਘਟੀਆ ਔਰਤ ਦੱਸਿਆ ਗਿਆ ਸੀ। ਮੈਂ ਅਜਿਹਾ ਇਸ ਲਈ ਕੀਤਾ ਸੀ ਕਿ ਉਸ ਦਾ ਪਤੀ ਉਸ ਨੂੰ ਤਲਾਕ ਦੇ ਦੇਵੇਗਾ। ਪਰ ਇੰਜ ਕਰਨ ਦੀ ਥਾਂ ਉਹ ਇਕ ਦਿਨ ਵਾਪਸ ਆ ਗਿਆ ਤੇ ਆਪਣੀ ਨਿਰਦੋਸ਼ ਪਤਨੀ ਦਾ ਕਤਲ ਕਰ ਦਿੱਤਾ। ਇਸ ਵਿਚ ਸਾਰਾ ਕਸੂਰ ਮੇਰਾ ਏ। ਇਸੇ ਵਾਸਤੇ ਮੈਂ ਆਪਣੀ ਮਰਜ਼ੀ ਨਾਲ ਦੇਸ-ਨਿਕਾਲਾ ਲੈ ਲਿਆ ਤੇ ਬੜੇ ਹੀ ਕਸ਼ਟ ਝੱਲੇ ਤਾਂ ਜੋ ਆਪਣੇ ਭਾਰੀ ਪਾਪ ਅੱਲਾ ਕੋਲੋਂ ਬਖ਼ਸ਼ਾ ਸਕਾਂ। ਜਦੋਂ ਮੈਂ ਸੁਣਿਆ ਕਿ ਲੋਕ ਇਸ ਕੁੜੀ ਵਿਰੁੱਧ ਸ਼ਿਕਾਇਤਾਂ ਕਰ ਰਹੇ ਨੇ ਤਾਂ ਮੈਂ ਬੜਾ ਦੰਗ ਰਹਿ ਗਿਆ। ਮੈਂ ਤੁਹਾਨੂੰ ਇਹ ਦੱਸਣ ਲਈ ਇਥੇ ਆਇਆ ਹਾਂ ਕਿ ਉਹ ਕੁੜੀ ਕਿਸੇ ਦਾ ਵੀ ਦਿਲ ਦੁਖਾਉਣ ਵਾਲੀ ਨਹੀਂ ਸੀ, ਸਗੋਂ ਲੋਕੀਂ ਉਹਦਾ ਦਿਲ ਦੁਖਾਉਂਦੇ ਰਹੇ ਨੇ।"

"ਤੂੰ ਆਪਣੇ ਪਾਪਾਂ ਦਾ ਪਸ਼ਚਾਤਾਪ ਕਰ ਕੇ ਬੜਾ ਹੀ ਚੰਗਾ ਕੀਤਾ ਏ," ਬਾਦਸ਼ਾਹ ਨੇ ਆਖਿਆ, "ਹੁਣ ਤੂੰ ਜਾ ਤੇ ਨੇਕ ਕੰਮ ਕਰ ਤਾਂ ਜੋ ਲੋਕਾਂ ਦੇ ਦਿਲਾਂ ਅੰਦਰ ਤੇਰੇ ਲਈ ਆਦਰ ਸਤਿਕਾਰ ਪੈਦਾ ਹੋਵੇ। ਆਪਣੇ ਇਥੇ ਆਉਣ ਦੀ ਨਿਸ਼ਾਨੀ ਵਜੋਂ ਇਹ ਰੋਟੀ ਲੈ ਜਾ, ਤੈਨੂੰ ਇਸ ਦੀ ਲੋੜ ਪਵੇਗੀ।" ਇਹ ਗੱਲ ਕਹਿ ਕੇ ਬਾਦਸ਼ਾਹ ਨੇ ਥੱਕੇ-ਟੁੱਟੇ ਯਾਤਰੂ ਨੂੰ ਇਕ ਵੱਡੀ ਸਾਰੀ ਗੋਲ ਰੋਟੀ ਦਿੱਤੀ ਤੇ ਜਾਣ ਦਿੱਤਾ।

"ਸੁਣਾ, ਸਾਹਤਦਰਦੀ-ਜਾਨ, ਹੁਣ ਤੂੰ ਕੀ ਕਹਿਣਾ ਚਾਹੇਂਗਾ?"

"ਓ ਦਾਨੇ-ਪ੍ਰਧਾਨੇ ਬਾਦਸ਼ਾਹ," ਆਖਰੀ ਫ਼ਰਿਆਦੀ ਧੰਨ ਧੰਨ ਕਰ ਉੱਠਿਆ, "ਹੁਣ ਮੈਨੂੰ ਸਮਝ ਆ

ਗਈ ਏ ਕਿ ਮੈਂ ਕਿੱਡੀ ਭਾਰੀ ਗ਼ਲਤੀ ਕਰ ਬੈਠਾ ਸਾਂ। ਮੈਂ ਆਪਣੀ ਪਤਨੀ ਦੇ ਵੈਰੀਆਂ ਦੀਆਂ ਚਾਲਾਂ ਸਮਝ ਨਾ ਸਕਿਆ ਤੇ ਭਾਰੀ ਜੁਰਮ ਕਰ ਦਿੱਤਾ ਸੀ। ਉਸ ਜੁਰਮ ਦੇ ਬਦਲੇ ਮੈਂ ਕਿਸੇ ਵੀ ਤਰ੍ਹਾਂ ਦੀ ਸਜ਼ਾ ਭੁਗਤਣ ਲਈ ਤਿਆਰ ਹਾਂ।"

"ਠੀਕ ਏ," ਬਾਦਸ਼ਾਹ ਨੇ ਆਖਿਆ, "ਅਸੀਂ ਇਹ ਵੀ ਸੋਚ ਲਿਐ ਕਿ ਤੈਨੂੰ ਕਿਹੜੀ ਸਜ਼ਾ ਦਿੱਤੀ ਜਾਵੇ।" ਸਾਹਤਦੁਰਦੀ ਬਾਦਸ਼ਾਹ ਦੇ ਮੂੰਹ ਵੱਲ ਵੇਖਦਾ ਹੋਇਆ ਉਡੀਕ ਰਿਹਾ ਸੀ ਕਿ ਉਹ ਕੀ ਕਹੇਗਾ।

"ਅਸੀਂ ਤੈਨੂੰ... ਇਸ ਕੁੜੀ ਨਾਲ ਵਿਆਹ ਦਿੰਦੇ ਹਾਂ!"


ਮੁੰਡਾ ਏਨਾ ਹੈਰਾਨ ਰਹਿ ਗਿਆ ਕਿ ਭੁੜ੍ਹਕ ਕੇ ਖੜਾ ਹੋ ਗਿਆ। ਉਹ ਤਾਂ ਇਸ ਗੱਲ ਦੀ ਉਡੀਕ ਵਿਚ ਸੀ ਕਿ ਉਸ ਨੂੰ ਫਾਹੇ ਲਾ ਦਿੱਤਾ ਜਾਵੇਗਾ। ਬਾਦਸ਼ਾਹ ਵੀ ਉੱਠ ਖਲੋਤਾ। ਉਸ ਨੇ ਆਪਣੇ ਮੂੰਹ ਤੋਂ ਨਕਲੀ ਦਾੜ੍ਹੀ, ਸਿਰ ਤੋਂ ਪਗੜੀ ਲਾਹੀ ਤੇ ਹੱਕੇ-ਬੱਕੇ ਸਾਹਤਦੁਰਦੀ ਸਾਮ੍ਹਣੇ ਉਸ ਦੀ ਜਾਨੋਂ ਪਿਆਰੀ ਤੇ ਚੰਨ ਨਾਲੋਂ ਸੁਹਣੀ ਪਤਨੀ ਖੜੀ ਸੀ।

"ਤੇ ਹੁਣ, ਮੇਰੇ ਦਿਲ ਦੇ ਜਾਨੀ," ਸ਼ਹਿਜ਼ਾਦੀ ਨੇ ਆਖਿਆ, "ਮੈਂ ਆਪਣੀ ਪਰਜਾ ਸਾਮ੍ਹਣੇ ਇਹ ਐਲਾਨ ਕਰਾਂਗੀ ਕਿ ਰਾਜਗੱਦੀ ਪੂਰੀ ਤਰ੍ਹਾਂ ਤੇਰੇ ਹਵਾਲੇ ਕਰ ਰਹੀ ਹਾਂ।"

ਇਸ ਖੁਸ਼ੀ ਵਿਚ ਚਾਲੀ ਦਿਨ ਤੇ ਚਾਲੀ ਰਾਤਾਂ ਬੜੀ ਧੂੰਮ-ਧਾਮ ਨਾਲ ਜਸ਼ਨ ਮਨਾਏ ਗਏ। ਉਸ ਵੇਲੇ ਤੋਂ ਦੋਵੇਂ ਜੀਅ ਖੁਸ਼ੀ ਖੁਸ਼ੀ ਤੇ ਅਮਨ ਚੈਨ ਨਾਲ ਰਹਿਣ ਲੱਗ ਪਏ। ਉਹਨਾਂ ਵਿਚੋਂ ਕਿਸੇ ਨੇ ਵੀ ਤੇ ਕਦੀ ਵੀ ਉਹਨਾਂ ਮੁਸੀਬਤਾਂ ਦਾ ਜ਼ਿਕਰ ਨਾ ਕੀਤਾ ਜਿਨ੍ਹਾਂ ਵਿਚੋਂ ਦੀ ਉਹ ਆਪਣੀ ਜੁਦਾਈ ਸਮੇਂ ਲੰਘੇ ਸਨ।



ਆਪੋ ਆਪਣੀਆਂ ਟੰਗਾਂ ਦੇ ਭਾਰ



ਜਿਵੇਂ ਕਿ ਸਾਰਿਆਂ ਨੂੰ ਪਤਾ ਹੈ, ਬਿਆਖ਼ਲੀਲੀ ਦਾਨੇ ਦਾ ਛੋਟਾ ਭਰਾ ਹਰੂਨ ਰਸ਼ੀਦ ਬਾਦਸ਼ਾਹ ਸੀ। ਇਕ ਵਾਰੀ ਉਸ ਨੇ ਬਿਆਖ਼ਲੀਲੀ ਨੂੰ ਆਪਣੇ ਕੋਲ ਸੱਦਿਆ ਤੇ ਆਖਿਆ :

"ਸੁਣ, ਬਿਆਖ਼ਲੀਲੀ, ਤੂੰ ਆਪਣੇ ਗੂੜ੍ਹ-ਗਿਆਨ ਤੇ ਗੁਰਬਤ ਨੂੰ ਦਫ਼ਾ ਕਰ। ਆਹ ਵੇਖ ਖ਼ਜ਼ਾਨਾ, ਤੈਨੂੰ ਜਿਸ ਚੀਜ਼ ਦੀ ਵੀ ਲੋੜ ਏ, ਲੈ ਸਕਦਾ ਏਂ।"

"ਹੇ ਬਾਦਸ਼ਾਹ ਸਲਾਮਤ," ਦਾਨੇ ਨੇ ਆਖਿਆ, "ਤੁਸੀਂ ਸੱਚ ਫ਼ਰਮਾਉਂਦੇ ਹੋ ਕਿ ਅਸੀਂ ਭਰਾ ਹਾਂ, ਪਰ ਬਾਦਸ਼ਾਹ ਦੇ ਖ਼ਜ਼ਾਨੇ ਵਿਚੋਂ ਮੈਨੂੰ ਕੁਝ ਨਹੀਂ ਚਾਹੀਦਾ। ਤੂੰ ਮੇਰੇ 'ਤੇ ਰਹਿਮ ਕਰ ਤੇ ਮੈਨੂੰ ਆਪਣਾ ਕੰਮ ਕਰਨ ਦੇ।"

ਬਿਆਖ਼ਲੀਲੀ ਦਾਨਾ ਨੇ ਜੋ ਕੁਝ ਕਹਿਣਾ ਸੀ ਕਹਿ ਦਿੱਤਾ ਤੇ ਵਿਦਾਇਗੀ ਲੈ ਕੇ ਆਪਣੇ ਕਿਬੀਤਕਾ ਵੱਲ ਚੱਲ ਪਿਆ। ਬਿਆਖ਼ਲੀਲੀ ਦਾਨੇ ਦਾ ਕਿਬੀਤਕਾ ਬਾਦਸ਼ਾਹ ਦੇ ਮਹਿਲ ਦੇ ਲਾਗੇ ਹੀ ਸੀ, ਤੇ ਹਰੂਨ ਰਸ਼ੀਦ ਆਪਣੇ ਮਹਿਲ ਦੀ ਖਿੜਕੀ ਥਾਣੀਂ ਹਰ ਵਾਰੀ ਆਪਣੇ ਵੱਡੇ ਭਰਾ ਦੀ ਮੰਦਹਾਲੀ ਵੇਖਦਾ ਸੀ ਤੇ ਉਸ ਦੀ ਉਦਾਸ ਆਵਾਜ਼ ਸੁਣਦਾ ਰਹਿੰਦਾ ਸੀ।

ਇਕ ਵਾਰੀ ਬਿਆਖ਼ਲੀਲੀ ਦਾਨਾ ਦੇ ਕਿਬੀਤਕਾ ਵਿਚੋਂ ਦੋਤਾਰਾ ਵੱਜਣ ਤੇ ਖੁਸ਼ੀ ਦਾ ਗੀਤ ਗਾਉਣ ਦੀ ਆਵਾਜ਼ ਆਈ ਤਾਂ ਹਰੂਨ ਰਸ਼ੀਦ ਬੜਾ ਹੀ ਹੈਰਾਨ ਹੋਇਆ।

"ਜਾਓ ਤੇ ਮੇਰੇ ਭਰਾ ਨੂੰ ਬੁਲਾ ਕੇ ਇਥੇ ਲਿਆਓ," ਬਾਦਸ਼ਾਹ ਨੇ ਆਪਣੇ ਅਹਿਲਕਾਰਾਂ ਨੂੰ ਹੁਕਮ ਦਿੱਤਾ। "ਇਸ ਗੱਲ ਦਾ ਪਤਾ ਕਰਨਾ ਚਾਹੀਦੇ ਕਿ ਉਸ ਨੂੰ ਕੀ ਹੋ ਗਿਐ, ਉਹ ਕਿਤੇ ਪਾਗ਼ਲ ਤਾਂ ਨਹੀਂ ਹੋ ਗਿਆ?"

ਅਹਿਲਕਾਰ ਗਏ ਤੇ ਥੋੜ੍ਹੇ ਜਿਹੇ ਸਮੇਂ ਮਗਰੋਂ ਦਾਨੇ ਨੂੰ ਆਪਣੇ ਨਾਲ ਲੈ ਆਏ।

"ਪਿਆਰੇ ਬਿਆਖ਼ਲੀਲੀ," ਹਰੂਨ ਰਸ਼ੀਦ ਨੇ ਆਖਿਆ, "ਮੈਂ ਵੇਖਦਾ ਰਿਹਾ ਹਾਂ ਕਿ ਪਹਿਲਾਂ ਤੂੰ ਹਮੇਸ਼ਾ ਉਦਾਸ ਜਿਹਾ ਰਹਿੰਦਾ ਸੈਂ ਤੇ ਤੇਰੀ ਆਵਾਜ਼ ਵਿਚ ਵੀ ਉਦਾਸੀ ਹੁੰਦੀ ਸੀ, ਪਰ ਅੱਜ ਤੂੰ ਏਨਾ ਖੁਸ਼ ਏਂ ਕਿ ਮੈਂ ਦੰਗ ਰਹਿ ਗਿਆ ਹਾਂ। ਤੈਨੂੰ ਕੀ ਹੋ ਗਿਐ?"


"ਹੇ ਬਾਦਸ਼ਾਹ ਸਲਾਮਤ, ਅੱਜ ਮੈਂ ਬਾਜ਼ਾਰ ਗਿਆ ਸਾਂ," ਬਿਆਖ਼ਲੀਲੀ ਦਾਨਾ ਨੇ ਆਖਿਆ।

"ਤਾਂ ਫਿਰ ਕੀ ਹੋਇਆ?" ਬਾਦਸ਼ਾਹ-ਭਰਾ ਹੱਕਾ ਬੱਕਾ ਰਹਿ ਗਿਆ, "ਉਥੇ ਤੂੰ ਕੋਈ ਐਸੀ ਸ਼ੈ ਵੇਖੀ ਏ ਜਿਸ ਨਾਲ ਤੈਨੂੰ ਖੁਸ਼ੀ ਹੋਈ ਹੋਵੇ?"


"ਹੇ ਮੇਰੇ ਬਾਦਸ਼ਾਹ, ਮੈਂ ਝਟਕਈਆਂ ਦੀਆਂ ਦੁਕਾਨਾਂ 'ਤੇ ਗਿਆ ਸਾਂ। ਉਥੇ ਬਕਰਿਆਂ ਤੇ ਭੇਡੂਆਂ

ਨੂੰ ਉਹਨਾਂ ਦੀਆਂ ਆਪੋ ਆਪਣੀਆਂ ਟੰਗਾਂ ਨਾਲ ਬੰਨ੍ਹ ਕੇ ਲਟਕਾਇਆ ਗਿਆ ਹੋਇਆ ਸੀ। ਹੁਣ ਤਕ ਮੈਂ ਇਸ ਗੱਲ ਦੇ ਡਰ ਕਾਰਨ ਉਦਾਸ ਰਹਿੰਦਾ ਸਾਂ ਕਿ ਅਸੀਂ ਦੋਵੇਂ ਸਕੇ ਭਰਾ ਹਾਂ ਤੇ ਸਾਨੂੰ ਇਕੱਠਿਆਂ ਨੂੰ ਤੇਰੀਆਂ ਉਹਨਾਂ ਵਧੀਕੀਆਂ ਕਾਰਨ ਇਕੋ ਭੱਠੀ ਵਿਚ ਸੜਨਾ ਪਵੇਗਾ ਜਿਹੜੀਆਂ ਤੂੰ ਰਾਜ-ਗੱਦੀ 'ਤੇ ਬੈਠਾ ਹੋਇਆ ਆਪਣੀ ਪਰਜਾ ਨਾਲ ਕਰਦਾ ਏਂ। ਪਰ ਅੱਜ ਮੈਂ ਆਪਣੀਆਂ ਅੱਖਾਂ ਨਾਲ ਵੇਖ ਲਿਆ ਹੈ ਕਿ ਹਰ ਇਕ ਨੂੰ ਆਪੋ ਆਪਣੇ ਪਾਪਾਂ ਦੀ ਸਜ਼ਾ ਭੁਗਤਣੀ ਪੈਂਦੀ ਏ।"

ਦਾਨੇ ਬਿਆਖਲੀਲੀ ਨੇ ਵਿਦਾਈ ਲਈ ਅਤੇ ਬਾਦਸ਼ਾਹ ਦੇ ਮਹਿਲ ਵਿਚੋਂ ਨਿਕਲ ਗਿਆ।



ਬੁਜ਼ਦਿਲ ਖ਼ੁਦਾਈਬੇਰਦੀ ਤੇ ਲੂੰਮੜੀ



ਇਕ ਵਾਰੀ ਖ਼ੁਦਾਈਬੇਰਦੀ ਨਾਂ ਦਾ ਆਦਮੀ ਰਹਿੰਦਾ ਹੁੰਦਾ ਸੀ। ਉਹ ਲੂੰਮੜੀਆਂ ਕੋਲੋਂ ਬੜਾ ਡਰਦਾ ਹੁੰਦਾ ਸੀ। ਜਦੋਂ ਕਦੀ ਵੀ ਸਟੈਪੀ ਜਾਂ ਜੰਗਲ ਵਿਚ ਉਹ ਉਸ ਦੀ ਨਜ਼ਰ ਪੈਂਦੀਆਂ ਤਾਂ ਉਹ ਪਾਸੇ ਨੂੰ ਹੋ ਕੇ ਲੰਘ ਜਾਂਦਾ। ਇਸੇ ਕਰਕੇ ਉਸ ਨੂੰ ਬੁਜ਼ਦਿਲ ਸਮਝਿਆ ਜਾਂਦਾ ਸੀ।

ਇਕ ਦਿਨ ਖ਼ੁਦਾਈਬੇਰਦੀ ਦੀ ਪਤਨੀ ਤੇ ਧੀ ਨੇ ਖੱਦਰ ਬੁਣ ਕੇ ਉਸ ਨੂੰ ਦਿੱਤਾ ਤੇ ਬਾਜ਼ਾਰ ਜਾ ਕੇ ਵੇਚਣ ਦਾ ਕੰਮ ਸੌਂਪਿਆ।

ਜਦੋਂ ਖ਼ੁਦਾਈਬੇਰਦੀ ਸ਼ਹਿਰ ਜਾਣ ਵਾਸਤੇ ਘੋੜੇ ਉਤੇ ਸਵਾਰ ਹੋਇਆ ਤਾਂ ਉਸ ਦੀ ਪਤਨੀ ਨੇ ਹਲਵਾ ਤੇ ਧੀ ਨੇ ਚੂਸਣ ਵਾਲੀਆਂ ਮਿੱਠੀਆਂ ਗੋਲੀਆਂ ਲਿਆਉਣ ਦੀ ਸਿਫ਼ਾਰਸ਼ ਕੀਤੀ।

"ਚੰਗਾ, ਲੈਂਦਾ ਆਵਾਂਗਾ," ਖ਼ੁਦਾਈਬੇਰਦੀ ਨੇ ਵਾਅਦਾ ਕੀਤਾ ਤੇ ਘਰ ਦੇ ਵਿਹੜੇ ਵਿਚੋਂ ਨਿਕਲ ਗਿਆ।

ਜਦੋਂ ਉਹ ਜੰਗਲ ਵਿਚੋਂ ਦੀ ਜਾ ਰਿਹਾ ਸੀ ਤਾਂ ਰਾਹ ਵਿਚ ਉਸ ਨੂੰ ਲੂੰਮੜੀ ਮਿਲ ਪਈ।

"ਤੂੰ ਕਿਧਰ ਚੱਲਿਐਂ, ਖ਼ੁਦਾਈਬੇਰਦੀ?" ਉਸ ਨੇ ਪੁੱਛਿਆ।

ਖ਼ੁਦਾਈਬੇਰਦੀ ਆਪਣਾ ਘੋੜਾ ਪਿਛਾਂਹ ਮੋੜ ਲੈਣ ਲੱਗਾ ਸੀ, ਪਰ ਲੂੰਮੜੀ ਉਸ ਦੇ ਆਲੇ ਦੁਆਲੇ ਦੌੜਦੀ ਹੋਈ ਚੱਕਰ ਲਾਉਣ ਅਤੇ ਆਪਣੀ ਪੂਛਲ ਹਿਲਾਉਣ ਲੱਗ ਪਈ।

"ਮੇਰੀ ਪਤਨੀ ਤੇ ਧੀ ਨੇ ਮੈਨੂੰ ਇਹ ਕਪੜਾ ਬਾਜ਼ਾਰ ਵੇਚਣ ਲਈ ਭੇਜਿਐ," ਖ਼ੁਦਾਈਬੇਰਦੀ ਨੇ ਜਵਾਬ ਦਿੱਤਾ।

"ਇਸ ਨੂੰ ਬਾਜ਼ਾਰ ਲੈ ਕੇ ਜਾਣ ਦੀ ਕੀ ਲੋੜ ਏ?" ਲੂੰਮੜੀ ਨੇ ਆਖਿਆ। "ਚੰਗਾ ਹੋਵੇ ਜੇ ਤੂੰ ਇਹ ਮੇਰੇ ਕੋਲ ਵੇਚ ਦੇਵੇਂ। ਤੇ ਜਦੋਂ ਤੂੰ ਸ਼ਹਿਰੋਂ ਵਾਪਸ ਆਵੇਂਗਾ ਤਾਂ ਮੈਂ ਇਸੇ ਥਾਂ 'ਤੇ ਪੈਸੇ ਰਖ ਦਿਆਂਗੀ।"

"ਚੰਗਾ," ਖ਼ੁਦਾਈਬੇਰਦੀ ਸਹਿਮਤ ਹੋ ਗਿਆ। "ਪਰ ਇਕ ਸ਼ਰਤ ਰਹੀ: ਜਦੋਂ ਮੈਂ ਵਾਪਸ ਆ ਰਿਹਾ ਹੋਵਾਂਗਾ ਤਾਂ ਪੈਸੇ ਪਹਿਲਾਂ ਹੀ ਝਾੜੀ ਹੇਠਾਂ ਰਖ ਦਈਂ।"

"ਤੂੰ ਕੋਈ ਫ਼ਿਕਰ ਨਾ ਕਰ!" ਲੂੰਮੜੀ ਨੇ ਆਖਿਆ।

ਖ਼ੁਦਾਈਬੇਰਦੀ ਨੇ ਲੂੰਮੜੀ ਦਾ ਇਤਬਾਰ ਕਰ ਲਿਆ ਤੇ ਕਪੜਾ ਉਸ ਨੂੰ ਦੇ ਕੇ ਸ਼ਹਿਰ ਚਲਾ ਗਿਆ।

ਸ਼ਹਿਰ ਦੇ ਬਾਜ਼ਾਰ ਵਿਚ ਜਦੋਂ ਉਸ ਨੇ ਹਲਵਾ ਤੇ ਮਿੱਠੀਆਂ ਗੋਲੀਆਂ ਵੇਖੀਆਂ ਤਾਂ ਉਸ ਨੂੰ ਆਪਣੀ ਪਤਨੀ ਤੇ ਧੀ ਦੀ ਫ਼ਰਮਾਇਸ਼ ਦਾ ਚੇਤਾ ਆ ਗਿਆ। ਪਰ ਇਹਨਾਂ ਨੂੰ ਖ਼ਰੀਦਣ ਵਾਸਤੇ ਉਸ ਦੇ ਕੋਲ ਕੋਈ ਪੈਸਾ ਨਹੀਂ ਸੀ। ਉਹ ਆਪਣੇ ਘੋੜੇ ਉਤੇ ਚੜ੍ਹਿਆ ਤੇ ਖਾਲੀ ਹੱਥੀਂ ਘਰ ਨੂੰ ਚੱਲ ਪਿਆ।

ਜਦੋਂ ਉਹ ਉਸ ਥਾਂ ਪਹੁੰਚਾ ਜਿਥੇ ਉਸ ਨੂੰ ਲੂੰਮੜੀ ਮਿਲੀ ਸੀ ਤਾਂ ਖ਼ੁਦਾਈਬੇਰਦੀ ਨੇ ਝਾੜੀ ਹੇਠਾਂ ਵੇਖਿਆ, ਪਰ ਉਥੇ ਨਾ ਪੈਸੇ, ਨਾ ਕਪੜਾ ਤੇ ਨਾ ਹੀ ਲੂੰਮੜੀ ਸੀ।

ਉਹ ਉਥੇ ਬੈਠਾ ਬੜਾ ਉਡੀਕਦਾ ਰਿਹਾ ਕਿ ਲੂੰਮੜੀ ਪੈਸੇ ਲੈ ਕੇ ਆਉਂਦੀ ਹੋਵੇਗੀ, ਪਰ ਉਹ ਹੋਰ ਨਾ ਉਡੀਕ ਸਕਿਆ ਤੇ ਉਸੇ ਤਰ੍ਹਾਂ ਖਾਲੀ ਥੈਲੀ ਲੈ ਕੇ ਘਰ ਚਲਾ ਗਿਆ।

"ਤੂੰ ਹਲਵਾ ਲਿਆਇਐਂ?" ਉਸ ਨੂੰ ਪਤਨੀ ਨੇ ਪੁੱਛਿਆ।

"ਨਹੀਂ, ਭਾਗਾਂ ਵਾਲੀਏ, ਬਾਜ਼ਾਰ ਵਿਚ ਹਲਵਾ ਹੈ ਈ ਨਹੀਂ ਸੀ," ਖ਼ੁਦਾਈਬੇਰਦੀ ਨੇ ਜਵਾਬ ਦਿੱਤਾ।

"ਤੂੰ ਮਿੱਠੀਆਂ ਗੋਲੀਆਂ ਲਿਆਇਐਂ?" ਧੀ ਨੇ ਪੁੱਛਿਆ।

"ਨਹੀਂ, ਧੀਏ, ਜਦੋਂ ਤਕ ਮੈਂ ਪੰਸਾਰੀ ਦੀ ਦੁਕਾਨ 'ਤੇ ਪਹੁੰਚਾ ਤਦ ਤਕ ਸਾਰੀਆਂ ਮਿੱਠੀਆਂ ਗੋਲੀਆਂ ਵਿਕ ਚੁਕੀਆਂ ਸਨ।"

"ਤੇ ਕਪੜਾ ਵੇਚ ਕੇ ਪੈਸੇ ਲਿਆਂਦੇ ਨੇ?" ਪਤਨੀ ਨੇ ਪੁੱਛਿਆ।

"ਆਇ–ਹਾਇ, ਭਾਗਾਂ ਵਾਲੀਏ," ਖ਼ੁਦਾਈਬੇਰਦੀ ਨੇ ਜਵਾਬ ਦਿੱਤਾ, "ਜਦੋਂ ਮੈਂ ਬਾਜ਼ਾਰ ਜਾ ਰਿਹਾ ਸਾਂ ਤਾਂ ਰਾਹ ਵਿਚ ਮੈਨੂੰ ਲੂੰਮੜੀ ਮਿਲ ਪਈ। ਉਹਨੇ ਕਪੜਾ ਖ਼ਰੀਦ ਲਿਆ ਸੀ ਤੇ ਪੈਸੇ ਝਾੜੀ ਹੇਠਾਂ ਰਖ ਦੇਣ ਦਾ ਵਾਅਦਾ ਕੀਤਾ ਸੀ। ਪਰ ਉਸ ਨੇ ਮੈਨੂੰ ਧੋਖਾ ਦਿੱਤੈ ਤੇ ਪੈਸੇ ਨਹੀਂ ਲਿਆਂਦੇ।"

ਪਤਨੀ ਖ਼ੁਦਾਈਬੇਰਦੀ ਉਤੇ ਟੁਟ ਪਈ।

"ਇਸ ਤਰ੍ਹਾਂ ਕਦੀ ਹੋਇਐ, ਭਲਾ, ਕਿ ਲੋਕੀਂ ਲੂੰਮੜੀ ਨਾਲ ਸੌਦੇ ਕਰਦੇ ਹੋਣ? ਉਂਝ ਵੀ, ਲੂੰਮੜੀ ਦਾ ਇਤਬਾਰ, ਭਲਾ, ਕੀਤਾ ਜਾ ਸਕਦੈ! ਹੁਣ ਉਹ ਆਪਣੇ ਘੁਰਨੇ 'ਚ ਬੈਠੀ ਹੋਈ ਤੇਰੇ ਉਤੇ ਹੱਸ ਰਹੀ ਹੋਣੀ ਏਂ। ਹੁਣੇ ਜਾ ਤੇ ਉਹਦਾ ਘੁਰਨਾ ਲੱਭ ਕੇ ਉਸ ਕੋਲੋਂ ਜਾਂ ਤਾਂ ਪੈਸੇ ਜਾਂ ਫਿਰ ਕਪੜਾ ਲੈ ਕੇ ਆ!"

"ਤੂੰ ਕੀ ਕਹਿੰਦੀ ਪਈ ਏਂ, ਭਾਗਾਂ ਵਾਲੀਏ," ਖ਼ੁਦਾਈਬੇਰਦੀ ਸਹਿਮ ਗਿਆ, "ਮੈਂ ਉਸ ਕੋਲ ਕਿਵੇਂ ਜਾ ਸਕਦਾਂ, ਉਸ ਨੇ ਤਾਂ ਮੈਨੂੰ ਧਮਕੀ ਦਿੱਤੀ ਸੀ: 'ਜੇ ਤੂੰ ਕਪੜਾ ਮੇਰੇ ਕੋਲ ਨਾ ਵੇਚਿਆ ਤਾਂ ਮੈਂ ਤੈਨੂੰ ਤੇਰੇ ਘੋੜੇ ਸਮੇਤ ਖਾ ਜਾਵਾਂਗੀ।'"

"ਬੁਜ਼ਦਿਲ!" ਪਤਨੀ ਕੜਕੀ। "ਲੋਕੀਂ ਤੇਰੇ ਮੂੰਹ ਉਤੇ ਹੀ ਤੈਨੂੰ ਬੁਜ਼ਦਿਲ ਐਵੇਂ ਨਹੀਂ ਕਹਿੰਦੇ!" ਤੇ ਉਹ ਘਸੁੰਨ ਵੱਟ ਕੇ ਉਹਦੇ ਵੱਲ ਵਧੀ।

"ਖਲੋਈਂ, ਭਾਗਾਂ ਵਾਲੀਏ," ਖ਼ੁਦਾਈਬੇਰਦੀ ਨੇ ਆਖਿਆ, "ਮੈਨੂੰ ਲੂੰਮੜੀ ਨਾਲੋਂ ਦਿਓਆਂ ਨਾਲ ਵਾਰਾ ਸੱਟਾ ਲੈਣਾ ਸੌਖੈ। ਇਹਦੇ ਨਾਲੋਂ ਚੰਗਾ ਤਾਂ ਇਹ ਹੋਵੇ ਜੇ ਤੂੰ ਮੈਨੂੰ ਪੈਸੇ ਲੈਣ ਲਈ ਦਿਓਆਂ ਕੋਲ ਘੱਲੇਂ।"

"ਮੇਰੀ ਜਾਣੇ ਬਲਾ, ਜਿਥੋਂ ਮਰਜ਼ੀ ਪੈਸੇ ਲੱਭ ਕੇ ਲਿਆ!" ਘਰਵਾਲੀ ਨੇ ਚੀਕਣਾ ਜਾਰੀ ਰਖਿਆ। "ਆਪਣੇ ਆਪ ਨੂੰ ਸੂਰਮਾ ਸਮਝਦਾ ਫਿਰਦੈ! ਤੂੰ ਦਿਓਆਂ ਕੋਲ ਜਾਣ ਲਈ ਤਿਆਰ ਏਂ ਪਰ ਲੂੰਮੜੀ ਦੀ ਪੂਛਲ ਕੋਲੋਂ ਵੀ ਡਰਦਾ ਏਂ।"

"ਤੂੰ ਵੇਖ ਸਹੀ, ਮੈਂ ਦਿਓਆਂ ਕੋਲ ਜਾਵਾਂਗਾ," ਖ਼ੁਦਾਈਬੇਰਦੀ ਨੇ ਦ੍ਰਿੜ੍ਹਤਾ ਨਾਲ ਆਖਿਆ। "ਭਲਕੇ ਹੀ ਜਾਵਾਂਗਾ ਤੇ ਉਹਨਾਂ ਕੋਲੋਂ ਪੈਸੇ ਲੈ ਕੇ ਆਵਾਂਗਾ।"

ਅਗਲੇ ਦਿਨ ਖ਼ੁਦਾਈਬੇਰਦੀ ਦਿਓਆਂ ਕੋਲ ਜਾਣ ਲਈ ਤਿਆਰੀ ਕਰਨ ਲੱਗ ਪਿਆ। ਜਦੋਂ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਉਸ ਦੀ ਖ਼ਿੱਲੀ ਉਡਾਉਣ ਲੱਗ ਪਏ:

"ਸਾਡਾ ਬੁਜ਼ਦਿਲ ਖ਼ੁਦਾਈਬੇਰਦੀ ਦਿਓਆਂ ਨਾਲ ਟੱਕਰ ਲੈਣ ਜਾ ਰਿਹੈ!"

ਖ਼ੁਦਾਈਬੇਰਦੀ ਮੁਰਗੀਖ਼ਾਨੇ ਵਿਚ ਗਿਆ ਤੇ ਇਕ ਆਂਡਾ ਫੜ ਕੇ ਜੇਬ ਵਿਚ ਪਾ ਲਿਆ। ਰਾਹ ਵਿਚ

ਉਸ ਨੂੰ ਖੋਤੇ ਦੀ ਪੂਛ ਮਿਲ ਗਈ ਜਿਸ ਨੂੰ ਉਸ ਨੇ ਆਪਣੀ ਬਗ਼ਲ ਵਿਚ ਸੁਟ ਲਿਆ। ਫਿਰ ਉਹ ਖੇਤਾਂ ਵਿਚ ਲਾਏ ਗਏ ਜਾਲ ਵੇਖਣ ਗਿਆ ਜਿਨ੍ਹਾਂ ਵਿਚ ਇਕ ਤਿੱਤਰ ਫਸਿਆ ਹੋਇਆ ਸੀ। ਖ਼ੁਦਾਈਬੇਰਦੀ ਨੇ ਤਿੱਤਰ ਨੂੰ ਫੜਿਆ ਤੇ ਆਪਣੀ ਬਗ਼ਲ ਵਿਚ ਸੁਟ ਲਿਆ। ਉਸ ਮਗਰੋਂ ਉਸ ਨੇ ਕੁਝ ਰੱਸੀਆਂ ਦਾ ਇਕ ਪਿੰਨਾ ਬਣਾਇਆ ਤੇ ਆਪਣੀ ਪਤਨੀ ਤੇ ਧੀ ਕੋਲੋਂ ਵਿਦਾਈ ਲੈ ਕੇ ਸਫ਼ਰ ਉਤੇ ਚੱਲ ਪਿਆ।

ਖ਼ੁਦਾਈਬੇਰਦੀ ਔਖਾ ਸੌਖਾ ਹੋ ਕੇ ਉਸ ਗੁਫ਼ਾ ਤਕ ਪਹੁੰਚ ਗਿਆ ਜਿਸ ਵਿਚ ਦਿਓ ਰਹਿੰਦੇ ਸਨ। ਉਸ ਨੇ ਅੰਦਰ ਉਹਨਾਂ ਨਾਲ ਜਾ ਕੇ ਦਵਾ-ਸਲਾਮ ਕੀਤੀ।

ਸਭ ਤੋਂ ਵੱਡੇ ਦਿਓ ਨੇ ਉਸ ਨੂੰ ਆਖਿਆ:

"ਅਸੀਂ ਤੇਰੀ ਬੋਟੀ ਬੋਟੀ ਕਰ ਦੇਣੀ ਸੀ ਤੇ ਹੱਡੀਆਂ ਸਮੇਤ ਖਾ ਜਾਣਾ ਸੀ ਜੇ ਤੂੰ ਸਾਡੇ ਨਾਲ ਦਵਾ-ਸਲਾਮ ਨਾ ਕਰਦਾ। ਹੱਛਾ, ਇਹ ਦੱਸ ਕਿ ਤੂੰ ਕੌਣ ਏਂ?"

"ਮੇਰਾ ਨਾਂ ਖ਼ੁਦਾਈਬੇਰਦੀ ਭਲਵਾਨ ਏ," ਉਸ ਨੇ ਜਵਾਬ ਦਿੱਤਾ।

"ਤਾਂ ਫਿਰ ਆ, ਸਾਡੇ ਚੁਲ੍ਹੇ ਲਾਗੇ ਮਹਿਮਾਨ ਬਣ ਕੇ ਬੈਠ ਜਾ।"

ਜਦ ਖ਼ੁਦਾਈਬੇਰਦੀ ਬੈਠ ਗਿਆ ਤਾਂ ਵੱਡੇ ਦਿਓ ਨੇ ਆਖਿਆ:

"ਸਾਡੇ ਵਿਚੋਂ ਇਕ ਦਿਓ ਭਲਵਾਨ ਏ। ਜੇ ਤੂੰ ਉਹਦੇ ਗੋਡੇ ਲਵਾ ਦਏਂ ਤਾਂ ਅਸੀਂ ਤੈਨੂੰ ਮੂੰਹ ਮੰਗਿਆ ਇਨਾਮ ਦਿਆਂਗੇ, ਪਰ ਜੇ ਉਹਨੇ ਤੇਰੇ ਗੋਡੇ ਲਵਾ ਦਿੱਤੇ ਤਾਂ ਅਸੀਂ ਤੈਨੂੰ ਉਸੇ ਵੇਲੇ ਖਾ ਜਾਣੈ।"

ਦਿਓਆਂ ਨੇ ਆਪਣੇ ਭਲਵਾਨ ਨੂੰ ਬੁਲਾਇਆ ਤੇ ਖ਼ੁਦਾਈਬੇਰਦੀ ਨਾਲ ਕੁਸ਼ਤੀ ਲੜਨ ਲਈ ਲਾ ਦਿੱਤਾ। ਖ਼ੁਦਾਈਬੇਰਦੀ ਦੀਆਂ ਹੱਡੀਆਂ ਕੜਕਣ ਲੱਗੀਆਂ ਤੇ ਅੱਖਾਂ ਨਿਕਲ ਕੇ ਬਾਹਰ ਆ ਗਈਆਂ। ਆਪਣੀ ਮੌਤ ਦੀ ਘੜੀ ਦੀ ਉਡੀਕ ਕਰਦਿਆਂ ਉਸ ਨੇ ਆਪਣਾ ਸਿਰ ਪਿਛੇ ਵੱਲ ਝਟਕਿਆ। ਜਦੋਂ ਦਿਓ ਭਲਵਾਨ ਨੇ ਵੇਖਿਆ ਕਿ ਖ਼ੁਦਾਈਬੇਰਦੀ ਅਸਮਾਨ ਵੱਲ ਟਿਕਟਿਕੀ ਲਾ ਕੇ ਵੇਖ ਰਿਹਾ ਸੀ ਤਾਂ ਉਸ ਨੇ ਪੁੱਛਿਆ:

"ਤੂੰ ਅਸਮਾਨ ਵਿਚ ਕੀ ਵੇਖ ਰਿਹੈਂ?"

ਖ਼ੁਦਾਈਬੇਰਦੀ ਨੇ ਆਪਣੀ ਰਹਿੰਦੀ ਖੂੰਹਦੀ ਤਾਕਤ ਬਟੋਰੀ ਤੇ ਜਵਾਬ ਦਿੱਤਾ:

"ਮੈਂ ਉਹ ਤਾਰਾ ਵੇਖ ਰਿਹਾ ਹਾਂ, ਜਿਸ ਵੱਲ ਮੈਂ ਤੈਨੂੰ ਹੁਣੇ ਹੀ ਵਗਾਹ ਮਾਰਾਂਗਾ।"

ਏਨਾ ਸੁਣ ਕੇ ਦਿਓ ਭਲਵਾਨ ਨੇ ਖ਼ੁਦਾਈਬੇਰਦੀ ਨੂੰ ਛੱਡ ਦਿੱਤਾ ਤੇ ਉਥੋਂ ਭੱਜ ਨਿਕਲਿਆ। ਖ਼ੁਦਾਈਬੇਰਦੀ ਵੀ ਉਹਦੇ ਪਿਛੇ ਪਿਛੇ ਦੌੜਨ ਲੱਗ ਪਿਆ।

"ਰੁਕ ਜਾ, ਰੁਕ ਜਾ!" ਵੱਡੇ ਦਿਓ ਨੇ ਆਖਿਆ। "ਤੂੰ ਸਾਡੇ ਭਲਵਾਨ ਦੀ ਅਲਖ ਨਾ ਮੁਕਾਈਂ। ਅਸੀਂ ਉਹਦੀ ਜਾਨ ਬਖ਼ਸ਼ਣ ਦੇ ਬਦਲੇ ਤੈਨੂੰ ਪੈਸੇ ਦਿਆਂਗੇ।"

"ਚਲੋ, ਠੀਕ ਏ," ਖ਼ੁਦਾਈਬੇਰਦੀ ਰਜ਼ਾਮੰਦ ਹੋ ਗਿਆ, "ਉਹ ਬਚ ਗਿਆ ਸਮਝੋ। ਪਰ ਪੈਸੇ ਮੈਨੂੰ ਕਿਸੇ ਧੋਖੇ ਠੱਗੀ ਤੋਂ ਬਿਨਾਂ ਦੇ ਦੇਣੇ।"

ਏਨਾ ਕਹਿ ਕੇ ਖ਼ੁਦਾਈਬੇਰਦੀ ਦਿਓਆਂ ਲਾਗੇ ਬੈਠ ਗਿਆ ਤੇ ਹੋਰ ਇਹ ਆਖਿਆ:

"ਹੁਣ ਮੈਂ ਇਹ ਵੇਖਣਾ ਚਾਹੁੰਦਾ ਹਾਂ ਕਿ ਕਿਸ ਦੇ ਪਿੱਸੂ ਵੱਡੇ ਨੇ: ਮੇਰੇ ਜਾਂ ਤੁਹਾਡੇ?"

ਵੱਡੇ ਦਿਓ ਨੇ ਆਪਣੇ ਸਰੀਰ ਨਾਲੋਂ ਘਸੁੰਨ ਜਿੱਡਾ ਦਾ ਇਕ ਪਿੱਸੂ ਤੋੜਿਆ। ਖ਼ੁਦਾਈਬੇਰਦੀ ਨੇ ਆਪਣੀ ਬਗ਼ਲ ਵਿਚੋਂ ਤਿੱਤਰ ਕੱਢ ਕੇ ਸੁੱਟਿਆ।

ਤਿੱਤਰ ਨੇ ਜ਼ੋਰ ਜ਼ੋਰ ਦੀ ਖੰਭ ਹਿਲਾਏ ਤੇ ਕਿਧਰੇ ਉੱਡ ਗਿਆ।

"ਬੱਲੇ, ਬੱਲੇ, ਕਿੱਡਾ ਵੱਡਾ ਪਿੱਸੂ ਏ!" ਦਿਓ ਹੱਕੇ-ਬੱਕੇ ਰਹਿ ਗਏ।

"ਭਲਵਾਨਾਂ ਦੇ ਪਿੱਸੂ ਵੀ ਭਲਵਾਨ ਹੁੰਦੇ ਨੇ," ਖ਼ੁਦਾਈਬੇਰਦੀ ਨੇ ਆਖਿਆ। "ਤੇ ਹੁਣ ਇਹ ਵਿਖਾਓ ਕਿ ਤੁਹਾਡੇ ਵਾਲ ਕਿੰਨੇ–ਕੁ ਮੋਟੇ ਨੇ।"

ਵੱਡੇ ਦਿਓ ਨੇ ਆਪਣੇ ਸਿਰ ਵਿਚੋਂ ਇਕ ਵਾਲ ਪੁੱਟਿਆ ਜਿਹੜਾ ਘੋੜੇ ਦੇ ਦਸ ਵਾਲਾਂ ਜਿੰਨਾ ਮੋਟਾ ਸੀ। ਖ਼ੁਦਾਈਬੇਰਦੀ ਨੇ ਭੇਡ ਦੀ ਖੱਲ ਦੀ ਆਪਣੀ ਟੋਪੀ ਵਿਚੋਂ ਖੋਤੇ ਦੀ ਪੂਛਲ ਕੱਢ ਮਾਰੀ।

ਦਿਓ ਫਿਰ ਬੜੇ ਹੈਰਾਨ ਹੋਏ ਤੇ ਕਿਹਾ:

"ਵਾਹ, ਇਹ ਹੋਏ ਨਾ ਵਾਲ! ਤੇਰਾ ਸਿਰ ਇਹੋ ਜਿਹੇ ਵਾਲਾਂ ਦਾ ਭਾਰ ਕਿਵੇਂ ਸਹਾਰਦੈ?!"

"ਭਲਵਾਨਾਂ ਦੇ ਵਾਲ ਵੀ ਭਲਵਾਨ ਹੁੰਦੇ ਨੇ," ਖ਼ੁਦਾਈਬੇਰਦੀ ਨੇ ਜਵਾਬ ਦਿੱਤਾ। "ਆਓ, ਅਖ਼ੀਰ ਵਿਚ, ਲੱਤਾਂ ਦਾ ਜ਼ੋਰ ਅਜ਼ਮਾਈਏ। ਤੁਹਾਡੇ ਵਿਚੋਂ ਕਿਹੜਾ ਜ਼ਮੀਨ ਵਿਚੋਂ ਤੇਲ ਕੱਢ ਸਕਦੈ?"

ਦਿਓ ਉਠ ਖੜੇ ਹੋਏ ਤੇ ਆਪਣੇ ਪੈਰਾਂ ਨਾਲ ਮਿੱਟੀ ਮਧੋਲਣ ਲੱਗ ਪਏ। ਉਧਰ ਖ਼ੁਦਾਈਬੇਰਦੀ ਨੇ ਅਛੋਪਲੇ ਜਿਹੇ ਆਪਣੀ ਜੇਬ ਵਿਚੋਂ ਆਂਡਾ ਕੱਢਿਆ, ਉਸ ਨੂੰ ਇਕ ਪੱਥਰ ਉਤੇ ਰੱਖਿਆ ਤੇ ਉਸ ਉਤੇ ਥੋੜ੍ਹੀ ਜਿਹੀ ਰੇਤ ਪਾ ਦਿੱਤੀ।

ਦਿਓ ਪੂਰੇ ਜ਼ੋਰ ਨਾਲ ਜ਼ਮੀਨ ਉਤੇ ਪੈਰ ਮਾਰਨ ਲੱਗੇ। ਧਰਤੀ ਕੰਬ ਰਹੀ ਸੀ ਪਰ ਉਸ ਵਿਚੋਂ ਤੇਲ ਬਿਲਕੁਲ ਨਾ ਨਿਕਲਿਆ।

"ਕਿਥੇ ਏ ਤੇਲ?" ਖ਼ੁਦਾਈਬੇਰਦੀ ਨੇ ਪੁੱਛਿਆ।

ਦਿਓ ਆਪਣੇ ਪੈਰਾਂ ਨਾਲ ਜ਼ਮੀਨ ਨੂੰ ਇੰਜ ਲਿਤਾੜਨ ਲੱਗੇ ਕਿ ਉਹਨਾਂ ਦੀ ਧਮਕ ਨਾਲ ਪੰਜ ਸੌ ਸਾਲ ਪੁਰਾਣਾ ਚਿਨਾਰ ਦਾ ਦਰਖ਼ਤ ਵੀ ਡਿੱਗ ਪਿਆ ਪਰ ਤੇਲ ਨਾ ਨਿਕਲਿਆ।

"ਪਲੀ ਭਰ ਤੇਲ ਵੀ ਨਹੀਂ ਕੱਢ ਸਕੇ," ਖ਼ੁਦਾਈਬੇਰਦੀ ਨੇ ਆਖਿਆ। "ਲਓ, ਹੁਣ ਮੇਰੇ ਵੱਲ ਵੇਖੋ, ਮੈਂ ਤੇਲ ਕੱਢ ਕੇ ਵਿਖਾਉਂਦਾ ਹਾਂ।"

ਏਨਾ ਕਹਿ ਕੇ ਉਸ ਨੇ ਰੇਤ ਵਿਚ ਦੱਬੇ ਹੋਏ ਆਂਡੇ ਉਤੇ ਆਪਣਾ ਪੈਰ ਰਖ ਦਿੱਤਾ ਤੇ ਹੇਠੋਂ ਜ਼ਰਦੀ ਨਿਕਲ ਆਈ।

ਦਿਓ ਹੱਕੇ ਬੱਕੇ ਰਹਿ ਗਏ ਤੇ ਖ਼ੁਦਾਈਬੇਰਦੀ ਦੇ ਦੁਆਲੇ ਜੁੜ ਗਏ। ਵੱਡੇ ਦਿਓ ਨੇ ਕਿਹਾ:

"ਬੱਲੇ, ਤੇਰੇ ਵਿਚ ਕਿੰਨੀ ਤਾਕਤ ਏ।"

"ਤੇ ਹੁਣ ਇਹ ਮੁਕਾਬਲਾ ਕਰਦੇ ਹਾਂ ਕਿ ਸਾਡੇ ਵਿਚੋਂ ਕਿਹੜਾ ਬਹੁਤੇ ਦਰਖ਼ਤ ਡੇਗੇਗਾ!"


ਦਿਓਆਂ ਨੇ ਸਹਿਮਤੀ ਪ੍ਰਗਟ ਕੀਤੀ ਤੇ ਸਦੀਆਂ ਪੁਰਾਣੇ ਦਰਖ਼ਤਾਂ ਨੂੰ, ਜਿਨ੍ਹਾਂ ਦੀਆਂ ਜੜ੍ਹਾਂ ਬੜੀਆਂ ਮਜ਼ਬੂਤ ਸਨ, ਜ਼ਮੀਨ ਵਿਚੋਂ ਪੁੱਟਣ ਲੱਗੇ।

ਜਦੋਂ ਹਰ ਇਕ ਦਿਓ ਨੇ ਦਸ ਦਸ ਦਰਖ਼ਤ ਪੁੱਟ ਲਏ ਤਾਂ ਖ਼ੁਦਾਈਬੇਰਦੀ ਨੇ ਰੱਸੀਆਂ ਦਾ ਪਿੰਨਾ ਉਧੇੜਨਾ ਸ਼ੁਰੂ ਕਰ ਦਿੱਤਾ।

"ਇਹ ਤੂੰ ਕੀ ਕਰਨ ਲੱਗਾ ਏਂ?" ਵੱਡੇ ਦਿਓ ਨੇ ਪੁੱਛਿਆ।

"ਮੈਂ ਇਕ ਇਕ ਕਰ ਕੇ ਦਰਖ਼ਤ ਨਹੀਂ ਪੁਟਣੇ ਚਾਹੁੰਦਾ!" ਖ਼ੁਦਾਈਬੇਰਦੀ ਨੇ ਜਵਾਬ ਦਿੱਤਾ। "ਮੈਂ ਰੱਸੀਆਂ ਨਾਲ ਤੁਹਾਡਾ ਸਾਰਾ ਜੰਗਲ ਵਲ ਕੇ ਸਾਰੇ ਦਰਖ਼ਤ ਇਕੋ ਝਟਕੇ ਨਾਲ ਪੁੱਟਣੇ ਚਾਹੁੰਦਾ ਹਾਂ।"

"ਹੈਂ, ਹੈਂ!" ਦਿਓ ਡਰ ਗਏ। "ਇਹ ਜੰਗਲ ਸਾਡੇ ਦਾਦਿਆਂ ਪੜਦਾਦਿਆਂ ਨੇ ਲਾਇਆ ਸੀ! ਤੂੰ ਇਹਦਾ ਲਿਹਾਜ਼ ਕਰ ਦੇ ਤੇ ਅਸੀਂ ਤੈਨੂੰ ਪੈਸਿਆਂ ਤੋਂ ਇਲਾਵਾ ਸੁਗਾਤਾਂ ਵੀ ਦਿਆਂਗੇ!"



"ਚੰਗਾ, ਜਿਵੇਂ ਤੁਹਾਡੀ ਮਰਜ਼ੀ," ਖ਼ੁਦਾਈਬੇਰਦੀ ਸਹਿਮਤ ਹੋ ਗਿਆ। "ਲਿਆਓ ਏਧਰ ਪੈਸੇ ਤੇ ਸੁਗਾਤਾਂ।"

ਦਿਓਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹਨਾਂ ਨੇ ਵੱਡੇ ਵੱਡੇ ਬੇਲਚੇ ਚੁਕਣ ਵਿਚ ਕੋਈ ਦੇਰ ਨਾ ਲਾਈ ਤੇ ਧਰਤੀ ਵਿਚ ਦੱਬਿਆ ਹੋਇਆ ਸੋਨਾ ਪੁਟਣ ਲਈ ਤੁਰ ਪਏ।

ਜਦੋਂ ਉਹ ਜਾਣ ਲੱਗੇ ਸਨ ਤਾਂ ਵੱਡੇ ਦਿਓ ਨੇ ਚਾਲੀ ਬਾਲਟੀਆਂ ਜਿੱਡੀ ਪਲਾਓ ਦੀ ਭਰੀ ਹੋਈ ਦੇਗ ਵੱਲ ਇਸ਼ਾਰਾ ਕਰਦਿਆਂ ਖ਼ੁਦਾਈਬੇਰਦੀ ਨੂੰ ਕਿਹਾ:

"ਜੇ ਤੈਨੂੰ ਭੁੱਖ ਲੱਗ ਗਈ ਏ ਤਾਂ ਦੇਗ ਲਾਗੇ ਬਹਿ ਜਾ ਤੇ ਜੀਅ ਭਰ ਕੇ ਪਲਾਓ ਖਾ ਲੈ, ਤੇ ਅਸੀਂ ਜਦੋਂ ਵਾਪਸ ਆਵਾਂਗੇ, ਤੇਰੇ ਮਗਰੋਂ ਬਚਿਆ-ਖੁੱਚਿਆ ਖਾ ਲਵਾਂਗੇ।"

ਜਦੋਂ ਦਿਓ ਚਲੇ ਗਏ ਤਾਂ ਖ਼ੁਦਾਈਬੇਰਦੀ ਨੇ ਇਕ ਟੋਇਆ ਪੁੱਟਿਆ ਤੇ ਦੇਗ ਵਿਚੋਂ ਬੇਲਚੇ ਨਾਲ ਸਾਰਾ ਪਲਾਓ ਕੱਢ ਕੇ ਟੋਏ ਵਿਚ ਦੱਬ ਦਿੱਤਾ।

ਜਦੋਂ ਦਿਓ ਵਾਪਸ ਆਏ ਤਾਂ ਕੀ ਵੇਖਦੇ ਹਨ ਕਿ ਖ਼ੁਦਾਈਬੇਰਦੀ ਦੇਗ ਵਿਚ ਵੜ ਕੇ ਉਸ ਦਾ ਥੱਲਾ ਚੱਟੀ ਜਾ ਰਿਹਾ ਸੀ। ਹੈਰਾਨੀ ਵਿਚ ਉਹਨਾਂ ਦੇ ਮੂੰਹ ਟੱਡੇ ਗਏ।

"ਏਨਾ ਪਲਾਓ ਤਾਂ ਸਾਡੇ ਸਾਰਿਆਂ ਕੋਲੋਂ ਵੀ ਨਹੀਂ ਮੁੱਕਣਾ ਸੀ, ਪਰ ਇਸ ਨੇ ਇਕੱਲੇ ਨੇ ਹੀ ਸਾਰਾ ਖਾ ਲਿਆ।"

ਵੱਡੇ ਦਿਓ ਨੇ ਗੁੱਫ਼ਾ ਵਿਚ ਸੱਤ ਥੈਲੇ ਸੋਨੇ ਨਾਲ ਭਰ ਦਿੱਤੇ ਤੇ ਖ਼ੁਦਾਈਬੇਰਦੀ ਨੂੰ ਆਖਿਆ:

"ਹੁਣ ਤੂੰ ਸੌਂ ਜਾ, ਸਵੇਰੇ ਮੈਂ ਕਿਸੇ ਦਿਓ ਨੂੰ ਕਹਾਂਗਾ ਕਿ ਉਹ ਤੈਨੂੰ ਤੇਰੇ ਘਰ ਛੱਡ ਆਵੇ।"

ਦਿਓਆਂ ਨੇ ਗੁਫ਼ਾ ਦੇ ਅੰਦਰ ਵਿਛੌਣਾ ਤਿਆਰ ਕੀਤਾ ਤੇ ਖ਼ੁਦਾਈਬੇਰਦੀ ਨੂੰ ਸ਼ੇਰ ਦੀ ਖੱਲ ਦੇ ਕੇ ਬਾਹਰ ਨਿਕਲ ਗਏ। ਉਹ ਹੌਲੀ ਹੌਲੀ ਆਪਸ ਵਿਚ ਸਲਾਹ-ਮਸ਼ਵਰਾ ਕਰਨ ਲੱਗੇ।

"ਅਸੀਂ ਇਸ ਖ਼ੁਦਾਈਬੇਰਦੀ ਭਲਵਾਨ ਦਾ ਕੀ ਕਰੀਏ?" ਵੱਡੇ ਦਿਓ ਨੇ ਆਖਿਆ। "ਉਹਨੇ ਸਾਡਾ ਸੋਨਾ ਲੈ ਜਾਣੈ, ਤੇ ਕੀ ਪਤੈ, ਅੱਗੇ ਤੋਂ ਸਾਨੂੰ ਤਾਵਾਨ ਵੀ ਲਾ ਦਏ।"

"ਹੁਣ ਉਸ ਨੇ ਸਾਡੇ ਕੋਲੋਂ ਸੋਨਾ ਲੈਣ ਦਾ ਰਾਹ ਜ਼ਰੂਰ ਪਾ ਲੈਣੈ," ਦੂਜੇ ਦਿਓ ਨੇ ਆਖਿਆ।

"ਚਲੋ ਇਹਨੂੰ ਮਾਰ ਦਈਏ," ਤੀਜੇ ਦਿਓ ਨੇ ਸਲਾਹ ਦਿੱਤੀ। "ਰਾਤੀਂ ਜਦੋਂ ਉਹ ਸੌਂ ਜਾਵੇਗਾ ਤਾਂ ਅਸੀਂ ਚੋਰ-ਪੈਰੀਂ ਜਾ ਕੇ ਉਹਦੀ ਜਾਨ ਕੱਢ ਦਿਆਂਗੇ।"

ਖ਼ੁਦਾਈਬੇਰਦੀ ਨੇ ਉਹਨਾਂ ਦੀਆਂ ਗੱਲਾਂ ਸੁਣ ਲਈਆਂ ਤੇ ਉਹ ਵਿਛੌਣੇ ਉਤੇ ਲੇਟਿਆ ਹੀ ਨਾ। ਉਸ ਨੇ ਸ਼ੇਰ ਦੀ ਖੱਲ ਵਿਚ ਪੱਥਰ ਭਰ ਕੇ ਵਿਛੌਣੇ ਉਤੇ ਰੱਖ ਦਿੱਤੀ ਤੇ ਆਪ ਇਕ ਨੁੱਕਰ ਵਿਚ ਲੁਕ ਗਿਆ।

ਡੂੰਘੀ ਰਾਤ ਵੇਲੇ ਜਦੋਂ ਦਿਓ ਚੋਰ-ਪੈਰੀਂ ਖ਼ੁਦਾਈਬੇਰਦੀ ਦੇ ਵਿਛੌਣੇ ਲਾਗੇ ਗਏ ਤਾਂ ਦੇਰ ਤਕ ਖੱਲ ਵਿਚ ਭਰੇ ਪੱਥਰਾਂ ਨੂੰ ਕੁੱਟਦੇ ਰਹੇ। ਜਦੋਂ ਵੱਡੇ ਦਿਓ ਨੂੰ ਲੱਗਾ ਕਿ ਕੁਟਣਾ ਹੀ ਕਾਫ਼ੀ ਨਹੀਂ ਤਾਂ ਉਸ ਨੇ ਉਹਨਾਂ ਟਾਹਣੀਆਂ ਮੋੜ੍ਹੀਆਂ ਨੂੰ ਅੱਗ ਲਾ ਦੇਣ ਦਾ ਹੁਕਮ ਦਿੱਤਾ ਜਿਨ੍ਹਾਂ ਨਾਲ ਖ਼ੁਦਾਈਬੇਰਦੀ ਦਾ ਵਿਛੌਣਾ ਬਣਾਇਆ ਗਿਆ ਸੀ।

ਏਨਾ ਕੰਮ ਕਰ ਕੇ ਭੁੱਖਣ ਭਾਣੇ ਦਿਓ ਪਲਾਓ ਪਕਾਉਣ ਲੱਗ ਪਏ। ਸਵੇਰੇ ਸਵਖ਼ਤੇ, ਜਦੋਂ ਪਲਾਓ ਬਣ ਕੇ ਤਿਆਰ ਹੋ ਗਿਆ ਤਾਂ ਉਹ ਦੇਗ ਦੇ ਦੁਆਲੇ ਬੈਠ ਗਏ, ਪਰ ਉਦੋਂ ਹੀ ਉਬਾਸੀਆਂ ਲੈਂਦਾ ਤੇ ਆਕੜ ਭੰਨਦਾ ਹੋਇਆ ਖ਼ੁਦਾਈਬੇਰਦੀ ਗੁਫ਼ਾ ਵਿਚੋਂ ਬਾਹਰ ਆ ਗਿਆ।

ਦਿਓ ਏਨੇ ਭੈਭੀਤ ਹੋਏ ਕਿ ਭੁੜਕ ਕੇ ਉਠ ਖਲੋਤੇ, ਦੇਗ ਮੂਧੀ ਕਰ ਦਿੱਤੀ ਤੇ ਸਾਰਾ ਪਲਾਓ ਭੁੰਜੇ ਖਿਲਰ ਗਿਆ।

"ਮੈਨੂੰ, ਪਤਾ ਨਹੀਂ, ਨੀਂਦ ਚੰਗੀ ਤਰ੍ਹਾਂ ਨਹੀਂ ਆਈ," ਖ਼ੁਦਾਈਬੇਰਦੀ ਨੇ ਉਹਨਾਂ ਨੂੰ ਆਖਿਆ। "ਸ਼ੁਰੂ ਵਿਚ ਤਾਂ ਇੰਜ ਲੱਗਾ ਜਿਵੇਂ ਕਿਣਮਿਣ ਕਿਣਮਿਣ ਹੋ ਰਹੀ ਹੋਵੇ ਤੇ ਮੇਰੇ ਉਤੇ ਕਣੀਆਂ ਪੈ ਰਹੀਆਂ ਹੋਣ। ਤੇ ਜਦੋਂ ਮੈਂ ਖ਼ੱਲ ਨੂੰ ਚੰਗੀ ਤਰ੍ਹਾਂ ਆਪਣੇ ਦੁਆਲੇ ਵਲ੍ਹੇਟ ਲਿਆ ਤਾਂ ਏਨੀ ਗਰਮੀ ਲੱਗੀ ਕਿ ਮੈਂ ਮੁੜ੍ਹਕੋ ਮੁੜ੍ਹਕੀ ਹੋ ਗਿਆ।"

ਸਹਿਮੇ ਹੋਏ ਵੱਡੇ ਦਿਓ ਨੇ ਕਿਸੇ ਹੋਰ ਦਿਓ ਨੂੰ ਆਖਿਆ:

"ਖ਼ੁਦਾਈਬੇਰਦੀ ਨੂੰ ਆਪਣੇ ਮੋਢਿਆਂ ਉਤੇ ਬਿਠਾ ਲੈ, ਸੋਨੇ ਨਾਲ ਭਰੇ ਸੱਤ ਥੈਲੇ ਚੁਕ ਲੈ ਤੇ ਇਸ ਨੂੰ ਇਥੋਂ ਲੈ ਜਾ, ਜਦ ਤਕ ਸਾਡੀਆਂ ਹੱਡੀਆਂ ਸਲਾਮਤ ਨੇ!"

ਦਿਓ ਨੇ ਆਪਣੇ ਮੋਢਿਆਂ ਉਤੇ ਸੋਨੇ ਨਾਲ ਭਰੇ ਸੱਤ ਥੈਲੇ ਧਰੇ ਅਤੇ ਉਹਨਾਂ ਉਤੇ ਖ਼ੁਦਾਈਬੇਰਦੀ ਨੂੰ ਬਿਠਾ ਕੇ ਉੱਡ ਪਿਆ।

ਰਾਹ ਵਿਚ ਦਿਓ ਨੇ ਖ਼ੁਦਾਈਬੇਰਦੀ ਨੂੰ ਪੁੱਛਿਆ:

"ਹੇ ਪ੍ਰਤਾਪੀ ਭਲਵਾਨਾ, ਤੂੰ ਏਨਾ ਜ਼ਿਆਦਾ ਪਲਾਓ ਖਾ ਲਿਆ ਸੀ ਪਰ ਤੇਰਾ ਸਰੀਰ ਭਾਰਾ ਬਿਲਕੁਲ ਨਹੀਂ। ਐਸਾ ਕਿਉਂ?"

"ਕਿਉਂਕਿ," ਖ਼ੁਦਾਈਬੇਰਦੀ ਨੇ ਜਵਾਬ ਦਿੱਤਾ, "ਮੈਂ ਤੇਰੇ ਉਤੇ ਆਪਣਾ ਸਾਰਾ ਭਾਰ ਨਹੀਂ ਪਾਉਣਾ ਚਾਹੁੰਦਾ। ਮੈਂ ਇਕ ਰੱਸੀ ਅਸਮਾਨ ਨਾਲ ਬੰਨ੍ਹ ਲਈ ਏ ਤੇ ਉਸ ਨੂੰ ਘੁੱਟ ਕੇ ਫੜਿਆ ਹੋਇਆ ਏ।"

ਤਦ ਦਿਓ ਨੇ ਪੁੱਛਿਆ:

"ਤੂੰ ਰੱਸੀ ਛੱਡ ਦੇ, ਮੈਂ ਵੇਖਣਾ ਚਾਹੁੰਦਾ ਹਾਂ ਕਿ ਤੇਰਾ, ਭਲਵਾਨ ਦਾ, ਭਾਰ ਕਿੰਨਾ–ਕੁ ਏ।"

"ਚੰਗਾ ਫਿਰ," ਖ਼ੁਦਾਈਬੇਰਦੀ ਨੇ ਆਖਿਆ, "ਤੂੰ ਹੁਣੇ ਹੀ ਵੇਖ ਲਏਂਗਾ।"

ਉਸ ਨੇ ਆਪਣੇ ਕਮਰਬੰਦ ਵਿਚੋਂ ਛੁਰਾ ਕੱਢਿਆ ਤੇ ਹੌਲੀ ਹੌਲੀ ਦਿਓ ਦੇ ਮੋਢਿਆਂ ਵਿਚਕਾਰ ਖੁਭਾਉਣ ਲੱਗ ਪਿਆ।

"ਖ਼ੁਦਾਈਬੇਰਦੀ!" ਦਿਓ ਨੇ ਵਾਸਤਾ ਪਾਇਆ, "ਰੱਸੀ ਨੂੰ ਫਿਰ ਫੜ ਲੈ, ਨਹੀਂ ਤਾਂ ਮੇਰੇ ਕੋਲੋਂ ਤੇਰਾ ਭਾਰ ਨਹੀਂ ਝੱਲਿਆ ਜਾਣਾ ਤੇ ਅਸੀਂ ਜ਼ਮੀਨ 'ਤੇ ਡਿਗ ਪੈਣਾ!"

ਖ਼ੁਦਾਈਬੇਰਦੀ ਨੇ ਛੁਰਾ ਲੁਕਾ ਲਿਆ ਤੇ ਦਿਓ ਹੋਰ ਤੇਜ਼ ਤੇਜ਼ ਉੱਡਣ ਲੱਗਾ।

ਅਖ਼ੀਰ ਵਿਚ ਉਹ ਉਸ ਜੰਗਲ ਵਿਚ ਉਤਰ ਗਏ ਜਿਥੇ ਖ਼ੁਦਾਈਬੇਰਦੀ ਨੂੰ ਧੋਖਾ ਦੇਣ ਵਾਲੀ ਲੂੰਮੜੀ ਰਹਿੰਦੀ ਸੀ।

"ਖ਼ੁਦਾਈਬੇਰਦੀ ਭਲਵਾਨਾ, ਹੁਣ ਤੂੰ ਮੈਨੂੰ ਵਾਪਸ ਜਾਣ ਦੇ," ਦਿਓ ਨੇ ਉਸ ਕੋਲੋਂ ਇਜਾਜ਼ਤ ਮੰਗੀ। "ਹੁਣ ਤੇਰਾ ਘਰ ਏਥੋਂ ਦੂਰ ਨਹੀਂ ਰਿਹਾ। ਸੋਨੇ ਨਾਲ ਭਰੇ ਸੱਤ ਥੈਲੇ ਆਪਣੇ ਮੋਢਿਆਂ 'ਤੇ ਧਰ ਲੈ ਤੇ ਆਰਾਮ ਨਾਲ ਤੁਰਿਆ ਜਾ।"

ਖ਼ੁਦਾਈਬੇਰਦੀ ਨੇ ਇਕ ਦਰਖ਼ਤ ਥੱਲੇ ਲੂੰਮੜੀ ਦਾ ਘੁਰਨਾ ਵੇਖ ਲਿਆ।

"ਨਹੀਂ, ਦਿਓ," ਉਸ ਨੇ ਆਖਿਆ, "ਤੂੰ ਇਕਰਾਰ ਕੀਤਾ ਸੀ ਕਿ ਮੈਨੂੰ ਮੇਰੇ ਘਰ ਤਕ ਛੱਡ ਕੇ ਜਾਏਂਗਾ। ਜੇ ਤੂੰ ਉਡਦਾ ਉਡਦਾ ਥੱਕ ਗਿਆ ਏਂ ਤਾਂ ਆ, ਪੈਦਲ ਚਲਦੇ ਹਾਂ। ਸੋਨੇ ਦੇ ਥੈਲੇ ਤੈਨੂੰ ਹੀ ਚੁਕਣੇ ਪੈਣਗੇ। ਇਥੇ ਸਾਰੇ ਲੋਕ ਜਾਣਦੇ ਨੇ ਕਿ ਮੈਂ ਕਈ ਕਈ ਬੋਤੇ ਤੇ ਬਲਦ ਇਕੱਠੇ ਹੀ ਚੁਕ ਲੈਂਦਾ ਹਾਂ,

ਪਰ ਜੇ ਹੁਣ ਉਹਨਾਂ ਨੇ ਮੈਨੂੰ ਹੌਲੇ ਜਿਹੇ ਥੈਲੇ ਲੈ ਕੇ ਜਾਂਦੇ ਨੂੰ ਵੇਖ ਲਿਆ ਤਾਂ ਉਹ ਮੇਰਾ ਮਖ਼ੌਲ ਉਡਾਉਣਗੇ।"

ਲੂੰਮੜੀ ਨੇ, ਜਿਸ ਨੇ ਆਪਣੀ ਬੂਥੀ ਘੁਰਨੇ ਵਿਚੋਂ ਬਾਹਰ ਕੱਢੀ ਹੋਈ ਸੀ, ਸਾਰੀ ਗੱਲ ਸੁਣ ਲਈ।

ਦਿਓ ਨੂੰ ਸੋਨੇ ਨਾਲ ਭਰੇ ਥੈਲੇ ਖ਼ੁਦਾਈਬੇਰਦੀ ਦੇ ਕਿਬੀਤਕਾ ਤਕ ਛੱਡ ਕੇ ਆਉਣੇ ਹੀ ਪਏ। ਇਸ ਮਗਰੋਂ ਖ਼ੁਦਾਈਬੇਰਦੀ ਨੇ ਦਿਓ ਨੂੰ ਵਾਪਸ ਜਾਣ ਦਿੱਤਾ ਤੇ ਦਿਓ ਨੇੜਲੇ ਜੰਗਲ ਵੱਲ ਤੀਰ ਹੋ ਗਿਆ ਤਾਂ ਜੋ ਉਥੇ ਜਾ ਕੇ ਉਡਣ ਤੋਂ ਪਹਿਲਾਂ ਥੋੜ੍ਹਾ ਜਿਹਾ ਸਾਹ ਲਿਆ ਜਾ ਸਕੇ।

ਜੰਗਲ ਵਿਚ ਉਸ ਨੂੰ ਲੂੰਮੜੀ ਮਿਲ ਪਈ। ਉਸ ਨੇ ਦਿਓ ਨੂੰ ਪੁੱਛਿਆ:

"ਤੂੰ ਕਿਥੋਂ ਆਇਐਂ, ਦਿਓ?"

"ਖ਼ੁਦਾਈਬੇਰਦੀ ਭਲਵਾਨ ਦੇ ਘਰ ਸੋਨੇ ਨਾਲ ਭਰੇ ਸੱਤ ਥੈਲੇ ਛੱਡ ਕੇ ਆਇਆਂ," ਦਿਓ ਨੇ ਜਵਾਬ ਦਿੱਤਾ।

ਲੂੰਮੜੀ ਹੱਸਣ ਲੱਗ ਪਈ:

"ਬੱਲੇ, ਬੱਲੇ! ਬੜਾ ਦਲੇਰ ਭਲਵਾਨ ਲੱਭ ਲਿਆ ਈ! ਵੇ, ਉਹ ਤਾਂ ਮੇਰੇ ਕੋਲੋਂ ਵੀ ਡਰਦੈ! ਉਹ ਏਨਾ ਬੁਜ਼ਦਿਲ ਏ ਕਿ ਜਿਹੜਾ ਕਪੜਾ ਉਹ ਵੇਚਣ ਵਾਸਤੇ ਬਾਜ਼ਾਰ ਲੈ ਕੇ ਜਾ ਰਿਹਾ ਸੀ ਉਹ ਮੇਰੇ ਕੋਲ ਹੀ ਛੱਡ ਗਿਆ ਸੀ। ਤੇ ਤੁਸੀਂ ਹੋ ਕਿ ਉਸ ਨੂੰ ਤਾਵਾਨ ਦਿੰਦੇ ਫਿਰਦੇ ਹੋ!"

ਲੂੰਮੜੀ ਹੋਰ ਜ਼ੋਰ ਜ਼ੋਰ ਦੀ ਹੱਸਣ ਲੱਗ ਪਈ, ਪਰ ਦਿਓ ਨੂੰ ਉਸ ਦੀਆਂ ਗੱਲਾਂ ਉਤੇ ਇਤਬਾਰ ਨਾ ਆਇਆ। ਤਦ ਲੂੰਮੜੀ ਨੇ ਕਿਹਾ:

"ਜੇ ਤੈਨੂੰ ਮੇਰੇ ਉਤੇ ਇਤਬਾਰ ਨਹੀਂ ਤਾਂ ਆ ਚੱਲ, ਮੈਂ ਤੈਨੂੰ ਉਹਦੇ ਕਿਬੀਤਕਾ ਵਿਚ ਲੈ ਚਲਦੀ ਹਾਂ। ਉਹ ਮੈਨੂੰ ਵੇਖਦਿਆਂ ਹੀ ਉਥੋਂ ਹਰਨ ਹੋ ਜਾਵੇਗਾ ਤੇ ਤੂੰ ਆਪਣਾ ਸੋਨਾ ਵਾਪਸ ਲਿਜਾ ਸਕਦਾ ਏਂ। ਪਰ ਤੂੰ ਇਹ ਵਚਨ ਦੇ ਕਿ ਇਨਾਮ ਵਜੋਂ ਮੈਨੂੰ ਥੋੜ੍ਹਾ ਜਿੰਨਾ ਸੋਨਾ ਦੇ ਦਏਂਗਾ ਤਾਂ ਜੋ ਮੈਂ ਸਿਆਲ ਵਿਚ ਪਾਉਣ ਵਾਸਤੇ ਫ਼ਰ ਦਾ ਕੋਟ ਖ਼ਰੀਦ ਸਕਾਂ।"

ਦਿਓ ਸਹਿਮਤ ਹੋ ਗਿਆ ਤੇ ਆਪਣੇ ਆਪ ਨੂੰ ਲੂੰਮੜੀ ਦੇ ਗਲ੍ਹ ਪਈ ਹੋਈ ਰੱਸੀ ਨਾਲ ਬੰਨ੍ਹ ਲਿਆ ਤੇ ਦੋਵੇਂ ਹੀ ਖ਼ੁਦਾਈਬੇਰਦੀ ਦੇ ਕਿਬੀਤਕਾ ਵੱਲ ਤੁਰ ਪਏ।

ਖ਼ੁਦਾਈਬੇਰਦੀ ਨੇ ਦੂਰੋਂ ਹੀ ਲੂੰਮੜੀ ਤੇ ਦਿਓ ਨੂੰ ਵੇਖ ਲਿਆ ਤੇ ਆਪਣੇ ਕਿਬੀਤਕਾ ਦੀ ਛੱਤ ਉਤੇ ਚੜ੍ਹ ਕੇ ਉੱਚੀ ਉੱਚੀ ਬੋਲਣ ਲੱਗ ਪਿਆ:

"ਨੀ ਲੂੰਮੜੀਏ! ਤੂੰ ਮੇਰੇ ਕੋਲ ਤਿੰਨ ਦਿਓ ਹਾਰ ਗਈ ਏਂ ਪਰ ਲਿਆ ਤੂੰ ਇਕ ਹੀ ਰਹੀ ਏਂ। ਬਾਕੀ ਦੇ ਕਿੱਥੇ ਨੇ?"

ਇਹ ਗੱਲ ਸੁਣ ਕੇ ਦਿਓ ਲੂੰਮੜੀ ਉਤੇ ਕੜਕਿਆ:

"ਨੀ ਤੂੰ, ਬੇਕਾਰੇ, ਧੋਖੇਬਾਜ਼ੇ! ਤੂੰ ਚਲਾਕੀ ਕਰ ਕੇ ਮੈਨੂੰ ਖ਼ੁਦਾਈਬੇਰਦੀ ਭਲਵਾਨ ਦੇ ਹਵਾਲੇ ਕਰਨ ਲੱਗੀ ਸੈਂ!"

ਦਿਓ ਨੇ ਝਟਕਾ ਮਾਰਿਆ, ਪਰ ਕਿਉਂਕਿ ਲੂੰਮੜੀ ਦੇ ਗਲ੍ਹ ਵਿਚ ਦਿਓ ਨਾਲ ਬੰਨ੍ਹੀ ਹੋਈ ਰੱਸੀ ਪਈ ਸੀ, ਇਸ ਲਈ ਉਹ ਏਨੇ ਜ਼ੋਰ ਨਾਲ ਜ਼ਮੀਨ ਉਤੇ ਵੱਜੀ ਕਿ ਉਸ ਦਾ ਸਾਰਾ ਸਰੀਰ ਬੋਟੀ ਬੋਟੀ ਹੋ ਗਿਆ ਤੇ ਦਿਓ ਸਿਰ 'ਤੇ ਪੈਰ ਰਖ ਕੇ ਦੌੜ ਗਿਆ।

ਉਸ ਵੇਲੇ ਤੋਂ ਲੋਕ ਖ਼ੁਦਾਈਬੇਰਦੀ ਨੂੰ ਬੜਾ ਬਹਾਦਰ ਸੂਰਮਾ ਸਮਝਣ ਲੱਗ ਪਏ।

ਸੁਗਾਤ



ਮਿਰਾਲੀ ਨੂੰ ਖਰਬੂਜ਼ਿਆਂ ਦੇ ਵਾੜੇ ਵਿਚ ਬੜੀ ਮਿਹਨਤ ਤੇ ਵਕਤ ਸਰਫ ਕਰਨੇ ਪੈਂਦੇ ਸਨ। ਪਰ ਉਸ ਦੀ ਮਿਹਨਤ ਅਜਾਈਂ ਨਾ ਗਈ। ਫਸਲ ਬੜੀ ਚੰਗੀ ਹੋਈ ਸੀ।

"ਅੱਬਾ," ਇਕ ਵਾਰੀ ਉਸ ਨੇ ਆਪਣੇ ਪਿਤਾ ਨੂੰ ਕਿਹਾ, "ਕਿਰਪਾ ਕਰਕੇ, ਮੈਨੂੰ ਸਾਡੇ ਵਧੀਆ ਤੋਂ ਵਧੀਆ ਖ਼ਰਬੂਜ਼ੇ ਬਾਦਸ਼ਾਹ ਕੋਲ ਲਿਜਾਣ ਦੀ ਆਗਿਆ ਦੇਵੋ!"

"ਓਇ ਪੁਤਰਾ," ਪਿਤਾ ਨੇ ਧੌਲੇ ਵਾਲਾਂ ਵਾਲਾ ਆਪਣਾ ਸਿਰ ਮਾਰਿਆ, "ਤੂੰ ਕੰਮ ਦੀ ਗੱਲ ਨਹੀਂ ਕਰਦਾ। ਤੂੰ ਸਮਝਦੈਂ ਉਹ ਤੈਨੂੰ ਕੋਈ ਇਨਾਮ ਦੇ ਦਏਗਾ? ਝੂਠੀਆਂ ਉਮੀਦਾਂ! ਬਾਦਸ਼ਾਹ ਬੜੇ ਨਾਸ਼ੁਕਰੇ ਹੁੰਦੇ ਨੇ!"

ਮਿਰਾਲੀ ਹੱਸ ਪਿਆ। ਉਸ ਨੇ ਖੋਤੇ ਉਤੇ ਵਧੀਆ ਤੋਂ ਵਧੀਆ ਖ਼ਰਬੂਜ਼ਿਆਂ ਦੀਆਂ ਦੋ ਖ਼ੁਰਜੀਆਂ ਲੱਦ ਲਈਆਂ ਤੇ ਰਵਾਨਾ ਹੋ ਗਿਆ। ਬਾਦਸ਼ਾਹ ਸੁਲਤਾਨਸੋਯੁਨ ਨੇ ਮਿਰਾਲੀ ਨੂੰ ਦੂਰੋਂ ਹੀ ਵੇਖ ਕੇ ਪਹਿਰੇਦਾਰ ਦਾ ਭੇਸ ਧਾਰ ਲਿਆ ਤੇ ਮਹਿਲ ਦੇ ਦਰਵਾਜ਼ੇ ਅੱਗੇ ਖਲੋ ਗਿਆ। ਮਿਰਾਲੀ ਉਹਦੇ ਲਾਗੋਂ ਦੀ ਲੰਘ ਜਾਣ ਲੱਗਾ ਸੀ, ਪਰ ਪਹਿਰੇਦਾਰ ਨੇ ਰੋਕ ਲਿਆ।

"ਓਇ ਮੁੰਡਿਆ, ਤੂੰ ਕਿਧਰ ਚੱਲਿਐਂ?"

"ਮੈਂ ਸੁਲਤਾਨਸੋਯੁਨ ਨੂੰ ਖ਼ਰਬੂਜ਼ੇ ਖਵਾਉਣੇ ਚਾਹੁੰਦਾ ਹਾਂ," ਮਿਰਾਲੀ ਨੇ ਜਵਾਬ ਦਿੱਤਾ ਜਿਸ ਨੂੰ ਵਿਚਲੀ ਗੱਲ ਦਾ ਕੋਈ ਪਤਾ ਨਹੀਂ ਸੀ।

"ਤੇਰੇ ਦਿਮਾਗ਼ ਵਿਚ ਤੂੜੀ ਭਰੀ ਪਈ ਏ," ਪਹਿਰੇਦਾਰ ਨੇ ਆਖਿਆ। "ਇਹੋ ਜਿਹੇ ਖਰਬੂਜ਼ੇ ਇਥੇ ਲਿਆਉਣ ਦਾ ਕੀ ਲਾਭ, ਇਹਨਾਂ ਨੂੰ ਬਾਜ਼ਾਰ ਵਿਚ ਵੇਚ ਦੇਣਾ ਸੀ। ਇਸ ਨਾਲ ਲਾਭ ਵਧ ਹੋਵੇਗਾ। ਵੇਖੇਂ ਨਾ, ਸੁਲਤਾਨਸੋਯੁਨ ਬੜਾ ਨਾਸ਼ੁਕਰਾ ਆਦਮੀ ਏ।"

"ਤੇ ਮੈਨੂੰ ਸ਼ੁਕਰਗੁਜ਼ਾਰੀ ਦੀ ਕੋਈ ਇੱਛਾ ਵੀ ਨਹੀਂ," ਮਿਰਾਲੀ ਨੇ ਆਖਿਆ। "ਮੇਰੀ ਬੱਸ ਇਕੋ ਇੱਛਾ ਏ ਕਿ ਉਹ ਮੇਰੇ ਖ਼ਰਬੂਜ਼ਿਆਂ ਦਾ ਸਵਾਦ ਚੱਖ ਕੇ ਵੇਖੇ।"

"ਹੱਛਾ, ਜੇ ਇਹ ਗੱਲ ਏ ਤਾਂ ਚਲਾ ਜਾ ਮਹਿਲ ਦੇ ਅੰਦਰ, ਤੇ ਮੈਂ ਜਾ ਕੇ ਆਗਿਆ ਮੰਗਦਾ ਹਾਂ," ਪਹਿਰੇਦਾਰ ਨੇ ਆਖਿਆ।

ਸੁਲਤਾਨਸੋਯੁਨ ਮਹਿਲ ਦੇ ਅੰਦਰ ਗਿਆ, ਫਿਰ ਬਾਦਸ਼ਾਹਾਂ ਵਾਲਾ ਪਹਿਰਾਵਾ ਪਾ ਲਿਆ ਤੇ ਸ਼ਾਹੀ ਤਖ਼ਤ ਉਤੇ ਬਿਰਾਜਮਾਨ ਹੋ ਗਿਆ।

"ਹੇ ਜਹਾਂ-ਪਨਾਹ!" ਮਿਰਾਲੀ ਨੇ ਅੰਦਰ ਵੜਦਿਆਂ ਹੀ ਸਿਰ ਨਿਵਾ ਕੇ ਆਖਿਆ। "ਮੈਂ ਆਪਣੇ ਖ਼ਰਬੂਜ਼ਿਆਂ ਦੇ ਵਾੜੇ ਵਿਚੋਂ ਤੁਹਾਡੇ ਲਈ ਵਧੀਆ ਤੋਂ ਵਧੀਆ ਖ਼ਰਬੂਜ਼ੇ ਲੈ ਕੇ ਆਇਆ ਹਾਂ।"

"ਲਗਦੈ, ਇਹ ਏਨੇ ਮਾੜੇ ਨਹੀਂ," ਸੁਲਤਾਨਸੋਯੁਨ ਨੇ ਸੁਗਾਤ ਵੱਲ ਵੇਖ ਕੇ ਆਖਿਆ, "ਪਰ ਮੇਰੇ ਕੋਲ ਇਹਨਾਂ ਨਾਲੋਂ ਵੀ ਚੰਗੇ ਖ਼ਰਬੂਜ਼ੇ ਨੇ। ਇਸ ਤੋਂ ਇਲਾਵਾ, ਮੈਂ ਇਹਨਾਂ ਬਦਲੇ ਕਿਵੇਂ ਵੀ ਤੇਰਾ ਸ਼ੁਕਰੀਆ ਅਦਾ ਨਹੀਂ ਕਰ ਸਕਦਾ। ਜੇ ਤੂੰ ਚਾਹੇਂ ਤਾਂ ਇਹਨਾਂ ਨੂੰ ਵਾਪਸ ਲਿਜਾ ਸਕਦਾ ਏਂ।"

"ਪਰ ਮੈਂ ਤਾਂ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਮੈਨੂੰ ਤੁਹਾਡੀ ਸ਼ੁਕਰਗੁਜ਼ਾਰੀ ਦੀ ਲੋੜ ਨਹੀਂ," ਮਿਰਾਲੀ ਨੇ ਆਖਿਆ।

"ਤੂੰ ਕੀ ਕਿਹਾ ਸੀ?"

"ਜੋ ਕੁਝ ਤੁਸੀਂ ਸੁਣਿਆ ਏ, ਮੁੜ ਮੁੜ ਕਹਿਣ ਦਾ ਕੀ ਲਾਭ।"

ਸੁਲਤਾਨਸੋਯੁਨ ਮਿਰਾਲੀ ਦੀ ਤੇਜ਼ਨਜ਼ਰੀ ਉਤੇ ਹੈਰਾਨ ਹੋਇਆ ਤੇ ਬੜੀ ਉਦਾਰਤਾ ਵਿਖਾਈ: ਉਸ ਨੇ ਮੁੰਡੇ ਨੂੰ ਸੋਨੇ ਦੀਆਂ ਮੁਹਰਾਂ ਦਾ ਬੁਕ ਭਰ ਕੇ ਦਿੱਤਾ।

ਮਿਰਾਲੀ ਨੇ ਧੰਨਵਾਦ ਕੀਤਾ ਤੇ ਚਲਾ ਗਿਆ। ਦਰਬਾਰੀਆਂ ਨੇ ਸੁਲਤਾਨਸੋਯੁਨ ਦੁਆਲੇ ਝੁਰਮਟ ਪਾ ਲਿਆ ਤੇ ਇਕ ਦੂਜੇ ਨੂੰ ਟੋਕਦੇ ਹੋਏ ਆਖਣ ਲੱਗੇ:

"ਹੇ ਜਹਾਂ-ਪਨਾਹ, ਜੇ ਤੂੰ ਹਾਰੀ ਸਾਰੀ ਨੂੰ, ਜਿਹੜਾ ਵੀ ਮਾਮੂਲੀ ਚੀਜ਼ਾਂ ਲਿਆਵੇਗਾ, ਏਨੇ ਏਨੇ ਪੈਸੇ ਦੇਣ ਲੱਗ ਪਿਆ ਤਾਂ ਤੇਰਾ ਖ਼ਜ਼ਾਨਾ ਖ਼ਾਲੀ ਹੋਣ ਨੂੰ ਬਹੁਤਾ ਚਿਰ ਨਹੀਂ ਲੱਗਣਾ।"

"ਇਹ ਪੈਸਾ ਹਾਰੀ ਸਾਰੀ ਨੂੰ ਨਹੀਂ ਦਿੱਤਾ ਜਾਂਦਾ," ਸੁਲਤਾਨਸੋਯੁਨ ਮੁਸਕਰਾ ਪਿਆ, "ਸਿਰਫ਼ ਅਕਲਮੰਦ ਲੋਕਾਂ ਨੂੰ ਦਿੱਤਾ ਜਾਂਦੈ, ਤੇ ਖ਼ਰਬੂਜ਼ਿਆਂ ਦੇ ਬਦਲੇ ਨਹੀਂ, ਸਿਆਣੀ ਗੱਲ ਆਖਣ ਦੇ ਬਦਲੇ।"

"ਪਰ ਉਸ ਨੇ ਸਾਡੇ ਨਾਲੋਂ ਨਿਆਰੀ ਕਿਹੜੀ ਗੱਲ ਆਖੀ ਏ?" ਹੈਰਾਨ ਹੋਏ ਵਜ਼ੀਰ ਨੇ ਪੁੱਛਿਆ।

"ਨਿਆਰੀ ਗੱਲ ਇਹ," ਸੁਲਤਾਨਸੋਯੁਨ ਨੇ ਕਿਹਾ, "ਕਿ ਉਸ ਨੇ ਗੱਲ ਕਹਿ ਕੇ ਹੀ ਮੇਰੇ ਕੋਲੋਂ ਪੈਸੇ ਬਟੋਰ ਲਏ ਨੇ। ਤੇ ਹੁਣ ਤੁਸੀਂ ਗੱਲ ਕਰ ਕੇ ਹੀ ਇਹ ਪੈਸੇ ਉਹਦੇ ਕੋਲੋਂ ਬਟੋਰ ਕੇ ਵਿਖਾਓ।"

"ਇਹ ਕੰਮ ਕਰਨ ਦੀ ਮੈਨੂੰ ਇਜਾਜ਼ਤ ਦਿਓ," ਇਕ ਵਜ਼ੀਰ ਨੇ ਹੁੰਗਾਰਾ ਭਰਿਆ।

"ਇਜਾਜ਼ਤ ਹੈ!" ਸੁਲਤਾਨਸੋਯੁਨ ਮਾਮੂਲੀ ਜਿਹਾ ਹੱਸਿਆ।

ਵਜ਼ੀਰ ਸਰਪਟ ਦੌੜਦਾ ਹੋਇਆ ਮਹਿਲ ਵਿਚੋਂ ਨਿਕਲਿਆ ਤੇ ਕਾਹਲੀ ਕਾਹਲੀ ਮਿਰਾਲੀ ਵੱਲ ਵਧਿਆ। ਉਸ ਨੂੰ ਦੂਰੋਂ ਹੀ ਵੇਖ ਕੇ ਉਹ ਚੀਕਿਆ:

"ਓਇ ਨੌਜਵਾਨਾ, ਖਲੋਈਂ!"

ਮਿਰਾਲੀ ਰੁਕ ਗਿਆ।

"ਤੂੰ ਮੈਨੂੰ ਇਹ ਦੱਸ," ਵਜ਼ੀਰ ਨੇ ਬੜਾ ਸੋਚ ਸੋਚ ਕੇ ਆਖਿਆ, "ਧਰਤੀ ਦਾ ਮਰਕਜ਼ ਕਿਥੇ ਏ?"

"ਧਰਤੀ ਦਾ ਮਰਕਜ਼?" ਮਿਰਾਲੀ ਨੇ ਅੱਗੋਂ ਪੁੱਛਿਆ। "ਏਨੀ ਗੱਲ ਤਾਂ ਹਰ ਕੋਈ ਜਾਣਦੈ: ਧਰਤੀ ਦਾ ਮਰਕਜ਼ ਮੇਰੇ ਖੋਤੇ ਦੀ ਮੁਹਰਲੀ ਲੱਤ ਦੇ ਸੱਜੇ ਪੌੜ ਹੇਠ ਏ।"

"ਤੈਨੂੰ ਕਿਥੋਂ ਪਤਾ ਲੱਗਾ?" ਵਜ਼ੀਰ ਨੇ ਅੱਖਾਂ ਸੁੰਗੇੜ ਕੇ ਪੁੱਛਿਆ।

"ਲੈ, ਤੈਨੂੰ ਯਕੀਨ ਨਹੀਂ ਆਉਂਦਾ?" ਮਿਰਾਲੀ ਨੇ ਬੜੇ ਠਰ੍ਹੰਮੇ ਨਾਲ ਕਿਹਾ। "ਤੂੰ ਆਪ ਮਿਣ ਕੇ ਵੇਖ ਲੈ, ਮੈਂ ਓਦੋਂ ਤਕ ਇਥੋਂ ਨਹੀਂ ਜਾਂਦਾ।"

ਵਜ਼ੀਰ ਨੇ ਬੜੀ ਵਾਹ ਲਾਈ, ਬੜੀ ਵਾਹ ਲਾਈ ਪਰ ਉਹ ਖ਼ਾਲੀ ਹੱਥੀਂ ਮਹਿਲ ਵਿਚ ਪਰਤਿਆ।

"ਮੇਰੇ ਪੈਸੇ ਕਿਥੇ ਨੇ?" ਸੁਲਤਾਨਸੋਯੁਨ ਨੇ ਪੁੱਛਿਆ।

"ਮੈਂ ਪੈਸੇ ਵਾਪਸ ਨਹੀਂ ਲੈ ਸਕਿਆ," ਵਜ਼ੀਰ ਨੇ ਆਪਣੀ ਅਸਫਲਤਾ ਮੰਨ ਲਈ।

"ਵਾਹ ਓਇ, ਤੇਰੇ!" ਦੂਜੇ ਵਜ਼ੀਰ ਦੇ ਮੂੰਹੋਂ ਨਿਕਲ ਗਿਆ।

"ਤਾਂ ਫਿਰ ਤੂੰ ਕੋਸ਼ਿਸ਼ ਕਰ ਵੇਖ, ਹੈਂ?" ਸੁਲਤਾਨਸੋਯੁਨ ਨੇ ਆਖਿਆ।

"ਇਜਾਜ਼ਤ ਦੇਵੋ, ਮੈਂ ਪੈਸੇ ਮੋੜ ਲਿਆਉਂਦਾ ਹਾਂ!"

"ਚੰਗਾ, ਅੱਲਾ ਤੇਰਾ ਮਦਦਗਾਰ ਹੋਵੇ!" ਸੁਲਤਾਨਸੋਯੁਨ ਨੇ ਅਸੀਸ ਦਿੱਤੀ।

ਮਿਰਾਲੀ ਅੱਧਾ ਪੈਂਡਾ ਤਹਿ ਕਰ ਚੁਕਿਆ ਸੀ ਜਦੋਂ ਬਾਦਸ਼ਾਹ ਦਾ ਦੂਜਾ ਵਜ਼ੀਰ ਉਸ ਨੂੰ ਜਾ ਮਿਲਿਆ।

"ਓਇ ਮੁੰਡਿਆ," ਉਸ ਨੇ ਬੜੇ ਹੰਕਾਰ ਨਾਲ ਕਹਿਣਾ ਸ਼ੁਰੂ ਕੀਤਾ, "ਜਾਂ ਤਾਂ ਮੇਰੇ ਸਵਾਲ ਦਾ ਜਵਾਬ ਦੇ, ਜਾਂ ਫਿਰ ਬਾਦਸ਼ਾਹ ਦੇ ਪੈਸੇ ਮੋੜ ਦੇ।"

"ਪੁੱਛ ਸਵਾਲ!" ਮਿਰਾਲੀ ਨੇ ਜਵਾਬ ਦਿੱਤਾ।

"ਅਕਾਸ਼ ਵਿਚ ਕਿੰਨੇ ਤਾਰੇ ਨੇ?"

ਮਿਰਾਲੀ ਨੇ ਆਪਣੇ ਹਮਕਲਾਮ ਵੱਲ ਵੇਖਿਆ, ਉਸ ਦੀਆਂ ਅੱਖਾਂ ਮੁਸਕ੍ਰਾਈਆਂ ਤੇ ਉਸ ਨੇ ਬੜੇ ਅਦਬ ਨਾਲ ਜਵਾਬ ਦਿੱਤਾ:

"ਇਸ ਦਾ, ਭਲਾ, ਕਿਸ ਨੂੰ ਨਹੀਂ ਪਤਾ? ਅਕਾਸ਼ ਵਿਚ ਓਨੇ ਹੀ ਤਾਰੇ ਨੇ ਜਿੰਨੇ ਮੇਰੇ ਖੋਤੇ ਦੇ ਸਰੀਰ ਉਤੇ ਵਾਲ ਨੇ।"

"ਤੈਨੂੰ ਪੱਕਾ ਯਕੀਨ ਏ?" ਵਜ਼ੀਰ ਨੇ ਪੁੱਛਿਆ।

"ਜੇ ਤੁਹਾਨੂੰ ਯਕੀਨ ਨਹੀਂ ਤਾਂ ਗਿਣ ਕੇ ਵੇਖ ਲਓ!"

ਵਜ਼ੀਰ ਨੂੰ ਕੁਝ ਵੀ ਸੁਝ ਨਹੀਂ ਰਿਹਾ ਸੀ ਕਿ ਇਸ ਅੜਾਉਣੀ ਦਾ ਹੱਲ ਕਿਵੇਂ ਲੱਭਿਆ ਜਾਵੇ ਤੇ ਉਹ ਨਮੋਸ਼ੀ ਦਾ ਮਾਰਿਆ ਮਹਿਲ ਵੱਲ ਮੁੜ ਗਿਆ।

ਬਾਦਸ਼ਾਹ ਨੇ ਦੂਜੇ ਵਜ਼ੀਰ ਦੀ ਨਾਕਾਮੀ ਲਈ ਉਹਦੀ ਖ਼ੂਬ ਖਿੱਲੀ ਉਡਾਈ ਤੇ ਉੱਚੀ ਸਾਰੀ ਪੁੱਛਿਆ:

"ਹੋਰ ਕਿਹੜਾ ਆਪਣੀ ਕਿਸਮਤ ਅਜ਼ਮਾਉਣੀ ਚਾਹੁੰਦੈ?"

ਵੱਡਾ ਵਜ਼ੀਰ ਅੱਗੇ ਵਧਿਆ। ਉਹ ਆਪਣੇ ਮਨ-ਪਸੰਦ ਦੁੜਕੀ ਘੋੜੇ ਉਤੇ ਚੜ੍ਹਿਆ ਤੇ ਉਸ ਨੂੰ ਹਵਾ ਨਾਲੋਂ ਵੀ ਤੇਜ਼ ਦੌੜਾਉਂਦਾ ਹੋਇਆ ਮਿਰਾਲੀ ਨੂੰ ਜਾ ਮਿਲਿਆ।

"ਓਇ ਮੁੰਡਿਆ, ਜੇ ਤੂੰ ਮੇਰੇ ਸਵਾਲ ਦਾ ਜਵਾਬ ਦੇ ਸਕੇਂ ਤਾਂ ਇਹ ਘੋੜਾ ਤੇਰਾ ਹੋਇਆ, ਪਰ ਜੇ ਜਵਾਬ ਨਾ ਦੇ ਸਕਿਆ ਤਾਂ ਤੈਨੂੰ ਬਾਦਸ਼ਾਹ ਦੇ ਪੈਸੇ ਮੋੜਨੇ ਪੈਣਗੇ।"

"ਪੁੱਛੋ, ਜੋ ਪੁੱਛਣਾ ਏ!"

"ਤੈਨੂੰ ਬੇਸ਼ਕ, ਇਸ ਗੱਲ ਦਾ ਪਤੈ ਕਿ ਅਕਾਸ਼ ਵਿਚ ਇਕ ਚਿੱਟੀ ਕੁਕੜੀ ਰਹਿੰਦੀ ਏ?"

"ਇਸ ਦਾ ਪਤਾ ਤਾਂ ਹਰ ਇਕ ਨੂੰ ਹੋਣਾ ਹੀ ਚਾਹੀਦੈ!" ਮਿਰਾਲੀ ਨਿਮ੍ਹਾ ਜਿਹਾ ਹੱਸਿਆ।

"ਹੱਛਾ ਇਹ ਦੱਸ, ਉਹ ਐਸ ਵੇਲੇ ਕੀ ਕਹਿ ਰਹੀ ਏ?"

ਮਿਰਾਲੀ ਨੇ ਆਪਣਾ ਸਿਰ ਉਪਰ ਕੀਤਾ ਤੇ ਬਿੜਕਾਂ ਲੈਣ ਲੱਗ ਪਿਆ।

"ਮੈਂ ਸੁਣ ਰਿਹਾ ਹਾਂ," ਉਸ ਨੇ ਕਿਹਾ। "ਪਰ ਮੈਨੂੰ ਸਮਝ ਨਹੀਂ ਪੈ ਰਹੀ। ਤੂੰ ਮੈਨੂੰ ਆਪਣੇ ਘੋੜੇ ਉਤੇ ਚੜ੍ਹ ਕੇ ਸੁਣਨ ਦੀ ਇਜਾਜ਼ਤ ਦੇ।"

"ਆ, ਚੜ੍ਹ ਜਾ!" ਵਜ਼ੀਰ ਨੇ ਤਤਪਰਤਾ ਵਿਖਾਈ।

ਮਿਰਾਲੀ ਨੇ ਰਕਾਬਾਂ ਵਿਚ ਪੈਰ ਜਮਾਏ, ਉੱਚਾ ਹੋ ਕੇ ਬਿੜਕਾਂ ਲਈਆਂ ਤੇ ਖ਼ੁਸ਼ੀ–ਭਰੀ ਆਵਾਜ਼ ਵਿਚ ਕੂਕਿਆ:

"ਮੈਂ ਸੁਣਦਾ ਹਾਂ, ਸੁਣਦਾ ਹਾਂ!"

"ਕੀ ਸੁਣਦਾ ਏਂ?"

"ਕੁਕੜੀ ਕਹਿੰਦੀ ਏ: 'ਮਿਰਾਲੀ, ਆਰਾਮ ਨਾਲ ਕਾਠੀ ਉਤੇ ਬਹਿ ਜਾ ਤੇ ਘੋੜੇ ਨੂੰ ਅੱਡੀ ਲਾ, ਵਜ਼ੀਰ ਲਈ ਖੋਤਾ ਹੀ ਕਾਫ਼ੀ ਹੋਵੇਗਾ!'"

ਮਿਰਾਲੀ ਨੇ ਲਗਾਮ ਖਿੱਚੀ, ਚਾਬਕ ਘੁਕਾਈ, ਉਥੇ ਖਲੋਤਾ ਹੋਇਆ ਸੁਣੱਖਾ ਘੋੜਾ ਹਿੱਲਿਆ ਤੇ ਸਰਪਟ ਦੌੜ ਪਿਆ।

ਵਜ਼ੀਰ ਕੋਲ ਖੋਤੇ ਉਤੇ ਚੜ੍ਹ ਕੇ ਵਾਪਸ ਮਹਿਲ ਵੱਲ ਜਾਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਿਹਾ ਸੀ। ਜਦੋਂ ਉਹ ਵਾਪਸ ਜਾ ਰਿਹਾ ਸੀ ਤਾਂ ਅਕਲਵੰਦ ਮਿਰਾਲੀ ਨੂੰ ਬੁਰੀ ਤਰ੍ਹਾਂ ਕੋਸੀ ਜਾ ਰਿਹਾ ਸੀ। ਵਜ਼ੀਰ ਦੀ ਦਸ਼ਾ ਉਸ ਕੁੱਤੇ ਵਰਗੀ ਸੀ ਜਿਸ ਨੂੰ ਬੁਰੀ ਤਰ੍ਹਾਂ ਕੁੱਟਿਆ ਮਾਰਿਆ ਗਿਆ ਹੋਵੇ।


ਜਦੋਂ ਸੁਲਤਾਨਸੋਯੁਨ ਨੇ ਵੱਡੇ ਵਜ਼ੀਰ ਨੂੰ ਵਾਪਸ ਆਉਂਦੇ ਨੂੰ ਵੇਖਿਆ ਤਾਂ ਉਹ ਬੜਾ ਖੁਲ੍ਹ ਕੇ ਹੱਸਿਆ।

"ਸੁਣਾ ਫਿਰ?" ਜਦੋਂ ਉਸ ਨੇ ਪੁੱਛਿਆ ਤਾਂ ਹੱਸ ਹੱਸ ਕੇ ਉਸ ਦੀਆਂ ਅੱਖਾਂ ਵਿਚ ਅਥਰੂ ਆ ਗਏ ਸਨ। "ਹੁਣ ਸਮਝ ਗਏ ਹੋ ਕਿ ਮਿਰਾਲੀ ਕਿਹੋ ਜਿਹਾ ਏ?"

ਵੱਡਾ ਵਜ਼ੀਰ ਖੋਤੇ ਉਤੋਂ ਉਤਰਿਆ, ਉਸ ਨੂੰ ਡੰਡਾ ਮਾਰਿਆ ਤਾਂ ਜੋ ਉਹ ਅੱਖਾਂ ਤੋਂ ਦੂਰ ਹੋ ਜਾਵੇ, ਤੇ ਆਖਿਆ: "ਸਿਆਣਿਆਂ ਨੇ ਐਵੇਂ ਹੀ ਨਹੀਂ ਆਖਿਆ ਕਿ ਤਗੜੇ ਨਾਲ ਘੋਲ ਨਾ ਕਰੋ, ਫੁਰਤੀਲੇ ਨਾਲ ਮੁਕਾਬਲਾ ਨਾ ਕਰੋ!"



ਚਰਵਾਹਾ



ਇਕ ਬਾਦਸ਼ਾਹ ਸਖ਼ਤ ਬੀਮਾਰ ਹੋ ਗਿਆ। ਹਕੀਮਾਂ ਨੇ ਉਸ ਦਾ ਬੜਾ ਇਲਾਜ ਕੀਤਾ ਪਰ ਉਹ ਰਾਜ਼ੀ ਨਾ ਹੋਇਆ। ਦਰਬਾਰੀਏ ਬਾਦਸ਼ਾਹ ਦੀ ਮੌਤ ਦੀ ਉਡੀਕ ਕਰਨ ਲੱਗੇ ਤੇ ਸਾਰੇ ਹੀ ਇਕ ਦੂਜੇ ਨਾਲੋਂ ਵਧ ਕੇ ਉਸ ਦੀ ਖੁਸ਼ਾਮਦ ਕਰਨ ਲੱਗੇ, ਹਰੇਕ ਨੂੰ ਆਸ ਸੀ ਕਿ ਸਭ ਤੋਂ ਵੱਡੇ ਖੁਸ਼ਾਮਦੀ ਨੂੰ ਰਾਜ-ਗੱਦੀ ਮਿਲ ਜਾਵੇਗੀ।

ਇਕ ਵਾਰੀ ਬਾਦਸ਼ਾਹ ਨੇ ਵਜ਼ੀਰ ਤੇ ਦਰਬਾਰੀਆਂ ਨੂੰ ਆਪਣੇ ਕੋਲ ਸੱਦਿਆ ਤੇ ਕਿਹਾ:

"ਜੇ ਤੁਸੀਂ ਮੇਰਾ ਇਲਾਜ ਕਰਨ ਲਈ ਚੰਗੀ ਦਵਾਈ ਨਾ ਲੱਭ ਸਕੇ ਤਾਂ ਮੈਂ ਮਰਨ ਤੋਂ ਪਹਿਲਾਂ ਤੁਹਾਡੇ ਸਾਰਿਆਂ ਦੇ ਸਿਰ ਕਲਮ ਕਰਵਾ ਦਿਆਂਗਾ।"

ਦਰਬਾਰੀ ਏਨਾ ਡਰ ਗਏ ਕਿ ਦਵਾਈ ਲੱਭਣ ਲਈ ਨਿਕਲ ਤੁਰੇ। ਪਰ ਜਦੋਂ ਕਿਸੇ ਨੂੰ ਵੀ ਦਵਾਈ ਨਾ ਲੱਭੀ ਤਾਂ ਉਹ ਵਜ਼ੀਰ ਕੋਲ ਆਏ ਤੇ ਪੁੱਛਣ ਲੱਗੇ:

"ਕੀ ਬਾਦਸ਼ਾਹ ਆਪਣੀ ਧਮਕੀ ਉਤੇ ਅਮਲ ਕਰ ਸਕਦਾ ਏ?"

"ਕਰ ਸਕਦਾ ਏ!" ਵਜ਼ੀਰ ਨੇ ਜਵਾਬ ਦਿੱਤਾ। "ਪਾਗ਼ਲ ਆਦਮੀ ਤਾਂ ਰੱਬ ਨੂੰ ਵੀ ਸਰਾਪ ਦੇ ਸਕਦੈ।"

ਇਹ ਗੱਲ ਸੁਣ ਕੇ ਦਰਬਾਰੀ ਫਿਰ ਦਵਾਈ ਦੀ ਤਲਾਸ਼ ਵਿਚ ਨਿਕਲ ਤੁਰੇ, ਤੇ ਆਖ਼ਰਕਾਰ, ਇਕ ਹਕੀਮ ਨੂੰ ਲੱਭ ਲਿਆ ਜਿਹੜਾ ਬਾਦਸ਼ਾਹ ਦਾ ਇਲਾਜ ਕਰਨ ਲਈ ਸਹਿਮਤ ਹੋ ਗਿਆ।

ਹਕੀਮ ਬਾਦਸ਼ਾਹ ਕੋਲ ਆਇਆ ਤੇ ਆਖਣ ਲੱਗਾ:

"ਜਹਾਂ-ਪਨਾਹ ਬਾਦਸ਼ਾਹ ਦੀ ਉਮਰ ਲੰਮੀ ਹੋਵੇ! ਹੇ ਮਾਲਕ, ਤੇਰੇ ਇਲਾਜ ਲਈ ਸਿਰਫ਼ ਇਕੋ ਦਵਾਈ ਹੈ। ਜੇ ਤੂੰ ਮੇਰੀ ਗੱਲ ਮੰਨੇਂਗਾ ਤਾਂ ਰਾਜ਼ੀ ਹੋ ਜਾਵੇਂਗਾ, ਪਰ ਜੇ ਨਾ ਮੰਨੀ ਤਾਂ ਮਰ ਜਾਵੇਂਗਾ।"

"ਛੇਤੀ ਛੇਤੀ ਦੱਸ," ਬਾਦਸ਼ਾਹ ਨੇ ਹੁਕਮ ਦਿੱਤਾ।

"ਪਹਿਲਾਂ ਇਹ ਹੁਕਮ ਦੇ ਕਿ ਤੇਰੇ ਸਾਮ੍ਹਣੇ ਇਕ ਅਕਲਵੰਦ ਤੇ ਇਕ ਮੂਰਖ ਬੰਦੇ ਨੂੰ ਲਿਆਂਦਾ ਜਾਵੇ," ਹਕੀਮ ਨੇ ਆਖਿਆ। "ਤੂੰ ਉਹਨਾਂ ਦੋਹਾਂ ਨੂੰ ਮਾਰ ਕੇ ਉਹਨਾਂ ਦਾ ਲਹੂ ਪੀ ਜਾ!"

ਬਾਦਸ਼ਾਹ ਨੇ ਉਸੇ ਵੇਲੇ ਵਜ਼ੀਰ ਨੂੰ ਹੁਕਮ ਦਿੱਤਾ ਕਿ ਇਕ ਅਕਲਵੰਦ ਅਤੇ ਇਕ ਮੂਰਖ ਬੰਦੇ ਨੂੰ ਲੱਭ ਕੇ ਲਿਆਂਦਾ ਜਾਵੇ।

ਵਜ਼ੀਰ ਘੋੜੇ ਉਤੇ ਚੜ੍ਹ ਕੇ ਮਦਰੱਸੇ ਚਲਾ ਗਿਆ ਤੇ ਉਥੇ ਵਿਦਵਾਨ ਮੁੱਲਾਂ ਨੂੰ ਲੱਭ ਲਿਆ ਜਿਹੜਾ ਵੀਹ

ਸਾਲ ਤੱਕ ਇਕ ਕੁਟੀਆ ਵਿਚ ਬੈਠ ਕੇ ਸਿਆਣਿਆਂ ਦੇ ਮੂੰਹੋਂ ਨਿਕਲੀਆਂ ਕਹਾਵਤਾਂ ਉਤੇ ਸੋਚ ਵਿਚਾਰ ਕਰਦਾ ਰਿਹਾ ਸੀ। ਵਜ਼ੀਰ ਨੇ ਉਸ ਨੂੰ ਘੋੜੇ ਉਤੇ ਬਿਠਾਇਆ ਤੇ ਮਹਿਲ ਵਿਚ ਲੈ ਆਇਆ।

ਇਸ ਮਗਰੋਂ ਉਹ ਕਿਸੇ ਮੂਰਖ ਆਦਮੀ ਨੂੰ ਲੱਭਣ ਚਲਿਆ ਗਿਆ। ਉਹ ਜਿਸ ਕਿਸੇ ਨੂੰ ਵੀ ਮਿਲਿਆ ਉਸ ਕੋਲੋਂ ਪੁੱਛਿਆ: "ਕੀ ਤੂੰ ਆਪਣੇ ਆਪ ਨੂੰ ਮੂਰਖ ਸਮਝਦਾ ਏਂ?" ਪਰ ਕੋਈ ਵੀ ਆਪਣੇ ਆਪ ਨੂੰ ਮੂਰਖ ਮੰਨਣ ਲਈ ਤਿਆਰ ਨਹੀਂ ਸੀ। ਤਦ ਵਜ਼ੀਰ ਰੇਗਿਸਤਾਨ ਵੱਲ ਨਿਕਲ ਗਿਆ ਜਿਥੇ ਪਾਟੇ ਪੁਰਾਣੇ ਕਪੜੇ ਪਹਿਨੀ ਇਕ ਚਰਵਾਹਾ ਉਸ ਨੂੰ ਮਿਲਿਆ।

"ਇਹ ਹੀ ਸਾਰੀ ਸਲਤਨਤ ਵਿਚ ਸਭ ਤੋਂ ਮੂਰਖ ਆਦਮੀ ਏ," ਵਜ਼ੀਰ ਨੇ ਫੈਸਲਾ ਕੀਤਾ। ਉਸ ਨੇ ਚਰਵਾਹੇ ਕੋਲੋਂ ਕੁਝ ਵੀ ਨਾ ਪੁੱਛਿਆ ਤੇ ਚਾਬਕ ਨਾਲ ਕੁੱਟਦਾ ਹੋਇਆ ਉਸ ਨੂੰ ਆਪਣੇ ਅੱਗੇ ਲਾ ਕੇ ਮਹਿਲ ਵੱਲ ਲੈ ਗਿਆ।

"ਲਓ, ਮੂਰਖ ਨੂੰ ਵੀ ਲੈ ਆਇਆ ਹਾਂ," ਵਜ਼ੀਰ ਨੇ ਬਾਦਸ਼ਾਹ ਨੂੰ ਆਖਿਆ।

ਚਰਵਾਹੇ ਨੇ ਸੱਚੇ ਦਿਲੋਂ ਬਾਦਸ਼ਾਹ ਨੂੰ ਸਲਾਮ ਕੀਤੀ ਪਰ ਬਾਦਸ਼ਾਹ ਨੇ ਉਸ ਵੱਲ ਇਕ ਨਜ਼ਰ ਭਰ ਕੇ ਵੀ ਨਾ ਵੇਖਿਆ।

"ਬਾਦਸ਼ਾਹ, ਮੇਰੀ ਤੈਨੂੰ ਕੀ ਲੋੜ ਪੈ ਗਈ?" ਚਰਵਾਹੇ ਨੇ ਪੁੱਛਿਆ।

"ਜੇ ਊਠ 'ਤੇ ਬੈਠੇ ਹੋਈਏ ਤਾਂ ਕਾਠੀ ਪਿਛੇ ਲੁਕਣ ਦਾ ਕੀ ਲਾਭ," ਬਾਦਸ਼ਾਹ ਨੇ ਜਵਾਬ ਦਿੱਤਾ। "ਮੈਂ ਸਖ਼ਤ ਬੀਮਾਰ ਹਾਂ ਤੇ ਤੂੰ ਮੇਰੀ ਮਰਜ਼ ਦੀ ਦਵਾ ਏਂ।"

"ਤੇਰੀ ਦਵਾ ਬਣਨਾ ਮੇਰੇ ਵਾਸਤੇ ਬੜੇ ਮਾਣ ਵਾਲੀ ਗੱਲ ਏ," ਚਰਵਾਹੇ ਨੇ ਆਖਿਆ। "ਪਰ ਮੈਂ ਤੇਰਾ ਇਲਾਜ ਕਿਵੇਂ ਕਰ ਸਕਦਾ ਹਾਂ?"

"ਜੇ ਮੈਂ ਇਕ ਅਕਲਵੰਦ ਤੇ ਇਕ ਮੂਰਖ ਦਾ ਲਹੂ ਪੀ ਲਵਾਂ," ਬਾਦਸ਼ਾਹ ਨੇ ਆਖਿਆ, "ਤਾਂ ਮੈਂ ਜ਼ਰੂਰ ਹੀ ਰਾਜ਼ੀ ਹੋ ਜਾਵਾਂਗਾ।"

"ਪਰ ਤੂੰ ਇਹ ਕਿਵੇਂ ਜਾਣ ਸਕੇਂਗਾ ਕਿ ਕੌਣ ਸਭ ਤੋਂ ਅਕਲਵੰਦ ਤੇ ਕੌਣ ਸਭ ਤੋਂ ਮੂਰਖ ਏ?" ਚਰਵਾਹੇ ਨੇ ਜਾਣਨਾ ਚਾਹਿਆ।

ਬਾਦਸ਼ਾਹ ਨੇ ਜਵਾਬ ਦਿੱਤਾ:

"ਮੈਨੂੰ ਸਿਰ ਖਪਾਈ ਕਰਨ ਦੀ ਕੀ ਲੋੜ ਏ? ਆਹ ਦੇਖ, ਮੁੱਲਾਂ ਬੈਠਾ ਹੋਇਐ, ਇਹ ਸਭ ਤੋਂ ਅਕਲਵੰਦ ਏ, ਤੇ ਤੂੰ ਸਭ ਤੋਂ ਮੂਰਖ ਏਂ।"

"ਪਰ, ਕੀ ਉਸ ਆਦਮੀ ਨੂੰ ਅਕਲਵੰਦ ਸਮਝਿਆ ਜਾ ਸਕਦੈ ਜਿਹੜਾ ਸਿਆਣਿਆਂ ਦੀਆਂ ਕਹੀਆਂ ਗੱਲਾਂ ਦਾ ਰੱਟਾ ਲਾਉਂਦਾ ਹੋਵੇ?" ਚਰਵਾਹੇ ਨੇ ਪੁੱਛਿਆ। "ਜੇ ਤੈਨੂੰ ਆਪਣੀ ਬੀਮਾਰੀ ਦਾ ਇਲਾਜ ਕਰਨ ਲਈ ਸਚਮੁੱਚ ਹੀ ਅਕਲਵੰਦ ਆਦਮੀ ਚਾਹੀਦੈ ਤਾਂ ਹਕੀਮ ਤੋਂ ਵਧ ਅਕਲਵੰਦ ਹੋਰ ਕੋਈ ਨਹੀਂ ਹੋ ਸਕਦਾ।"

ਡਰ ਨਾਲ ਕੰਬ ਰਹੇ ਮੁੱਲਾਂ ਨੂੰ ਸੁਖ ਦਾ ਸਾਹ ਆਇਆ, ਪਰ ਲਾਗੇ ਬੈਠਾ ਹੋਇਆ ਹਕੀਮ ਉਸੇ ਵੇਲੇ ਚੀਕਿਆ:

"ਮੈਂ ਤਾਂ ਜੰਮਿਆ ਹੀ ਮੂਰਖ ਸਾਂ! ਰਤਾ ਭਰ ਵੀ ਅਕਲ ਨਹੀਂ ਸੀ!"

"ਇਸ ਗੱਲ ਦਾ ਕਿਸੇ ਨੂੰ ਵੀ ਯਕੀਨ ਨਹੀਂ ਆਉਣ ਲੱਗਾ," ਚਰਵਾਹੇ ਨੇ ਆਖਿਆ। "ਜੇ ਤੈਨੂੰ ਬਹੁਤੀ ਅਕਲ ਨਹੀਂ ਤਾਂ ਤੈਨੂੰ ਇਹ ਇਲਮ ਕਿਵੇਂ ਹੋਇਆ ਕਿ ਬਾਦਸ਼ਾਹ ਨੂੰ ਕਿਹੋ ਜਿਹੀ ਦਵਾਈ ਚਾਹੀਦੀ ਏ?"

ਬਾਦਸ਼ਾਹ ਨੂੰ ਚਰਵਾਹੇ ਦੀ ਗੱਲ ਸਿਆਣੀ ਲੱਗੀ ਤੇ ਹੁਕਮ ਦਿੱਤਾ:

"ਮੁੱਲਾਂ ਨੂੰ ਦਫ਼ਾ ਕਰੋ! ਤੇ ਉਹਦੀ ਥਾਂ ਹਕੀਮ ਨੂੰ ਜੂੜ ਦਿਓ!"

ਮੁੱਲਾਂ ਏਨਾ ਖ਼ੁਸ਼ ਹੋਇਆ ਕਿ ਸਿਰ ਉਤੇ ਪੈਰ ਰਖ ਕੇ ਦੌੜ ਗਿਆ, ਪਰ ਹਕੀਮ ਦੀ ਡਰ ਨਾਲ ਜਾਨ ਨਿਕਲ ਗਈ।

"ਮੈਂ ਮੁੱਲਾਂ ਨੂੰ ਤਾਂ ਬਚਾ ਲਿਐ," ਚਰਵਾਹੇ ਨੇ ਸੋਚਿਆ, "ਤੇ ਹੁਣ ਆਪਣਾ ਵੀ ਫ਼ਿਕਰ ਕਰਨਾ ਚਾਹੀਦੈ।" ਤਦ ਉਸ ਨੇ ਬਾਦਸ਼ਾਹ ਨੂੰ ਕਿਹਾ:

"ਤੂੰ ਸਮਝਦਾ ਏਂ, ਮੈਂ ਮਹਾਂ ਮੂਰਖ ਹਾਂ। ਪਰ ਜੇ ਗੱਲ ਇਸ ਤਰ੍ਹਾਂ ਹੁੰਦੀ ਤਾਂ ਮੈਨੂੰ ਹਰ ਮਹੀਨੇ ਮੇਮਣਾ ਕਿਸੇ ਨੇ ਵੀ ਨਹੀਂ ਦੇਣਾ ਸੀ।"

"ਤਾਂ ਫਿਰ ਮੂਰਖ ਕੌਣ ਹੋਇਆ?" ਸੋਚਾਂ ਵਿਚ ਡੁੱਬੇ ਬਾਦਸ਼ਾਹ ਨੇ ਪੁੱਛਿਆ।

"ਹਰ ਚੋਰ ਜ਼ਰੂਰ ਹੀ ਮੂਰਖ ਹੁੰਦੈ," ਚਰਵਾਹੇ ਨੇ ਜਵਾਬ ਦਿੱਤਾ। "ਤੂੰ ਆਪ ਹੀ ਸੋਚ: ਚੋਰ ਫੜਿਆ ਜਾਂਦੈ, ਉਸ ਨੂੰ ਕੁੱਟਿਆ ਮਾਰਿਆ ਜਾਂਦੈ, ਜੇਲ੍ਹ ਵਿਚ ਡੱਕ ਦਿੱਤਾ ਜਾਂਦੈ, ਪਰ ਉਹ ਫਿਰ ਵੀ ਚੋਰੀ ਕਰਨ ਤੋਂ ਬਾਅਜ਼ ਨਹੀਂ ਆਉਂਦਾ।"

"ਸਭ ਤੋਂ ਵੱਡਾ ਚੋਰ ਕਿਥੋਂ ਲੱਭਿਆ ਜਾਵੇ?" ਬਾਦਸ਼ਾਹ ਨੇ ਪੁੱਛਿਆ।

"ਬਿਨ ਪਹਾੜ ਬਘਿਆੜ ਨਾ ਲੱਭੇ, ਬਿਨ ਖ਼ਜ਼ਾਨੇ ਚੋਰ!" ਚਰਵਾਹੇ ਨੇ ਜਵਾਬ ਦਿੱਤਾ ਤੇ ਵਜ਼ੀਰ ਵੱਲ ਵੇਖਿਆ।

ਵਜ਼ੀਰ ਦਾ ਰੰਗ ਫੱਕ ਹੋ ਗਿਆ ਤੇ ਉਸ ਨੇ ਬਾਦਸ਼ਾਹ ਨੂੰ ਕਿਹਾ:

"ਮੈਂ ਸਭ ਤੋਂ ਵੱਡੇ ਚੋਰ ਨੂੰ ਲਿਆਉਂਦਾ ਹਾਂ," ਤੇ ਉਸ ਨੇ ਉਸੇ ਵੇਲੇ ਪਹਿਰੇਦਾਰਾਂ ਨੂੰ ਜੇਲ੍ਹ ਵੱਲ ਭੇਜਿਆ।

ਬਾਦਸ਼ਾਹ ਨੇ ਹਕੀਮ ਤੇ ਚੋਰ ਦਾ ਲਹੂ ਪੀ ਲਿਆ ਤੇ ਨੌ-ਬਰ-ਨੌ ਹੋ ਗਿਆ। ਉਸ ਨੇ ਸ਼ੁਕਰਾਨੇ ਵਜੋਂ ਚਰਵਾਹੇ ਨੂੰ ਲੰਙਾ ਖੋਤਾ ਦਿੱਤਾ ਤੇ ਉਸ ਨੂੰ ਆਪਣਾ ਸਾਈਸ ਬਣਾ ਲਿਆ।

ਇਕ ਦਿਨ ਬਾਦਸ਼ਾਹ ਤੇ ਵਜ਼ੀਰ ਸ਼ਿਕਾਰ ਖੇਡਣ ਚਲੇ ਗਏ ਤੇ ਚਰਵਾਹਾ ਵੀ ਆਪਣੇ ਖੋਤੇ ਉਤੇ ਸਵਾਰ ਹੋ ਕੇ ਉਹਨਾਂ ਦੇ ਮਗਰ ਮਗਰ ਚਲਿਆ ਗਿਆ।

ਜਦੋਂ ਉਹ ਇਕ ਬਾਗ਼ ਦੇ ਲਾਗੋਂ ਦੀ ਲੰਘ ਰਹੇ ਸਨ ਤਾਂ ਉਹਨਾਂ ਨੂੰ ਇਕ ਕੰਨਿਆ ਵਿਖਾਈ ਦਿੱਤੀ। ਉਹ ਸੁਰਾਹੀ ਲੈ ਕੇ ਨਾਲੇ ਵੱਲ ਜਾ ਰਹੀ ਸੀ। ਕੰਨਿਆ ਏਨੀ ਸੁਹਣੀ ਸੀ ਕਿ ਬੰਦਾ ਉਸ ਵੱਲ ਵੇਖਦਾ ਹੋਇਆ ਖਾਣਾ ਪੀਣਾ ਹੀ ਭੁੱਲ ਜਾਵੇ।

ਬਾਦਸ਼ਾਹ, ਵਜ਼ੀਰ ਤੇ ਚਰਵਾਹੇ ਨੂੰ ਪਹਿਲੀ ਨਜ਼ਰੇ ਹੀ ਕੁੜੀ ਨਾਲ ਪਿਆਰ ਹੋ ਗਿਆ। ਪਰ ਕੁੜੀ ਨੇ ਉਹਨਾਂ ਵੱਲ ਮੁੜ ਕੇ ਵੇਖਿਆ ਤਕ ਨਾ।

ਬਾਦਸ਼ਾਹ ਨੇ ਸ਼ਿਕਾਰ ਉਤੇ ਜਾਣ ਦਾ ਵਿਚਾਰ ਛੱਡ ਦਿੱਤਾ ਤੇ ਉਸੇ ਵੇਲੇ ਵਾਪਸ ਮਹਿਲ ਵਿਚ ਚਲਿਆ ਗਿਆ।

ਜਿਉਂ ਹੀ ਹਨੇਰਾ ਹੋਇਆ ਉਸ ਨੇ ਆਪਣਾ ਭੇਸ ਵਟਾਇਆ ਤੇ ਚੋਰੀ ਛਿਪੇ ਮਹਿਲ ਵਿਚੋਂ ਨਿਕਲ ਕੇ ਉਸ ਸੁੰਦਰ ਕੰਨਿਆ ਦੇ ਬਾਗ਼ ਵੱਲ ਤੁਰ ਪਿਆ।

ਜਦੋਂ ਉਸ ਨੇ ਜਾ ਕੇ ਬੂਹਾ ਖੜਕਾਇਆ ਤਾਂ ਇਕ ਨੌਕਰਾਣੀ ਨਿਕਲੀ, ਇਕ ਦਸਤਰਖ਼ਾਨ ਤੇ ਥਾਲੀ ਲਿਆਈ ਜਿਸ ਵਿਚ ਇਕ ਕਲੇਜੀ ਤੇ ਇਕ ਫੇਫੜਾ ਪਏ ਹੋਏ ਸਨ।

ਬਾਦਸ਼ਾਹ ਨੂੰ ਕੁਝ ਨਾ ਸੁੱਝੇ ਕਿ ਇਹਨਾਂ ਦਾ ਕੀ ਕੀਤਾ ਜਾਵੇ। ਤਦ ਉਸ ਨੇ ਨੌਕਰਾਣੀ ਨੂੰ ਹੁਕਮ ਦਿੱਤਾ ਕਿ ਉਹ ਥਾਲੀ ਆਪਣੀ ਮਾਲਕਣ ਕੋਲ ਲੈ ਜਾਵੇ।

ਕੁਝ ਸਮਾਂ ਪਾ ਕੇ ਨੌਕਰਾਣੀ ਮੁੜ ਆਈ ਤੇ ਬਾਦਸ਼ਾਹ ਨੂੰ ਦੱਸਿਆ ਕਿ ਸੁੰਦਰ ਕੰਨਿਆ ਉਸ ਨੂੰ ਮਿਲਣਾ ਨਹੀਂ ਚਾਹੁੰਦੀ।

ਉਸੇ ਵੇਲੇ ਕਿਸੇ ਦੇ ਕਦਮਾਂ ਦੀ ਆਵਾਜ਼ ਸੁਣਾਈ ਦਿੱਤੀ ਤੇ ਬਾਦਸ਼ਾਹ ਡਰ ਦਾ ਮਾਰਾ ਇਕ ਦਰਖ਼ਤ ਦੇ ਉਹਲੇ ਹੋ ਗਿਆ।

ਦਰਵਾਜ਼ੇ ਵੱਲ ਆਉਣ ਵਾਲਾ ਵਜ਼ੀਰ ਸੀ। ਜਿਉਂ ਹੀ ਉਸ ਨੇ ਦਰਵਾਜ਼ਾ ਖੜਕਾਇਆ ਤਾਂ ਨੌਕਰਾਣੀ ਉਹੋ ਥਾਲੀ ਤੇ ਦਸਤਰਖ਼ਾਨ ਲੈ ਆਈ।

ਵਜ਼ੀਰ ਨੂੰ ਵੀ ਪਤਾ ਨਹੀਂ ਸੀ ਕਿ ਕੀ ਕੀਤਾ ਜਾਵੇ। ਸੋ, ਉਸ ਨੇ ਵੀ ਥਾਲੀ ਤੇ ਦਸਤਰਖ਼ਾਨ ਵਾਪਸ ਭੇਜ ਦਿੱਤੇ।

ਨੌਕਰਾਣੀ ਥਾਲੀ ਲੈ ਕੇ ਚਲੀ ਗਈ ਤੇ ਜਦੋਂ ਵਾਪਸ ਆਈ ਤਾਂ ਆਖਿਆ ਕਿ ਰੂਪਵੰਤੀ ਕੰਨਿਆ ਵਜ਼ੀਰ ਨੂੰ ਮਿਲਣਾ ਨਹੀਂ ਚਾਹੁੰਦੀ ਸੀ।

ਅਜੇ ਨੌਕਰਾਣੀ ਨੇ ਦਰਵਾਜ਼ਾ ਬੰਦ ਵੀ ਨਹੀਂ ਕੀਤਾ ਸੀ ਕਿ ਘੋੜੇ ਦੇ ਪੌੜਾਂ ਦੀ ਆਵਾਜ਼ ਆਉਣ ਲੱਗੀ।

ਵਜ਼ੀਰ ਵੀ ਡਰ ਗਿਆ ਤੇ ਦਰਖ਼ਤ ਦੇ ਪਿਛੇ ਲੁਕ ਗਿਆ ਜਿਥੇ ਉਹ ਬਾਦਸ਼ਾਹ ਨਾਲ ਜਾ ਵੱਜਾ। ਉਹ ਬਾਦਸ਼ਾਹ ਦੇ ਪੈਰੀਂ ਢਹਿ ਕੇ ਅਜੇ ਮਾਫ਼ੀ ਵੀ ਨਹੀਂ ਮੰਗ ਸਕਿਆ ਸੀ ਕਿ ਬਾਦਸ਼ਾਹ ਨੇ ਉਸ ਨੂੰ ਫੜ ਕੇ ਫੁਸ ਫੁਸ ਕੀਤਾ:

"ਵੇਖਦੇ ਹਾਂ, ਅੱਗੋਂ ਕੀ ਹੁੰਦੈ!"

ਏਨੇ ਨੂੰ ਹਨੇਰੇ ਵਿਚੋਂ ਬਾਹਰ ਆਉਂਦਾ ਚਰਵਾਹਾ ਵਿਖਾਈ ਦਿੱਤਾ। ਉਹ ਘੋੜੇ ਉਤੇ ਚੜ੍ਹਿਆ ਹੋਇਆ ਦਰਵਾਜ਼ੇ ਕੋਲ ਗਿਆ ਤੇ ਦਸਤਕ ਦਿੱਤੀ:

ਨੌਕਰਾਣੀ ਦਸਤਰਖ਼ਾਨ ਵਿਚ ਵਲ੍ਹੇਟੀ ਹੋਈ ਥਾਲੀ ਲਿਆਈ ਜਿਸ ਵਿਚ ਉਹ ਹੀ ਕਲੇਜੀ ਤੇ ਫੇਫੜਾ ਸੀ।

ਚਰਵਾਹੇ ਨੇ ਆਪਣੇ ਕਮਰਬੰਦ ਨਾਲੋਂ ਛੁਰਾ ਲਾਹਿਆ, ਕਲੇਜੀ ਨੂੰ ਫੇਫੜੇ ਨਾਲੋਂ ਚੀਰ ਕੇ ਵੱਖ ਕੀਤਾ, ਫਿਰ ਉਹਨਾਂ ਦੇ ਛੋਟੇ ਛੋਟੇ ਟੁਕੜੇ ਕੀਤੇ, ਉਹਨਾਂ ਨੂੰ ਚੰਗੀ ਤਰ੍ਹਾਂ ਰਲਾਇਆ, ਦਸਤਰਖ਼ਾਨ ਵਿਚ ਕਈ ਮੋਰੀਆਂ ਕੀਤੀਆਂ ਤੇ ਉਹਨਾਂ ਵਿਚ ਕਲੇਜੀ ਤੇ ਫੇਫੜੇ ਦੇ ਟੁਕੜੇ ਫਸਾ ਦਿੱਤੇ। ਇਸ ਮਗਰੋਂ ਉਸ ਨੇ ਦਸਤਰਖ਼ਾਨ ਵਲ੍ਹੇਟਿਆ ਤੇ ਛੁਰੇ ਦੇ ਦੋ ਟੋਟੇ ਕਰ ਕੇ ਰੂਪਵੰਤੀ ਕੋਲ ਭੇਜ ਦਿੱਤੇ।

ਛੇਤੀ ਹੀ ਨੌਕਰਾਣੀ ਮੁੜ ਆਈ ਤੇ ਕਿਹਾ:

"ਸਮਾਂ ਆਉਣ ਉਤੇ ਜਵਾਬ ਮਿਲੇਗਾ।"

ਸਵੇਰੇ ਜਦੋਂ ਸੂਰਜ ਕਾਫ਼ੀ ਉੱਚਾ ਚੜ੍ਹ ਆਇਆ ਸੀ ਤਾਂ ਬਾਦਸ਼ਾਹ ਨੇ ਵਜ਼ੀਰ ਨੂੰ ਆਪਣੇ ਕੋਲ ਸੱਦ ਕੇ ਪੁੱਛਿਆ:

"ਇਸ ਅਜੀਬ ਚਰਵਾਹੇ ਦੀ ਰਾਤ ਵਾਲੀ ਚਾਲ ਤੇ ਸੁੰਦਰ ਕੰਨਿਆ ਦੇ ਜਵਾਬ ਦਾ ਕੀ ਮਤਲਬ ਹੋਇਆ?"

ਵਜ਼ੀਰ ਇਸ ਸਵਾਲ ਦਾ ਕੋਈ ਜਵਾਬ ਨਾ ਦੇ ਸਕਿਆ।

"ਤਾਂ ਫਿਰ ਵਿਚੋਲਿਆਂ ਨੂੰ ਤੁਰਤ ਉਸ ਰੂਪਵੰਤੀ ਵੱਲ ਭੇਜ," ਬਾਦਸ਼ਾਹ ਨੇ ਹੁਕਮ ਸੁਣਾਇਆ। "ਉਹ ਉਸ ਨੂੰ ਜਾ ਕੇ ਦੱਸਣ ਕਿ ਮੈਂ ਉਸ ਨਾਲ ਸ਼ਾਦੀ ਕਰ ਕੇ ਉਸ ਨੂੰ ਮਾਣ ਬਖ਼ਸ਼ਣਾ ਚਾਹੁੰਦਾ ਹਾਂ।"

ਇਹ ਸੁਣ ਕੇ ਵਜ਼ੀਰ ਨੂੰ ਬੜਾ ਦੁੱਖ ਹੋਇਆ ਪਰ ਉਹ ਹੁਕਮ-ਅਦੂਲੀ ਨਹੀਂ ਕਰ ਸਕਦਾ ਸੀ।

ਜਦੋਂ ਵਿਚੋਲੇ ਜਾ ਕੇ ਮੁੜ ਆਏ ਤੇ ਉਹਨਾਂ ਨੇ ਦੱਸਿਆ ਕਿ ਸੁੰਦਰੀ ਨੂੰ ਬਾਦਸ਼ਾਹ ਨਾਲ ਸ਼ਾਦੀ ਕਰਨਾ ਕਬੂਲ ਨਹੀਂ ਸੀ ਤਾਂ ਬਾਦਸ਼ਾਹ ਗੁੱਸੇ ਵਿਚ ਅੰਨ੍ਹਾ ਹੋਇਆ ਕੜਕਿਆ:

"ਮੇਰੇ ਨਾਲ, ਸਾਰੀ ਸਲਤਨਤ ਦੇ ਮਾਲਕ ਨਾਲ, ਸ਼ਾਦੀ ਕਰਨ ਤੋਂ ਇਨਕਾਰ ਕਰਨ ਦੀ ਉਹਦੀ ਹਿੰਮਤ ਕਿਵੇਂ ਪਈ! ਉਸ ਹਰਾਮਣ ਨੂੰ ਕਤਲ ਕਰ ਦਿੱਤਾ ਜਾਵੇ!"

ਬਾਦਸ਼ਾਹ ਦੀਆਂ ਚੀਕਾਂ ਸੁਣ ਕੇ ਚਰਵਾਹਾ ਦੌੜਦਾ ਹੋਇਆ ਆਇਆ:

"ਹੇ, ਮਿਹਰਬਾਨ ਬਾਦਸ਼ਾਹ!" ਉਸ ਨੇ ਆਖਿਆ। "ਮੇਰੀ ਵੀ ਇਕ ਖ਼ਾਹਿਸ਼ ਏ!"

"ਇਹ ਕੀ ਮਜ਼ਾਕ ਏ!" ਬਾਦਸ਼ਾਹ ਸੰਘ ਪਾੜ ਕੇ ਕੜਕਿਆ। "ਚਰਵਾਹੇ ਦੀ ਕੀ ਖ਼ਾਹਿਸ਼ ਹੋ ਸਕਦੀ ਆ?!"

ਤਦ ਵਜ਼ੀਰ ਨੇ ਦਖ਼ਲ ਦਿੱਤਾ ਤੇ ਚਰਵਾਹੇ ਦੀ ਹਮਾਇਤ ਕੀਤੀ:

"ਖ਼ਫ਼ਾ ਨਾ ਹੋ, ਬਾਦਸ਼ਾਹ ਹਜ਼ੂਰ। ਚਰਵਾਹਾ ਵੀ ਤੇਰੀ ਖ਼ਲਕਤ ਵਿਚੋਂ ਏ, ਤੇ ਖ਼ਲਕਤ ਤੇਰੀ ਤੰਦਰੁਸਤੀ ਦੀ ਦਵਾ ਕਰਦੀ ਏ, ਪਰ ਉਸ ਦੀ ਕੋਈ ਨੇਕ ਖ਼ਾਹਿਸ਼ ਵੀ ਹੋ ਸਕਦੀ ਏ। ਸੋ, ਚਰਵਾਹੇ ਦੀ ਗੱਲ ਸੁਣੀ ਜਾਣੀ ਚਾਹੀਦੀ ਏ।"

"ਚੰਗਾ," ਬਾਦਸ਼ਾਹ ਦਾ ਗੁੱਸਾ ਕੁਝ ਠੰਡਾ ਹੋ ਗਿਆ ਸੀ, "ਆਖ, ਜੋ ਆਖਣਾ ਈ!"

"ਮਿਹਰਬਾਨ ਬਾਦਸ਼ਾਹ," ਚਰਵਾਹੇ ਨੇ ਆਖਿਆ, "ਕੀ ਕਿਸੇ ਕਮਜ਼ੋਰ, ਨਿਆਸਰੀ ਕੁੜੀ ਨੂੰ ਮਾਰਨਾ ਸਲਤਨਤ ਦੇ ਮਾਲਕ ਨੂੰ ਸ਼ੋਭਾ ਦਿੰਦੈ? ਜੇ ਖ਼ਲਕਤ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਤਾਂ ਇਸ ਤਰ੍ਹਾਂ ਦੇ ਚਰਚੇ ਹੋਣ ਲੱਗ ਪੈਣਗੇ: 'ਬਾਦਸ਼ਾਹ ਨੇ ਕੁੜੀ ਨੂੰ ਇਸ ਕਰਕੇ ਮਾਰ ਦਿੱਤੈ ਕਿਉਂਕਿ ਉਹ ਉਸ ਨਾਲ ਵਿਆਹ ਨਹੀਂ ਕਰਾਉਣਾ ਚਾਹੁੰਦੀ ਸੀ। ਤੇ ਵਿਆਹ ਇਸ ਲਈ ਨਹੀਂ ਕਰਾਉਣਾ ਚਾਹੁੰਦੀ ਸੀ ਕਿਉਂਕਿ ਬਾਦਸ਼ਾਹ ਉਸ ਮੂਰਖ ਨਾਲੋਂ ਵੀ ਮੂਰਖ ਏ, ਜਿਸ ਦਾ ਉਸ ਨੇ ਲਹੂ ਪੀਤਾ ਸੀ।'"

"ਚਰਵਾਹੇ ਦੀ ਗੱਲ ਬਿਲਕੁਲ ਠੀਕ ਏ," ਵਜ਼ੀਰ ਨੇ ਹਾਮੀ ਭਰੀ।

ਬਾਦਸ਼ਾਹ ਨੇ ਪਲ-ਕੁ ਸੋਚਿਆ ਤੇ ਆਖਿਆ:

"ਠੀਕ ਏ, ਮੈਂ ਉਸ ਦੀ ਜਾਨ ਬਖ਼ਸ਼ ਦਿੰਦਾ ਹਾਂ। ਚਲੋ, ਉਹ ਨਾਸ਼ੁਕਰੀ ਜਿਸ ਨਾਲ ਮਰਜ਼ੀ ਵਿਆਹ ਕਰਾ ਲਵੇ।"

ਤਦ ਵਜ਼ੀਰ ਨੇ ਬਾਦਸ਼ਾਹ ਕੋਲ ਅਰਜ਼ ਕੀਤੀ:

"ਇਸ ਕੁੜੀ ਵੱਲ ਵਿਚੋਲਾ ਭੇਜਣ ਦੀ ਇਜਾਜ਼ਤ ਮੈਨੂੰ ਦੇਵੋ।"

ਬਾਦਸ਼ਾਹ ਨੇ ਇਜਾਜ਼ਤ ਦੇ ਦਿੱਤੀ ਤੇ ਵਜ਼ੀਰ ਨੇ ਬਿਨਾਂ ਕੋਈ ਢਿੱਲ ਕੀਤਿਆਂ ਵਿਚੋਲਿਆਂ ਨੂੰ ਕੁੜੀ ਦੇ ਘਰ ਵੱਲ ਭੇਜ ਦਿੱਤਾ। ਵਿਚੋਲੇ ਛੇਤੀ ਹੀ ਮੁੜ ਆਏ ਤੇ ਕੁੜੀ ਵਲੋਂ ਇਹ ਜਵਾਬ ਲਿਆਏ: "ਮੈਂ ਵਜ਼ੀਰ ਨਾਲ ਵਿਆਹ ਨਹੀਂ ਕਰਾਉਣਾ!"

ਤਦ ਚਰਵਾਹੇ ਨੇ ਬਾਦਸ਼ਾਹ ਨੂੰ ਸੰਬੋਧਨ ਕਰਨ ਦੀ ਹਿੰਮਤ ਕੀਤੀ:

"ਹੇ, ਮਿਹਰਬਾਨ ਬਾਦਸ਼ਾਹ, ਮੈਨੂੰ ਇਸ ਕੁੜੀ ਵੱਲ ਆਪਣਾ ਵਿਚੋਲਾ ਭੇਜਣ ਦੀ ਇਜਾਜ਼ਤ ਦੇਵੋ।"

ਬਾਦਸ਼ਾਹ ਖਿੜ ਖਿੜ ਕੇ ਹੱਸ ਪਿਆ।

"ਕੀ ਉਸ ਕੁੜੀ ਨੂੰ, ਜਿਸ ਨੇ ਮੈਨੂੰ ਤੇ ਵਜ਼ੀਰ ਨੂੰ ਠੁਕਰਾ ਦਿਤੈ, ਕੋਈ ਸਿੱਧਾ ਜਿਹਾ ਚਰਵਾਹਾ ਪਸੰਦ ਆ ਸਕਦੈ?"

ਪਰ ਉਸ ਨੇ ਚਰਵਾਹੇ ਨੂੰ ਆਪਣਾ ਵਿਚੋਲਾ ਭੇਜਣ ਦੀ ਆਗਿਆ ਦੇ ਹੀ ਦਿੱਤੀ।

ਜਦੋਂ ਵਿਚੋਲਾ ਮੁੜ ਆਇਆ ਤਾਂ ਬਾਦਸ਼ਾਹ ਪਹਿਲਾਂ ਨਾਲੋਂ ਵੀ ਜ਼ੋਰ ਜ਼ੋਰ ਨਾਲ ਹੱਸਣ ਲੱਗ ਪਿਆ:

"ਜਾ, ਚਰਵਾਹਿਆ, ਕੁੜੀ ਵੱਲ ਦੌੜਦਾ ਜਾ! ਉਸ ਨੇ ਆਪਣੇ ਕੋਲ ਹਮੇਸ਼ਾ ਵਾਸਤੇ ਰਹਿਣ ਲਈ ਤੈਨੂੰ ਸੱਦਾ ਭੇਜਿਐ!"

ਵਿਚੋਲੇ ਨੇ ਬਾਦਸ਼ਾਹ ਅੱਗੇ ਸਿਰ ਨਿਵਾਇਆ ਤੇ ਆਖਿਆ:

"ਹਾਂ, ਕੁੜੀ ਚਰਵਾਹੇ ਨਾਲ ਸ਼ਾਦੀ ਕਰਨ ਲਈ ਰਜ਼ਾਮੰਦ ਹੋ ਗਈ ਏ।"

ਇਹ ਸੁਣ ਕੇ ਬਾਦਸ਼ਾਹ ਹੱਕਾ ਬੱਕਾ ਰਹਿ ਗਿਆ ਤੇ ਵਜ਼ੀਰ ਡਾਢਾ ਪਰੇਸ਼ਾਨ ਹੋਇਆ।

ਬਾਦਸ਼ਾਹ ਨੂੰ ਉਸ ਰਾਤ ਵਾਲੀ ਘਟਨਾ ਯਾਦ ਆ ਗਈ ਜਦੋਂ ਉਹਨੇ ਆਪ, ਫਿਰ ਉਹਦੇ ਵਜ਼ੀਰ ਨੇ ਤੇ ਸਭ ਤੋਂ ਮਗਰੋਂ ਚਰਵਾਹੇ ਨੇ ਦਰਵਾਜ਼ਾ ਖੜਕਾਇਆ ਸੀ। ਬਾਦਸ਼ਾਹ ਨੇ ਚਰਵਾਹੇ ਨੂੰ ਪੁੱਛਿਆ:

"ਤੂੰ ਰਾਤੀਂ ਦਰਵਾਜ਼ਾ ਖੜਕਾਇਆ ਸੀ?"

"ਨਹੀਂ, ਮਿਹਰਬਾਨ ਬਾਦਸ਼ਾਹ," ਚਰਵਾਹੇ ਨੇ ਜਵਾਬ ਦਿੱਤਾ।

"ਤੂੰ ਝੂਠ ਬੋਲਦਾ ਏਂ! ਕੀ ਉਸ ਨੇ ਤੈਨੂੰ ਥਾਲੀ ਵਿਚ ਕਲੇਜੀ ਤੇ ਫੇਫੜਾ ਪਾ ਕੇ ਨਹੀਂ ਸੀ ਭੇਜਿਆ?"

"ਨਹੀਂ, ਜਹਾਂ-ਪਨਾਹ!"

"ਜੇ ਤੂੰ ਸੱਚੀ ਗੱਲ ਨਾ ਦੱਸੀ ਤਾਂ ਮੈਂ ਤੈਨੂੰ ਫਾਹੇ ਲਾ ਦੇਣ ਦਾ ਹੁਕਮ ਦੇ ਦਿਆਂਗਾ, ਪਰ ਜੇ ਸੱਚ ਦੱਸ ਦਏਂ ਤਾਂ ਮੈਂ ਤੈਨੂੰ ਮਾਫ਼ ਕਰ ਦਿਆਂਗਾ।" ਬਾਦਸ਼ਾਹ ਨੂੰ ਗੁੱਸਾ ਚੜ੍ਹ ਗਿਆ।

"ਸਹੁੰ ਅੱਲਾ ਦੀ, ਬਾਦਸ਼ਾਹ ਹਜ਼ੂਰ, ਮੈਨੂੰ ਇਸ ਬਾਰੇ ਕੁਝ ਵੀ ਪਤਾ ਨਹੀਂ!"

ਤਦ ਵਜ਼ੀਰ ਨੇ ਕਿਹਾ:

"ਇਹ ਚਲਾਕ ਚਰਵਾਹਾ ਝੂਠ ਬੋਲ ਰਿਹੈ। ਇਸ ਨੂੰ ਜ਼ਰੂਰ ਹੀ ਫਾਹੇ ਲਾ ਦੇਣਾ ਚਾਹੀਦੈ।" ਪਰ ਚਰਵਾਹਾ ਆਪਣੀ ਗੱਲ ਉਤੇ ਅੜਿਆ ਰਿਹਾ ਤੇ ਬਾਦਸ਼ਾਹ ਨੇ ਉਸ ਨੂੰ ਫਾਹੇ ਲਾਉਣ ਦਾ ਹੁਕਮ ਦੇ ਦਿੱਤਾ।

ਚਰਵਾਹੇ ਦੇ ਗਲ ਵਿਚ ਫੰਦਾ ਪਾ ਦਿੱਤਾ ਗਿਆ।

ਜਦੋਂ ਸੁੰਦਰੀ ਨੂੰ ਪਤਾ ਲੱਗਾ ਕਿ ਉਸ ਦੇ ਮੰਗੇਤਰ ਨੂੰ ਫਾਹੇ ਲਾਇਆ ਜਾ ਰਿਹਾ ਹੈ ਤਾਂ ਉਸ ਨੇ ਪੇਠੇ ਵਿਚ ਸਵਾਹ ਪਾਈ ਤੇ ਨੌਕਰਾਣੀ ਨੂੰ ਹੁਕਮ ਦਿੱਤਾ ਕਿ ਪੇਠੇ ਨੂੰ ਚਰਵਾਹੇ ਦੇ ਪੈਰਾਂ ਵਿਚ ਸੁੱਟ ਆਵੇ।

ਨੌਕਰਾਣੀ ਫਾਂਸੀ ਦੇ ਫੰਦੇ ਵੱਲ ਦੌੜਦੀ ਦੌੜਦੀ ਆਈ।

ਬਾਦਸ਼ਾਹ ਤੇ ਵਜ਼ੀਰ ਵੀ ਉਥੇ ਆ ਪਹੁੰਚੇ। ਬਾਦਸ਼ਾਹ ਦੀ ਉਸ ਰਾਤ ਦਾ ਭੇਦ ਜਾਣਨ ਦੀ ਬੜੀ ਹੀ ਇੱਛਾ ਸੀ। ਸੋ, ਉਸ ਨੇ ਚਰਵਾਹੇ ਨੂੰ ਕਿਹਾ:

"ਜੇ ਇਹ ਦੱਸ ਦਏਂ ਕਿ ਤੂੰ ਕਲੇਜੀ ਤੇ ਫੇਫੜੇ ਦਾ ਕੀ ਕੀਤਾ ਸੀ ਤਾਂ ਮੈਂ ਤੇਰੀ ਜਾਨ ਬਖ਼ਸ਼ ਦਿਆਂਗਾ।"

ਜਵਾਬ ਵਿਚ ਚਰਵਾਹੇ ਨੇ ਸਿਰ ਮਾਰ ਛੱਡਿਆ।

ਤਦ ਬਾਦਸ਼ਾਹ ਨੇ ਜਲਾਦ ਨੂੰ ਹੁਕਮ ਦਿੱਤਾ ਕਿ ਚਰਵਾਹੇ ਨੂੰ ਫਾਂਸੀ ਲਾ ਦਿੱਤੀ ਜਾਵੇ।

ਏਨੇ ਨੂੰ ਸੁੰਦਰੀ ਦੀ ਨੌਕਰਾਣੀ ਫਾਂਸੀ ਦੇ ਫੰਦੇ ਦੇ ਐਨ ਲਾਗੇ ਪਹੁੰਚ ਗਈ ਤੇ ਪੇਠਾ ਵਗਾਹ ਮਾਰਿਆ। ਪੇਠਾ ਟੋਟੇ ਟੋਟੇ ਹੋ ਗਿਆ ਤੇ ਉਸ ਵਿਚੋਂ ਸਵਾਹ ਖਿਲਰ ਗਈ।

ਇਹ ਵੇਖ ਕੇ ਚਰਵਾਹਾ ਚੀਕ ਉੱਠਿਆ:

"ਹੇ, ਮਿਹਰਬਾਨ ਬਾਦਸ਼ਾਹ, ਮੈਨੂੰ ਫਾਂਸੀ ਨਾ ਲਾ! ਮੈਂ ਤੈਨੂੰ ਸਾਰੀ ਗੱਲ ਦੱਸ ਦਿੰਦਾ ਹਾਂ!"

ਬਾਦਸ਼ਾਹ ਨੇ ਜਲਾਦ ਨੂੰ ਰੁਕ ਜਾਣ ਦਾ ਤੁਰਤ ਹੁਕਮ ਦਿੱਤਾ ਤੇ ਹਸਦੇ ਹੋਏ ਨੇ ਚਰਵਾਹੇ ਨੂੰ ਆਖਿਆ:

"ਮਤਲਬ ਇਹ ਹੋਇਆ ਕਿ ਤੂੰ ਅਖ਼ੀਰ ਮੌਤ ਕੋਲੋਂ ਡਰ ਹੀ ਗਿਐਂ?"

"ਨਹੀਂ, ਮਿਹਰਬਾਨ ਬਾਦਸ਼ਾਹ," ਚਰਵਾਹੇ ਨੇ ਆਖਿਆ। "ਮੈਨੂੰ ਨਾ ਹੀ ਤੇਰਾ ਤੇ ਨਾ ਹੀ ਮੌਤ ਦਾ ਡਰ ਏ..."

"ਬਹੁਤੀ ਬਕ ਬਕ ਨਾ ਕਰ," ਬਾਦਸ਼ਾਹ ਨੇ ਚਰਵਾਹੇ ਨੂੰ ਕਾਹਲੀ ਨਾਲ ਟੋਕਿਆ, "ਜੋ ਹੋਇਆ ਸੀ ਉਹ ਹੀ ਦੱਸ।"

"ਬਾਦਸ਼ਾਹ ਹਜ਼ੂਰ," ਚਰਵਾਹੇ ਨੇ ਕਹਿਣਾ ਸ਼ੁਰੂ ਕੀਤਾ, "ਰਾਤੀਂ ਮੈਂ ਸਚਮੁੱਚ ਹੀ ਕੁੜੀ ਦੇ ਘਰ ਦਾ ਦਰਵਾਜ਼ਾ ਖੜਕਾਇਆ ਸੀ ਤੇ ਉਸ ਨੇ ਮੇਰੇ ਲਈ ਇਕ ਥਾਲੀ ਵਿਚ ਕਲੇਜੀ ਤੇ ਫੇਫੜਾ ਪਾ ਕੇ ਭੇਜਿਆ ਸੀ। ਇਸ ਤਰੀਕੇ ਨਾਲ ਉਹ ਇਹ ਪੁੱਛਣਾ ਚਾਹੁੰਦੀ ਸੀ: 'ਜੇ ਮੈਂ ਤੇਰੇ ਨਾਲ ਵਿਆਹ ਕਰਾਉਣਾ ਮੰਨ ਜਾਵਾਂ ਤਾਂ ਕੀ ਅਸੀਂ ਇਕੱਠੇ ਰਹਿੰਦੇ ਹੋਏ, ਜਿਵੇਂ ਕਲੇਜੀ ਤੇ ਫੇਫੜਾ ਇਕੋ ਸਰੀਰ ਵਿਚ ਰਹਿੰਦੇ ਨੇ, ਇਕ ਦੂਜੇ ਤੋਂ ਦੂਰ ਦੂਰ ਰਹਾਂਗੇ ਜਾਂ ਕਿ ਸਾਡੇ ਦਰਮਿਆਨ ਕੋਈ ਰੁਕਾਵਟ ਨਹੀਂ ਹੋਵੇਗੀ?' ਮੈਂ ਕਲੇਜੀ ਤੇ ਫੇਫੜੇ ਦੇ ਕਟ ਕੇ ਛੋਟੇ ਛੋਟੇ ਟੁਕੜੇ ਕਰ ਦਿੱਤੇ ਸਨ ਤੇ ਉਹਨਾਂ ਨੂੰ ਰਲਾ ਮਿਲਾ ਦਿੱਤਾ ਸੀ। ਇਸ ਤਰੀਕੇ ਨਾਲ ਮੈਂ ਉਸ ਨੂੰ ਇਹ ਜਵਾਬ ਦਿੱਤਾ ਸੀ: 'ਸਾਡੇ ਦਰਮਿਆਨ ਕੋਈ ਰੁਕਾਵਟ ਨਹੀਂ ਹੋਵੇਗੀ।'"

"ਚਲੋ, ਮੰਨ ਲਿਆ ਕਿ ਗੱਲ ਇੰਜ ਹੀ ਏ," ਬਾਦਸ਼ਾਹ ਨੇ ਆਖਿਆ। "ਪਰ ਤੂੰ ਦਸਤਰਖ਼ਾਨ ਵਿਚ ਮੋਰੀਆਂ ਬਣਾ ਕੇ ਉਹਨਾਂ ਵਿਚ ਕਲੇਜੀ ਤੇ ਫੇਫੜੇ ਦੇ ਟੁਕੜੇ ਕਿਉਂ ਫਸਾ ਦਿੱਤੇ ਸੀ?"

"ਇਸ ਤਰੀਕੇ ਨਾਲ ਮੈਂ ਕੁੜੀ ਨੂੰ ਇਹ ਕਹਿਣਾ ਚਾਹੁੰਦਾ ਸਾਂ," ਚਰਵਾਹੇ ਨੇ ਜਵਾਬ ਦਿੱਤਾ, "ਕਿ ਜੇ ਮੇਰਾ ਸਰੀਰ ਵੀ ਇੰਜ ਹੀ ਛਲਣੀਂ ਛਲਣੀਂ ਹੋ ਜਾਵੇਗਾ ਤੇ ਉਸ ਨੂੰ ਤਸੀਹੇ ਦਿੱਤੇ ਜਾਣਗੇ ਤਾਂ ਵੀ ਮੈਂ ਇਹ ਭੇਦ ਨਹੀਂ ਖੋਲ੍ਹਾਂਗਾ ਕਿ ਰਾਤੀਂ ਮੈਂ ਉਸ ਦੇ ਕੋਲ ਗਿਆ ਸਾਂ। ਫਿਰ ਮੈਂ ਆਪਣੇ ਛੁਰੇ ਦੇ ਦੋ ਟੋਟੇ ਕਰ ਦਿੱਤੇ ਤੇ ਕੁੜੀ ਕੋਲ ਭੇਜ ਦਿੱਤੇ। ਇਸ ਦਾ ਮਤਲਬ ਇਹ ਕਹਿਣਾ ਸੀ ਕਿ ਮੈਂ ਜ਼ਬਾਨ ਦਾ ਓਨਾ ਹੀ ਪੱਕਾ ਹਾਂ ਜਿੰਨੀ ਮੇਰੇ ਹੱਥਾਂ ਵਿਚਲੀ ਉਹ ਸ਼ਕਤੀ ਜਿਸ ਨੇ ਛੁਰੇ ਦੇ ਦੋ ਟੋਟੇ ਕੀਤੇ ਹਨ।"

"ਚਲੋ, ਇਹ ਵੀ ਮੰਨ ਲਿਆ," ਬਾਦਸ਼ਾਹ ਨੇ ਆਖਿਆ, "ਪਰ ਇਹ ਸਾਰਾ ਭੇਦ ਤੂੰ ਹੁਣ ਹੀ ਕਿਉਂ ਖੋਲ੍ਹ ਰਿਹੈਂ, ਜਦ ਕਿ ਪਹਿਲਾਂ ਤੂੰ ਕੁਝ ਵੀ ਦੱਸਣਾ ਨਹੀਂ ਚਾਹੁੰਦਾ ਸੈਂ?"

"ਹੁਣ ਉਹ ਮੌਤ ਤੋਂ ਡਰ ਗਿਐ," ਵਜ਼ੀਰ ਨੇ ਆਖਿਆ।

"ਨਹੀਂ," ਚਰਵਾਹੇ ਨੇ ਉਜ਼ਰ ਕੀਤਾ। "ਮੈਂ ਮੌਤ ਦੇ ਡਰ ਕਰਕੇ ਸਾਰਾ ਭੇਦ ਨਹੀਂ ਖੋਲ੍ਹਿਆ, ਸਗੋਂ ਇਸ ਕਰਕੇ ਕਿ ਸੁੰਦਰੀ ਦੀ ਨੌਕਰਾਣੀ ਨੇ ਮੇਰੇ ਪੈਰਾਂ ਵਿਚ ਪੇਠਾ ਵਗਾਹ ਮਾਰਿਆ ਏ। ਪੇਠਾ ਟੁਟ ਗਿਆ ਤੇ ਉਸ ਵਿਚੋਂ ਸਵਾਹ ਨਿਕਲ ਕੇ ਖਿਲਰ ਗਈ। ਇਸ ਤਰੀਕੇ ਨਾਲ ਮੇਰੀ ਮੰਗੇਤਰ ਇਹ ਕਹਿਣਾ ਚਾਹੁੰਦੀ ਸੀ: 'ਮੈਂ ਨਹੀਂ ਚਾਹੁੰਦੀ ਕਿ ਤੂੰ ਮੇਰੇ ਕਰਕੇ ਜਾਨ ਗੁਆਏਂ। ਤੂੰ ਸਾਡੇ ਭੇਦ ਨੂੰ ਵੀ ਦੁਨੀਆ ਵਿਚ ਉਸੇ ਤਰ੍ਹਾਂ ਫੈਲਣ ਦੇ ਜਿਸ ਤਰ੍ਹਾਂ ਪੇਠੇ ਵਿਚੋਂ ਨਿਕਲੀ ਸਵਾਹ ਖਿਲਰ ਗਈ ਏ।'"

ਇਹ ਸੁਣ ਕੇ ਬਾਦਸ਼ਾਹ ਨੇ ਚਰਵਾਹੇ ਨੂੰ ਛੱਡ ਦੇਣ ਦਾ ਹੁਕਮ ਦਿੱਤਾ, ਉਸ ਨੂੰ ਸ਼ਾਹੀ ਸਾਈਸ ਬਣਾ ਲਿਆ ਤੇ ਉਸ ਦਾ ਸੁੰਦਰੀ ਨਾਲ ਵਿਆਹ ਕਰਾ ਕੇ ਸ਼ਾਦੀ ਦੇ ਜਸ਼ਨ ਮਨਾਏ।

ਪਰ ਵਜ਼ੀਰ ਨੂੰ ਏਨੀ ਈਰਖਾ ਹੋਈ ਕਿ ਉਹ ਜਸ਼ਨਾਂ ਵਿਚ ਸ਼ਾਮਲ ਹੀ ਨਾ ਹੋਇਆ।

ਕੁਝ ਸਮਾਂ ਪਾ ਕੇ ਬਾਦਸ਼ਾਹ ਨੇ ਚਰਵਾਹੇ ਨੂੰ ਵਧੀਆ ਘੋੜਿਆਂ ਦੇ ਵੱਗ ਦਾ ਧਿਆਨ ਰਖਣ ਲਈ ਸਟੈਪੀ ਵਿਚ ਭੇਜਿਆ। ਵਜ਼ੀਰ ਨੇ ਚਰਵਾਹੇ ਦੀ ਗ਼ੈਰਹਾਜ਼ਰੀ ਦਾ ਲਾਭ ਉਠਾਉਂਦਿਆਂ ਬਾਦਸ਼ਾਹ ਨੂੰ ਸਲਾਹ ਦਿੱਤੀ:

"ਹੁਣ ਬੜਾ ਢੁਕਵਾਂ ਸਮਾਂ ਏ: ਚਰਵਾਹਾ ਰਾਤੀਂ ਘਰ ਨਹੀਂ ਹੋਵੇਗਾ ਤੇ ਮੇਰਾ ਬਾਦਸ਼ਾਹ ਉਸ ਦੀ ਰੂਪਵੰਤੀ ਪਤਨੀ ਕੋਲ ਜਾ ਸਕਦਾ ਏ।"

ਬਾਦਸ਼ਾਹ ਸਹਿਮਤ ਹੋ ਗਿਆ ਤੇ ਬੜੀ ਬੇਸਬਰੀ ਨਾਲ ਰਾਤ ਪੈਣ ਦੀ ਉਡੀਕ ਕਰਨ ਲੱਗਾ।

ਚਰਵਾਹੇ ਨੂੰ ਬਾਦਸ਼ਾਹ ਦੀ ਨੀਤ ਉਤੇ ਸ਼ੱਕ ਹੋ ਗਿਆ ਤੇ ਤ੍ਰਕਾਲੀਂ, ਜਦੋਂ ਘੋੜਿਆਂ ਦੇ ਵਾਗੀ ਸੌਂ ਗਏ, ਉਹ ਘਰ ਮੁੜ ਆਇਆ ਤੇ ਲੁਕ ਗਿਆ।

ਉਧਰ ਉਸ ਦੀ ਪਤਨੀ ਸੌਣ ਹੀ ਲੱਗੀ ਸੀ ਕਿ ਅਚਾਨਕ ਉਸ ਦੇ ਕਮਰੇ ਵਿਚ ਬਾਦਸ਼ਾਹ ਆ ਵੜਿਆ। ਉਹ ਬੜਾ ਬਣਿਆ ਠਣਿਆ ਹੋਇਆ ਸੀ, ਮੁੱਛਾਂ ਨੂੰ ਤਾਅ ਦਿੱਤਾ ਹੋਇਆ ਸੀ ਤੇ ਦਾੜ੍ਹੀ ਚੰਗੀ ਤਰ੍ਹਾਂ ਸੰਵਾਰੀ ਹੋਈ ਸੀ।

ਰੂਪਵੰਤੀ ਨੂੰ ਖੁੜਕ ਗਈ ਕਿ ਬਾਦਸ਼ਾਹ ਉਹਦੇ ਕੋਲ ਕਿਉਂ ਆਇਆ ਸੀ। ਉਸ ਨੇ ਬਾਦਸ਼ਾਹ ਨੂੰ ਆਖਿਆ:

"ਜੀ ਆਇਆਂ ਨੂੰ, ਬਾਦਸ਼ਾਹ! ਤੂੰ ਇਥੇ ਬੈਠ ਜਾ ਤੇ ਮੈਂ ਤੈਨੂੰ ਇਕ ਬਾਤ ਸੁਣਾਉਂਦੀ ਹਾਂ।"

"ਪਰ ਐਵੇਂ ਫ਼ਜ਼ੂਲ ਦੀਆਂ ਗੱਲਾਂ ਨਾ ਕਰੀਂ, ਦੋਹਰਫ਼ੀ ਗੱਲ ਕਰ," ਬਾਦਸ਼ਾਹ ਨੇ ਬੜੀ ਬੇਸਬਰੀ ਨਾਲ ਆਖਿਆ।

"ਸ਼ੇਰ ਦੀ ਲੂੰਮੜੀ ਨਾਲ ਦੋਸਤੀ ਹੋ ਗਈ," ਚਰਵਾਹੇ ਦੀ ਪਤਨੀ ਨੇ ਬਾਤ ਪਾਉਣੀ ਸ਼ੁਰੂ ਕੀਤੀ। "ਇਕ ਵਾਰੀ ਲੂੰਮੜੀ ਨੇ ਸ਼ੇਰ ਨੂੰ ਆਖਿਆ: 'ਆ ਮਿਤਰਾ, ਸ਼ਿਕਾਰ ਮਾਰਨ ਚੱਲੀਏ। ਮੈਨੂੰ ਸਟੈਪੀ ਵਿਚ ਇਕ ਥਾਂ ਦਾ ਪਤੈ, ਜਿਥੇ ਕੁਲਾਨ ਮਿਲ ਸਕਦਾ ਏ।' 'ਚੰਗਾ,' ਸ਼ੇਰ ਨੇ ਆਖਿਆ, 'ਚਲ ਚੱਲੀਏ।' ਲੂੰਮੜੀ ਸ਼ੇਰ ਨੂੰ ਉਸ ਥਾਂ ਉਤੇ ਲੈ ਗਈ ਜਿਥੇ ਕੁਲਾਨ ਰਹਿੰਦਾ ਸੀ। ਸ਼ੇਰ ਨੇ ਕੁਲਾਨ ਨੂੰ ਦੌੜਦੇ ਜਾਂਦੇ ਨੂੰ ਫੜ ਲਿਆ। ਅਚਾਨਕ ਉਸ ਨੇ ਵੇਖਿਆ ਕਿ ਕੁਲਾਨ ਦੀ ਜ਼ਖ਼ਮੀ ਲੱਤ ਵਿਚੋਂ ਲਹੂ ਵਗ ਰਿਹਾ ਸੀ ਤੇ ਲੂੰਮੜੀ ਨੂੰ ਪੁੱਛਿਆ: 'ਨੀ, ਦਾਨੀਏ–ਪ੍ਰਧਾਨੀਏ, ਇਸ ਨੂੰ ਜ਼ਖ਼ਮੀ ਕਿਸ ਨੇ ਕੀਤਾ ਏ?' ਲੂੰਮੜੀ ਨੇ ਜਵਾਬ ਦਿੱਤਾ: 'ਇਸ ਨੂੰ ਜ਼ਖ਼ਮੀ ਬਘਿਆੜ ਨੇ ਕੀਤਾ ਏ। ਉਹ ਕੁਲਾਨ ਨੂੰ ਫੜਨਾ ਚਾਹੁੰਦਾ ਸੀ ਪਰ ਕੁਲਾਨ ਬਚ ਨਿਕਲਿਆ।' ਇਹ ਸੁਣ ਕੇ ਸ਼ੇਰ ਨੇ ਆਖਿਆ: 'ਨੀ ਸਹੇਲੀਏ, ਜੇ ਸ਼ੇਰ ਨੂੰ ਬਘਿਆੜ ਵਲੋਂ ਮਾਰਿਆ ਗਿਆ ਸ਼ਿਕਾਰ ਖਾਣ ਤੋਂ ਕਰਹਿਤ ਨਹੀਂ ਆਉਂਦੀ ਤਾਂ ਉਹ ਗਿੱਦੜ ਨਾਲੋਂ ਵੀ ਭੈੜਾ ਹੁੰਦੈ।' ਏਨਾ ਕਹਿ ਕੇ ਉਸ ਨੇ ਕੁਲਾਨ ਨੂੰ ਛੱਡ ਦਿੱਤਾ।"

ਬਾਦਸ਼ਾਹ ਇਕਦਮ ਸਮਝ ਗਿਆ ਕਿ ਕੁੜੀ ਉਸ ਦੀ ਤੁਲਣਾ ਕਿਸ ਨਾਲ ਕਰ ਰਹੀ ਸੀ। ਬਾਦਸ਼ਾਹ ਨਹੀਂ ਚਾਹੁੰਦਾ ਸੀ ਕਿ ਉਸ ਦੀ ਤੁਲਣਾ ਗਿੱਦੜ ਨਾਲ ਕੀਤੀ ਜਾਵੇ। ਸੋ, ਉਹ ਛੇਤੀ ਨਾਲ ਉੱਠਿਆ ਤੇ ਉਥੋਂ ਚਲਿਆ ਗਿਆ।

ਸੁੰਦਰੀ ਸੌਂ ਗਈ ਤੇ ਚਰਵਾਹਾ ਘੋੜਿਆਂ ਦੇ ਵੱਗ ਵੱਲ ਚਲਿਆ ਗਿਆ।

ਅਗਲੀ ਸਵੇਰ ਚਰਵਾਹਾ ਸ਼ਹਿਰ ਪਰਤ ਆਇਆ ਪਰ ਉਹ ਆਪਣੇ ਘਰ ਨਹੀਂ ਗਿਆ। ਉਹ ਬਾਦਸ਼ਾਹ ਦੇ ਮਹਿਲ ਵਿਚ ਹੀ ਰਹਿ ਗਿਆ।

ਜਦੋਂ ਸੁੰਦਰੀ ਨੂੰ ਪਤਾ ਲੱਗਾ ਕਿ ਉਹਦਾ ਪਤੀ ਬਾਦਸ਼ਾਹ ਦੇ ਮਹਿਲ ਵਿਚ ਹੈ ਤਾਂ ਉਸ ਨੇ ਆਪਣੇ ਭਰਾ ਨੂੰ ਸੱਦ ਬੁਲਾਇਆ ਤੇ ਆਖਿਆ:

"ਤੂੰ ਮਹਿਲ ਵਿਚ ਜਾ, ਮੇਰੇ ਪਤੀ ਨੂੰ ਗਲਮੇ ਤੋਂ ਫੜ ਲਈਂ ਅਤੇ ਧੂਹ ਕੇ ਘਰ ਲੈ ਆਵੀਂ। ਜਦੋਂ ਬਾਦਸ਼ਾਹ ਪੁੱਛੇ ਕਿ ਤੂੰ ਚਰਵਾਹੇ ਨੂੰ ਕਿਉਂ ਧੂਹ ਘਸੀਟ ਰਿਹਾ ਏਂ ਤਾਂ ਇਹ ਜਵਾਬ ਦੇਵੀਂ: 'ਮੈਂ ਇਸ ਕੋਲ ਆਪਣਾ ਬਾਗ਼ ਵੇਚਿਆ ਸੀ, ਪਰ ਇਹ ਉਸ ਬਾਗ਼ ਦੀ ਵਰਤੋਂ ਨਹੀਂ ਕਰਦਾ। ਜੇ ਇਹ ਉਸ ਦਾ ਮਾਲਕ ਨਹੀਂ ਬਣਨਾ ਚਾਹੁੰਦਾ ਤਾਂ ਫਿਰ ਬਾਗ਼ ਮੈਨੂੰ ਵਾਪਸ ਦੇ ਦੇਵੇ।'"

ਰੂਪਵੰਤੀ ਦੇ ਭਰਾ ਨੇ ਉਵੇਂ ਹੀ ਕੀਤਾ।

ਜਦੋਂ ਚਰਵਾਹੇ ਨੂੰ ਗਲਮੇ ਤੋਂ ਫੜਿਆ ਗਿਆ ਤਾਂ ਉਹ ਸਮਝ ਗਿਆ ਕਿ ਉਸ ਨੂੰ ਕਿਸ ਤਰ੍ਹਾਂ ਦਾ ਵਰਤਾਓ ਕਰਨਾ ਚਾਹੀਦਾ ਹੈ। ਉਸ ਨੇ ਪੁੱਛਿਆ:

"ਤੂੰ ਮੈਨੂੰ ਕਿਧਰ ਘਸੀਟੀ ਜਾਂਦਾ ਏਂ?"

"ਆਪਣੇ ਘਰ," ਰੂਪਵੰਤੀ ਦੇ ਭਰਾ ਨੇ ਜਵਾਬ ਦਿੱਤਾ।

"ਕਿਉਂ?" ਬਾਦਸ਼ਾਹ ਨੇ ਪੁੱਛਿਆ।

"ਕਿਉਂਕਿ ਮੈਂ ਇਸ ਕੋਲ ਆਪਣਾ ਬਾਗ਼ ਵੇਚਿਆ ਸੀ ਪਰ ਇਹ ਉਸ ਦੀ ਵਰਤੋਂ ਹੀ ਨਹੀਂ ਕਰਦਾ," ਰੂਪਵੰਤੀ ਦੇ ਭਰਾ ਨੇ ਜਵਾਬ ਦਿੱਤਾ। "ਜੇ ਇਹ ਉਹਦਾ ਮਾਲਕ ਨਹੀਂ ਬਣਨਾ ਚਾਹੁੰਦਾ ਤਾਂ ਫਿਰ ਬਾਗ਼ ਮੈਨੂੰ ਵਾਪਸ ਦੇ ਦੇਵੇ।"

ਤਦ ਬਾਦਸ਼ਾਹ ਨੇ ਚਰਵਾਹੇ ਨੂੰ ਆਖਿਆ:

"ਜੇ ਤੂੰ ਬਾਗ਼ ਖ਼ਰੀਦ ਹੀ ਲਿਐ ਤਾਂ ਉਹਦੀ ਵਰਤੋਂ ਵੀ ਕਰਨੀ ਚਾਹੀਦੀ ਏ।"

ਚਰਵਾਹੇ ਨੇ ਜਵਾਬ ਦਿੱਤਾ:

"ਹੇ ਮਿਹਰਬਾਨ ਬਾਦਸ਼ਾਹ, ਮੈਂ ਆਪਣੇ ਬਾਗ਼ ਦੀ ਵਰਤੋਂ ਨਹੀਂ ਕਰ ਸਕਦਾ ਕਿਉਂਕਿ ਉਸ ਵਿਚ ਮੈਂ ਸ਼ੇਰ ਦੇ ਪੈਰਾਂ ਦੇ ਨਿਸ਼ਾਨ ਵੇਖੇ ਨੇ।"

ਵਜ਼ੀਰ ਨੇ ਗੁੱਸੇ ਨਾਲ ਆਖਿਆ:

"ਇਹ ਚਰਵਾਹਾ ਹਮੇਸ਼ਾ ਸਾਡੇ ਕੋਲ ਅੜਾਉਣੀਆਂ ਪਾਉਂਦਾ ਰਹਿੰਦੈ।"

"ਨਹੀਂ," ਬਾਦਸ਼ਾਹ ਨੇ ਉਜ਼ਰ ਕੀਤਾ। "ਇਹ ਅੜਾਉਣੀ ਨਹੀਂ ਏ, ਸਗੋਂ ਉਸ ਦਾ ਹੱਲ ਏ।"

ਅਤੇ ਹਸਦਿਆਂ ਹੋਇਆਂ ਬਾਦਸ਼ਾਹ ਨੇ ਚਰਵਾਹੇ ਨੂੰ ਆਖਿਆ:

"ਤੇਰੇ ਬਾਗ਼ ਵਿਚੋਂ ਬੇਗਾਨੇ ਪੈਰਾਂ ਦੇ ਨਿਸ਼ਾਨ ਸਦਾ ਲਈ ਮਿਟ ਜਾਣਗੇ। ਸ਼ੇਰ ਬਘਿਆੜ ਦੇ ਸ਼ਿਕਾਰ ਨੂੰ ਕਦੀ ਵੀ ਨਹੀਂ ਛੇੜੇਗਾ।"

ਚਰਵਾਹਾ ਘਰ ਚਲਿਆ ਗਿਆ ਤੇ ਉਸ ਦਿਨ ਤੋਂ ਉਹ ਆਪਣੀ ਪਤਨੀ ਨਾਲ ਖ਼ੁਸ਼ੀ ਖ਼ੁਸ਼ੀ ਰਹਿਣ ਲੱਗ ਪਿਆ।



ਹੋਰੇਜ਼ਮਿਨ



ਬੜੀ ਪੁਰਾਣੀ ਗੱਲ ਹੈ ਕਿ ਬਾਦਸ਼ਾਹ ਕੂਨਿਯਾ–ਉਰਗੇਂਚ ਦੇ ਦੇਸ ਉਤੇ ਵੈਰੀ ਨੇ ਹਮਲਾ ਕਰ ਦਿੱਤਾ। ਉਸ ਹਮਲੇ ਦੌਰਾਨ ਕਈ ਲੋਕ ਮਾਰੇ ਗਏ, ਪਰ ਫਿਰ ਵੀ ਕਈ ਬਚ ਗਏ ਤੇ ਰੇਗਿਸਤਾਨ ਤੇ ਸਟੈਪੀ ਵਿਚ ਚਲੇ ਗਏ। ਪੰਜ ਦਿਨ ਤੇ ਪੰਜ ਰਾਤਾਂ ਲੜਾਈ ਹੁੰਦੀ ਰਹੀ। ਛੇਵੇਂ ਦਿਨ ਲੜਾਈ ਬੰਦ ਹੋ ਗਈ।

ਸ਼ਹਿਰ ਉਤੇ ਹਮਲੇ ਸਮੇਂ ਦੋ ਭਰਾਵਾਂ ਦੇ ਮਾਪੇ ਮਾਰੇ ਗਏ ਸਨ। ਮੁੰਡੇ ਬੜਾ ਚਿਰ ਰੋਂਦੇ ਕੁਰਲਾਉਂਦੇ ਰਹੇ। ਉਹਨਾਂ ਨੂੰ ਪਦਾ ਨਹੀਂ ਸੀ ਕਿ ਉਹ ਕੀ ਕਰਨ। ਉਹ ਵੀ ਸਾਰੇ ਸ਼ਰਨਾਰਥੀਆਂ ਨਾਲ ਸਟੈਪੀ ਵਿਚ ਚਲੇ ਗਏ। ਲੋਕਾਂ ਨੂੰ ਯਤੀਮਾਂ ਉਤੇ ਤਰਸ ਆ ਗਿਆ। ਉਹਨਾਂ ਨੇ ਮੁੰਡਿਆਂ ਨਾਲ ਰੋਟੀ ਪਾਣੀ ਵੰਡ ਕੇ ਖਾਧਾ ਤੇ ਜਦੋਂ ਅਮਨ ਹੋ ਗਿਆ ਤਾਂ ਮੁੰਡਿਆਂ ਨੂੰ ਆਪਣੇ ਪਿੰਡ ਲੈ ਗਏ।

ਪਿੰਡ ਦੇ ਸਿਰੇ ਉਤੇ ਖਜੂਰਾਂ ਦਾ ਇਕ ਝੁੰਡ ਸੀ ਜਿਸ ਦੇ ਪਿਛਲੇ ਪਾਸੇ ਇਕ ਝੀਲ ਸੀ। ਇਕ ਗ਼ਰੀਬ ਆਦਮੀ ਮੁੰਡਿਆਂ ਨੂੰ ਉਸ ਝੁੰਡ ਕੋਲ ਲੈ ਗਿਆ, ਉਹਨਾਂ ਦੇ ਰਹਿਣ ਲਈ ਇਕ ਭੋਰਾ ਪੁਟਿਆ ਅਤੇ ਆਪਣਾ ਪੁਰਾਣਾ ਕੰਬਲ ਦੇ ਕੇ ਉਹਨਾਂ ਨੂੰ ਉਥੇ ਛੱਡ ਆਇਆ। ਜਿਹੜੇ ਮਛੇਰੇ ਝੀਲ ਵਿਚੋਂ ਮੱਛੀਆਂ ਫੜਦੇ ਹੁੰਦੇ ਸਨ ਉਹਨਾਂ ਨੂੰ ਉਸ ਨੇ ਬੜੀ ਪੱਕੀ ਕੀਤੀ: "ਮੁੰਡਿਆਂ ਨੂੰ ਹਰ ਰੋਜ਼ ਕੁਝ ਮੱਛੀ ਦੇ ਦਿਆ ਕਰਨੀ, ਅੱਲਾ ਤੁਹਾਡੀ ਕਮਾਈ ਵਿਚ ਬਰਕਤਾਂ ਪਾਵੇਗਾ।" ਗ਼ਰੀਬ ਆਦਮੀ ਨੇ ਮੁੰਡਿਆਂ ਕੋਲੋਂ ਵਿਦਾਈ ਲਈ ਤੇ ਚਲਾ ਗਿਆ।

ਜਦੋਂ ਮੁੰਡਿਆਂ ਦੇ ਮਾਪੇ ਚਲ ਵੱਸੇ ਸਨ ਤਾਂ ਉਹ ਅਜੇ ਬੜੇ ਹੀ ਛੋਟੇ ਸਨ। ਭੋਰੇ ਵਿਚ ਰਹਿੰਦਿਆਂ ਉਹਨਾਂ ਨੂੰ ਇਹ ਪਤਾ ਨਹੀਂ ਸੀ ਕਿ ਉਹਨਾਂ ਵਿਚੋਂ ਕਿਹੜੇ ਦਾ ਕੀ ਨਾਂ ਸੀ। ਉਹ ਇਕ ਦੂਜੇ ਨੂੰ "ਓਇ." ਆਖ ਕੇ ਬੁਲਾਇਆ ਕਰਦੇ ਸਨ। ਜਦੋਂ ਉਹਨਾਂ ਨੇ ਹੋਸ਼ ਸੰਭਾਲੀ ਤਾਂ ਉਹਨਾਂ ਨੇ ਆਪ ਹੀ ਆਪਣੇ ਨਾਂ ਰਖਣ ਦਾ ਫੈਸਲਾ ਕੀਤਾ। ਵੱਡੇ ਮੁੰਡੇ ਨੇ ਛੋਟੇ ਨੂੰ ਆਖਿਆ: "ਮੈਂ ਤੈਨੂੰ ਹੇਬੇਸ਼ੀ ਆਖਿਆ ਕਰਾਂਗਾ ਅਤੇ ਤੂੰ ਮੈਨੂੰ ਹੋਰੇਜ਼ਮਿਨ।" ਇਸ ਉਤੇ ਉਹ ਦੋਵੇਂ ਹੀ ਸਹਿਮਤ ਹੋ ਗਏ।

ਦੋਵੇਂ ਭਰਾ ਵੱਡੇ ਹੋ ਕੇ ਗਭਰੇਟ ਬਣ ਗਏ। ਉਹਨਾਂ ਨੇ ਆਪਣੇ ਲਈ ਤੀਰ ਤੇ ਕਮਾਨ ਬਣਾ ਲਏ। ਉਹ ਅਕਸਰ ਸਹਿਆਂ, ਪਰਿੰਦਿਆਂ ਦਾ ਸ਼ਿਕਾਰ ਮਾਰਨ ਤੇ ਮੱਛੀਆਂ ਫੜਨ ਜਾਂਦੇ ਹੁੰਦੇ ਸਨ। ਉਹ ਗ਼ਰੀਬ ਆਦਮੀ ਵੀ ਕਦੀ ਕਦੀ ਉਹਨਾਂ ਨੂੰ ਮਿਲਣ ਗਿਲਣ ਆ ਜਾਂਦਾ ਸੀ ਜਿਸ ਨੇ ਉਹਨਾਂ ਨੂੰ ਭੋਰਾ ਬਣਾ ਕੇ ਦਿੱਤਾ ਸੀ। ਉਸ ਨੇ ਉਹਨਾਂ ਨੂੰ ਪਾਟੇ ਪੁਰਾਣੇ ਕਪੜੇ ਲਿਆ ਦਿੱਤੇ ਤੇ ਕਿਹਾ: "ਮੇਰੇ ਬੱਚਿਓ, ਭਲਕੇ ਕਿਸੇ ਬਾਈ ਦੇ ਘਰ ਜਸ਼ਨ ਹੋਣਗੇ ਤੁਸੀਂ ਵੀ ਆਪਣੇ ਢਿੱਡ ਭਰਨ ਉਥੇ ਲਈ ਆ ਜਾਣਾ।" ਮੁੰਡੇ ਲੰਗਰ ਖਾਣ ਚਲੇ ਤਾਂ ਗਏ ਪਰ ਉਹਨਾਂ ਨੂੰ ਆਪਣੇ ਗਲ੍ਹ ਪਏ ਪਾਟੇ ਪੁਰਾਣੇ ਕਪੜਿਆਂ ਕਾਰਨ ਏਨੀ ਸ਼ਰਮ ਆ ਰਹੀ ਸੀ ਕਿ ਉਹ ਲਾਂਭੇ ਹੋ ਕੇ ਬੈਠ ਗਏ ਤੇ ਇੰਜ ਉਹ ਭੁੱਖੇ ਹੀ ਰਹੇ।

ਸਮਾਂ ਪਾ ਕੇ ਮੁੰਡੇ ਚੰਗੇ ਗਭਰੂ ਨਿਕਲੇ। ਉਹ ਬੜੇ ਵਧੀਆ ਸ਼ਿਕਾਰੀ ਬਣੇ ਤੇ ਸਾਰਿਆਂ ਵਾਂਗ ਜੀਉਣ ਲੱਗ ਪਏ: ਨਾ ਅਮੀਰ, ਨਾ ਗ਼ਰੀਬ। ਛੋਟੇ ਭਰਾ, ਹੇਬੇਸ਼ੀ, ਦੀ ਉਮਰ ਵੀਹ ਸਾਲ ਤੇ ਵੱਡੇ, ਹੋਰੇਜ਼ਮਿਨ, ਦੀ ਇੱਕੀ ਸਾਲ ਸੀ।

ਇਕ ਵਾਰੀ ਬਾਦਸ਼ਾਹ ਕੂਨਿਯਾ–ਉਰਗੇਂਚ ਕੋਲ ਭਿਅੰਕਰ ਅਜਗਰ ਆਇਆ: ਦੋ ਰੱਸਿਆਂ ਜਿੰਨਾ ਲੰਮਾ, ਉਸ ਦਾ ਸਿਰ ਦੇਗ ਜਿੱਡਾ ਸੀ, ਜਬਾੜਾ ਤੰਦੂਰ ਦੇ ਮਘੋਰੇ ਵਰਗਾ, ਦੰਦ ਕਰਾਹੇ ਦੇ ਦੰਦਿਆਂ ਵਰਗੇ ਤੇ ਹਿੱਕ ਚਟਾਨ ਵਰਗੀ ਸੀ। ਅਜਗਰ ਨੇ ਬਾਦਸ਼ਾਹ ਨੂੰ ਆਖਿਆ:

"ਮੈਂ ਤੁਹਾਨੂੰ ਸਾਰਿਆਂ ਨੂੰ ਨਿਗਲ ਜਾਣ ਵਾਸਤੇ ਆਇਆ ਹਾਂ।"

ਬਾਦਸ਼ਾਹ ਤੇ ਉਸ ਦੇ ਸਾਰੇ ਅਹਿਲਕਾਰ ਏਨਾ ਡਰ ਗਏ ਕਿ ਉਹਨਾਂ ਦੇ ਮੂੰਹੋਂ ਕੋਈ ਗੱਲ ਹੀ ਨਾ ਨਿਕਲੀ। ਜਦੋਂ ਉਹਨਾਂ ਨੂੰ ਕੁਝ ਹੋਸ਼ ਆਈ ਤਾਂ ਉਹ ਅਜਗਰ ਦੇ ਤਰਲੇ ਮਿੰਨਤਾਂ ਕਰਨ ਲੱਗੇ:

"ਜੇ ਚਾਹੇਂ ਤਾਂ ਅਸੀਂ ਤੈਨੂੰ ਆਪਣਾ ਸਾਰਾ ਮਾਲ–ਡੰਗਰ ਦੇ ਦਿਆਂਗੇ, ਸੋਨਾ ਤੇ ਚਾਂਦੀ ਵੀ ਦਿਆਂਗੇ।"

"ਨਹੀਂ, ਮੈਨੂੰ ਆਦਮ ਦਾ ਗੋਸ਼ਤ ਹੀ ਚਾਹੀਦੈ। ਜੇ ਤੁਸੀਂ ਮੈਨੂੰ ਹਰ ਰੋਜ਼ ਇਕ ਕੁੜੀ ਦੇ ਦਿਆ ਕਰੋਗੇ ਤਾਂ ਮੈਂ ਤੁਹਾਨੂੰ ਕੁਝ ਨਹੀਂ ਆਖਾਂਗਾ," ਅਜਗਰ ਹਿੜ ਹਿੜ ਕਰਦਾ ਗਰਜਿਆ।

ਬਾਦਸ਼ਾਹ ਨੇ ਉਸ ਨੂੰ ਇਕ ਕੁੜੀ ਦੇ ਦਿੱਤੀ ਤੇ ਇੰਜ ਇਕ ਦਿਨ ਵਾਸਤੇ ਅਜਗਰ ਕੋਲੋਂ ਆਪਣਾ ਖਹਿੜਾ ਛੁਡਾਇਆ। ਅਗਲੇ ਦਿਨ ਅਜਗਰ ਫਿਰ ਆਇਆ ਤੇ ਉਸ ਨੂੰ ਇਕ ਹੋਰ ਕੁੜੀ ਦੇ ਦਿੱਤੀ ਗਈ। ਕੁੜੀਆਂ ਦੇ ਮਾਪੇ ਉਹਨਾਂ ਨਾਲੋਂ ਵਿਛੜਨ ਲੱਗਿਆਂ ਬੜੇ ਰੋਏ ਕੁਰਲਾਏ।

ਅਜਗਰ ਨੂੰ ਉਹਨਾਂ ਉਤੇ ਤਰਸ ਆ ਗਿਆ ਤੇ ਕਿਹਾ:

"ਮੈਂ ਕੁੜੀਆਂ ਨੂੰ ਸ਼ਹਿਰ ਵਿਚ ਨਹੀਂ ਖਾਵਾਂਗਾ। ਸ਼ਹਿਰ ਦੇ ਬਾਹਰਵਾਰ ਇਕ ਟਿੱਲੇ ਲਾਗੇ ਇਕ ਬੜਾ ਵੱਡਾ ਬੋਹੜ ਏ। ਤੁਸੀਂ ਕੁੜੀਆਂ ਦੀਆਂ ਅੱਖਾਂ ਉਤੇ ਪੱਟੀ ਬੰਨ੍ਹ ਕੇ ਉਹਨਾਂ ਨੂੰ ਉਥੇ ਛੱਡ ਆਇਆ ਕਰੋ, ਮੈਂ ਉਹਨਾਂ ਨੂੰ ਉਥੇ ਨਿਗਲਿਆ ਕਰਾਂਗਾ।"

ਇੰਜ, ਮਿਥੀ ਹੋਈ ਥਾਂ ਉਤੇ ਹਰ ਰੋਜ਼ ਇਕ ਇਕ ਕੁੜੀ ਲਿਆਂਦੀ ਜਾਂਦੀ ਤੇ ਅਜਗਰ ਉਹਨਾਂ ਨੂੰ ਨਿਗਲ ਜਾਂਦਾ। ਛੇਤੀ ਹੀ ਸ਼ਹਿਰ ਵਿਚ ਬਾਦਸ਼ਾਹ ਦੀ ਧੀ ਤੋਂ ਇਲਾਵਾ ਹੋਰ ਕੋਈ ਵੀ ਕੁੜੀ ਨਾ ਰਹਿ ਗਈ। ਜਦੋਂ ਬਾਦਸ਼ਾਹ ਨੂੰ ਇਹ ਖ਼ਬਰ ਦਿੱਤੀ ਗਈ ਤਾਂ ਉਸ ਨੇ ਆਖਿਆ:

"ਜੇ ਗੱਲ ਇੰਜ ਏ ਤਾਂ ਮੇਰੀ ਧੀ ਨੂੰ ਵੀ ਉਥੇ ਛੱਡ ਆਓ, ਨਹੀਂ ਤਾਂ ਅਸੀਂ ਸਾਰੇ ਹੀ ਮਾਰੇ ਜਾਵਾਂਗੇ।"

ਅਹਿਲਕਾਰ ਬਾਦਸ਼ਾਹ ਦੀ ਧੀ ਨੂੰ ਵੀ ਉਥੇ ਲੈ ਗਏ ਤੇ ਉਸ ਨੂੰ ਬੋਹੜ ਨਾਲ ਬੰਨ੍ਹ ਕੇ ਵਾਪਸ ਆ ਗਏ।

ਤੇ ਆਓ, ਹੁਣ ਹੋਰੇਜ਼ਮਿਨ ਤੇ ਹੇਬੇਸ਼ੀ ਦੀ ਗੱਲ ਕਰੀਏ।

ਸਵੇਰੇ ਚਾਹ ਪੀਣ ਮਗਰੋਂ ਹੋਰੇਜ਼ਮਿਨ ਨੇ ਹੇਬੇਸ਼ੀ ਨੂੰ ਪੁੱਛਿਆ:

"ਭਰਾਵਾ, ਅੱਜ ਤੂੰ ਮੱਛੀਆਂ ਫੜਨ ਜਾਵੇਂਗਾ?"

"ਹਾਂ, ਜਾਵਾਂਗਾ, ਤੇ ਤੂੰ ਰੇਗਿਸਤਾਨ ਵਿਚ ਸ਼ਿਕਾਰ ਉਤੇ ਚਲਾ ਜਾ," ਹੇਬੇਸ਼ੀ ਨੇ ਜਵਾਬ ਦਿੱਤਾ।

ਹੋਰੇਜ਼ਮਿਨ ਨੇ ਅੱਠ ਤੀਰ ਲਏ ਤੇ ਸ਼ਿਕਾਰ ਮਾਰਨ ਰੇਗਿਸਤਾਨ ਵੱਲ ਚਲਾ ਗਿਆ। ਕੋਈ ਨਹੀਂ ਜਾਣਦਾ ਕਿ ਉਹ ਕਿੰਨੀ ਦੇਰ ਤਕ ਤੁਰਦਾ ਗਿਆ, ਪਰ ਅਚਾਨਕ ਉਸ ਨੂੰ ਬੋਹੜ ਨਾਲ ਬੰਨ੍ਹੀ ਹੋਈ ਇਕ ਕੁੜੀ ਵਿਖਾਈ ਦਿੱਤੀ। ਉਹ ਉਹਦੇ ਲਾਗੇ ਗਿਆ ਤੇ ਪੁੱਛਿਆ:

"ਤੂੰ ਕਿਸ ਦੀ ਧੀ ਏਂ ਤੇ ਇਥੇ ਕੀ ਕਰ ਰਹੀ ਏਂ?"

"ਮੈਂ ਬਾਦਸ਼ਾਹ ਦੀ ਧੀ ਹਾਂ। ਮੈਨੂੰ ਇਥੇ ਅਜਗਰ ਦੇ ਖਾਣ ਲਈ ਛੱਡ ਗਏ ਨੇ," ਕੁੜੀ ਨੇ ਜਵਾਬ ਦਿੱਤਾ।

ਕੁੜੀ ਦਾ ਚਿਹਰਾ ਪੀਲਾ ਵਸਾਰ ਸੀ। (ਅਜੇ ਤਕ ਵੀ ਬੀਮਾਰ ਬੰਦੇ ਨੂੰ ਐਵੇਂ ਨਹੀਂ ਆਖਿਆ ਜਾਂਦਾ: "ਤੈਨੂੰ ਜਿਵੇਂ ਅਜਗਰ ਦੇ ਖਾਣ ਲਈ ਛੱਡ ਗਏ ਹੋਣ")। ਮੁੰਡੇ ਨੂੰ ਕੁੜੀ ਉਤੇ ਤਰਸ ਆ ਗਿਆ ਤੇ ਮਨ ਹੀ ਮਨ ਇਹ ਫੈਸਲਾ ਕੀਤਾ: "ਮੈਂ ਇਸ ਨੂੰ ਹਰ ਕੀਮਤ ਉਤੇ ਅਜਗਰ ਕੋਲੋਂ ਬਚਾਵਾਂਗਾ।" ਉਸ ਨੇ ਆਪਣਾ ਛੁਰਾ ਕੱਢਿਆ, ਇਕ ਟੋਇਆ ਪੁਟਿਆ ਤੇ ਉਸ ਵਿਚ ਸਵੇਰ ਤਕ ਅਜਗਰ ਦੀ ਉਡੀਕ ਕਰਦਾ ਰਿਹਾ। ਸਵੇਰੇ, ਜਦੋਂ ਸੂਰਜ ਚੜ੍ਹਿਆ ਤਾਂ ਰਾਹ ਵਿਚ ਅਜਗਰ ਆਉਂਦਾ ਵਿਖਾਈ ਦਿੱਤਾ। ਹੋਰੇਜ਼ਮਿਨ ਓਦੋਂ ਤਕ ਅਹਿਲ ਪਿਆ ਰਿਹਾ ਜਦੋਂ ਤਕ ਕਿ ਅਜਗਰ ਸੌ ਕਦਮਾਂ ਦੀ ਦੂਰੀ ਉਤੇ ਨਾ ਪਹੁੰਚ ਗਿਆ। ਜਦੋਂ ਅਜਗਰ ਨੇ ਕੁੜੀ ਨੂੰ ਵੇਖਿਆ ਤਾਂ ਆਪਣੀ ਸਿਰੀ ਚੁੱਕ ਕੇ ਛੇਤੀ ਛੇਤੀ ਰੀਂਗਣ ਲੱਗਾ। ਹੋਰੇਜ਼ਮਿਨ ਨੇ ਉਸ ਨੂੰ ਪਹਿਲਾ ਤੀਰ ਮਾਰਿਆ ਜਿਹੜਾ ਅਜਗਰ ਦੇ ਐਨ ਜਬਾੜੇ ਵਿਚ ਵੱਜਾ ਤੇ ਸੰਘ ਵਿਚ ਫਸ ਗਿਆ। ਦੂਜਾ ਤੀਰ ਉਸ ਦੇ ਸਰੀਰ ਨੂੰ ਚੀਰਦਾ ਹੋਇਆ ਲੰਘ ਗਿਆ। ਅਜਗਰ ਨੂੰ ਏਨੀ ਪੀੜ ਹੋਈ ਕਿ ਉਹ ਭੁੜਕਿਆ ਤੇ ਉਸ ਨੂੰ ਗਸ਼ੀਆਂ ਪੈਣ ਲੱਗੀਆਂ। ਹੋਰੇਜ਼ਮਿਨ ਨੇ ਬਾਕੀ ਰਹਿੰਦੇ ਤੀਰ ਵੀ ਅਜਗਰ ਨੂੰ ਮਾਰ ਮਾਰ ਕੇ ਉਸ ਦੀ ਜਾਨ ਕੱਢ ਦਿੱਤੀ। ਇਸ ਮਗਰੋਂ ਹੋਰੇਜ਼ਮਿਨ ਨੇ ਕਮਰਬੰਦ ਨਾਲੋਂ ਛੁਰਾ ਲਾਹਿਆ, ਅਜਗਰ ਦੇ ਪਿੰਡੇ ਤੋਂ ਚਮੜੀ ਦਾ ਟੁਕੜਾ ਕੱਟਿਆ, ਕੁੜੀ ਨੂੰ ਆਜ਼ਾਦ ਕੀਤਾ ਤੇ ਆਖਿਆ:

"ਜਾ ਤੇ ਇਹ ਚਮੜੀ ਆਪਣੇ ਪਿਤਾ ਨੂੰ ਦੇ ਦੇਵੀਂ।"

ਜਦੋਂ ਕੁੜੀ ਘਰ ਪਹੁੰਚੀ ਤਾਂ ਕੀ ਵੇਖਦੀ ਹੈ ਕਿ ਉਸ ਦੇ ਮਾਪੇ ਉਸ ਦਾ ਮਾਤਮੀ ਭੋਜ ਕਰ ਰਹੇ ਸਨ। ਸਾਰੇ ਸ਼ਹਿਰ-ਵਾਸੀ ਮਹਿਲ ਵਿਚ ਆਏ ਹੋਏ ਸਨ। ਜਦੋਂ ਬਾਦਸ਼ਾਹ ਨੇ ਆਪਣੀ ਧੀ ਨੂੰ ਵੇਖਿਆ ਤਾਂ ਉਸ ਨੂੰ ਦੰਦਲਾਂ ਪੈ ਚੱਲੀਆਂ ਸਨ। ਪਰ ਬਾਦਸ਼ਾਹ ਦੀ ਧੀ ਨੇ ਉਸ ਦੇ ਅੱਗੇ ਅਜਗਰ ਦੀ ਖੱਲੜੀ ਵਗਾਹ ਮਾਰੀ ਤੇ ਖੁਸ਼ੀਭਰੀ ਆਵਾਜ਼ ਵਿਚ ਕਿਹਾ:

"ਸ਼ਿਕਾਰੀ ਹੋਰੇਜ਼ਮਿਨ ਨੇ ਅਜਗਰ ਨੂੰ ਮਾਰ ਦਿੱਤੈ ਤੇ ਮੈਨੂੰ ਆਜ਼ਾਦ ਕਰਾ ਦਿੱਤੈ। ਉਸ ਨੇ ਆਖਿਆ ਸੀ ਕਿ ਮੈਂ ਇਹ ਖੱਲੜੀ ਦਾ ਟੁਕੜਾ ਤੈਨੂੰ ਦੇ ਦੇਵਾਂ!"

"ਜੇ ਇਹ ਗੱਲ ਏ ਤਾਂ ਹੋਰੇਜ਼ਮਿਨ ਨੂੰ ਛੇਤੀ ਤੋਂ ਛੇਤੀ ਇਥੇ ਲੈ ਆਓ!" ਬਾਦਸ਼ਾਹ ਬੜਾ ਪ੍ਰਸੰਨ ਹੋਇਆ। "ਮੈਂ ਉਸ ਨੂੰ ਇਨਾਮ ਦਿਆਂਗਾ। ਓ ਅਹਿਲਕਾਰੋ, ਤੁਸੀਂ ਸੁਣਦੇ ਹੋ, ਹੋਰੇਜ਼ਮਿਨ ਨੂੰ ਮੇਰੇ ਕੋਲ ਲਿਆਓ!"

ਪਰ ਨਾ ਹੀ ਅਹਿਲਕਾਰਾਂ ਨੂੰ ਤੇ ਨਾ ਹੀ ਬਾਦਸ਼ਾਹ ਦੇ ਨਜ਼ਦੀਕੀ ਲੋਕਾਂ ਨੂੰ ਪਤਾ ਸੀ ਕਿ ਹੋਰੇਜ਼ਮਿਨ ਕੌਣ ਸੀ।

"ਓ ਕਿਸਾਨੋ, ਤੁਹਾਨੂੰ ਹੋਰੇਜ਼ਮਿਨ ਬਾਰੇ ਕੁਝ ਪਤਾ ਏ?" ਬਾਦਸ਼ਾਹ ਨੇ ਪੁੱਛਿਆ।

"ਸਾਨੂੰ ਪਤੈ, ਉਹ ਉਹਨਾਂ ਦੋ ਯਤੀਮ ਭਰਾਵਾਂ ਵਿਚੋਂ ਹੀ ਏ, ਜਿਨ੍ਹਾਂ ਦੇ ਮਾਪੇ ਦੁਸ਼ਮਣ ਦੇ ਹਮਲੇ ਸਮੇਂ ਮਾਰੇ ਗਏ ਸਨ।"

ਕੁਝ ਸਮਾਂ ਪਾ ਕੇ ਹੋਰੇਜ਼ਮਿਨ ਬਾਦਸ਼ਾਹ ਕੋਲ ਆਇਆ।

"ਅਜਗਰ ਨੂੰ ਤੂੰ ਮਾਰਿਆ ਸੀ?" ਬਾਦਸ਼ਾਹ ਨੇ ਉਸ ਨੂੰ ਪੁੱਛਿਆ।

"ਹਾਂ, ਮੈਂ ਮਾਰਿਆ ਸੀ," ਹੋਰੇਜ਼ਮਿਨ ਨੇ ਜਵਾਬ ਦਿੱਤਾ।

"ਇਸ ਨੂੰ ਸਭ ਤੋਂ ਵਧੀਆ ਘੋੜਾ ਦਿੱਤਾ ਜਾਵੇ, ਸਭ ਤੋਂ ਵਧੀਆ ਚੋਲਾ ਪਹਿਨਾਇਆ ਜਾਵੇ ਤੇ ਸੋਨੇ

ਦੀਆਂ ਮੁਹਰਾਂ ਨਾਲ ਭਰੇ ਦੇ ਦੋ ਕੁੱਜੇ ਦਿੱਤੇ ਜਾਣ," ਬਾਦਸ਼ਾਹ ਨੇ ਹੁਕਮ ਜਾਰੀ ਕੀਤਾ।

ਖ਼ਜ਼ਾਨਚੀ ਸੋਨੇ ਦੀਆਂ ਮੁਹਰਾਂ ਦੇ ਦੋ ਕੁੱਜੇ ਲਿਆਇਆ ਅਤੇ ਹੋਰੇਜ਼ਮਿਨ ਦੇ ਸਾਮ੍ਹਣੇ ਰੱਖ ਦਿੱਤੇ। ਹੋਰੇਜ਼ਮਿਨ ਨੇ ਸੋਨੇ ਨਾਲ ਭਰਿਆ ਇਕ ਕੁੱਜਾ ਫੜਿਆ, ਉਸ ਨੂੰ ਸਿਰ ਨਾਲੋਂ ਵੀ ਉੱਚਾ ਚੁਕਿਆ ਤੇ ਪੂਰੇ ਜ਼ੋਰ ਨਾਲ ਪੱਥਰਾਂ ਨਾਲ ਮਾਰਿਆ। ਕੁੱਜਾ ਚਿਣੀ ਚਿਣੀ ਹੋ ਗਿਆ ਤੇ ਮੁਹਰਾਂ ਜ਼ਮੀਨ ਉਤੇ ਖਿੱਲਰ ਗਈਆਂ।

"ਇਸ ਦਾ ਕੀ ਮਤਲਬ ਹੋਇਆ?" ਬਾਦਸ਼ਾਹ ਨੇ ਗੁੱਸੇ ਨਾਲ ਪੁੱਛਿਆ।

"ਇਹ ਜ਼ਹਿਰ ਏ," ਹੋਰੇਜ਼ਮਿਨ ਨੇ ਆਖਿਆ। "ਤੈਨੂੰ, ਸਾਡੀ ਪਰਜਾ ਦੇ ਪਿਤਾ ਨੂੰ, ਇਹ ਪਤਾ ਹੋਣਾ ਚਾਹੀਦਾ ਸੀ ਕਿ ਲੜਾਈ ਵੇਲੇ ਸਾਡੇ ਮਾਪੇ ਮਾਰੇ ਗਏ ਸਨ। ਮੈਂ ਤੇ ਮੇਰਾ ਭਰਾ ਓਦੋਂ ਹੀ ਯਤੀਮ ਹੋ ਗਏ ਸਾਂ, ਜਦੋਂ ਸਾਡੇ ਵਿਚੋਂ ਇਕ ਜਣਾ ਤਿੰਨ ਸਾਲਾਂ ਦਾ ਤੇ ਦੂਜਾ ਚਾਰ ਸਾਲਾਂ ਦਾ ਸੀ ਤੇ ਅਸੀਂ ਹਰ ਵੇਲੇ ਗ਼ਰੀਬੀ ਤੇ ਮੁਸ਼ਕਲਾਂ ਭਰਿਆ ਜੀਵਨ ਬਤੀਤ ਕਰਦੇ ਰਹੇ। ਪਰ ਤੂੰ ਸਾਡੀ ਕੋਈ ਵੀ ਸਹਾਇਤਾ ਨਾ ਕੀਤੀ। ਹੁਣ ਤੂੰ ਆਪਣੀਆਂ ਮੁਹਰਾਂ ਸਾਂਭ ਕੇ ਰਖ, ਸਾਨੂੰ ਤੇਰੇ ਕੋਲੋਂ ਕੁਝ ਵੀ ਨਹੀਂ ਚਾਹੀਦਾ। ਅਸੀਂ ਆਪਣਾ ਗੁਜ਼ਾਰਾ ਆਪ ਹੀ ਕਰ ਸਕਦੇ ਹਾਂ। ਅਸੀਂ ਤੇਰੀ ਦੌਲਤ ਦੇ ਸਹਾਰੇ ਨਹੀਂ ਜਿਊਂਦੇ ਰਹੇ। ਅੱਜ ਮੈਂ ਅਜਗਰ ਦੀ ਅਲਖ ਮੁਕਾ ਦਿੱਤੀ ਏ ਤੇ ਤੇਰੀ ਧੀ ਨੂੰ ਬਚਾ ਲਿਐ। ਪਰ ਅਜਗਰ ਦੀ ਨਾਰ ਅਜੇ ਵੀ ਜਿਊਂਦੀ ਏ। ਉਹਨੇ ਤੁਹਾਡੀਆਂ ਕੁੜੀਆਂ ਖਾ ਕੇ ਨਹੀਂ ਰੱਜਣਾ, ਉਹਨੇ ਤੁਹਾਨੂੰ ਸਾਰਿਆਂ ਨੂੰ ਨਿਗਲ ਜਾਣੈ। ਸਾਰਾ ਖ਼ਤਰਾ ਅਜੇ ਆਉਣ ਵਾਲੈ।"

ਇਹ ਗੱਲ ਸੁਣ ਕੇ ਬਾਦਸ਼ਾਹ ਡਰ ਗਿਆ। ਉਸ ਨੇ ਆਪਣੇ ਨਜ਼ਦੀਕੀ ਸਲਾਹਕਾਰਾਂ ਨੂੰ ਇਕੱਠਿਆਂ ਕੀਤਾ ਤੇ ਉਹ ਸਾਰੇ ਹੋਰੇਜ਼ਮਿਨ ਦੇ ਤਰਲੇ ਮਿੰਨਤਾਂ ਕਰਨ ਲੱਗੇ ਕਿ ਉਹ ਉਹਨਾਂ ਦੀ ਸਹਾਇਤਾ ਕਰੇ। "ਅਸੀਂ ਤੈਨੂੰ ਮੂੰਹ ਮੰਗਿਆ ਦਾਨ ਦਿਆਂਗੇ, ਪਰ ਤੂੰ, ਮਿਹਰਬਾਨੀ ਕਰ ਕੇ, ਸਾਨੂੰ ਬਚਾ ਲੈ," ਉਹ ਕਹਿ ਰਹੇ ਸਨ।

"ਮੈਨੂੰ ਤੁਹਾਡੇ ਕੋਲੋਂ ਕੁਝ ਵੀ ਨਹੀਂ ਚਾਹੀਦਾ। ਤੁਸੀਂ ਮੈਨੂੰ ਬੱਸ ਪੰਜਾਹ ਮੀਟਰ ਲੰਮਾ ਰੱਸਾ, ਹੀਰਿਆਂ ਜੜੀ ਇਕ ਖੜਗ ਦੇ ਦੇਵੋ ਤੇ ਸਾਡੇ ਵਿਚੋਂ ਹਰੇਕ ਲਈ ਤੰਦੂਰੀ ਰੋਟੀਆਂ ਦਾ ਇਕ ਇਕ ਪੂਰ ਤੇ ਪਾਣੀ ਪੀਣ ਲਈ ਇਕ ਇਕ ਲੋਟਾ ਹੋਣਾ ਚਾਹੀਦੈ। ਹੋਰ ਕਿਸੇ ਚੀਜ਼ ਨਾਲ ਸਾਡਾ ਕੋਈ ਵਾਸਤਾ ਨਹੀਂ," ਹੋਰੇਜ਼ਮਿਨ ਨੇ ਜਵਾਬ ਦਿੱਤਾ।

ਬਾਦਸ਼ਾਹ ਨੇ ਹੁਕਮ ਦਿੱਤਾ ਕਿ ਉਹ ਹਰ ਚੀਜ਼ ਲਿਆਂਦੀ ਜਾਵੇ ਜਿਹੜੀ ਹੋਰੇਜ਼ਮਿਨ ਨੇ ਲਿਆਉਣ ਲਈ ਆਖਿਆ ਸੀ। ਇਹ ਸਭ ਕੁਝ ਆਪਣੇ ਨਾਲ ਲੈ ਕੇ ਦੋਵੇਂ ਭਰਾ ਬੋਹੜ ਵਾਲੀ ਖ਼ਤਰਨਾਕ ਥਾਂ ਵੱਲ ਤੁਰ ਪਏ। ਉਹਨਾਂ ਨੇ ਮੌਤ ਦਾ ਸ਼ਿਕਾਰ ਹੋ ਚੁਕੇ ਅਜਗਰ ਦੀਆਂ ਪੈੜਾਂ ਲੱਭ ਲਈਆਂ ਅਤੇ ਉਹਨਾਂ ਦੇ ਨਾਲ ਨਾਲ ਤੁਰ ਪਏ। ਦੋਵੇਂ ਭਰਾ ਤਿੰਨ ਦਿਨ ਤੇ ਤਿੰਨ ਰਾਤਾਂ ਤੁਰਦੇ ਗਏ। ਅੰਤ ਵਿਚ ਉਹ ਅਜਗਰ ਦੀ ਬੜੀ ਵੱਡੀ ਖੁੱਡ ਤਕ ਪਹੁੰਚ ਗਏ। ਉਹ ਖੁੱਡ ਖੂਹ ਜਿੰਨੀ ਡੂੰਘੀ ਸੀ। ਖੁੱਡ ਦੇ ਆਸ ਪਾਸ ਸੱਜਰੀਆਂ ਪੈੜਾਂ ਨਹੀਂ ਸਨ, ਤੇ ਭਰਾ ਸਮਝ ਗਏ ਕਿ ਅਜਗਰਨੀ ਖੁੱਡ ਵਿਚ ਹੀ ਸੀ। ਖੋਰੇਜ਼ਮਿਨ ਨੇ ਆਲੇ ਦੁਆਲੇ ਨਜ਼ਰ ਦੌੜਾਈ ਤਾਂ ਉਸ ਨੂੰ ਚਰਦੀਆਂ ਹੋਈਆਂ ਭੇਡਾਂ ਵਿਖਾਈ ਦਿੱਤੀਆਂ। ਇਹ ਉਹੀ ਭੇਡਾਂ ਸਨ ਜਿਹੜੀਆਂ ਅਜਗਰ ਚੁਕ ਲਿਆਉਂਦਾ ਰਿਹਾ ਸੀ।

"ਲਿਆ, ਰੱਸੇ ਦਾ ਇਕ ਸਿਰਾ ਕਮਰ ਨਾਲ ਬੰਨ੍ਹ ਕੇ ਖੁੱਡ ਵਿਚ ਵੜ ਜਾਈਏ। ਜਾਂ ਤੂੰ ਵੜ ਜਾ, ਨਹੀਂ ਤਾਂ ਮੈਂ ਵੜ ਜਾਂਦਾ ਹਾਂ," ਹੋਰੇਜ਼ਮਿਨ ਨੇ ਸਲਾਹ ਦਿੱਤੀ।

"ਮੈਂ ਵੜਦਾ ਹਾਂ," ਹੇਬੇਸ਼ੀ ਨੇ ਆਖਿਆ।



"ਚੰਗਾ, ਵੜ ਜਾ। ਜੇ ਤੂੰ ਅਜਗਰਨੀ ਦਾ ਮੁਕਾਬਲਾ ਕਰ ਸਕਿਆ ਤਾਂ ਤੇਰੀ ਮਹਿਮਾ, ਜੇ ਨਹੀਂ ਤਾਂ ਰੱਸੇ ਨੂੰ ਝਟਕਾ ਮਾਰੀਂ, ਮੈਂ ਤੈਨੂੰ ਬਾਹਰ ਖਿਚ ਲਵਾਂਗਾ," ਹੋਰੇਜ਼ਮਿਨ ਨੇ ਜਵਾਬ ਦਿੱਤਾ।

ਹੇਬੇਸ਼ੀ ਨੇ ਰੱਸੇ ਦਾ ਇਕ ਸਿਰਾ ਆਪਣੀ ਕਮਰ ਨਾਲ ਬੰਨ੍ਹਿਆ ਤੇ ਖੁੱਡ ਵਿਚ ਲਹਿਣ ਲੱਗ ਪਿਆ। ਹੇਬੇਸ਼ੀ ਖੁੱਡ ਦੀ ਤਹਿ ਤੋਂ ਪੰਜ–ਛੇ ਮੀਟਰ ਹੀ ਉੱਚਾ ਰਹਿ ਗਿਆ ਹੋਣੈ ਕਿ ਉਸ ਨੂੰ ਲੇਟੀ ਹੋਈ ਅਜਗਰਨੀ ਵਿਖਾਈ ਦਿੱਤੀ। ਖੁੱਡ ਦਾ ਥੱਲਾ ਬੜਾ ਚੌੜਾ ਸੀ ਤੇ ਅਜਗਰਨੀ ਸਿਰ ਹੇਠਾਂ ਅਤੇ ਪੂਛ ਉਪਰ ਕਰ ਕੇ ਸੁੱਤੀ ਹੋਈ ਸੀ। ਉਸ ਦਾ ਅਕਾਰ ਮਰ ਚੁੱਕੇ ਅਜਗਰ ਨਾਲੋਂ ਦੁੱਗਣਾ ਸੀ। ਅਜਗਰਨੀ ਦੇ ਲਾਗੇ ਇਕ ਕੁੜੀ ਬੈਠੀ ਹੋਈ ਸੀ ਜਿਹੜੀ ਰੁਮਾਲ ਨਾਲ ਦੈਂਤਣੀ ਉਤੋਂ ਮੱਖੀਆਂ ਉੱਡਾ ਰਹੀ ਸੀ। ਕੁੜੀ ਨੂੰ ਆਪਣੇ ਉਪਰ ਸ਼ੋਰ ਹੁੰਦਾ ਸੁਣਾਈ ਦਿੱਤਾ ਤੇ ਉਸ ਨੇ ਉਪਰ ਵੱਲ ਵੇਖਿਆ। ਕੀ ਵੇਖਦੀ ਹੈ ਕਿ ਇਕ ਮੁੰਡਾ, ਜਿਸ ਦੀ ਕਮਰ ਨਾਲ ਰੱਸਾ ਬੱਝਾ ਹੋਇਆ ਸੀ ਤੇ ਹੱਥ ਵਿਚ ਖੜਗ ਸੀ, ਹੇਠਾਂ ਉਤਰਦਾ ਆ ਰਿਹਾ ਸੀ।

"ਓ, ਤੂੰ ਅਭਾਗਿਆ, ਇਥੋਂ ਚਲਾ ਜਾ! ਮੈਨੂੰ ਇਕੱਲੀ ਨੂੰ ਹੀ ਇਸ ਦੈਂਤਣੀ ਜੋਗੀ ਰਹਿਣ ਦੇ," ਕੁੜੀ ਨੇ ਹੌਲੀ ਜਿਹੀ ਕਿਹਾ।

ਹੇਬੇਸ਼ੀ ਸਹਿਮ ਗਿਆ ਤੇ ਰੱਸੇ ਨੂੰ ਝਟਕਾ ਦਿੱਤਾ। ਹੋਰੇਜ਼ਮਿਨ ਨੇ ਛੇਤੀ ਨਾਲ ਉਸ ਨੂੰ ਬਾਹਰ ਖਿੱਚ ਲਿਆ।

"ਤੈਨੂੰ ਉਥੇ ਕੀ ਵਿਖਾਈ ਦਿੱਤੈ?" ਉਸ ਨੇ ਆਪਣੇ ਭਰਾ ਨੂੰ ਪੁੱਛਿਆ।

"ਉਥੇ ਅਜਗਰਨੀ ਸੁੱਤੀ ਹੋਈ ਏ ਜਿਹੜੀ ਮਾਰੇ ਗਏ ਅਜਗਰ ਨਾਲੋਂ ਵੀ ਦੁਗਣੀ ਏ। ਉਹਦੇ ਲਾਗੇ ਇਕ ਕੁੜੀ ਬੈਠੀ ਹੋਈ ਮੱਖੀਆਂ ਉੱਡਾ ਰਹੀ ਏ। 'ਇਥੋਂ ਚਲਾ ਜਾ, ਮੈਨੂੰ ਇਕੱਲੀ ਨੂੰ ਹੀ ਇਸ ਦੈਂਤਣੀ ਜੋਗੀ ਰਹਿਣ ਦੇ। ਇਸ ਨੂੰ ਜਦੋਂ ਹੀ ਜਾਗ ਆਈ ਇਸ ਨੇ ਤੈਨੂੰ ਨਿਗਲ ਜਾਣੈ,' ਉਹਨੇ ਮੈਨੂੰ ਆਖਿਆ ਸੀ," ਹੇਬੇਸ਼ੀ ਨੇ ਜਵਾਬ ਦਿੱਤਾ।

"ਨਹੀਂ ਭਰਾਵਾ, ਤੂੰ ਹੌਸਲਾ ਹਾਰ ਗਿਆ ਸੈਂ। ਲਿਆ, ਮੈਨੂੰ ਫੜਾ ਰੱਸੇ ਦਾ ਸਿਰਾ," ਹੋਰੇਜ਼ਮਿਨ ਨੇ ਆਖਿਆ ਤੇ ਰੱਸਾ ਆਪਣੀ ਕਮਰ ਨਾਲ ਬੰਨ੍ਹ ਕੇ ਖੁੱਡ ਵਿਚ ਉਤਰਨ ਲੱਗਾ।

ਜਦੋਂ ਖੁੱਡ ਦਾ ਥੱਲਾ ਇਕ ਮੀਟਰ ਦੀ ਦੂਰੀ 'ਤੇ ਹੀ ਰਹਿ ਗਿਆ ਸੀ ਤਾਂ ਬਾਹਰ ਹੇਬੇਸ਼ੀ ਕੋਲ ਇਕ ਬੁੱਢਾ ਆਦਮੀ ਆਇਆ।

"ਉਇ, ਨਿਭਾਗਿਆ ਹੇਬੇਸ਼ੀ, ਤੂੰ ਇਥੇ ਕਿਸ ਲਈ ਬੈਠਾ ਹੋਇਐਂ। ਅਜਗਰਨੀ ਤਾਂ ਹੋਰੇਜ਼ਮਿਨ ਨੂੰ ਖਾ ਰਹੀ ਹੋਣੀ ਏ। ਰੱਸਾ ਸੁੱਟ ਦੇ ਤੇ ਇਥੋਂ ਦੌੜ ਜਾ, ਨਹੀਂ ਤਾਂ ਅਜਗਰਨੀ ਤੈਨੂੰ ਵੀ ਨਿਗਲ ਜਾਵੇਗੀ।"

ਹੇਬੇਸ਼ੀ ਏਨਾ ਡਰ ਗਿਆ ਕਿ ਰੱਸਾ ਸੁੱਟ ਕੇ ਖੁੱਡ ਲਾਗੋਂ ਭੱਜ ਉੱਠਿਆ।

ਓਧਰ ਹੋਰੇਜ਼ਮਿਨ ਅਜਗਰਨੀ ਤੇ ਕੁੜੀ ਉਤੇ ਜਾ ਡਿੱਗਾ। ਉਸ ਦੇ ਡਿੱਗਣ ਦੀ ਆਵਾਜ਼ ਸੁਣ ਕੇ ਅਜਗਰਨੀ ਨੇ ਆਪਣੀਆਂ ਨਾਸਾਂ ਵਿਚੋਂ ਬੱਸ ਧੂੰ ਹੀ ਛੱਡਿਆ ਤੇ ਦੂਜੀ ਵੱਖੀ ਦੇ ਭਾਰ ਹੋ ਕੇ ਸੌਂ ਗਈ। ਹੋਰੇਜ਼ਮਿਨ ਨੇ ਉਸ ਦਾ ਗਲ੍ਹ ਵੱਢ ਦਿੱਤਾ। ਅਜਗਰਨੀ ਨੇ ਪੂਰੇ ਜ਼ੋਰ ਨਾਲ ਆਪਣੀ ਪੂਛ ਭੁੰਜੇ ਮਾਰੀ ਅਤੇ ਆਲੇ ਦੁਆਲੇ ਹਨੇਰਾ ਛਾ ਗਿਆ। ਹੋਰੇਜ਼ਮਿਨ ਨੇ ਆਪਣੀ ਖੜਗ ਨਾਲ ਅਜਗਰਨੀ ਦੇ ਸਿਰ ਉਤੇ ਇਕ ਹੋਰ ਵਾਰ ਕੀਤਾ। ਉਸ ਮਗਰੋਂ ਉਸ ਦੇ ਸੱਤ ਟੋਟੇ ਕਰ ਦਿੱਤੇ। ਜਦੋਂ ਅਜਗਰਨੀ ਦੀ ਜਾਨ ਨਿਕਲ ਗਈ ਤਾਂ ਹੋਰੇਜ਼ਮਿਨ ਨੇ ਕੁੜੀ ਨੂੰ ਪੁੱਛਿਆ।

"ਤੂੰ ਕਿਸ ਦੀ ਧੀ ਏਂ?"

"ਮੈਂ ਝਟਕਈ ਦੀ ਧੀ ਹਾਂ," ਕੁੜੀ ਨੇ ਜਵਾਬ ਦਿੱਤਾ।

"ਤੈਨੂੰ ਅਜਗਰਨੀ ਨੇ ਖਾਧਾ ਕਿਉਂ ਨਾ?"

"ਅਜਗਰਨੀ ਨੇ ਮੈਨੂੰ ਪੁੱਛਿਆ ਸੀ: 'ਤੇਰਾ ਪਿਓ ਕੌਣ ਏ?' ਮੈਂ ਜਵਾਬ ਦਿੱਤਾ ਕਿ ਉਹ ਝਟਕਈ ਏ। 'ਇਸ ਦਾ ਮਤਲਬ ਇਹ ਹੋਇਆ ਕਿ ਤੈਨੂੰ ਭੇਡੂ ਝਟਕਾਉਣ ਦੀ ਜਾਚ ਏ?' ਮੈਂ ਡਰ ਦੀ ਮਾਰੀ ਨੇ ਆਖ ਦਿੱਤਾ ਕਿ ਹਾਂ। 'ਕਹਿੰਦੇ ਨੇ ਕਿ ਲੋਕ ਭੇਡੂ ਦੇ ਮਾਸ ਦਾ ਬੜਾ ਸਵਾਦੀ ਕਬਾਬ ਬਣਾਉਂਦੇ ਨੇ, ਕੀ ਤੈਨੂੰ ਬਣਾਉਣਾ ਆਉਂਦੈ?' ਮੈਂ ਜਵਾਬ ਦਿੱਤਾ ਕਿ ਆਉਂਦੈ। 'ਜੇ ਤੂੰ ਮੇਰੇ ਲਈ ਕਬਾਬ ਬਣਾਇਆ ਕਰੇਂਗੀ, ਤੇ ਜਦੋਂ ਮੈਂ ਸੁੱਤੀ ਹੋਵਾਂਗੀ ਓਦੋਂ ਮੱਖੀਆਂ ਉਡਾਇਆ ਕਰੇਂਗੀ ਤਾਂ ਮੈਂ ਤੈਨੂੰ ਨਹੀਂ ਖਾਵਾਂਗੀ,' ਅਜਗਰਨੀ ਨੇ ਕਿਹਾ ਤੇ ਮੈਂ ਮੰਨ ਗਈ। ਇੰਜ ਮੈਂ ਅਜਗਰਨੀ ਲਈ ਕਬਾਬ ਬਣਾਉਣ ਅਤੇ ਉਹਦੇ ਸੌਣ ਵੇਲੇ ਮੱਖੀਆਂ ਉਡਾਉਣ ਦਾ ਕੰਮ ਕਰਨ ਲੱਗ ਪਈ।"

"ਅਜਗਰਨੀ ਕੀ ਕਰਦੀ ਹੁੰਦੀ ਸੀ?" ਹੋਰੇਜ਼ਮਿਨ ਨੇ ਪੁੱਛਿਆ।

"ਅਜਗਰਨੀ ਇਕੋ ਵਾਰੀ ਸੱਤ ਭੇਡੂ ਖਾ ਜਾਂਦੀ ਸੀ ਤੇ ਇਸ ਮਗਰੋਂ ਸੱਤ ਦਿਨ ਤੇ ਸੱਤ ਰਾਤਾਂ ਸੁੱਤੀ ਰਹਿੰਦੀ ਸੀ। ਜਦੋਂ ਉਹ ਸੁੱਤੀ ਹੁੰਦੀ ਸੀ ਤਾਂ ਉਹ ਵੇਖ ਸਕਦੀ ਸੀ ਕਿ ਜਿਹੜੇ ਪਹਾੜਾਂ ਜਾਂ ਕਿਲਿਆਂ ਵਿਚ ਸੋਨਾ ਤੇ ਚਾਂਦੀ ਏ। ਫਿਰ ਉਹ ਇਹ ਦੌਲਤ ਚੁੱਕ ਲਿਆਉਂਦੀ ਤੇ ਆਪਣੇ ਭੋਰੇ ਵਿਚ ਲੁਕਾ ਕੇ ਜਿੰਦਰਾ ਮਾਰ ਦਿੰਦੀ। ਤੇ ਅਜਗਰ ਹਰ ਰੋਜ਼ ਇਕ ਕੁੜੀ ਤੇ ਭੇਡਾਂ ਦਾ ਇਕ ਇੱਜੜ ਲਿਆਇਆ ਕਰਦਾ ਸੀ," ਕੁੜੀ ਨੇ ਦੱਸਿਆ।

"ਇਸ ਭੋਰੇ ਦੀਆਂ ਕੁੰਜੀਆਂ ਕਿਥੇ ਨੇ?"

"ਅਹੁ ਨੀਵੀਂ ਜਿਹੀ ਥਾਂ ਉਤੇ ਇਕ ਨੀਲੀ ਬਿੱਲੀ ਲੰਮੀ ਪਈ ਹੋਈ ਏ, ਕੁੰਜੀ ਉਸ ਦੇ ਗਲ ਵਿਚ ਪਈ ਹੋਈ ਏ। ਐਸ ਵੇਲੇ ਇਹ ਬਿੱਲੀ ਸੁੱਤੀ ਹੋਈ ਏ, ਪਰ ਜਦੋਂ ਉਹ ਜਾਗ ਪਈ ਤਾਂ ਤੂੰ ਸੁਖ ਨਹੀਂ ਮਨਾ ਸਕਣੀ," ਕੁੜੀ ਨੇ ਕਿਹਾ।

ਹੋਰੇਜ਼ਮਿਨ ਬੜੀ ਸਾਵਧਾਨੀ ਨਾਲ ਬਿੱਲੀ ਦੇ ਲਾਗੇ ਗਿਆ ਤੇ ਖੜਗ ਦੇ ਇਕੋ ਵਾਰ ਨਾਲ ਉਸ ਦੇ ਦੋ ਟੋਟੇ ਕਰ ਦਿੱਤੇ। ਉਸ ਨੇ ਕੁੰਜੀ ਫੜੀ ਤੇ ਭੋਰੇ ਦਾ ਦਰਵਾਜ਼ਾ ਖੋਲ੍ਹਿਆ। ਉਥੇ ਸਾਰੀ ਦੁਨੀਆ ਤੋਂ ਲਿਆਂਦੇ ਗਏ ਬੇਸ਼ੁਮਾਰ ਖ਼ਜ਼ਾਨੇ ਪਏ ਹੋਏ ਸਨ। ਹੋਰੇਜ਼ਮਿਨ ਨੇ ਸੋਨੇ ਦੇ ਦੋ ਬੁੱਕ ਭਰੇ ਤੇ ਕੁੱਜੇ ਵਿਚ ਪਾਏ, ਕੁੱਜੇ ਨੂੰ ਰੱਸੇ ਨਾਲ ਬੰਨ੍ਹਿਆ ਤੇ ਕੁੜੀ ਨੂੰ ਆਖਿਆ:

"ਮੈਂ ਹੁਣ ਬਾਹਰ ਨਿਕਲਦਾ ਹਾਂ ਤੇ ਪਹਿਲਾਂ ਸੋਨੇ ਨਾਲ ਭਰੇ ਕੁੱਜੇ ਨੂੰ ਬਾਹਰ ਖਿਚ ਲਵਾਂਗਾ ਤੇ ਫਿਰ ਤੈਨੂੰ, ਤੂੰ ਮੇਰੀ ਥੋੜ੍ਹੀ ਜਿਹੀ ਸਹਾਇਤਾ ਕਰ ਦਈਂ।"

ਹੋਰੇਜ਼ਮਿਨ ਖੁੱਡ ਦੀਆਂ ਕੰਧਾਂ ਦੇ ਸਹਾਰੇ ਬਾਹਰ ਨਿਕਲਿਆ ਤੇ ਫਿਰ ਸੋਨੇ ਤੇ ਕੁੜੀ ਨੂੰ ਵੀ ਉਪਰ ਖਿੱਚ ਲਿਆ। ਬਾਹਰ ਨਿਕਲ ਕੇ ਉਹਨਾਂ ਨੇ ਕੁਝ ਖਾਧਾ ਪੀਤਾ, ਆਰਾਮ ਕੀਤਾ ਤੇ ਸਫ਼ਰ 'ਤੇ ਤੁਰ ਪਏ। ਜਦੋਂ ਉਹ ਇਕ ਜੰਗਲ ਦੇ ਲਾਗੋਂ ਦੀ ਲੰਘ ਰਹੇ ਸਨ ਤਾਂ ਉਸ ਵਿਚੋਂ ਹੇਬੇਸ਼ੀ ਵੀ ਨਿਕਲ ਆਇਆ।

"ਤੂੰ ਉਥੋਂ ਦੌੜ ਕਿਉਂ ਗਿਆ ਸੈਂ?" ਹੋਰੇਜ਼ਮਿਨ ਨੇ ਉਸ ਨੂੰ ਪੁੱਛਿਆ।

"ਮੇਰੇ ਕੋਲ ਇਕ ਬੁੱਢਾ ਆਦਮੀ ਆਇਆ ਤੇ ਆਖਣ ਲੱਗਾ ਕਿ ਅਜਗਰਨੀ ਤੈਨੂੰ ਖਾ ਮੁਕਾ ਰਹੀ ਸੀ ਤੇ ਜੇ ਮੈਂ ਉਥੋਂ ਦੌੜ ਕੇ ਕਿਧਰੇ ਨਿਕਲ ਨਹੀਂ ਜਾਂਦਾ ਤਾਂ ਉਹ ਮੈਨੂੰ ਵੀ ਖਾ ਜਾਵੇਗੀ। ਮੈਂ ਡਰ ਕੇ ਉਥੋਂ ਦੌੜ ਨਿਕਲਿਆ। ਮੈਂ ਸਮਝਿਆ ਕਿ ਉਹ ਕੋਈ ਸੰਤ ਸਾਧੂ ਸੀ, ਪਰ ਅਸਲ ਵਿਚ ਉਹ ਸ਼ੈਤਾਨ ਸੀ," ਹੇਬੇਸ਼ੀ ਨੇ ਆਖਿਆ।

ਹੋਰੇਜ਼ਮਿਨ ਨੇ ਹੇਬੇਸ਼ੀ ਨੂੰ ਖਾਣਾ ਖਵਾਇਆ ਤੇ ਉਹ ਤਿੰਨੇ ਜਣੇ ਫਿਰ ਸਫ਼ਰ ਉਤੇ ਰਵਾਨਾ ਹੋ ਗਏ।

ਤਿੰਨ ਦਿਨ ਚਲਦੇ ਰਹਿਣ ਮਗਰੋਂ ਦੋਵੇਂ ਭਰਾ ਤੇ ਝਟਕਈ ਦੀ ਧੀ ਸ਼ਹਿਰ ਵਿਚ ਪਹੁੰਚ ਗਏ ਤੇ ਬਾਦਸ਼ਾਹ ਦੇ ਮਹਿਲ ਵਿਚ ਦਾਖ਼ਲ ਹੋਏ।

"ਹੁਣ ਤੂੰ ਜੋ ਵੀ ਮੰਗੇਂ ਮੈਂ ਤੈਨੂੰ ਦੇ ਦਿਆਂਗਾ," ਖ਼ੁਸ਼ੀ ਵਿਚ ਫੁਲੇ ਨਾ ਸਮਾ ਰਹੇ ਬਾਦਸ਼ਾਹ ਨੇ ਹੋਰੇਜ਼ਮਿਨ ਨੂੰ ਆਖਿਆ।

"ਮੈਨੂੰ ਤੇਰੇ ਕੋਲੋਂ ਕੁਝ ਵੀ ਨਹੀਂ ਚਾਹੀਦਾ। ਮੇਰੇ ਆਪਣੇ ਕੋਲ ਹੀ ਬੜੀ ਦੌਲਤ ਏ। ਜੇ ਤੂੰ ਮੈਨੂੰ ਕੁਝ ਦੇਣਾ ਹੀ ਚਾਹੁੰਦਾ ਏਂ ਤਾਂ ਮੈਨੂੰ ਚਾਰ ਤਗੜੇ ਗਭਰੂ ਤੇ ਤੀਹ ਊਠ ਦੇ, ਮੈਂ ਆਪਣੀ ਦੌਲਤ ਲਿਆਉਣੀ ਚਾਹੁੰਦਾ ਹਾਂ," ਹੋਰੇਜ਼ਮਿਨ ਨੇ ਜਵਾਬ ਦਿੱਤਾ।

ਹੋਰੇਜ਼ਮਿਨ ਨੇ ਜੋ ਵੀ ਮੰਗਿਆ ਬਾਦਸ਼ਾਹ ਨੇ ਉਸ ਨੂੰ ਦੇ ਦਿੱਤਾ ਤੇ ਉਸ ਨੇ ਅਜਗਰ ਦੀ ਸਾਰੀ ਦੌਲਤ ਲੈ ਆਂਦੀ। ਬਾਦਸ਼ਾਹ ਸ਼ਹਿਰ ਵਿਚ ਇਕ ਕਿਲਾ ਉਸਾਰ ਰਿਹਾ ਸੀ ਤੇ ਕਾਮਿਆਂ ਨੂੰ ਚਾਲੀ ਦਿਨ ਕੰਮ ਕਰਨ ਦੇ ਬਦਲੇ ਇਕ ਦਮੜੀ ਹੀ ਦਿੰਦਾ ਸੀ। ਜਦੋਂ ਹੋਰੇਜ਼ਮਿਨ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਬਾਦਸ਼ਾਹ ਕੋਲੋਂ ਬਦਲਾ ਲੈਣ ਦਾ ਫੈਸਲਾ ਕੀਤਾ ਤੇ ਉਹ ਵੀ ਇਕ ਕਿਲਾ ਉਸਾਰਨ ਲੱਗ ਪਿਆ।

"ਬਾਦਸ਼ਾਹ ਤੁਹਾਨੂੰ ਚਾਲੀ ਦਿਨ ਕੰਮ ਕਰਨ ਦੇ ਬਦਲੇ ਇਕ ਦਮੜੀ ਦਿੰਦੈ ਪਰ ਮੈਂ ਤੁਹਾਨੂੰ ਇਕ ਦਿਨ ਕੰਮ ਕਰਨ ਦੇ ਬਦਲੇ ਹੀ ਇਕ ਦਮੜੀ ਦੇ ਦਿਆ ਕਰਾਂਗਾ," ਉਸ ਨੇ ਕਾਮਿਆਂ ਨੂੰ ਸਮਝਾਇਆ। ਜਿਹੜਾ ਕਿਲਾ ਹੋਰੇਜ਼ਮਿਨ ਨੇ ਬਣਵਾਇਆ ਸੀ ਉਹ ਦੁਨੀਆ ਦੇ ਸਾਰੇ ਕਿਲਿਆਂ ਨਾਲੋਂ ਸੁਹਣਾ ਸੀ। ਹੋਰੇਜ਼ਮਿਨ ਦੇ ਕਿਲੇ ਦੇ ਮੁਕਾਬਲੇ ਬਾਦਸ਼ਾਹ ਦਾ ਕਿਲਾ ਕਿਸੇ ਮੁਰਗੀਖ਼ਾਨੇ ਵਰਗਾ ਲਗਦਾ ਸੀ। ਇਸ ਮਗਰੋਂ ਹੋਰੇਜ਼ਮਿਨ ਨੇ ਗਰੀਬ ਲੋਕਾਂ ਲਈ ਬੜਾ ਵੱਡਾ ਜਸ਼ਨ ਕੀਤਾ ਤੇ ਉਹਨਾਂ ਨੂੰ ਸੋਨਾ ਵੰਡਿਆ।

ਕੁਝ ਸਮਾਂ ਬੀਤਣ ਮਗਰੋਂ ਹੋਰੇਜ਼ਮਿਨ ਨੇ ਇਕ ਵਾਰੀ ਫਿਰ ਲੋਕਾਂ ਨੂੰ ਆਪਣੇ ਘਰ ਬੁਲਾਇਆ ਤੇ ਐਲਾਨ ਕੀਤਾ ਕਿ ਉਹ ਵਿਆਹ ਕਰਾਉਣ ਵਾਲਾ ਸੀ। ਤਦ ਬਾਦਸ਼ਾਹ ਕੁਨਿਯਾ–ਉਰਗੇਂਚ ਨੇ ਇਹ ਪੇਸ਼ਕਸ਼ ਕੀਤੀ:

"ਮੈਂ ਆਪਣੀ ਧੀ ਤੇਰੇ ਨਾਲ ਵਿਆਹ ਦਿੰਦਾ ਹਾਂ, ਤੂੰ ਕੋਈ ਮੰਗੇਤਰ ਨਾ ਢੂੰਡ।"

"ਤੇ ਮੈਂ ਆਪਣੀ ਧੀ ਹੇਬੇਸ਼ੀ ਨਾਲ ਵਿਆਹ ਦਿਆਂਗਾ," ਝਟਕਈ ਨੇ ਆਖਿਆ।

ਉਸ ਮਗਰੋਂ ਚਾਲੀ ਦਿਨ ਤੇ ਚਾਲੀ ਰਾਤਾਂ ਜਸ਼ਨ ਮਨਾਏ ਗਏ। ਓਦੋਂ ਗਰੀਬ ਲੋਕਾਂ ਨੂੰ ਸੋਨਾ ਤੇ ਚਾਂਦੀ ਵੰਡੇ ਗਏ। ਜਸ਼ਨਾਂ ਦੀ ਸਮਾਪਤੀ ਦੇ ਛੇਤੀ ਹੀ ਮਗਰੋਂ ਬਾਦਸ਼ਾਹ ਬੀਮਾਰ ਹੋ ਗਿਆ ਤੇ ਮਰਨ ਤੋਂ ਪਹਿਲਾਂ ਇਹ ਹੁਕਮ ਜਾਰੀ ਕੀਤਾ:

"ਮੇਰੀ ਮੌਤ ਮਗਰੋਂ ਹੋਰੇਜ਼ਮਿਨ ਇਸ ਮੁਲਕ ਦਾ ਬਾਦਸ਼ਾਹ ਹੋਵੇਗਾ, ਮੇਰਾ ਉਹਦੇ ਬਗ਼ੈਰ ਹੋਰ ਕੋਈ ਪੁਤਰ ਨਹੀਂ ਏ। ਸਾਡੇ ਮੁਲਕ ਦਾ ਕੋਈ ਨਾਂ ਵੀ ਨਹੀਂ ਏ। ਹੋਰੇਜ਼ਮਿਨ ਨੇ ਆਪਣੇ ਲੋਕਾਂ ਨੂੰ ਮੌਤ ਦੇ ਮੂੰਹ ਪੈਣ ਤੋਂ ਬਚਾਇਆ ਏ, ਤੇ ਹੁਣ ਤੋਂ ਸਾਡੇ ਮੁਲਕ ਦਾ ਨਾਂ ਹੋਰੇਜ਼ਮਿਨ ਹੋਵੇਗਾ।"

ਇਸੇ ਕਰ ਕੇ ਅੱਜ ਵੀ ਉਸ ਇਲਾਕੇ ਨੂੰ ਹੋਰੇਜ਼ਮ ਕਰਕੇ ਜਾਣਿਆ ਜਾਂਦਾ ਹੈ।



ਗ਼ਰੀਬ ਦੀ ਹਾਜ਼ਰ–ਜਵਾਬੀ

ਇਕ ਬਾਦਸ਼ਾਹ ਰਹਿੰਦਾ ਹੁੰਦਾ ਸੀ। ਉਹ ਆਪਣੀ ਖਲਕਤ ਦਾ ਮਜ਼ਾਕ ਉਡਾਉਣ ਲਈ ਬੜਾ ਮਸ਼ਹੂਰ ਸੀ। ਇਕ ਵਾਰੀ ਉਸ ਨੇ ਸਭ ਤੋਂ ਗ਼ਰੀਬ ਕਿਸਾਨ ਨੂੰ ਆਪਣੇ ਕੋਲ ਬੁਲਾਇਆ ਤੇ ਉਸ ਨੂੰ ਆਖਿਆ:

"ਤੂੰ ਗ਼ਰੀਬ ਏਂ ਤੇ ਮੈਂ ਤੈਨੂੰ ਅਮੀਰ ਬਣਾਉਣਾ ਚਾਹੁੰਦਾ ਹਾਂ। ਇਹ ਲੈ ਚਿੱਠੀ ਤੇ ਵੱਡੇ ਖਜ਼ਾਨਚੀ ਕੋਲ ਚਲਾ ਜਾ। ਤੂੰ ਉਸ ਨੂੰ ਆਖੀਂ ਕਿ ਉਹ ਤੈਨੂੰ ਹਰ ਉਹ ਸ਼ੈ ਦੇਵੇ ਜਿਸ ਦਾ ਮੈਂ ਹੁਕਮ ਦਿੱਤੈ।"

ਗ਼ਰੀਬ ਕਿਸਾਨ ਬਾਦਸ਼ਾਹ ਕੋਲੋਂ ਜਾਣ ਮਗਰੋਂ ਸੋਚਾਂ 'ਚ ਡੁੱਬ ਗਿਆ। "ਬਾਦਸ਼ਾਹ ਨੂੰ ਮੇਰੀ ਏਨੀ ਚਿੰਤਾ ਕਿਉਂ ਏ? ਪਤਾ ਕਰਨਾ ਚਾਹੀਦੈ ਕਿ ਇਸ ਚਿੱਠੀ ਵਿਚ ਕੀ ਲਿਖਿਆ ਹੋਇਐ।"

ਕੜਾਕੇ ਦੀ ਸਰਦੀ ਪੈ ਰਹੀ ਸੀ। ਹਰ ਥਾਂ ਭਾਰੀ ਬਰਫ਼ ਪਈ ਹੋਈ ਸੀ। ਉਹ ਕਿਸੇ ਪੜ੍ਹੇ–ਲਿਖੇ ਆਦਮੀ ਨੂੰ ਢੂੰਡਦਾ ਢੂੰਡਦਾ ਆਪਣੀ ਟੁੱਟੀ ਫੁੱਟੀ ਜੁੱਤੀ ਤੇ ਖਸਤਾਹਾਲ ਚੋਲੇ ਵਿਚ ਠੰਡ ਨਾਲ ਬੁਰੀ ਤਰ੍ਹਾਂ ਕੁੰਗੜ ਗਿਆ ਸੀ।

ਬਾਦਸ਼ਾਹ ਨੇ ਉਸ ਚਿੱਠੀ ਵਿਚ ਲਿਖਿਆ ਹੋਇਆ ਸੀ:

"ਮੈਂ, ਮਹਾਨ ਬਾਦਸ਼ਾਹ, ਤੈਨੂੰ, ਵੱਡੇ ਖਜ਼ਾਨਚੀ ਨੂੰ ਹੁਕਮ ਦਿੰਦਾ ਹਾਂ ਕਿ ਇਹ ਚਿੱਠੀ ਪਹੁੰਚਾਣ ਵਾਲੇ ਨੂੰ ਮੇਰੀ ਸੁਗਾਤ ਵਜੋਂ ਬਰਫ਼ ਦੇ ਤੀਹ ਮਣ ਦੇ ਦਿੱਤੇ ਜਾਣ। ਜੇ ਮੇਰੇ ਹੁਕਮ ਦੀ ਤਾਮੀਲ ਨਾ ਕੀਤੀ ਗਈ ਤਾਂ ਤੈਨੂੰ ਸਾਡੇ ਮੁਲਕ ਵਿਚ ਦਿੱਤੀ ਜਾ ਸਕਣ ਵਾਲੀ ਸਖ਼ਤ ਤੋਂ ਸਖ਼ਤ ਸਜ਼ਾ—ਮੌਤ ਦੀ ਸਜ਼ਾ—ਦਿੱਤੀ ਜਾਵੇਗੀ।"

"ਚਲੋ, ਠੀਕ ਏ," ਗ਼ਰੀਬ ਆਦਮੀ ਨੇ ਮਨ ਹੀ ਮਨ ਸੋਚਿਆ, "ਸਚਮੁੱਚ ਹੀ ਸ਼ਾਹੀ ਸੁਗਾਤ ਏ।"

ਉਸ ਨੇ ਚਿੱਠੀ ਕਿਤੇ ਲੁਕਾ ਕੇ ਰਖ ਦਿੱਤੀ ਤੇ ਆਪਣੇ ਕੰਮੀਂ ਰੁੱਝ ਗਿਆ।

ਸਿਆਲ ਬੀਤ ਗਿਆ। ਬਹਾਰ ਆ ਗਈ। ਫਿਰ ਗਰਮੀਆਂ ਵੀ ਆ ਗਈਆਂ।

"ਹੁਣ ਢੁਕਵਾਂ ਵਕਤ ਆ ਗਿਐ ਬਾਦਸ਼ਾਹ ਦੀ ਸੁਗਾਤ ਲੈਣ ਵਾਸਤੇ," ਗ਼ਰੀਬ ਆਦਮੀ ਨੇ ਆਪਣੇ ਆਪ ਨੂੰ ਆਖਿਆ ਤੇ ਖ਼ਜ਼ਾਨੇ ਵੱਲ ਤੁਰ ਪਿਆ।

ਉਹ ਖ਼ਜ਼ਾਨਚੀ ਕੋਲ ਪੁੱਜਾ, ਚਿੱਠੀ ਫੜਾਈ ਤੇ ਉਡੀਕਣ ਲੱਗਾ ਕਿ ਖ਼ਜ਼ਾਨਚੀ ਭਲਾ ਕੀ ਕਰਦਾ ਹੈ। ਖ਼ਜ਼ਾਨਚੀ ਨੇ ਚਿੱਠੀ ਪੜ੍ਹ ਲਈ ਤੇ ਉਸ ਦੇ ਚਿਹਰੇ ਦੀਆਂ ਹਵਾਈਆਂ ਉੱਡ ਗਈਆਂ।

"ਮੇਰੀ ਕਿਸਮਤ ਫੁੱਟ ਗਈ," ਆਪਣਾ ਸਿਰ ਹੱਥਾਂ ਵਿਚ ਫੜ ਕੇ ਉਸ ਨੇ ਆਖਿਆ, "ਮੈਂ ਹੁਣ ਇਹ ਬਰਫ਼ ਕਿਥੋਂ ਲਿਆਵਾਂ?"

"ਇਹ ਮੇਰਾ ਕੰਮ ਨਹੀਂ," ਗ਼ਰੀਬ ਆਦਮੀ ਨੇ ਆਖਿਆ। "ਇਹ ਬਾਦਸ਼ਾਹ ਦਾ ਹੁਕਮ ਏ। ਜੇ ਤੁਸੀਂ

ਮੈਨੂੰ ਬਰਫ਼ ਨਾ ਦਿੱਤੀ ਤਾਂ ਮੈਂ ਬਾਦਸ਼ਾਹ ਕੋਲ ਜਾ ਕੇ ਸ਼ਿਕਾਇਤ ਕਰਾਂਗਾ।"

"ਨਾ, ਨਾ, ਭਲਿਆ ਲੋਕਾ, ਇੰਜ ਨਾ ਕਰੀਂ," ਵੱਡਾ ਖ਼ਜ਼ਾਨਚੀ ਲੇਲ੍ਹੜੀਆਂ ਕੱਢਣ ਲੱਗਾ, "ਮੈਂ ਕਬੀਲਦਾਰ ਹਾਂ, ਮੇਰੇ ਬੱਚਿਆਂ ਨੂੰ ਪਾਲੇਗਾ ਕੌਣ... ਤੇ ਜੇ ਮੈਂ ਤੈਨੂੰ ਬਰਫ਼ ਦੀ ਥਾਂ ਪੈਸੇ ਦੇ ਦਿਆਂ, ਤਾਂ ਤੇਰਾ ਕੀ ਖ਼ਿਆਲ ਏ?"

ਗ਼ਰੀਬ ਆਦਮੀ ਬੜੀ ਦੇਰ ਤਕ ਨਾ ਮੰਨਿਆ। ਪਰ ਜਦੋਂ ਖ਼ਜ਼ਾਨਚੀ ਨੇ ਏਨੀ ਵੱਡੀ ਰਕਮ ਦੇਣ ਦੀ ਪੇਸ਼ਕਸ਼ ਕੀਤੀ, ਜਿੰਨੀ ਨਾਲ ਕਿ ਉਸ ਦੀ ਸਾਰੀ ਉਮਰ ਕਿਸੇ ਦੀ ਮੁਥਾਜੀ ਤੋਂ ਬਿਨਾਂ ਹੀ ਲੰਘ ਜਾਵੇ, ਤਾਂ ਉਹ ਮੰਨ ਗਿਆ।

ਬਾਦਸ਼ਾਹ ਨੂੰ ਓਦੋਂ ਬੜੀ ਹੈਰਾਨੀ ਹੋਈ ਜਦੋਂ ਉਸ ਨੂੰ ਇਹ ਦੱਸਿਆ ਗਿਆ ਕਿ ਕੋਈ ਆਦਮੀ ਬਾਦਸ਼ਾਹ ਦੀ ਵੱਡੀ ਕਿਰਪਾਲਤਾ ਦੇ ਬਦਲੇ ਸ਼ੁਕਰੀਆ ਅਦਾ ਕਰਨ ਆਇਆ ਹੈ।

"ਮੈਨੂੰ ਇਹੋ ਜਿਹੀ ਕਿਸੇ ਕਿਰਪਾਲਤਾ ਦਾ ਚੇਤਾ ਨਹੀਂ ਜਿਹੜੀ ਮੈਂ ਆਪਣੀ ਸਾਰੀ ਜ਼ਿੰਦਗੀ ਵਿਚ ਕਦੀ ਕਿਸੇ ਉਤੇ ਕੀਤੀ ਹੋਵੇ।" ਬਾਦਸ਼ਾਹ ਹੱਸ ਪਿਆ। "ਚੱਲੋ, ਲਿਆਓ ਉਸ ਆਦਮੀ ਨੂੰ, ਵੇਖਦੇ ਤੇ ਸੁਣਦੇ ਹਾਂ, ਉਹ ਕੀ ਦੱਸਦਾ ਏ।"

"ਓ ਸੱਚੇ ਬਾਦਸ਼ਾਹ," ਗ਼ਰੀਬ ਆਦਮੀ ਨੇ ਸਿਰ ਨਿਵਾ ਕੇ ਆਖਿਆ। "ਮੈਂ ਤਹਿ ਦਿਲੋਂ ਤੁਹਾਡਾ ਸ਼ੁਕਰੀਆ ਅਦਾ ਕਰਨ ਆਇਆ ਹਾਂ ਕਿ ਤੁਸੀਂ ਮੇਰੇ ਉਤੇ ਏਨੀ ਕਿਰਪਾਲਤਾ ਕੀਤੀ ਏ।"

"ਤੂੰ ਕਿਹੜੀ ਕਿਰਪਾਲਤਾ ਦੀ ਗੱਲ ਕਰਦੈਂ?" ਬਾਦਸ਼ਾਹ ਨੇ ਪੁੱਛਿਆ।


"ਸਰਦੀਆਂ ਵਿਚ ਤੁਸੀਂ ਮੈਨੂੰ ਤੀਹ ਮਣ ਬਰਫ਼ ਤੁਹਫ਼ੇ ਵਜੋਂ ਦਿੱਤੀ ਸੀ।"

ਜਦੋਂ ਬਾਦਸ਼ਾਹ ਨੂੰ ਗ਼ਰੀਬ ਕਿਸਾਨ ਨਾਲ ਕੀਤੇ ਆਪਣੇ ਮਜ਼ਾਕ ਦਾ ਚੇਤਾ ਆਇਆ ਤਾਂ ਉਹ ਖੁਲ੍ਹ ਕੇ ਹੱਸਿਆ। ਉਸ ਦੇ ਨਿਕਟਵਰਤੀ ਲੋਕ ਵੀ ਹਿੜ ਹਿੜ ਕਰਨ ਲੱਗ ਪਏ।

"ਪਰ ਕਿਉਂਕਿ ਓਦੋਂ ਮੇਰੇ ਆਪਣੇ ਕੋਲ ਹੀ ਬੜੀ ਬਰਫ਼ ਸੀ," ਗ਼ਰੀਬ ਆਦਮੀ ਨੇ ਆਖਿਆ, "ਇਸ ਲਈ ਮੈਂ ਤੁਹਾਡੀ ਸੁਗ਼ਾਤ ਨੂੰ ਤੁਹਾਡੇ ਖ਼ਜ਼ਾਨੇ ਵਿਚ ਹੀ ਸੰਭਾਲ ਕੇ ਰਖ ਦਿੱਤਾ ਸੀ। ਅੱਜ, ਜਦੋਂ ਮੈਂ ਆਪਣਾ ਤੁਹਫ਼ਾ ਲੈਣ ਗਿਆ ਤਾਂ ਪਤਾ ਲੱਗਾ ਕਿ ਖ਼ਜ਼ਾਨਚੀ ਨੇ ਮੇਰੇ ਵਾਲੀ ਬਰਫ਼ ਆਪਣੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਵਰਤ ਲਈ ਸੀ। ਇਸ ਵਾਸਤੇ ਉਹ ਮੈਨੂੰ ਇਹ ਪੈਸੇ ਦੇਣ ਉਤੇ ਮਜਬੂਰ ਹੋਇਆ।"

ਏਨੀ ਗੱਲ ਕਹਿ ਕੇ ਗ਼ਰੀਬ ਆਦਮੀ ਨੇ ਬਾਦਸ਼ਾਹ ਅੱਗੇ ਸੋਨੇ ਦੀਆਂ ਮੁਹਰਾਂ ਦਾ ਬੁਕ ਭਰ ਕੇ ਸੁਟਿਆ।

ਬਾਦਸ਼ਾਹ ਪਹਿਲਾਂ ਨਾਲੋਂ ਵੀ ਜ਼ੋਰ ਜ਼ੋਰ ਦੀ ਹੱਸਣ ਲੱਗ ਪਿਆ ਤੇ ਗ਼ਰੀਬ ਕਿਸਾਨ ਦੀ ਹਾਜ਼ਰ-ਜਵਾਬੀ ਲਈ ਉਸ ਨੂੰ ਸੋਨੇ ਦੀਆ ਓਨੀਆਂ ਹੀ ਹੋਰ ਮੁਹਰਾਂ ਇਨਾਮ ਵਜੋਂ ਦੇਣ ਦਾ ਹੁਕਮ ਦਿੱਤਾ।



ਵਿਧਵਾ ਦਾ ਬੇਟਾ

ਇਕ ਨਿਰਧਨ ਵਿਧਵਾ ਦਾ ਇਕ ਬੇਟਾ ਸੀ। ਉਸ ਵਰਗਾ ਦਲੇਰ ਤੇ ਬਹਾਦਰ ਹੋਰ ਕੋਈ ਵੀ ਨਹੀਂ ਸੀ। ਇਸੇ ਕਰਕੇ ਬਾਈ ਦੇ ਪੁਤਰ ਤੇ ਸੌਦਾਗਰ ਦੇ ਪੁਤਰ ਦੀ ਉਸ ਨਾਲ ਦੋਸਤੀ ਸੀ ਤੇ ਉਹ ਕਦੀ ਵੀ ਇਕ ਦੂਜੇ ਨਾਲੋਂ ਨਿਖੜਦੇ ਨਹੀਂ ਸਨ।

ਇਕ ਵਾਰੀ ਉਹ ਸਾਰੇ ਇਕੱਠਿਆਂ ਸੈਰ ਕਰਦੇ ਕਰਦੇ ਇਕ ਖੂਹ ਉਤੇ ਪੁੱਜੇ ਤੇ ਉਥੇ ਉਹਨਾਂ ਨੂੰ ਕਿਸੇ ਵਿਕਰਾਲ ਦੈਂਤ ਦੀਆਂ ਪੈੜਾਂ ਵਿਖਾਈ ਦਿੱਤੀਆਂ। ਮੁੰਡਿਆਂ ਨੇ ਖੂਹ ਵਿਚ ਝਾਤੀ ਮਾਰੀ ਤੇ ਕੀ ਵੇਖਦੇ ਹਨ ਕਿ ਉਸ ਵਿਚੋਂ ਇੰਜ ਲਾਟਾਂ ਨਿਕਲ ਰਹੀਆਂ ਸਨ ਜਿਵੇਂ ਤੰਦੂਰ ਦੇ ਮਘੋਰੇ ਵਿਚੋਂ ਨਿਕਲਦੀਆਂ ਹਨ। "ਅਸੀਂ, ਸ਼ਾਇਦ, ਦਿਓ ਦਾ ਘਰ ਲੱਭ ਲਿਐ। ਹੁਣ ਅਸੀਂ ਉਸ ਨੂੰ ਜਾਨੋਂ ਮਾਰ ਦਿਆਂਗੇ ਤੇ ਉਸ ਦੀ ਸਾਰੀ ਦੌਲਤ ਆਪਣੇ ਨਾਲ ਲੈ ਜਾਵਾਂਗੇ," ਉਹਨਾਂ ਨੇ ਨੇ ਫੈਸਲਾ ਕੀਤਾ। ਗਭਰੂ ਘਰ ਮੁੜ ਆਏ ਤੇ ਅਗਲੇ ਦਿਨ ਤਲਵਾਰਾਂ ਤੇ ਇਕ ਬੜਾ ਲੰਮਾ ਰੱਸਾ ਲੈ ਕੇ ਖੂਹ ਉਤੇ ਪੁੱਜ ਗਏ।

"ਮੈਂ ਦਿਓ ਨੂੰ ਮਾਰਨ ਲਈ ਸਭ ਤੋਂ ਪਹਿਲਾਂ ਜਾਵਾਂਗਾ," ਬਾਈ ਦੇ ਪੁਤਰ ਨੇ ਆਖਿਆ ਤੇ ਆਪਣੀ ਕਮਰ ਨਾਲ ਰੱਸਾ ਬੰਨ੍ਹਣ ਲੱਗਾ। ਉਸ ਦੇ ਦੋਸਤ ਸਹਿਮਤ ਹੋ ਗਏ ਤੇ ਉਸ ਨੂੰ ਖੂਹ ਵਿਚ ਉਤਾਰਨ ਲੱਗੇ।

"ਹਾਇ ਓਇ, ਮੈਨੂੰ ਬਾਹਰ ਕੱਢ ਲਓ, ਮੈਂ ਸੜ ਰਿਹਾਂ!" ਉਹ ਬੁਰੀ ਤਰ੍ਹਾਂ ਚੀਕਿਆ ਤੇ ਉਸ ਨੂੰ ਤੁਰਤ ਬਾਹਰ ਕੱਢ ਲਿਆ ਗਿਆ।

"ਹੂੰ, ਡਰਪੋਕ ਨਾ ਹੋਵੇ ਤਾਂ," ਸੌਦਾਗਰ ਦਾ ਮੁੰਡਾ ਮਾੜਾ ਜਿੰਨਾ ਹੱਸਿਆ। "ਮੈਨੂੰ ਉਤਾਰੋ!"

ਉਸ ਨੇ ਤੁਰਤ ਆਪਣੀ ਕਮਰ ਨਾਲ ਰੱਸਾ ਬੰਨ੍ਹਿਆ ਤੇ ਹਥ ਵਿਚ ਤਲਵਾਰ ਫੜੀ। ਉਹ ਅਜੇ ਖੂਹ ਦੀ ਮਣ੍ਹ ਤੋਂ ਹੇਠਾਂ ਹੋਇਆ ਹੀ ਸੀ ਕਿ ਉਸ ਦੀਆਂ ਚੀਕਾਂ ਸੁਣਾਈ ਦੇਣ ਲੱਗ ਪਈਆਂ: "ਹਾਇ ਓਇ, ਮੈਂ ਸੜ ਰਿਹਾਂ, ਮੈਨੂੰ ਬਾਹਰ ਕੱਢ ਲਓ!" ਤੇ ਸੌਦਾਗਰ ਦੇ ਮੁੰਡੇ ਨੂੰ ਵੀ ਖੂਹ ਵਿਚੋਂ ਖਿੱਚ ਲਿਆ ਗਿਆ।

ਵਿਧਵਾ ਦੇ ਪੁਤਰ ਨੇ ਸਿਰ ਹਿਲਾਇਆ ਤੇ ਆਖਿਆ:

"ਹਾਂ, ਲਗਦੈ ਕਿ ਅੱਲਾ ਨੇ ਤੁਹਾਨੂੰ ਬਹਾਦਰ ਨਹੀਂ ਬਣਾਇਆ। ਲਿਆਓ, ਮੈਨੂੰ ਖੂਹ ਵਿਚ ਉਤਾਰੋ! ਜੇ ਮੈਂ ਚੀਕਾਂ ਮਾਰਾਂ ਤਾਂ ਵੀ ਮੇਰੀ ਕੋਈ ਪਰਵਾਹ ਨਾ ਕਰਨੀ। ਡਰਪੋਕ ਵਜੋਂ ਬਦਨਾਮ ਹੋਣ ਨਾਲੋਂ ਅੱਗ ਵਿਚ ਸੜ ਮਰਨਾ ਹੀ ਚੰਗੈ।"

ਉਸ ਨੇ ਵੀ ਆਪਣੀ ਕਮਰ ਨਾਲ ਰੱਸਾ ਬੰਨ੍ਹਿਆ, ਹੱਥ ਵਿਚ ਤਲਵਾਰ ਫੜੀ ਤੇ ਖੂਹ ਵਿਚ ਲਹਿਣ ਲੱਗ ਪਿਆ। ਉਸ ਨੂੰ ਬੜਾ ਹੀ ਸੇਕ ਲੱਗਾ ਪਰ ਉਸ ਨੇ 'ਸੀ' ਤਕ ਨਾ ਕੀਤੀ ਤੇ ਖੂਹ ਦੇ ਥੱਲੇ ਪਹੁੰਚ ਗਿਆ। ਜਦੋਂ ਉਹ ਖੂਹ ਦੇ ਧੁਰ ਹੇਠਾਂ ਚਲਾ ਗਿਆ ਤਾਂ ਉਸ ਨੂੰ ਹੂਰ-ਪਰੀ ਵਿਖਾਈ ਦਿੱਤੀ ਜਿਸ ਵਿਚੋਂ ਚਾਨਣ

ਨਿਕਲ ਰਿਹਾ ਸੀ। ਉਸ ਦੇ ਲਾਗੇ ਹੀ ਵਿਕਰਾਲ ਦੈਂਤ ਸੁੱਤਾ ਪਿਆ ਸੀ। ਗਭਰੂ ਨੂੰ ਵੇਖ ਕੇ ਪਰੀ ਨੇ ਬੇਨਤੀ ਕੀਤੀ:

"ਹੇ ਮਨੁੱਖ, ਇਸ ਦੈਂਤ ਨੂੰ ਸੁੱਤੇ ਪਏ ਨੂੰ ਮਾਰ ਦੇ। ਇਸ ਰਾਕਸ਼ ਕੋਲੋਂ ਮੈਨੂੰ ਬਚਾ ਲੈ।"

"ਠੀਕ ਏ, ਮੈਂ ਤੈਨੂੰ ਬਚਾ ਲਵਾਂਗਾ," ਵਿਧਵਾ ਦੇ ਪੁਤਰ ਨੇ ਆਖਿਆ। "ਪਰ ਸੁੱਤੇ ਪਏ ਦਿਓ ਨੂੰ ਮਾਰਨਾ ਦਿਆਨਤਦਾਰੀ ਵਾਲੀ ਗੱਲ ਨਹੀਂ। ਪਹਿਲਾਂ ਮੈਂ ਇਸ ਨੂੰ ਜਗਾਵਾਂਗਾ ਤੇ ਫਿਰ ਇਸ ਨਾਲ ਤਾਕਤ-ਅਜ਼ਮਾਈ ਕਰਾਂਗਾ।"

ਗਭਰੂ ਨੇ ਤਲਵਾਰ ਨਾਲ ਦੈਂਤ ਦੇ ਪੈਰਾਂ ਦੀਆਂ ਤਲੀਆਂ ਉਤੇ ਕੁਤਕੁਤਾੜੀਆਂ ਕੱਢੀਆਂ। ਦਿਓ ਭੁੜਕ ਕੇ ਪੈਰਾਂ ਭਾਰ ਹੋ ਗਿਆ। ਜਿਉਂ ਹੀ ਉਸ ਨੇ ਆਦਮੀ ਨੂੰ ਵੇਖਿਆ ਤਿਓਂ ਹੀ ਡਾਂਗ ਫੜ ਕੇ ਏਨੇ ਜ਼ੋਰ ਦੀ ਮਾਰੀ ਕਿ ਖੂਹ ਦਾ ਇਕ ਹਿੱਸਾ ਢਹਿ ਗਿਆ। ਦਿਓ ਡਾਂਗ ਨਾਲ ਦੂਜਾ ਵਾਰ ਕਰਨ ਹੀ ਵਾਲਾ ਸੀ ਕਿ ਮੁੰਡੇ ਨੇ ਆਪਣੀ ਤਲਵਾਰ ਉਸ ਦੇ ਸਿਰ ਉਤੇ ਕੱਢ ਮਾਰੀ। ਦੈਂਤ ਦਾ ਸਿਰ ਲੱਥ ਗਿਆ ਤੇ ਉਸ ਦੀ ਧੌਣ ਵਿਚੋਂ ਲਹੂ ਇੰਜ ਵਹਿਣ ਲੱਗਾ ਜਿਵੇਂ ਦਰਿਆ ਵਿਚੋਂ ਪਾਣੀ। ਦਿਓ ਡਿਗ ਪਿਆ ਤੇ ਉਸ ਦੀ ਜਾਨ ਨਿਕਲ ਗਈ। ਵਿਧਵਾ ਦੇ ਪੁਤਰ ਨੇ ਸੋਨਾ ਤੇ ਚਾਂਦੀ ਇਕੱਠੇ ਕੀਤੇ ਤੇ ਰੱਸੇ ਨਾਲ ਬੰਨ੍ਹ ਕੇ ਉਪਰ ਆਪਣੇ ਦੋਸਤਾਂ ਕੋਲ ਭੇਜ ਦਿੱਤੇ। ਇਸ ਮਗਰੋਂ ਉਸ ਨੇ ਪਰੀ ਦੀ ਕਮਰ ਦੁਆਲੇ ਰੱਸਾ ਬੰਨ੍ਹਿਆ।

ਖੂਹ ਵਿਚੋਂ ਸੋਨਾ, ਚਾਂਦੀ ਤੇ ਹੂਰ-ਪਰੀ ਨੂੰ ਕੱਢ ਕੇ ਬਾਈ ਤੇ ਸੌਦਾਗਰ ਦੇ ਪੁਤਰਾਂ ਨੇ ਵਿਧਵਾ ਦੇ ਪੁਤਰ ਨੂੰ ਖੂਹ ਵਿਚ ਹੀ ਰਹਿਣ ਦਿੱਤਾ ਤੇ ਸਾਰੀ ਦੌਲਤ ਆਪਸ ਵਿਚ ਵੰਡ ਲਈ। ਬਾਈ ਦੇ ਮੁੰਡੇ ਦੇ ਹਿੱਸੇ ਪਰੀ ਆਈ ਜਦਕਿ ਸੋਨਾ ਤੇ ਚਾਂਦੀ ਸੌਦਾਗਰ ਦੇ ਮੁੰਡੇ ਨੂੰ ਮਿਲ ਗਏ। ਉਸ ਮਗਰੋਂ ਉਹ ਆਪਣੇ ਘਰ ਪਰਤ ਆਏ ਤੇ ਇੰਜ ਜ਼ਿੰਦਗੀ ਬਤੀਤ ਕਰਨ ਲੱਗੇ ਜਿਵੇਂ ਉਹਨਾਂ ਨਾਲ ਕੁਝ ਵਾਪਰਿਆ ਹੀ ਨਾ ਹੋਵੇ।

ਵਿਧਵਾ ਨੇ ਆਪਣੇ ਪੁਤਰ ਦੀ ਬੜੀ ਹੀ ਉਡੀਕ ਕੀਤੀ, ਪਰ ਉਹ ਨਾ ਆਇਆ। ਮਾਂ ਨੇ ਆਪਣੇ ਪੁਤਰ ਨੂੰ ਬੜਾ ਢੂੰਡਿਆ, ਉਸ ਬਾਰੇ ਬੜੀ ਪੁੱਛ-ਗਿਛ ਕੀਤੀ, ਬੜੀ ਰੋਈ ਕੁਰਲਾਈ ਤੇ ਫਿਰ ਇਹ ਸਮਝ ਕੇ ਸਬਰ ਕਰ ਲਿਆ ਕਿ ਉਹ ਮਰ ਖਪ ਗਿਆ ਹੋਣਾ ਸੀ।

ਪਰ ਆਓ, ਅਸੀਂ ਵੇਖਦੇ ਹਾਂ ਕਿ ਉਸ ਦੇ ਪੁਤਰ ਨਾਲ ਕੀ ਕੀ ਵਾਪਰਿਆ।

ਜਦੋਂ ਉਹ ਖੂਹ ਵਿਚ ਇਕੱਲਾ ਹੀ ਰਹਿ ਗਿਆ ਤਾਂ ਉਸ ਨੇ ਬਾਹਰ ਨਿਕਲਣ ਲਈ ਜਤਨ ਕੀਤੇ, ਪਰ ਖੂਹ ਕਾਫ਼ੀ ਡੂੰਘਾ ਸੀ, ਇਸ ਲਈ ਮੁੰਡੇ ਨੂੰ ਉਸ ਵਿਚੋਂ ਨਿਕਲਣ ਵਿਚ ਸਫਲਤਾ ਨਾ ਮਿਲੀ। ਉਹ ਦੇਰ ਤਕ ਸੋਚਦਾ ਰਿਹਾ ਕਿ ਕੀ ਕੀਤਾ ਜਾਵੇ, ਪਰ ਉਹ ਕੋਈ ਵੀ ਤਰਕੀਬ ਸੋਚ ਨਾ ਸਕਿਆ। ਥੱਕਿਆ ਹਾਰਿਆ ਗਭਰੂ ਉਥੇ ਹੀ ਸੌਂ ਗਿਆ। ਉਸ ਨੂੰ ਸੁੱਤੇ ਪਏ ਨੂੰ ਸੁਪਨੇ ਵਿਚ ਕਿਸੇ ਨੇ ਆਖਿਆ: "ਅੱਜ ਦੁਪਹਿਰ ਦੇ ਖਾਣੇ ਸਮੇਂ ਦੈਂਤ ਵਾਸਤੇ ਉਪਰੋਂ ਦੋ ਭੇਡੂ ਆਉਣਗੇ, ਇਕ ਚਿੱਟਾ ਤੇ ਦੂਜਾ ਕਾਲਾ ਹੋਵੇਗਾ। ਤੂੰ ਉਹਨਾਂ ਵਿਚੋਂ ਇਕ ਉਤੇ ਝਪਟ ਪਵੀਂ। ਜੇ ਤੂੰ ਚਿੱਟੇ ਉਤੇ ਝਪਟੇਂਗਾ ਤਾਂ ਉਹ ਤੈਨੂੰ ਖੂਹ ਵਿਚੋਂ ਬਾਹਰ ਕੱਢ ਲਵੇਗਾ, ਪਰ ਜੇ ਕਾਲੇ ਉਤੇ ਝਪਟ ਪਿਆ ਤਾਂ ਉਹ ਤੈਨੂੰ ਉਸ ਦੁਨੀਆ ਵਿਚ ਲੈ ਜਾਵੇਗਾ ਜਿਥੋਂ ਕੋਈ ਮੁੜ ਕੇ ਨਹੀਂ ਆਉਂਦਾ।"

ਮੁੰਡਾ ਜਾਗ ਪਿਆ ਤੇ ਉਡੀਕਣ ਲੱਗਾ। ਛੇਤੀ ਹੀ ਦੋ ਭੇਡੂ ਆ ਗਏ। ਮੁੰਡਾ ਚਿੱਟੇ ਭੇਡੂ ਵੱਲ ਝਪਟਿਆ ਪਰ ਉਹ ਨਿਸ਼ਾਨੇ ਤੋਂ ਖੁੰਝ ਗਿਆ ਤੇ ਕਾਲੇ ਭੇਡੂ ਉਤੇ ਜਾ ਡਿੱਗਾ। ਭੇਡੂ ਨੇ ਉਸ ਨੂੰ ਫੜ ਲਿਆ ਤੇ ਉਸ ਦੁਨੀਆ ਵਿਚ ਲੈ ਗਿਆ ਜਿਥੋਂ ਕੋਈ ਵੀ ਮੁੜ ਕੇ ਨਹੀਂ ਆਉਂਦਾ।

ਕਿਸੇ ਅਣਜਾਣੇ ਦੇਸ ਵਿਚ ਪਹੁੰਚ ਕੇ ਵਿਧਵਾ ਦਾ ਪੁੱਤਰ ਇਧਰ ਉਧਰ ਭਟਕਦਾ ਰਿਹਾ। ਛੇਤੀ ਹੀ ਉਸ ਨੂੰ ਇਕ ਕਿਸਾਨ ਵਿਖਾਈ ਦਿੱਤਾ ਜਿਹੜਾ ਹਲ ਵਾਹ ਰਿਹਾ ਸੀ। ਗਭਰੂ ਨੇ ਉਸ ਨਾਲ ਦੁਆ-ਸਲਾਮ ਕੀਤੀ।

"ਤੂੰ, ਭਰਾਵਾ, ਕਿਥੋਂ ਆਇਆ ਏਂ ਤੇ ਕਿਥੇ ਚੱਲਿਆ ਏਂ?" ਹਾਲੀ ਨੇ ਉਸ ਨੂੰ ਪੁੱਛਿਆ।

"ਮੈਨੂੰ ਆਪ ਨੂੰ ਵੀ ਪਤਾ ਨਹੀਂ ਕਿ ਕਿਧਰ ਜਾ ਰਿਹਾਂ। ਇਹ ਬੜੀ ਲੰਮੀ ਕਹਾਣੀ ਏ। ਇਸ ਨਾਲੋਂ ਚੰਗਾ ਤਾਂ ਇਹ ਹੋਵੇਗਾ ਕਿ ਮੈਂ ਤੇਰਾ ਹਲ ਵਾਹੁੰਦਾ ਹਾਂ ਤੇ ਤੂੰ ਮੈਨੂੰ ਖਾਣ ਲਈ ਕੁਝ ਲਿਆ ਦੇ," ਵਿਧਵਾ ਦੇ ਪੁਤਰ ਨੇ ਆਖਿਆ।

"ਮੈਂ ਤੇਰੇ ਲਈ ਖਾਣਾ ਲਿਆਉਂਦਾ ਹਾਂ, ਪਰ ਤੂੰ ਹਲ ਚੁਪ ਕਰ ਕੇ ਵਾਹੁੰਦਾ ਜਾਈਂ," ਹਾਲੀ ਨੇ ਆਖਿਆ।

"ਚੰਗਾ, ਮੈਂ ਆਪਣਾ ਮੂੰਹ ਵੀ ਨਹੀਂ ਖੋਲ੍ਹਾਂਗਾ," ਗਭਰੂ ਨੇ ਜਵਾਬ ਦਿੱਤਾ।

ਕਿਸਾਨ ਰਜ਼ਾਮੰਦ ਹੋ ਗਿਆ ਤੇ ਖਾਣਾ ਲੈਣ ਵਾਸਤੇ ਚਲਾ ਗਿਆ। ਜਦੋਂ ਉਹ ਦਿਸਣੋਂ ਹਟ ਗਿਆ ਤਾਂ ਗਭਰੂ ਸੋਚਣ ਲੱਗਾ: "ਹਾਲੀ ਨੇ ਮੈਨੂੰ ਚੁੱਪ ਰਹਿਣ ਲਈ ਕਿਉਂ ਆਖਿਆ ਸੀ? ਜੇ ਮੈਂ ਰੌਲਾ ਪਾਵਾਂ ਤਾਂ ਭਲਾ ਕੀ ਹੋਵੇਗਾ?" ਤੇ ਉਹ ਬਲਦਾਂ ਨੂੰ ਹਿਕਦਾ ਹੋਇਆ ਜਾਣ ਬੁਝ ਕੇ ਟਾਹਰਾਂ ਮਾਰਨ ਲੱਗ ਪਿਆ। ਉਸ ਦੀ ਆਵਾਜ਼ ਸੁਣ ਕੇ ਜੰਗਲ ਵਿਚੋਂ ਅਚਾਨਕ ਛੇ ਬਾਘ ਦੌੜਦੇ ਹੋਏ ਨਿਕਲੇ ਤੇ ਮੁੰਡੇ ਵੱਲ ਲਪਕੇ।

"ਹੂੰ, ਇਸੇ ਕਾਰਨ ਕਿਸਾਨ ਨੇ ਮੈਨੂੰ ਰੌਲਾ ਨਾ ਪਾਉਣ ਦੀ ਪੱਕੀ ਕੀਤੀ ਸੀ," ਮੁੰਡੇ ਨੇ ਸੋਚਿਆ ਤੇ ਆਪਣੇ ਵੱਲ ਦੌੜੇ ਆਉਂਦੇ ਪਹਿਲੇ ਦੋ ਬਾਘਾਂ ਨੂੰ ਧੌਣਾਂ ਤੋਂ ਫੜ ਲਿਆ ਤੇ ਉਹਨਾਂ ਦੇ ਮੱਥੇ ਆਪਸ ਵਿਚ ਟਕਰਾਉਣ ਲੱਗਾ। ਬਾਘ ਏਨੇ ਘਬਰਾ ਗਏ ਕਿ ਕੰਬਦੇ ਹੋਏ ਆਪਣੀਆਂ ਪਿਛਲੀਆਂ ਟੰਗਾਂ ਉਤੇ ਲਿਫ ਗਏ। ਬਾਕੀ ਦੇ ਬਾਘ ਜੰਗਲ ਵੱਲ ਦੌੜ ਗਏ।

ਗਭਰੂ ਨੇ ਬੜੇ ਆਰਾਮ ਨਾਲ ਬਲਦਾਂ ਦੀ ਜੋਗ ਖੋਲ੍ਹੀ, ਉਹਨਾਂ ਦੀ ਥਾਂ ਬਾਘਾਂ ਨੂੰ ਜੋੜ ਲਿਆ ਤੇ ਹਲ ਵਾਹੁਣ ਲੱਗ ਪਿਆ। ਉਸ ਨੇ ਕੁਝ-ਕੁ ਘੰਟਿਆਂ ਵਿਚ ਓਨੀ ਜ਼ਮੀਨ ਵਾਹ ਦਿੱਤੀ ਜਿੰਨੀ ਕੁਝ ਦਿਨਾਂ ਵਿਚ ਹੀ ਵਾਹੀ ਜਾ ਸਕਦੀ ਸੀ। ਜਦੋਂ ਕਿਸਾਨ ਵਾਪਸ ਆਇਆ ਤਾਂ ਗਭਰੂ ਤੇ ਬਾਘਾਂ ਵੱਲ ਵੇਖ ਕੇ ਦੰਗ ਰਹਿ ਗਿਆ।

"ਆਗਾ, ਆ ਜਾ, ਡਰ ਨਾ," ਉਸ ਨੂੰ ਵਿਧਵਾ ਦੇ ਪੁਤਰ ਨੇ ਸੱਦਿਆ। ਕਿਸਾਨ ਤ੍ਰਹਿਕਦਾ ਹੋਇਆ ਉਹਨਾਂ ਦੇ ਲਾਗੇ ਗਿਆ।

"ਆਗਾ, ਕੁਝ ਖਾਣ ਨੂੰ ਲਿਆਂਦਾ ਈ?" ਗਭਰੂ ਨੇ ਪੁੱਛਿਆ।

"ਹਾਂ, ਮੈਂ ਤੇਰੇ ਵਾਸਤੇ ਖਾਣਾ ਲਿਆਂਦੈ," ਕਿਸਾਨ ਨੇ ਜਵਾਬ ਦਿੱਤਾ।

"ਮੈਂ ਬਾਘਾਂ ਨੂੰ ਛੱਡ ਦਿਆਂ ਕਿ ਇਹਨਾਂ ਨਾਲ ਹਲ ਵਾਹਵਾਂ?" ਗਭਰੂ ਨੇ ਪੁੱਛਿਆ।

"ਤੂੰ, ਪੁਤਰਾ, ਇਹਨਾਂ ਨੂੰ ਛੱਡ ਦੇ, ਇਹਨਾਂ ਨੂੰ ਇਥੋਂ ਦਫ਼ਾ ਹੋ ਜਾਣ ਦੇ," ਕਿਸਾਨ ਨੇ ਆਖਿਆ।

ਤਦ ਗਭਰੂ ਨੇ ਬਾਘਾਂ ਨੂੰ ਕਿਹਾ:

"ਅੱਗੇ ਤੋਂ ਆਪਣੀ ਸ਼ਕਲ ਇਥੇ ਵਿਖਾਉਣ ਦੀ ਹਿੰਮਤ ਨਾ ਕਰਨਾ। ਕਿਸਾਨ ਭਾਵੇਂ ਕਿੰਨਾ ਵੀ ਰੌਲਾ ਪਾਵੇ ਤੁਸੀਂ ਇਸ ਨੂੰ ਤੰਗ ਬਿਲਕੁਲ ਨਹੀਂ ਕਰਨਾ। ਮੈਂ ਆਪ ਇਥੋਂ ਥੋੜ੍ਹੀ ਦੂਰੀ ਉਤੇ ਰਹਾਂਗਾ, ਤੇ ਜੇ ਤੁਸੀਂ ਫਿਰ ਕਦੀ ਮੇਰੇ ਕਾਬੂ ਆ ਗਏ ਤਾਂ ਮੈਂ ਤੁਹਾਡੀ ਜਾਨ ਕੱਢ ਦਿਆਂਗਾ।"

ਇਹ ਗੱਲ ਕਹਿਣ ਮਗਰੋਂ ਉਸ ਨੇ ਬਾਘਾਂ ਨੂੰ ਖੋਲ੍ਹ ਦਿੱਤਾ ਤੇ ਉਹ ਜਿਧਰ ਨਜ਼ਰ ਗਈ ਉਧਰ ਹੀ ਤੀਰ ਹੋ ਗਏ।

ਗਭਰੂ ਨੇ ਪੇਟ ਭਰ ਕੇ ਖਾਣਾ ਖਾਧਾ ਤੇ ਹਾਲੀ ਨੂੰ ਆਖਿਆ:

"ਖਾਣਾ ਖਵਾਉਣ ਲਈ ਤੇਰੀ ਮਿਹਰਬਾਨੀ, ਆਗਾ। ਹੁਣ ਮੈਂ ਰੱਜ ਕੇ ਖਾ ਲਿਐ ਤੇ ਮੈਨੂੰ ਅੱਗੇ ਜਾਣਾ ਚਾਹੀਦੈ।"

ਕੋਈ ਨਹੀਂ ਜਾਣਦਾ ਕਿ ਉਹ ਕਿੰਨਾ ਚਿਰ ਤੁਰਦਾ ਗਿਆ, ਪਰ ਅੰਤ ਵਿਚ ਉਸ ਨੂੰ ਰਾਹ ਵਿਚ ਇਕ ਖਿੜਿਆ ਹੋਇਆ ਚਿਨਾਰ ਦਾ ਦਰਖ਼ਤ ਵਿਖਾਈ ਦਿੱਤਾ। ਉਹ ਸਾਹ ਲੈਣ ਵਾਸਤੇ ਉਸ ਹੇਠਾਂ ਲੇਟ ਗਿਆ ਤੇ ਅਚਾਨਕ ਹੀ ਚਿਨਾਰ ਉਤੇ ਬੈਠੇ ਪੰਛੀ ਦੇ ਬੋਟਾਂ ਦੀਆਂ ਘਬਰਾਈਆਂ ਆਵਾਜ਼ਾਂ ਆਈਆਂ। "ਉਹ ਕਿਸ ਗੱਲੋਂ ਘਬਰਾ ਰਹੇ ਨੇ?" ਗਭਰੂ ਨੇ ਸੋਚਿਆ। ਉਸ ਨੇ ਸਿਰ ਚੁਕ ਕੇ ਵੇਖਿਆ ਕਿ ਇਕ ਅਜਗਰ ਉਡਦਾ ਆ ਰਿਹਾ ਸੀ। ਗਭਰੂ ਭੁੜਕ ਕੇ ਉੱਠ ਖਲੋਤਾ ਤੇ ਅਜਗਰ ਉਤੇ ਦੋ ਤੀਰ ਚਲਾਏ। ਦੋਵੇਂ ਤੀਰ ਨਿਸ਼ਾਨੇ ਉਤੇ ਵੱਜੇ। ਅਜਗਰ ਚਿਨਾਰ ਤੋਂ ਥੋੜ੍ਹੀ ਵਿੱਥ ਉਤੇ ਡਿਗ ਪਿਆ, ਆਪਣੀ ਪੂਛਲ ਜ਼ਮੀਨ ਉਤੇ ਪਟਕਾਈ ਤੇ ਸਵਾਸ ਤਿਆਗ ਗਿਆ।

ਦੈਂਤ ਦੀ ਅਲਖ ਮੁਕਾ ਕੇ ਗਭਰੂ ਫਿਰ ਲੰਮਾ ਪੈ ਗਿਆ ਤੇ ਗੂੜ੍ਹੀ ਨੀਂਦ ਸੌਂ ਗਿਆ। ਸਿਮਰੁਗ ਪੰਛੀ ਦੇ ਬੋਟ ਆਪਣੇ ਆਲ੍ਹਣੇ ਵਿਚੋਂ ਉੱਡੇ ਤੇ ਗਭਰੂ ਉਪਰ ਹੌਲੀ ਹੌਲੀ ਉੱਡਣ ਲੱਗੇ। ਛੇਤੀ ਹੀ ਸਿਮਰੁਗ ਮਾਂ–ਪੰਛੀ ਵੀ ਆ ਗਈ। ਮਨੁੱਖ ਨੂੰ ਵੇਖ ਕੇ ਉਸ ਨੇ ਫੈਸਲਾ ਕੀਤਾ: "ਇਹ ਹੀ ਹੈ ਜਿਹੜਾ ਹਰ ਸਾਲ ਮੇਰੇ ਬੱਚਿਆਂ ਨੂੰ ਖਾ ਜਾਂਦੈ! ਹੁਣੇ ਮੈਂ ਇਕ ਪੱਥਰ ਲਿਆਉਂਦੀ ਹਾਂ ਤੇ ਇਸ ਜ਼ਾਲਮ ਉਤੇ ਵਗਾਹ ਮਾਰਦੀ ਹਾਂ।" ਮਾਂ–ਪੰਛੀ ਉਸ ਵੇਲੇ ਉੱਡ ਗਈ ਤੇ ਪੱਥਰ ਲਿਆ ਤੇ ਸੁੱਤੇ ਹੋਏ ਗਭਰੂ ਉਤੇ ਸੁੱਟਣ ਹੀ ਵਾਲੀ ਸੀ ਕਿ ਉਸ ਨੂੰ ਆਪਣੇ ਬੋਟਾਂ ਦੀ ਚੀਂ–ਚੀਂ ਸੁਣਾਈ ਦਿੱਤੀ:

"ਮੰਮੀ, ਮੰਮੀ, ਇਸ ਆਦਮੀ ਨੂੰ ਨਾ ਮਾਰ! ਇਸ ਨੇ ਸਾਡੀਆਂ ਜਾਨਾਂ ਬਚਾਈਆਂ ਨੇ। ਤੂੰ ਵੇਖਦੀ ਏਂ ਉਸ ਅਜਗਰ ਨੂੰ? ਉਹ ਸਾਨੂੰ ਖਾਣ ਵਾਸਤੇ ਉੱਡਦਾ ਆ ਰਿਹਾ ਸੀ ਕਿ ਇਸ ਗਭਰੂ ਨੇ ਉਸ ਨੂੰ ਮਾਰ ਮੁਕਾਇਐ।"

ਸਿਮਰੁਗ ਨੇ ਆਪਣੇ ਬੋਟਾਂ ਨੂੰ ਬਚਾਉਣ ਵਾਲੇ ਮਨੁੱਖ ਵੱਲ ਸ਼ੁਕਰਾਨੇ ਦੀ ਭਾਵਨਾ ਨਾਲ ਵੇਖਿਆ ਤੇ ਪੱਥਰ ਨੂੰ ਵਾਪਸ ਪਹਾੜਾਂ ਵਿਚ ਲੈ ਗਈ। ਜਦੋਂ ਉਹ ਵਾਪਸ ਆਈ ਤਾਂ ਆਪਣੇ ਪਰ ਇਸ ਤਰੀਕੇ ਨਾਲ ਪਸਾਰੇ ਕਿ ਸੁੱਤੇ ਹੋਏ ਗਭਰੂ ਉਤੇ ਛਾਂ ਹੋ ਗਈ। ਜਦੋਂ ਵਿਧਵਾ ਦੇ ਪੁਤਰ ਨੂੰ ਜਾਗ ਆਈ ਤਾਂ ਉਸ ਨੇ ਵੇਖਿਆ ਕਿ ਉਸ ਦੇ ਲਾਗੇ ਸਿਮਰੁਗ ਪੰਛੀ ਦੇ ਬੋਟ ਉਡ ਰਹੇ ਸਨ ਤੇ ਉਹਨਾਂ ਦੀ ਮਾਂ ਨੇ ਆਪਣੇ ਪਰਾਂ ਨਾਲ ਉਸ ਉਤੇ ਛਾਂ ਕੀਤੀ ਹੋਈ ਸੀ। ਇਹ ਨਜ਼ਾਰਾ ਵੇਖ ਕੇ ਗਭਰੂ ਨੂੰ ਬੜੀ ਹੈਰਾਨੀ ਹੋਈ।

"ਹੇ ਮਨੁੱਖ, ਤੂੰ ਹੈਰਾਨ ਨਾ ਹੋ ਤੇ ਨਾ ਹੀ ਕੋਈ ਚਿੰਤਾ ਕਰ। ਤੂੰ ਉਸ ਅਜਗਰ ਨੂੰ ਮਾਰ ਮੁਕਾਇਆ ਏ, ਜਿਹੜਾ ਹਰ ਸਾਲ ਮੇਰੇ ਬੱਚਿਆਂ ਨੂੰ ਖਾ ਜਾਂਦਾ ਸੀ, ਪਰ ਮੈਨੂੰ ਇਸ ਗੱਲ ਦਾ ਪਤਾ ਨਹੀਂ ਸੀ। ਹੁਣ ਮੈਂ ਸਭ ਜਾਣ ਗਈ ਹਾਂ। ਇਸ ਅਜਗਰ ਕਾਰਨ ਮੇਰਾ ਅਜੇ ਤਕ ਕੋਈ ਵੀ ਬੱਚਾ ਬਚਦਾ ਨਹੀਂ ਸੀ। ਤੂੰ ਮੇਰੇ ਵੈਰੀ ਦੀ ਅਲਖ ਮੁਕਾ ਦਿੱਤੀ ਏ ਤੇ ਮੈਂ ਭਾਵੇਂ ਤੇਰੇ ਲਈ ਕਿੰਨੀਆਂ ਵੀ ਨੇਕੀਆਂ ਕਰਾਂ ਤੇਰਾ ਅਹਿਸਾਨ ਨਹੀਂ ਲਾਹਿਆ ਜਾ ਸਕਦਾ," ਪੰਛੀ ਨੇ ਆਖਿਆ।


"ਮੈਂ ਤੇਰੇ ਪਰਾਂ ਦੀ ਛਾਂ ਹੇਠਾਂ ਚੰਗੀ ਤਰ੍ਹਾਂ ਆਰਾਮ ਕਰ ਲਿਐ," ਗਭਰੂ ਨੇ ਆਖਿਆ। "ਤੇ ਹੁਣ, ਜੇ ਤੂੰ ਆਗਿਆ ਦੇਵੇਂ, ਮੈਨੂੰ ਅੱਗੇ ਚੱਲਣਾ ਚਾਹੀਦੈ।"

"ਪਰ ਪਹਿਲਾਂ ਇਹ ਦੱਸ ਕਿ ਮੈਂ ਤੇਰੀ ਕੀ ਮਦਦ ਕਰ ਸਕਦੀ ਹਾਂ?" ਸਿਮਰੁਗ ਨੇ ਪੁੱਛਿਆ।

"ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ," ਵਿਧਵਾ ਦੇ ਪੁਤਰ ਨੇ ਜਵਾਬ ਦਿੱਤਾ।

ਸਿਮਰੁਗ ਨੇ ਆਪਣੇ ਪਰ ਵਿਚੋਂ ਦੋ ਖੰਭ ਪੁੱਟੇ ਤੇ ਆਖਿਆ:

"ਲੈ, ਮੇਰੇ ਦੋ ਖੰਭ ਲੈ ਜਾ ਤੇ ਇਹਨਾਂ ਨੂੰ ਆਪਣੇ ਕੋਲ ਚੰਗੀ ਤਰ੍ਹਾਂ ਲੁਕਾ ਲੈ। ਜਦੋਂ ਤੇਰੇ ਉਤੇ ਕੋਈ ਮੁਸੀਬਤ ਆਵੇ ਤਾਂ ਇਕ ਖੰਭ ਸਾੜ ਦਈਂ ਤੇ ਮੈਂ ਉਸੇ ਵੇਲੇ ਤੇਰੀ ਸਹਾਇਤਾ ਲਈ ਬਹੁੜਾਂਗੀ।"



ਵਿਧਵਾ ਦੇ ਪੁਤਰ ਨੇ ਸਿਮਰੁਗ ਪੰਛੀ ਕੋਲੋਂ ਵਿਦਾਈ ਲਈ ਤੇ ਅਗਲੇਰੇ ਸਫ਼ਰ 'ਤੇ ਤੁਰ ਪਿਆ। ਕੋਈ ਨਹੀਂ ਜਾਣਦਾ ਕਿ ਉਹ ਕਿੰਨੀ-ਕੁ ਦੇਰ ਤਕ ਤੁਰਦਾ ਗਿਆ, ਪਰ ਅੰਤ ਵਿਚ ਉਹ ਇਕ ਸ਼ਹਿਰ ਵਿਚ ਪਹੁੰਚ ਗਿਆ। ਉਸ ਨੇ ਇਕ ਗ਼ਰੀਬ ਆਦਮੀ ਦੇ ਘਰ ਠਹਿਰਾਓ ਕੀਤਾ। ਉਥੇ ਰਹਿੰਦਿਆਂ ਗਭਰੂ ਨੇ ਵੇਖਿਆ ਕਿ ਉਸ ਸ਼ਹਿਰ ਦੇ ਵਸਨੀਕ ਹਰ ਵੇਲੇ ਮਾਤਮੀ ਵਸਤਰ ਪਾਈ ਰਖਦੇ ਸਨ। ਇਸ ਲਈ, ਗਭਰੂ ਨੇ ਘਰ ਦੇ ਮਾਲਕ ਨੂੰ ਪੁੱਛਿਆ:

"ਤੁਹਾਡੇ ਸ਼ਹਿਰ ਦੇ ਸਾਰੇ ਵਸਨੀਕ ਕਾਲੇ ਕਪੜੇ ਕਿਉਂ ਪਾਈ ਰਖਦੇ ਨੇ?"

"ਓਇ ਭਰਾਵਾ, ਸਾਡੇ ਉਤੇ ਭਾਰੀ ਮੁਸੀਬਤ ਆ ਪਈ ਏ," ਗ਼ਰੀਬ ਆਦਮੀ ਨੇ ਆਖਿਆ। "ਸਾਡੇ ਸ਼ਹਿਰ ਦੇ ਵਿਚੋਂ ਦੀ ਇਕ ਦਰਿਆ ਵਗਦਾ ਹੁੰਦਾ ਸੀ। ਪਰ ਹੁਣ ਇਸ ਦਰਿਆ ਦੇ ਸੋਮੇ ਲਾਗੇ ਇਕ ਅਜਗਰ ਲੇਟਿਆ ਹੋਇਐ। ਉਸ ਦੀ ਸ਼ਰਤ ਇਹ ਸੀ ਕਿ ਹਰ ਰੋਜ਼ ਉਸ ਦੇ ਖਾਣ ਵਾਸਤੇ ਇਕ ਕੁੜੀ ਚੜ੍ਹਾਈ ਜਾਵੇ। ਜਦੋਂ ਤਕ ਅਜਗਰ ਨੂੰ ਹਰ ਰੋਜ਼ ਇਕ ਕੁੜੀ ਖਾਣ ਲਈ ਮਿਲ ਜਾਂਦੀ ਰਹੀ ਤਾਂ ਦਰਿਆ ਵਗਦਾ ਰਿਹਾ, ਪਰ ਹੁਣ ਉਸ ਨੇ ਸਾਡੇ ਸ਼ਹਿਰ ਦੀਆਂ ਸਾਰੀਆਂ ਕੁੜੀਆਂ ਖਾ ਲਈਆਂ ਨੇ, ਬੱਸ ਇਕੋ ਕੁੜੀ—ਬਾਦਸ਼ਾਹ ਦੀ ਧੀ—ਬਚੀ ਰਹਿ ਗਈ ਏ। ਉਸ ਨੂੰ ਵੀ ਭਲਕੇ ਅਜਗਰ ਨੇ ਖਾ ਜਾਣਾ ਏ। ਇਸ ਵਾਸਤੇ ਸਾਰੀ ਖ਼ਲਕਤ ਨੇ ਮਾਤਮੀ ਵਸਤਰ ਪਾਏ ਹੋਏ ਨੇ।"

"ਇਹ ਅਜਗਰ ਕਿੱਥੇ ਰਹਿੰਦੈ?" ਮੁੰਡੇ ਨੇ ਪੁੱਛਿਆ।

"ਜੇ ਇਸ ਦਰਿਆ ਦੇ ਉਤਾੜ ਵੱਲ ਤੁਰਦੇ ਜਾਈਏ ਤਾਂ ਸ਼ਹਿਰ ਦੇ ਸਿਰੇ ਉਤੇ ਅਜਗਰ ਨਾਲ ਟਾਕਰਾ ਹੋਵੇਗਾ," ਘਰ ਦੇ ਮਾਲਕ ਨੇ ਆਖਿਆ।

ਅਗਲੇ ਦਿਨ ਸਵੇਰੇ ਸਵਖ਼ਤੇ ਵਿਧਵਾ ਦੇ ਪੁਤਰ ਨੇ ਹਥਿਆਰ ਫੜੇ ਤੇ ਦੱਸੀ ਹੋਈ ਥਾਂ ਵੱਲ ਤੁਰ ਪਿਆ। ਕੁਝ ਸਮੇਂ ਬਾਅਦ ਉਹ ਦਰਿਆ ਦੇ ਸੋਮੇ ਤਕ ਪਹੁੰਚ ਗਿਆ ਤੇ ਉਥੇ ਉਸ ਨੂੰ ਇਕ ਵਿਸ਼ਾਲ ਅਜਗਰ ਵਿਖਾਈ ਦਿੱਤਾ। ਗਭਰੂ ਨੇ ਦੈਂਤ ਦੇ ਕੁਝ ਨੇੜੇ ਹੋ ਕੇ ਤੀਰ ਚਲਾ ਦਿੱਤੇ ਤੇ ਫਿਰ ਦੌੜ ਕੇ ਉਸ ਦੇ ਐਨ ਲਾਗੇ ਪਹੁੰਚ ਗਿਆ ਤੇ ਖੜਗ ਨਾਲ ਉਸ ਦਾ ਸਿਰ ਵੱਢ ਦਿੱਤਾ। ਸ਼ਹਿਰ ਵੱਲ ਜਾਂਦਾ ਪਾਣੀ ਅਜਗਰ ਦੇ ਲਹੂ ਨਾਲ ਲਾਲ ਹੋ ਗਿਆ। ਗਭਰੂ ਨੇ ਅਜਗਰ ਦੇ ਪਿੰਡੇ ਨਾਲੋਂ ਖਲੜੀ ਦਾ ਇਕ ਟੁਕੜਾ ਕੱਟਿਆ ਤੇ ਉਸ ਘਰ ਮੁੜ ਗਿਆ ਜਿਸ ਵਿਚ ਉਹ ਠਹਿਰਿਆ ਹੋਇਆ ਸੀ।

ਜਿਉਂ ਹੀ ਸ਼ਹਿਰ-ਵਾਸੀਆਂ ਨੇ ਲਹੂ ਰੰਗਿਆ ਪਾਣੀ ਵੇਖਿਆ ਤਾਂ ਸਮਝ ਲਿਆ ਕਿ ਕਿਸੇ ਨੇ ਅਜਗਰ ਨੂੰ ਮਾਰ ਦਿੱਤਾ ਸੀ। ਇਹ ਖ਼ਬਰ ਸੁਣਾਉਣ ਲਈ ਉਹ ਦੌੜਦੇ ਦੌੜਦੇ ਬਾਦਸ਼ਾਹ ਕੋਲ ਗਏ।

ਅਗਲੇ ਦਿਨ ਬਾਦਸ਼ਾਹ ਨੇ ਢੰਡੋਰਾ ਪਿਟਵਾ ਦਿੱਤਾ: "ਜਿਸ ਨੇ ਅਜਗਰ ਮਾਰਿਆ ਹੈ ਉਹ ਮੇਰੇ ਕੋਲ ਆਵੇ, ਮੈਂ ਉਸ ਨਾਲ ਆਪਣੀ ਧੀ ਵਿਆਹ ਦਿਆਂਗਾ।"

ਲੋਕਾਂ ਨੇ ਆਪਣੀਆਂ ਸੋਚਾਂ ਦੇ ਬੜੇ ਹੀ ਘੋੜੇ ਦੌੜਾਏ ਕਿ ਕਿਸ ਨੇ ਅਜਗਰ ਨੂੰ ਮਾਰ ਮੁਕਾਇਆ ਸੀ, ਪਰ ਉਹ ਪਤਾ ਨਾ ਲਾ ਸਕੇ। ਕੁਝ ਸਮਾਂ ਪਾ ਕੇ ਬਾਦਸ਼ਾਹ ਕੋਲ ਗ਼ਰੀਬ ਆਦਮੀ ਆਇਆ।

"ਹੇ ਜਹਾਂ-ਪਨਾਹ," ਉਸ ਨੇ ਆਖਿਆ। "ਮੇਰੇ ਘਰ ਇਕ ਮਹਿਮਾਨ ਆਇਆ ਹੋਇਐ। ਹੋ ਸਕਦੈ ਕਿ ਉਸ ਨੇ ਹੀ ਅਜਗਰ ਦੀ ਜਾਨ ਕੱਢੀ ਹੋਵੇ।"

"ਜਾਓ ਤੇ ਇਸ ਆਦਮੀ ਨੂੰ ਲੈ ਕੇ ਆਓ," ਬਾਦਸ਼ਾਹ ਨੇ ਆਪਣੇ ਅਹਿਲਕਾਰਾਂ ਨੂੰ ਹੁਕਮ ਸੁਣਾਇਆ।

ਜਦੋਂ ਵਿਧਵਾ ਦੇ ਪੁਤਰ ਨੂੰ ਮਹਿਲ ਵਿਚ ਲਿਆਂਦਾ ਗਿਆ ਤਾਂ ਬਾਦਸ਼ਾਹ ਨੇ ਉਸ ਦਾ ਨਿੱਘਾ ਸਵਾਗਤ ਕੀਤਾ ਤੇ ਪੁੱਛਿਆ:

"ਪੁਤਰਾ, ਅਜਗਰ ਨੂੰ ਕਿਤੇ ਤੂੰ ਹੀ ਤਾਂ ਨਹੀਂ ਮਾਰਿਆ?"

"ਹਾਂ, ਜਹਾਂ-ਪਨਾਹ, ਹੁਣ ਤੁਸੀਂ ਇਸ ਦੈਂਤ ਤੋਂ ਮੁਕਤ ਹੋ ਗਏ ਹੋ। ਮੈਂ ਹੀ ਉਸ ਨੂੰ ਮਾਰਿਆ ਏ।"

"ਜੇ ਇਹ ਗੱਲ ਏ ਤਾਂ ਇਸ ਦਾ ਸਬੂਤ ਕੀ ਏ?" ਬਾਦਸ਼ਾਹ ਨੇ ਪੁੱਛਿਆ।

ਗਭਰੂ ਨੇ ਆਪਣੀ ਬਗ਼ਲ ਵਿਚੋਂ ਅਜਗਰ ਦੀ ਖਲੜੀ ਦਾ ਟੋਟਾ ਕੱਢਿਆ ਤੇ ਬਾਦਸ਼ਾਹ ਦੇ ਸਾਮ੍ਹਣੇ ਰਖ ਦਿੱਤਾ। ਇਹ ਵੇਖ ਕੇ ਬਾਦਸ਼ਾਹ ਅਸ਼ ਅਸ਼ ਕਰ ਉਠਿਆ:

"ਹੁਣ ਮੈਨੂੰ ਯਕੀਨ ਹੋ ਗਿਐ ਕਿ ਤੂੰ ਸਚਮੁੱਚ ਹੀ ਬੜਾ ਸੂਰਮਾ ਏਂ! ਤੂੰ ਸਾਡੀ ਖ਼ਾਤਰ ਬੜਾ ਵੱਡਾ ਕੰਮ ਕੀਤੈ। ਇਸ ਲਈ, ਮੈਂ ਆਪਣੀ ਧੀ ਦਾ ਵਿਆਹ ਤੇਰੇ ਨਾਲ ਕਰਨਾ ਚਾਹੁੰਦਾ ਹਾਂ।"

"ਹੇ ਮੇਰੇ ਬਾਦਸ਼ਾਹ, ਮੈਂ ਐਸਾ ਕੁਝ ਵੀ ਨਹੀਂ ਕੀਤਾ ਕਿ ਤੁਹਾਡੀ ਧੀ ਨਾਲ ਵਿਆਹ ਕਰਾ ਲਵਾਂ। ਮੈਂ ਤਾਂ ਜਿੰਨੀ-ਕੁ ਸਹਾਇਤਾ ਕਰ ਸਕਦਾ ਸਾਂ, ਕੀਤੀ ਏ। ਇਸ ਤੋਂ ਇਲਾਵਾ, ਇਹ ਵੀ ਹੋ ਸਕਦੈ ਕਿ ਤੁਹਾਡੀ ਧੀ ਕਿਸੇ ਹੋਰ ਨੂੰ ਚਾਹੁੰਦੀ ਹੋਵੇ," ਗਭਰੂ ਨੇ ਜਵਾਬ ਦਿੱਤਾ।

"ਉਹਨੂੰ ਹੋਰ ਕਿਸੇ ਨਾਲ ਵੀ ਮੋਹ ਨਹੀਂ, ਤੇ ਜੇ ਹੋਵੇ ਵੀ ਤਾਂ ਵੀ ਜਿਹੜਾ ਕੰਮ ਤੂੰ ਕੀਤੈ ਉਹਦੇ ਬਦਲੇ ਅਸੀਂ ਆਪਣੀ ਧੀ ਤੇਰੇ ਹਵਾਲੇ ਕਰਦੇ ਹਾਂ," ਬਾਦਸ਼ਾਹ ਨੇ ਆਖਿਆ।

"ਪਰ ਮੈਂ ਕਿਸੇ ਹੋਰ ਕੁੜੀ ਨੂੰ ਪਿਆਰ ਕਰਦਾ ਹਾਂ," ਮੁੰਡੇ ਨੇ ਜਵਾਬ ਦਿੱਤਾ ਤੇ ਬਾਦਸ਼ਾਹ ਨੂੰ ਸਾਰੀ ਗੱਲ ਦੱਸ ਦਿੱਤੀ ਕਿ ਕਿਵੇਂ ਉਹ ਪਰੀ ਨੂੰ ਮਿਲਿਆ ਸੀ ਤੇ ਫਿਰ ਉਹਨਾਂ ਨੂੰ ਵਿਛੋੜ ਦਿੱਤਾ ਗਿਆ ਸੀ। ਉਸ ਨੇ ਇਹ ਵੀ ਕਿਹਾ ਕਿ ਪਰੀ ਨੂੰ ਮਿਲਣ ਦੀ ਉਸ ਨੂੰ ਡਾਢੀ ਤਾਂਘ ਸੀ। ਉਸ ਨੇ ਬਾਦਸ਼ਾਹ ਕੋਲੋਂ ਇਸ ਕੰਮ ਵਿਚ ਸਹਾਇਤਾ ਮੰਗੀ।

"ਚੰਗਾ ਪੁਤਰਾ, ਅਸੀਂ ਤੇਰੇ ਨਾਲ ਇੰਜ ਤਹਿ ਕਰਦੇ ਹਾਂ: ਮੈਂ ਤੈਨੂੰ ਆਪਣਾ ਸਕਾ ਪੁਤਰ ਸਮਝਾਂਗਾ ਤੇ ਤੂੰ ਮੈਨੂੰ ਆਪਣਾ ਸਕਾ ਪਿਤਾ ਸਮਝੇਂਗਾ। ਮੇਰਾ ਕੋਈ ਪੁਤਰ ਨਹੀਂ ਏ, ਇਕੱਲੀ ਧੀ ਹੀ ਏ। ਪਰ ਹੁਣ ਮੇਰੇ ਕੋਲ ਪੁਤਰ ਵੀ ਹੋਵੇਗਾ ਤੇ ਧੀ ਵੀ," ਬਾਦਸ਼ਾਹ ਨੇ ਆਖਿਆ।

"ਠੀਕ ਏ, ਮੈਂ ਤੁਹਾਡਾ ਪੁਤਰ ਬਣ ਜਾਂਦਾ ਹਾਂ, ਮੇਰਾ ਵੀ ਪਿਤਾ ਨਹੀਂ ਹੈ, ਕੇਵਲ ਬੁਢੜੀ ਮਾਂ ਹੀ ਏ," ਗਭਰੂ ਨੇ ਜਵਾਬ ਦਿੱਤਾ।

ਇਸ ਤੋਂ ਬਾਅਦ ਬਾਦਸ਼ਾਹ ਮੁੰਡੇ ਨੂੰ ਆਪਣੇ ਮਹਿਲ ਵਿਚ ਲੈ ਗਿਆ। ਵਿਧਵਾ ਦਾ ਪੁਤਰ ਸ਼ਹਿਜ਼ਾਦਾ ਬਣ ਗਿਆ ਤੇ ਖੇਡਾਂ ਖੇਡਣ ਤੇ ਸ਼ਿਕਾਰ ਕਰਨ ਵਿਚ ਰੁਝਾ ਰਹਿਣ ਲੱਗ ਪਿਆ।

ਇਕ ਵਾਰੀ ਸ਼ਹਿਜ਼ਾਦਾ ਲੇਟਿਆ ਹੋਇਆ ਆਰਾਮ ਕਰ ਰਿਹਾ ਸੀ ਕਿ ਉਸ ਨੂੰ ਸਿਮਰੁਗ ਪੰਛੀ ਦਾ ਚੇਤਾ ਆ ਗਿਆ। ਸਵੇਰੇ ਉਸ ਨੇ ਇਸ ਬਾਰੇ ਆਪਣੇ ਪਿਤਾ ਨੂੰ ਦੱਸ ਦਿੱਤਾ ਅਤੇ ਖੰਭ ਨੂੰ ਅਜੇ ਅੱਗ ਲਾਈ ਹੀ ਸੀ ਕਿ ਸਿਮਰੁਗ ਉਡਦੀ ਉਡਦੀ ਉਹਨਾਂ ਦੇ ਸਾਮ੍ਹਣੇ ਆ ਗਈ।

"ਮੈਂ ਇਸ ਮੁਲਕ ਵਿਚ ਆ ਗਿਆ ਹਾਂ, ਮੇਰੀ ਜ਼ਿੰਦਗੀ ਇਥੇ ਠੀਕ ਠੀਕ ਬਤੀਤ ਹੋ ਰਹੀ ਏ, ਪਰ ਮੈਂ ਆਪਣੀ ਮਾਂ ਨੂੰ ਮਿਲਣਾ ਚਾਹੁੰਦਾ ਹਾਂ। ਕੀ ਤੂੰ ਮੇਰੀ ਸਹਾਇਤਾ ਨਹੀਂ ਕਰ ਸਕਦੀ?" ਉਸ ਨੇ ਪੁੱਛਿਆ।

"ਮੈਂ ਸਭ ਕੁਝ ਕਰ ਸਕਦੀ ਹਾਂ," ਸਿਮਰੁਗ ਨੇ ਆਖਿਆ। "ਤੂੰ ਬਸ ਏਨਾ ਕੰਮ ਕਰੀਂ ਕਿ ਸੱਤ ਬਲਦਾਂ ਦੀਆਂ ਖੱਲਾਂ ਲਾਹ ਕੇ ਉਹਨਾਂ ਵਿਚ ਪਾਣੀ ਤੇ ਗੋਸ਼ਤ ਭਰ ਦੇਵੀਂ। ਜਦੋਂ ਅਸੀਂ ਉਡਦੇ ਜਾਵਾਂਗੇ ਤਾਂ ਮੈਂ ਗੋਸ਼ਤ ਮੰਗਾਂਗੀ ਪਰ ਤੂੰ ਮੈਨੂੰ ਪਾਣੀ ਦੇਵੀਂ, ਤੇ ਜੇ ਪਾਣੀ ਮੰਗਾਂਗੀ ਤਾਂ ਗੋਸ਼ਤ ਦੇਵੀਂ।"

ਗਭਰੂ ਨੇ ਉਵੇਂ ਹੀ ਕੀਤਾ ਜਿਵੇਂ ਸਿਮਰੁਗ ਨੇ ਆਖਿਆ ਸੀ ਤੇ ਆਪਣੇ ਪਿਤਾ ਕੋਲ ਚਲਿਆ ਗਿਆ।

"ਪਿਤਾ ਜੀ, ਮੈਂ ਸਿਮਰੁਗ ਪੰਛੀ ਉਤੇ ਸਵਾਰ ਹੋ ਕੇ ਆਪਣੇ ਵਤਨ ਜਾਣਾ ਚਾਹੁੰਦਾ ਹਾਂ ਤਾਂ ਜੋ ਉਥੋਂ

ਆਪਣੀ ਮਾਂ ਤੇ ਪਰੀ ਨੂੰ ਇਥੇ ਲਿਆ ਸਕਾਂ, ਤੇ ਇਸ ਤੋਂ ਇਲਾਵਾ, ਮੈਂ ਬਾਈ ਤੇ ਸੌਦਾਗਰ ਦੇ ਮੁੰਡਿਆਂ ਕੋਲੋਂ ਬਦਲਾ ਵੀ ਲੈਣਾ ਚਾਹੁੰਦਾ ਹਾਂ। ਤੁਸੀਂ ਮੈਨੂੰ ਕੁਝ ਦਿਨਾਂ ਲਈ ਛੁਟੀ ਦੇ ਦੇਵੋ," ਮੁੰਡੇ ਨੇ ਕਿਹਾ।

ਬਾਦਸ਼ਾਹ ਨੇ ਉਸ ਨੂੰ ਸਿਮਰੁਗ ਪੰਛੀ ਉਤੇ ਬਿਠਾਇਆ ਤੇ ਸ਼ੁਭ-ਕਾਮਨਾਵਾਂ ਦਿੱਤੀਆਂ। ਸਿਮਰੁਗ ਅਸਮਾਨ ਵਿਚ ਉੱਚਾ ਉਡਣ ਲੱਗੀ ਤੇ ਦੁਰੇਡੇ ਇਲਾਕਿਆਂ ਵੱਲ ਵਧਣ ਲੱਗੀ।

ਰਾਹ ਵਿਚ ਜਦੋਂ ਸਿਮਰੁਗ ਨੇ ਗਭਰੂ ਕੋਲੋਂ ਗੋਸ਼ਤ ਮੰਗਿਆ ਤਾਂ ਉਸ ਨੇ ਪਾਣੀ ਦਿੱਤਾ, ਪਰ ਜਦੋਂ ਪਾਣੀ ਮੰਗਿਆ ਤਾਂ ਗੋਸ਼ਤ ਦਿੱਤਾ।

ਇਕ ਵਾਰੀ ਜਦੋਂ ਸਿਮਰੁਗ ਨੇ ਪਾਣੀ ਮੰਗਿਆ ਤਾਂ ਗਭਰੂ ਨੇ ਉਸ ਨੂੰ ਗੋਸ਼ਤ ਦੇਣਾ ਚਾਹਿਆ, ਪਰ ਉਸ ਨੇ ਵੇਖਿਆ ਕਿ ਗੋਸ਼ਤ ਤਾਂ ਮੁਕ ਗਿਆ ਸੀ। ਤਦ ਉਸ ਨੇ ਆਪਣੀ ਲੱਤ ਨਾਲੋਂ ਮਾਸ ਦੀ ਬੋਟੀ ਲਾਹੀ ਪਰ 'ਸੀ' ਤਕ ਨਾ ਕੀਤੀ। "ਇਹ ਗੋਸ਼ਤ ਤਾਂ ਬੇਹਦ ਸਵਾਦੀ ਏ," ਸਿਮਰੁਗ ਨੇ ਸੋਚਿਆ ਤੇ ਉਸ ਨੂੰ ਜੀਭ ਹੇਠਾਂ ਰਖ ਲਿਆ, ਪਰ ਨਿਗਲਿਆ ਨਾ। ਕੁਝ ਚਿਰ ਮਗਰੋਂ ਉਹ ਇਕ ਪਹਾੜ ਦੀ ਟੀਸੀ ਉਤੇ ਬੈਠ ਗਈ ਤੇ ਆਖਿਆ:

"ਔਹ, ਪਿੰਡ ਦੇ ਬਾਹਰਵਾਰ ਇਕ ਕਿਬੀਤਕਾ ਵੇਖਦਾ ਏਂ? ਇਹ ਤੇਰੀ ਮਾਂ ਦਾ ਕਿਬੀਤਕਾ ਏ, ਤੂੰ ਉਥੇ ਚਲਿਆ ਜਾ।"

ਸਿਮਰੁਗ ਨੇ ਉਸ ਨੂੰ ਹੋਰ ਚਾਰ ਖੰਭ ਦਿੱਤੇ ਤੇ ਸਮਝਾਇਆ: "ਜੇ ਤੂੰ ਇਹ ਖੰਭ ਆਪਣੀ ਗੱਲ੍ਹ ਉਤੇ ਫੇਰੇਂਗਾ ਤਾਂ ਤੈਨੂੰ ਚਿੱਟੀ ਦਾੜ੍ਹੀ ਉਤਰੇਗੀ, ਜੇ ਇਹ ਫੇਰੇਂਗਾ ਤਾਂ ਮੁੜ ਜਵਾਨ ਹੋ ਜਾਵੇਂਗਾ। ਤੇਰੀ ਮਾਂ ਅੰਨ੍ਹੀ ਹੋ ਚੁੱਕੀ ਏ। ਜੇ ਉਸ ਦੀਆਂ ਅੱਖਾਂ ਉਤੇ ਇਹ ਖੰਭ ਫੇਰੇਂਗਾ ਤਾਂ ਉਹ ਮੁੜ ਸੁਜਾਖੀ ਹੋ ਜਾਵੇਗੀ। ਤੇ ਆਖਰੀ ਖੰਭ ਨੂੰ ਓਦੋਂ ਸਾੜੀਂ ਜਦੋਂ ਤੈਨੂੰ ਮੇਰੀ ਲੋੜ ਪਵੇ।"

ਗਭਰੂ ਨੇ ਸਿਮਰੁਗ ਨੂੰ ਅਲਵਿਦਾ ਕਹੀ ਤੇ ਉਹ ਜਾਣ ਹੀ ਲੱਗਾ ਸੀ। ਪਰ ਉਸ ਦੀ ਲੱਤ ਏਨੀ ਪੀੜ ਕਰ ਰਹੀ ਸੀ ਕਿ ਉਹ ਇਕ ਵੀ ਕਦਮ ਨਾ ਪੁਟ ਸਕਿਆ। ਤਦ ਸਿਮਰੁਗ ਉਸ ਦੇ ਲਾਗੇ ਆਈ ਤੇ ਆਪਣੀ ਜੀਭ ਹੇਠੋਂ ਮਾਸ ਦਾ ਟੁਕੜਾ ਕੱਢ ਕੇ ਜ਼ਖ਼ਮ ਵਾਲੀ ਥਾਂ ਉਤੇ ਲਾ ਦਿੱਤਾ। ਹੁਣ ਮੁੰਡੇ ਦੀ ਲੱਤ ਪੀੜ ਕਰਨੋਂ ਹਟ ਗਈ ਸੀ ਤੇ ਉਹ ਆਪਣੀ ਮਾਂ ਦੇ ਕਿਬੀਤਕਾ ਵੱਲ ਤੁਰ ਪਿਆ। ਉਸ ਨੇ ਆਪਣੀ ਗੱਲ੍ਹ ਉਤੇ ਇਕ ਖੰਭ ਫੇਰਿਆ ਤਾਂ ਉਸ ਨੂੰ ਚਿੱਟੀ ਦਾੜ੍ਹੀ ਉਤਰ ਆਈ। ਜਦੋਂ ਉਹ ਕਿਬੀਤਕਾ ਵਿਚ ਦਾਖ਼ਲ ਹੋਇਆ ਤਾਂ ਮਾਂ ਉਸ ਨੂੰ ਪਛਾਣ ਨਾ ਸਕੀ। ਪੁਤਰ ਨੇ ਉਸੇ ਵੇਲੇ ਇਕ ਹੋਰ ਖੰਭ ਕੱਢਿਆ ਤੇ ਮਾਂ ਦੀਆਂ ਅੱਖਾਂ ਉਤੇ ਫੇਰ ਦਿੱਤਾ। ਉਹ ਉਸੇ ਵੇਲੇ ਸੁਜਾਖੀ ਹੋ ਗਈ। ਬੁਢੜੀ ਨੇ ਉਸ ਦਾ ਧੰਨਵਾਦ ਕੀਤਾ ਤੇ ਆਪਣੇ ਗੁੰਮ ਹੋ ਚੁਕੇ ਪੁਤਰ ਦੀਆਂ ਗੱਲਾਂ ਸੁਣਾਉਣ ਲੱਗ ਪਈ।

"ਜੇ ਤੈਨੂੰ ਆਪਣਾ ਪੁਤਰ ਨਜ਼ਰ ਆ ਜਾਵੇ ਤਾਂ ਕੀ ਤੂੰ ਉਸ ਨੂੰ ਪਛਾਣ ਲਏਂਗੀ?" ਮੁੰਡੇ ਨੇ ਪੁੱਛਿਆ।

"ਕਿਉਂ ਨਹੀਂ, ਮੈਂ ਪਛਾਣਾਂਗੀ ਆਪਣੇ ਲੇਲੜੇ ਨੂੰ," ਉਸ ਨੇ ਜਵਾਬ ਦਿੱਤਾ।

ਇਸ ਮਗਰੋਂ ਗਭਰੂ ਕਿਬੀਤਕਾ ਵਿਚੋਂ ਬਾਹਰ ਨਿਕਲਿਆ ਤੇ ਇਕ ਹੋਰ ਖੰਭ ਆਪਣੀਆਂ ਗੱਲ੍ਹਾਂ ਉਤੇ ਫੇਰਿਆ ਤੇ ਫਿਰ ਪਹਿਲਾਂ ਵਾਲਾ ਰੂਪ ਧਾਰ ਕੇ ਘਰ ਦੇ ਅੰਦਰ ਆਇਆ।

"ਮੇਰਾ ਬੇਟਾ, ਇਹ ਤੂੰ ਹੀ ਏਂ!" ਮਾਂ ਖ਼ੁਸ਼ੀ ਨਾਲ ਕੂਕੀ ਤੇ ਪੁਤਰ ਦੀਆਂ ਬਾਹਵਾਂ ਵਿਚ ਜਾ ਪਈ। ਫਿਰ ਉਸ ਨੇ ਬਾਈ ਤੇ ਸੌਦਾਗਰ ਦੇ ਪੁਤਰਾਂ ਤੇ ਪਰੀ ਨਾਲ ਹੋਈ-ਬੀਤੀ ਸੁਣਾਈ।

"ਮਾਂ, ਮੈਂ ਛੇਤੀ ਹੀ ਮੁੜ ਆਵਾਂਗਾ," ਸਾਰੀ ਗੱਲ ਸੁਣ ਕੇ ਪੁਤਰ ਨੇ ਆਖਿਆ ਤੇ ਆਪਣੇ ਨਾਲ ਤਲਵਾਰ ਲੈ ਕੇ ਚਲਾ ਗਿਆ। ਉਸ ਨੇ ਬਾਈ ਤੇ ਸੌਦਾਗਰ ਦੇ ਪੁਤਰਾਂ ਕੋਲੋਂ ਬਦਲਾ ਲਿਆ ਤੇ ਦਿਓ

ਦੇ ਖ਼ਜ਼ਾਨੇ ਦਾ ਮਾਲਕ ਬਣ ਗਿਆ ਤੇ ਪਰੀ ਨਾਲ ਵਿਆਹ ਕਰ ਲਿਆ। ਜਦੋਂ ਗਭਰੂ ਦੁਬਾਰਾ ਆਪਣੀ ਮਾਂ ਕੋਲ ਆਇਆ ਤਾਂ ਉਸ ਨੇ ਸਿਮਰੁਗ ਦਾ ਆਖ਼ਰੀ ਖੰਭ ਵੀ ਸਾੜ ਦਿੱਤਾ। ਛੇਤੀ ਹੀ ਸਿਮਰੁਗ ਉਹਦੇ ਕੋਲ ਆਈ। ਗਭਰੂ ਨੇ ਉਸ ਉਤੇ ਦਿਓ ਵਾਲਾ ਖ਼ਜ਼ਾਨਾ ਲੱਦ ਦਿੱਤਾ, ਆਪਣੀ ਮਾਂ ਤੇ ਪਰੀ ਨੂੰ ਵੀ ਉਸ ਉਤੇ ਬਿਠਾ ਦਿੱਤਾ ਤੇ ਆਪ ਵੀ ਉਸ ਉਤੇ ਚੜ੍ਹ ਕੇ ਬੈਠ ਗਿਆ। ਤਦ ਸਿਮਰੁਗ ਨੇ ਉਹਨਾਂ ਸਾਰਿਆਂ ਨੂੰ ਬਾਦਸ਼ਾਹ ਦੇ ਦੇਸ ਸਹੀ ਸਲਾਮਤ ਪਹੁੰਚਾ ਦਿੱਤਾ।

ਗਭਰੂ ਤੇ ਪਰੀ ਦੀ ਸ਼ਾਦੀ ਦੇ ਜਸ਼ਨ ਚਾਲੀ ਦਿਨ ਤੇ ਚਾਲੀ ਰਾਤਾਂ ਜਾਰੀ ਰਹੇ। ਲੋਕਾਂ ਨੇ ਵੀ ਚਾਲੀ ਦਿਨ ਤੇ ਚਾਲੀ ਰਾਤਾਂ ਮੌਜ-ਮੇਲੇ ਮਨਾਏ। ਮੈਂ ਵੀ ਉਹਨਾਂ ਜਸ਼ਨਾਂ ਵਿਚ ਹਿੱਸਾ ਲਿਆ ਸੀ ਤੇ ਉਥੋਂ ਆਪਣੇ ਨਾਲ ਮਿਠਿਆਈ ਲਿਆਂਦੀ ਸੀ ਪਰ ਘਰ ਤਕ ਨਾ ਲਿਆ ਸਕਿਆ ਕਿਉਂ ਮੈਂ ਡਿਗ ਪਿਆ ਸਾਂ ਤੇ ਸਭ ਕੁਝ ਖਿਲਰ ਗਿਆ ਸੀ।



ਨੇਕੀ ਤੇ ਬਦੀ

ਜਵਾਨ ਪਤੀ ਪਤਨੀ ਦੇ ਘਰ ਇਕ ਪੁਤਰ ਨੇ ਜਨਮ ਲਿਆ। ਉਹ ਬੜਾ ਹੀ ਸ਼ਾਂਤ ਸੁਭਾਓ ਵਾਲਾ ਤੇ ਲਾਡਲਾ ਜਿਹਾ ਸੀ। ਜਦੋਂ ਉਹ ਸੱਤਾਂ ਸਾਲਾਂ ਦਾ ਹੋਇਆ ਤਾਂ ਇਕ ਘਟਨਾ ਵਾਪਰ ਗਈ।

ਉਹਨਾਂ ਦੇ ਗੁਆਂਢ ਵਿਚ ਇਕ ਆਦਮੀ ਰਹਿੰਦਾ ਹੁੰਦਾ ਸੀ ਜਿਹੜਾ ਬੜਾ ਹੀ ਸੇਖ਼ੀਖ਼ੋਰ ਸੀ। "ਦੁਨੀਆ ਵਿਚ ਮੇਰੇ ਨਾਲੋਂ ਸਿਆਣਾ ਹੋਰ ਕੋਈ ਨਹੀਂ!" ਉਹ ਅਕਸਰ ਆਖਿਆ ਕਰਦਾ ਸੀ।

ਇਕ ਵਾਰ ਦੀ ਗੱਲ ਹੈ ਕਿ ਉਹ ਜ਼ਮੀਨ ਪੁੱਟ ਰਿਹਾ ਸੀ ਕਿ ਉਸ ਨੂੰ ਇਕ ਸੰਦੂਕ ਲੱਭਾ। ਉਸ ਨੇ ਇਧਰ ਉਧਰ ਵੇਖਿਆ, ਸੰਦੂਕ ਖੋਲ੍ਹਣ ਦਾ ਜਤਨ ਕੀਤਾ ਪਰ ਖੋਲ੍ਹ ਨਾ ਸਕਿਆ। "ਇਸ ਵਿਚ ਸੋਨਾ ਹੋਣੈ," ਫੜ੍ਹਬਾਜ਼ ਬੜਾ ਖੁਸ਼ ਹੋਇਆ। ਉਸ ਨੇ ਜੰਦਰਾ ਤੋੜ ਦਿੱਤਾ ਅਤੇ ਢੱਕਣ ਅਜੇ ਖੋਲ੍ਹਿਆ ਹੀ ਸੀ ਕਿ ਸੰਦੂਕ ਵਿਚੋਂ ਇਕ ਸੱਪ ਛੜੱਪਾ ਮਾਰ ਕੇ ਨਿਕਲਿਆ ਤੇ ਉਸ ਨੇ ਫੜ੍ਹਬਾਜ਼ ਦੀ ਧੌਣ ਨੂੰ ਵਲ ਲਿਆ। ਸੱਪ ਫੁੰਕਾਰੇ ਮਾਰਦਿਆਂ ਤੇ ਜ਼ਹਿਰੀਲੇ ਦੰਦ ਵਿਖਾਉਂਦਿਆ ਵਧਦਾ ਹੀ ਗਿਆ।

"ਸੱਪਾ, ਮੈਂ ਤੈਨੂੰ ਮੁਕਤੀ ਦਿਵਾਈ ਏ, ਤੇਰੇ ਨਾਲ ਨੇਕੀ ਕੀਤੀ ਏ," ਸੇਖ਼ੀਖ਼ੋਰ ਨੇ ਆਖਿਆ, "ਤੇ ਤੂੰ ਇਸ ਦਾ ਜਵਾਬ ਬਦੀ ਨਾਲ ਦੇ ਰਿਹਾ ਏਂ—ਮੇਰਾ ਸਾਹ ਘੁਟਣਾ ਚਾਹੁੰਦਾ ਏਂ।"

"ਮੈਨੂੰ ਹਮੇਸ਼ਾ ਇੰਜ ਹੀ ਕਰਨਾ ਸਿਖਾਇਆ ਜਾਂਦਾ ਰਿਹੈ," ਸੱਪ ਨੇ ਮਨੁਖਾਂ ਵਰਗੀ ਆਵਾਜ਼ ਵਿਚ ਕਿਹਾ।

ਉਹ ਬੜੀ ਦੇਰ ਤਕ ਬਹਿਸਦੇ ਰਹੇ ਕਿ ਕੌਣ ਸੱਚਾ ਸੀ ਤੇ ਕੌਣ ਝੂਠਾ ਸੀ, ਪਰ ਕੋਈ ਫੈਸਲਾ ਨਾ ਕਰ ਸਕੇ। ਓਦੋਂ ਹੀ ਲਾਗੋਂ ਦੀ ਊਠਾਂ ਦਾ ਕਾਰਵਾਂ ਲੰਘ ਰਿਹਾ ਸੀ। ਸੇਖੀਖ਼ੋਰ ਨੇ ਸਭ ਤੋਂ ਬੁੱਢੇ ਊਠ ਨੂੰ ਪੁੱਛਿਆ:

"ਊਠਾ ਊਠਾ, ਇਹ ਦੱਸ ਕਿ ਨੇਕੀ ਦਾ ਜਵਾਬ ਬਦੀ ਨਾਲ ਦਿੱਤਾ ਜਾ ਸਕਦੈ?"

"ਦਿੱਤਾ ਜਾ ਸਕਦੈ," ਊਠ ਨੇ ਙਪ-ਙਪ ਕੀਤਾ। "ਮੇਰੇ ਅੱਗੇ ਅੱਗੇ ਜਾ ਰਹੇ ਊਠ ਮੇਰੇ ਪੁਤਰ ਤੇ ਪੋਤਰੇ ਨੇ। ਮੈਂ ਇਨ੍ਹਾਂ ਨੂੰ ਪਾਲਿਆ ਪੋਸਿਆ। ਪਰ ਹੁਣ, ਜਦੋਂ ਮੈਂ ਬੁੱਢਾ ਹੋ ਗਿਆ ਹਾਂ ਤੇ ਮਸਾਂ ਮਸਾਂ ਲੱਤਾਂ ਘਸੀਟ ਸਕਦਾ ਹਾਂ, ਉਹ ਮੈਨੂੰ ਰੇਗਿਸਤਾਨ ਵਿਚ ਇਕੱਲੇ ਨੂੰ ਛੱਡ ਕੇ ਚਲੇ ਜਾਣਾ ਚਾਹੁੰਦੇ ਨੇ। ਕੀ ਇਹ ਨੇਕੀ ਵਾਲਾ ਕੰਮ ਏ?"

"ਸੁਣਦਾ ਏਂ," ਸੱਪ ਖੁਣਸੀ ਢੰਗ ਨਾਲ ਫੁੰਕਾਰਿਆ ਤੇ ਸੇਖ਼ੀਖ਼ੋਰ ਦੀ ਧੌਣ ਦੁਆਲੇ ਆਪਣੀ ਪੂਛ ਹੋਰ ਵੀ ਕੱਸ ਲਈ।

"ਤੂੰ ਮੇਰਾ ਗਲਾ ਘੁਟਣੋਂ ਜ਼ਰਾ ਰੁਕ ਜਾ," ਸੇਖੀਖ਼ੋਰ ਨੇ ਤਰਲਾ ਮਾਰਿਆ, "ਤੂੰ ਹੋਰਨਾਂ ਨੂੰ ਵੀ ਪੁੱਛ ਵੇਖ।"

ਚੱਲ, ਆ ਚੱਲੀਏ। ਉਹਨਾਂ ਦੇ ਰਾਹ ਵਿਚ ਸੁੱਕੇ ਤੂਤ ਦਾ ਇਕ ਦਰਖ਼ਤ ਆਇਆ। ਸ਼ੇਖ਼ੀਖ਼ੋਰ ਰੁਕ ਗਿਆ ਤੇ ਪੁੱਛਣ ਲੱਗਾ:

"ਹੇ ਤੂਤਾ! ਤੇਰੀ ਉਮਰ ਬੜੀ ਲੰਮੀ ਏ, ਤੂੰ ਇਸ ਦੁਨੀਆ ਵਿਚ ਬੜਾ ਕੁਝ ਵੇਖਿਆ ਹੰਢਾਇਆ ਏ। ਤੂੰ ਇਹ ਦੱਸ ਕਿ ਕੀ ਨੇਕੀ ਦਾ ਜਵਾਬ ਬਦੀ ਨਾਲ ਦਿੱਤਾ ਜਾ ਸਕਦੈ?"

"ਦਿੱਤਾ ਜਾ ਸਕਦੈ," ਦਰਖ਼ਤ ਨੇ ਕੜ ਕੜ ਕੀਤਾ। "ਮੈਂ ਕਈ ਸਾਲਾਂ ਤੋਂ ਹਰ ਜੀਵ ਨੂੰ ਆਰਾਮ ਕਰਨ ਲਈ ਸੰਘਣੀ ਛਾਂ ਦਿੰਦਾ ਰਿਹਾ ਹਾਂ, ਰੇਸ਼ਮੀ ਕੀੜੇ ਮੇਰੇ ਪੱਤੇ ਖਾਂਦੇ ਰਹੇ ਨੇ। ਮੇਰਾ ਮਾਲਕ ਰੇਸ਼ਮੀ ਕੀੜੇ ਤੇ ਰੇਸ਼ਮ ਵੇਚ ਵੇਚ ਕੇ ਅਮੀਰ ਹੋ ਗਿਐ। ਪਰ ਹੁਣ ਉਹ ਮੈਨੂੰ ਵੱਢ ਕੇ ਬਾਲਣ ਵਜੋਂ ਵਰਤਣਾ ਚਾਹੁੰਦੈ। ਕੀ ਇਹੀ ਨੇਕੀ ਦੀ ਕੀਮਤ ਹੁੰਦੀ ਏ?"

"ਸੁਣਦਾ ਏਂ," ਸੱਪ ਨੇ ਫਿਰ ਫੁੰਕਾਰਾ ਮਾਰਿਆ ਤੇ ਸ਼ੇਖ਼ੀਖ਼ੋਰ ਦੀ ਧੌਣ ਹੋਰ ਕੱਸ ਲਈ।

"ਠਹਿਰੀਂ, ਸੱਪਾ ਠਹਿਰੀਂ," ਸ਼ੇਖ਼ੀਖ਼ੋਰ ਨੇ ਦੁਬਾਰਾ ਲੇਲ੍ਹੜੀ ਲਈ। "ਚੱਲ, ਇਕ ਵਾਰੀ ਕਿਸੇ ਹੋਰ ਨੂੰ ਪੁਛ ਵੇਖਦੇ ਹਾਂ।"

ਉਹ ਫਿਰ ਅੱਗੇ ਵਧਦੇ ਗਏ। ਰਾਹ ਵਿਚ ਉਹਨਾਂ ਨੂੰ ਬੱਚੇ ਮਿਲੇ। ਜਦੋਂ ਉਹਨਾਂ ਨੇ ਬੁੱਢੇ ਆਦਮੀ ਦੀ ਗਰਦਨ ਦੁਆਲੇ ਸਪਣੀ ਵੇਖੀ ਤਾਂ ਉਹ ਆਪਣੀ ਖੇਡ ਵਿਚੇ ਛੱਡ ਕੇ ਤਿਤਰ ਬਿਤਰ ਹੋ ਗਏ। ਪਰ ਨੌਜਵਾਨ ਮਾਪਿਆਂ ਦਾ ਸੱਤਾਂ ਸਾਲਾਂ ਦਾ ਮੁੰਡਾ ਉਥੇ ਹੀ ਰਹਿ ਗਿਆ।

ਸ਼ੇਖ਼ੀਖ਼ੋਰ ਉਹਦੇ ਕੋਲ ਗਿਆ ਤੇ ਪੁੱਛਿਆ:

"ਤੂੰ, ਕਾਕਾ, ਇਹ ਦੱਸ ਕਿ ਕੀ ਨੇਕੀ ਦਾ ਜਵਾਬ ਬਦੀ ਨਾਲ ਦਿੱਤਾ ਜਾ ਸਕਦੈ?"

"ਵੇਖੋ, ਬਾਪੂ ਜੀ," ਮੁੰਡੇ ਨੇ ਆਖਿਆ, "ਨੇਕੀ ਤੇ ਬਦੀ ਬਾਰੇ ਪੁੱਛਣ ਦੀ ਲੋੜ ਨਹੀਂ ਹੁੰਦੀ। ਤੁਸੀਂ ਸਗੋਂ ਇਹ ਦਸੋ ਕਿ ਤੁਹਾਡੀ ਧੌਣ ਦੁਆਲੇ ਸੱਪ ਕਿਉਂ ਵਲਿਆ ਹੋਇਐ?"

"ਮੈਂ ਜ਼ਮੀਨ ਪੁੱਟ ਰਿਹਾ ਸਾਂ," ਸ਼ੇਖ਼ੀਖ਼ੋਰ ਨੇ ਕਹਿਣਾ ਸ਼ੁਰੂ ਕੀਤਾ। "ਤੇ ਮੈਨੂੰ ਉਸ ਵਿਚੋਂ ਇਕ ਸੰਦੂਕ ਲੱਭਾ। ਮੈਨੂੰ ਲੱਗਾ ਕਿ ਉਹ ਸੋਨੇ ਨਾਲ ਭਰਿਆ ਹੋਇਆ ਸੀ। ਜਿਉਂ ਹੀ ਮੈਂ ਸੰਦੂਕ ਦਾ ਢੱਕਣ ਖੋਲ੍ਹਿਆ ਤਾਂ ਉਸ ਵਿਚੋਂ ਇਹ ਸੱਪ ਭੁੜ੍ਹਕ ਕੇ ਨਿਕਲਿਆ ਤੇ ਮੇਰੀ ਧੌਣ ਵਲ ਲਈ। ਹੁਣ ਉਹ ਮੈਨੂੰ ਛੱਡਦਾ ਨਹੀਂ ਤੇ ਮੇਰਾ ਸੰਘ ਘੁਟਣਾ ਚਾਹੁੰਦਾ ਜਦਕਿ ਮੈਂ ਇਸ ਨੂੰ ਬਚਾਇਐ।"

"ਆਇ-ਹਾਇ," ਮੁੰਡਾ ਦੰਗ ਰਹਿ ਗਿਆ, "ਤੂੰ, ਸ਼ਾਇਦ, ਝੂਠ ਬੋਲ ਰਿਹੈਂ। ਏਡਾ ਵੱਡਾ ਸੱਪ ਸੰਦੂਕ ਵਿਚ ਪੈ ਸਕਦੈ, ਭਲਾ?"

"ਮੈਂ ਝੂਠ ਨਹੀਂ ਬੋਲਦਾ, ਪੁਤਰਾ," ਸ਼ੇਖ਼ੀਖ਼ੋਰ ਮੁੰਡੇ ਨੂੰ ਯਕੀਨ ਦਿਵਾਉਣ ਲੱਗਾ। "ਸੱਪ ਇਸ ਸੰਦੂਕ ਵਿਚ ਸੀ।"

"ਹੇ ਸੱਪ," ਮੁੰਡੇ ਨੇ ਆਖਿਆ, "ਕੀ ਇਹ ਸੱਚ ਹੈ ਕਿ ਤੂੰ ਏਡਾ ਵੱਡਾ ਹੋਣ ਦੇ ਬਾਵਜੂਦ ਇਸ ਸੰਦੂਕ ਵਿਚ ਪੈ ਸਕਦਾ ਸੈਂ?"

"ਹਾਂ, ਮੈਂ ਇਸ ਸੰਦੂਕ ਵਿਚ ਹੀ ਸਾਂ," ਸੱਪ ਨੇ ਫੁੰਕਾਰਾ ਮਾਰਿਆ।

"ਇਹ ਹੋ ਹੀ ਨਹੀਂ ਸਕਦਾ," ਮੁੰਡਾ ਆਪਣੀ ਗੱਲ ਉਤੇ ਅੜਿਆ ਰਿਹਾ।

"ਜੇ ਤੈਨੂੰ ਯਕੀਨ ਨਹੀਂ ਆਉਂਦਾ ਤਾਂ ਇਹ ਵੇਖ," ਸੱਪ ਫੁੰਕਾਰਿਆ ਤੇ ਬੁੱਢੇ ਆਦਮੀ ਦੀ ਧੌਣ ਤੋਂ ਤਿਲਕ ਕੇ ਸੰਦੂਕ ਵਿਚ ਜਾ ਪਿਆ ਤੇ ਸਿਰਫ਼ ਆਪਣੀ ਸਿਰੀ ਹੀ ਸੰਦੂਕ ਤੋਂ ਬਾਹਰ ਰੱਖੀ।

"ਹੈਂ, ਪਰ ਤੇਰੀ ਸਿਰੀ ਤਾਂ ਇਸ ਵਿਚ ਆਉਂਦੀ ਹੀ ਨਹੀਂ!" ਮੁੰਡੇ ਦੇ ਹਾਸੇ ਵਿਚ ਵਿਅੰਗ ਸੀ।

ਚੱਲ, ਆ ਚੱਲੀਏ। ਉਹਨਾਂ ਦੇ ਰਾਹ ਵਿਚ ਸੁੱਕੇ ਤੂਤ ਦਾ ਇਕ ਦਰਖ਼ਤ ਆਇਆ। ਸ਼ੇਖ਼ੀਖ਼ੋਰ ਰੁਕ ਗਿਆ ਤੇ ਪੁੱਛਣ ਲੱਗਾ:

"ਹੇ ਤੂਤਾ! ਤੇਰੀ ਉਮਰ ਬੜੀ ਲੰਮੀ ਏ, ਤੂੰ ਇਸ ਦੁਨੀਆ ਵਿਚ ਬੜਾ ਕੁਝ ਵੇਖਿਆ ਹੰਢਾਇਆ ਏ। ਤੂੰ ਇਹ ਦੱਸ ਕਿ ਕੀ ਨੇਕੀ ਦਾ ਜਵਾਬ ਬਦੀ ਨਾਲ ਦਿੱਤਾ ਜਾ ਸਕਦੈ?"

"ਦਿੱਤਾ ਜਾ ਸਕਦੈ," ਦਰਖ਼ਤ ਨੇ ਕੜ ਕੜ ਕੀਤਾ। "ਮੈਂ ਕਈ ਸਾਲਾਂ ਤੋਂ ਹਰ ਜੀਵ ਨੂੰ ਆਰਾਮ ਕਰਨ ਲਈ ਸੰਘਣੀ ਛਾਂ ਦਿੰਦਾ ਰਿਹਾ ਹਾਂ, ਰੇਸ਼ਮੀ ਕੀੜੇ ਮੇਰੇ ਪੱਤੇ ਖਾਂਦੇ ਰਹੇ ਨੇ। ਮੇਰਾ ਮਾਲਕ ਰੇਸ਼ਮੀ ਕੀੜੇ ਤੇ ਰੇਸ਼ਮ ਵੇਚ ਵੇਚ ਕੇ ਅਮੀਰ ਹੋ ਗਿਐ। ਪਰ ਹੁਣ ਉਹ ਮੈਨੂੰ ਵੱਢ ਕੇ ਬਾਲਣ ਵਜੋਂ ਵਰਤਣਾ ਚਾਹੁੰਦੈ। ਕੀ ਇਹੀ ਨੇਕੀ ਦੀ ਕੀਮਤ ਹੁੰਦੀ ਏ?"

"ਸੁਣਦਾ ਏਂ," ਸੱਪ ਨੇ ਫਿਰ ਫੁੰਕਾਰਾ ਮਾਰਿਆ ਤੇ ਸ਼ੇਖ਼ੀਖ਼ੋਰ ਦੀ ਧੌਣ ਹੋਰ ਕੱਸ ਲਈ।

"ਠਹਿਰੀਂ, ਸੱਪਾ ਠਹਿਰੀਂ," ਸ਼ੇਖ਼ੀਖ਼ੋਰ ਨੇ ਦੁਬਾਰਾ ਲੇਲ੍ਹੜੀ ਲਈ। "ਚੱਲ, ਇਕ ਵਾਰੀ ਕਿਸੇ ਹੋਰ ਨੂੰ ਪੁਛ ਵੇਖਦੇ ਹਾਂ।"

ਉਹ ਫਿਰ ਅੱਗੇ ਵਧਦੇ ਗਏ। ਰਾਹ ਵਿਚ ਉਹਨਾਂ ਨੂੰ ਬੱਚੇ ਮਿਲੇ। ਜਦੋਂ ਉਹਨਾਂ ਨੇ ਬੁੱਢੇ ਆਦਮੀ ਦੀ ਗਰਦਨ ਦੁਆਲੇ ਸਪਣੀ ਵੇਖੀ ਤਾਂ ਉਹ ਆਪਣੀ ਖੇਡ ਵਿਚੇ ਛੱਡ ਕੇ ਤਿਤਰ ਬਿਤਰ ਹੋ ਗਏ। ਪਰ ਨੌਜਵਾਨ ਮਾਪਿਆਂ ਦਾ ਸੱਤਾਂ ਸਾਲਾਂ ਦਾ ਮੁੰਡਾ ਉਥੇ ਹੀ ਰਹਿ ਗਿਆ।

ਸ਼ੇਖ਼ੀਖ਼ੋਰ ਉਹਦੇ ਕੋਲ ਗਿਆ ਤੇ ਪੁੱਛਿਆ:

"ਤੂੰ, ਕਾਕਾ, ਇਹ ਦੱਸ ਕਿ ਕੀ ਨੇਕੀ ਦਾ ਜਵਾਬ ਬਦੀ ਨਾਲ ਦਿੱਤਾ ਜਾ ਸਕਦੈ?"

"ਵੇਖੋ, ਬਾਪੂ ਜੀ," ਮੁੰਡੇ ਨੇ ਆਖਿਆ, "ਨੇਕੀ ਤੇ ਬਦੀ ਬਾਰੇ ਪੁੱਛਣ ਦੀ ਲੋੜ ਨਹੀਂ ਹੁੰਦੀ। ਤੁਸੀਂ ਸਗੋਂ ਇਹ ਦਸੋ ਕਿ ਤੁਹਾਡੀ ਧੌਣ ਦੁਆਲੇ ਸੱਪ ਕਿਉਂ ਵਲਿਆ ਹੋਇਐ?"

"ਮੈਂ ਜ਼ਮੀਨ ਪੁੱਟ ਰਿਹਾ ਸਾਂ," ਸ਼ੇਖ਼ੀਖ਼ੋਰ ਨੇ ਕਹਿਣਾ ਸ਼ੁਰੂ ਕੀਤਾ। "ਤੇ ਮੈਨੂੰ ਉਸ ਵਿਚੋਂ ਇਕ ਸੰਦੂਕ ਲੱਭਾ। ਮੈਨੂੰ ਲੱਗਾ ਕਿ ਉਹ ਸੋਨੇ ਨਾਲ ਭਰਿਆ ਹੋਇਆ ਸੀ। ਜਿਉਂ ਹੀ ਮੈਂ ਸੰਦੂਕ ਦਾ ਢੱਕਣ ਖੋਲ੍ਹਿਆ ਤਾਂ ਉਸ ਵਿਚੋਂ ਇਹ ਸੱਪ ਭੁੜ੍ਹਕ ਕੇ ਨਿਕਲਿਆ ਤੇ ਮੇਰੀ ਧੌਣ ਵਲ ਲਈ। ਹੁਣ ਉਹ ਮੈਨੂੰ ਛੱਡਦਾ ਨਹੀਂ ਤੇ ਮੇਰਾ ਸੰਘ ਘੁਟਣਾ ਚਾਹੁੰਦਾ ਜਦਕਿ ਮੈਂ ਇਸ ਨੂੰ ਬਚਾਇਐ।"

"ਆਇ–ਹਾਇ," ਮੁੰਡਾ ਦੰਗ ਰਹਿ ਗਿਆ, "ਤੂੰ, ਸ਼ਾਇਦ, ਝੂਠ ਬੋਲ ਰਿਹੈਂ। ਏਡਾ ਵੱਡਾ ਸੱਪ ਸੰਦੂਕ ਵਿਚ ਪੈ ਸਕਦੈ, ਭਲਾ?"

"ਮੈਂ ਝੂਠ ਨਹੀਂ ਬੋਲਦਾ, ਪੁਤਰਾ," ਸ਼ੇਖ਼ੀਖ਼ੋਰ ਮੁੰਡੇ ਨੂੰ ਯਕੀਨ ਦਿਵਾਉਣ ਲੱਗਾ। "ਸੱਪ ਇਸ ਸੰਦੂਕ ਵਿਚ ਸੀ।"

"ਹੇ ਸੱਪ," ਮੁੰਡੇ ਨੇ ਆਖਿਆ, "ਕੀ ਇਹ ਸੱਚ ਹੈ ਕਿ ਤੂੰ ਏਡਾ ਵੱਡਾ ਹੋਣ ਦੇ ਬਾਵਜੂਦ ਇਸ ਸੰਦੂਕ ਵਿਚ ਪੈ ਸਕਦਾ ਸੈਂ?"

"ਹਾਂ, ਮੈਂ ਇਸ ਸੰਦੂਕ ਵਿਚ ਹੀ ਸਾਂ," ਸੱਪ ਨੇ ਫੁੰਕਾਰਾ ਮਾਰਿਆ।

"ਇਹ ਹੋ ਹੀ ਨਹੀਂ ਸਕਦਾ," ਮੁੰਡਾ ਆਪਣੀ ਗੱਲ ਉਤੇ ਅੜਿਆ ਰਿਹਾ।

"ਜੇ ਤੈਨੂੰ ਯਕੀਨ ਨਹੀਂ ਆਉਂਦਾ ਤਾਂ ਇਹ ਵੇਖ," ਸੱਪ ਫੁੰਕਾਰਿਆ ਤੇ ਬੁੱਢੇ ਆਦਮੀ ਦੀ ਧੌਣ ਤੋਂ ਤਿਲਕ ਕੇ ਸੰਦੂਕ ਵਿਚ ਜਾ ਪਿਆ ਤੇ ਸਿਰਫ਼ ਆਪਣੀ ਸਿਰੀ ਹੀ ਸੰਦੂਕ ਤੋਂ ਬਾਹਰ ਰੱਖੀ।

"ਹੈਂ, ਪਰ ਤੇਰੀ ਸਿਰੀ ਤਾਂ ਇਸ ਵਿਚ ਆਉਂਦੀ ਹੀ ਨਹੀਂ!" ਮੁੰਡੇ ਦੇ ਹਾਸੇ ਵਿਚ ਵਿਅੰਗ ਸੀ।

"ਬੜੀ ਚੰਗੀ ਤਰ੍ਹਾਂ ਆ ਜਾਂਦੀ ਏ," ਸੱਪ ਨੇ ਫੁੰਕਾਰਾ ਛੱਡਿਆ ਤੇ ਆਪਣੀ ਸਿਰੀ ਸੰਦੂਕ ਵਿਚ ਲੁਕਾ ਲਈ।


ਮੁੰਡੇ ਨੇ ਅੱਖ ਦੇ ਪਲਕਾਰੇ ਵਿਚ ਸੰਦੂਕ ਦਾ ਢੱਕਣ ਬੰਦ ਕੀਤਾ, ਇਸ ਨੂੰ ਤਾਲਾ ਲਾਇਆ ਤੇ ਖੁਸ਼ੀ ਵਿਚ ਆਏ ਹੋਏ ਸੇਖ਼ੀਖ਼ੋਰ ਨੂੰ ਪੁੱਛਿਆ:

"ਬਾਪੂ, ਤੁਸੀਂ ਆਪ ਹੀ ਇਹ ਸੰਦੂਕ ਉਥੇ ਦੱਬਿਆ ਸੀ?"


"ਨਹੀਂ।"

"ਜੇ ਦੱਬਿਆ ਨਹੀਂ ਸੀ ਤਾਂ ਇਹ ਕਹਾਵਤ ਯਾਦ ਰਖੋ: 'ਜੋ ਆਪਣੇ ਹੱਥੀਂ ਨਹੀਂ ਬੀਜਿਆ ਉਸ ਨੂੰ ਕਦੀ ਨਾ ਵੱਢੋ!' ਹੁਣ ਤੁਹਾਨੂੰ ਇਹ ਸੰਦੂਕ ਉਥੇ ਹੀ ਛੱਡ ਆਉਣਾ ਚਾਹੀਦੈ ਜਿਥੇ ਇਹ ਦੱਬਿਆ ਹੋਇਆ ਸੀ।"

ਮੁੰਡੇ ਦੀ ਦਲੀਲਬਾਜ਼ੀ ਤੋਂ ਸ਼ੇਖ਼ੀਖ਼ੋਰ ਦੰਗ ਰਹਿ ਗਿਆ ਤੇ ਆਪਣੀ ਜਾਨ ਬਚਾਉਣ ਲਈ ਸੱਚੇ ਦਿਲੋਂ ਉਸ ਦਾ ਧੰਨਵਾਦ ਕੀਤਾ। ਉਸ ਨੇ ਸੰਦੂਕ ਉਸੇ ਥਾਂ ਉਤੇ ਫਿਰ ਦੱਬ ਦਿੱਤਾ ਜਿਥੋਂ ਉਸ ਨੂੰ ਪੁੱਟਿਆ ਸੀ, ਤੇ ਫਿਰ ਜੀਵਨ ਵਿਚ ਕਦੀ ਵੀ ਸੇਖ਼ੀਆਂ ਨਾ ਮਾਰੀਆਂ।



ਧਰਤੀ–ਗੁਲਾਕ ਨੇ ਆਪਣੇ ਮਾਪਿਆਂ ਨੂੰ ਕਿਵੇਂ ਲੱਭਿਆ



ਪਤਾ ਨਹੀਂ ਇਹ ਗੱਲ ਹੋਈ ਜਾਂ ਨਹੀਂ ਹੋਈ, ਪਰ ਕਹਿੰਦੇ ਹਨ ਕਿ ਇਕ ਬਜ਼ੁਰਗ ਧੁੱਪ ਨਾਲ ਤਪੇ ਹੋਏ ਰੇਗਿਸਤਾਨ ਵਿਚੋਂ ਦੀ ਜਾ ਰਿਹਾ ਸੀ। ਉਹ ਖੋਤੇ ਉਤੇ ਸਵਾਰ ਸੀ ਤੇ ਹੱਥ ਵਿਚ ਊਠ ਦੀ ਨਕੇਲ ਫੜੀ ਹੋਈ ਸੀ। ਬਜ਼ੁਰਗ ਸਾਰਾ ਦਿਨ ਖਰਾਸ ਉਤੇ ਕੰਮ ਕਰਦਾ ਰਿਹਾ ਸੀ ਤੇ ਬੁਰੀ ਤਰ੍ਹਾਂ ਥੱਕ ਗਿਆ ਸੀ। ਊਠ ਉਤੇ ਭਾਰੀਆਂ ਬੋਰੀਆਂ ਲੱਦੀਆਂ ਹੋਈਆਂ ਸਨ ਤੇ ਉਹ ਵੀ ਥੱਕ ਗਿਆ ਸੀ। ਤੇ ਖੋਤਾ ਇਸ ਕਰਕੇ ਥੱਕ ਗਿਆ ਸੀ ਕਿ ਉਸ ਉਤੇ ਬਜ਼ੁਰਗ ਬੈਠਾ ਹੋਇਆ ਸੀ। ਪਰ ਪਿੰਡ ਅਜੇ ਬੜੀ ਦੂਰ ਸੀ।

ਬਜ਼ੁਰਗ ਇਕ ਧੋੜੇ ਤੋਂ ਦੂਜੇ ਧੋੜੇ ਤਕ, ਇਕ ਟਿੱਬੇ ਤੋਂ ਦੂਜੇ ਟਿੱਬੇ ਤਕ ਸਾਰਾ ਦਿਨ ਸਫ਼ਰ ਕਰਦਾ ਰਿਹਾ। ਪਰ ਰਸਤਾ ਮੁਕਣ ਵਿਚ ਹੀ ਨਹੀਂ ਆ ਰਿਹਾ ਸੀ। ਪੰਛੀ ਤਕ ਨੂੰ ਵੀ ਪਤਾ ਨਹੀਂ ਕਿ ਰਸਤੇ ਦਾ ਅੰਤ ਕਿਥੇ ਸੀ, ਹਵਾ ਤਕ ਨੂੰ ਵੀ ਪਤਾ ਨਹੀਂ ਸੀ ਕਿ ਰੇਗਿਸਤਾਨ ਦਾ ਅੰਤ ਕਿਥੇ ਸੀ। ਤੇ ਲੋਕ ਇਸ ਰੇਗਿਸਤਾਨ ਨੂੰ ਕਾਰਾਕੁਮ ਆਖਦੇ ਹਨ ਜਿਸ ਦਾ ਤੁਰਕਮੇਨੀ ਭਾਸ਼ਾ ਵਿਚ ਅਰਥ ਹੈ— "ਕਾਲੀਆਂ ਰੇਤਾਂ"। ਬਜ਼ੁਰਗ ਇਸੇ ਰੇਗਿਸਤਾਨ ਵਿਚੋਂ ਦੀ ਲੰਘ ਰਿਹਾ ਸੀ।

ਚਲਦਾ ਹੋਇਆ ਉਹ ਏਨਾ ਲੰਮਾ ਗੀਤ ਗਾ ਰਿਹਾ ਸੀ ਜਿੰਨੀ ਲੰਮੀ ਉਸ ਦੀ ਉਮਰ ਸੀ। ਇਹ ਗੀਤ ਓਨਾ ਹੀ ਉਦਾਸ ਸੀ ਜਿੰਨੇ ਉਸ ਦੇ ਵਿਚਾਰ। ਉਹ ਬੜਾ ਹੀ ਬਿਰਧ ਸੀ ਤੇ ਉਸ ਦੀ ਦਾੜ੍ਹੀ ਕਪਾਹ ਦੀ ਫੁੱਟੀ ਵਾਂਗ ਚਿੱਟੀ ਸੀ, ਪਰ ਉਸ ਦਾ ਕੋਈ ਪੁਤਰ ਨਹੀਂ ਸੀ ਜਿਹੜਾ ਬੁਢੇਪੇ ਵਿਚ ਉਸ ਦਾ ਆਸਰਾ ਬਣ ਸਕਦਾ। ਬਜ਼ੁਰਗ ਜੋ ਕੁਝ ਸੋਚ ਰਿਹਾ ਸੀ ਉਸ ਦੇ ਬਾਰੇ ਹੀ ਗਾ ਰਿਹਾ ਸੀ:

ਜੇ ਕੋਈ ਮੇਰਾ ਪੁਤਰ ਹੁੰਦਾ,
ਭਾਵੇਂ ਨਹੁੰ ਜਿੰਨਾ ਹੀ ਹੁੰਦਾ,
ਮੁਖੜਾ ਜਿਉਂ ਫੁਲ ਖਿੜਿਆ ਹੋਵੇ,
ਸੁਭਾਓ ਜਿਓਂ ਸੂਰਜ ਡਲ੍ਹਕਦਾ ਹੋਵੇ,
ਮਧੂ–ਮੱਖੀ ਭਾਂਤ ਕਰੇ ਉਹ ਮਿਹਨਤ,
ਤਦ ਮੈਂ ਬਣ ਜਾਵਾਂ ਖੁਸ਼–ਕਿਸਮਤ...

ਅਚਾਨਕ ਉਸ ਨੇ ਸੁਣਿਆ ਕਿ ਉਸ ਨੂੰ ਕੋਈ ਆਵਾਜ਼ਾਂ ਮਾਰ ਰਿਹਾ ਸੀ:

"ਹੇ, ਆਗਾ–ਜਾਨ, ਆਦਰਯੋਗ ਪਿਤਾ ਜੀ! ਜੇ ਤੁਹਾਡਾ ਕੋਈ ਪੁਤਰ ਨਹੀਂ ਹੈ ਤਾਂ ਮੈਨੂੰ ਆਪਣਾ ਪੁਤਰ ਬਣਾ ਲਓ।"

ਬਜ਼ੁਰਗ ਬੜਾ ਹੈਰਾਨ ਹੋਇਆ। ਉਸ ਨੇ ਆਪਣੇ ਖੋਤੇ ਨੂੰ ਰੋਕਿਆ ਤੇ ਹੇਠਾਂ, ਆਪਣੇ ਪੈਰਾਂ ਵੱਲ ਵੇਖਣ ਲੱਗਾ। ਪਰ ਰਾਹ ਉਤੇ ਤਾਂ ਸੁਕੀਆਂ ਕੰਡਿਆਲੀਆਂ ਝਾੜੀਆਂ ਹੀ ਸਨ।

ਪਰ ਉਸ ਨੂੰ ਫਿਰ ਸੁਣਾਈ ਦਿੱਤਾ:

"ਜੇ ਬਾਜ਼ ਨੂੰ ਵੇਖਣਾ ਹੋਵੇ ਤਾਂ ਹੇਠਾਂ ਨਹੀਂ ਤੱਕਣਾ ਚਾਹੀਦਾ!"

ਤਦ ਬਜ਼ੁਰਗ ਨੇ ਉਪਰ, ਅਸਮਾਨ ਵੱਲ ਵੇਖਿਆ, ਪਰ ਉਥੇ ਵੀ ਉਸ ਨੂੰ ਕੁਝ ਵਿਖਾਈ ਨਾ ਦਿੱਤਾ।

ਪਰ ਫਿਰ ਬੜੇ ਜ਼ੋਰ ਦੀ ਆਵਾਜ਼ ਆਈ:

"ਹੇ, ਆਗਾ–ਜਾਨ, ਬੱਦਲਾਂ ਵਿਚੋਂ ਪਹਾੜੀ ਚਿਤਰਾ ਕਦੀ ਕਿਸੇ ਨੂੰ ਲੱਭਿਆ?!"

ਬਜ਼ੁਰਗ ਨੇ ਅਰਜ਼ ਕੀਤੀ:

"ਐਵੇਂ ਲੁਕਣ–ਮੀਟੀਆਂ ਨਾ ਖੇਡ! ਫਟਾ ਫਟ ਸਾਮ੍ਹਣੇ ਆ ਜਾ!"

ਆਪਣੇ ਚਿਰ–ਉਡੀਕੇ ਪੁਤਰ ਨੂੰ ਵੇਖਣ ਲਈ ਉਹ ਬੜਾ ਬੇਸਬਰਾ ਹੋ ਗਿਆ। ਤੇ ਅਚਾਨਕ ਉਸ ਨੇ ਵੇਖਿਆ ਕਿ ਊਠ ਦੇ ਕੰਨ ਵਿਚੋਂ ਇਕ ਨਹੁੰ ਜਿੰਨਾ ਮੁੰਡਾ ਝਾਤੀਆਂ ਮਾਰ ਰਿਹਾ ਸੀ! ਉਹਨੇ ਬਜ਼ੁਰਗ ਵੱਲ ਬੜੇ ਚਾਅ ਨਾਲ ਵੇਖਿਆ ਤੇ ਬਾਰੀਕ ਤੋਂ ਬਾਰੀਕ ਆਵਾਜ਼ ਵਿਚ ਫੁਸ ਫੁਸ ਕੀਤਾ:

"ਮੈਂ ਇਥੇ ਹਾਂ, ਇਥੇ! ਤੁਸੀਂ ਮੈਨੂੰ ਵੇਖ ਰਹੇ ਹੋ? ਕਿਰਪਾ ਕਰਕੇ, ਇਸ ਤੰਗ ਜਿਹੇ ਘਰ ਵਿਚੋਂ ਨਿਕਲਣ ਵਿਚ ਮੇਰੀ ਮਦਦ ਕਰੋ, ਨਹੀਂ ਤਾਂ ਇਥੇ ਮੇਰਾ ਸਾਹ ਘੁਟਿਆ ਜਾਵੇਗਾ।"

ਬਜ਼ੁਰਗ ਨੇ ਮੁੰਡੇ ਨੂੰ ਊਠ ਦੇ ਕੰਨ ਵਿਚੋਂ ਕੱਢ ਲਿਆ ਤੇ ਆਪਣੀ ਹਥੇਲੀ ਉਤੇ ਹੀ ਰੱਖ ਲਿਆ—ਵੇਖਿਆ, ਉਹ ਕਿੱਡਾ ਨਿੱਕਾ ਜਿਹਾ ਸੀ! ਉਸ ਦਾ ਸਿਰ ਵਿਚਕਾਰੋਂ ਸਾਰੇ ਤੁਰਕਮੇਨੀ ਮੁੰਡਿਆਂ ਵਾਂਗ ਹੀ ਰਗੜ ਕੇ ਮੁੰਨਿਆ ਹੋਇਆ ਸੀ ਤੇ ਕੰਨਾਂ ਦੇ ਪਿਛੇ ਕੱਸ ਕੇ ਬਣਾਈਆਂ ਹੋਈਆਂ ਦੋ ਕਾਲੀਆਂ ਗੁੱਤਾਂ ਹਿੱਲ ਰਹੀਆਂ ਸਨ।

"ਤੇਰਾ ਨਾਂ ਕੀ ਏ, ਫਿਰ?" ਬਜ਼ੁਰਗ ਨੇ ਬੜੇ ਲਾਡ ਨਾਲ ਮੁੰਡੇ ਨੂੰ ਪੁੱਛਿਆ।

"ਤੁਸੀਂ ਮੇਰਾ ਜੋ ਵੀ ਨਾਂ ਰਖਣਾ ਚਾਹੋ, ਰਖ ਲਓ!" ਮੁੰਡੇ ਨੇ ਤੱਟ ਫੱਟ ਜਵਾਬ ਦਿੱਤਾ ਤੇ ਆਪਣੀਆਂ ਗੁੱਤਾਂ ਗੁੰਦਣ ਲੱਗ ਪਿਆ। ਇਹ ਕੰਮ ਉਹ ਏਨੇ ਆਰਾਮ ਨਾਲ ਕਰ ਰਿਹਾ ਸੀ ਜਿਵੇਂ ਆਪਣੇ ਘਰ ਵਿਚ ਨਰਮ ਗਲੀਚੇ ਉਤੇ ਬੈਠਾ ਹੋਵੇ, ਨਾਕਿ ਖੁਰਦਰੀ ਹਥੇਲੀ ਉਤੇ।

ਬਜ਼ੁਰਗ ਨੇ ਸਿਰ ਹਿਲਾਉਂਦਿਆਂ ਆਖਿਆ:

"ਤੂੰ ਕਿੰਨਾ ਨਿੱਕਾ ਏਂ! ਸਹੁੰ ਅੱਲਾ ਦੀ, ਤੂੰ ਤਾਂ ਊਠ ਦੇ ਕੰਨ ਨਾਲੋਂ ਵੀ ਅੱਧਾ ਏਂ!"

ਮੁੰਡੇ ਨੇ ਬਜ਼ੁਰਗ ਵੱਲ ਵੇਖਿਆ ਤੇ ਖਿੜ ਖਿੜ ਹੱਸ ਪਿਆ:

"ਤੂੰ ਇਹੋ ਹੀ ਮੇਰਾ ਨਾਂ ਰਖ ਲੈ! ਮੈਨੂੰ ਇਹ ਪਸੰਦ ਏ!"

ਤੇ ਬਜ਼ੁਰਗ ਨੇ ਮੁੰਡੇ ਦਾ ਨਾਂ ਯਰਤੀ–ਗੁਲਾਕ, ਅਰਥਾਤ "ਅੱਧ–ਕੰਨਾ" ਰਖ ਦਿੱਤਾ।

"ਤੇਰੇ ਵਿਚ ਸਾਰੀਆਂ ਗੱਲਾਂ ਚੰਗੀਆਂ ਨੇ," ਬਜ਼ੁਰਗ ਨੇ ਹੌਕਾ ਲਿਆ, "ਪਰ ਕੀ ਤੂੰ ਮੇਰਾ, ਬੁੱਢੇ ਆਦਮੀ ਦਾ ਚੰਗਾ ਮਦਦਗਾਰ ਹੋ ਸਕਦਾ ਏਂ? ਤੂੰ ਬਹੁਤਾ ਹੀ ਨਿੱਕਾ ਏਂ!"

ਮੁੰਡੇ ਨੇ ਆਪਣੇ ਪਿਤਾ ਨੂੰ ਚਲਾਕੀ ਨਾਲ ਅੱਖ ਮਾਰੀ ਤੇ ਜਵਾਬ ਦਿੱਤਾ:

"ਅੱਬਾ–ਜਾਨ, ਹੀਰਾ ਵੀ ਵੱਡਾ ਨਹੀਂ ਹੁੰਦਾ, ਪਰ ਇਕ ਹੀਰੇ ਦੇ ਬਦਲੇ ਸੈਂਕੜੇ ਵੱਡੇ ਵੱਡੇ ਊਠ ਮਿਲ ਜਾਂਦੇ ਨੇ।"

ਮੁੰਡੇ ਨੇ ਹੋਰ ਇਹ ਕਿਹਾ:

"ਪਰ ਅੱਬਾ-ਜਾਨ, ਤੁਸੀਂ ਮੈਨੂੰ ਹਜ਼ਾਰ ਊਠਾਂ ਦੇ ਬਦਲੇ ਵੀ ਕਿਸੇ ਨੂੰ ਨਾ ਦੇਣਾ ਕਿਉਂਕਿ ਮੈਂ ਤੁਹਾਡੇ ਘਰ ਨੂੰ ਭਾਗਾਂ ਵਾਲਾ ਤੇ ਅਮੀਰ ਬਣਾ ਦਿਆਂਗਾ।"

ਏਨਾ ਕਹਿ ਕੇ ਧਰਤੀ-ਗੁਲਾਕ ਭੁੜਕ ਕੇ ਖਲੋ ਗਿਆ ਤੇ ਊਂਘ ਰਹੇ ਖੋਤੇ ਉਤੇ ਪੱਕੇ ਸਾਰਬਾਨ ਵਾਂਗ ਕੜਕਿਆ:

"ਹੋ, ਹੋ, ਮੇਰਿਆ ਖੋਤਿਆ! ਸਾਨੂੰ ਛੇਤੀ ਛੇਤੀ ਘਰ ਲੈ ਚੱਲ, ਨਹੀਂ ਤਾਂ ਮੇਰੀ ਮਾਂ ਦੇ ਪਲਾਓ ਦੀ ਘਰੋੜੀ ਬਣ ਜਾਏਗੀ!"

ਖੋਤੇ ਨੇ ਆਪਣੇ ਕੰਨ ਫੜਕਾਏ ਤੇ ਸਾਰੇ ਹੀ ਸਫਰ 'ਤੇ ਤੁਰ ਪਏ।

ਚਲੋ, ਉਹਨਾਂ ਨੂੰ ਤੁਰਦੇ ਜਾਣ ਦਿੰਦੇ ਹਾਂ, ਪਰ ਤੁਸੀਂ ਇਹ ਸੁਣੋ ਕਿ ਬੁਢੜੀ ਨਾਲ ਕੀ ਕਹਾਣੀ ਵਾਪਰੀ।

ਬੁਢੜੀ ਵਿਹੜੇ ਵਿਚ ਚਿੱਟੇ ਨਮਦੇ ਉਤੇ ਬੈਠੀ ਹੋਈ ਗਲੀਚਾ ਬਣਾ ਰਹੀ ਸੀ। ਉਹ ਉੱਨ ਨਾਲ ਛੋਟੇ ਛੋਟੇ ਘੁਰੇ ਪਾ ਰਹੀ ਸੀ ਤੇ ਆਪਣੇ ਗ਼ਮ ਬਾਰੇ ਸੋਚ ਰਹੀ ਸੀ। ਤੇ ਜਦੋਂ ਮਨੁੱਖ ਨੂੰ ਗ਼ਮ ਖਾਈ ਜਾ ਰਿਹਾ ਹੋਵੇ ਉਹ ਜਾਂ ਤਾਂ ਰੋਂਦਾ ਹੈ ਜਾਂ ਫਿਰ ਗਾਉਂਦਾ ਹੈ। ਇਸੇ ਤਰ੍ਹਾਂ ਬੁਢੜੀ ਵੀ ਗਾ ਰਹੀ ਸੀ:

ਜੇ ਕੋਈ ਮੇਰਾ ਪੁਤਰ ਹੁੰਦਾ,
ਭਾਵੇਂ ਨਹੁੰ ਜਿੰਨਾ ਹੀ ਹੁੰਦਾ,
ਉਹਦੇ ਲਈ ਬੁਣਾਂ ਇਕ ਗਲੀਚਾ—
ਸੂਹਾ ਜਿਵੇਂ ਫੁੱਲ ਬਗ਼ੀਚਾ,
ਡਲ੍ਹਕੇ ਜਿਵੇਂ ਸੂਰਜ ਸੋਨੇ ਦਾ,
ਨੀਲਾ ਜਿਵੇਂ ਅਸਮਾਨ ਰੈਣ ਦਾ।

ਜਦੋਂ ਬੁਢੜੀ ਨੇ ਬਰੂਹਾਂ ਤੋਂ ਬਾਹਰ ਵੇਖਿਆ ਤਾਂ ਉਸ ਨੂੰ ਉਹਦਾ ਬਜ਼ੁਰਗ ਖੋਤੇ ਨੂੰ ਦੌੜਾਈ ਸਿੱਧਾ ਘਰ ਵੱਲ ਆਉਂਦਾ ਵਿਖਾਈ ਦਿੱਤਾ, ਤੇ ਬੁੱਢਾ ਊਠ ਵੀ ਆਪਣੇ ਮਾਲਕ ਦੇ ਪਿਛੇ ਪਿਛੇ ਦੁੜੰਗੇ ਮਾਰਦਾ ਆ ਰਿਹਾ ਸੀ।

"ਨੀ ਬੁਢੜੀਏ!" ਬਜ਼ੁਰਗ ਨੇ ਦੂਰੋਂ ਹੀ ਟਾਹਰ ਮਾਰੀ। "ਖੁਸ਼ਕਿਸਮਤੀ ਬੁੱਢਿਆਂ ਨੂੰ ਵੀ ਤੇ ਨੱਢਿਆਂ ਨੂੰ ਵੀ ਨਸੀਬ ਹੁੰਦੀ ਏ। ਸਾਡੇ ਭਾਗ ਬਹੁਤਾ ਹੀ ਪਛੜ ਕੇ ਖੁਲ੍ਹੇ ਨੇ, ਪਰ ਸਾਨੂੰ ਉਹਨਾਂ ਦੀ ਕਦਰ ਵੀ ਬਹੁਤੀ ਏ। ਮੈਂ ਤੇਰੇ ਲਈ ਇਕ ਪੁਤਰ ਲਿਆਇਆ ਹਾਂ!"

ਇਹ ਸੁਣ ਕੇ ਬੁਢੜੀ ਨੂੰ ਗੁੱਸਾ ਚੜ੍ਹ ਗਿਆ:

"ਤੂੰ ਸਾਡੇ ਗ਼ਮ ਦਾ ਮਜ਼ਾਕ ਕਿਉਂ ਉਡਾ ਰਿਹੈਂ?"

"ਪਰ ਕਿਸਮਤ ਸਾਨੂੰ ਖੁਸ਼ ਕਿਉਂ ਨਹੀਂ ਕਰ ਸਕਦੀ, ਸਾਨੂੰ ਪੁੱਤਰ ਕਿਉਂ ਨਹੀਂ ਦੇ ਸਕਦੀ?" ਬਜ਼ੁਰਗ ਨੇ ਜਵਾਬ ਦਿੱਤਾ ਤੇ ਮੁੰਡੇ ਵੱਲ ਇਸ਼ਾਰਾ ਕੀਤਾ।

ਧਰਤੀ-ਗੁਲਾਕ ਊਠ ਦੇ ਮੱਥੇ ਉਤੇ ਬੈਠਾ ਹੋਇਆ ਸੀ ਤੇ ਆਪਣੇ ਮਾਪਿਆਂ ਵੱਲ ਵੇਖੀ ਜਾ ਰਿਹਾ ਸੀ।

ਬੁਢੜੀ ਨੇ ਮੁੰਡੇ ਵੱਲ ਵੇਖਿਆ ਤੇ ਬਾਂਹਵਾਂ ਲਹਿਰਾਉਂਦਿਆਂ ਆਖਿਆ:

"ਵੇ ਪੁਤਰਾ, ਤੂੰ ਏਨਾ ਸੁਹਣਾ ਏਂ, ਜਿਵੇਂ ਗੁਲਾਬ ਹੋਵੇ!"

ਉਸ ਨੇ ਮੁੰਡੇ ਨੂੰ ਆਪਣੇ ਨਿੱਘੇ ਹੱਥਾਂ ਵਿਚ ਲੈ ਲਿਆ ਅਤੇ ਉਹ ਉਸ ਵੱਲ ਵੇਖਦੀ ਹੋਈ ਰੱਜਦੀ ਹੀ ਨਹੀਂ ਸੀ।

"ਪਰ ਤੂੰ ਏਨਾ ਨਿੱਕਾ ਜਿਹਾ ਕਿਉਂ ਏਂ?"

ਯਰਤੀ ਨੇ ਹੁੰਗਾਰਾ ਭਰਿਆ:

"ਤੁਸੀਂ ਫ਼ਿਕਰ ਨਾ ਕਰੋ, ਐਦਜੇ-ਜਾਨ। ਨਿੱਕੇ ਪੁਤਰ ਦੇ ਚੋਲੇ ਲਈ ਰੇਸ਼ਮ ਵੀ ਥੋੜ੍ਹਾ ਹੀ ਚਾਹੀਦੈ!"

ਏਨਾ ਸੁਣ ਕੇ ਮਾਂ ਆਪਣੇ ਪੁਤਰ ਨੂੰ ਕਿਬੀਤਕਾ ਵਿਚ ਲੈ ਗਈ।

ਇਹ ਸਭ ਕੁਝ ਦਿਨ ਵੇਲੇ ਵਾਪਰਿਆ ਸੀ ਤੇ ਮਗਰੋਂ ਤਰਕਾਲਾਂ ਪੈ ਗਈਆਂ।

ਬੁਢੜੀ ਆਪਣੀਆਂ ਸਾਰੀਆਂ ਗੁਆਂਢਣਾਂ ਕੋਲ ਗਈ ਤੇ ਘਰ ਦੇ ਕੰਮਾਂ ਵਿਚ ਹੱਥ ਵਟਾਉਣ ਲਈ ਸੱਦਿਆ। ਉਸ ਨੇ ਆਪਣੇ ਮਹਿਮਾਨਾਂ ਦੀ ਸੇਵਾ ਕਰਨ ਵਿਚ ਕੋਈ ਕਸਰ ਬਾਕੀ ਨਾ ਛੱਡੀ। ਉਸ ਨੇ ਵੱਡੇ ਸਾਰੇ ਤਾਂਬੀਏ ਵਿਚ ਪਲਾਓ ਬਣਾਇਆ, ਮਿੱਠੀਆਂ ਰੋਟੀਆਂ ਪਕਾਈਆਂ ਅਤੇ ਮੇਜ਼ ਉਤੇ ਲੱਕੜ ਦਾ ਥਾਲ ਰਖਿਆ ਜਿਹੜਾ ਕਿਸ਼ਮਿਸ਼ ਤੇ ਮਿੱਠੇ ਖ਼ਰਬੂਜ਼ਿਆਂ ਦੀਆਂ ਫਾੜੀਆਂ ਨਾਲ ਨੱਕੋ ਨੱਕ ਭਰਿਆ ਪਿਆ ਸੀ।

ਗੁਆਂਢਣਾਂ ਸਾਰੀ ਰਾਤ ਗਾਉਂਦੀਆਂ ਰਹੀਆਂ ਤੇ ਦੁਤਾਰਾ ਸਵੇਰ ਤਕ ਵਜਦਾ ਰਿਹਾ।

ਔਰਤਾਂ ਨੇ ਗਾਉਂਦਿਆਂ ਗਾਉਂਦਿਆਂ ਇਕ ਛੋਟੇ ਜਿਹੇ ਪਟਕੇ ਵਿਚੋਂ ਯਾਰਤੀ-ਗੁਲਾਕ ਲਈ ਤਿੰਨ ਚੋਲੇ ਸੀਤੇ ਤੇ ਕਪਾਹ ਦੇ ਇਕ ਟੀਂਡੇ ਨਾਲ ਤਿਊਬੇਤੇਇਕਾ* ਬਣਾ ਦਿੱਤੀ, ਤੇ ਚੂਹੇ ਦੀ ਨਰਮ ਜਿਹੀ ਚਮੜੀ ਦੀ ਗੁਰਗਾਬੀ ਬਣਾ ਦਿੱਤੀ।

ਉਹਨਾਂ ਨੇ ਯਰਤੀ-ਗੁਲਾਕ ਨੂੰ ਚੰਗਾ ਪਹਿਰਾਵਾ ਪਹਿਨਾਇਆ, ਪਹਿਲਾਂ ਉਸ ਵੱਲ ਸੱਜੇ ਪਾਸਿਓਂ ਤੇ ਫਿਰ ਖੱਬੇ ਪਾਸਿਓਂ ਵੇਖਿਆ ਤੇ ਤਾੜੀਆਂ ਵਜਾ ਕੇ ਹੱਸਣ ਲੱਗ ਪਏ:

"ਵਾਹ ਬਈ, ਇਹ ਹੈ ਅਸਲੀ ਜਿਗੀਤ!"

ਯਰਤੀ-ਗੁਲਾਕ ਨੇ ਮਾਪਿਆਂ ਨੂੰ ਝੁਕ ਕੇ ਸਲਾਮ ਕੀਤੀ ਤੇ ਬੜੀ ਮੜਕ ਨਾਲ ਆਖਿਆ:


"ਮੇਰੀ ਚਿੰਤਾ ਕਰਨ ਲਈ ਤੁਹਾਡਾ ਧੰਨਵਾਦ। ਤੁਸੀਂ ਬੁਢੇਪੇ ਵਿਚ ਆਰਾਮ ਕਰੋ। ਹੁਣ ਮੈਂ ਘਰ ਬਾਹਰ ਦਾ ਕੰਮ ਸੰਭਾਲ ਲਵਾਂਗਾ।"

---

* ਉਜ਼ਬੇਕ ਟੋਪੀ।



ਤਿੰਨ ਰੋਟੀਆਂ



ਇਕ ਦਿਨ ਸਵੇਰੇ ਬੁਢੜੀ ਨੇ ਚੱਕੀ ਵਿਚ ਜੌਂ ਦਾ ਆਟਾ ਪੀਸਿਆ, ਲੱਸੀ ਨਾਲ ਆਟਾ ਗੁੰਨ੍ਹਿਆ, ਤੰਦੂਰ ਤਪਾਇਆ ਤੇ ਤਿੰਨ ਰੜ੍ਹੀਆਂ ਰੋਟੀਆਂ ਪਕਾ ਲਈਆਂ। ਫਿਰ ਉਹਨਾਂ ਨੂੰ ਵੜੇਵਿਆਂ ਦੇ ਤੇਲ ਨਾਲ ਚੋਪੜਿਆ, ਬਰਤਨ ਵਿਚ ਰਖਿਆ, ਸਾਫ ਪੋਣੇ ਵਿਚ ਬੰਨ੍ਹਿਆ ਤੇ ਜੁੱਤੀ ਪਾਉਣ ਲੱਗ ਪਈ।

"ਤੁਸੀਂ ਕਿੱਥੇ ਚੱਲੇ ਹੋ, ਐਦਜੇ-ਜਾਨ?" ਯਰਤੀ-ਗੁਲਾਕ ਨੇ ਆਪਣੀ ਮਾਂ ਨੂੰ ਪੁੱਛਿਆ।

ਮਾਂ ਨੇ ਜਵਾਬ ਦਿੱਤਾ:

"ਮੈਂ ਤੇਰੇ ਪਿਤਾ ਲਈ ਦੁਪਹਿਰ ਦਾ ਖਾਣਾ ਲੈ ਕੇ ਖੇਤਾਂ ਵੱਲ ਚੱਲੀ ਹਾਂ।"

ਯਰਤੀ-ਗੁਲਾਕ ਨੇ ਯਾਚਨਾ ਕੀਤੀ:

"ਤੁਸੀਂ ਨਾ ਜਾਓ! ਮੈਂ ਆਪ ਲੈ ਕੇ ਜਾਵਾਂਗਾ।"

ਪਰ ਮਾਂ ਨਾ ਮੰਨੀ:

"ਤੂੰ ਕਿਵੇਂ ਲੈ ਜਾਵੇਂਗਾ, ਤੂੰ ਅਜੇ ਏਨਾ ਨਿੱਕਾ ਏਂ!"

ਯਰਤੀ ਖਿੜ ਖਿੜ ਕੇ ਹੱਸ ਪਿਆ:

"ਮੈਂ ਨਿੱਕਾ ਹਾਂ, ਪਰ ਤਿੱਖਾ ਹਾਂ! ਤੁਸੀਂ ਚਿੰਤਾ ਨਾ ਕਰੋ, ਮੈਂ ਅੱਬਾ-ਜਾਨ ਨੂੰ ਰੋਟੀ ਵੇਲੇ-ਸਿਰ ਖੁਵਾ ਕੇ ਆਵਾਂਗਾ।"

ਮਾਂ ਵੀ ਹੱਸ ਪਈ ਤੇ ਰਜ਼ਾਮੰਦ ਹੋ ਗਈ ਕਿਉਂਕਿ ਘਰ ਵਿਚ ਉਸ ਦੇ ਕਰਨ ਵਾਲੇ ਕਈ ਦੂਸਰੇ ਕੰਮ ਸਨ।

ਜਦੋਂ ਯਰਤੀ ਜਾਣ ਲੱਗਾ ਤਾਂ ਮਾਂ ਨੇ ਕਿਹਾ:

"ਪੁਤਰਾ, ਰਾਹ ਵਿਚ ਖ਼ਰਮਸਤੀਆਂ ਨਾ ਕਰੀਂ, ਕਿਤੇ ਵੀ ਰੁਕੀਂ ਨਾ, ਨਹੀਂ ਤਾਂ ਮੈਨੂੰ ਫ਼ਿਕਰ ਲੱਗਾ ਰਹੇਗਾ। ਤੇ ਛੇਤੀ ਛੇਤੀ ਵਾਪਸ ਆ ਜਾਵੀਂ।"

ਪਰ ਸਿਆਣਿਆਂ ਦਾ ਕਹਿਣਾ ਬਿਲਕੁਲ ਸਹੀ ਹੈ ਕਿ ਬੱਚੇ ਨੂੰ ਕੰਮ ਤਾਂ ਸੌਂਪੋ, ਪਰ ਆਪ ਉਹਦਾ ਖ਼ਿਆਲ ਜ਼ਰੂਰ ਰਖੋ।

ਫੁਰਤੀਲੇ ਯਰਤੀ-ਗੁਲਾਕ ਨੇ ਰੋਟੀਆਂ ਵਾਲੀ ਗੰਢ ਆਪਣੇ ਸਿਰ ਉਤੇ ਰਖੀ ਤੇ ਖੇਤ ਦੇ ਰਾਹ ਪੈ ਗਿਆ। ਉਹ ਤੁਰਿਆ ਜਾਂਦਾ ਇਹ ਗੀਤ ਗਾ ਰਿਹਾ ਸੀ:

ਮੈਂ ਨਿੱਕਾ ਹਾਂ, ਮੈਂ ਤਿਖਾ ਹਾਂ—
ਮੈਂ ਸਾਰਿਆਂ ਨਾਲੋਂ ਤਗੜਾ ਹਾਂ!

ਮੈਂ ਨਿੱਕਾ ਹਾਂ, ਮੈਂ ਤਿਖਾ ਹਾਂ—
ਮੈਂ ਸਾਰਿਆਂ ਨਾਲੋਂ ਛੁਹਲਾ ਹਾਂ!

ਇਸ ਤਰ੍ਹਾਂ ਉਹ ਤੁਰਿਆ ਜਾਂਦਾ ਆਸੇ ਪਾਸੇ ਵੇਖੀ ਜਾ ਰਿਹਾ ਸੀ ਕਿਉਂਕਿ ਆਲੇ ਦੁਆਲੇ ਕਈ ਕੁਝ ਐਸਾ ਸੀ ਜਿਹੜਾ ਯਰਤੀ ਨੇ ਪਹਿਲਾਂ ਕਦੀ ਵੀ ਨਹੀਂ ਵੇਖਿਆ ਸੀ: ਕਿਧਰੇ ਕੋਈ ਭੂੰਡੀ ਰੀਂਗਦੀ ਜਾ ਰਹੀ ਸੀ, ਕਿਤੇ ਕੋਈ ਤਿਤਲੀ ਉਡਦੀ ਫਿਰਦੀ ਸੀ, ਉੱਚੇ ਅਸਮਾਨ ਵਿਚ ਕੋਈ ਪੰਛੀ ਚੂਕ ਰਿਹਾ ਸੀ। ਪਰ ਜਿਹੜਾ ਇਧਰ ਉਧਰ ਵੇਖਦਾ ਹੈ ਉਹ ਪੈਰਾਂ ਹੇਠ ਕੁਝ ਨਹੀਂ ਵੇਖਦਾ। ਸੋ, ਯਰਤੀ ਨੂੰ ਵੀ ਠੇਡਾ ਲੱਗ ਗਿਆ ਤੇ ਉਹ ਇਕ ਛੋਟੇ ਜਿਹੇ ਟੋਏ ਵਿਚ ਡਿਗ ਪਿਆ।

ਜੇ ਯਰਤੀ ਦੀ ਥਾਂ ਕੋਈ ਹੋਰ ਹੁੰਦਾ ਤਾਂ ਇਸ ਦੀ ਕੋਈ ਪਰਵਾਹ ਨਾ ਕਰਦਾ, ਉੱਠ ਕੇ ਅੱਗੇ ਤੁਰਦਾ ਜਾਂਦਾ। ਪਰ ਯਰਤੀ–ਗੁਲਾਕ ਟੋਏ ਵਿਚੋਂ ਕਿਵੇਂ ਨਿਕਲ ਸਕਦਾ ਸੀ ਜੇ ਉਹ ਆਪ ਹੀ ਊਠ ਦੇ ਅੱਧੇ ਕੰਨ ਜਿੰਨਾ ਸੀ? ਉਹਦੇ ਵਾਸਤੇ ਇਹ ਛੋਟਾ ਜਿਹਾ ਟੋਇਆ ਨਹੀਂ ਸੀ, ਸਗੋਂ ਬੜੀ ਡੂੰਘੀ ਖੱਡ ਸੀ।

"ਹਾਇ, ਮੈਂ ਫਸ ਗਿਆ," ਮੁੰਡੇ ਨੇ ਟੋਏ ਵਿਚ ਬੈਠੇ ਨੇ ਹੀ ਸੋਚਿਆ ਤੇ ਸਭ ਤੋਂ ਪਹਿਲਾਂ ਇਹ ਵੇਖਿਆ ਕਿ ਬਰਤਨ ਕਿਤੇ ਟੁੱਟ ਤਾਂ ਨਹੀਂ ਗਿਆ ਸੀ। ਪਰ ਰੋਟੀਆਂ ਵਾਲਾ ਬਰਤਨ ਪੋਲੀ ਰੇਤ ਉਤੇ ਡਿੱਗਿਆ ਸੀ ਤੇ ਟੁਟਣੋਂ ਬਚ ਗਿਆ ਸੀ। ਤਦ ਯਰਤੀ–ਗੁਲਾਕ ਨੇ ਆਪਣੀ ਸਾਰੀ ਤਾਕਤ ਬਟੋਰੀ, ਰੋਟੀਆਂ ਵਾਲੀ ਗੰਢ ਆਪਣੇ ਮੋਢੇ ਉਤੇ ਸੁਟੀ ਤੇ ਟੋਏ ਵਿਚੋਂ ਨਿਕਲਣ ਲਈ ਹੰਭਲਾ ਮਾਰਿਆ। ਪਰ ਟੋਏ ਦੇ ਕੰਢਿਆਂ ਦੀ ਰੇਤ ਉਸ ਦੇ ਪੈਰਾਂ ਹੇਠੋਂ ਸਰਕ ਗਈ ਤੇ ਉਹ ਫਿਰ ਟੋਏ ਵਿਚ ਡਿਗ ਪਿਆ। ਤਦ ਉਸ ਨੇ ਜ਼ਮੀਨ ਵਿਚੋਂ ਨਿਕਲੀਆਂ ਹੋਈਆਂ ਜੜ੍ਹਾਂ ਨੂੰ ਫੜਨਾ ਸ਼ੁਰੂ ਕੀਤਾ। ਪਰ ਪੱਕੀਆਂ ਜੜ੍ਹਾਂ ਉਹਦੇ ਹੱਥਾਂ ਨੂੰ ਵੱਢੀ ਜਾਂਦੀਆਂ ਸਨ ਤੇ ਕੱਚੀਆਂ ਟੁਟਦੀਆਂ ਜਾਂਦੀਆਂ ਸਨ, ਤੇ ਯਰਤੀ ਫਿਰ ਟੋਏ ਦੇ ਥੱਲੇ ਉਤੇ ਪਹੁੰਚ ਜਾਂਦਾ ਸੀ। ਯਰਤੀ ਨੇ ਬਾਹਰ ਨਿਕਲਣ ਦੀਆਂ ਭਾਵੇਂ ਬੜੀਆਂ ਹੀ ਕੋਸ਼ਿਸ਼ਾਂ ਕੀਤੀਆਂ ਪਰ ਹਰ ਵਾਰੀ ਭਾਰ ਉਸ ਨੂੰ ਹੇਠਾਂ ਖਿੱਚ ਲੈਂਦਾ ਸੀ!

ਅਚਾਨਕ ਉਸ ਨੂੰ ਘੋੜੇ ਦੇ ਪੌੜਾਂ ਦੀ ਟਾਪ ਸੁਣਾਈ ਦਿੱਤੀ। ਕੋਈ ਜਿਗੀਤ ਘੋੜੇ ਨੂੰ ਦੌੜਾਈ ਜਾ ਰਿਹਾ ਸੀ ਤੇ ਬਹਾਦਰਾਂ ਵਾਲਾ ਗੀਤ ਗਾ ਰਿਹਾ ਸੀ:

ਘੋੜਿਆ, ਮੇਰਿਆ ਘੋੜਿਆ,
ਜੇਇਰਾਨ ਨਾਲੋਂ ਵੀ ਸੁਡੌਲ ਏਂ।
ਘੋੜਿਆ, ਮੇਰਿਆ ਘੋੜਿਆ,
ਪਹਾੜੀ ਚਿਤਰੇ ਨਾਲੋਂ ਵੀ ਤਗੜਿਆ!
ਮੇਰਿਆ ਘੋੜਿਆ,
ਮੈਦਾਨੀ ਹਵਾ ਵਰਗਿਆ!

ਪੌੜਾਂ ਦੀ ਟਾਪ ਹੋਰ ਨੇੜੇ ਆਉਂਦੀ ਜਾ ਰਹੀ ਸੀ। ਯਰਤੀ ਨੇ ਟੋਏ ਵਿਚੋਂ ਸਿਰ ਕੱਢ ਕੇ ਵੇਖਿਆ ਕਿ ਘੁੜ–ਸਵਾਰ ਦੋ–ਕੁ ਕਦਮਾਂ ਦੀ ਵਿੱਥ ਉਤੇ ਹੀ ਰਹਿ ਗਿਆ ਸੀ।

"ਭਾਉ ਜਿਗੀਤਾ!" ਯਰਤੀ ਕੂਕਿਆ। "ਕਿਰਪਾ ਕਰਕੇ ਰੁਕ ਜਾਵੀਂ! ਮੇਰੀ ਗੰਢ ਕੱਢਣ ਲੱਗਿਆਂ ਤੇਰਾ ਕੋਈ ਜ਼ੋਰ ਨਹੀਂ ਲੱਗਣਾ ਜਦਕਿ ਮੈਂ ਇਕੱਲਾ ਰਾਤ ਪੈਣ ਤਕ ਵੀ ਨਹੀਂ ਨਿਕਲ ਸਕਦਾ!"

ਪਰ ਘੁੜ–ਸਵਾਰ ਨੂੰ ਯਰਤੀ–ਗੁਲਾਕ ਦੀ ਆਵਾਜ਼ ਸੁਣੀ ਹੀ ਨਾ ਤੇ ਉਹ ਘੋੜੇ 'ਤੇ ਚੜ੍ਹਿਆ ਹੋਇਆ ਅੱਗੇ ਨਿਕਲ ਗਿਆ।

ਯਰਤੀ ਆਪਣੇ ਟੋਏ ਵਿਚ ਹੀ ਬੈਠਾ ਰਹਿ ਗਿਆ।

ਪਰ ਲਓ, ਉਸ ਨੂੰ ਇਕ ਹੋਰ ਗੀਤ ਸੁਣਾਈ ਦਿੱਤਾ:

ਰੂੰ ਬਣਨ ਦੀ ਮੇਰੀ ਚਾਹਤ ਹੈ,
ਖ਼ੁਰਮਾਨੀ ਦਾ ਪੱਤਾ ਬਣਨ ਦੀ ਚਾਹਤ ਹੈ,
ਖ਼ੁਸ਼ਬੂਦਾਰ ਹਵਾ ਬਣਨ ਦੀ ਮੇਰੀ ਚਾਹਤ ਹੈ,
ਦੁਰੇਡੇ ਪਹਾੜੀ ਉੱਡਣ ਦੀ ਚਾਹਤ ਹੈ...

ਯਰਤੀ ਨੇ ਫਿਰ ਸਿਰ ਚੁਕ ਕੇ ਵੇਖਿਆ ਤਾਂ ਉਸ ਨੂੰ ਇਕ ਕੁੜੀ ਵਿਖਾਈ ਦਿੱਤੀ। ਉਹ ਇਕ ਖੋਤੇ ਨੂੰ ਹਿੱਕੀ ਜਾਂਦੀ ਗਾ ਰਹੀ ਸੀ। ਖੋਤੇ ਉਤੇ ਘਾਹ ਦੇ ਬੋਰੇ ਲੱਦੇ ਹੋਏ ਸਨ।

"ਨੀ ਕੁੜੀਏ! ਬੀਬੀਏ ਕੁੜੀਏ!" ਯਰਤੀ-ਗੁਲਾਕ ਨੇ ਪੂਰੇ ਜ਼ੋਰ ਨਾਲ ਆਵਾਜ਼ ਮਾਰੀ। "ਮੇਰੀਆਂ ਤਿੰਨ ਰੋਟੀਆਂ ਬਾਹਰ ਕੱਢਣ ਵਿਚ ਮੇਰੀ ਸਹਾਇਤਾ ਕਰ ਦੇ। ਸੂਰਜ ਸਿਰ 'ਤੇ ਆ ਚੁਕੈ ਪਰ ਮੇਰੇ ਅੱਬਾ ਨੇ ਅਜੇ ਤਕ ਖਾਣਾ ਨਹੀਂ ਖਾਧਾ!"

ਧਰਤੀ ਹੇਠੋਂ ਆਈ ਆਵਾਜ਼ ਸੁਣ ਕੇ ਕੁੜੀ ਤ੍ਰਬਕ ਗਈ ਕਿਉਂਕਿ ਰਸਤੇ ਦੇ ਘੱਟੇ ਵਿਚ ਉਸ ਨੂੰ ਛੋਟਾ ਜਿਹਾ ਮੁੰਡਾ ਦਿਸਿਆ ਨਹੀਂ ਸੀ। ਉਸ ਨੇ ਜ਼ੋਰ ਜ਼ੋਰ ਦੀ ਚੀਕਾਂ ਮਾਰੀਆਂ ਤੇ ਉਹ ਯਰਤੀ-ਗੁਲਾਕ ਕੋਲੋਂ ਦੌੜ ਗਈ। ਉਸ ਦੇ ਮਗਰ ਮਗਰ ਉਹਦਾ ਖੋਤਾ ਵੀ ਦੌੜਦਾ ਚਲਿਆ ਗਿਆ।

ਯਰਤੀ ਫਿਰ ਟੋਏ ਵਿਚ ਹੀ ਰਹਿ ਗਿਆ।

ਉਹ ਰੇਤਲੇ ਟੋਏ ਵਿਚ ਬੈਠਾ ਹੋਇਆ ਅੱਕ ਗਿਆ ਸੀ।

"ਜੇ ਮੈਂ ਇਧਰ ਉਧਰ ਨਾ ਵੇਖਦਾ," ਮੁੰਡਾ ਸੋਚ ਰਿਹਾ ਸੀ, "ਤਾਂ ਮੈਂ ਚਿਰੋਕਣਾ ਪੈਲੀ ਵਿਚ ਪਹੁੰਚ ਗਿਆ ਹੁੰਦਾ ਤੇ ਮੇਰੇ ਅੱਬਾ ਨੂੰ ਉਹਦੀਆਂ ਤਿੰਨ ਰੋਟੀਆਂ ਮਿਲ ਜਾਂਦੀਆਂ।"

ਏਨੇ ਨੂੰ ਤੀਸਰਾ ਰਾਹੀ ਵਿਖਾਈ ਦਿੱਤਾ। ਇਕ ਮੋਟਾ ਤਾਜ਼ਾ ਸੌਦਾਗਰ ਊਠ ਦੀ ਕੁਹਾਨ ਉਤੇ ਬੈਠਾ ਝੂਲ ਰਿਹਾ ਸੀ ਤੇ ਉਂਘਲਾਉਂਦਾ ਹੋਇਆ ਗਾ ਰਿਹਾ ਸੀ:

ਸੂਰਜ ਧਰਤੀ ਨੂੰ ਦੇਵੇ ਸੋਨੇ ਦੀਆਂ ਕਿਰਨਾਂ,—
ਆਇ-ਹਾਇ, ਕਿਉਂ ਨਹੀਂ ਸੁਟਦਾ ਖ਼ੁਦ ਸੋਨੇ ਨੂੰ?
ਚੰਨ ਧਰਤੀ ਨੂੰ ਦੇਵੇ ਚਾਂਦੀ ਦੀਆਂ ਰਿਸ਼ਮਾਂ,—
ਆਇ-ਹਾਇ, ਕਿਉਂ ਨਹੀਂ ਸੁਟਦਾ ਖ਼ੁਦ ਚਾਂਦੀ ਨੂੰ?
ਮੇਘ ਧਰਤੀ ਨੂੰ ਦੇਵੇ ਵਰਖਾ ਹੀਰਿਆਂ ਦੀ,
ਆਇ-ਹਾਇ, ਕਿਉਂ ਨਹੀਂ ਸੁਟਦਾ ਖ਼ੁਦ ਹੀਰਿਆਂ ਨੂੰ?
ਸਭ ਕੁਝ ਸੰਭਾਲ ਲੈਂਦਾ ਮੈਂ,
ਸਭ ਤੋਂ ਅਮੀਰ ਹੁੰਦਾ ਮੈਂ!

ਯਰਤੀ ਤਾਂ ਕਢਾਈਦਾਰ ਝੁੱਲ ਵਾਲੇ ਊਠ ਨੂੰ ਵੇਖ ਵੇਖ ਕੇ ਖ਼ੁਸ਼ ਹੋ ਰਿਹਾ ਸੀ, ਉਸ ਦੀ ਧੌਣ ਵਿਚ ਬੱਝੀਆਂ ਚਾਂਦੀ ਦੀਆਂ ਟੱਲੀਆਂ ਦੀ ਟੁਣਕਾਰ ਸੁਣ ਰਿਹਾ ਸੀ। ਜਦੋਂ ਸੌਦਾਗਰ ਉਸ ਦੇ ਬਰਾਬਰ ਆ ਗਿਆ ਤਾਂ ਮੁੰਡੇ ਨੇ ਆਦਰਭਾਵ ਨਾਲ ਕਿਹਾ:



"ਆਗਾ-ਬਾਈ, ਕਿਰਪਾ ਕਰਕੇ, ਆਪਣਾ ਹੱਥ ਵਧਾਈਂ ਤੇ ਟੋਏ ਵਿਚੋਂ ਮੇਰਾ ਸਾਮਾਨ ਕੱਢਾਈਂ। ਮੇਰੇ ਉਤੇ ਯਕੀਨ ਕਰ, ਤੇਰੇ ਵਾਸਤੇ ਇਹ ਭਾਰਾ ਬਿਲਕੁਲ ਨਹੀਂ।"

ਪਰ ਸੌਦਾਗਰ ਨੇ ਯਰਤੀ-ਗੁਲਾਕ ਵੱਲ ਕੋਈ ਧਿਆਨ ਨਾ ਦਿੱਤਾ ਤੇ ਮਾਖ਼ੀਓ-ਮਿੱਠੀ ਆਵਾਜ਼ ਵਿਚ ਪੁੱਛਿਆ:

"ਤੇ ਇਸ ਕੰਮ ਬਦਲੇ ਤੂੰ ਮੈਨੂੰ ਕੀ ਦਏਂਗਾ, ਮੁੰਡਿਆ?"

ਯਰਤੀ ਨੂੰ ਲਾਲਚੀ ਸੌਦਾਗਰ ਉਤੇ ਏਨਾ ਗੁੱਸਾ ਆਇਆ ਕਿ ਉਸ ਦੇ ਸਵਾਲ ਦਾ ਕੋਈ ਜਵਾਬ ਨਾ ਦਿੱਤਾ।

ਟੱਲੀਆਂ ਦੀ ਟੁਣਕਾਰ ਦੇ ਨਾਲ ਹੀ ਸੌਦਾਗਰ ਅੱਗੇ ਲੰਘ ਗਿਆ ਤੇ ਯਰਤੀ ਨੇ ਆਪਣੇ ਆਪ ਨੂੰ ਆਖਿਆ:

"ਬੰਦੇ ਨੂੰ ਆਪ ਹੀ ਕੋਈ ਤਰਕੀਬ ਸੋਚਣੀ ਚਾਹੀਦੀ ਏ! ਮੈਨੂੰ ਆਪ ਹੀ ਗੰਢ ਬਾਹਰ ਕੱਢਣੀ ਪਵੇਗੀ, ਨਹੀਂ ਤਾਂ ਸੂਰਜ ਡੁੱਬਣ ਤਕ ਮੇਰੇ ਅੱਬਾ ਨੂੰ ਰੋਟੀ ਨਹੀਂ ਮਿਲਣੀ। ਜਿਥੇ ਤਾਕਤ ਨਾ ਚੱਲੇ, ਉਥੇ ਅਕਲ ਤੋਂ ਕੰਮ ਲਵੋ!"

ਮੁੰਡੇ ਨੇ ਆਪਣਾ ਊਨੀ ਕਮਰਬੰਦ ਲਾਹਿਆ ਉਸ ਨੂੰ ਲੰਮੇ ਦਾਅ ਪਾੜ ਕੇ ਉਸ ਦਾ ਰੱਸਾ ਬਣਾ ਲਿਆ। ਇਕ ਸਿਰੇ ਨਾਲ ਉਸ ਨੇ ਰੋਟੀਆਂ ਵਾਲੀ ਗੰਢ ਬੰਨ੍ਹ ਦਿੱਤੀ ਤੇ ਦੂਜਾ ਸਿਰਾ ਆਪਣੇ ਦੰਦਾਂ ਵਿਚ ਲੈ ਲਿਆ ਤੇ ਉਪਰ ਚੜ੍ਹਨ ਲੱਗਾ।

ਸਿਆਣਿਆਂ ਦਾ ਕਹਿਣਾ ਸੱਚ ਹੈ, "ਸੌ ਹੱਥ ਰੱਸਾ ਸਿਰੇ ਉਤੇ ਗੰਢ।" ਹੁਣ ਜਦੋਂ ਮੁੰਡੇ ਦੇ ਮੋਢਿਆਂ ਉਤੇ ਗੰਢ ਦਾ ਭਾਰ ਨਹੀਂ ਰਿਹਾ ਸੀ, ਟੋਏ ਵਿਚੋਂ ਬਾਹਰ ਨਿਕਲਣਾ ਬੜਾ ਸੌਖਾ ਹੋ ਗਿਆ। ਯਰਤੀ ਨੇ ਆਪਣੀ ਸਾਰੀ ਤਾਕਤ ਬਟੋਰੀ ਤੇ ਸਫ਼ਰ ਅੱਗੋਂ ਜਾਰੀ ਰਖਿਆ। ਉਸ ਨੇ ਆਲੇ ਦੁਆਲੇ ਵੇਖਿਆ ਤਾਂ ਥੋੜ੍ਹੀ ਦੂਰੀ ਉਤੇ ਉਸ ਨੂੰ ਇਕ ਚਿੱਟਾ ਮੇਮਣਾ ਵਿਖਾਈ ਦਿੱਤਾ।

"ਵਾਹ, ਵਾਹ! ਜਦੋਂ ਘੋੜਾ ਨਾ ਹੋਵੇ ਤਾਂ ਖੋਤੇ ਦੀ ਹੀ ਸਵਾਰੀ ਕਰ ਲੈਣੀ ਚਾਹੀਦੀ ਏ!" ਮੁੰਡਾ ਕੂਕਿਆ।

ਉਸ ਨੇ ਮੇਮਣੇ ਦੀ ਲੱਤ ਨਾਲ ਰੱਸਾ ਬੰਨ੍ਹ ਲਿਆ, ਇਕ ਲੰਮੀ ਸਾਰੀ ਸੋਟੀ ਫੜੀ ਤੇ ਮੇਮਣੇ ਨੂੰ ਉੱਚੀ ਉੱਚੀ ਸ਼ਿਸ਼ਕਾਰਦਾ ਹੋਇਆ ਟੋਏ ਤੋਂ ਦੂਰ ਭਜਾਉਣ ਲੱਗਾ। ਮੇਮਣਾ ਡਰ ਗਿਆ। ਉਸ ਨੇ ਮੈਂਅ-ਮੈਂਅ ਕੀਤਾ ਤੇ ਉਥੋਂ ਦੌੜ ਨਿਕਲਿਆ। ਪਰ, ਅਸੀਂ ਜਾਣਦੇ ਹਾਂ ਕਿ ਉਸ ਦੀ ਲੱਤ ਨਾਲ ਰੱਸਾ ਬੱਝਾ ਹੋਇਆ ਸੀ ਤੇ ਰੱਸੇ ਨਾਲ ਰੋਟੀਆਂ ਵਾਲਾ ਬਰਤਨ।

ਮੇਮਣਾ ਦੌੜ ਪਿਆ ਤੇ ਗੰਢ ਨੂੰ ਟੋਏ ਵਿਚੋਂ ਕੱਢ ਲਿਆ।

"ਤੇਰੀ ਮਿਹਰਬਾਨੀ!" ਯਰਤੀ ਨੇ ਮੇਮਣੇ ਅੱਗੇ ਸਿਰ ਝੁਕਾਇਆ ਤੇ ਉਸ ਦੀ ਲੱਤ ਨਾਲੋਂ ਰੱਸਾ ਖੋਲ੍ਹ ਦਿੱਤਾ।

ਮੇਮਣਾ ਦੌੜ ਗਿਆ ਤੇ ਯਰਤੀ ਨੇ ਕਮਰਬੰਦ ਬੰਨ੍ਹਿਆ, ਸਿਰ ਉਤੇ ਰੋਟੀਆਂ ਵਾਲੀ ਗੰਢ ਰੱਖੀ, ਉੱਠਿਆ ਤੇ ਖੇਤ ਵੱਲ ਤੁਰ ਪਿਆ। ਉਹ ਇੰਜ ਗਾਈ ਜਾ ਰਿਹਾ ਸੀ ਜਿਵੇਂ ਉਸ ਨਾਲ ਕੋਈ ਵੀ ਘਟਨਾ ਨਾ ਵਾਪਰੀ ਹੋਵੇ:

ਮੈਂ ਨਿੱਕਾ ਹਾਂ, ਪਰ ਤਿਖਾ ਹਾਂ।
ਮੈਂ ਸਾਰਿਆਂ ਨਾਲੋਂ ਤਗੜਾ ਹਾਂ!

ਮੈਂ ਨਿੱਕਾ ਹਾਂ, ਪਰ ਤਿਖਾ ਹਾਂ—
ਮੈਂ ਸਾਰਿਆਂ ਨਾਲੋਂ ਛੁਹਲਾ ਹਾਂ!

ਮੁੰਡੇ ਦੇ ਅੱਬਾ ਦਾ ਖੇਤ ਥੋੜ੍ਹਾ ਹੀ ਦੂਰ ਰਹਿ ਗਿਆ ਸੀ ਕਿ ਅਚਾਨਕ ਉਸ ਦੇ ਸਿਰ ਉਤੇ ਜ਼ੋਰ ਜ਼ੋਰ ਦੀ ਕਾਂ-ਰੌਲੀ ਸੁਣਾਈ ਦਿੱਤੀ। ਯਰਤੀ ਨੇ ਉਪਰ ਵੱਲ ਝਾਤ ਮਾਰੀ ਤਾਂ ਉਸ ਨੂੰ ਆਪਣਾ ਦੁਸ਼ਮਣ ਵਿਖਾਈ ਦਿੱਤਾ: ਰੇਗਿਸਤਾਨ ਦਾ ਕਾਲਾ ਕਾਂ ਉਸ ਦੇ ਸਿਰ ਉਤੇ ਚੱਕਰ ਲਾਈ ਜਾ ਰਿਹਾ ਸੀ। ਉਹ ਕਾਂ-ਕਾਂ ਕਰ ਰਿਹਾ ਸੀ, ਆਪਣੇ ਪਰ ਜ਼ੋਰ ਜ਼ੋਰ ਦੀ ਫੜਫੜਾ ਰਿਹਾ ਸੀ ਤੇ ਹੋਰ ਹੋਰ ਨੀਵਾਂ ਹੁੰਦਾ ਜਾ ਰਿਹਾ ਸੀ। ਯਰਤੀ ਨੇ ਸ਼ੂਟ ਵੱਟ ਲਈ। ਪਰ ਆਪਣੇ ਦੁਸ਼ਮਣ ਤੋਂ ਪਿਛਾ ਛੁਡਾਉਣਾ ਏਨਾ ਸੌਖਾ ਨਹੀਂ ਸੀ ਕਿਉਂਕਿ ਯਰਤੀ ਦੇ ਸਿਰ ਉਤੇ ਬੜਾ ਭਾਰ ਸੀ। ਕਾਂ ਯਰਤੀ ਦੇ ਹੋਰ ਨੇੜੇ ਆਉਂਦਾ ਜਾ ਰਿਹਾ ਸੀ। ਮੁੰਡਾ ਕਾਂ ਕੋਲੋਂ ਬਚਣ ਲਈ ਸੰਘਣੇ ਘਾਹ ਵਿਚ ਲੁਕ ਲੁਕ ਜਾਂਦਾ ਤੇ ਕਾਂ ਨੂੰ ਧੋਖਾ ਦੇਣ ਲਈ ਕਦੀ ਸੱਜੇ ਪਾਸੇ ਤੇ ਕਦੀ ਖੱਬੇ ਪਾਸੇ ਦੌੜ ਜਾਂਦਾ। ਪਰ ਉੱਚੀ ਉੱਚੀ ਕਾਂ-ਰੌਲੀ ਹੋਰ ਨੇੜੇ, ਹੋਰ ਨੇੜੇ ਆਉਂਦੀ ਜਾ ਰਹੀ ਸੀ। ਲੋਭੀ ਕਾਂ ਨੇ ਰੋਟੀਆਂ ਦੀ ਗੰਢ ਚੁਰਾਉਣ ਲਈ ਆਪਣੀ ਚੁੰਜ ਖੋਲ੍ਹ ਲਈ ਸੀ ਪਰ ਉਸ ਵੇਲੇ ਛੁਹਲਾ ਯਰਤੀ ਸੁੱਕੇ ਹੋਏ ਨਾਲੇ ਵਿਚ ਲਹਿ ਗਿਆ ਤੇ ਉਸ ਦੇ ਵਿਚ ਵਿਚ ਆਪਣੇ ਪਿਤਾ ਦੇ ਖੇਤ ਵੱਲ ਦੌੜਨ ਲੱਗ ਪਿਆ। ਸੰਘਣੇ ਘਾਹ ਵਿਚੋਂ ਦੀ ਲੰਘਣ ਨਾਲੋਂ ਨਾਲੇ ਦੇ ਪੱਧਰੇ ਥੱਲੇ ਉਤੇ ਚਲਣਾ ਕਿਤੇ ਸੌਖਾ ਸੀ। ਇਸ ਕਰਕੇ, ਦੁਸ਼ਮਣ ਪਿਛੇ ਰਹਿਣ ਲੱਗ ਪਿਆ। ਯਰਤੀ ਇੰਜ ਉੱਡਦਾ ਜਾ ਰਿਹਾ ਸੀ ਜਿਵੇਂ ਉਸ ਨੂੰ ਖੰਭ ਲੱਗੇ ਹੋਏ ਹੋਣ। ਉਸ ਨੂੰ ਆਪਣੇ ਪਿਤਾ ਦਾ ਹਰਿਆ-ਭਰਿਆ ਖੇਤ ਵਿਖਾਈ ਦੇਣ ਲੱਗ ਪਿਆ ਸੀ ਤੇ ਉਸ ਨੇ ਖੁਸ਼ੀ ਵਿਚ ਗਾਉਣਾ ਸ਼ੁਰੂ ਹੀ ਕੀਤਾ ਸੀ ਕਿ ਅਚਾਨਕ ਉਸ ਦੇ ਰਾਹ ਵਿਚ ਇਕ ਨਵਾਂ ਦੁਸ਼ਮਣ ਆਉਂਦਾ ਵਿਖਾਈ ਦਿੱਤਾ: ਜਬਾੜਾ ਟੱਡ ਕੇ ਰੋਹ ਵਿਚ ਭੌਂਕਦਾ ਹੋਇਆ ਇਕ ਜੱਤਲ ਕੁੱਤਾ, ਜਿਸ ਕੋਲੋਂ ਪਿੰਡ ਦੇ ਸਾਰੇ ਮੁੰਡੇ ਡਰਦੇ ਸਨ, ਯਰਤੀ-ਗੁਲਾਕ ਵੱਲ ਦੌੜਦਾ ਆ ਰਿਹਾ ਸੀ। ਯਰਤੀ ਏਨਾ ਡਰ ਗਿਆ ਕਿ ਉਹ ਉਥੇ ਹੀ ਬਹਿ ਗਿਆ। ਕੁੱਤਾ ਵੀ ਰੁਕ ਗਿਆ।

"ਹੁਣ ਨਹੀਂ ਬਚਣੀਆਂ ਮੇਰੀਆਂ ਰੋਟੀਆਂ!" ਯਰਤੀ ਦੀ ਚੀਕ ਨਿਕਲ ਗਈ। "ਜੇ ਕਾਲਾ ਡਾਕੂ ਇਹਨਾਂ ਨੂੰ ਨਾ ਖਾ ਸਕਿਆ ਤਾਂ ਹੁਣ ਇਹ ਇਸ ਹਾਬੜੇ ਹੋਏ ਕੁੱਤੇ ਦੇ ਜਬਾੜੇ ਵਿਚ ਚਲੀਆਂ ਜਾਣਗੀਆਂ!"

ਪਰ ਏਨੇ ਨੂੰ ਕਾਂ ਵੀ ਨੇੜੇ ਆ ਚੁੱਕਾ ਸੀ। ਕੁੱਤਾ ਆਪਣੀਆਂ ਚਹੁੰ ਟੰਗਾਂ ਉਤੇ ਬੈਠ ਕੇ ਯਰਤੀ-ਗੁਲਾਕ ਤੇ ਉਸ ਦੀਆਂ ਸਵਾਦੀ ਰੋਟੀਆਂ ਉਤੇ ਝਪਟਣ ਲਈ ਤਿਆਰ ਹੋ ਰਿਹਾ ਸੀ। ਪਰ ਫੁਰਤੀਲਾ ਮੁੰਡਾ ਬਿਲਕੁਲ ਨਾ ਘਬਰਾਇਆ। ਉਸ ਨੇ ਰੋਟੀਆਂ ਦੀ ਗੰਢ ਭੁੰਜੇ ਰੱਖੀ, ਉਸ ਵਿਚੋਂ ਇਕ ਰੋਟੀ ਕੱਢੀ ਤੇ ਕੁੱਤੇ ਅੱਗੇ ਸੁੱਟ ਦਿੱਤੀ। ਬੇਸ਼ਕ, ਸਭ ਕੁਝ ਉਸ ਤਰ੍ਹਾਂ ਹੋਇਆ ਜਿਸ ਤਰ੍ਹਾਂ ਯਰਤੀ ਨੇ ਸੋਚਿਆ ਸੀ: ਕੁੱਤਾ ਰੋਟੀ ਉਤੇ ਝਪਟ ਪਿਆ, ਪਰ ਕਾਂ ਉਸ ਤੋਂ ਵੀ ਪਹਿਲਾਂ ਪਹੁੰਚ ਗਿਆ। ਉਸ ਨੇ ਰੋਟੀ ਚੁੱਕੀ ਤੇ ਉੱਡਣ ਹੀ ਲੱਗਾ ਸੀ ਕਿ ਜੱਤਲ ਕੁੱਤੇ ਨੇ ਇਕ ਲੰਮੀ ਛਾਲ ਮਾਰੀ ਤੇ ਕਾਂ ਨੂੰ ਆਪਣੇ ਦੰਦਾਂ ਵਿਚ ਜਕੜ ਲਿਆ। ਕਾਂ ਨੇ ਰੋਟੀ ਸੁੱਟ ਦਿੱਤੀ ਤੇ ਆਪਣੀ ਤਿਖੀ ਚੁੰਜ ਨਾਲ ਆਪਣੇ ਵੈਰੀ ਨੂੰ ਠੂੰਗੇ ਮਾਰਨ ਲੱਗ ਪਿਆ। ਦੋਵੇਂ ਹੀ ਨਾਲੇ ਦੇ ਵਿਚ ਵਿਚ ਕਾਂ-ਰੌਲੀ ਪਾਉਂਦੇ ਤੇ ਭੌਂਕਦੇ ਹੋਏ ਗੁਥ-ਮਗੁਥਾ ਹੋਣ ਲੱਗੇ। ਯਰਤੀ ਨਾਲੇ ਦੇ ਕੰਢੇ ਉਤੇ ਬੈਠ ਗਿਆ ਤੇ ਕੁੱਤੇ ਨੂੰ ਸ਼ਿਸ਼ਕਾਰਿਆ:

"ਫੜ ਲੈ, ਫੜ ਲੈ ਇਸ ਨੂੰ! ਇਸ ਲੁੱਚੇ ਨੂੰ ਰੋਟੀ ਲੈ ਕੇ ਜਾਣ ਨਾ ਦਈਂ!"

ਤੇ ਕੁੱਤਾ ਵਧੇਰੇ ਰੋਹ ਵਿਚ ਆ ਕੇ ਆਪਣੇ ਵੈਰੀ ਨੂੰ ਝੰਜੋੜਨ ਲੱਗਾ।

ਪਰ ਹੁਣ ਧਰਤੀ ਕਾਂ ਨੂੰ ਹਲਾਸ਼ੇਰੀ ਦੇਣ ਲੱਗ ਪਿਆ:

"ਓਇ ਤੂੰ, ਵੱਡੇ ਨੱਕ ਵਾਲਿਆ ਬਦਮਾਸ਼ਾ! ਤੂੰ ਰੇਗਿਸਤਾਨ ਦਾ ਸੁਲਤਾਨ ਕਿਵੇਂ ਹੋਇਆ ਜੇ ਤੂੰ ਰੋਟੀ ਮਾਮੂਲੀ ਜਿਹੇ ਕੁੱਤੇ ਨੂੰ ਦੇ ਦਿੱਤੀ?"

ਇਹ ਸੁਣ ਕੇ ਕਾਂ ਆਪਣੀ ਪੱਥਰ ਵਰਗੀ ਚੁੰਜ ਨਾਲ ਕੁੱਤੇ ਨੂੰ ਹੋਰ ਜ਼ੋਰ ਨਾਲ ਠੂੰਗੇ ਮਾਰਨ ਲੱਗਾ।

ਇੰਜ ਉਹ ਲੜਦੇ ਰਹੇ ਤੇ ਧਰਤੀ ਨੇ ਰੋਟੀਆਂ ਵਾਲੀ ਗੰਢ ਕੱਸ ਕੇ ਬੰਨ੍ਹ ਲਈ ਤੇ ਸਿੱਧਾ ਆਪਣੇ ਅੱਬਾ ਵੱਲ ਦੌੜ ਗਿਆ।

"ਅੱਬਾ-ਜਾਨ! ਮੈਂ ਤੁਹਾਡੇ ਲਈ ਰੋਟੀ ਲੈ ਕੇ ਆਇਆ ਹਾਂ!" ਮੁੰਡਾ ਆਪਣੇ ਅੱਬਾ ਨੂੰ ਵੇਖ ਕੇ ਕੂਕਿਆ, ਜਿਹੜਾ ਨਾਲੇ ਵਿਚ ਪਾਣੀ ਮੋੜ ਰਿਹਾ ਸੀ। ਬਜ਼ੁਰਗ ਆਪਣੇ ਪੁਤਰ ਵੱਲ ਵੇਖ ਕੇ ਮੁਸਕ੍ਰਾਇਆ। ਉਸ ਨੇ ਘਾਹ ਦੇ ਰੁੱਗ ਨਾਲ ਆਪਣੇ ਹੱਥ ਪੂੰਝੇ ਤੇ ਧਰਤੀ ਕੋਲੋਂ ਰੋਟੀਆਂ ਵਾਲੀ ਗੰਢ ਫੜ ਲਈ। ਫਿਰ ਉਸ ਨੇ ਮੁੰਡੇ ਨੂੰ ਆਪਣੀ ਹਥੇਲੀ ਉਤੇ ਬਿਠਾਇਆ ਤੇ ਆਖਿਆ:

"ਵਾਹ, ਵਾਹ! ਕਿੰਨਾ ਚੰਗਾ ਨਿਕਲਿਆ ਪੁਤਰ ਸਾਡਾ! ਤੂੰ ਏਨੀ ਛੇਤੀ ਜਿਗੀਤ ਬਣ ਗਿਐਂ ਕਿ ਮੈਨੂੰ ਤੇ ਤੇਰੀ ਮਾਂ ਨੂੰ ਪਤਾ ਹੀ ਨਹੀਂ ਲੱਗਾ! ਇਕ ਗੱਲ ਚੇਤੇ ਰਖੀਂ, ਪੁਤਰਾ: ਕਿਸੇ ਪਿਤਾ ਦੇ ਕਲੇਜੇ ਓਦੋਂ ਬੜੀ ਠੰਡ ਪੈਂਦੀ ਏ ਜਦੋਂ ਉਸ ਦੇ ਕੋਲ ਉਸ ਦਾ ਖ਼ਿਆਲ ਰਖਣ ਵਾਲਾ ਪੁਤਰ ਹੋਵੇ।"

ਏਨਾ ਕਹਿ ਕੇ ਬਜ਼ੁਰਗ ਜੌਂ ਦੇ ਆਟੇ ਦੀਆਂ ਸਵਾਦੀ ਸਵਾਦੀ ਰੋਟੀਆਂ ਖਾਣ ਲੱਗਾ ਤੇ ਨਾਲ ਹੀ ਆਪਣੇ ਨਿੱਕੇ ਜਿਹੇ ਪੁਤਰ ਨੂੰ ਵੀ ਬੁਰਕੀਆਂ ਦੇਣ ਲੱਗਾ।

ਇਸ ਤੋਂ ਪਹਿਲਾਂ ਧਰਤੀ-ਗੁਲਾਕ ਨੇ ਕਦੀ ਵੀ ਏਨੀ ਸਵਾਦੀ ਰੋਟੀ ਨਹੀਂ ਖਾਧੀ ਸੀ।



ਅੰਗੂਰਾਂ ਦਾ ਵਾੜਾ



ਬਸੰਤ ਸੁਹਾਣੀ, ਸਿਆਲਾ ਸੁਹਾਣਾ, ਹੁਨਾਲ ਸੁਹਾਣਾ, ਪਰ ਪਤਝੜ ਹੋਰ ਵੀ ਸੁਹਾਣੀ।

ਪਤਝੜ ਵਿਚ ਗਰਮੀ ਘਟ ਜਾਂਦੀ ਹੈ, ਪਤਝੜ ਵਿਚ ਫਿਰ ਫੁਲ ਖਿੜਦੇ ਹਨ, ਪਤਝੜ ਵਿਚ ਸੇਬ ਤੇ ਅਨਾਰ ਪੱਕਦੇ ਹਨ, ਅੰਗੂਰ ਤੇ ਹਰੇ ਅੰਜੀਰ ਰਸਦੇ ਹਨ, ਹਦਵਾਣੇ ਤੇ ਸੁਨਹਿਰੀ ਖ਼ਰਬੂਜ਼ੇ ਪੱਕਦੇ ਹਨ।

ਪਤਝੜ ਦੇ ਇਕ ਦਿਨ ਯਰਤੀ-ਗੁਲਾਕ ਆਪਣੇ ਖੋਤੇ ਉਤੇ ਸਵਾਰ ਹੋਇਆ ਤੇ ਬਕਰੀ ਵਾਸਤੇ ਘਾਹ ਲਿਆਉਣ ਲਈ ਖੇਤ ਵੱਲ ਚੱਲ ਪਿਆ। ਉਹ ਹਰ ਰੋਜ਼ ਕਿਸੇ ਨਾ ਕਿਸੇ ਤਰੀਕੇ ਨਾਲ ਆਪਣੀ ਮਾਂ ਦੀ ਮਦਦ ਕਰਿਆ ਕਰਦਾ ਸੀ। ਰਾਹ ਗੁਆਂਢੀ ਦੇ ਅੰਗੂਰਾਂ ਦੇ ਵਾੜੇ ਦੇ ਲਾਗੋਂ ਦੀ ਲੰਘਦਾ ਸੀ, ਤੇ ਪਤਝੜ ਰੁੱਤੇ ਅੰਗੂਰਾਂ ਨਾਲੋਂ ਚੰਗੀ ਤੇ ਸਵਾਦੀ ਸ਼ੈ ਹੋਰ ਕਿਹੜੀ ਹੋ ਸਕਦੀ ਹੈ? ਅੰਗੂਰਾਂ ਦੇ ਗੁੱਛਿਆਂ ਦੇ ਭਾਰ ਨਾਲ ਵੇਲਾਂ ਜ਼ਮੀਨ ਤਕ ਲਿਫੀਆਂ ਹੋਈਆਂ ਸਨ ਤੇ ਨਿੱਘੀ ਹਵਾ ਸ਼ਹਿਦ ਵਰਗੀ ਮਿੱਠੀ ਖ਼ੁਸ਼ਬੂ ਰਾਹ ਤਕ ਲਿਆ ਰਹੀ ਸੀ।

"ਆ-ਹਾ, ਕਿੰਨਾ ਚੰਗੈ!" ਮੁੰਡਾ ਚਹਿਕਿਆ ਤੇ ਅੰਗੂਰਾਂ ਦੇ ਵਾੜੇ ਵੱਲ ਚਲਿਆ ਗਿਆ। ਏਡੇ ਮੋਟੇ ਠੋਲ੍ਹੇ ਅੰਗੂਰ ਉਸ ਨੇ ਪਹਿਲਾਂ ਕਦੀ ਨਹੀਂ ਵੇਖੇ ਸਨ! ਇਸ ਤੋਂ ਇਲਾਵਾ, ਹੁਣ ਤਕ ਧੁੱਪ ਏਨੀ ਚੜ੍ਹ ਚੁੱਕੀ ਸੀ ਕਿ ਮੁੰਡੇ ਦਾ ਠੰਡੀ ਛਾਂ ਹੇਠ ਆਰਾਮ ਕਰਨ ਲਈ ਦਿਲ ਕਰ ਆਇਆ। ਪਰ ਅੰਗੂਰਾਂ ਦਾ ਵਾੜਾ ਉਹਦੇ ਲਈ ਇਕ ਸੰਘਣਾ ਤੇ ਅਲੰਘ ਜੰਗਲ ਸੀ।

ਉਸ ਨੇ ਖੋਤੇ ਤੋਂ ਛਾਲ ਮਾਰੀ ਤੇ ਅੱਖ ਦੇ ਪਲਕਾਰੇ ਵਿਚ ਹਰੀਆਂ ਵੇਲਾਂ ਹੇਠ ਜਾ ਵੜਿਆ। ਉਥੇ ਏਨੇ ਜ਼ਿਆਦਾ ਅੰਗੂਰ ਸਨ ਕਿ ਯਰਤੀ ਦੇ ਮੂੰਹ ਵਿਚ ਪਾਣੀ ਆ ਗਿਆ।

"ਚਲੋ ਇਕ ਅੰਗੂਰ ਤਾਂ ਤੋੜ ਹੀ ਸਕਦਾ ਹਾਂ!" ਮੁੰਡੇ ਨੇ ਸੋਚਿਆ, ਪਰ ਉਸ ਨੂੰ ਪਤਾ ਸੀ ਕਿ ਅੰਗੂਰਾਂ ਦਾ ਇਹ ਵਾੜਾ ਉਹਦਾ ਆਪਣਾ ਨਹੀਂ ਸੀ। ਸੋ, ਉਹ ਕੋਸ਼ਿਸ਼ ਕਰ ਰਿਹਾ ਸੀ ਕਿ ਰਸਭਰੇ ਗੁੱਛਿਆਂ ਵੱਲ ਵੇਖਿਆ ਹੀ ਨਾ ਜਾਵੇ।

ਤੇ ਫਿਰ ਉਸ ਨੇ ਆਪਣੇ ਆਪ ਨੂੰ ਆਖਿਆ: "ਗੁਆਂਢੀ ਦੇ ਵਾੜੇ ਵਿਚ ਲੱਖਾਂ ਹੀ ਅੰਗੂਰ ਨੇ। ਜੇ ਮੈਂ ਇਕ ਅੰਗੂਰ ਖਾ ਲਵਾਂਗਾ ਤਾਂ ਉਹ ਨਾਰਾਜ਼ ਨਹੀਂ ਹੋਣ ਲੱਗਾ।"

ਉਹ ਦੌੜ ਕੇ ਇਕ ਵੇਲ ਵੱਲ ਗਿਆ ਤੇ ਉਸ ਨੂੰ ਪਤਾ ਹੀ ਨਾ ਲੱਗਾ, ਕਦੋਂ ਇਕ ਰਸੀਲਾ, ਅੰਬਰ ਵਰਗਾ ਪਾਰਦਰਸ਼ੀ, ਅੰਗੂਰ ਉਹਦੇ ਹੱਥ ਵਿਚ ਆ ਗਿਆ। ਪਰ ਹੁਣ ਸੋਚਣ ਦਾ ਕੀ ਲਾਭ ਸੀ: ਅੰਗੂਰ ਨੂੰ ਵੇਲ ਨਾਲ ਦੁਬਾਰਾ ਜੋੜਿਆ ਤਾਂ ਨਹੀਂ ਜਾ ਸਕਦਾ ਸੀ! ਉਸ ਨੇ ਅੰਗੂਰ ਨੂੰ ਇੰਜ ਚੱਕ ਮਾਰਿਆ ਜਿਵੇਂ ਕੋਈ ਵੱਡਾ ਸਾਰਾ ਸੇਬ ਹੋਵੇ, ਕਿਉਂਕਿ ਅੰਗੂਰ ਉਸ ਦੇ ਸਿਰ ਨਾਲੋਂ ਥੋੜ੍ਹਾ ਹੀ ਛੋਟਾ ਸੀ।

ਸ਼ਹਿਦ ਵਰਗੇ ਮਿੱਠੇ ਰਸ ਦੀਆਂ ਘਰਾਲਾਂ ਯਰਤੀ ਦੀਆਂ ਉਂਗਲਾਂ ਵਿਚੋਂ ਦੀ ਵਹਿ ਗਈਆਂ, ਅੰਗੂਰ ਦੀ

ਛਿੱਲੜ ਉਹਦੇ ਦੰਦਾਂ ਵਿਚ ਚਿੱਥੀ ਜਾਣ ਲੱਗੀ, ਉਹਦਾ ਨੱਕ ਵੀ ਵਿਹਲਾ ਨਹੀਂ ਬੈਠਾ ਸੀ: ਉਹ ਵੀ ਰਸ ਨਾਲ ਚਿਪਚਿਪਾ ਹੋ ਗਿਆ ਸੀ। ਗੁਆਂਢੀ ਦਾ ਅੰਗੂਰ ਬੜਾ ਹੀ ਮਿੱਠਾ ਨਿਕਲਿਆ ਸੀ!

ਯਰਤੀ ਨੂੰ ਅਚਾਨਕ ਕਿਸੇ ਦੇ ਪੈਰਾਂ ਦੀ ਆਹਟ ਸੁਣਾਈ ਦਿੱਤੀ। ਕਦਮਾਂ ਦੀ ਆਵਾਜ਼ ਨੇੜੇ ਆਉਂਦੀ ਜਾ ਰਹੀ ਸੀ। ਯਰਤੀ ਡਰ ਗਿਆ: ਇਹ ਤਾਂ ਮਾਲਕ ਆ ਰਿਹਾ ਸੀ! ਯਰਤੀ ਨੂੰ ਤਾਂ ਮਾਲਕ ਦੇ ਹੱਥਾਂ ਵਿਚ ਫੜੀ ਕੈਂਚੀ ਦੀ ਟੁਣਕਾਰ ਵੀ ਸੁਣਾਈ ਦੇ ਰਹੀ ਸੀ ਜਿਸ ਨਾਲ ਉਹ ਇਕ ਮਗਰੋਂ ਦੂਜਾ ਅੰਗੂਰਾਂ ਦੇ ਭਾਰੀ ਭਾਰੀ ਗੁੱਛੇ ਕੱਟੀ ਜਾ ਰਿਹਾ ਸੀ। ਮੁੰਡੇ ਨੂੰ ਇਸ ਗੱਲ ਦਾ ਪਤਾ ਸੀ ਕਿ ਮਾਲਕ ਉਸ ਨੂੰ ਕੁਝ ਵੀ ਨਹੀਂ ਆਖੇਗਾ ਪਰ ਉਹ ਸ਼ਰਮ ਨਾਲ ਏਨਾ ਲਾਲ ਹੋ ਗਿਆ ਜਿਵੇਂ ਪਤਝੜ ਵਿਚ ਅੰਗੂਰਾਂ ਦੇ ਪੱਤੇ ਦਾ ਰੰਗ ਹੁੰਦਾ ਹੈ। ਉਹ ਅੰਗੂਰਾਂ ਦੇ ਇਕ ਵੱਡੇ ਸਾਰੇ ਗੁੱਛੇ ਹੇਠਾਂ ਲੁਕ ਗਿਆ ਜਿਹੜਾ ਜ਼ਮੀਨ ਉਤੇ ਡਿਗਿਆ ਹੋਇਆ ਸੀ। ਉਸ ਪਲ ਉਸ ਨੇ ਆਪਣੇ ਐਨ ਨੇੜੇ ਗੁਆਂਢੀ ਦਾ ਵੱਡਾ ਸਾਰਾ ਹੱਥ ਵੇਖਿਆ ਤੇ ਉਪਰੋਂ ਆਵਾਜ਼ ਸੁਣਾਈ ਦਿੱਤੀ:

"ਓਈ–ਓਈ–ਓਈ! ਭਲਕੇ ਹੀ ਸਾਨੂੰ ਸਾਰੇ ਟੱਬਰ ਨੂੰ ਅੰਗੂਰ ਸੰਭਾਲਣੇ ਪੈਣਗੇ, ਨਹੀਂ ਤਾਂ ਸਾਡੀ ਸਾਰੀ ਫਸਲ ਬਰਬਾਦ ਹੋ ਜਾਵੇਗੀ!"

ਏਨਾ ਕਹਿ ਕੇ ਗੁਆਂਢੀ ਨੇ ਜ਼ਮੀਨ ਉਤੇ ਡਿੱਗੇ ਹੋਏ ਗੁੱਛੇ ਨੂੰ ਉਠਾਇਆ ਤੇ ਆਪਣੀ ਟੋਕਰੀ ਵਿਚ ਪਾ ਲਿਆ। ਇੰਜ, ਅੰਗੂਰਾਂ ਦੇ ਗੁੱਛੇ ਦੇ ਨਾਲ ਹੀ ਚੁਸਤ–ਚਲਾਕ ਯਰਤੀ–ਗੁਲਾਕ ਵੀ ਟੋਕਰੀ ਵਿਚ ਜਾ ਪਿਆ। ਉਹ ਛਾਲ ਮਾਰ ਕੇ ਨਿਕਲ ਜਾਣਾ ਚਾਹੁੰਦਾ ਸੀ ਪਰ ਉਸੇ ਵੇਲੇ ਉਪਰੋਂ ਇਕ ਹੋਰ ਗੁੱਛਾ ਉਹਦੇ ਉਤੇ ਆ ਪਿਆ, ਫਿਰ ਇਕ ਹੋਰ ਤੇ ਹੁਣ ਮੁੰਡਾ ਅੰਗੂਰਾਂ ਦੇ ਹੇਠੋਂ ਨਿਕਲ ਹੀ ਨਹੀਂ ਸਕਦਾ ਸੀ। ਗੁਆਂਢੀ ਨੇ ਅੰਗੂਰਾਂ ਦੇ ਗੁੱਛੇ ਕੱਟ ਕੱਟ ਕੇ ਟੋਕਰੀ ਨੱਕੋ–ਨੱਕ ਭਰ ਲਈ ਤੇ ਘਰ ਵੱਲ ਤੁਰ ਪਿਆ। ਉਹ ਖੁਸ਼ੀ ਵਿਚ ਆਇਆ ਹੋਇਆ ਇਹ ਗੀਤ ਗਾ ਰਿਹਾ ਸੀ:

ਅੰਗੂਰਾ, ਓਇ ਅੰਗੂਰਾ, ਸਾਡੀ ਅੱਖੀਆਂ ਨੂੰ ਚੈਨ ਦੇਵੇਂ!
ਅੰਗੂਰਾ, ਓਇ ਅੰਗੂਰਾ, ਸਾਡੇ ਪੀਣ ਲਈ ਤੂੰ ਸ਼ਰਾਬ ਦੇਵੇਂ!
ਬਣ ਜਾਏਂ ਤੂੰ ਮਿੱਠੀ ਮਿੱਠੀ ਕਿਸ਼ਮਿਸ਼ ਓਇ
ਬਣ ਜਾਏਂ ਤੂੰ ਮਿੱਠਾ ਜਿਉਂ ਸ਼ਹਿਦ ਰੱਸ ਓਇ,
ਸੂਰਜ ਨੇ ਬਖ਼ਸ਼ੀ ਤੈਨੂੰ ਸਾਰੀ ਮਿਠਾਸ ਤੇ ਤਾਕਤ ਓਇ...

ਯਰਤੀ ਨੂੰ ਗੁਆਂਢੀ ਦਾ ਗੀਤ ਬੜਾ ਹੀ ਪਸੰਦ ਆਇਆ। ਉਸ ਕੋਲੋਂ ਰਿਹਾ ਨਾ ਗਿਆ ਤੇ ਟੋਕਰੀ ਦੇ ਵਿਚੋਂ ਹੀ ਪੂਰੇ ਜ਼ੋਰ ਨਾਲ ਉੱਚੀ ਸਾਰੀ ਬੋਲ ਪਿਆ:

"ਆ–ਹਾ, ਤੁਹਾਡਾ ਧੰਨਵਾਦ!"

ਗੁਆਂਢੀ ਬਥੇਰੀ ਉਮਰ ਭੋਗ ਚੁਕਾ ਸੀ, ਪਰ ਅਜ ਤਕ ਉਸ ਨੇ ਕਦੀ ਵੀ ਨਹੀਂ ਸੁਣਿਆ ਸੀ ਕਿ ਟੋਕਰੀ ਵੀ ਬੋਲਦੀ ਹੋਵੇ। ਉਹ ਇੰਜ ਭੁੜਕਿਆ ਜਿਵੇਂ ਜ਼ਹਿਰੀਲੇ ਸੱਪ ਨੇ ਡੰਗ ਲਿਆ ਹੋਵੇ। ਉਸ ਨੇ ਟੋਕਰੀ ਭੁੰਜੇ ਸੁੱਟ ਦਿੱਤੀ ਤੇ ਆਪਣੇ ਘਰ ਵੱਲ ਦੌੜ ਗਿਆ।

ਉਹ ਅੰਗੂਰਾਂ ਦੇ ਵਾੜੇ ਥਾਣੀਂ ਵਛੇਰੇ ਨਾਲੋਂ ਵੀ ਤੇਜ਼ ਦੌੜਦਾ ਜਾ ਰਿਹਾ ਸੀ ਤੇ ਰੌਲਾ ਪਾਈ ਜਾ ਰਿਹਾ ਸੀ:

"ਹਾਇ ਓਇ! ਮਾਰੇ ਗਏ ਓਇ! ਸਾਡੇ ਵਾੜੇ ਵਿਚ ਬਦਰੂਹਾਂ ਤੇ ਜਿੰਨਾਂ–ਭੂਤਾਂ ਦਾ ਵਾਸਾ ਹੋ ਗਿਐ!"

ਉਸ ਵੇਲੇ ਗੁਆਂਢੀ ਦੀ ਪਤਨੀ ਬੱਕਰੀ ਚੋ ਰਹੀ ਸੀ। ਉਸ ਨੇ ਵੇਖਿਆ ਕਿ ਉਹਦਾ ਪਤੀ ਦੌੜਦਾ ਆ ਰਿਹਾ ਸੀ ਤੇ ਉਸ ਦੀ ਦਾੜ੍ਹੀ ਖਿੱਲਰੀ ਹੋਈ ਸੀ। ਪਤਨੀ ਏਨੀ ਡਰ ਗਈ ਕਿ ਉਹਦੇ ਹੱਥੋਂ ਡੋਹਣੀ ਡਿਗ ਪਈ ਤੇ ਸਾਰਾ ਦੁੱਧ ਡੁਲ ਗਿਆ। ਉਸ ਦਾ ਪਤੀ ਅਜੇ ਵੀ ਪਾਗ਼ਲਾਂ ਵਾਂਗ ਰੌਲਾ ਪਾਈ ਜਾ ਰਿਹਾ ਸੀ।

ਤਦ ਪਤਨੀ ਨੇ ਉਸ ਨੂੰ ਬਾਹੋਂ ਫੜਿਆ ਤੇ ਘਰ ਲੈ ਗਈ।

"ਮੈਂ ਤੈਨੂੰ ਕਿੰਨੀ ਵਾਰੀ ਕਹਿ ਚੁਕੀ ਹਾਂ ਕਿ ਏਨੀ ਧੁੱਪ ਵਿਚ ਇਕੱਲੀ ਤਿਊਬੇਤੇਇਕਾ ਪਾ ਕੇ ਨਾ ਜਾਇਆ ਕਰ। ਤੇਰੇ ਸਿਰ ਨੂੰ ਲੂ ਲੱਗ ਗਈ ਏ ਤੇ ਤੈਨੂੰ ਹੁਣ ਕਾਲੇ ਤੇ ਚਿੱਟੇ ਦੇ ਫਰਕ ਦਾ ਵੀ ਪਤਾ ਨਹੀਂ ਲੱਗ ਰਿਹੈ!"

ਏਨਾ ਕਹਿ ਕੇ ਗੁਆਂਢੀ ਦੀ ਘਰਵਾਲੀ ਨੇ ਆਪਣੇ ਘਰਵਾਲੇ ਨੂੰ ਰਜ਼ਾਈ ਉਤੇ ਲੰਮਾ ਪਾ ਦਿੱਤਾ ਅਤੇ ਉਹਦਾ ਸਿਰ ਗਿੱਲੇ ਪਰਨੇ ਨਾਲ ਢੱਕ ਦਿੱਤਾ। ਪਰ ਗੁਆਂਢੀ ਬੜਬੜਾਉਂਦਾ ਰਿਹਾ ਅਤੇ ਜਿੰਨ-ਭੂਤਾਂ ਤੇ ਟੋਕਰੀ ਬਾਰੇ ਰੌਲਾ ਪਾਉਂਦਾ ਰਿਹਾ।

ਤਦ ਪਤਨੀ ਨੇ ਆਪਣੇ ਸਿਰ ਉਤੇ ਦੁਪਟਾ ਲਿਆ ਤੇ ਟੋਕਰੀ ਲੱਭਣ ਲਈ ਤੁਰ ਪਈ।

ਤੇ ਹੁਣ, ਆਓ, ਇਹ ਵੇਖੀਏ ਕਿ ਧਰਤੀ-ਗੁਲਾਕ ਨਾਲ ਅੱਗੋਂ ਕੀ ਵਾਪਰਦਾ ਹੈ।

ਜਦੋਂ ਗੁਆਂਢੀ ਨੇ ਟੋਕਰੀ ਸੁੱਟੀ ਸੀ ਤਾਂ ਧਰਤੀ ਵੀ ਅੰਗੂਰਾਂ ਦੇ ਨਾਲ ਹੀ ਉਸ ਵਿਚੋਂ ਨਿਕਲ ਕੇ ਡਿਗ ਪਿਆ ਸੀ। ਉਹ ਭੁੜਕ ਕੇ ਖੜਾ ਹੋ ਗਿਆ ਆਪਣੀਆਂ ਗੁੱਤਾਂ ਨੂੰ ਝਟਕਾ ਦਿੱਤਾ ਤੇ ਆਪਣੇ ਆਪ ਨੂੰ ਸੰਬੋਧਤ ਹੋ ਕੇ ਕਿਹਾ:

"ਓਇ, ਮੁੰਡਿਆ, ਤੂੰ ਗੁਆਂਢੀ ਨਾਲ ਬੜਾ ਧੱਕਾ ਕੀਤੈ! ਪਹਿਲਾਂ ਤੂੰ ਆਗਿਆ ਲਏ ਬਿਨਾਂ ਉਹਦਾ ਅੰਗੂਰ ਖਾ ਲਿਆ, ਫਿਰ ਤੂੰ ਡਰਾ ਕੇ ਉਸ ਦੀ ਜਾਨ ਕੱਢ ਦੇਣ ਲੱਗਾ ਸੈਂ। ਹੁਣ ਤੈਨੂੰ ਉਸ ਵਿਚਾਰੇ ਦੀ ਸਹਾਇਤਾ ਕਰਨੀ ਚਾਹੀਦੀ ਏ ਤੇ ਟੋਕਰੀ ਉਹਦੇ ਘਰ ਛਡ ਕੇ ਆਉਣਾ ਚਾਹੀਦੈ।"

ਉਸ ਨੇ ਕਹਿਣੀ ਤੇ ਕਰਨੀ ਇਕ ਕਰ ਵਿਖਾਈ। ਉਸ ਨੇ ਟੋਕਰੀ ਨੂੰ ਇਕ ਸਿਰੇ ਤੋਂ ਫੜ ਲਿਆ ਤੇ ਖਿੱਚਣ ਲੱਗਾ। ਪਰ ਟੋਕਰੀ ਤਾਂ ਇੰਜ ਸੀ ਜਿਵੇਂ ਜ਼ਮੀਨ ਵਿਚ ਗੱਡੀ ਗਈ ਹੋਵੇ। ਇਸ ਲਈ, ਧਰਤੀ ਕੁਝ ਵੀ ਨਾ ਕਰ ਸਕਿਆ। ਤਦ ਉਹ ਟੋਕਰੀ ਦੇ ਹੇਠਾਂ ਹੋ ਗਿਆ ਤੇ ਉਸ ਨੂੰ ਚੁੱਕ ਕੇ ਮਾਲਕ ਦੇ ਘਰ ਵੱਲ ਦੌੜਨ ਲੱਗਾ। ਹੁਣ ਟੋਕਰੀ ਜ਼ਮੀਨ ਨਾਲ ਜੁੜੀ ਨਹੀਂ ਸੀ ਸਗੋਂ ਰਸਤੇ ਉਤੇ ਉਡਦੀ ਜਾ ਰਹੀ ਸੀ। ਧਰਤੀ-ਗੁਲਾਕ ਨੂੰ ਇਹ ਗੱਲ ਏਨੀ ਚੰਗੀ ਲੱਗੀ ਕਿ ਉਹ ਗਾਉਣ ਲੱਗ ਪਿਆ:

ਮੈਂ ਨਿੱਕਾ ਹਾਂ, ਪਰ ਤਿੱਖਾ ਹਾਂ,
ਮੈਂ ਸਭਨਾਂ ਨਾਲੋਂ ਤਗੜਾ ਹਾਂ!
ਮੈਂ ਨਿੱਕਾ ਹਾਂ, ਪਰ ਤਿੱਖਾ ਹਾਂ,
ਮੈਂ ਸਾਰਿਆਂ ਨਾਲੋਂ ਛੁਹਲਾ ਹਾਂ!

ਪਰ ਧਰਤੀ-ਗੁਲਾਕ ਵੱਲ ਸਾਮ੍ਹਣਿਓਂ ਮਾਲਕਣ ਦੌੜਦੀ ਆ ਰਹੀ ਸੀ। ਜਦੋਂ ਮਾਲਕਣ ਨੇ ਵੇਖਿਆ ਕਿ ਟੋਕਰੀ ਉਡਦੀ ਆ ਰਹੀ ਸੀ ਤੇ ਨਾਲ ਹੀ ਗੀਤ ਵੀ ਗਾ ਰਹੀ ਸੀ ਤਾਂ ਉਸ ਦੀਆਂ ਚੀਕਾਂ ਨਿਕਲ ਗਈਆਂ ਜਿਵੇਂ ਕਿਸੇ ਦੈਂਤ ਨੇ ਵਿਖਾਲੀ ਦੇ ਦਿੱਤੀ ਹੋਵੇ। ਉਹ ਘਰ ਵੱਲ ਦੌੜ ਗਈ। ਉਸ ਨੂੰ ਰਸਤਾ ਵੀ ਨਹੀਂ ਲੱਭ ਰਿਹਾ ਸੀ। ਉਹ ਇਕ ਦਰਖ਼ਤ ਦੀ ਜੜ੍ਹ ਵਿਚ ਫਸ ਗਈ ਤੇ ਡਿਗ ਪਈ। ਉਹ ਲੰਮੀ ਪਈ ਹੋਈ ਸਹਾਇਤਾ ਲਈ ਪੁਕਾਰ ਰਹੀ ਸੀ।

ਯਰਤੀ ਮਾਲਕਣ ਕੋਲ ਜਾ ਕੇ ਉਸ ਨੂੰ ਧਰਵਾਸ ਦੇਣੀ ਚਾਹੁੰਦਾ ਸੀ, ਪਰ ਉਸ ਦਾ ਚੋਲਾ ਟੋਕਰੀ ਦੇ ਸਿਰੇ ਨਾਲ ਅੜ ਗਿਆ। ਉਹ ਟੋਕਰੀ ਹੇਠਾਂ ਤੜਪ ਰਿਹਾ ਸੀ ਜਿਵੇਂ ਕੁੜਿਕੀ ਫਸਿਆ ਚੂਹਾ ਹੋਵੇ। ਅਖ਼ੀਰ, ਉਸ ਨੇ ਇਕ ਝਟਕਾ ਮਾਰਿਆ ਤੇ ਚੋਲੇ ਦਾ ਅੱਧਾ ਹਿੱਸਾ ਟੋਕਰੀ ਦੀਆਂ ਛਮਕਾਂ ਵਿਚ ਹੀ ਫਸਿਆ ਰਹਿ ਗਿਆ ਪਰ ਆਪ ਉਹ ਆਜ਼ਾਦ ਹੋ ਗਿਆ ਸੀ। ਉਹ ਦੌੜਦਾ ਦੌੜਦਾ ਸਿੱਧਾ ਉਸ ਥਾਂ ਉਤੇ ਚਲਾ ਗਿਆ ਜਿਥੇ ਉਹ ਔਰਤ ਅਜੇ ਵੀ ਚੀਕਾਂ ਮਾਰੀ ਜਾ ਰਹੀ ਸੀ। ਯਰਤੀ ਦੇ ਰਾਹ ਵਿਚ ਕੰਡਿਆਲੇ ਘਾਹ ਦੀਆਂ ਝਾੜੀਆਂ ਵੀ ਆਈਆਂ ਤੇ ਪਿਛਲੇ ਸਾਲ ਦੇ ਪਏ ਹੋਏ ਸੁੱਕੇ ਪੱਤਿਆਂ ਦੇ ਢੇਰ ਵੀ ਆਏ।

ਸੁੱਕੇ ਪੱਤੇ ਉਸ ਦੇ ਚੋਲੇ ਨਾਲ ਚੰਬੜ ਗਏ ਜਿਹੜਾ ਅੰਗੂਰ ਦੇ ਮਿੱਠੇ ਰਸ ਨਾਲ ਲਿਬੜਿਆ ਹੋਇਆ ਸੀ, ਪੱਤਿਆਂ ਨਾਲ ਸੁੱਕੀਆਂ ਟਾਹਣੀਆਂ ਤੇ ਸੂਲਾਂ ਚੰਬੜ ਗਈਆਂ ਤੇ ਸੂਲਾਂ ਨਾਲ ਪਿਛਲੇ ਸਾਲ ਵਾਲੇ ਡੰਡਲ, ਤੇ ਛੇਤੀ ਹੀ ਯਰਤੀ ਨਹੀਂ ਦੌੜ ਰਿਹਾ ਸੀ ਸਗੋਂ ਕੋਈ ਭਿਆਨਕ ਕੰਡੇਦਾਰ ਗੋਲਾ ਰਿੜ੍ਹਦਾ ਜਾ ਰਿਹਾ ਸੀ ਜਿਹੜਾ ਮਿੱਟੀ ਘੱਟੇ ਨਾਲ ਲੱਥਪੱਥ ਹੋਇਆ ਪਿਆ ਸੀ।

ਲਓ ਸੁਣੋ, ਅੱਗੋਂ ਕੀ ਹੋਇਆ।

ਔਰਤ ਬੜੀ ਉੱਚੀ ਉੱਚੀ ਚੀਕਾਂ ਮਾਰ ਰਹੀ ਸੀ। ਉਸ ਦੀਆਂ ਚੀਕਾਂ ਉਸ ਦੇ ਪੁਤਰ ਨੇ ਸੁਣ ਲਈਆਂ। ਉਸ ਵੇਲੇ ਉਹ ਬਾਗ ਦੇ ਵਿਚਕਾਰ ਕੰਮ ਕਰ ਰਿਹਾ ਸੀ ਤੇ ਵੇਲਾਂ ਹੇਠਾਂ ਠੁੰਮ੍ਹਣੇ ਦੇ ਰਿਹਾ ਸੀ ਤਾਂ ਜੋ ਉਹ ਗੁੱਛਿਆਂ ਦੇ ਭਾਰ ਨਾਲ ਲਿਫ ਨਾ ਜਾਣ। ਆਪਣੀ ਮਾਂ ਦੀਆਂ ਚੀਕਾਂ ਸੁਣ ਕੇ ਮੁੰਡੇ ਨੇ ਇਹ ਸਮਝਿਆ ਕਿ ਉਸ ਨੂੰ ਪਿੰਡ ਦੇ ਸਾਰੇ ਕੁੱਤੇ ਵੱਢਣ ਪੈ ਗਏ ਸਨ। ਇਸ ਲਈ ਉਹ ਆਪਣੀ ਮਾਂ ਦੀ ਸਹਾਇਤਾ ਕਰਨ ਲਈ ਕਾਹਲੀ ਕਾਹਲੀ ਉਸ ਪਾਸੇ ਵੱਲ ਵਧਿਆ।

ਉਹ ਖਾਲਾਂ ਵੱਟਾਂ ਤੇ ਦਰਖ਼ਤਾਂ ਦੀਆਂ ਜੜ੍ਹਾਂ ਨੂੰ ਟੱਪਦਾ ਹੋਇਆ ਦੌੜਦਾ ਜਾ ਰਿਹਾ ਸੀ ਕਿ ਅਚਾਨਕ ਝਾੜੀਆਂ ਵਿਚੋਂ ਇਕ ਭਿਅੰਕਰ ਜੀਵ ਨਿਕਲ ਆਇਆ। ਉਹ ਝਾੜਚੂਹੇ ਜਾਂ ਸੇਹ ਵਰਗਾ ਲਗਦਾ ਸੀ।

ਭਿਅੰਕਰ ਜੀਵ ਚੀਕਿਆ:

"ਛੇਤੀ ਕਰੋ! ਛੇਤੀ ਛੇਤੀ ਸਹਾਇਤਾ ਕਰੋ!" ਤੇ ਉਹ ਓਨੀ ਹੀ ਤੇਜ਼ੀ ਨਾਲ ਝਾੜੀਆਂ ਵਿਚ ਜਾ ਵੜਿਆ ਜਿੰਨੀ ਨਾਲ ਉਹਨਾਂ ਵਿਚੋਂ ਨਿਕਲਿਆ ਸੀ।

ਮੁੰਡੇ ਦਾ ਏਨਾ ਤਰਾਹ ਨਿਕਲਿਆ ਕਿ ਉਹ ਇਕਦਮ ਪਿਛਾਂਹ ਮੁੜਿਆ ਤੇ ਤਿਲਕ ਕੇ ਧੜੰਮ ਕਰਦਾ ਗੰਦੇ ਨਾਲੇ ਵਿਚ ਡਿਗ ਪਿਆ।

ਆਓ, ਹੁਣ ਵੇਖਦੇ ਹਾਂ ਕਿ ਯਰਤੀ-ਗੁਲਾਕ ਦੇ ਬਜ਼ੁਰਗ ਮਾਪੇ ਕੀ ਕਰ ਰਹੇ ਸਨ।

ਬਜ਼ੁਰਗ ਜੋੜੀ ਆਪਣੇ ਕਿਬੀਤਕਾ ਵਿਚ ਬੈਠੀ ਹੋਈ ਪੈਸੇ ਗਿਣ ਰਹੀ ਸੀ ਜਿਹੜੇ ਉਹਨਾਂ ਨੇ ਕਪਾਹ ਵੇਚ ਕੇ ਵੱਟੇ ਸਨ। ਪੈਸੇ ਕੋਈ ਜ਼ਿਆਦਾ ਨਹੀਂ ਸਨ, ਇਸ ਲਈ ਉਹਨਾਂ ਨੂੰ ਗਿਣਨ ਵਿਚ ਬਹੁਤਾ ਚਿਰ ਨਾ ਲੱਗਾ।

ਬਜ਼ੁਰਗ ਨੇ ਇਕ ਟੱਕਾ ਫੜਿਆ ਤੇ ਆਪਣੇ ਚੋਲੇ ਦੇ ਖੀਸੇ ਵਿਚ ਪਾ ਲਿਆ। ਉਸ ਨੇ ਆਖਿਆ:

"ਇਸ ਪੈਸੇ ਨਾਲ ਮੈਂ ਯਰਤੀ ਲਈ ਨਵੀਂ ਤੇਲਪੇਕ—ਭੇਡ ਦੀ ਖੱਲ ਦੀ ਚਿੱਟੀ ਟੋਪੀ—ਖ਼ਰੀਦਾਂਗਾ।"

ਬੁਢੜੀ ਨੇ ਇਕ ਹੋਰ ਟੱਕਾ ਫੜਿਆ ਤੇ ਦੁਪਟੇ ਦੇ ਪੱਲੇ ਨਾਲ ਬੰਨ੍ਹ ਲਿਆ। ਉਸ ਨੇ ਵੀ ਆਖਿਆ:

"ਮੈਂ ਆਪਣੇ ਪੁਤਰ ਲਈ ਗੱਚਕ ਖ਼ਰੀਦਾਂਗੀ। ਉਹ ਖੇਤ ਵਿਚ ਤੇਰਾ ਚੰਗੀ ਤਰ੍ਹਾਂ ਹੱਥ ਵਟਾਉਂਦਾ ਰਿਹੈ, ਹੁਣ ਉਸ ਨੂੰ ਕੁਝ ਦੇਣਾ ਬਣਦੈ।"

ਏਨਾ ਕਹਿ ਕੇ ਬੁਢੜੀ ਖ਼ੁਸ਼ੀ ਵਿਚ ਆਈ ਹੋਈ ਹੱਸਣ ਲੱਗ ਪਈ।

ਤੇ ਅਚਾਨਕ ਇਕ ਭਿਆਨਕ ਜੀਵ, ਜਿਹੜਾ ਉਹਨਾਂ ਨੇ ਪਹਿਲਾਂ ਕਦੀ ਵੀ ਨਹੀਂ ਡਿੱਠਾ ਸੀ, ਰਿੜ੍ਹਦਾਂ

ਰਿੜ੍ਹਦਾ ਕਿਬੀਤਕਾ ਵਿਚ ਆ ਵੜਿਆ। ਭਿਆਨਕ ਜੀਵ ਚੀਕਿਆ ਤੇ ਮਾਪਿਆਂ ਨੇ ਯਰਤੀ-ਗੁਲਾਕ ਦੀ ਆਵਾਜ਼ ਇਕਦਮ ਪਛਾਣ ਲਈ:

"ਅੱਬਾ-ਜਾਨ! ਅੱਬਾ ਜੀ! ਛੇਤੀ ਛੇਤੀ ਗੁਆਂਢੀਆਂ ਵੱਲ ਜਾਓ। ਉਹਨਾਂ ਦੇ ਘਰ ਵਿਚ ਬਦਨਸੀਬੀ ਆ ਵੜੀ ਏ, ਘਰ ਦਾ ਮਾਲਕ ਬਿਮਾਰ ਹੋ ਗਿਆ, ਘਰ ਦੀ ਮਾਲਕਣ ਬੇਹੋਸ਼ ਹੋ ਗਈ ਏ ਤੇ ਉਹਨਾਂ ਦਾ ਪੁਤਰ ਗੰਦੇ ਨਾਲੇ ਵਿਚ ਡੁੱਬ ਚੱਲਿਐ!"

ਬਜ਼ੁਰਗ ਨੇ ਕੁਝ ਕਹੇ ਬਿਨਾਂ ਚੋਲਾ ਪਾਇਆ ਤੇ ਬਿਰਧ ਹੋਣ ਦੇ ਬਾਵਜੂਦ ਗਭਰੂਆਂ ਵਾਂਗ ਗੁਆਂਢੀ ਦੇ ਘਰ ਵੱਲ ਦੌੜ ਗਿਆ।

ਉਧਰ ਬੁਢੜੀ ਨੇ ਯਰਤੀ-ਗੁਲਾਕ ਨੂੰ ਆਪਣੇ ਹੱਥ ਵਿਚ ਲਿਆ ਤੇ ਪੁੱਛਣ ਲੱਗੀ:


"ਆਇ-ਹਾਇ! ਸਾਡੇ ਘਰ ਬਦਕਿਸਮਤੀ ਆ ਗਈ ਏ, ਜਿਹੋ ਜਿਹੀ ਪਹਿਲਾਂ ਕਦੀ ਨਹੀਂ ਆਈ ਸੀ। ਮੇਰੇ ਪੁਤਰ, ਮੇਰੀਆਂ ਅੱਖਾਂ ਦੇ ਤਾਰੇ, ਤੂੰ ਆਪਣਾ ਨਵਾਂ ਚੋਲਾ ਕਿਥੇ ਪੜਵਾ ਲਿਆ ਈ ਤੇ ਕਿਥੇ ਨਵੀਂ ਟੋਪੀ ਗੁਆ ਆਇਆ ਏਂ? ਤੂੰ ਆਪਣੇ, ਪੱਕੇ ਸੇਬ ਵਰਗੇ ਚਿਹਰੇ ਨੂੰ ਕਿਵੇਂ ਝਰੀਟਾਂ ਪਾਈਆਂ ਨੇ? ਤੂੰ ਆਪਣੇ ਛੋਟੇ ਛੋਟੇ ਹੱਥ ਕਿਥੇ ਲਿਬੇੜੇ ਨੇ ਜਿਨ੍ਹਾਂ ਵਰਗੇ ਦੁਨੀਆ ਵਿਚ ਹੋਰ ਕਿਸੇ ਦੇ ਵੀ ਨਹੀਂ? ਛੇਤੀ ਛੇਤੀ ਆਪਣੀ ਮਾਂ ਨੂੰ ਦੱਸ ਦੇ ਕਿ ਇਸ ਬਦਕਿਸਮਤੀ ਦਾ ਕਾਰਨ ਕੀ ਏ?"

ਯਰਤੀ ਨੇ ਆਪਣਾ ਸਿਰ ਨੀਵਾਂ ਕਰ ਲਿਆ, ਥੋੜ੍ਹਾ ਚਿਰ ਚੁੱਪ ਕੀਤਾ ਰਿਹਾ ਤੇ ਫਿਰ ਨਾ ਚਾਹੁੰਦਿਆਂ ਜਵਾਬ ਦਿੱਤਾ:

"ਮੇਰਾ ਖ਼ਿਆਲ ਏ, ਐਦਜੇ-ਜਾਨ, ਕਿ ਸਾਰੀ ਮੁਸੀਬਤ ਦੀ ਜੜ੍ਹ ਇਕ ਅੰਗੂਰ ਏ ਜਿਹੜਾ ਮੈਂ ਬੇਗਾਨੇ ਵਾੜੇ ਵਿਚੋਂ ਪੁੱਛੇ ਬਿਨਾਂ ਤੋੜ ਲਿਆ ਸੀ!"

ਤੇ ਅਸੀਂ ਆਪਣੇ ਵਲੋਂ ਆਖਾਂਗੇ:

"ਉਹ ਅੰਗੂਰ ਮਿਠਾਸ ਨਹੀਂ ਦੇ ਸਕਦਾ ਜਿਹੜਾ ਗੁਆਂਢੀ ਦੇ ਅੰਗੂਰਾਂ ਦੇ ਵਾੜੇ ਵਿਚ ਲੱਗਾ ਹੋਇਆ ਹੋਵੇ।"



ਨਿੱਕਾ, ਪਰ ਤਿੱਖਾ



ਆਜੜੀ ਪਿੰਡ ਵਿਚ ਆ ਗਏ ਤੇ ਟਾਹਰਾਂ ਮਾਰੀ ਜਾ ਰਹੇ ਸਨ:

"ਸਾਡੀ ਮਦਦ ਕਰੋ, ਗੁਆਂਢੀਓ! ਸਾਡੇ ਇੱਜੜ ਉਤੇ ਸਟੈਪੀ ਦਾ ਬਘਿਆੜ ਹਮਲੇ ਕਰਨ ਲੱਗ ਪਿਐ ਤੇ ਹਰ ਰੋਜ਼ ਇਕ ਭੇਡੂ ਚੁੱਕ ਕੇ ਲੈ ਜਾਂਦੈ! ਅਸੀਂ ਬੜੀਆਂ ਕੁੜਿਕੀਆਂ ਲਾਈਆਂ ਪਰ ਉਹ ਉਹਨਾਂ ਵੱਲ ਜਾਂਦਾ ਹੀ ਨਹੀਂ ਕਿਉਂਕਿ ਉਹ ਬੜਾ ਚਲਾਕ ਏ। ਅਸੀਂ ਇਕ ਟੋਇਆ ਵੀ ਪੁੱਟਿਆ ਪਰ ਉਹ ਟੋਏ ਵਿਚ ਡਿੱਗਾ ਨਹੀਂ ਕਿਉਂਕਿ ਉਹ ਬੜਾ ਸਿਆਣਾ ਏ। ਅਸੀਂ ਸਾਰਿਆਂ ਨੇ ਘਾਤ ਲਾ ਕੇ ਹਮਲਾ ਵੀ ਕੀਤਾ ਪਰ ਬਘਿਆੜ ਸਾਡੇ ਕੋਲੋਂ ਮਰਿਆ ਨਹੀਂ ਕਿਉਂਕਿ ਉਹ ਬੜਾ ਤਗੜਾ ਤੇ ਚੁਸਤ ਏ। ਅਸੀਂ ਏਡਾ ਵੱਡਾ ਬਘਿਆੜ ਪਹਿਲਾਂ ਕਦੀ ਵੀ ਨਹੀਂ ਵੇਖਿਆ। ਆਓ, ਉਸ ਨੂੰ ਮਾਰ ਦਈਏ!"

ਕਿਸਾਨਾਂ ਨੇ ਸਿਰ ਫੇਰ ਦਿੱਤੇ।

"ਅਸੀਂ ਜਾ ਕੇ ਕੀ ਕਰ ਸਕਦੇ ਹਾਂ ਜੇ ਆਜੜੀ ਵੀ ਉਸ ਨਾਲ ਵਾਰਾ-ਸੱਟਾ ਨਹੀਂ ਲੈ ਸਕਦੇ?"

ਉਹਨਾਂ ਨੇ ਬਾਂਹਵਾਂ ਮਾਰੀਆਂ ਤੇ ਉਥੋਂ ਚਲੇ ਗਏ।

ਪਰ ਧਰਤੀ-ਗੁਲਾਕ ਨੇ ਸਾਰੀ ਗੱਲ ਸੁਣ ਲਈ। ਜਦੋਂ ਇਹ ਗੱਲਾਂ ਹੋ ਰਹੀਆਂ ਸਨ ਤਾਂ ਧਰਤੀ-ਗੁਲਾਕ ਕੰਧ ਉਤੇ ਬੈਠਾ ਆਪਣੀਆਂ ਗੁੱਤਾਂ ਕੱਸ ਕੇ ਗੁੰਦ ਰਿਹਾ ਸੀ।

"ਓਇ, ਆਜੜੀਓ!" ਧਰਤੀ ਨੇ ਟੁਣਕਵੀਂ ਆਵਾਜ਼ ਵਿਚ ਆਜੜੀਆਂ ਨੂੰ ਟਾਹਰ ਮਾਰੀ। "ਤੁਸੀਂ ਆਪਣੇ ਇੱਜੜ ਦੀ ਰਾਖੀ ਰਖਣ ਲਈ ਮੈਨੂੰ ਲੈ ਚੱਲੋ। ਮੈਂ ਬਘਿਆੜ ਕੋਲੋਂ ਨਹੀਂ ਡਰਦਾ।"

ਆਜੜੀਆਂ ਨੇ ਧਰਤੀ-ਗੁਲਾਕ ਵੱਲ ਵੇਖਿਆ ਤੇ ਖਿੜ ਖਿੜ ਕੇ ਹੱਸਣ ਲੱਗੇ:

"ਤੂੰ ਮੱਖੀ ਨਾਲ ਤਾਂ ਘੁਲ ਸਕਦਾ ਏਂ ਪਰ ਭਿਅੰਕਰ ਜਾਨਵਰ ਨਾਲ ਨਹੀਂ!"

ਪਰ ਮੁੰਡੇ ਨੇ ਵੀ ਹਠ ਨਾ ਹਾਰਿਆ:

"ਘੋੜੇ ਦੀ ਤਾਕਤ ਦਾ ਪਤਾ ਘੁੜ-ਦੌੜਾਂ ਵੇਲੇ, ਤੇ ਜਵਾਨ-ਜਿਗੀਤ ਦੀ ਤਾਕਤ ਦਾ ਦੰਗਲ ਵੇਲੇ ਲਗਦਾ ਏ। ਤੁਸੀਂ ਮੈਨੂੰ ਵੀ ਪਰਖ ਕੇ ਵੇਖ ਲਓ!"

ਤਦ ਵੱਡੇ ਆਜੜੀ ਨੇ ਆਖਿਆ:

"ਚੱਖਣ ਨਾਲ ਸ਼ਰਾਬ ਜੂਠੀ ਨਹੀਂ ਹੁੰਦੀ। ਜੇ ਤੂੰ ਸਾਨੂੰ ਬਘਿਆੜ ਤੋਂ ਨਜਾਤ ਦਿਵਾ ਦਏਂ ਤਾਂ ਅਸੀਂ ਤੇਰੇ ਬੜੇ ਹੀ ਸ਼ੁਕਰਗੁਜ਼ਾਰ ਹੋਵਾਂਗੇ। ਪਰ ਜੇ ਨਾ ਦਿਵਾਈ ਤਾਂ ਸਾਰਾ ਕਸੂਰ ਤੇਰਾ ਹੋਵੇਗਾ, ਸਾਡਾ ਕੁਝ ਨਹੀਂ ਜਾਂਦਾ। ਪਰ ਤੂੰ ਇਹ ਦੱਸ ਕਿ ਅਸੀਂ ਤੇਰੀ ਮਦਦ ਕਿਵੇਂ ਕਰ ਸਕਦੇ ਹਾਂ।"

"ਮੁਸੀਬਤ ਵਿਚ ਦੋਸਤ ਦੀ ਮਦਦ ਦਾ ਬੜਾ ਆਸਰਾ ਹੁੰਦਾ ਏ," ਧਰਤੀ-ਗੁਲਾਕ ਨੇ ਆਜੜੀਆਂ

ਅੱਗੇ ਸਿਰ ਨਿਵਾਇਆ, "ਜੇ ਮੈਨੂੰ ਤੁਹਾਡੀ ਲੋੜ ਪਈ ਤਾਂ ਬੁਲਾ ਲਵਾਂਗਾ, ਪਰ ਹਾਲ ਦੀ ਘੜੀ ਤੁਸੀਂ ਆਪਣੇ ਇੱਜੜ ਵੱਲ ਚਲੇ ਜਾਓ। ਤੁਸੀਂ ਵੇਖ ਲੈਣਾ ਕਿ ਮੈਂ ਆਪਣੇ ਬਚਨ ਦਾ ਪੱਕਾ ਹਾਂ ਤੇ ਤੁਹਾਡੇ ਭੇਡੂਆਂ ਨੂੰ ਬਿਪਤਾ ਵਿਚ ਫਸਣ ਨਹੀਂ ਦਿਆਂਗਾ।"

ਆਜੜੀ ਆਪਣੇ ਇੱਜੜ ਵੱਲ ਚਲੇ ਗਏ ਤੇ ਯਰਤੀ ਸਫ਼ਰ ਉਤੇ ਜਾਣ ਲਈ ਛੇਤੀ ਛੇਤੀ ਤਿਆਰੀ ਕਰਨ ਲੱਗਾ।

ਉਸ ਨੇ ਕੁਕੜੀ ਦੀ ਇਕ ਪਤਲੀ ਜਿਹੀ ਹੱਡੀ ਨੂੰ ਲਿਫਾ ਕੇ ਕਮਾਨ ਬਣਾਈ ਤੇ ਕੁਝ ਤਿਖੀਆਂ ਸੂਲਾਂ ਦੇ ਤੀਰ ਬਣਾਏ ਤੇ ਨੇਜ਼ੇ ਦੀ ਥਾਂ ਇਕ ਪੁਰਾਣਾ ਸੁੰਬਾ ਲੈ ਲਿਆ। ਇਸ ਮਗਰੋਂ ਉਸ ਨੇ ਆਪਣੀ ਬੁਢੜੀ ਮਾਂ ਨੂੰ ਆਖਿਆ:

"ਮਾਂ, ਮੈਨੂੰ ਆਪਣੇ ਨਾਲ ਸਫ਼ਰ ਉਤੇ ਲਿਜਾਣ ਲਈ ਰੋਟੀ ਪਕਾ ਦੇ। ਮੈਂ ਭਿਆਨਕ ਬਘਿਆੜ ਨਾਲ ਟੱਕਰ ਲੈਣ ਜਾ ਰਿਹਾਂ।"

ਮਾਂ ਆਪਣੇ ਪੁਤਰ ਨੂੰ ਏਨੇ ਖ਼ਤਰਨਾਕ ਸਫ਼ਰ ਉਤੇ ਜਾਣ ਨਹੀਂ ਦੇਣਾ ਚਾਹੁੰਦੀ ਸੀ, ਪਰ ਯਰਤੀ–ਗੁਲਾਕ ਨੇ ਉਸ ਦੀਆਂ ਏਨੀਆਂ ਮਿੰਨਤਾਂ ਕੀਤੀਆਂ, ਏਨਾ ਖਹਿੜੇ ਪਿਆ ਕਿ ਮਾਂ ਨੂੰ ਆਪਣੇ ਪੁਤਰ ਦੀ ਗੱਲ ਮੰਨਣੀ ਹੀ ਪਈ। ਉਸ ਨੇ ਪੁਤਰ ਲਈ ਸਾਧਾਰਨ ਨਹੀਂ ਸਗੋਂ ਮਿੱਠਾ ਪਰਾਉਂਠਾ ਪਕਾਇਆ ਅਤੇ ਉਸ ਨੂੰ ਮੱਖਣ ਨਾਲ ਚੋਪੜ ਦਿੱਤਾ।

"ਪੁਤਰਾ, ਹੁਸ਼ਿਆਰ ਰਹੀਂ ਤੇ ਯਾਦ ਰੱਖੀਂ ਕਿ ਤੂੰ ਸਾਡਾ ਇਕਲੌਤਾ ਪੁਤਰ ਏਂ, ਤੂੰ ਸਾਡੇ ਦਿਲ ਦਾ ਟੁਕੜਾ ਏਂ। ਤੇਰੇ ਬਿਨਾਂ ਅਸੀਂ ਗ਼ਮ ਨਾਲ ਹੀ ਮਾਰੇ ਜਵਾਂਗੇ।"

ਇਹ ਗੱਲਾਂ ਬੁਢੜੀ ਨੇ ਪੁਤਰ ਨੂੰ ਤੋਰਨ ਵੇਲੇ ਆਖੀਆਂ। ਯਰਤੀ–ਗੁਲਾਕ ਨੇ ਰੋਟੀ ਅੰਗੂਰ ਦੇ ਪੱਤੇ ਵਿਚ ਵਲ੍ਹੇਟ ਲਈ, ਮਾਂ ਨੂੰ ਮੱਥਾ ਟੇਕਿਆ ਤੇ ਇਹ ਗੀਤ ਗਾਉਂਦਾ ਹੋਇਆ ਸਫ਼ਰ ਉਤੇ ਚਲ ਪਿਆ:

ਮੈਂ ਨਿੱਕਾ ਹਾਂ, ਪਰ ਤਿੱਖਾ ਹਾਂ—
ਪੈਂਡਾ ਮੇਰਾ ਬੜਾ ਲੰਮਾ ਏ।
ਜਿਥੇ ਊਠ ਨਾ ਲੰਘ ਸਕੇ
ਉਥੇ ਚੂਹੇ ਦੀ ਹੋਏ ਫਤਹਿ।

ਉਹ ਬੜਾ ਚਿਰ ਰੇਗਿਸਤਾਨ ਵਿਚ ਬਘਿਆੜ ਦੀਆਂ ਪੈੜਾਂ ਲੱਭਦਾ ਹੋਇਆ ਘੁੰਮਦਾ ਫਿਰਦਾ ਰਿਹਾ, ਤੇ ਅੰਤ ਵਿਚ, ਉਸ ਨੂੰ ਸਕਸਾਊਲ ਦੀਆਂ ਝਾੜੀਆਂ ਵਿਚ ਜਾ ਲੱਭਿਆ। ਬਘਿਆੜ ਸੁੱਤਾ ਪਿਆ ਸੀ ਤੇ ਏਨੇ ਜ਼ੋਰ ਜ਼ੋਰ ਦੀ ਘੁਰਾੜੇ ਮਾਰ ਰਿਹਾ ਸੀ ਕਿ ਝਾੜੀਆਂ ਦੇ ਪੱਤੇ ਵੀ ਕੰਬ ਰਹੇ ਸਨ। ਪਰ ਮੁੰਡਾ ਬਿਲਕੁਲ ਨਾ ਡਰਿਆ। ਉਹ ਅਛੋਪਲੇ ਹੀ ਬਘਿਆੜ ਦੇ ਲਾਗੇ ਗਿਆ, ਆਪਣਾ ਕਮਾਨ ਤਣਿਆ ਤੇ ਹੇਠ ਉਤੇ ਕਿੰਨੇ ਸਾਰੇ ਤੀਰ ਜਾਨਵਰ ਉਤੇ ਚਲਾ ਦਿੱਤੇ।

ਸੂਲਾਂ ਦੇ ਤੀਰ ਬਘਿਆੜ ਦਾ ਕੁਝ ਵੀ ਨਾ ਵਿਗਾੜ ਸਕੇ ਪਰ ਇਕ ਤੀਰ ਸਿੱਧਾ ਉਸ ਦੀਆਂ ਨਾਸਾਂ ਵਿਚ ਜਾ ਖੁਭਿਆ ਤੇ ਬਘਿਆੜ ਜਾਗ ਪਿਆ।

ਯਰਤੀ ਭੁੜਕ ਕੇ ਉਠਿਆ ਤੇ ਸੁੰਬੇ ਰੂਪੀ ਨੇਜ਼ੇ ਦਾ ਤਿੱਖਾ ਸਿਰਾ ਬਘਿਆੜ ਦੇ ਸਰੀਰ ਵਿਚ ਖੁਭਾ ਕੇ ਕੜਕਿਆ:

"ਤੇਰਾ ਅੰਤ ਆ ਗਿਐ! ਮੈਂ ਮਹਾਨ ਭਲਵਾਨ ਹਾਂ ਤੇ ਰੇਗਿਸਤਾਨ ਦਾ ਸੁਲਤਾਨ ਹਾਂ! ਮੈਂ ਤੈਨੂੰ ਈਨ ਮੰਨਣ ਦਾ ਹੁਕਮ ਦਿੰਦਾ ਹਾਂ!"

ਪਰ ਬਘਿਆੜ ਈਨ ਮੰਨਣ ਬਾਰੇ ਸੋਚ ਵੀ ਨਹੀਂ ਰਿਹਾ ਸੀ। ਉਸ ਨੇ ਤਾਂ ਘਾਹ ਵਿਚ ਵੱਡੇ ਪਹਿਲਵਾਨ ਨੂੰ ਵੇਖਿਆ ਤਕ ਵੀ ਨਹੀਂ ਸੀ। ਉਸ ਨੂੰ ਲੱਗਾ ਕਿ ਇਹ ਕੋਈ ਮੱਛਰ ਭੀਂ-ਭੀਂ ਕਰ ਰਿਹਾ ਸੀ। ਪਰ ਮਿੱਠੇ ਪਰਾਉਂਠੇ ਦੀ ਮਹਿਕ ਨੇ, ਜਿਹੜਾ ਧਰਤੀ-ਗੁਲਾਕ ਨੇ ਆਪਣੇ ਕਮਰਬੰਦ ਨਾਲ ਬੰਨ੍ਹਿਆ ਹੋਇਆ ਸੀ, ਬਘਿਆੜ ਨੂੰ ਚੌਕਸ ਹੋਣ ਉਤੇ ਮਜਬੂਰ ਕਰ ਦਿੱਤਾ। ਜਾਨਵਰ ਉਠ ਖੜਾ ਹੋਇਆ, ਉਸ ਦੇ ਲੂਈਂ ਕੰਡੇ ਖੜੇ ਹੋ ਗਏ, ਉਸ ਨੇ ਆਪਣਾ ਜਬਾੜਾ ਖੋਲ੍ਹਿਆ, ਬੁਲ੍ਹਾਂ ਉਤੇ ਜੀਭ ਫੇਰੀ ਤੇ ਵੱਡੇ ਪਹਿਲਵਾਨ ਸਮੇਤ ਮਿੱਠੇ ਪਰਾਉਂਠੇ ਨੂੰ ਇਕੋ ਵਾਰੀ ਚਟਮ ਕਰ ਗਿਆ।

ਬਘਿਆੜ ਦੇ ਪੇਟ ਵਿਚ ਧਰਤੀ ਦੀ ਕਿੰਨੀ ਬੁਰੀ ਹਾਲਤ ਹੋਈ ਸੀ, ਕੁਝ ਨਾ ਪੁੱਛੋ! ਭੈ-ਭੀਤ ਹੋਇਆ ਮੁੰਡਾ ਰੋ ਪੈਣ ਲੱਗਾ ਸੀ ਪਰ ਵੇਲੇ ਸਿਰ ਸੰਭਲ ਗਿਆ।

"ਰੋਣਾ ਪਹਿਲਵਾਨ ਨੂੰ ਸੋਭਾ ਨਹੀਂ ਦਿੰਦਾ!" ਮੁੰਡੇ ਨੇ ਫੈਸਲਾ ਕੀਤਾ। "ਪਹਿਲਵਾਨ ਤਾਂ ਪੇਟ ਵਿਚੋਂ ਕੀ, ਜ਼ਮੀਨ ਹੇਠੋਂ ਵੀ ਨਿਕਲ ਸਕਦੈ!"

ਉਸ ਨੇ ਪੂਰਾ ਜ਼ੋਰ ਲਾਇਆ ਤੇ ਬਘਿਆੜ ਦੇ ਜਬਾੜੇ ਵੱਲ ਵਧਣ ਲਈ ਹੰਭਲਾ ਮਾਰਿਆ ਤਾਂ ਜੋ ਉਹ ਉਥੋਂ ਵੇਖ ਸਕੇ ਕਿ ਅੱਗੇ ਕੀ ਹੁੰਦਾ ਹੈ।

ਬਘਿਆੜ ਚੰਗੀ ਤਰ੍ਹਾਂ ਸੌਂ ਕੇ ਉਠਿਆ, ਉਬਾਸੀ ਲਈ, ਆਪਣੇ ਆਪ ਨੂੰ ਛੰਡਿਆ ਤੇ ਜਾਣੇ ਪਛਾਣੇ ਰਾਹ ਉਤੇ ਇੱਜੜ ਵੱਲ ਦੌੜ ਗਿਆ। ਛੇਤੀ ਹੀ ਉਸ ਨੂੰ ਭੇਡਾਂ ਦਾ ਇੱਜੜ ਵਿਖਾਈ ਦਿੱਤਾ। ਉਹ ਚੁਰਾਇਤੇ ਦੀਆਂ ਝਾੜੀਆਂ ਵਿਚ ਲੁਕ ਕੇ ਬੈਠ ਗਿਆ ਅਤੇ ਉਡੀਕਣ ਲੱਗਾ ਕਿ ਕਦੋਂ ਉਸ ਦਾ ਸ਼ਿਕਾਰ ਆਪ ਹੀ ਉਸ ਦੇ ਨੇੜੇ ਆਉਂਦਾ ਹੈ। ਫਿਰ ਇਕ ਪਲੀ ਹੋਈ ਭੇਡ ਉਤੇ ਉਸ ਦੀ ਨਜ਼ਰ ਪਈ ਤੇ ਉਹ ਰੀਂਗਦਾ ਹੋਇਆ ਉਸ ਦੇ ਨੇੜੇ ਚਲਾ ਗਿਆ। ਉਹ ਉੱਚੇ ਉੱਚੇ ਘਾਹ ਵਿਚ ਦਿਸ ਨਹੀਂ ਰਿਹਾ ਸੀ। ਉਹ ਏਨਾ ਹੌਲੀ ਹੌਲੀ ਰੀਂਗ ਰਿਹਾ ਸੀ ਕਿ ਉਸ ਦੇ ਪੇਟ ਹੇਠ ਰੇਤ ਵੀ ਸਰ ਸਰ ਨਹੀਂ ਕਰ ਰਹੀ ਸੀ। ਉਸ ਨੂੰ ਆਪਣੀ ਜਿੱਤ ਦਾ ਪੂਰਾ ਯਕੀਨ ਸੀ, ਉਹ ਜਾਣਦਾ ਸੀ ਕਿ ਆਜੜੀ ਉਸ ਨੂੰ ਵੇਖ ਨਹੀਂ ਸਕਣਗੇ ਕਿਉਂਕਿ ਬਘਿਆੜ ਦੀ ਜੱਤ ਵੀ ਓਨੀ ਹੀ ਭੂਰੀ ਹੁੰਦੀ ਹੈ ਜਿੰਨਾ ਕੜਾਕੇ ਦੀ ਧੁੱਪ ਕਾਰਨ ਸੁਕਿਆ, ਮੁਰਝਾਇਆ ਰੇਗਿਸਤਾਨ ਦਾ ਘਾਹ।

ਪਰ ਧਰਤੀ ਨੂੰ ਸਭ ਕੁਝ ਵਿਖਾਈ ਦੇ ਰਿਹਾ ਸੀ।

ਜਦੋਂ ਬਘਿਆੜ ਸ਼ਿਕਾਰ ਉਤੇ ਝਪਟਣ ਹੀ ਵਾਲਾ ਸੀ ਕਿ ਉਸ ਦੇ ਜਬਾੜੇ ਵਿਚੋਂ ਜ਼ੋਰ ਦੀ ਆਵਾਜ਼ ਆਈ:

"ਓਇ ਆਜੜੀਓ, ਆਪਣੇ ਭੇਡੂਆਂ ਨੂੰ ਬਚਾਓ! ਬਘਿਆੜ ਨੂੰ ਭਜਾਓ!"

ਆਜੜੀ ਭੁੜਕ ਕੇ ਉੱਠੇ ਤੇ ਉਹ ਵੀ ਹਾਕਾਂ ਮਾਰਨ ਲੱਗ ਪਏ:

"ਬਘਿਆੜ ਨੂੰ ਭਜਾ ਦਿਓ!"

ਉਹਨਾਂ ਨੇ ਕੁੱਤੇ ਛੱਡ ਦਿੱਤੇ ਤੇ ਡਾਂਗਾਂ ਲੈ ਕੇ ਬਘਿਆੜ ਦੇ ਪਿਛੇ ਦੌੜ ਪਏ।

ਬਘਿਆੜ ਉਥੋਂ ਦੌੜ ਨਿਕਲਿਆ। ਕੁੱਤੇ ਉਸ ਦਾ ਪਿੱਛਾ ਕਰ ਰਹੇ ਸਨ। ਕੁੱਤਿਆਂ ਦੇ ਪਿਛੇ ਪਿਛੇ ਆਜੜੀ ਦੌੜੇ ਜਾ ਰਹੇ ਸਨ। ਉਧਰ ਧਰਤੀ-ਗੁਲਾਕ ਟਾਹਰਾਂ ਮਾਰੀ ਜਾ ਰਿਹਾ ਸੀ:

"ਏਧਰ! ਮੇਰੇ ਪਿਛੇ ਪਿਛੇ ਆਓ! ਇਹ ਬਘਿਆੜ ਸਕਸਾਊਲ ਦੀਆਂ ਝਾੜੀਆਂ ਵਿਚ ਰਹਿੰਦਾ ਏ! ਛੇਤੀ ਛੇਤੀ ਇਸ ਦੀ ਅਲਖ ਮੁਕਾਓ!"



ਬਘਿਆੜ ਪੂਰਾ ਜ਼ੋਰ ਲਾ ਕੇ ਦੌੜ ਰਿਹਾ ਸੀ। ਉਸ ਨੂੰ ਕੁੱਤਿਆਂ ਤੇ ਡਾਂਗਾਂ ਦਾ ਓਨਾ ਡਰ ਨਹੀਂ ਸੀ ਜਿੰਨਾ ਉਸ ਦਾ, ਜਿਹੜਾ ਉਸ ਦੇ ਅੰਦਰ ਬੈਠਾ ਹੋਇਆ ਰੌਲਾ ਪਾਈ ਜਾ ਰਿਹਾ ਸੀ। ਇਸ ਤਰ੍ਹਾਂ ਦੀ ਘਟਨਾ ਉਸ ਦੀ ਜ਼ਿੰਦਗੀ ਵਿਚ ਪਹਿਲਾਂ ਕਦੀ ਵੀ ਨਹੀਂ ਵਾਪਰੀ ਸੀ!

ਬਘਿਆੜ ਬੜਾ ਚਿਰ ਆਪਣੇ ਘੁਰਨੇ ਵਿਚ ਦੜ ਵੱਟ ਕੇ ਬੈਠਾ ਰਿਹਾ। ਪਰ ਭੁੱਖ ਨੇ ਉਸ ਨੂੰ ਡਾਢਾ ਸਤਾਇਆ ਹੋਇਆ ਸੀ। ਉਸ ਨੂੰ ਸਾਰੀ ਰਾਤ ਨੀਂਦ ਨਾ ਆਈ ਤੇ ਸਵੇਰੇ ਸਵਖਤੇ, ਜਦੋਂ ਅਜੇ ਸੂਰਜ ਨਹੀਂ ਚੜ੍ਹਿਆ ਸੀ ਤੇ ਆਜੜੀ ਘੂਕ ਸੁੱਤੇ ਹੋਏ ਸਨ, ਬੱਗਾ ਬਘਿਆੜ ਫਿਰ ਆਪਣੇ ਘੁਰਨੇ ਵਿਚੋਂ ਨਿਕਲਿਆ ਤੇ ਸ਼ਿਕਾਰ ਮਾਰਨ ਨਿਕਲ ਤੁਰਿਆ।

ਇਸ ਵਾਰੀ ਵੀ ਬਘਿਆੜ ਨੂੰ ਕੋਈ ਸਫਲਤਾ ਨਾ ਮਿਲੀ। ਜਦੋਂ ਉਹ ਇੱਜੜ ਦੇ ਨੇੜੇ ਗਿਆ ਤਾਂ ਉਸ ਦੇ ਜਬਾੜੇ ਵਿਚੋਂ ਫਿਰ ਕਿਸੇ ਦੀ ਆਵਾਜ਼ ਆਈ:

"ਓਇ ਆਜੜੀਓ! ਬਘਿਆੜ ਇਥੇ ਜੇ! ਆਪਣਾ ਇੱਜੜ ਬਚਾ ਲਓ!"

ਤੇ ਆਜੜੀਆਂ ਨੇ ਇਸ ਵਾਰੀ ਵੀ ਬਘਿਆੜ ਨੂੰ ਮਾਰ ਭਜਾਇਆ।

ਬਘਿਆੜ ਲਈ ਮਾੜੇ ਦਿਨ ਆ ਗਏ ਸਨ। ਨਾ ਹੀ ਦਿਨ ਵੇਲੇ ਤੇ ਨਾ ਹੀ ਰਾਤ ਵੇਲੇ ਉਹ ਇੱਜੜ ਦੇ ਨੇੜੇ ਜਾ ਸਕਦਾ ਸੀ। ਜੇ ਏਨਾ ਚੁਕੰਨਾ ਪਹਿਰੇਦਾਰ ਸਟੈਪੀ ਵਿਚ ਨਹੀਂ ਸਗੋਂ ਬਘਿਆੜ ਦੇ ਪੇਟ ਵਿਚ ਬੈਠਾ ਹੋਇਆ ਸੀ ਤਾਂ ਉਹ ਅਜਿਹਾ ਨਹੀਂ ਕਰ ਸਕਦਾ ਸੀ! ਬਘਿਆੜ ਨੇ ਧਰਤੀ-ਗੁਲਾਕ ਤੋਂ ਖਹਿੜਾ ਛੁਡਾਉਣ ਲਈ ਆਪਣੀ ਪੂਰੀ ਵਾਹ ਲਾਈ: ਉਹ ਭੁੜਕਿਆ, ਜ਼ਮੀਨ ਉਤੇ ਲੋਟਣੀਆਂ ਲਈਆਂ, ਪਲਸੇਟੇ ਮਾਰੇ, ਪਾਗਲਾਂ ਵਾਂਗ ਆਪਣੇ ਢਿੱਡ ਉਤੋਂ ਜੱਤ ਪੁਟੀ ਪਰ ਸਾਹਸੀ ਪਹਿਰੇਦਾਰ ਨਿਕਲਿਆ ਨਾ, ਸਗੋਂ ਉਸ ਦੀ ਖਿੱਲੀ ਉਡਾਉਂਦਾ ਰਿਹਾ:

"ਓਇ ਸਭ ਤੋਂ ਸਿਆਣਿਆ ਬਘਿਆੜਾ! ਆਪਣਾ ਅਰੱਜ ਢਿੱਡ ਪਾੜ ਲੈ, ਤਦ ਹੀ ਮੈਂ ਤੈਨੂੰ ਸੁਖ ਦਾ ਸਾਹ ਲੈਣ ਦਿਆਂਗਾ!"

ਕ੍ਰੋਧ ਤੇ ਭੁੱਖ ਦਾ ਮਾਰਿਆ ਬਘਿਆੜ ਸਾਰਾ ਸਾਰਾ ਦਿਨ ਹਵਾਂਕਦਾ ਰਹਿੰਦਾ ਸੀ।

ਤੇ ਹੁਣ ਸੁਣੋ, ਅੱਗੋਂ ਕੀ ਵਾਪਰਦਾ ਹੈ।

ਆਜੜੀਆਂ ਨੂੰ ਪਤਾ ਲੱਗ ਗਿਆ ਕਿ ਸਟੈਪੀ ਦਾ ਬਘਿਆੜ ਕਿਥੇ ਰਹਿੰਦਾ ਸੀ। ਉਹਨਾਂ ਨੇ ਪਿੰਡ ਦੇ ਲੋਕਾਂ ਨੂੰ ਨਾਲ ਲੈ ਕੇ ਉਸ ਉਤੇ ਹਮਲਾ ਕਰ ਦਿੱਤਾ। ਜਦੋਂ ਜਨਤਾ ਉੱਠ ਖਲੋਂਦੀ ਹੈ ਤਾਂ ਉਸ ਦੇ ਅੱਗੇ ਕੋਈ ਵੀ ਨਹੀਂ ਟਿਕ ਸਕਦਾ।

ਬਘਿਆੜ ਦੀ ਅੰਤਿਮ ਘੜੀ ਆ ਗਈ!

ਸ਼ਕਤੀਸ਼ਾਲੀ ਪਹਾੜੀ ਹੜ੍ਹ ਵਾਂਗ ਸ਼ਿਕਾਰੀ ਰੇਗਿਸਤਾਨ ਵਿਚ ਫਿਰਨ ਲੱਗੇ। ਜਦੋਂ ਬਘਿਆੜ ਨੇ ਉਸ ਦਾ ਪਿੱਛਾ ਕਰਨ ਵਾਲੇ ਲੋਕਾਂ ਦੀ ਆਵਾਜ਼ ਸੁਣੀ ਤਾਂ ਉਹ ਆਪਣੇ ਘੁਰਨੇ ਵਿਚੋਂ ਦੌੜ ਨਿਕਲਿਆ। ਉਹ ਪੂਰੇ ਜ਼ੋਰ ਨਾਲ ਦੌੜਦਾ ਹੋਇਆ ਸੁਕ ਚੁਕੇ ਨਾਲੇ ਵਿਚ ਜਾ ਦੜਿਆ ਪਰ ਕੁੱਤਿਆਂ ਨੇ ਉਸ ਨੂੰ ਉਥੋਂ ਵੀ ਕੱਢ ਭਜਾਇਆ। ਉਹ ਟਿੱਲਿਆਂ ਉਹਲੇ ਲੁਕ ਗਿਆ, ਰੇਤ ਵਿਚ ਘੁਸਰਿਆ ਪਰ ਉਸ ਦਾ ਪਿਛਾ ਕਰਨ ਵਾਲਿਆਂ ਨੇ ਉਸ ਨੂੰ ਹਰ ਥਾਂ ਲੱਭ ਲਿਆ। ਬਘਿਆੜ ਦਾ ਸਾਹ-ਸਤ ਜਾਂਦਾ ਰਿਹਾ ਪਰ ਉਹ ਬੜਾ ਚਲਾਕ ਸੀ: ਉਸ ਨੇ ਇਕ ਪੁਰਾਣੇ ਢੱਠੇ ਖੂਹ ਵਿਚ ਛਾਲ ਮਾਰ ਦਿੱਤੀ ਤੇ ਉੱਥੇ ਲੁਕ ਗਿਆ। ਆਜੜੀਆਂ ਨੂੰ ਜਾਨਵਰ ਦੀਆਂ ਪੈੜਾਂ ਨਹੀਂ ਲੱਭ ਰਹੀਆਂ ਸਨ, ਇਸ ਲਈ, ਉਹ ਵਾਪਸ ਚਲੇ ਗਏ। ਪਰ ਧਰਤੀ-ਗੁਲਾਕ ਸੁੱਤਾ ਹੋਇਆ ਨਹੀਂ ਸੀ। ਜਿਉਂ ਹੀ ਉਸ ਨੇ ਸੁਣਿਆ ਕਿ ਪਿਛਾ ਕਰਨ ਵਾਲਿਆ ਦੇ ਕਦਮਾਂ ਦੀ ਆਵਾਜ਼ ਦੂਰ ਹੁੰਦੀ ਜਾ

ਰਹੀ ਸੀ ਤਾਂ ਉਸ ਨੇ ਬਘਿਆੜ ਦੇ ਜਬਾੜੇ ਵਿਚੋਂ ਹਾਕ ਮਾਰੀ:

"ਓਇ ਗੁਆਂਢੀਓ! ਤੁਸੀਂ ਕਿਥੇ ਚੱਲੇ ਹੋ? ਡਾਕੂ ਇਥੇ ਜੇ! ਉਹ ਖੂਹ ਵਿਚ ਲੁਕਿਆ ਹੋਇਆ!"

ਲੋਕ ਖੂਹ ਵੱਲ ਮੁੜ ਆਏ ਅਤੇ ਉਹਨਾਂ ਨੇ ਬਘਿਆੜ ਨੂੰ ਲੱਭ ਕੇ ਮਾਰ ਦਿੱਤਾ। ਇਹ ਸਾਰੇ ਰੇਗਿਸਤਾਨ ਵਿਚ ਸਭ ਤੋਂ ਵੱਡਾ ਬਘਿਆੜ ਸੀ।

ਬੁੱਢੇ ਆਜੜੀ ਨੇ ਉਸ ਦੀ ਖੱਲ ਲਾਹ ਲਈ ਤੇ ਯਰਤੀ-ਗੁਲਾਕ ਉਸੇ ਵੇਲੇ ਬਘਿਆੜ ਦੇ ਸਰੀਰ ਵਿਚੋਂ ਨਿਕਲ ਆਇਆ।

ਸਾਰਿਆਂ ਨੂੰ ਬੜੀ ਹੈਰਤ ਹੋਈ, ਪਰ ਮੁੰਡੇ ਨੇ ਆਖਿਆ:

"ਸਲਾਮ ਏ, ਆਜੜੀਆ! ਹੁਣ ਤੂੰ ਵੇਖ ਲਿਆ ਨਾ ਕਿ ਮੈਂ ਆਪਣਾ ਵਚਨ ਪੂਰਾ ਕੀਤੈ!"

ਆਜੜੀ ਨੇ ਜਵਾਬ ਦਿੱਤਾ:

"ਬਿਲਕੁਲ ਠੀਕ ਏ! ਤੂੰ, ਮੁੰਡਿਆ ਆਪਣਾ ਵਚਨ ਪੂਰਾ ਕੀਤੈ।"

ਫਿਰ ਉਸ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ:


"ਇਹ ਜਿਗੀਤ ਦਿਨ ਰਾਤ ਸਾਡੇ ਇੱਜੜਾਂ ਦੀ ਰਾਖੀ ਕਰਦਾ ਰਿਹੈ ਤੇ ਸਾਨੂੰ ਇਸ ਨੇ ਇਕ ਭਿਆਨਕ ਜਾਨਵਰ ਕੋਲੋਂ ਨਜਾਤ ਦਿਵਾਈ ਏ। ਇਸ ਨੂੰ ਇਨਾਮ ਵਜੋਂ ਸਭ ਤੋਂ ਵਧੀਆ ਪੰਜ ਭੇਡੂ ਦੇਂਦੇ ਹਾਂ।"

ਉਸ ਸ਼ਾਮ ਯਰਤੀ-ਗੁਲਾਕ ਆਪਣੇ ਮਾਪਿਆਂ ਦੇ ਘਰ ਵੱਲ ਸਭ ਤੋਂ ਵਧੀਆ ਪੰਜ ਦੁੰਬੇ ਹਿੱਕੀ ਜਾ ਰਿਹਾ ਸੀ ਤੇ ਖ਼ੁਸ਼ੀ ਵਿਚ ਆਇਆ ਇਹ ਗੀਤ ਗਾ ਰਿਹਾ ਸੀ:

ਮੈਂ ਨਿੱਕਾ ਹਾਂ, ਮੈਂ ਤਿੱਖਾ ਹਾਂ,
ਮੈਂ ਚੂਹੇ ਵਰਗਾ ਨਿੱਕਾ ਹਾਂ
ਜਿਹੜਾ ਸਾਰੇ ਰਸਤੇ ਲੱਭ ਲੈਂਦਾ!

ਬੁੱਢਾ ਤੇ ਬੁਢੜੀ ਆਪਣੇ ਲਾਡਲੇ ਪੁਤਰ ਨੂੰ ਵੇਖ ਕੇ ਬੜੇ ਖ਼ੁਸ਼ ਹੋਏ ਜਿਹੜਾ ਆਪਣੇ ਨਾਲ ਏਡਾ ਵੱਡਾ ਇਨਾਮ ਲੈ ਕੇ ਆ ਰਿਹਾ ਸੀ।

ਤੇ ਅਸੀਂ ਵੀ ਖ਼ੁਸ਼ੀਆਂ ਮਨਾਵਾਂਗੇ।



ਜਾਦੂ ਦੀ ਖੇਡ



ਸੂਰਜ ਨੇ ਦੁਰੇਡੇ ਪਹਾੜਾਂ ਦੀਆਂ ਟੀਸੀਆਂ ਉਤੇ ਆਪਣੀਆਂ ਸੁਨਹਿਰੀ ਕਿਰਨਾਂ ਅਜੇ ਸੁਟੀਆਂ ਵੀ ਨਹੀਂ ਸਨ ਕਿ ਯਰਤੀ ਨੂੰ ਜਾਗ ਆ ਗਈ।

ਉਸ ਨੇ ਸੀਤਲ ਨਾਲੇ ਵਿਚ ਹੱਥ ਮੂੰਹ ਧੋਤਾ, ਤੁਰਦਿਆਂ ਤੁਰਦਿਆਂ ਜੌਂ ਦੀ ਰੋਟੀ ਫੜੀ ਤੇ ਬਲਦਾਂ ਦੀ ਹੁਨਾੜੀ ਕਰਨ ਲਈ ਦੌੜ ਗਿਆ। ਜੂਲੇ ਨਾਲ ਇਕ ਪੁਰਾਣਾ ਹੱਲੜ ਜੋੜਿਆ ਤੇ ਉੱਚੀ ਉੱਚੀ ਗਾਉਣ ਲੱਗ ਪਿਆ:

ਮੈਂ ਨਿੱਕਾ ਹਾਂ, ਮੈਂ ਤਿੱਖਾ ਹਾਂ!
ਮੈਂ ਸਿਆਣਾ ਹਾਂ, ਖੁਸ਼ਕਿਸਮਤ ਹਾਂ,
ਖੁਸ਼ਕਿਸਮਤ ਹਾਂ, ਭਾਗਵਾਨ ਹਾਂ!
ਉਹ ਨਾ ਹੋਵੇ ਪਹਿਲਵਾਨ,
ਜੋ ਵੇਖਣ ਨੂੰ ਲੱਗੇ ਸਾਨ੍ਹ!
ਪਹਾੜਾਂ ਨੂੰ ਜੋ ਹਿਲਾ ਦੇਵੇ,
ਉਹ ਹੀ ਹੁੰਦਾ ਹੈ ਬਲਵਾਨ!

ਉਹ ਏਨੀ ਉੱਚੀ ਆਵਾਜ਼ ਵਿਚ ਗਾ ਰਿਹਾ ਸੀ ਕਿ ਬੁੱਢਾ ਤੇ ਬੁਢੜੀ ਜਾਗ ਪਏ। ਉਹ ਕਿਬੀਤਕਾ ਵਿਚੋਂ ਦੌੜਦੇ ਹੋਏ ਨਿਕਲੇ ਤਾਂ ਉਹਨਾਂ ਨੇ ਵੇਖਿਆ ਕਿ ਉਹਨਾਂ ਦਾ ਪੁਤਰ ਵੱਡੇ ਦਰਵਾਜ਼ੇ ਵਿਚੋਂ ਦੀ ਬਾਹਰ ਜਾ ਰਿਹਾ ਸੀ।

ਉਹ ਬੜੇ ਹੈਰਾਨ ਹੋਏ।

"ਅੱਬਾ-ਜਾਨ! ਐਦਜੇ-ਜਾਨ!" ਯਰਤੀ-ਗੁਲਾਕ ਨੇ ਟਾਹਰ ਮਾਰੀ ਤੇ ਵਿਦਾਈ ਦੀ ਨਿਸ਼ਾਨੀ ਵਜੋਂ ਆਪਣੀ ਟੋਪੀ ਹਿਲਾਈ। "ਦੁਪਹਿਰ ਵੇਲੇ ਖੇਤ ਵਿਚ ਆਉਣਾ ਤੇ ਆ ਕੇ ਵੇਖਣਾ ਮੈਂ ਕਪਾਹ ਦਾ ਖੇਤ ਕਿਵੇਂ ਵਾਹਵਾਂਗਾ!"

ਬੁਢੜੇ ਤੇ ਬੁਢੜੀ ਨੇ ਇਕ ਦੂਜੇ ਵੱਲ ਵੇਖਿਆ।

"ਹੈ ਨਾ, ਸਾਡਾ ਪੁਤਰ! ਵੇਖਣ ਨੂੰ ਨਿਕਾ ਏ ਪਰ ਆਪਣਾ ਕੰਮ ਕਰਨਾ ਜਾਣਦੈ!" ਬਜ਼ੁਰਗ ਨੇ ਆਖਿਆ।

ਪਰ ਬੁਢੜੀ ਨੇ ਬਾਂਹਵਾਂ ਪਸਾਰੀਆਂ:

"ਮੁੰਡੇ ਨੇ ਕਿਸੇ ਬਿਪਤਾ 'ਚ ਫਸ ਜਾਣੈ! ਉਸ ਇਕੱਲੇ ਕੋਲੋਂ ਬਲਦ ਨਹੀਂ ਸੰਭਾਲੇ ਜਾਣੇ। ਤੂੰ ਜਾ ਤੇ ਧਰਤੀ-ਗੁਲਾਕ ਦਾ ਹੱਥ ਵਟਾ।"

ਏਨਾ ਕਹਿ ਕੇ ਬੁਢੜੀ ਨੇ ਘਰ ਵੱਲ ਮੂੰਹ ਕੀਤਾ ਤੇ ਬੁੱਢਾ ਆਪਣੇ ਪੁਤਰ ਦੇ ਮਗਰ ਚਲਾ ਗਿਆ।

"ਹਾ, ਹਾ! ਤੱਤਾ ਤੱਤਾ!" ਧਰਤੀ-ਗੁਲਾਕ ਇਕ ਬਲਦ ਦੇ ਸਿੰਗਾਂ ਵਿਚਾਲੇ ਬੈਠਾ ਸਾਰੇ ਖੇਤ ਵਿਚ ਰੌਲਾ ਪਾਈ ਜਾ ਰਿਹਾ ਸੀ ਤੇ ਬਲਦ ਆਗਿਆਕਾਰਾਂ ਵਾਂਗ ਅੱਗੇ ਵਧਦੇ ਜਾ ਰਹੇ ਸਨ। ਹੱਲੜ ਦੇ ਪਿਛੇ ਸਿਧੇ ਸਿਧੇ ਸਿਆੜ ਨਿਕਲਦੇ ਆ ਰਹੇ ਸਨ।

ਜਦੋਂ ਬਜ਼ੁਰਗ ਖੇਤ ਵਿਚ ਪੁੱਜਾ ਤਾਂ ਵੇਖਿਆ ਕਿ ਉਹਦਾ ਪੁਤਰ ਬਲਦਾਂ ਨੂੰ ਚੰਗੀ ਤਰ੍ਹਾਂ ਸੰਭਾਲ ਸਕਦਾ ਸੀ। ਉਸ ਦੀ ਖ਼ੁਸ਼ੀ ਦਾ ਕੋਈ ਅੰਤ ਨਾ ਰਿਹਾ।

"ਹੁਣ ਮੇਰਾ ਹੱਥ ਵਟਾਉਣ ਵਾਲਾ ਕੋਈ ਹੈਗਾ, ਤੇ ਮੈਂ ਆਰਾਮ ਕਰ ਸਕਦਾ ਹਾਂ!"

ਏਨਾ ਸੋਚ ਕੇ ਬਜ਼ੁਰਗ ਤੂਤ ਦੀ ਛਾਵੇਂ ਸੌਣ ਵਾਸਤੇ ਲੰਮਾ ਪੈ ਗਿਆ ਜਿਹੜਾ ਖੇਤ ਦੇ ਬੰਨੇ ਉਤੇ ਉੱਗਾ ਹੋਇਆ ਸੀ।

ਉਸ ਸਮੇਂ ਅੱਥਰੇ ਘੋੜੇ ਉਤੇ ਸਵਾਰ ਇਕ ਅਮੀਰ ਤੇ ਹੱਟਾ ਕੱਟਾ ਬਾਈ ਖੇਤ ਦੇ ਲਾਗੋਂ ਦੀ ਲੰਘ ਰਿਹਾ ਸੀ। ਉਸ ਨੇ ਵੇਖਿਆ ਕਿ ਬਲਦ ਹਾਲੀ ਤੋਂ ਬਿਨਾਂ ਹੀ ਖੇਤ ਵਾਹ ਰਹੇ ਸਨ ਤੇ ਉਸੇ ਵੇਲੇ ਘੋੜੇ ਨੂੰ ਰੋਕ ਲਿਆ।

"ਵਾਹ, ਕਿਆ ਕਰਾਮਾਤ ਏ!" ਬਾਈ ਚੀਕਿਆ। "ਜੇ ਮੇਰੇ ਕੋਲ ਇਹੋ ਜਿਹੇ ਬਲਦ ਹੋਣ ਤਾਂ ਮੈਂ ਆਪਣੇ ਅੱਧੇ ਕਾਮਿਆਂ ਦਾ ਹਿਸਾਬ ਚੁਕਤਾ ਕਰ ਦੇਵਾਂ ਤੇ ਇੰਜ ਮੈਂ ਕਿੰਨਾ ਹੀ ਧਨ ਬਚਾ ਸਕਦਾ ਹਾਂ।"

ਉਹ ਆਵਾਜ਼ਾਂ ਮਾਰਨ ਲੱਗਾ:

"ਕੌਣ ਏ ਮਾਲਕ ਇਹਨਾਂ ਬਲਦਾਂ ਦਾ?"

ਬਜ਼ੁਰਗ ਜਾਗ ਪਿਆ। ਜਦੋਂ ਉਸ ਨੇ ਵੇਖਿਆ ਕਿ ਲੋਭੀ ਬਾਈ ਆਵਾਜ਼ਾਂ ਮਾਰ ਰਿਹਾ ਸੀ ਤਾਂ ਉਸ ਦੀ ਖਾਨਿਓਂ ਗਈ। ਉਸ ਨੇ ਅਮੀਰ ਬਾਈ ਅੱਗੇ ਆਪਣਾ ਧੌਲਾ ਸਿਰ ਨਿਵਾਇਆ ਤੇ ਜਵਾਬ ਦਿੱਤਾ:

"ਮਾਲਕ ਤਾਂ ਮੈਂ ਹੀ ਹਾਂ, ਪਰ ਮੈਨੂੰ ਪਤਾ ਨਹੀਂ ਏ ਕਿ ਮੇਰੇ ਆਦਰਯੋਗ ਗੁਆਂਢੀ ਨੂੰ ਮੇਰੇ ਕੋਲੋਂ ਕੀ ਚਾਹੀਦੈ?"

ਬਾਈ ਨੇ ਵੀ ਬਜ਼ੁਰਗ ਨੂੰ ਇਕਦਮ ਪਛਾਣ ਲਿਆ ਸੀ ਤੇ ਉਹ ਸਾਰੀ ਗੱਲ ਸਮਝ ਗਿਆ ਕਿ ਕੀ ਕੀਤਾ ਜਾਵੇ। ਉਸ ਨੇ ਘੋੜੇ ਨੂੰ ਛਾਂਟਾ ਮਾਰਿਆ ਤੇ ਬਜ਼ੁਰਗ ਦੇ ਨੇੜੇ ਆ ਕੇ ਕੜਕਣ ਲੱਗਾ:

"ਹੱਛਾ, ਇਹ ਤੇਰੇ ਬਲਦ ਨੇ? ਇਹ ਤਾਂ ਹੋਰ ਵੀ ਚੰਗੈ! ਇਹਨਾਂ ਨੂੰ ਮੈਂ ਕਰਜ਼ੇ ਦੇ ਬਦਲੇ ਲੈ ਜਾਂਦਾ ਹਾਂ।"

ਬਜ਼ੁਰਗ ਨੂੰ ਇਸ ਗੱਲ ਦੀ ਸਮਝ ਨਾ ਆਈ:

"ਕਿਹੜੇ ਕਰਜ਼ੇ ਬਦਲੇ?"

ਬਾਈ ਹੱਸਣ ਲੱਗ ਪਿਆ:

"ਬੁੱਢਿਆ, ਤੇਰਾ ਚੇਤਾ ਈ ਬੜਾ ਕੱਚੈ। ਕੱਲ ਤੂੰ ਮੇਰੇ ਕੋਲੋਂ ਦੋ ਬੋਰੀਆਂ ਜੌਂ ਦੇ ਬੀਜਾਂ ਦੀਆਂ ਲਈਆਂ ਸਨ, ਤੇ ਉਹਨਾਂ ਦੇ ਬਦਲੇ ਮੈਂ ਇਹ ਬਲਦ ਲੈ ਜਾਂਦਾ ਹਾਂ।"

"ਕੁਝ ਤਰਸ ਕਰ!" ਬਜ਼ੁਰਗ ਨੇ ਹਾੜੇ ਕੱਢੇ। "ਤੂੰ ਹੀ ਤਾਂ ਇਹ ਵਾਅਦਾ ਕੀਤਾ ਸੀ ਕਿ ਪਤਝੜ ਤਕ

ਉਡੀਕ ਲਏਂਗਾ ਪਰ ਅਜੇ ਤਾਂ ਬਸੰਤ ਹੀ ਆਈ ਏ।"

"ਕੱਲ ਦੀ ਗੱਲ ਕੱਲ ਨਾਲ ਗਈ, ਪਰ ਅੱਜ ਮੈਂ ਆਪਣਾ ਇਰਾਦਾ ਬਦਲ ਲਿਐ," ਬਾਈ ਨੇ ਜਵਾਬ ਦਿੱਤਾ, "ਤੂੰ ਮੇਰੇ ਕੋਲੋਂ ਦੋ ਬੋਰੀਆਂ ਹੁਦਾਰੀਆਂ ਲਈਆਂ ਨੇ ਤੇ ਮੈਂ ਤੇਰੇ ਕੋਲੋਂ ਦੋ ਬਲਦ ਲੈ ਲੈਂਦਾ ਹਾਂ। ਕੀ ਗਿਣਤੀ ਬਰਾਬਰ ਨਹੀਂ? ਜਵਾਬ ਦੇ, ਚੁੱਪ ਕਿਉਂ ਏਂ?"

"ਬਲਦਾਂ ਬਗ਼ੈਰ ਅਸੀਂ ਕਾਸੇ ਜੋਗੇ ਨਹੀਂ ਰਹਿਣਾ, ਸਾਡੇ, ਬੁੱਢੇ ਬੁੱਢੀ ਉਤੇ ਤਰਸ ਕਰ!" ਬਜ਼ੁਰਗ ਦੀ ਹੂੰਗਰ ਨਿਕਲ ਗਈ।

ਪਰ ਏਨੇ ਨੂੰ ਯਰਤੀ-ਗੁਲਾਕ ਅਛੋਪਲੇ ਹੀ ਆਪਣੇ ਅੱਬਾ ਕੋਲ ਆ ਗਿਆ ਸੀ ਤੇ ਉਸ ਦੇ ਕੰਨ ਵਿਚ ਫੁਸਫੁਸ ਕੀਤਾ:

"ਅੱਬਾ-ਜਾਨ, ਦੇ ਦੇਵੋ ਇਸ ਨੂੰ ਬਲਦ। ਕੋਈ ਚਿੰਤਾ ਨਾ ਕਰੋ। ਮੈਂ ਕਹਿੰਦਾ ਹਾਂ ਕਿ ਇਕ ਦਿਨ ਵੀ ਨਹੀਂ ਲੰਘਣਾ ਤੇ ਬਾਈ ਨੇ ਆਪ ਹੀ ਬਲਦ ਮੋੜ ਜਾਣੇ ਨੇ।"

ਤਦ ਬਜ਼ੁਰਗ ਨੇ ਬਾਈ ਨੂੰ ਜਵਾਬ ਦਿੱਤਾ:

"ਮੈਨੂੰ ਆਪਣੇ ਬਲਦਾਂ ਦੇ ਵਿਗੋਚੇ ਦਾ ਬੜਾ ਅਫਸੋਸ ਏ, ਇਹ ਅਣਮੋਲ ਬਲਦ ਨੇ। ਤੂੰ ਵੇਖਦਾ ਹੀ ਏਂ ਕਿ ਉਹ ਆਪ ਹੀ ਖੇਤ ਵਾਹ ਰਹੇ ਨੇ। ਪਰ ਹੁਦਾਰ ਹੁਦਾਰ ਹੀ ਹੁੰਦੈ। ਤੂੰ ਬਲਦਾਂ ਨੂੰ ਲੈ ਜਾ ਤੇ ਮੈਨੂੰ ਨਾਸ਼ੁਕਰਾ ਕਹਿ ਕੇ ਕਦੀ ਵੀ ਨਾ ਭੰਡੀਂ।"

ਬਜ਼ੁਰਗ ਨੇ ਬਾਈ ਅੱਗੇ ਸਿਰ ਝੁਕਾਇਆ। ਬਾਈ ਆਪਣੀ ਚਲਾਕੀ ਚੱਲ ਜਾਣ ਉਤੇ ਬੜਾ ਖੁਸ਼ ਸੀ। ਉਸ ਨੇ ਕਰਾਮਾਤੀ ਬਲਦਾਂ ਨੂੰ, ਜਿਹੜੇ ਆਪ ਹੀ ਹਲ ਵਾਹ ਰਹੇ ਸਨ, ਆਪਣੇ ਘਰ ਵੱਲ ਹਿੱਕ ਲਿਆ। ਪਰ ਯਰਤੀ-ਗੁਲਾਕ ਬਲਦ ਦੇ ਸਿੰਗਾਂ ਵਿਚਕਾਰ ਆਪਣੀ ਥਾਂ ਉਤੇ ਫਿਰ ਬੈਠਾ ਹੋਇਆ ਸੀ; ਉਹ ਤਾਂ ਜਾਣਦਾ ਸੀ ਕਿ ਉਸ ਦੇ ਬਲਦਾਂ ਦਾ ਅਸਲ ਮੁੱਲ ਕੀ ਸੀ!

ਛੇਤੀ ਹੀ ਉਹ ਬਾਈ ਦੇ ਖੁਲ੍ਹੇ ਡੁੱਲ੍ਹੇ ਵਿਹੜੇ ਵਿਚ ਜਾ ਦਾਖ਼ਲ ਹੋਏ ਜਿਸ ਦੇ ਆਲੇ-ਦੁਆਲੇ ਉੱਚੀ ਕੰਧ ਕੀਤੀ ਹੋਈ ਸੀ।

ਹੱਟੇ ਕੱਟੇ ਬਾਈ ਨੇ ਦਰਵਾਜ਼ੇ ਤੋਂ ਹੀ ਆਪਣੀ ਪਤਨੀ ਨੂੰ ਉੱਚੀ ਉੱਚੀ ਵਾਜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ:

"ਗੁਲਜਾਨ! ਬਲਦਾਂ ਨੂੰ ਪਾਣੀ ਵਿਖਾ ਤੇ ਵਾਹਵਾ ਸਾਰਾ ਬਰਸੀਮ ਪਾ ਦੇ! ਪਰ ਚੇਤਾ ਰੱਖੀ: ਇਹ ਬਲਦ ਮਾਮੂਲੀ ਨਹੀਂ, ਜੇ ਇਹਨਾਂ ਨੂੰ ਕੁਝ ਹੋ ਗਿਆ ਤਾਂ ਤੂੰ ਆਪ ਜ਼ਿੰਮੇਵਾਰ ਹੋਏਂਗੀ!"

ਇਸ ਮਗਰੋਂ ਉਹ ਵਿਹੜੇ ਵਿਚ ਵਿਛੇ ਇਕ ਗਲੀਚੇ ਉਤੇ ਬੈਠ ਗਿਆ ਅਤੇ ਆਪਣੇ ਸਾਰੇ ਖੇਤ-ਕਾਮਿਆਂ ਦਾ ਹਿਸਾਬ ਚੁਕਤਾ ਕਰ ਦਿੱਤਾ ਕਿਉਂਕਿ ਹੁਣ ਉਹਨਾਂ ਦੀ ਲੋੜ ਨਹੀਂ ਰਹੀ ਸੀ।

ਯਰਤੀ-ਗੁਲਾਕ ਨੇ ਇਹ ਸਭ ਕੁਝ ਹੁੰਦਾ ਵੇਖ ਲਿਆ। ਉਸ ਨੇ ਵੇਖਿਆ ਕਿ ਖੇਤ-ਕਾਮੇ ਕਿੰਨੇ ਦੁਖੀ ਸਨ ਕਿਉਂਕਿ ਬਾਈ ਨੇ ਉਹਨਾਂ ਕੋਲੋਂ ਰੋਟੀ ਦੀ ਆਖ਼ਰੀ ਬੁਰਕੀ ਵੀ ਖੋਹ ਲਈ ਸੀ। ਉਸ ਨੇ ਧਨਵਾਨ ਵੱਲ ਵੇਖਿਆ ਤੇ ਸੋਚਣ ਲੱਗਾ:

"ਤੂੰ, ਜ਼ਾਲਮ ਬੰਦਿਆ, ਜ਼ਰਾ ਠਹਿਰ ਜਾ, ਤੈਨੂੰ ਇਹਨਾਂ ਮਨੁੱਖੀ ਅਥਰੂਆਂ ਬਦਲੇ ਭਾਰੀ ਕੀਮਤ ਤਾਰਨੀ ਪਵੇਗੀ!"

ਇਸ ਮਗਰੋਂ ਉਹ ਬਲਦ ਦੇ ਸਿਰ ਤੋਂ ਉਤਰਿਆ, ਚੁਪਚਾਪ ਦਰਵਾਜ਼ੇ 'ਚੋਂ ਬਾਹਰ ਹੋ ਗਿਆ ਤੇ ਦੌੜ ਕੇ ਆਪਣੇ ਮਾਪਿਆਂ ਦੇ ਘਰ ਚਲਿਆ ਗਿਆ।

ਅਗਲੇ ਦਿਨ ਮੋਟਾ ਬਾਈ ਸਿਆਣੇ ਬਲਦਾਂ ਨੂੰ ਆਪਣੇ ਖੇਤ ਵਿਚ ਲੈ ਗਿਆ ਤਾਂ ਜੋ ਵੇਖਿਆ ਜਾ ਸਕੇ ਕਿ ਉਹ ਬਾਈ ਦੀ ਜ਼ਮੀਨ ਆਪਣੇ ਆਪ ਕਿਵੇਂ ਵਾਹੁਣਗੇ। ਪਰ ਬਲਦ ਏਨੇ ਢੀਠ ਨਿਕਲੇ ਕਿ ਉਹ ਬਾਈ ਦੀ ਪੈਲੀ ਦਾ ਬੰਨਾ ਪਾਰ ਕਰਨ ਲਈ ਤਿਆਰ ਹੀ ਨਹੀਂ ਸਨ। ਬਾਈ ਬਲਦਾਂ ਉਤੇ ਬੜਾ ਕੜਕਿਆ, ਉਹਨਾਂ ਨੂੰ ਬੜਾ ਹੀ ਮਨਾਇਆ, ਪਰ ਉਹ ਪੂਛਾਂ ਹਿਲਾ ਛਡਦੇ ਤੇ ਇਕ ਕਦਮ ਵੀ ਅੱਗੇ ਨਾ ਪੁਟਦੇ।

ਬਾਈ ਗੁੱਸੇ ਵਿਚ ਅੰਨ੍ਹਾ ਹੋ ਗਿਆ। ਉਸ ਨੇ ਚਾਬਕ ਫੜ ਲਈ ਤੇ ਬਲਦਾਂ ਨੂੰ ਏਨਾ ਕੁੱਟਿਆ ਕਿ ਉਹ ਉਥੋਂ ਭੱਜ ਨਿਕਲੇ। ਉਹ ਵਿੰਗੇ ਟੇਢੇ ਸਿਆੜ ਕੱਢਦੇ ਹੋਏ ਹੱਲੜ ਖਿੱਚੀ ਜਾ ਰਹੇ ਸਨ ਅਤੇ ਬੇਤਰਤੀਬੀ ਨਾਲ ਜ਼ਮੀਨ ਪੁਟਦੇ ਹੋਏ ਨਾਲੇ ਵਿਚ ਸੁੱਟੀ ਜਾ ਰਹੇ ਸਨ। ਬਾਈ ਵੀ ਉਹਨਾਂ ਦੇ ਪਿਛੇ ਪਿਛੇ ਦੌੜਦਾ ਹੋਇਆ ਦੁਹਾਈ ਪਿੱਟੀ ਜਾ ਰਿਹਾ ਸੀ:

"ਹਾਏ ਓਇ, ਮੇਰੀ ਕਿਸਮਤ ਸੜ ਗਈ! ਇਹਨਾਂ ਤਾਂ ਮੇਰੀ ਸਾਰੀ ਪੈਲੀ ਖ਼ਰਾਬ ਕਰ ਦੇਣੀ ਏ!"

ਉਸ ਨੇ ਆਪਣੇ ਘੋੜੇ ਉਤੇ ਪਲਾਕੀ ਮਾਰੀ ਤੇ ਉਸ ਨੂੰ ਬਜ਼ੁਰਗ ਦੇ ਘਰ ਵੱਲ ਸਰਪਟ ਦੌੜਾ ਕੇ ਲੈ ਗਿਆ।

"ਓਇ ਨੀਚਾ!" ਬਾਈ ਕੜਕਿਆ। "ਮੈਂ ਤੈਨੂੰ ਵਧੀਆ ਜੌਂਆਂ ਦੀਆਂ ਦੋ ਬੋਰੀਆਂ ਦਿੱਤੀਆਂ ਸਨ, ਪਰ ਤੇਰੇ ਬਲਦਾਂ ਦਾ ਮੁੱਲ ਮੱਕੀ ਦੀ ਅੱਧੀ ਬੋਰੀ ਵੀ ਨਹੀਂ!"

ਉਸ ਨੇ ਸਾਰੀ ਗੱਲ ਕਹਿ ਸੁਣਾਈ ਕਿ ਖੇਤ ਵਿਚ ਬਲਦਾਂ ਨੂੰ ਕੀ ਹੋ ਗਿਆ ਸੀ।

ਬਜ਼ੁਰਗ ਨੇ ਬਾਈ ਦੀ ਗੱਲ ਸੁਣੀ ਤੇ ਬਾਹਵਾਂ ਪਸਾਰ ਕੇ ਆਖਿਆ:

"ਹੇ ਮੇਰੇ ਬਾਈ, ਸਰਦਾਰ! ਇਹਨਾਂ ਬਲਦਾਂ ਨਾਲ ਸਲੂਕ ਕਰਨ ਦੀ ਜਾਚ ਵੀ ਹੋਣੀ ਚਾਹੀਦੀ ਏ, ਨਹੀਂ ਤਾਂ ਤੈਨੂੰ ਉਹਨਾਂ ਦਾ ਕੌਡੀ ਵੀ ਫ਼ਾਇਦਾ ਨਹੀਂ ਹੋਣ ਲੱਗਾ!"

ਬਜ਼ੁਰਗ ਬਾਈ ਨੂੰ ਫਿਰ ਕਪਾਹ ਵਾਲੇ ਖੇਤ ਵਿਚ ਲੈ ਗਿਆ। ਉਸ ਦੇ ਨਾਲ ਯਰਤੀ-ਗੁਲਾਕ ਵੀ ਚਲਾ ਗਿਆ। ਉਹ ਬਜ਼ੁਰਗ ਦੇ ਰੂਈਂਦਾਰ ਚੋਲੇ ਦੀ ਬਾਂਹ ਵਿਚ ਵੜ ਗਿਆ, ਤੇ ਜਦੋਂ ਉਹ ਖੇਤ ਵਿਚ ਪਹੁੰਚੇ, ਚੋਲੇ ਦੀ ਬਾਂਹ ਵਿਚੋਂ ਨਿਕਲਿਆ ਤੇ ਦੋ-ਕੁ ਟਪੋਸੀਆਂ ਮਾਰ ਕੇ ਆਪਣੀ ਮਨਪਸੰਦ ਥਾਂ—ਬਲਦ ਦੇ ਲੰਮੇ ਲੰਮੇ ਸਿੰਗਾਂ ਵਿਚਕਾਰ ਜਾ ਬੈਠਾ। ਬਲਦ ਉਸੇ ਵੇਲੇ ਤੁਰ ਪਏ ਤੇ ਹੱਲੜ ਦੇ ਪਿਛੇ ਸਿੱਧੇ ਸਵਾਹਰੇ ਤੇ ਡੂੰਘੇ ਸਿਆੜ ਨਿਕਲਣ ਲੱਗ ਪਏ।

"ਹੁਣ ਇਹ ਦੱਸ ਕਿ ਮੇਰੇ ਬਲਦ ਮਾੜੀ ਵਾਹੀ ਕਰਦੇ ਨੇ?" ਬਜ਼ੁਰਗ ਨੇ ਬਾਈ ਨੂੰ ਪੁੱਛਿਆ। "ਜਦੋਂ ਉਹਨਾਂ ਨੂੰ ਕੰਮ ਕਰਦਿਆਂ ਵੇਖੀਦਾ ਏ ਤਾਂ ਦਿਲ ਬਾਗ਼ ਬਾਗ਼ ਹੋ ਜਾਂਦੈ।"

ਸੂਰਜ ਅਸਤਣ ਤਕ ਯਰਤੀ-ਗੁਲਾਕ ਬਾਈ ਦੀ ਪੈਲੀ ਵਾਹੁੰਦਾ ਰਿਹਾ ਤੇ ਜਦੋਂ ਤਰਕਾਲਾਂ ਪੈ ਗਈਆਂ ਤਾਂ ਬਲਦਾਂ ਨੂੰ ਹਿੱਕ ਕੇ ਬਾਈ ਦੀ ਹਵੇਲੀ ਵਿਚ ਲੈ ਗਿਆ।

ਰਾਤ ਪੈ ਗਈ। ਬਾਈ ਦੇ ਘਰ ਸਾਰੇ ਹੀ ਸੁੱਤੇ ਹੋਏ ਸਨ। ਬੱਚਾ ਲਕੜੀ ਦੇ ਉਕਰੇ ਹੋਏ ਪੰਘੂੜੇ ਵਿਚ ਸੁੱਤਾ ਹੋਇਆ ਸੀ ਤੇ ਬਾਈ ਦੀ ਧੀ ਨਰਮ ਬਿਸਤਰੇ ਉਤੇ, ਬਾਈ ਦੀ ਛਿੰਦੀ ਪਤਨੀ—ਗੁੱਲ—ਵੱਡੀ ਸਾਰੀ ਰਜ਼ਾਈ ਲੈ ਕੇ ਸੁੱਤੀ ਹੋਈ ਸੀ ਤੇ ਆਪ ਬਾਈ ਇਕ ਵੱਡਾ ਸਿਰਹਾਣਾ—ਮੁਤਾਕਾ—ਸਿਰ ਹੇਠਾਂ ਲੈ ਕੇ ਚਿੱਟੇ ਨਮਦੇ ਉਤੇ ਪਿਆ ਘੁਰਾੜੇ ਮਾਰ ਰਿਹਾ ਸੀ। ਸਿਰਫ ਯਰਤੀ-ਗੁਲਾਕ ਤੇ ਅਸਮਾਨ ਵਿਚ ਦੂਜ ਦਾ ਚੰਨ ਹੀ ਜਾਗ ਰਹੇ ਸਨ।

ਜਦੋਂ ਚੰਨ ਅਸਮਾਨ ਵਿਚ ਉੱਚਾ ਚੜ੍ਹ ਆਇਆ ਤੇ ਸੁਨਹਿਰੀ ਤਾਰਾ ਉਹਦੇ ਸਿਰਿਆਂ ਦੇ ਵਿਚਕਾਰ ਆ ਗਿਆ ਤਾਂ ਧਰਤੀ-ਗੁਲਾਕ ਨੇ ਆਪਣੇ ਆਪ ਨੂੰ ਆਖਿਆ:

"ਧਰਤੀ, ਬਾਈ ਕੋਲੋਂ ਬਦਲਾ ਲੈਣ ਦਾ ਵਕਤ ਆ ਗਿਐ!"

ਉਸ ਨੇ ਬਲਦਾਂ ਨੂੰ ਉਠਾਇਆ ਤੇ ਉਹਨਾਂ ਨੂੰ ਜ਼ੋਰ ਜ਼ੋਰ ਦੀ ਹਿਕਦਾ ਹੋਇਆ ਸਿਧਿਆਂ ਬਾਈ ਦੇ ਘਰ ਦੇ ਵੱਡੇ ਦਰਵਾਜ਼ੇ ਵੱਲ ਲੈ ਗਿਆ। ਦੌੜਦੇ ਹੋਏ ਬਲਦਾਂ ਦੇ ਸਿੰਗ ਦਰਵਾਜ਼ੇ ਵਿਚ ਜਾ ਵੱਜੇ ਜਿਸ ਕਾਰਨ ਬੜੇ ਜ਼ੋਰ ਦਾ ਖੜਾਕ ਹੋਇਆ ਤੇ ਬਾਈ ਦੀ ਹਸੀਨਾ, ਗੁੱਲ ਦੀ ਜਾਗ ਖੁਲ੍ਹ ਗਈ।

ਉਹ ਚੀਕਾਂ ਮਾਰਨ ਲੱਗ ਪਈ:

"ਉੱਠ, ਮਾਮੇਦ, ਨਹੀਂ ਤਾਂ ਡਰ ਨਾਲ ਮੇਰੀ ਜਾਨ ਨਿਕਲ ਚੱਲੀ ਏ।"

ਉਹ ਆਪਣੇ ਪਤੀ ਦੇ ਕੰਨ ਵਿਚ ਚੀਕਾਂ ਮਾਰ ਰਹੀ ਸੀ, ਪਰ ਮਾਲਕ ਏਨਾ ਘੂਕ ਸੁੱਤਾ ਹੋਇਆ ਸੀ ਕਿ ਉਹ ਜਾਗਿਆ ਹੀ ਨਾ। ਉਧਰ ਖੜਾਕ ਵਧਦਾ ਹੀ ਜਾ ਰਿਹਾ ਸੀ। ਜ਼ੋਰਦਾਰ ਧੱਕੇ ਵੱਜਣ ਕਾਰਨ ਕੱਚੀਆਂ ਕੰਧਾਂ ਹਿੱਲ ਰਹੀਆਂ ਸਨ। ਗੁੱਲ ਡਾਢੀ ਸਹਿਮ ਗਈ। ਉਸ ਨੇ ਵੜੇਵਿਆਂ ਦੇ ਤੇਲ ਵਾਲਾ ਦੀਵਾ ਜਗਾਇਆ ਤੇ ਦੌੜ ਕੇ ਦਰਵਾਜ਼ੇ ਵੱਲ ਗਈ।

"ਕੌਣ ਦਰਵਾਜ਼ਾ ਖੜਕਾ ਰਿਹੈ?" ਡਰ ਨਾਲ ਥਰ ਥਰ ਕੰਬਦੀ ਹੋਈ ਹਸੀਨਾ ਨੇ ਪੁੱਛਿਆ। ਪਰ ਉਸ ਨੂੰ ਕਿਸੇ ਨੇ ਵੀ ਜਵਾਬ ਨਾ ਦਿੱਤਾ। ਦਰਵਾਜ਼ਾ ਤਿੜਕਿਆ, ਚੁਪਟ ਖੁਲ੍ਹ ਗਿਆ ਤੇ ਸਿੰਗਾਂ ਵਾਲਾ ਇਕ ਵੱਡਾ ਸਿਰ ਕਿਬੀਤਕਾ ਦੇ ਅੰਦਰ ਆਇਆ। ਭਰੜਾਈ, ਪਰ ਜ਼ੋਰਦਾਰ ਗਰਜ ਸੁਣਾਈ ਦਿੱਤੀ ਤੇ ਗੁੱਲ ਦੇ ਹੱਥੋਂ ਦੀਵਾ ਡਿਗ ਪਿਆ।

ਹੁਣ ਤਾਂ ਸਾਰੇ ਹੀ ਆਪਣੇ ਬਿਸਤਰਿਆਂ ਉਤੋਂ ਭੁੜਕ ਕੇ ਉਠ ਖਲੋਤੇ। ਪਰ ਹਨੇਰੇ ਵਿਚ ਕਿਸੇ ਨੂੰ ਵੀ ਸਮਝ ਨਹੀਂ ਪੈ ਰਹੀ ਸੀ ਕਿ ਕੀ ਵਾਪਰ ਗਿਆ ਸੀ। ਗੁੱਲ ਚੀਕਾਂ ਮਾਰੀ ਜਾ ਰਹੀ ਸੀ ਕਿ ਸ਼ੈਤਾਨ ਆਪ ਉਹਨਾਂ ਦੇ ਘਰ ਵਿਚ ਆ ਵੜਿਆ ਸੀ, ਬਾਈ ਦੀਆਂ ਧੀਆਂ ਡਾਡਾਂ ਮਾਰੀ ਜਾ ਰਹੀਆਂ ਸਨ ਕਿ ਇਹ ਭੁਚਾਲ ਆਇਆ ਹੋਇਆ ਸੀ, ਜਦਕਿ ਛੋਟਾ ਬੱਚਾ ਡਰ ਕਾਰਨ ਰੋਈ ਜਾ ਰਿਹਾ ਸੀ। ਮੋਟੇ ਧੋਲ੍ਹੜ ਬਾਈ ਨੇ ਸੋਨੇ ਦਾ ਭਰਿਆ ਹੋਇਆ ਸੰਦੂਕ ਫੜ ਲਿਆ ਤਾਂ ਜੋ ਉਸ ਸਰਾਪੇ ਘਰ ਵਿਚੋਂ ਕਿਧਰੇ ਨਿਕਲਿਆ ਜਾ ਸਕੇ, ਪਰ ਉਸ ਨੂੰ ਹਰ ਥਾਂ ਗੁੱਸੇ ਨਾਲ ਭਿਆਨਕ ਬਣੇ ਬੂਥੇ ਹੀ ਵਿਖਾਈ ਦਿੱਤੇ ਅਤੇ ਲੰਮੀ ਜ਼ੋਰਦਾਰ ਗਰਜ ਨਾਲ ਉਸ ਦੇ ਕੰਨ ਬੋਲੇ ਹੁੰਦੇ ਜਾ ਰਹੇ ਸਨ।

ਪਰ ਇਕ ਖੇਤ-ਕਾਮਾ ਐਸਾ ਸੀ ਜਿਹੜਾ ਬਿਲਕੁਲ ਹੀ ਨਾ ਘਬਰਾਇਆ: ਉਸ ਨੇ ਬਲਦਾਂ ਨੂੰ ਫੜ ਲਿਆ ਤੇ ਉਹਨਾਂ ਨੂੰ ਕੰਧ ਦੇ ਲੱਗੇ ਕੱਸ ਕੇ ਬੰਨ੍ਹ ਦਿੱਤਾ। ਤਦ ਕਿਤੇ ਜਾ ਕੇ ਬਾਈ ਨੂੰ ਸਮਝ ਪਈ ਕਿ ਇਹ ਨਾ ਹੀ ਸ਼ੈਤਾਨ ਸੀ, ਨਾ ਹੀ ਭੁਚਾਲ ਸੀ। ਇਹ ਤਾਂ ਬਲਦਾਂ ਨੇ ਰਾਤ ਵੇਲੇ ਘਰ ਦੇ ਸਾਰੇ ਜੀਆਂ ਨੂੰ ਜਗਾ ਦਿੱਤਾ ਸੀ। ਬਲਦਾਂ ਉਤੇ ਕਿਸੇ ਨੇ ਜਾਦੂ ਕਰ ਦਿੱਤਾ ਹੋਇਆ ਲੱਗਦਾ ਸੀ। ਉਹ ਆਪਣੇ ਨਮਦੇ ਉਤੇ ਜਾ ਲੰਮਾ ਪਿਆ ਪਰ ਬੜਾ ਚਿਰ ਉਸਲਵੱਟੇ ਲੈਂਦਾ ਰਿਹਾ, ਫਿਰ ਕਿਤੇ ਜਾ ਕੇ ਉਸ ਨੂੰ ਨੀਂਦ ਆਈ। ਗੁੱਲ ਵੀ ਰਜ਼ਾਈ ਤਾਣ ਕੇ ਸੌਂ ਗਈ, ਧੀਆਂ ਨਰਮ ਬਿਸਤਰੇ ਵਿਚ ਸੌਂ ਗਈਆਂ ਤੇ ਬੱਚਾ ਲਕੜੀ ਦੇ ਉੱਕਰੇ ਹੋਏ ਪੰਘੂੜੇ ਵਿਚ ਸੌਂ ਗਿਆ।

ਪਰ ਮੋਟਾ ਮਾਮੇਦ ਤੇ ਉਸ ਦਾ ਟੱਬਰ ਨੀਂਦ ਦਾ ਅਨੰਦ ਬਹੁਤਾ ਚਿਰ ਨਾ ਮਾਣ ਸਕੇ।

ਅਚਾਨਕ ਵਿਹੜੇ ਵਿਚ ਭੇਡਾਂ ਮਿਆਂਕਣ ਲੱਗੀਆਂ, ਊਠ ਅੜਿੰਗਣ ਲੱਗੇ, ਤੇ ਘੋੜੇ ਉੱਚੀ ਉੱਚੀ ਹਿਣਕਣ ਲੱਗੇ। ਘਰ ਦੇ ਮਾਲਕ ਨੂੰ ਇਉਂ ਲੱਗਾ ਜਿਵੇਂ ਅਸਮਾਨ ਧਰਤੀ ਉਤੇ ਡਿਗ ਪਿਆ ਹੋਵੇ।

ਉਹ ਭੁੜਕ ਕੇ ਉੱਠਿਆ ਤੇ ਰੌਲਾ ਪਾਉਣ ਲੱਗ ਪਿਆ:

"ਲਓ, ਫਿਰ ਭੁਚਾਲ ਆ ਗਿਆ ਜੇ! ਤੁਸੀਂ ਸੁਣਦੇ ਹੋ ਕਿ ਸਾਡੇ ਪੈਰਾਂ ਥੱਲੇ ਧਰਤੀ ਕਿਵੇਂ ਖਿਸਕ ਰਹੀ ਏ!"

ਸਾਰੇ ਜੀਅ ਨਿਕਲ ਕੇ ਵਿਹੜੇ ਵਿਚ ਆ ਗਏ ਤੇ ਵੇਖਿਆ ਕਿ ਜਿਸ ਕੰਧ ਪਿਛੇ ਭੂਤਰੇ ਹੋਏ ਬਲਦ ਬੱਝੇ ਹੋਏ ਸਨ, ਉਹ ਢਹਿ ਗਈ ਸੀ, ਜਦਕਿ ਭੇਡੂ, ਘੋੜੇ ਤੇ ਬੋਤੇ ਚੀਕ ਚਿਹਾੜਾ ਪਾ ਰਹੇ ਸਨ ਤੇ ਬਾਈ ਦੀ ਹਵੇਲੀ ਵਿਚੋਂ ਨਿਕਲ ਕੇ ਦੌੜਦੇ ਜਾ ਰਹੇ ਸਨ। ਜਿਸ ਗੱਡੇ ਉਤੇ ਅਜੇ ਕੱਲ ਹੀ ਮਟਕੇ ਲੱਦ ਕੇ ਲਿਆਂਦੇ ਗਏ ਸਨ ਉਹ ਵੀ ਉਲਟਿਆ ਪਿਆ ਸੀ ਤੇ ਸਾਰੀ ਧਰਤੀ ਠੀਕਰਾਂ ਨਾਲ ਕੱਜੀ ਪਈ ਸੀ। ਕਿਸੇ ਜਾਦੂ ਦੇ ਅਸਰ ਹੇਠ ਆਏ ਹੋਏ ਅਤੇ ਪਸੀਨੋ ਪਸੀਨੀ ਹੋਈਆਂ ਬੂਥੀਆਂ ਵਾਲੇ ਬਲਦ ਸਾਰੇ ਵਿਹੜੇ ਵਿਚ ਹੇਠਲੀ ਉਤੇ ਕਰੀ ਜਾ ਰਹੇ ਸਨ।

ਤਦ ਅਮੀਰ ਮਾਲਕ ਕੁਰਲਾ ਉਠਿਆ:

"ਤੁਹਾਡਾ ਬੇੜਾ ਗ਼ਰਕ, ਬਲਦੋ! ਕਾਲੀ ਹਨੇਰੀ ਵਰਗੇ ਢੱਗਿਓ! ਮਹਾਂਮਾਰੀ ਤੇ ਝੱਖੜ ਵਰਗੇ ਦੈਂਤੋ! ਉਹ ਕਿੰਨੀ ਬਦਸ਼ਗਨ ਘੜੀ ਸੀ ਜਦੋਂ ਮੈਂ ਤੁਹਾਨੂੰ ਆਪਣੇ ਸੁਖ ਚੈਨ ਨਾਲ ਵਸਦੇ ਘਰ ਵਿਚ ਲਿਆਂਦਾ!"

ਔਰਤਾਂ ਵੀ ਰੋ ਕੁਰਲਾ ਤੇ ਚੀਕ-ਚਿਹਾੜਾ ਪਾ ਰਹੀਆਂ ਸਨ:

"ਇਹਨਾਂ ਬਲਦਾਂ ਵਿਚ ਸ਼ੈਤਾਨ ਆ ਵੜਿਐ! ਅੱਬਾ, ਇਹਨਾਂ ਜਨੌਰਾਂ ਨੂੰ ਇਥੋਂ ਕੱਢ ਦੇ, ਨਹੀਂ ਤਾਂ ਅਸੀਂ ਮਾਰੇ ਜਾਵਾਂਗੇ!"

ਤਦ ਧਨੀ ਆਦਮੀ ਨੇ ਫੈਸਲਾ ਕੀਤਾ:

"ਹੁਣ ਮੈਂ ਗ਼ਲਤੀ ਨਹੀਂ ਖਾਂਦਾ, ਬੁਢੜੇ ਨੂੰ ਉਸ ਦੇ ਬਲਦ ਮੋੜ ਦਿੰਦਾ ਹਾਂ ਤੇ ਜੌਆਂ ਦੇ ਬਦਲੇ ਪੈਸੇ ਮੰਗਦਾ ਹਾਂ ਤਾਂ ਜੋ ਸਾਰਾ ਹਿਸਾਬ ਸਾਫ਼ ਹੋ ਜਾਵੇ!"

ਉਸ ਨੇ ਡੰਡਾ ਫੜਿਆ ਤੇ ਬਲਦਾਂ ਨੂੰ ਹਵੇਲੀ ਵਿਚੋਂ ਹਿੱਕ ਕੱਢਿਆ।

ਪਰ ਹੁਣ ਅਸੀਂ ਬਜ਼ੁਰਗ ਜੋੜੀ ਕੋਲ ਜਾ ਕੇ ਵੇਖਦੇ ਹਾਂ ਕਿ ਉਹਨਾਂ ਨਾਲ ਕੀ ਵਾਪਰ ਰਿਹਾ ਸੀ।

ਬੁਢੜਾ ਤੇ ਬੁਢੜੀ ਨੇ ਸਾਰੀ ਰਾਤ ਆਪਣੇ ਕਿਬੀਤਕਾ ਦੀਆਂ ਬਰੂਹਾਂ ਉਤੇ ਬੈਠ ਕੇ ਲੰਘਾਈ। ਸਾਰੀ ਰਾਤ ਉਹਨਾਂ ਨੂੰ ਨੀਂਦ ਨਾ ਆਈ ਤੇ ਸਾਰੀ ਰਾਤ ਆਪਣੇ ਨਿੱਕੇ ਜਿਹੇ ਪੁਤਰ ਨੂੰ ਯਾਦ ਕਰਦੇ ਰਹੇ।

ਬਜ਼ੁਰਗ ਗਾ ਰਿਹਾ ਸੀ:

ਕਿਥੇ ਏਂ ਤੂੰ ਸਾਡਿਆ ਬਚੜਿਆ,
ਚੁਸਤ ਤੇ ਚਲਾਕ ਬਚੜਿਆ,
ਬਾਜ਼ ਤੇ ਚਿਤਰੇ ਵਰਗਿਆ ਬਚੜਿਆ?

ਬੁਢੜੀ ਗਾ ਰਹੀ ਸੀ:

ਤੁਰ ਗਿਆ ਸਾਡਾ ਬਚੜਾ ਵੇ,
ਸੁਹਣਾ ਸੁਣੱਖਾ ਬਚੜਾ ਵੇ,
ਫੁੱਲ ਤੇ ਸੂਰਜ ਵਰਗਾ ਬਚੜਾ ਵੇ!

ਫਿਰ ਉਹ ਮਿਲ ਕੇ ਗਾਉਣ ਲੱਗੇ:

ਮੁੜ ਆ ਸਾਡਿਆ ਬੱਚਿਆ ਵੇ,
ਤੇਰੇ ਵਰਗਾ ਜੱਗ ਵਿਚ ਹੋਰ ਕੋਈ ਨਾ ਵੇ!

ਅਚਾਨਕ ਉਹਨਾਂ ਨੇ ਸੁਣਿਆ ਕਿ ਕੋਈ ਉਹਨਾਂ ਦਾ ਫਾਟਕ ਖੜਕਾ ਰਿਹਾ ਸੀ।

ਬਜ਼ੁਰਗ ਨੇ ਪੁੱਛਿਆ:

"ਕੌਣ ਏ ਜਿਹੜਾ ਏਨਾ ਕੁਵੇਲੇ ਸਾਡਾ ਦਰਵਾਜ਼ਾ ਖੜਕਾ ਰਿਹੈ?"

ਮਾਮੇਦ ਕੰਧ ਦੇ ਪਾਰੋਂ ਬੋਲਿਆ, ਕਿਉਂਕਿ ਇਹ ਮਾਮੇਦ ਹੀ ਸੀ।

"ਮੈਂ ਹਾਂ, ਚੰਗਿਆ ਗੁਆਂਢੀਆ। ਮੈਨੂੰ ਤੇਰੇ ਉਤੇ ਤਰਸ ਆ ਗਿਐ। ਮੈਂ ਤੇਰੇ ਬਲਦ ਤੇਰੇ ਕੋਲ ਹਿੱਕ ਲਿਆਇਆ ਹਾਂ। ਲੈ ਫੜ ਆਪਣੇ ਬਲਦ, ਪਰ ਜੌਆਂ ਦੇ ਬਦਲੇ ਮੈਨੂੰ ਪੈਸੇ ਦੇ!"

ਬਜ਼ੁਰਗ ਨੂੰ ਸਮਝ ਨਹੀਂ ਆ ਰਹੀ ਸੀ ਕਿ ਧਨੀ ਆਦਮੀ ਨੂੰ ਕੀ ਜਵਾਬ ਦੇਵੇ, ਪਰ ਉਹ ਫਾਟਕ ਖੋਲ੍ਹਣ ਲਈ ਅੱਗੇ ਵਧਿਆ। ਪਰ ਓਦੋਂ ਹੀ ਉਸ ਦੇ ਕੰਨ ਵਿਚ ਕਿਸੇ ਨੇ ਫੁਸ ਫੁਸ ਕੀਤਾ ਤੇ ਬਜ਼ੁਰਗ ਨੇ ਧਰਤੀ-ਗੁਲਾਕ ਦੀ ਆਵਾਜ਼ ਇਕਦਮ ਪਛਾਣ ਲਈ ਸੀ:

"ਅੱਬਾ-ਜਾਨ, ਤੂੰ ਬਲਦ ਕਿਸੇ ਵੀ ਕੀਮਤ 'ਤੇ ਵਾਪਸ ਨਾ ਲਈਂ!"

ਤਦ ਬਜ਼ੁਰਗ ਨੇ ਰਾਤ ਵੇਲੇ ਦੇ ਮਹਿਮਾਨ ਅੱਗੇ ਸਿਰ ਝੁਕਾਇਆ ਤੇ ਆਖਿਆ:

"ਹੇ, ਮੇਰੇ ਬਾਈ ਸਰਦਾਰ! ਮੇਰੇ ਵਰਗੇ ਗ਼ਰੀਬ ਆਦਮੀ ਕੋਲ ਪੈਸੇ ਕਿਥੋਂ ਆਏ? ਇਕਰਾਰ ਇਕਰਾਰ ਹੀ ਹੁੰਦਾ ਏ। ਸਾਡਾ ਇਕਰਾਰ ਸੀ: ਮੈਂ ਜੌਂ ਲਏ ਤੇ ਤੈਨੂੰ ਬਲਦ ਮਿਲ ਗਏ। ਉਹਨਾਂ ਨੂੰ ਲੈ ਜਾ ਤੇ ਮੌਜਾਂ ਲੁੱਟ।"

"ਹਾਇ ਓਇ!" ਧਨਵਾਨ ਚੀਕ ਉਠਿਆ। "ਤੂੰ ਮੇਰਾ ਦਿਵਾਲਾ ਕੱਢ ਦਿੱਤੈ! ਪਰ ਮੈਂ ਸਬਰ ਤੋਂ ਕੰਮ ਲੈਣ ਵਾਲਾ ਬੰਦਾ ਹਾਂ, ਮੈਂ ਨਵੀਂ ਫਸਲ ਆਉਣ ਤਕ ਉਡੀਕ ਲਵਾਂਗਾ, ਤੂੰ ਮੈਨੂੰ ਓਦੋਂ ਹੀ ਪੈਸੇ ਦੇ ਦਈਂ।"

ਪਰ ਬਜ਼ੁਰਗ ਬਾਈ ਦੀ ਚਲਾਕੀ ਨੂੰ ਭਾਂਪ ਗਿਆ ਤੇ ਸਿਰ ਫੇਰ ਦਿੱਤਾ:

"ਨਹੀਂ ਬਈ, ਨਹੀਂ! ਤੇਰਾ ਕਰਜ਼ਾਈ ਹੋਣ ਨਾਲੋਂ ਤਾਂ ਉਬਲਦੀ ਦੇਗ ਵਿਚ ਪੈਣਾ ਚੰਗੈ। ਤੂੰ ਬਲਦ ਸਾਂਭ ਲੈ ਤੇ ਤੇਰਾ ਸਾਡਾ ਹਿਸਾਬ ਸਾਫ਼!"

ਬਜ਼ੁਰਗ ਨੇ ਬਾਈ ਨੂੰ ਇਸ ਤਰ੍ਹਾਂ ਜਵਾਬ ਦਿੱਤਾ ਕਿ ਮੁਸਕੜੀਏਂ ਹੱਸ ਪਿਆ, ਪਰ ਅਮੀਰ ਆਦਮੀ ਹੁੰਗਰਾਂ ਮਾਰਨ ਲੱਗ ਪਿਆ: ਉਹ ਜਾਦੂ ਦੇ ਕੀਲੇ ਬਲਦਾਂ ਨੂੰ ਆਪਣੇ ਘਰ ਕਿਵੇਂ ਲਿਜਾ ਸਕਦਾ ਸੀ! ਅਖ਼ੀਰ ਉਸ ਨੇ ਬਜ਼ੁਰਗ ਨੂੰ ਆਖਿਆ:

"ਮੈਂ ਸਖੀ ਬੰਦਾ ਹਾਂ। ਮੈਂ ਇਹ ਬਲਦ ਤੈਨੂੰ ਐਵੇਂ ਹੀ ਦੇ ਦਿੰਦਾ ਹਾਂ। ਪਰ ਤੂੰ ਮੇਰੀ ਖੁਲ੍ਹਦਿਲੀ ਨੂੰ ਭੁਲਾਵੀਂ ਨਾ। ਤੂੰ ਹਰ ਘਰ, ਹਰ ਰਾਹ ਵਿਚ ਇਹਦੇ ਹੀ ਗੁਣ ਗਾਵੀਂ।"

ਬਜ਼ੁਰਗ ਬੜਾ ਹੈਰਾਨ ਹੋਇਆ ਅਤੇ ਉਸ ਨਾਲ ਸਹਿਮਤ ਹੋਣ ਹੀ ਵਾਲਾ ਸੀ ਕਿ ਧਰਤੀ ਨੇ ਦੁਬਾਰਾ ਉਸ ਦੇ ਕੰਨ ਵਿਚ ਫੁਸ ਫੁਸ ਕੀਤਾ:

"ਅੱਬਾ-ਜਾਨ, ਤੂੰ ਬਲਦ ਕਿਸੇ ਵੀ ਕੀਮਤ ਉਤੇ ਵਾਪਸ ਨਾ ਲਈਂ!"

ਤਦ ਬਜ਼ੁਰਗ ਨੇ ਬਾਈ ਅੱਗੇ ਹੋਰ ਵੀ ਝੁਕ ਕੇ ਸਲਾਮ ਕੀਤੀ ਤੇ ਜਵਾਬ ਦਿੱਤਾ:

"ਮੈਂ ਪਸ਼ੂਆਂ ਨੂੰ ਵਾਪਸ ਕਿਵੇਂ ਲੈ ਸਕਦਾ ਹਾਂ ਜਿਨ੍ਹਾਂ ਦੀ ਕੀਮਤ ਮੈਂ ਤਾਰ ਨਹੀਂ ਸਕਦਾ? ਸਾਰੇ ਗੁਆਂਢੀ

ਮੈਨੂੰ ਚੋਰ ਸਮਝਣਗੇ! ਜੇ ਮੈਂ ਉਹਨਾਂ ਨੂੰ ਇਹ ਆਖਾਂ ਕਿ ਬਾਈ ਨੇ ਇਹ ਬਲਦ ਮੈਨੂੰ ਤੁਹਫ਼ੇ ਵਜੋਂ ਦਿੱਤੇ ਨੇ ਤਾਂ ਉਹ ਕਿਸੇ ਵੀ ਹਾਲਤ ਵਿਚ ਯਕੀਨ ਨਹੀਂ ਕਰਨਗੇ। ਨਹੀਂ, ਜੋ ਹੋ ਗਿਆ, ਸੋ ਹੋ ਗਿਐ। ਤੂੰ ਬਲਦ ਆਪਣੀ ਹਵੇਲੀ 'ਚ ਲੈ ਜਾ ਤੇ ਰਾਤ ਵੇਲੇ ਮੈਨੂੰ ਪਰੇਸ਼ਾਨ ਨਾ ਕਰ।"

ਏਨਾ ਕਹਿ ਕੇ ਬਜ਼ੁਰਗ ਆਪਣੇ ਕਿਬੀਤਕਾ ਵਿਚ ਚਲਿਆ ਗਿਆ। ਉਸ ਨੇ ਬੂਹੇ ਦੀ ਥਾਂ ਲਾਇਆ ਹੋਇਆ ਗਲੀਚਾ ਹੇਠਾਂ ਸੁਟਿਆ ਤੇ ਮਾਂ ਆਪਣੇ ਛਿੰਦੇ ਪੁਤਰ ਲਈ ਸ਼ੋਰਬਾ ਤਿਆਰ ਕਰਨ ਵਿਚ ਰੁੱਝ ਗਈ। ਪਰ ਯਰਤੀ ਉਸ ਵੇਲੇ ਤਕ ਘਰੋਂ ਜਾ ਚੁੱਕਾ ਸੀ।

ਤੇ ਹੁਣ ਸੁਣੋ ਸਾਡੀ ਬਾਤ ਕਿ ਮੋਟੇ ਧੋਲ਼ੜ ਬਾਈ ਨਾਲ ਕੀ ਵਾਪਰੀ।

ਬਘਿਆੜ ਲੋਭੀ ਹੁੰਦਾ ਹੈ ਪਰ ਬਾਈ ਹੋਰ ਵੀ ਲੋਭੀ ਹੁੰਦਾ ਹੈ। ਉਹ ਬਲਦਾਂ ਨੂੰ ਰਾਹ ਵਿਚ ਹੀ ਛਡਣਾ ਨਹੀਂ ਚਾਹੁੰਦਾ ਸੀ, ਉਹ ਉਹਨਾਂ ਨੂੰ ਰੇਗਿਸਤਾਨ ਵੱਲ ਹਿੱਕ ਕੱਢਣਾ ਵੀ ਨਹੀਂ ਚਾਹੁੰਦਾ ਸੀ, ਉਹ ਬਲਦਾਂ ਦੇ ਬਦਲੇ ਭਾਰੀ ਰਕਮ ਵੱਟਣੀ ਚਾਹੁੰਦਾ ਸੀ।

ਉਸ ਨੇ ਆਖਿਆ:

"ਮੈਂ ਪਸ਼ੂਆਂ ਨੂੰ ਪਿੰਡ ਦੇ ਪਰਲੇ ਪਾਸੇ ਉੱਗੇ ਤੂਤਾਂ ਦੇ ਝੁੰਡ ਵਿਚ ਲੁਕਾ ਦਿੰਦਾ ਹਾਂ ਤੇ ਸਵੇਰੇ ਉਹਨਾਂ ਨੂੰ ਮੰਡੀ ਵਿਚ ਵੇਚ ਦਿਆਂਗਾ।"

ਬਾਈ ਨੇ ਇਹ ਫੈਸਲਾ ਕੀਤਾ ਤੇ ਬਲਦਾਂ ਨੂੰ ਹਿੱਕ ਕੇ ਪਹੇ ਉਤੇ ਪਾ ਲਿਆ। ਬੇਸ਼ਕ, ਉਸ ਨੇ ਯਰਤੀ-ਗੁਲਾਕ ਨੂੰ ਨਹੀਂ ਵੇਖਿਆ, ਜਿਹੜਾ ਆਪਣੀ ਮਨਪਸੰਦ ਥਾਂ, ਬਲਦ ਦੇ ਲੰਮੇ ਸਿੰਗਾਂ ਵਿਚਾਲੇ ਬੈਠਾ ਹੋਇਆ ਸੀ। ਜੇ ਬਾਈ ਨੂੰ ਪਤਾ ਹੁੰਦਾ ਕਿ ਬਲਦਾਂ ਉਤੇ ਕੋਈ ਮੁੰਡਾ ਬੈਠਾ ਹੋਇਆ ਸੀ ਤਾਂ ਉਹ ਸਮਝ ਜਾਂਦਾ ਕਿ ਬਲਦ ਸੱਜੇ ਪਾਸੇ ਵੱਲ ਕਿਉਂ ਭੱਜੇ ਜਾ ਰਹੇ ਸਨ ਜਦਕਿ ਉਹ ਉਹਨਾਂ ਨੂੰ ਖੱਬੇ ਪਾਸੇ ਵੱਲ ਹਿੱਕ ਰਿਹਾ ਸੀ। ਉਹ ਸਮਝ ਜਾਂਦਾ ਕਿ ਬਲਦ ਪਿਛਾਂਹ ਕਿਉਂ ਦੌੜਦੇ ਸਨ ਅਤੇ ਉਸ ਨੂੰ ਆਪਣੇ ਭਿਆਨਕ ਸਿੰਗ ਵਿਖਾ ਕੇ ਓਦੋਂ ਧਮਕੀਆਂ ਕਿਉਂ ਦਿੰਦੇ ਸਨ ਜਦ ਕਿ ਉਹ ਉਹਨਾਂ ਨੂੰ ਡਾਂਗਾਂ ਮਾਰ ਮਾਰ ਕੇ ਅੱਗੇ ਹਿਕਦਾ ਸੀ।

ਇੰਜ ਉਹ ਸਵੇਰ ਤਕ ਪਿੰਡ ਦੇ ਆਸ ਪਾਸ ਹੀ ਚੱਕਰ ਲਾਉਂਦੇ ਰਹੇ ਅਤੇ ਤੂਤਾਂ ਦੇ ਝੁੰਡ ਤਕ ਪਹੁੰਚ ਹੀ ਨਾ ਸਕੇ। ਹੈਰਾਨ-ਪਰੇਸ਼ਾਨ ਹੋਇਆ ਬਾਈ ਪਹੇ ਦੇ ਕੰਢੇ ਉਤੇ ਬੈਠ ਗਿਆ ਤੇ ਕ੍ਰੋਧ ਵਿਚ ਆਇਆ ਰੋਣ ਲੱਗ ਪਿਆ।

ਜਿਥੇ ਉਹ ਬੈਠਾ ਹੋਇਆ ਸੀ, ਉਥੇ ਲਾਗੇ ਹੀ ਮੁੱਲਾਂ ਦਾ ਅੰਗੂਰਾਂ ਦਾ ਵਾੜਾ ਸੀ। ਮੁੱਲਾਂ ਬਖੇੜੇ ਹੱਥਾ ਸੀ ਤੇ ਸੌ ਬੁਢੜੀਆਂ ਮਾਈਆਂ ਨਾਲੋਂ ਵੀ ਵਧ ਸ਼ੋਰ ਪਾ ਸਕਦਾ ਸੀ। ਹੋਇਆ ਇਹ ਕਿ ਬਲਦ ਅੰਗੂਰਾਂ ਦੇ ਵਾੜੇ ਲਾਗੇ ਪੁੱਜ ਗਏ ਤੇ ਉਸ ਦੀਆਂ ਵੇਲਾਂ ਉਤੇ ਲੱਗੇ ਕੂਲੇ ਕੂਲੇ ਪੱਤੇ ਫੁਲਾਂ ਸਮੇਤ ਮਰੁੰਡਣ ਲੱਗੇ। ਤਦ ਮੁੱਲਾਂ ਦੌੜਦਾ ਹੋਇਆ ਘਰੋਂ ਨਿਕਲਿਆ ਤੇ ਬਾਈ ਉਤੇ ਕੜਕਣ ਲੱਗਾ। ਉਸ ਨੇ ਆਪਣੀਆਂ ਬਾਂਹਵਾਂ ਅਸਮਾਨ ਵੱਲ ਚੁੱਕੀਆਂ ਤੇ ਗਿੱਦੜ ਵਾਂਗ ਹਵਾਂਕਣ ਲੱਗਾ:

"ਤੂੰ, ਬੇਈਮਾਨਾ! ਤੂੰ ਖ਼ੁਦ ਸ਼ੈਤਾਨ ਨਾਲ ਵਾਹ ਪਾ ਲਿਐ! ਇਹ ਬਲਦ ਤੇਰਾ, ਤੇਰੇ ਪੋਤਰਿਆਂ, ਤੇਰੇ ਬੱਚਿਆਂ ਤੇ ਤੇਰੇ ਪੜ-ਪੋਤਰਿਆਂ ਦਾ ਓਵੇਂ ਹੀ ਸਤਿਆਨਾਸ ਕਰਨ, ਜਿਵੇਂ ਇਹਨਾਂ ਨੇ ਮੇਰੇ ਅੰਗੂਰਾਂ ਦੇ ਵਾੜੇ ਦਾ ਕੀਤੈ! ਜਾਂ ਤਾਂ ਇਹਨਾਂ ਨੂੰ ਮਾਰ ਦੇ ਜਾਂ ਫਿਰ ਅੰਗੂਰਾਂ ਦਾ ਹਰਜਾਨਾ ਭਰ। ਜੇ ਤੂੰ ਇੰਜ ਨਾ ਕੀਤਾ ਤਾਂ ਅਗਲੇ ਜਹਾਨ ਵਿਚ ਅੱਲਾ ਨੇ ਵੀ ਤੇਰੇ ਵੱਲ ਨਹੀਂ ਵੇਖਣਾ!"

ਮੁੱਲਾਂ ਦਾ ਚੀਕ-ਚਿਹਾੜਾ ਸੁਣ ਕੇ ਸਾਰਾ ਪਿੰਡ ਜਾਗ ਪਿਆ। ਲੋਕ ਉਹਨਾਂ ਵੱਲ ਆਉਣ ਲੱਗੇ ਤੇ ਉਹ

ਵੀ ਬਹਿਸਣ ਲੱਗ ਪਏ: ਕੁਝ ਲੋਕ ਚੀਕ ਚੀਕ ਕੇ ਆਖ ਰਹੇ ਸਨ ਕਿ ਮੁੱਲਾਂ ਦਾ ਕਸੂਰ ਸੀ ਜਦਕਿ ਦੂਸਰੇ ਇਹ ਆਖ ਰਹੇ ਸਨ ਕਿ ਸਾਰਾ ਕਸੂਰ ਬਾਈ ਦਾ ਸੀ। ਇਸ ਤਰ੍ਹਾਂ ਉਹ ਕਿਸੇ ਵੀ ਸਿੱਟੇ ਉਤੇ ਨਾ ਪਹੁੰਚ ਸਕੇ।

ਉਹ ਬਲਦਾਂ ਬਾਰੇ ਤਾਂ ਭੁੱਲ ਹੀ ਗਏ ਸਨ।

ਭੁੱਖਣ-ਭਾਣੇ ਬਲਦ ਬਾਈ ਦੇ ਨੇੜੇ ਆਏ ਤੇ ਉਸ ਦੇ ਸੁਹਣੇ ਰੇਸ਼ਮੀ ਚੋਲੇ ਨੂੰ ਕਿਨਾਰੀ ਤੋਂ ਖਾਣ ਲੱਗ ਪਏ। ਉਹਨਾਂ ਨੇ ਸਮਝਿਆ ਕਿ ਇਹ ਹਰੇ ਰੰਗ ਦਾ ਚੋਲਾ ਨਹੀਂ ਸਗੋਂ ਚੇਰਕੇਜ਼ ਸੀ। ਚੇਰਕੇਜ਼ ਇਕ ਤਰ੍ਹਾਂ ਦੀ ਝਾੜੀ ਦਾ ਨਾਂ ਹੈ ਜਿਹੜੀ ਬਹਾਰ ਵਿਚ ਲਵੀ ਤੇ ਹਰੀ ਹੁੰਦੀ ਹੈ। ਜਦ ਤਕ ਲੋਕ ਬਹਿਸਦੇ ਝਗੜਦੇ ਰਹੇ, ਜਾਦੂ ਦੇ ਕੀਲੇ ਬਲਦਾਂ ਨੇ ਅੱਧਾ ਚੋਲਾ ਖਾ ਲਿਆ ਸੀ। ਤਦ ਲੋਕਾਂ ਦਾ ਧਿਆਨ ਇਸ ਗੱਲ ਵੱਲ ਗਿਆ ਕਿ ਪਤਵੰਤੇ ਬਾਈ ਨਾਲ ਕੀ ਵਾਪਰ ਗਿਆ ਸੀ।

ਲੋਕੀਂ ਬਹਿਸਣੋਂ ਹਟ ਗਏ ਤੇ ਹੱਸਣਾ ਸ਼ੁਰੂ ਕਰ ਦਿੱਤਾ। ਇਥੋਂ ਤਕ ਕਿ ਗ਼ਰੀਬ ਖੇਤ-ਕਾਮੇ ਵੀ ਮਗ਼ਰੂਰ ਬਾਈ ਦੀ ਖਿੱਲੀ ਉਡਾ ਰਹੇ ਸਨ। ਕਿਸੇ ਵੀ ਖ਼ਾਨਦਾਨੀ ਬਾਈ ਦੀ ਅਜ ਤਕ ਏਨੀ ਨਮੋਸ਼ੀ ਨਹੀਂ ਹੋਈ ਸੀ! ਉਹ ਗੁੱਸੇ ਵਿਚ ਆਇਆ ਚੀਕਾਂ ਮਾਰਨ ਲੱਗ ਪਿਆ। ਉਸ ਨੇ ਡਾਂਗ ਫੜੀ ਤੇ ਬਲਦਾਂ ਨੂੰ ਕੁੱਟ ਕੁੱਟ ਕੇ ਰੇਗਿਸਤਾਨ ਵੱਲ ਕੱਢ ਦਿੱਤਾ।

ਪਰ ਬਿਪਤਾ ਕਦੋਂ ਟਲਦੀ ਏ ਜੇ ਉਹ ਬੰਦੇ ਦੇ ਮੋਢੇ ਉਤੇ ਆ ਬੈਠੀ ਹੋਵੇ।

ਜਦੋਂ ਮੋਟੇ ਬਾਈ ਨੇ ਬਲਦਾਂ ਨੂੰ ਰੇਤ ਦੇ ਸਾਗਰ ਵੱਲ ਹਿਕਿਆ ਤਾਂ ਉਸ ਨੇ ਉੱਕਰੀ ਹੋਈ ਚਾਂਦੀ ਦੀ ਮੁੱਠ ਵਾਲੀ ਆਪਣੀ ਚਾਬਕ ਫੜੀ ਤੇ ਪੂਰੇ ਜ਼ੋਰ ਨਾਲ ਬਲਦਾਂ ਉਤੇ ਵਰ੍ਹਾਉਣ ਲੱਗ ਪਿਆ ਤਾਂ ਜੋ ਉਹ ਉਸ ਤੋਂ ਦੂਰ ਚਲੇ ਜਾਣ। ਇਥੋਂ ਤਕ ਕਿ ਉਹ ਖਿੱਝ ਵਿਚ ਆਇਆ ਰੋਣ ਲੱਗ ਪਿਆ ਕਿਉਂਕਿ ਉਸ ਨੂੰ ਬਲਦਾਂ ਦਾ ਅਫ਼ਸੋਸ ਸੀ ਜਿਨ੍ਹਾਂ ਨੂੰ ਮੰਡੀ ਵਿਚ ਵੇਚ ਕੇ ਚੰਗੀ ਰਕਮ ਕਮਾਈ ਜਾ ਸਕਦੀ ਸੀ। ਚੋਲੇ ਦੀ ਬਾਂਹ ਨਾਲ ਅਥਰੂ ਪੂੰਝਦਾ ਹੋਇਆ ਬਾਈ ਆਪਣੀ ਹਵੇਲੀ ਵੱਲ ਪੈਰ ਘਸੀਟਦਾ ਹੋਇਆ ਚਲਿਆ ਗਿਆ।

ਸੌ-ਕੁ ਕਦਮ ਪੁੱਟਣ ਮਗਰੋਂ ਬਾਈ ਨੇ ਇਹ ਜਾਨਣ ਲਈ ਪਿਛਾਂਹ ਵੱਲ ਝਾਤੀ ਮਾਰੀ ਕਿ ਬਲਦ ਦੂਰ ਚਲੇ ਗਏ ਸਨ ਕਿ ਨਹੀਂ, ਪਰ ਉਸ ਨੇ ਵੇਖਿਆ ਕਿ ਜਾਦੂ ਦੇ ਕੀਲੇ ਹੋਏ ਬਲਦ ਉਸ ਦੇ ਪਿਛੇ ਪਿਛੇ ਤੁਰੇ ਆ ਰਹੇ ਸਨ। ਬਾਈ ਦੀਆਂ ਚੀਕਾਂ ਨਿਕਲ ਗਈਆਂ ਤੇ ਉਹ ਬਾਂਹਵਾਂ ਮਾਰਦਾ ਹੋਇਆ ਪਹੇ ਉਤੇ ਦੌੜ ਨਿਕਲਿਆ। ਪਰ ਬਲਦ ਵੀ ਦੌੜਨ ਲੱਗ ਪਏ। ਉਹ ਸੱਜੇ ਪਾਸੇ ਨਿਕਲ ਗਿਆ, ਪਰ ਬਲਦ ਵੀ ਉਸ ਦੇ ਪਿਛੇ ਪਿਛੇ। ਫਿਰ ਉਹ ਖੱਬੇ ਪਾਸੇ ਨਿਕਲ ਗਿਆ ਪਰ ਬਲਦ ਵੀ ਖੱਬੇ ਪਾਸੇ ਮੁੜ ਗਏ! ਉਧਰ ਸੂਰਜ ਐਨ ਸਿਰ ਉਤੇ ਆ ਚੁੱਕਾ ਸੀ ਪਰ ਉਹ ਅਜੇ ਵੀ ਰੇਗਿਸਤਾਨ ਵਿਚ ਦੌੜਦੇ ਜਾ ਰਹੇ ਸਨ।

ਆਖ਼ਿਰਕਾਰ, ਬਾਈ ਨੇ ਇਕ ਚਲਾਕੀ ਤੋਂ ਕੰਮ ਲਿਆ: ਉਹ ਇਕ ਟਿੱਲੇ ਪਿਛੇ ਸਹੇ ਵਾਂਗ ਬੈਠ ਗਿਆ ਤੇ ਚੇਰਕੇਜ਼ ਦੀ ਝਾੜੀ ਵਿਚ ਲੁਕ ਗਿਆ। ਪਰ ਬਲਦ ਵੀ ਉਸੇ ਵੇਲੇ ਹੀ ਉਥੇ ਪਹੁੰਚ ਗਏ ਤੇ ਬੜੇ ਆਰਾਮ ਨਾਲ ਹਰੇ ਹਰੇ ਪੱਤੇ ਖਾਣ ਲੱਗ ਪਏ।

ਮੋਟਾ ਧੋਲ੍ਹੜ ਬਾਈ ਲੱਤਾਂ ਤੇ ਬਾਂਹਵਾਂ ਦੇ ਭਾਰ, ਜਿਵੇਂ ਕੱਛੂਕੁੰਮਾ ਕਰਦਾ ਹੈ, ਦੌੜਨ ਲੱਗਾ, ਤੇ ਫਿਰ ਕਿਰਲੇ ਵਾਂਗ ਰੀਂਗਦਾ ਹੋਇਆ ਸੁੱਕ ਚੁਕੇ ਇਕ ਨਾਲੇ ਵਿਚ ਲੁਕ ਗਿਆ। ਜਦੋਂ ਉਸ ਨੇ ਸਿਰ ਚੁੱਕ ਕੇ ਵੇਖਿਆ ਤਾਂ ਜ਼ਿੱਦੀ ਪਸ਼ੂ ਉਸ ਦੇ ਸਾਮ੍ਹਣੇ ਖਲੋਤੇ ਹੋਏ ਸਨ।

ਇਸ ਤਰ੍ਹਾਂ ਦੌੜਨ ਭੱਜਣ ਦਾ ਕੰਮ ਤਿੰਨ ਦਿਨ ਲਗਾਤਾਰ ਜਾਰੀ ਰਿਹਾ। ਬਾਈ ਤਿੰਨ ਦਿਨ ਤੇ ਤਿੰਨ ਰਾਤਾਂ ਰੇਗਿਸਤਾਨ ਵਿਚ ਭਟਕਦਾ ਰਿਹਾ। ਉਸ ਨੇ ਬੜੀਆਂ ਹੀ ਤਰਕੀਬਾਂ ਸੋਚੀਆਂ, ਨਹਿਸ਼ ਜਾਨਵਰਾਂ ਕੋਲੋਂ ਨਜਾਤ ਪਾਉਣ ਲਈ ਕੀ ਕੀ ਨਾ ਕੀਤਾ: ਉਸ ਨੇ ਆਪਣਾ ਸਿਰ ਰੇਤ ਵਿਚ ਘਸੋੜਿਆ, ਪੁਰਾਣੇ ਬੁਰਜਾਂ

ਦੀਆਂ ਕੰਧਾਂ ਨਾਲ ਚੰਬੜਿਆ, ਜਿਹੜੇ ਰੇਗਿਸਤਾਨ ਵਿਚ ਹੀ ਉਸਾਰੇ ਗਏ ਸਨ, ਜਿਵੇਂ ਦਿਓਕੱਦ ਸੰਤਰੀ ਹੋਣ। ਉਸ ਨੇ ਡੂੰਘੇ ਪਥਰੀਲੇ ਖੂਹਾਂ ਵਿਚ ਛਾਲਾਂ ਮਾਰੀਆਂ ਪਰ ਉਹ ਉਹਨਾਂ ਲਾਜਵਾਬ ਬਲਦਾਂ ਕੋਲੋਂ ਕਿਤੇ ਵੀ ਲੁਕ ਨਾ ਸਕਿਆ।

ਮੋਟਾ ਬਾਈ ਸੁਕ ਕੇ ਸੱਕ ਵਰਗਾ ਹੋ ਗਿਆ, ਉਸ ਸਿਰਹਾਣੇ ਵਰਗਾ ਜਿਸ ਵਿਚੋਂ ਸਾਰੇ ਖੰਭ ਕੱਢ ਲਏ ਗਏ ਹੋਣ, ਉਸ ਮਸ਼ਕ ਵਰਗਾ ਜਿਸ ਵਿਚੋਂ ਸਾਰੀ ਸ਼ਰਾਬ ਕੱਢ ਲਈ ਗਈ ਹੋਵੇ। ਉਸ ਦੇ ਕਪੜੇ ਲੀਰੋ ਲੀਰ ਹੋ ਗਏ ਸਨ। ਉਹ ਰੇਤ ਉਤੇ ਬੈਠ ਗਿਆ ਤੇ ਇੰਜ ਰੋਣ ਲੱਗ ਪਿਆ ਜਿਵੇਂ ਲਕੜਬੱਗਾ ਮਿਆਂਕਦਾ ਹੈ:

"ਹਾਇ ਓਇ! ਇਸ ਦੁਨੀਆ ਵਿਚ ਮੇਰੇ ਵਰਗਾ ਮੰਦਭਾਗਾ ਹੋਰ ਕੋਈ ਨਹੀਂ! ਮੈਂ ਹੁਣੇ ਬਜ਼ੁਰਗ ਕੋਲ ਜਾਂਦਾ ਹਾਂ ਤੇ ਉਹਦੇ ਪੈਰੀਂ ਢਹਿ ਪੈਂਦਾ ਹਾਂ, ਸਭ ਤੋਂ ਪਲਿਆ ਹੋਇਆ ਭੇਡੂ ਦੇਣ ਦਾ ਵਾਅਦਾ ਕਰਦਾ ਹਾਂ, ਪਰ ਉਹ ਇਹਨਾਂ ਢੀਠ ਦੈਂਤਾਂ ਕੋਲੋਂ ਮੇਰਾ ਖਹਿੜਾ ਛੁਡਾ ਦੇਵੇ।"

ਤੇ ਬਾਈ ਬਜ਼ੁਰਗ ਦੇ ਘਰ ਵੱਲ ਦੌੜ ਗਿਆ।

ਹਮੇਸ਼ਾ ਵਾਂਗ ਹੀ ਬੁਢੜਾ ਤੇ ਬੁਢੜੀ ਬੜੇ ਸਵਖਤੇ ਜਾਗ ਪਏ ਸਨ। ਉਹਨਾਂ ਨੇ ਵਿਹੜੇ ਵਿਚਕਾਰ ਨਮਦਾ ਵਿਛਾਇਆ ਹੋਇਆ ਸੀ। ਉਹ ਉਸ ਉਤੇ ਬੈਠ ਕੇ ਚਾਹ ਪੀ ਰਹੇ ਸਨ ਤੇ ਗਰਮ ਗਰਮ ਰੋਟੀ ਖਾ ਰਹੇ ਸਨ।

ਬੁਢੜੀ ਅਚਾਨਕ ਭੁੜਕ ਕੇ ਉੱਠੀ ਤੇ ਉਹਦੇ ਹੱਥਾਂ ਵਿਚੋਂ ਗਰਮ ਚਾਹ ਦਾ ਪਿਆਲਾ ਡਿਗ ਪਿਆ। ਉਸ ਦੀ ਚੀਕ ਨਿਕਲ ਗਈ:

"ਹਾਏ, ਹਾਏ! ਵੇਖ, ਬੁਢੜਿਆ, ਸਾਡੇ ਵਿਹੜੇ ਵਿਚ ਕੋਈ ਡਾਕੂ ਵੜਨਾ ਚਾਹੁੰਦੈ!"

ਬਜ਼ੁਰਗ ਨੇ ਵੇਖਿਆ ਕਿ ਕੰਧ ਦੇ ਪਰਲੇ ਪਾਸੇ ਕੋਈ ਡਰਾਉਣਾ ਜਿਹਾ ਆਦਮੀ ਸੀ।

"ਤੂੰ, ਦੈਂਤਾ, ਭਾਵੇਂ ਕੋਈ ਵੀ ਹੋਵੇਂ," ਬਜ਼ੁਰਗ ਨੇ ਉਸ ਵੱਲ ਬਾਹਵਾਂ ਉੱਗਰੀਆਂ, "ਸਾਨੂੰ, ਗ਼ਰੀਬ ਲੋਕਾਂ ਨੂੰ ਡਰਾ ਨਾ ਤੇ ਇਥੋਂ ਚਲਦਾ ਹੋ।"

"ਮੈਂ ਦੈਂਤ ਨਹੀਂ ਹਾਂ, ਮੈਂ ਤੇਰਾ ਬਦਨਸੀਬ ਗੁਆਂਢੀ ਮਾਮੇਦ--ਆਗਾ ਹਾਂ," ਕੰਧ ਪਿਛੋਂ ਕਮਜ਼ੋਰ ਜਿਹੀ ਆਵਾਜ਼ ਵਿਚ ਜਵਾਬ ਆਇਆ। ਫਾਟਕ ਖੁਲ੍ਹ ਗਿਆ। ਬਜ਼ੁਰਗ ਮਾਮੇਦ ਨੂੰ ਪਛਾਣ ਹੀ ਨਾ ਸਕਿਆ: ਉਸ ਦਾ ਚਿਹਰਾ ਝਰੀਟਿਆ ਹੋਇਆ ਸੀ ਤੇ ਉਸ ਦਾ ਠਾਠਦਾਰ ਚੋਲਾ ਲੀਰੋ ਲੀਰ ਹੋਇਆ ਪਿਆ ਸੀ।

"ਮਿਹਰ ਕਰੀਂ, ਨੇਕ ਬੰਦਿਆ!" ਧਨਵਾਨ ਆਦਮੀ ਉੱਚੀ ਉੱਚੀ ਰੋਣ ਲੱਗ ਪਿਆ। "ਆਪਣੇ ਬਲਦ ਹੁਣੇ ਵਾਪਸ ਲੈ ਲੈ, ਮੈਂ ਤੈਨੂੰ ਇਸ ਦੇ ਬਦਲੇ ਆਪਣੇ ਇੱਜੜ ਵਿਚੋਂ ਸਭ ਤੋਂ ਪਲਿਆ ਹੋਇਆ ਭੇਡੂ ਦਿਆਂਗਾ।"

ਇਹ ਕਹਿ ਕੇ ਬਾਈ ਨੇ ਕੰਧ ਦੇ ਪਿਛੇ ਆਰਾਮ ਨਾਲ ਖਲੋਤੇ ਹੋਏ ਬਲਦਾਂ ਵੱਲ ਇਸ਼ਾਰਾ ਕੀਤਾ। ਬਜ਼ੁਰਗ ਸਹਿਮਤ ਹੋ ਜਾਣ ਲੱਗਾ ਸੀ ਪਰ ਧਰਤੀ-ਗੁਲਾਕ ਆਪਣੇ ਅੱਬਾ ਦੇ ਮੋਢੇ ਉਤੇ ਚੜ੍ਹ ਆਇਆ ਤੇ ਫੁਸਫੁਸ ਕੀਤਾ:

"ਅੱਬਾ, ਤਿੰਨ ਭੇਡੂ!"

ਤੇ ਬਜ਼ੁਰਗ ਨੇ ਦੁਹਰਾਇਆ:

"ਤਿੰਨ ਭੇਡੂ, ਬਾਈ ਹਜ਼ੂਰ!"

"ਹਾਏ, ਹਾਏ! ਤੂੰ ਮੇਰੀ ਸਾਰੀ ਹਵੇਲੀ ਹੀ ਕਿਉਂ ਨਹੀਂ ਮੰਗ ਲੈਂਦਾ? ਜਾਂ ਫਿਰ ਤੂੰ ਮੇਰਾ ਘਰ ਬਰਬਾਦ ਕਰਨਾ ਚਾਹੁੰਦਾ ਏਂ?"

ਪਰ ਬਜ਼ੁਰਗ ਨੇ ਧਨਵਾਨ ਆਦਮੀ ਵੱਲ ਸਖ਼ਤੀ ਨਾਲ ਵੇਖਿਆ:

"ਜਿਸ ਆਦਮੀ ਨੇ ਦਰਜਨਾਂ ਘਰ ਬਰਬਾਦ ਕੀਤੇ ਹੋਣ ਤਿੰਨ ਭੇਡੂ ਦੇਣ ਨਾਲ ਉਸ ਨੂੰ ਕੋਈ ਬਹੁਤਾ ਘਾਟਾ ਨਹੀਂ ਪੈਣ ਲੱਗਾ।"

ਬਾਈ ਕੋਲ ਸਹਿਮਤ ਹੋਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ।

ਬੁਢੜੀ ਨੇ ਬਾਈ ਦੇ ਭੇਡੂਆਂ ਦਾ ਸਾਰੇ ਆਂਢ-ਗੁਆਂਢ ਲਈ ਪਲਾਓ ਬਣਾਇਆ ਤੇ ਬਜ਼ੁਰਗ ਨੇ ਪਿੰਡ ਦੇ ਸਾਰੇ ਗ਼ਰੀਬ ਲੋਕਾਂ ਅਤੇ ਲਾਲਚੀ ਬਾਈ ਦੇ ਖੇਤ-ਕਾਮਿਆਂ ਨੂੰ ਆਪਣੇ ਘਰ ਆਉਣ ਦਾ ਸੱਦਾ ਦਿੱਤਾ।

ਯਰਤੀ-ਗੁਲਾਕ ਦੇ ਵਿਹੜੇ ਵਿਚ ਦੇਰ ਰਾਤ ਤਕ ਜਸ਼ਨ ਹੁੰਦੇ ਰਹੇ।

ਸਾਰਿਆਂ ਨੇ ਰੱਜ ਕੇ ਖਾਣਾ ਖਾਧਾ ਤੇ ਲਾਲਚੀ ਬਾਈ ਦੀ ਰੱਜ ਕੇ ਖਿੱਲੀ ਉਡਾਈ।

ਤੇ ਹੁਣ ਸੁਣੋ ਯਰਤੀ-ਗੁਲਾਕ ਦੀ ਗੱਲ।

ਸਵੇਰੇ ਸਵਖਤੇ, ਜਦੋਂ ਅਜੇ ਸੂਰਜ ਵੀ ਨਹੀਂ ਚੜ੍ਹਿਆ ਸੀ, ਯਰਤੀ ਨੂੰ ਜਾਗ ਆ ਗਈ। ਉਸ ਨੇ ਨਾਲੇ ਦੇ ਠੰਡੇ ਪਾਣੀ ਨਾਲ ਮੂੰਹ ਹੱਥ ਧੋਤਾ ਤੇ ਦੌੜਦਾ ਹੋਇਆ ਬਲਦਾਂ ਕੋਲ ਚਲਿਆ ਗਿਆ ਤੇ ਆਪਣੀ ਮਨਪਸੰਦ ਥਾਂ—ਸਿੰਗਾਂ ਦੇ ਵਿਚਕਾਰ—ਪਲਾਕੀ ਮਾਰ ਕੇ ਬੈਠ ਗਿਆ ਤੇ ਆਪਣੇ ਪਿਤਾ ਦੀ ਕਪਾਹ ਵਾਲੀ ਪੈਲੀ ਵਾਹੁਣ ਲਈ ਬਲਦਾਂ ਨੂੰ ਹਿੱਕ ਕੇ ਲੈ ਗਿਆ।

ਯਰਤੀ ਨੂੰ ਹਲ ਵਾਹੁਣ ਦਿਓ! ਦੁਤਾਰੇ ਨੂੰ ਟੁਣਕਣ ਦਿਓ!



ਮੁੱਲਾਂ, ਕਾਜ਼ੀ ਤੇ ਯਰਤੀ–ਗੁਲਾਕ



ਜਦੋਂ ਖੇਤ ਵਿਚ ਕਪਾਹ ਦੀ ਫਸਲ ਹਰੀ ਹੋ ਜਾਂਦੀ ਹੈ ਤਾਂ ਕਿਸਾਨ ਨੂੰ ਖੁਸ਼ੀ ਮਿਲਦੀ ਹੈ, ਜਦੋਂ ਇਸ ਉਤੇ ਚਿੱਟੀਆਂ ਫੁੱਟੀਆਂ ਆ ਜਾਂਦੀਆਂ ਹਨ ਤਾਂ ਦੌਲਤ ਮਿਲਦੀ ਹੈ। ਪਰ ਪਹਾੜ ਉਤੇ ਜੰਮੀ-ਬਰਫ਼ ਵਰਗੀ ਚਿੱਟੀ ਕਪਾਹ ਪੈਦਾ ਕਰਨ ਲਈ ਖੇਤ ਨੂੰ ਸਿੰਜਣ ਦੀ ਲੋੜ ਹੁੰਦੀ ਹੈ। ਸੋ, ਬੁਢੜਾ ਤੇ ਬੁਢੜੀ ਆਪਣਾ ਕਪਾਹ ਵਾਲਾ ਖੇਤ ਸਿੰਜਣ ਲਈ ਚਲੇ ਗਏ ਜਦਕਿ ਯਰਤੀ–ਗੁਲਾਕ ਘਰ ਦਾ ਕੰਮ ਕਾਰ ਸੰਭਾਲਣ ਲਈ ਪਿਛੇ ਰਹਿ ਗਿਆ।

ਲੋਅ ਲੱਗਣ ਤੋਂ ਪਹਿਲਾਂ ਹੀ ਉਸ ਨੇ ਵਿਹੜੇ ਵਿਚ ਬਹੁਕਰ ਫੇਰੀ ਤੇ ਤਾਂਬੀਆ ਸਾਫ਼ ਕਰਨ ਲੱਗ ਪਿਆ ਜਿਸ ਵਿਚ ਬੁੱਢੜੀ ਹਰ ਰੋਜ਼ ਪਲਾਓ ਤੇ ਘੋਟਵਾਂ ਕੱਦੂ ਬਣਾਇਆ ਕਰਦੀ ਸੀ। ਉਸ ਨੇ ਦੇਗਚੀ ਨੂੰ ਖਿੰਗਰ ਨਾਲ ਏਨਾ ਰਗੜਿਆ, ਲੀਰ ਨਾਲ ਏਨਾ ਪੂੰਝਿਆ ਕਿ ਤਾਂਬੀਆ ਸੂਰਜ ਵਾਂਗ ਲਿਸ਼ਕਣ ਲੱਗ ਪਿਆ ਜਦਕਿ ਲੀਰ ਧੁਆਂਖ ਤੇ ਚਰਬੀ ਨਾਲ ਲਿੱਬੜ ਕੇ ਕਾਲੀ ਰਾਤ ਵਰਗੀ ਹੋ ਗਈ ਸੀ।

ਯਰਤੀ ਨੂੰ ਬਾਹਰੋਂ ਅਚਾਨਕ ਇਕ ਚੀਕ ਸੁਣਾਈ ਦਿੱਤੀ। ਉਸ ਨੇ ਮੁੱਲਾਂ ਦੀ ਆਵਾਜ਼ ਨੂੰ ਇਕਦਮ ਪਛਾਣ ਲਿਆ ਸੀ ਕਿਉਂਕਿ ਸਾਰੇ ਪਿੰਡ ਵਿਚ ਮੁੱਲਾਂ ਨੂੰ ਹੀ ਏਨੀ ਉੱਚੀ ਬੋਲਣ ਦੀ ਜਾਚ ਸੀ। ਲੀਰ ਹੱਥ ਵਿਚ ਹੀ ਲੈ ਕੇ ਯਰਤੀ–ਗੁਲਾਕ ਕੰਧ ਉਤੇ ਚੜ੍ਹ ਗਿਆ ਤੇ ਵੇਖਿਆ ਕਿ ਬੁੱਢਾ ਮੁੱਲਾਂ–ਅਕਸਾਕਾਲ ਕਿਸੇ ਗ਼ਰੀਬ ਆਦਮੀ ਨੂੰ ਗਲਮੇ ਤੋਂ ਫੜ ਕੇ ਘਸੀਟੀ ਆ ਰਿਹਾ ਸੀ।

"ਆਹ ਵੇਖੋ, ਮੋਮਨੋ ਇਸ ਕਮੀਨੇ ਵੱਲ ਵੇਖੋ! ਇਸ ਨੇ ਮੇਰਾ ਪਾਣੀ ਚੁਰਾ ਲਿਐ!"

ਮੁੱਲਾਂ ਇਸ ਤਰ੍ਹਾਂ ਰੌਲਾ ਪਾਉਂਦਾ ਤੇ ਗ਼ਰੀਬ ਆਦਮੀ ਨੂੰ ਗਲੀ ਵਿਚ ਘਸੀਟਦਾ ਹੋਇਆ ਕਾਜ਼ੀ ਦੇ ਘਰ ਵੱਲ ਜਾ ਰਿਹਾ ਸੀ।

ਮੁੱਲਾਂ ਦੇ ਪਿਛੇ ਪਿਛੇ ਲੋਕ ਦੌੜਦੇ ਜਾ ਰਹੇ ਸਨ। ਯਰਤੀ ਵੀ ਛੜੱਪਾ ਮਾਰ ਕੇ ਫਾਟਕ ਤੋਂ ਬਾਹਰ ਹੋ ਗਿਆ: ਜਿਥੇ ਪਰਜਾ ਉਥੇ ਹੀ ਯਰਤੀ! ਉਹ ਘਰ ਵਿਚ ਕਿਵੇਂ ਬੈਠਾ ਰਹਿ ਸਕਦਾ ਸੀ ਜੇ ਪਿੰਡ ਵਿਚ ਏਨੀ ਮਹਤਵਪੂਰਨ ਘਟਨਾ ਵਾਪਰ ਰਹੀ ਸੀ!

ਯਰਤੀ–ਗੁਲਾਕ ਨੇ ਲਾਗੋਂ ਦੀ ਦੌੜਦੇ ਜਾ ਰਹੇ ਇਕ ਮੁੰਡੇ ਦੇ ਚੋਲੇ ਦਾ ਪੱਲਾ ਫੜ ਲਿਆ ਤਾਂ ਜੋ ਪਛੜ ਨਾ ਜਾਵੇ। ਉਹ ਉਹਦੇ ਕੰਧਾੜੇ ਚੜ੍ਹ ਗਿਆ ਤੇ ਇੰਜ ਵੇਲੇ ਸਿਰ ਉਥੇ ਪਹੁੰਚ ਗਿਆ।

ਪਿੰਡ ਦੇ ਸਾਰੇ ਵਸਨੀਕ ਕਾਜ਼ੀ ਦੇ ਵਿਹੜੇ ਵਿਚ ਇਕੱਤਰ ਹੋ ਚੁੱਕੇ ਸਨ। ਕਾਜ਼ੀ ਇਕ ਸ਼ਾਨਦਾਰ ਗ਼ਲੀਚੇ ਉਤੇ ਭਵਾਂ ਚੜ੍ਹਾ ਕੇ ਬੈਠਿਆ ਹੋਇਆ ਗਰੀਬ ਆਦਮੀ ਕੋਲੋਂ ਪੁੱਛ–ਗਿੱਛ ਕਰ ਰਿਹਾ ਸੀ ਜਿਸ ਦੇ ਗਲ ਗੰਦੇ ਚੀਥੜੇ ਸਨ।

"ਸਹੁੰ ਰੱਬ ਦੀ, ਮੈਂ ਪਾਣੀ ਨਹੀਂ ਚੁਰਾਇਆ!" ਗਰੀਬ ਆਦਮੀ ਨੇ ਆਪਣੀ ਸਫ਼ਾਈ ਪੇਸ਼ ਕੀਤੀ। "ਪਾਣੀ ਤਾਂ ਆਪ ਹੀ ਸਿੱਧਾ ਅਸਮਾਨੋਂ ਮੇਰੇ ਮੂੰਹ ਵਿਚ ਪੈ ਗਿਆ ਸੀ!"

ਕਾਜ਼ੀ ਨੇ ਉਸ ਦੀ ਗੱਲ ਵੱਲ ਧਿਆਨ ਨਾ ਦਿੱਤਾ ਜਦਕਿ ਮੁੱਲਾਂ ਅਸਮਾਨ ਵੱਲ ਬਾਂਹਵਾਂ ਚੁੱਕੀ ਸੰਘ ਪਾੜ ਪਾੜ ਆਖ ਰਿਹਾ ਸੀ:

"ਹਾਏ, ਮੇਰਿਆ ਅੱਲਾ! ਤੁਸੀਂ ਸੁਣਦੇ ਜੇ ਇਹ ਠੱਗ ਕਿਵੇਂ ਝੂਠ ਬੋਲੀ ਜਾ ਰਿਹੈ, ਜਿਸ ਦਾ ਪਿਓ ਵੀ ਠੱਗ ਸੀ, ਬਾਬਾ ਧੋਖੇਬਾਜ਼ ਤੇ ਪੜਦਾਦਾ ਹਰਾਮਖ਼ੋਰ ਸੀ। ਉਸ ਨੇ ਪੁੱਛੇ ਬਿਨਾਂ ਮੇਰਾ ਪਾਣੀ ਡਕਾਰ ਲਿਐ ਤੇ ਜਦੋਂ ਮੈਂ ਇਸ ਕੋਲੋਂ ਇਵਜ਼ਾਨਾ ਮੰਗਿਆ ਤਾਂ ਇਸ ਵਿਹਲੜ ਨੇ, ਆਵਾਰਾਗਰਦ ਨੇ, ਇਸ ਕੰਗਲੇ ਨੇ ਮੈਨੂੰ ਆਪਣੇ ਗੰਦੇ ਚੋਲੇ ਵਿਚ ਹੋਈਆਂ ਮੋਰੀਆਂ ਵਿਖਾ ਦਿੱਤੀਆਂ।"

ਮੁੱਲਾਂ ਉੱਚੀ ਉੱਚੀ ਚੀਕੀ ਜਾ ਰਿਹਾ ਸੀ ਤੇ ਗ਼ਰੀਬ ਆਦਮੀ ਨੂੰ ਗੱਲ ਕਹਿਣ ਦਾ ਮੌਕਾ ਹੀ ਨਹੀਂ ਦੇ ਰਿਹਾ ਸੀ।

ਧਰਤੀ-ਗੁਲਾਕ ਸਭ ਤੋਂ ਉੱਚੇ ਲੰਮੇ ਕਿਸਾਨ ਦੀ ਟੋਪੀ ਉਤੇ ਬੈਠਾ ਹੋਇਆ ਸੀ। ਉਸ ਨੂੰ ਸਭ ਕੁਝ ਚੰਗੀ ਤਰ੍ਹਾਂ ਵਿਖਾਈ ਤੇ ਸੁਣਾਈ ਦੇ ਰਿਹਾ ਸੀ। ਪਰ ਫਿਰ ਵੀ ਉਸ ਦੀ ਸਮਝ ਵਿਚ ਨਹੀਂ ਪੈ ਰਿਹਾ ਸੀ ਕਿ ਮਾਜਰਾ ਕੀ ਸੀ।

ਤੇ ਮਾਜਰਾ ਇਹ ਸੀ: ਗ਼ਰੀਬ ਆਦਮੀ ਕਿਤਿਓਂ ਦੂਰੋਂ ਆ ਰਿਹਾ ਸੀ। ਉਹ ਪਿੰਡ ਤਕ ਪਹੁੰਚ ਗਿਆ। ਗਰਮੀ ਕਾਰਨ ਉਹ ਏਨਾ ਹਾਲੋਂ ਬੇਹਾਲ ਹੋਇਆ ਪਿਆ ਸੀ ਕਿ ਗਲੀ ਵਿਚ ਹੀ ਇਕ ਉੱਚੀ ਕੰਧ ਦੇ ਲਾਗੇ ਸਾਹ ਲੈਣ ਲਈ ਲੰਮਾ ਪੈ ਗਿਆ। ਉਸ ਵਿਚਾਰੇ ਨੂੰ ਕੀ ਪਤਾ ਸੀ ਕਿ ਉਸ ਕੰਧ ਦੇ ਪਿਛੇ ਪਤਵੰਤਾ ਮੁੱਲਾਂ ਆਪ ਰਹਿੰਦਾ ਸੀ। ਉਸ ਵੇਲੇ ਮੁੱਲਾਂ ਆਪਣੇ ਵਿਹੜੇ ਵਿਚ ਬੈਠਾ ਹੋਇਆ ਚਾਹ ਪੀ ਰਿਹਾ ਸੀ ਤੇ ਹਰੀ ਚਾਹ ਦੀ ਰਹਿੰਦ-ਖੂੰਹਦ ਕੰਧ ਉਤੋਂ ਦੀ ਬਾਹਰ ਗਲੀ ਵਿਚ ਸੁੱਟੀ ਜਾ ਰਿਹਾ ਸੀ। ਓਧਰ ਏਨੀ ਗਰਮੀ ਸੀ ਕਿ ਰਾਹੀ ਮੂੰਹ ਟੱਡ ਕੇ ਸੁੱਤਾ ਹੋਇਆ ਸੀ ਤੇ ਮੁੱਲਾਂ ਦੀ ਚਾਹ ਸਿੱਧੀ ਉਸ ਦੇ ਸੰਘ ਵਿਚ ਪੈਂਦੀ ਜਾ ਰਹੀ ਸੀ।

ਜਦੋਂ ਲੋਕਾਂ ਨੇ ਸੱਚੀ ਗੱਲ ਸੁਣ ਲਈ ਤਾਂ ਉਹ ਗ਼ਰੀਬ ਆਦਮੀ ਨੂੰ ਜਾਇਜ਼ ਠਹਿਰਾਉਣ ਲਈ ਰੌਲਾ ਪਾਉਣ ਲੱਗ ਪਏ। ਪਰ ਬੁੱਢੇ ਮੁੱਲਾਂ ਨੇ ਹੱਠ ਨਹੀਂ ਹਾਰਿਆ। ਉਹ ਆਪਣੇ ਦੋਸਤ, ਕਾਜ਼ੀ ਵੱਲ ਵਧਿਆ ਤੇ ਹੋਰ ਉੱਚੀ ਉੱਚੀ ਰੌਲਾ ਪਾਉਣ ਲੱਗ ਪਿਆ:

"ਓ ਸਭ ਤੋਂ ਇਨਸਾਫ਼ਪਸੰਦ ਕਾਜ਼ੀ! ਤੂੰ ਸੁਣਦੈਂ ਕਿ ਇਹ ਮਮੂਲੀ ਪਾਣੀ ਨਹੀਂ ਸੀ ਸਗੋਂ ਕੀਮਤੀ, ਲਪਟਾਂ ਛੱਡਦੀ, ਸਭ ਤੋਂ ਵਧੀਆ ਹਰੀ ਚਾਹ ਸੀ। ਜੇ ਚੋਰੀ ਕਰਨ ਬਦਲੇ ਹੱਥ ਵੱਢਿਆ ਜਾਂਦੈ ਤਾਂ ਕੀ ਚਾਹ ਦੀ ਚੋਰੀ ਦੇ ਬਦਲੇ ਇਸ ਹਰਾਮਖ਼ੋਰ ਦਾ ਸਿਰ ਨਹੀਂ ਵੱਢਿਆ ਜਾਣਾ ਚਾਹੀਦਾ? ਪਰ ਮੈਂ ਬੜਾ ਦਿਆਲੂ ਤੇ ਖੁਲ੍ਹਦਿਲਾ ਹਾਂ, ਮੈਂ ਉਸ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ ਨਹੀਂ ਕਰਦਾ: ਤੂੰ ਇਸ ਨੂੰ ਇਹ ਹੁਕਮ ਦੇ ਕਿ ਜਾਂ ਤਾਂ ਮੈਨੂੰ ਪੈਸੇ ਦੇ ਦੇਵੇ, ਜੇ ਨਹੀਂ ਤਾਂ ਮਸੀਤ ਵਿਚ ਸੇਵਾ ਕਰੇ। ਅੱਲਾ ਤੇਰਾ ਭਲਾ ਕਰੇਗਾ!"

ਉੱਚੀ ਉੱਚੀ ਬੋਲਦਿਆਂ ਮੁੱਲਾਂ ਏਨਾ ਥੱਕ ਗਿਆ ਸੀ ਕਿ ਉਸ ਦੇ ਚਿਹਰੇ ਉਤੇ ਪਸੀਨੇ ਦੀਆਂ ਘਰਾਲਾਂ ਵਹਿ ਤੁਰੀਆਂ। ਓਧਰ ਸੂਰਜ ਵੀ ਬੜਾ ਉੱਚਾ ਚੜ੍ਹ ਆਇਆ ਸੀ ਤੇ ਧਰਤੀ ਨੂੰ ਬੇਫ਼ਿਕਰੀ ਨਾਲ ਝੁਲਸਾਈ ਜਾ ਰਿਹਾ ਸੀ। ਉਸ ਨੇ ਆਪਣੀ ਜੇਬ ਵਿਚੋਂ ਬਰਫ਼-ਚਿੱਟਾ ਰੁਮਾਲ ਕੱਢਿਆ, ਕਾਜ਼ੀ ਦੇ ਲਾਗੇ ਹੀ ਗਲੀਚੇ ਉਤੇ ਬੈਠ ਗਿਆ ਅਤੇ ਆਪਣਾ ਚਿਹਰਾ ਤੇ ਧੌਣ ਪੂੰਝਣ ਲੱਗ ਪਿਆ। ਉਹ ਕਿਸੇ ਜੇਤੂ ਦੇ ਅੰਦਾਜ਼ ਵਿਚ ਆਪਣੀ ਲੰਮੀ ਦਾੜ੍ਹੀ ਉਤੇ ਹੱਥ ਫੇਰੀ ਜਾ ਰਿਹਾ ਸੀ।

ਗ਼ਰੀਬ ਆਦਮੀ ਦੀ ਹਾਲਤ ਬੜੀ ਤਰਸਯੋਗ ਸੀ। ਉਹ ਸਾਰਿਆਂ ਨਾਲੋਂ ਚੰਗੀ ਤਰ੍ਹਾਂ ਜਾਣਦਾ ਸੀ ਕਿ

ਉਸ ਨੂੰ ਜੂਲੇ ਵਿਚ ਫਸਣਾ ਹੀ ਪੈਣਾ ਸੀ ਅਤੇ ਉਹ ਭੈ-ਭੀਤ ਹੋਇਆ ਕਦੀ ਮੁੱਲਾਂ ਵੱਲ ਤੇ ਕਦੀ ਕਾਜ਼ੀ ਵੱਲ ਵੇਖੀ ਜਾ ਰਿਹਾ ਸੀ।

ਲੋਕ ਸ਼ਿਕਾਇਤੀ ਲਹਿਜੇ ਵਿਚ ਬੁੜਬੁੜ ਕਰਨ ਲੱਗੇ ਕਿਉਂਕਿ ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਕਾਜ਼ੀ ਧੌਲੀ ਦਾੜ੍ਹੀ ਵਾਲੇ ਮੁੱਲਾਂ ਦਾ ਨਜ਼ਦੀਕੀ ਦੋਸਤ ਹੀ ਨਹੀਂ ਸਗੋਂ ਰਿਸ਼ਤੇਦਾਰ ਵੀ ਸੀ।

"ਕੁੱਤੇ ਨੂੰ ਪਤਾ ਹੁੰਦੈ ਕਿ ਕਤੂਰਾ ਕਿਉਂ ਭੌਂਕਦੈ," ਉਹਨਾਂ ਨੇ ਕਾਜ਼ੀ ਬਾਰੇ ਸੋਚਿਆ, "ਸਾਡੇ ਵਰਗੇ ਗ਼ਰੀਬ ਖੇਤ-ਕਾਮੇ ਨੂੰ ਸਜ਼ਾ ਦੇਣ ਲੱਗਿਆਂ ਉਹਦਾ ਕੀ ਜਾਂਦੈ!"

ਸਾਰੇ ਚੁੱਪ ਕਰ ਗਏ। ਯਰਤੀ-ਗੁਲਾਕ ਵੀ ਚੁੱਪ ਹੀ ਰਿਹਾ। ਉਹ ਬੜੀ ਉਤਸੁਕਤਾ ਨਾਲ ਵੇਖ ਰਿਹਾ ਸੀ ਕਿ ਅੱਗੋਂ ਕੀ ਹੋਵੇਗਾ।

ਅੰਤ ਕਾਜ਼ੀ ਨੇ ਉਹ ਕਿਤਾਬ ਖੋਲ੍ਹੀ ਜਿਸ ਵਿਚ ਸਾਰੇ ਕਾਨੂੰਨ ਲਿਖੇ ਹੋਏ ਸਨ ਅਤੇ ਉਹ ਥਾਂ ਲੱਭਣ ਲੱਗਾ ਜਿਥੇ ਉਹ ਕਾਨੂੰਨ ਦਰਜ ਸੀ ਜਿਸ ਤਹਿਤ ਸੱਚਾ ਆਦਮੀ ਕਸੂਰਵਾਰ ਸਿੱਧ ਹੋ ਜਾਂਦਾ ਹੈ ਤੇ ਕਸੂਰਵਾਰ ਹਮੇਸ਼ਾ ਸੱਚਾ ਰਹਿੰਦਾ ਹੈ।

ਹੁਣ ਯਰਤੀ ਕੋਲੋਂ ਰਿਹਾ ਨਾ ਗਿਆ। ਉਹ ਇਕ ਟੋਪੀ ਤੋਂ ਦੂਜੀ ਟੋਪੀ, ਦੂਜੀ ਤੋਂ ਤੀਜੀ ਉਤੇ ਟਪਦਾ ਹੋਇਆ ਅੱਗੇ ਵਧਣ ਲੱਗਾ ਤਾਂ ਜੋ ਚੰਗੀ ਤਰ੍ਹਾਂ ਸੁਣ ਸਕੇ ਕਿ ਸਰਵਸ਼ਕਤੀਮਾਨ ਕਾਜ਼ੀ ਕੀ ਫੈਸਲਾ ਦੇਵੇਗਾ। ਇੰਜ ਟਪੋਸੀਆਂ ਮਾਰਦਾ ਹੋਇਆ ਉਹ ਖ਼ੁਦ ਮੁੱਲਾਂ ਤਕ ਪਹੁੰਚ ਗਿਆ। ਪਹਿਲਾਂ ਤਾਂ ਉਹ ਮੁੱਲਾਂ ਦੀ ਪਗੜੀ ਉਤੇ ਜਾ ਬੈਠਾ, ਫਿਰ ਲੂੰਈਂਦਾਰ ਚੋਲੇ ਦੇ ਗਲਮੇ ਤਕ ਪਹੁੰਚ ਗਿਆ ਤੇ ਬੜੀ ਹੀ ਸਾਵਧਾਨੀ ਨਾਲ ਅੰਦਰਸ ਉਤੇ ਤਿਲਕਦਾ ਹੋਇਆ ਵੱਡੇ ਸਾਰੇ ਖੀਸੇ ਵਿਚ ਵੜ ਗਿਆ ਜਿਸ ਵਿਚ ਮੁੱਲਾਂ ਦਾ ਬਰਫ਼-ਚਿੱਟਾ ਰੁਮਾਲ ਪਿਆ ਹੋਇਆ ਸੀ। ਉਸ ਨੇ ਖੀਸੇ ਵਿਚੋਂ ਸਿਰ ਬਾਹਰ ਕੱਢਿਆ ਤੇ ਕਾਜ਼ੀ ਦੀਆਂ ਹਰਕਤਾਂ ਉਤੇ ਨਜ਼ਰ ਰਖਣ ਲੱਗਾ।

ਕਾਜ਼ੀ ਨੇ ਸਿਰ ਚੁਕਿਆ ਤੇ ਬੜੇ ਜਸ਼ਨੀ ਅੰਦਾਜ਼ ਵਿਚ ਮੁੱਲਾਂ ਨੂੰ ਸੰਬੋਧਨ ਕੀਤਾ:

"ਸਾਡੇ ਕਾਇਦੇ ਕਾਨੂੰਨਾਂ ਮੁਤਾਬਕ, ਤੈਨੂੰ, ਪਤਵੰਤੇ ਮੁੱਲਾਂ ਨੂੰ, ਸਾਰੇ ਲੋਕਾਂ ਸਾਮ੍ਹਣੇ ਇਹ ਸਹੁੰ ਚੁਕਣੀ ਚਾਹੀਦੀ ਹੈ ਕਿ ਤੂੰ ਅਦਾਲਤ ਵਿਚ ਬਿਲਕੁਲ ਸੱਚੀ ਸੱਚੀ ਗੱਲ ਆਖੀ ਹੈ। ਸਹੁੰ ਚੁੱਕ ਤੇ ਸਾਡੇ ਬਜ਼ੁਰਗਾਂ ਦੀ ਆਖੀ ਇਹ ਗੱਲ ਯਾਦ ਰਖੀਂ: ਝੂਠ ਬੋਲਣ ਵਾਲੇ ਦਾ ਮੂੰਹ ਕਾਲਾ!"

ਮੁੱਲਾਂ ਆਪਣੇ ਦੋਸਤ ਦੀ ਚਲਾਕੀ ਨੂੰ ਸਮਝ ਗਿਆ ਤੇ ਬੜਾ ਖ਼ੁਸ਼ ਹੋਇਆ ਕਿ ਇਕ ਵਾਰੀ ਸਹੁੰ ਚੁਕਣ ਨਾਲ ਹੀ ਮੁਫ਼ਤ ਦਾ ਕਾਮਾ ਮਿਲ ਜਾਵੇਗਾ। ਉਸ ਨੇ ਆਪਣੀਆਂ ਬਾਂਹਵਾਂ ਅਸਮਾਨ ਵੱਲ ਚੁੱਕੀਆਂ ਤੇ ਕਾਜ਼ੀ ਨਾਲੋਂ ਵੀ ਜਸ਼ਨੀ ਅੰਦਾਜ਼ ਵਿਚ ਐਲਾਨ ਕੀਤਾ:

"ਸਹੁੰ ਅੱਲਾ ਦੀ, ਮੈਂ ਸਿਰਫ਼ ਸੱਚ ਬੋਲਿਆ ਹੈ ਅਤੇ ਫਿਰ ਇਹ ਕਹਿਣ ਲਈ ਤਿਆਰ ਹਾਂ: ਜੇ ਮੈਂ ਝੂਠੀ ਸਹੁੰ ਚੁਕੀ ਹੈ ਤਾਂ ਮੇਰਾ ਮੂੰਹ ਕਾਲਾ ਹੋ ਜਾਵੇ!"

ਏਨਾ ਕਹਿ ਕੇ ਮੁੱਲਾਂ ਨੇ ਰੁਮਾਲ ਕੱਢਣ ਵਾਸਤੇ ਆਪਣਾ ਹੱਥ ਫਿਰ ਖੀਸੇ ਵਿਚ ਪਾਇਆ ਕਿਉਂਕਿ ਧੁੱਪ ਏਨੀ ਜ਼ਿਆਦਾ ਚਮਕਣ ਲੱਗ ਪਈ ਸੀ ਕਿ ਉਸ ਦੇ ਮੂੰਹ ਉਤੇ ਪਸੀਨੇ ਦੀਆਂ ਘਰਾਲਾਂ ਵਗਣ ਲੱਗ ਪਈਆਂ ਸਨ।

ਜਦੋਂ ਯਰਤੀ ਨੇ ਖੀਸੇ ਵਿਚ ਆਪਣੇ ਲਾਗੇ ਮੁੱਲਾਂ ਦਾ ਫੁੱਲਿਆ ਹੋਇਆ ਹੱਥ ਵੇਖਿਆ ਤਾਂ ਉਹ ਬਿਲਕੁਲ ਨਾ ਘਬਰਾਇਆ। ਉਸ ਨੇ ਬਰਫ਼-ਚਿੱਟੇ ਰੁਮਾਲ ਦੀ ਥਾਂ ਧੁਆਂਖ ਨਾਲ ਕਾਲੀ ਹੋਈ ਬੁਢੜੀ ਦੀ ਲੀਰ ਮੁੱਲਾਂ ਦੇ ਹੱਥ ਵਿਚ ਸਰਕਾ ਦਿੱਤੀ।

ਮੁੱਲਾਂ ਦਾ ਇਸ ਵੱਲ ਧਿਆਨ ਹੀ ਨਾ ਗਿਆ ਤੇ ਉਹ ਬੜੇ ਜ਼ੋਰ ਨਾਲ ਆਪਣਾ ਮੂੰਹ ਪੂੰਝਣ ਲੱਗ ਪਿਆ। ਭੀੜ ਹੱਸਣ ਲੱਗ ਪਈ, ਪਰ ਮੁੱਲਾਂ ਨੂੰ ਹੋਏ ਫ਼ੈਸਲੇ ਉਤੇ ਏਨੀ ਤਸੱਲੀ ਸੀ ਕਿ ਉਸ ਨੇ ਇਸ ਗੱਲ ਵੱਲ ਕੋਈ ਧਿਆਨ ਹੀ ਨਾ ਦਿੱਤਾ। ਉਹ ਬੜੇ ਆਰਾਮ ਨਾਲ ਆਪਣੀਆਂ ਗੱਲ੍ਹਾਂ, ਅੱਖਾਂ ਤੇ ਨੱਕ ਨੂੰ ਬੁਢੜੀ ਦੀ ਗੰਦੀ ਲੀਰ ਨਾਲ ਪੂੰਝਦਾ ਰਿਹਾ। ਉਹ ਤਦ ਤਕ ਪੂੰਝਦਾ ਰਿਹਾ ਜਦ ਤਕ ਕਿ ਉਸ ਦਾ ਚਿਹਰਾ ਪੁਰਾਣੇ ਪਤੀਲੇ ਦੇ ਥੱਲੇ ਵਰਗਾ ਕਾਲਾ ਨਾ ਹੋ ਗਿਆ।

ਹੁਣ ਹਸਦੇ ਹੋਏ ਲੋਕ ਠਹਾਕੇ ਮਾਰਨ ਲੱਗ ਪਏ ਸਨ। ਮਰਦ ਦਾੜ੍ਹੀਆਂ ਵਾਲੇ ਆਪਣੇ ਮੂੰਹ ਟੱਡ ਟੱਡ ਕੇ ਠਹਾਕੇ ਮਾਰ ਰਹੇ ਸਨ ਅਤੇ ਔਰਤਾਂ ਸੰਗਦੀਆਂ ਹੋਈਆਂ ਮੂੰਹਾਂ ਅੱਗੇ ਹੱਥ ਦੇ ਦੇ ਕੇ ਹੱਸੀ ਜਾ ਰਹੀਆਂ ਸਨ, ਬੁਢੜੇ ਤੇ ਬੁਢੜੀਆਂ ਠਹਾਕੇ ਵੀ ਮਾਰ ਰਹੇ ਸਨ ਤੇ ਹਸਦਿਆਂ ਹਸਦਿਆਂ ਆਏ ਅਥਰੂ ਵੀ ਪੂੰਝੀ ਜਾ ਰਹੇ ਸਨ ਜਦਕਿ ਖ਼ੁਸ਼ੀ ਵਿਚ ਆਏ ਹੋਏ ਬੱਚੇ ਚੀਕਾਂ ਚਾਂਘਰਾਂ ਮਾਰ ਰਹੇ ਸਨ ਤੇ ਜ਼ਮੀਨ ਉਤੇ ਲੋਟਣੀਆਂ ਲੈ ਰਹੇ ਸਨ। ਇਹੋ ਜਿਹਾ ਖੇਡ ਤਮਾਸ਼ਾ ਉਹਨਾਂ ਨੇ ਪਹਿਲਾਂ ਕਦੀ ਵੀ ਨਹੀਂ ਵੇਖਿਆ ਸੀ!

ਕਾਜ਼ੀ ਮੁਕੱਦਮੇ ਦਾ ਫ਼ੈਸਲਾ ਸੁਣਾਉਣਾ ਚਾਹੁੰਦਾ ਸੀ ਪਰ ਹੁਣ ਉਸ ਦੀ ਗੱਲ ਕੋਈ ਵੀ ਨਹੀਂ ਸੁਣ ਰਿਹਾ ਸੀ। ਸਾਰੇ ਜਣੇ ਹੱਸੀ ਜਾ ਰਹੇ ਸਨ ਤੇ ਮੁੱਲਾਂ ਵੱਲ ਉਂਗਲਾਂ ਨਾਲ ਇਸ਼ਾਰੇ ਕਰ ਰਹੇ ਸਨ। ਕਾਜ਼ੀ ਨੇ ਆਪਣੇ ਦੋਸਤ ਵੱਲ ਵੇਖਿਆ ਤੇ ਉਸ ਨੂੰ ਏਨੀ ਹੈਰਾਨੀ ਹੋਈ ਕਿ ਥੰਮ ਦਾ ਥੰਮ ਬਣਿਆ ਰਹਿ ਗਿਆ: ਕਾਫ਼ਰ ਦਾ ਚਿਹਰਾ ਕਾਲਾ ਹੋ ਗਿਆ ਸੀ!

ਕਾਜ਼ੀ ਚੀਕ ਉਠਿਆ:

"ਹੇ ਅੱਲਾ ਤਾਅਲਾ! ਇਹ ਤਾਂ ਸ਼ੈਤਾਨ ਵਾਂਗ ਕਾਲਾ ਹੋ ਗਿਐ!"

ਉਸ ਨੇ ਆਪਣਾ ਸਿਰ ਹੱਥਾਂ ਵਿਚ ਲਿਆ ਤੇ ਉਸੇ ਵੇਲੇ ਅਦਾਲਤ ਵਿਚੋਂ ਪੱਤਾ ਵਾਚ ਗਿਆ।

ਬੌਂਦਲੇ ਹੋਏ ਮੁੱਲਾਂ ਨੇ ਆਪਣੀਆਂ ਗੱਲਾਂ ਉਤੇ ਹੱਥ ਫੇਰਿਆ, ਫੇਰ ਆਪਣੀਆਂ ਹਥੇਲੀਆਂ ਵੇਖੀਆਂ ਜਿਹੜੀਆਂ ਧੁਆਂਖ ਨਾਲੋਂ ਵੀ ਕਾਲੀਆਂ ਸਨ। ਉਹ ਏਨਾ ਸਹਿਮ ਗਿਆ ਕਿ ਉਸ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਉਹ ਹਮੇਸ਼ਾ ਲਈ ਬਦਨਾਮ ਹੋ ਗਿਆ ਸੀ। ਹੁਣ ਮੁੱਲਾਂ ਦਾ ਇਤਬਾਰ ਕੌਣ ਕਰੇਗਾ ਜਿਸ ਨੇ ਸਾਰੇ ਪਿੰਡ ਦੇ ਸਾਮ੍ਹਣੇ ਝੂਠੀ ਸਹੁੰ ਚੁੱਕੀ ਸੀ।

ਉਸ ਨੇ ਆਪਣੇ ਕੀਮਤੀ ਚੋਲੇ ਦੇ ਪੱਲੇ ਚੁੱਕੇ ਤੇ ਘਰ ਵੱਲ ਸ਼ੂਟ ਵੱਟ ਗਿਆ। ਉਹ ਉਸ ਜੇਈਰਾਨ ਵਾਂਗ ਦੌੜਦਾ ਜਾ ਰਿਹਾ ਸੀ ਜਿਸ ਦੇ ਪਿੱਛੇ ਕੁੱਤੇ ਲੱਗੇ ਹੋਏ ਹੋਣ, ਪਿਛੋਂ ਉਸ ਨੂੰ ਲੋਕਾਂ ਦੀਆਂ ਸੀਟੀਆਂ ਤੇ ਸ਼ੋਰ-ਗੁਲ ਸੁਣਾਈ ਦੇ ਰਿਹਾ ਸੀ:

"ਜਵਾਬ ਦੇ, ਮੁੱਲਾਂ, ਤੇਰਾ ਮੂੰਹ ਕਾਲਾ ਕਿਉਂ ਹੋ ਗਿਐ?"

"ਇਹ ਗ਼ਰੀਬ ਵਿਚਾਰਾ ਨਹੀਂ, ਸਗੋਂ ਤੂੰ ਇਸ ਪਿੰਡ ਵਿਚ ਸਭ ਤੋਂ ਵੱਡਾ ਝੂਠਾ ਏਂ!"

ਤੇ ਧਰਤੀ-ਗੁਲਾਕ ਵੀ ਸਾਰਿਆਂ ਨਾਲ ਮਿਲ ਕੇ ਰੌਲਾ ਪਾ ਰਿਹਾ ਸੀ। ਜੇ ਸਾਰਾ ਪਿੰਡ ਰੌਲਾ ਪਾ ਰਿਹਾ ਸੀ ਤਾਂ ਉਹ, ਭਲਾ, ਚੁਪ ਕਿਵੇਂ ਰਹਿ ਸਕਦਾ ਸੀ!

ਮੁੱਲਾਂ ਦੌੜਦਾ ਹੋਇਆ ਪਹਿਲੇ ਨਾਲੇ ਕੋਲ ਪੁੱਜਾ ਅਤੇ ਨਮੋਸ਼ੀ ਤੇ ਕ੍ਰੋਧ ਨਾਲ ਕੰਬਦਾ ਹੋਇਆ ਆਪਣੇ ਮੂੰਹ ਉਤੋਂ ਧੁਆਂਖ ਧੋਣ ਲੱਗ ਪਿਆ। ਉਸ ਨੇ, ਭਲਾ, ਕੀ ਕੀ ਨਹੀਂ ਕੀਤਾ: ਉਸ ਨੇ ਸਖ਼ਤ ਘਾਹ ਨਾਲ ਆਪਣਾ ਚਿਹਰਾ ਪੂੰਝਿਆ, ਨਹੁੰਆਂ ਨਾਲ ਆਪਣੀਆਂ ਗੱਲ੍ਹਾਂ ਖਰੋਚੀਆਂ ਪਰ ਧੁਆਂਖ ਉਸ ਦੇ ਦਾੜ੍ਹੀ ਵਾਲੇ ਮੂੰਹ ਉਤੋਂ ਲੱਥ ਹੀ ਨਹੀਂ ਰਹੀ ਸੀ। ਮੁੱਲਾਂ ਬੜੀ ਦੇਰ ਤਕ ਆਪਣੇ ਮੂੰਹ ਤੋਂ ਕਾਲਖ਼ ਨਾ ਧੋ ਸਕਿਆ, ਪਰ ਆਪਣੀ ਨਮੋਸ਼ੀ ਨੂੰ ਧੋਣ ਵਿਚ ਉਸ ਨੂੰ ਹੋਰ ਵੀ ਜ਼ਿਆਦਾ ਦੇਰ ਲੱਗੀ।

ਉਧਰ ਕਿਸਾਨ ਕਾਜ਼ੀ ਦੇ ਘਰੋਂ ਨਿਕਲ ਗਏ।

ਬੇਘਰਾ ਗ਼ਰੀਬ ਵੀ ਉਹਨਾਂ ਦੇ ਨਾਲ ਹੀ ਨਿਕਲ ਗਿਆ। ਧਰਤੀ–ਗੁਲਾਕ ਉਸ ਨੂੰ ਪਿੰਡ ਦੇ ਵੱਡੇ ਦਰਵਾਜ਼ੇ ਤਕ ਛੱਡਣ ਗਿਆ ਤੇ ਜਾਣ ਲੱਗੇ ਨੂੰ ਕਿਹਾ:

"ਤੇਰਾ ਸਫ਼ਰ ਬੜਾ ਲੰਮਾ ਏ, ਬੇਘਰੇ ਰਾਹੀਆ। ਪਰ ਯਾਦ ਰੱਖੀਂ, ਸਾਡੇ ਪਿੰਡ ਵਿਚ ਤੇਰਾ ਸਦਾ ਹੀ ਸਵਾਗਤ ਕੀਤਾ ਜਾਵੇਗਾ। ਤੂੰ ਬੱਸ ਧਰਤੀ–ਗੁਲਾਕ ਦਾ ਨਾਂ ਪੁੱਛੀਂ।"

ਗ਼ਰੀਬ ਨੇ ਜਵਾਬ ਦਿੱਤਾ:


"ਸ਼ੁਕਰੀਆ ਤੇਰਾ, ਧਰਤੀ। ਅੱਜ ਤੂੰ ਮੇਰੀ ਸਹਾਇਤਾ ਕਰ ਕੇ ਬੜਾ ਹੀ ਨੇਕ ਕੰਮ ਕੀਤੈ।"

ਤੇ ਅਸੀਂ ਵੀ ਕਹਾਂਗੇ:

"ਨੇਕ ਕੰਮ ਕੀਤੈ।"



ਦਾੜ੍ਹੀ ਵਾਲੀ ਲਾੜੀ



ਸੂਰਜ ਸਵਖ਼ਤੇ ਚੜ੍ਹ ਜਾਂਦਾ ਹੈ ਪਰ ਯਰਤੀ–ਗੁਲਾਕ ਇਸ ਤੋਂ ਵੀ ਪਹਿਲਾਂ ਉੱਠ ਪੈਂਦਾ ਹੈ। ਹਰ ਸਵੇਰ ਉਹ ਆਪਣੇ ਕਿਬੀਤਕਾ ਵਿਚੋਂ ਨਿਕਲ ਜਾਂਦਾ ਤੇ ਗੁਆਂਢੀਆਂ ਦੇ ਘਰ ਵਿਚ ਰੂਪਵੰਤੀ ਬਖ਼ਤੀ–ਗੁਲ ਨੂੰ ਗਾਉਂਦੀ ਹੋਈ ਨੂੰ ਸੁਣਦਾ।

ਬਖ਼ਤੀ–ਗੁੱਲ ਖ਼ੁਸ਼ੀਭਰੇ ਗੀਤ ਗਾਇਆ ਕਰਦੀ ਸੀ ਕਿਉਂਕਿ ਉਹ ਫੁੱਲ ਵਾਂਗ ਹੀ ਖ਼ੁਸ਼ਕਿਸਮਤ ਸੀ, ਤੇ ਤੁਰਕਮੇਨੀ ਜ਼ਬਾਨ ਵਿਚ ਬਖ਼ਤੀ–ਗੁੱਲ ਦਾ ਮਤਲਬ ਵੀ "ਖ਼ੁਸ਼ਕਿਸਮਤੀ ਦਾ ਫ਼ੁੱਲ" ਹੁੰਦਾ ਹੈ।

"ਨੀ ਬਖ਼ਤੀ–ਗੁੱਲ!" ਯਰਤੀ–ਗੁਲਾਕ ਕੁੜੀ ਨੂੰ ਆਵਾਜ਼ ਮਾਰਦਾ ਤੇ ਚੁਸਤ ਟਿੱਡੇ ਵਾਂਗ ਭੁੜਕ ਕੇ ਕੰਧ ਉਤੇ ਚੜ੍ਹ ਜਾਂਦਾ।

"ਸਲਾਮ ਹੈ, ਗੁੱਲ!" ਯਰਤੀ ਟਾਹਰ ਮਾਰਦਾ। "ਲੈ, ਮੈਂ ਆ ਗਿਆ ਈ! ਸੂਰਜ ਚੜ੍ਹ ਗਿਐ!"

ਤੇ ਰੂਪਵੰਤੀ ਗੁੱਲ ਜਵਾਬ ਦਿੰਦੀ:

"ਸਲਾਮ ਹੈ!"

ਉਹ ਮੁੰਡੇ ਨੂੰ ਆਪਣੇ ਗੋਡਿਆਂ ਉਤੇ ਬਿਠਾ ਕੇ ਉਸ ਨਾਲ ਖੇਡਦੀ। ਉਹ ਉਸ ਨੂੰ ਛੋਟੀਆਂ ਮੋਟੀਆਂ ਸੁਗ਼ਾਤਾਂ ਦਿੰਦੀ ਰਹਿੰਦੀ—ਕਦੀ ਕਿਸ਼ਮਿਸ਼ ਦਾ ਦਾਣਾ, ਕਈ ਭੁੱਜੀ ਹੋਈ ਗਿਰੀ ਜਾਂ ਫਿਰ ਗੱਚਕ ਦੀ ਟੁਕੜੀ। ਉਹ ਦੋਵੇਂ ਹੀ ਮਿਲ ਕੇ ਕੁੜੀਆਂ ਵਾਲੇ ਗੀਤ—ਲਿਆਲੇ—ਗਾਉਂਦੇ:

ਬਾਗ਼ ਪੀਲੇ ਜਿਉਂ ਨਿੰਬੂ ਹੋਸਣ,
ਟਾਹਣੀਆਂ ਉਤੋਂ ਪੱਤੇ ਝੜਸਣ।
ਅੰਗੂਰ ਫਲ ਜਿਉਂ ਅੰਬਰ ਹੋਵੇ,
ਅਨਾਰ ਫਲ ਜਿਉਂ ਹੀਰਾ ਹੋਵੇ...

ਯਰਤੀ ਅੰਗੂਰਾਂ ਦੀ ਵੇਲ ਦੇ ਇਕ ਹਰੇ ਪੱਤੇ ਉਤੇ ਬੈਠਾ ਇੰਜ ਹੁਲਾਰੇ ਲੈ ਰਿਹਾ ਹੁੰਦਾ ਸੀ ਜਿਵੇਂ ਪੰਘੂਰੇ ਵਿਚ ਬੈਠਾ ਹੋਇਆ ਹੋਵੇ।

ਉਹ ਵੀ ਹੇਕ ਲਾ ਕੇ ਆਪਣਾ ਮਨਪਸੰਦ ਗੀਤ ਗਾਉਂਦਾ। ਉਹ ਚੰਡੋਲ ਵਾਂਗ ਆਪਣਾ ਸਿਰ ਪਿਛਾਂਹ ਸੁੱਟ ਕੇ ਤੇ ਗਰਦਨ ਫੁਲਾ ਕੇ ਗਾਉਂਦਾ ਸੀ:

ਮੈਂ ਨਿੱਕਾ ਹਾਂ, ਪਰ ਤਿੱਖਾ ਹਾਂ—
ਮੈਂ ਸਾਰਿਆਂ ਨਾਲੋਂ ਛੁਹਲਾ ਹਾਂ!...

ਇੰਜ ਉਹ ਹਰ ਰੋਜ਼ ਸਵੇਰੇ ਮਿਲਿਆ ਕਰਦੇ ਸਨ।

ਪਰ ਇਕ ਸਵੇਰ, ਜਦੋਂ ਯਰਤੀ–ਗੁਲਾਕ ਆਪਣੇ ਕਿਬੀਤਕਾ ਵਿਚੋਂ ਨਿਕਲਿਆ ਤਾਂ ਉਸ ਨੂੰ ਖੁਸ਼ੀਭਰਿਆ ਗੀਤ ਸੁਣਾਈ ਨਾ ਦਿੱਤਾ।

ਤਦ ਉਹ ਆਪਣੀ ਸਾਥਣ ਨੂੰ ਆਵਾਜ਼ਾਂ ਮਾਰਨ ਲੱਗਾ:

"ਨੀ, ਬਖ਼ਤੀ–ਗੁੱਲ! ਤੂੰ ਕਿਥੇ ਏਂ?"

ਉਸ ਨੇ ਬਿੜਕਾਂ ਲਈਆਂ ਪਰ ਉਸ ਨੂੰ ਗਾਉਣ ਦੀ ਥਾਂ ਰੋਣ ਦੀ ਆਵਾਜ਼ ਸੁਣਾਈ ਦਿੱਤੀ।

ਮੁੰਡਾ ਸਹਿਮ ਗਿਆ। ਉਹ ਇਕ ਦਰਖ਼ਤ ਦੀਆਂ ਟਾਹਣੀਆਂ ਤੋਂ ਪੱਤਿਆਂ ਉਤੇ ਅਤੇ ਪੱਤਿਆਂ ਤੋਂ ਹੁੰਦਾ ਹੋਇਆ ਕੰਧ ਉਤੇ ਪਹੁੰਚ ਗਿਆ। ਉਥੋਂ ਉਸ ਨੇ ਗੁਆਂਢੀਆਂ ਦੇ ਵਿਹੜੇ ਵਿਚ ਨਜ਼ਰ ਮਾਰੀ।

ਉਸ ਨੂੰ ਏਨਾ ਦੁਖ ਹੋਇਆ ਕਿ ਉਸ ਦੇ ਦਿਲ ਦੀ ਧੜਕਣ ਰੁਕ ਚੱਲੀ ਸੀ। ਉਸ ਨੇ ਵੇਖਿਆ ਕਿ ਵਿਹੜੇ ਦੇ ਵਿਚਕਾਰ ਵਿਛੇ ਹੋਏ ਇਕ ਪੁਰਾਣੇ ਜਿਹੇ ਨਮਦੇ ਉਤੇ ਰੂਪਵੰਤੀ ਬਖ਼ਤੀ–ਗੁੱਲ ਬੈਠੀ ਹੋਈ ਸੀ। ਉਸ ਨੇ ਹੱਥਾਂ ਨਾਲ ਆਪਣਾ ਮੂੰਹ ਕੱਜਿਆ ਹੋਇਆ ਸੀ ਤੇ ਵਿਰਲਾਪ ਕਰੀ ਜਾ ਰਹੀ ਸੀ:

"ਭੱਠ ਪਏ ਮੇਰਾ ਸੁਹੱਪਣ! ਮੇਰੀ ਟੁਣਕਦੀ ਆਵਾਜ਼ ਬੈਠ ਜਾਵੇ। ਮੈਂ ਕਰੂਪ ਤੇ ਬੇਡੌਲ ਹੋ ਜਾਵਾਂ, ਜਿਵੇਂ ਬੁਢੀ ਕੱਛੂਕੁੰਮਣੀ!"

"ਤੂੰ ਰੋ ਨਾ, ਗੁੱਲ! ਤੇਰਾ ਸੁਹੱਪਣ ਦਿਲ ਨੂੰ ਖੁਸ਼ੀ ਬਖ਼ਸ਼ਦਾ ਏ, ਤੇ ਧਰਤੀ ਨੂੰ ਸ਼ਿੰਗਾਰਦਾ ਏ। ਤੂੰ ਇਸ ਨੂੰ ਕੋਸਦੀ ਕਿਉਂ ਏਂ?" ਯਰਤੀ ਆਪਣੀ ਸਾਥਣ ਨੂੰ ਧਰਵਾਸ ਦੇਣ ਲੱਗਾ।

ਪਰ ਕੁੜੀ ਧਾਹੀਂ ਮਾਰ ਕੇ ਰੋਣ ਲੱਗ ਪਈ:

"ਸਾਡੇ ਘਰ ਬਿਪਤਾ ਆਣ ਪਈ ਏ! ਸਾਰਾ ਕਸੂਰ ਮੇਰੇ ਗੀਤਾਂ ਤੇ ਮੇਰੇ ਬਦਨਸੀਬ ਸੁਹੱਪਣ ਦਾ ਏ! ਬੁੱਢੇ ਵਪਾਰੀ ਮੁਹੰਮਦ ਨੇ ਮੇਰੀ ਆਵਾਜ਼ ਸੁਣ ਲਈ। ਉਹ ਏਨਾ ਬੁੱਢਾ ਏ ਕਿ ਡੰਗੋਰੀ ਬਿਨਾਂ ਤੁਰ ਵੀ ਨਹੀਂ ਸਕਦਾ। ਉਹ ਸਾਡੇ ਘਰ ਆ ਵੜਿਆ ਤੇ ਮੈਨੂੰ ਵੇਖ ਲਿਆ। ਉਸ ਨੂੰ ਯਾਦ ਆ ਗਿਆ ਕਿ ਮੇਰੇ ਅੱਬਾ ਨੇ ਉਸ ਕੋਲੋਂ ਚੌਲਾਂ ਦੀ ਇਕ ਬੋਰੀ ਹੁਦਾਰੀ ਲਈ ਸੀ। ਹੁਣ ਉਹ ਇਹ ਚਾਹੁੰਦੈ ਕਿ ਅੱਬਾ ਹੁਦਾਰ ਦੇ ਬਦਲੇ ਮੈਨੂੰ ਉਸ ਦੇ ਹਵਾਲੇ ਕਰ ਦੇਵੇ। ਉਹ ਚਾਹੁੰਦੈ ਕਿ ਮੈਂ ਸਿਰਫ਼ ਉਹਦੇ ਲਈ ਹੀ ਗਾਵਾਂ, ਉਹਨੂੰ ਤਰ ਪਲਾਓ ਤੇ ਮਿੱਠੀਆਂ ਸ਼ਰਾਬਾਂ ਦੇਵਾਂ। ਉਹ ਚਾਹੁੰਦੈ ਕਿ ਮੈਂ ਉਸ ਦੀ ਵਹੁਟੀ ਬਣ ਜਾਵਾਂ। ਪਰ ਮੈਂ ਬਾਂਦੀ ਬਣ ਕੇ ਗੀਤ ਨਹੀਂ ਗਾਉਣਾ ਚਾਹੁੰਦੀ, ਮੈਂ ਬੁੱਢੇ ਦੀ ਗੋਲੀ ਨਹੀਂ ਬਣਨਾ ਚਾਹੁੰਦੀ। ਇਹਦੇ ਨਾਲੋਂ ਚੰਗਾ ਤਾਂ ਇਹ ਹੋਵੇ ਕਿ ਮੇਰੀ ਆਵਾਜ਼ ਹੀ ਬੈਠ ਜਾਵੇ ਤੇ ਮੇਰਾ ਸੁਹੱਪਣ ਸਦਾ ਲਈ ਅਲੋਪ ਹੋ ਜਾਵੇ!"

ਗੁਆਂਢੀ ਦੀ ਰੂਪਵੰਤੀ ਧੀ ਏਨੀ ਰੋਈ, ਏਨੀ ਰੋਈ ਕਿ ਉਸ ਦੇ ਅਥਰੂ ਮੋਟੇ ਮੋਟੇ ਮੋਤੀਆਂ ਵਾਂਗ ਉਸ ਦੀਆਂ ਗੱਲ੍ਹਾਂ ਉਤੇ ਰਿੜ੍ਹਦੇ ਹੋਏ ਉਸ ਦੇ ਸਾਦੇ ਜਿਹੇ ਪਹਿਰਾਵੇ ਉਤੇ ਪੈ ਰਹੇ ਸਨ।

"ਗੁੱਲ, ਤੂੰ ਰੋ ਨਾ! ਨਾ ਰੋ, ਗੁੱਲ!" ਯਰਤੀ ਨੇ ਆਪਣੀ ਸਾਥਣ ਦਾ ਤਰਲਾ ਕੀਤਾ, "ਨਹੀਂ ਤਾਂ ਮੇਰਾ ਵੀ ਰੋਣ ਨਿਕਲ ਜਾਣੈ, ਜਿਵੇਂ ਪੁਰਾਣਾ ਖੋਤਾ ਹਿਣਕਦੈ। ਤੈਨੂੰ ਚੰਗਾ ਭਲਾ ਪਤੈ ਕਿ ਮੈਂ ਕਿਸੇ ਨੂੰ ਵੀ ਤੇਰਾ ਦਿਲ ਦੁਖਾਉਣ ਦੀ ਆਗਿਆ ਨਹੀਂ ਦਿਆਂਗਾ। ਬੋਹੜ ਨੂੰ ਨਾਸ਼ਪਾਤੀਆਂ ਜਾਂ ਸੇਬ ਤਾਂ ਲੱਗ ਸਕਦੇ ਨੇ ਪਰ ਤੂੰ ਬੁੱਢੇ ਦੀ ਵਹੁਟੀ ਨਹੀਂ ਬਣ ਸਕਦੀ!"

ਉਸ ਪਲ ਕੁੜੀ ਬੜੀ ਹੀ ਦੁਖੀ ਸੀ, ਫਿਰ ਵੀ ਉਹ ਮੁਸਕ੍ਰਾਉਣੋਂ ਨਾ ਰਹੀ। ਉਸ ਨੇ ਯਰਤੀ ਨੂੰ ਆਪਣੀ ਹਥੇਲੀ ਉਤੇ ਰਖਿਆ ਤੇ ਉਸ ਨੂੰ ਆਖਿਆ:

"ਤੂੰ ਵੀ ਕਮਲਾ ਏਂ! ਮੁਹੰਮਦ–ਆਗਾ ਅਮੀਰ ਆਦਮੀ ਏ, ਜਿਵੇਂ ਪੈਸਿਆਂ ਦੀ ਭਰੀ ਬੋਰੀ ਹੋਵੇ। ਮੁੱਲਾਂ

ਤੇ ਕਾਜ਼ੀ ਉਹਦੇ ਦੋਸਤ ਨੇ। ਤੇਰਾ ਨੇਕ ਦਿਲ ਸਾਨੂੰ ਨਹੀਂ ਬਚਾ ਸਕਦਾ: ਹੋਵੇਗਾ ਉਹੀ ਜੋ ਧਨਵਾਨ ਚਾਹੇਗਾ।"

ਯਰਤੀ–ਗੁਲਾਕ ਨਾਰਾਜ਼ ਜਿਹਾ ਹੋ ਗਿਆ:

"ਤੂੰ ਗ਼ਲਤ ਏਂ! ਅਕਲ ਵੱਡੀ ਕਿ ਮੱਝ! ਤੂੰ ਇਹ ਨਾ ਵੇਖ ਕਿ ਮੈਂ ਚੂਚੇ ਨਾਲੋਂ ਵੀ ਛੋਟਾ ਹਾਂ: ਸਮਝਦਾਰ ਤੇ ਸਾਹਸੀ ਬੰਦਾ ਸਾਰੇ ਦੁਸ਼ਮਣਾਂ ਨੂੰ ਚਿੱਤ ਕਰ ਸਕਦੈ!"

ਰੂਪਵੰਤੀ ਬੱਸ ਇਕ ਡੂੰਘਾ ਸਾਹ ਹੀ ਖਿੱਚ ਸਕੀ: ਉਹ ਯਰਤੀ–ਗੁਲਾਕ ਦੇ ਮਨ ਨੂੰ ਠੇਸ ਨਹੀਂ ਪਹੁੰਚਾਣੀ ਚਾਹੁੰਦੀ ਸੀ; ਪਰ ਕੀ ਉਸ ਨੂੰ ਨਿਕਚੂ ਜਿਹੇ ਉਤੇ ਯਕੀਨ ਬੱਝ ਸਕਦਾ ਸੀ?

ਸੋ, ਉਸ ਸਵੇਰ ਬਖ਼ਤੀ–ਗੁੱਲ ਤੇ ਯਰਤੀ–ਗੁਲਾਕ ਦੀ ਮਿਲਣੀ ਏਨੀ ਉਦਾਸੀ–ਭਰੀ ਸੀ!

ਤੇ ਆਓ, ਹੁਣ ਤੁਹਾਨੂੰ ਸੁਣਾਉਂਦੇ ਹਾਂ ਕਿ ਦੁਪਹਿਰ ਨੂੰ ਕੀ ਵਾਪਰਿਆ।

ਦੁਪਹਿਰ ਵੇਲੇ ਮੁਹੰਮਦ–ਆਗਾ ਨੇ ਆਪਣੀਆਂ ਰਿਸ਼ਤੇਦਾਰਨੀਆਂ ਤੇ ਨੌਕਰਾਣੀਆਂ ਨੂੰ ਲਾੜੀ ਲਿਆਉਣ ਵਾਸਤੇ ਭੇਜ ਦਿੱਤਾ।

ਸੋਨੇ ਦੇ ਗਹਿਣਿਆਂ ਨਾਲ ਲੱਦੀਆਂ ਤੇ ਰੇਸ਼ਮੀ ਪੁਸ਼ਾਕਾਂ ਵਿਚ ਸੱਜੀਆਂ ਔਰਤਾਂ ਬੜੇ ਢੋਲ–ਢਮੱਕੇ ਨਾਲ ਬਖ਼ਤੀ–ਗੁੱਲ ਦੇ ਪਿਤਾ ਦੇ ਘਰ ਤਕ ਪਹੁੰਚੀਆਂ ਤੇ ਬੜੇ ਜ਼ੋਰ ਨਾਲ ਦਰਵਾਜ਼ਾ ਖੜਕਾਇਆ। ਕੁੜੀ ਕਿਬੀਤਕਾ ਦੀ ਸਭ ਤੋਂ ਹਨੇਰੀ ਗੁੱਠ ਵਿਚ ਲੁਕ ਗਈ, ਪਰ ਔਰਤਾਂ ਘਰ ਵਿਚ ਵੜ ਆਈਆਂ ਤੇ ਕੁੜੀ ਨੂੰ ਛੇਤੀ ਹੀ ਲੱਭ ਲਿਆ। ਉਹਨਾਂ ਨੇ ਉਸ ਨੂੰ ਇਕ ਰੰਗੀਨ ਗਲੀਚੇ ਵਿਚ ਵਲ੍ਹੇਟ ਲਿਆ, ਬੱਗੇ ਬੋਤੇ ਉਤੇ ਲੱਦ ਲਿਆ ਤੇ ਸਾਰੇ ਪਿੰਡ ਵਿਚੋਂ ਦੀ ਗਾਉਂਦੀਆਂ ਵਜਾਉਂਦੀਆਂ ਹੋਈਆਂ ਬੁੱਢੇ ਮੁਹੰਮਦ–ਆਗਾ ਦੇ ਘਰ ਲੈ ਗਈਆਂ। ਉਹ ਰਾਹ ਵਿਚ ਤਾਂਬੇ ਦੇ ਸਿੱਕੇ ਤੇ ਬਿਸਕੁਟਾਂ ਸੁਟਦੀਆਂ ਗਈਆਂ। ਬੱਚੇ ਤੇ ਗ਼ਰੀਬ ਲੋਕ ਉਹਨਾਂ ਦੇ ਪਿਛੇ ਪਿਛੇ ਦੌੜਦੇ ਜਾ ਰਹੇ ਸਨ, ਉਹ ਰਸਤੇ ਦੇ ਘੱਟੇ ਵਿਚੋਂ ਪੈਸੇ ਲੱਭ ਰਹੇ ਸਨ ਅਤੇ ਇਕ ਦੂਜੇ ਨੂੰ ਆਖ ਰਹੇ ਸਨ: "ਅੱਜ ਸਾਡੇ ਪਿੰਡ ਵਿਚ ਕਿਸੇ ਅਮੀਰ ਦਾ ਵਿਆਹ ਹੋ ਰਿਹੈ!"

ਸਾਰੇ ਹੀ ਬੜੇ ਖ਼ੁਸ਼ ਸਨ। ਬੱਸ ਲਾੜੀ ਹੀ ਨਾਖ਼ੁਸ਼ ਸੀ। ਗੁੱਲ ਜ਼ਾਰ ਜ਼ਾਰ ਰੋਈ ਜਦੋਂ ਉਸ ਦੇ ਨਿਕਲਣ ਮਗਰੋਂ ਉਸ ਦੇ ਪੇਕਿਆਂ ਦੇ ਘਰ ਦਾ ਬੂਹਾ ਬੰਦ ਹੋ ਗਿਆ ਸੀ, ਪਰ ਉਹ ਓਦੋਂ ਧਾਹੀਂ ਮਾਰ ਕੇ ਰੋ ਪਈ, ਜਦੋਂ ਸੌਦਾਗਰ ਦੇ ਘਰ ਦਾ ਭਾਰੀ ਦਰਵਾਜ਼ਾ ਚੀਂ ਚੀਂ ਕਰਦਾ ਖੁਲ੍ਹਿਆ। ਬੁਢੜੀਆਂ ਨੇ ਊਠ ਤੋਂ ਉਤਰਨ ਵਿਚ ਕੁੜੀ ਦੀ ਸਹਾਇਤਾ ਕੀਤੀ ਅਤੇ ਘਰ ਵਿਚ ਔਰਤਾਂ ਵਾਲੇ ਹਿੱਸੇ ਵਿਚ ਉਸ ਨੂੰ ਲੈ ਗਈਆਂ।

ਬਖ਼ਤੀ–ਗੁੱਲ ਘਰ ਵਿਚ ਇਕੱਲੀ ਹੀ ਰਹਿ ਗਈ। ਉਹ ਡਰ ਨਾਲ ਕੰਬੀ ਜਾ ਰਹੀ ਸੀ ਕਿ ਅਚਾਨਕ ਲਡਿਆਉਂਦੀ ਹੋਈ ਫੁਸਫੁਸਾਹਟ ਉਹਦੇ ਕੰਨੀਂ ਪਈ:

"ਗੁੱਲ, ਮੈਂ ਏਥੇ ਹਾਂ! ਤੂੰ ਘਬਰਾ ਨਾ!"

"ਵੇ ਯਰਤੀ! ਤੂੰ ਇਥੇ ਕਿਵੇਂ ਪਹੁੰਚ ਗਿਆ?" ਕੁੜੀ ਦੀ ਖ਼ੁਸ਼ੀ ਨਾਲ ਚੀਕ ਨਿਕਲ ਚੱਲੀ ਸੀ ਪਰ ਯਰਤੀ ਨੇ ਵੇਲੇ ਸਿਰ ਆਪਣੇ ਹੱਥਾਂ ਨਾਲ ਕੁੜੀ ਦਾ ਮੂੰਹ ਬੰਦ ਕਰ ਦਿੱਤਾ:

"ਚੁੱਪ, ਚੁੱਪ! ਤੂੰ ਅਜੇ ਜਦੋਂ ਘਰ ਵਿਚ ਹੀ ਸੈਂ ਤਾਂ ਮੈਂ ਤੇਰੀਆਂ ਕਾਲੀਆਂ ਗੁੱਤਾਂ ਵਿਚ ਛਿਪ ਗਿਆ ਸਾਂ ਤੇ ਤੇਰੇ ਨਾਲ ਹੀ ਮੁਹੰਮਦ–ਆਗਾ ਦੇ ਘਰ ਪਹੁੰਚਿਆ ਸਾਂ। ਮੈਂ ਤੈਨੂੰ ਔਖੀ ਘੜੀ ਛੱਡ ਕੇ ਨਹੀਂ ਜਾ ਸਕਦਾ ਸਾਂ!"

ਸੌਦਾਗਰ ਮੁਹੰਮਦ–ਆਗਾ ਨੇ ਬਖ਼ਤੀ–ਗੁੱਲ ਲਈ ਬੜੇ ਹੀ ਕੀਮਤੀ ਤੁਹਫ਼ੇ ਭੇਜੇ ਤੇ ਦੋ ਬੁੱਢੀਆਂ ਨੌਕਰਾਣੀਆਂ ਨੂੰ ਕਿਹਾ ਕਿ ਕੁੜੀ ਦੀ ਰਾਖੀ ਰਖਣ। ਬੁਢੜੀਆਂ ਸਿਰ ਨੀਵਾਂ ਕਰ ਕੇ ਲਾੜੀ ਕੋਲ ਆਈਆਂ।



ਉਹਨਾਂ ਨੇ ਉਸ ਅੱਗੇ ਸੁਹਣੇ ਸੁਹਣੇ ਵਸਤਰ ਤੇ ਕੀਮਤੀ ਗਹਿਣੇ ਖਿਲਾਰ ਦਿੱਤੇ। ਉਹਨਾਂ ਵਿਚ ਮੁੰਦਰੀਆਂ ਵੀ ਸਨ ਤੇ ਹਾਰ ਵੀ ਸਨ, ਸ਼ੁਧ ਸੋਨੇ ਦੀਆਂ ਵੰਗਾਂ ਵੀ ਸਨ। ਪਰ ਰੂਪਵੰਤੀ ਨੇ ਸਾਰੇ ਵਸਤਰ ਵਗਾਹ ਵਗਾਹ ਸੁੱਟ ਦਿੱਤੇ, ਚਮਕਦੇ ਹਾਰ ਖਿਲਾਰ ਦਿੱਤੇ ਅਤੇ ਨੌਕਰਾਣੀਆਂ ਦੇ ਹਾੜੇ ਕੱਢਣ ਲੱਗੀ:

"ਨੇਕ ਔਰਤੋ, ਮੇਰੇ ਉਤੇ ਤਰਸ ਕਰੋ! ਇਹਦੇ ਨਾਲੋਂ ਚੰਗਾ ਤਾਂ ਮੈਂ ਅੱਠੇ ਪਹਿਰ ਉਖਲੀ ਵਿਚ ਆਟਾ ਪੀਂਹਦੀ ਰਹਾਂ, ਘਟੀਆ ਤੋਂ ਘਟੀਆ ਉੱਨ ਕੱਤਦੀ ਰਹਾਂ, ਖੋਤੇ ਵਾਂਗ ਖੂਹ ਦੀ ਗਾਦੀ ਖਿੱਚਦੀ ਰਹਾਂ। ਪਰ ਮੈਂ ਮੁਹੰਮਦ ਦੀ ਵਹੁਟੀ ਨਹੀਂ ਬਣ ਸਕਦੀ!"

ਬੁੱਢੀਆਂ ਔਰਤਾਂ ਹੱਸ ਪਈਆਂ:

"ਕਮਲੀ ਨਾ ਹੋਵੇ ਤਾਂ! ਨੀ ਤੇਰੇ ਬਿਨਾਂ ਹੀ ਇਸ ਘਰ ਵਿਚ ਨੌਕਰਾਂ ਵਾਲੇ ਕੰਮ ਕਰਨ ਵਾਲੀਆਂ ਬਥੇਰੀਆਂ ਲੱਭ ਜਾਣਗੀਆਂ। ਸਾਡੇ ਮਾਲਕ ਕੋਲ ਇਹੋ ਜਿਹੀਆਂ ਨੌਕਰਾਣੀਆਂ ਕਈ ਨੇ। ਸਾਡੇ ਮਾਲਕ ਨੂੰ ਕੁਲਹਿਣਾ ਅਕੇਵਾਂ ਖਾਈ ਜਾ ਰਿਹੈ ਅਤੇ ਤੇਰੀ ਸੁੰਦਰਤਾ ਤੇ ਤੇਰੇ ਗੀਤ ਹੀ ਉਸ ਨੂੰ ਦੂਰ ਕਰ ਸਕਦੇ ਨੇ।"

"ਅੱਲਾ ਕਰੇ, ਇਹ ਅਕੇਵਾਂ ਉਸ ਨੂੰ ਖਾ ਖਾ ਕੇ ਮੁਕਾ ਹੀ ਦੇਵੇ, ਪਰ ਮੈਂ ਉਸ ਦੀ ਇਸ ਬੀਮਾਰੀ ਦਾ ਇਲਾਜ ਕਦੀ ਵੀ ਨਹੀਂ ਕਰਾਂਗੀ!" ਕੁੜੀ ਨੇ ਨਿਧੜਕ ਹੋ ਕੇ ਜਵਾਬ ਦਿੱਤਾ ਪਰ ਨਾਲ ਹੀ ਇੰਜ ਫੁਟ ਫੁਟ ਕੇ ਰੋਣ ਲੱਗ ਪਈ ਕਿ ਬੁਢੜੀਆਂ ਪਿਛਾਂਹ ਹਟ ਗਈਆਂ। ਉਹਨਾਂ ਨੂੰ ਇਹ ਡਰ ਸੀ ਕਿ ਹਸੀਨਾ ਰੋ ਰੋ ਕੇ ਆਪਣਾ ਹੁਲੀਆ ਵਿਗਾੜ ਲਏਗੀ। ਸੋ, ਉਹ ਉਹਦਾ ਮਨ ਪਰਚਾਉਣ ਦਾ ਜਤਨ ਕਰਨ ਲੱਗੀਆਂ: ਉਹ ਗਾਉਣ, ਮਜ਼ਾਕ ਕਰਨ ਤੇ ਤਾੜੀਆਂ ਮਾਰਨ ਲੱਗ ਪਈਆਂ, ਪਰ ਰੂਪਵੰਤੀ ਨੂੰ ਕੋਈ ਧਰਵਾਸ ਨਹੀਂ ਮਿਲ ਰਹੀ ਸੀ। ਤਦ ਬੁਢੜੀਆਂ ਨੱਚਣ ਲੱਗ ਪਈਆਂ ਪਰ ਇਸ ਦਾ ਵੀ ਕੋਈ ਲਾਭ ਨਾ ਹੋਇਆ।

ਜਦੋਂ ਬੁਢੜੀਆਂ ਮਨਾ ਮਨਾ ਕੇ ਥੱਕ ਗਈਆਂ ਤਾਂ ਉਹਨਾਂ ਨੇ ਆਖਿਆ:

"ਇਸ ਕੁੜੀ ਦਾ ਰੋਂਦੀ ਰੋਂਦੀ ਦਾ ਭਾਵੇਂ ਪਟਾਕਾ ਪੈ ਜਾਵੇ ਅਸੀਂ ਤਦ ਵੀ ਇਸ ਦੇ ਨੇੜੇ ਨਹੀਂ ਆਉਣਾ!"

ਉਹ ਇਕ ਪਾਸੇ ਹੋ ਕੇ ਬੈਠ ਗਈਆਂ ਤੇ ਬੁੜਬੁੜ ਕਰਦੀਆਂ ਹੋਈਆਂ ਲੰਮੇ ਲੰਮੇ ਸਾਹ ਖਿਚਣ ਲੱਗ ਪਈਆਂ। ਉਹ ਕੁੜੀ ਨੂੰ ਵਰਚਾਉਂਦੀਆਂ ਹੋਈਆਂ ਏਨੀਆਂ ਥੱਕ ਟੁੱਟ ਗਈਆਂ ਸਨ ਕਿ ਉਹਨਾਂ ਨੂੰ ਛੇਤੀ ਹੀ ਨੀਂਦ ਆ ਗਈ। ਯਰਤੀ-ਗੁਲਾਕ ਇਸੇ ਗੱਲ ਦੀ ਉਡੀਕ ਵਿਚ ਸੀ। ਉਹ ਅਛੋਪਲੇ ਜਿਹੇ ਹੀ ਡੁਸਕ ਰਹੀ ਬਖ਼ਤੀ-ਗੁੱਲ ਦੇ ਨੇੜੇ ਆਇਆ ਤੇ ਬੜੀ ਸਾਵਧਾਨੀ ਨਾਲ ਉਹਦੇ ਕੰਨ ਵਿਚ ਫੁਸਰ ਫੁਸਰ ਕੀਤੀ:

"ਕੀ ਕੋਈ ਹੀਲਾ ਵਸੀਲਾ ਕਰਨ ਦਾ ਵੇਲਾ ਨਹੀਂ ਹੋਇਆ, ਗੁਆਂਢੀ ਦੀ ਧੀਏ?"

ਕੁੜੀ ਨੇ ਇਸ ਸਵਾਲ ਦਾ ਬੁਰਾ ਮਨਾ ਲਿਆ:

"ਬਹੁਤੀ ਬਕ ਬਕ ਨਾ ਕਰ, ਕਾਕਾ। ਸਾਰੇ ਹੋੜੇ ਲਾ ਕੇ ਦਰਵਾਜ਼ਾ ਬੰਦ ਕੀਤਾ ਹੋਇਐ। ਹੁਣ ਮੈਂ ਇਸ ਘਰ ਵਿਚੋਂ ਕਦੀ ਵੀ ਨਹੀਂ ਨਿਕਲ ਸਕਣਾ!"

ਪਰ ਯਰਤੀ ਵੀ ਆਪਣੀ ਗੱਲ ਉਤੇ ਅੜਿਆ ਹੋਇਆ ਸੀ:

"ਚੁੱਪ ਕਰ! ਜੇ ਤੂੰ ਮੇਰੀ ਗੱਲ ਧਿਆਨ ਨਾਲ ਸੁਣੇਂਗੀ ਤਾਂ ਅੱਜ ਹੀ ਆਪਣੇ ਘਰ ਪਹੁੰਚ ਜਾਏਂਗੀ।"

ਗੱਲ ਨੂੰ ਮੁੰਡੇ ਉਤੇ ਇਤਬਾਰ ਤਾਂ ਨਾ ਆਇਆ ਪਰ ਉਹ ਚੁੱਪ ਕਰ ਗਈ। ਚੁੱਪ ਦਾ ਮਤਲਬ ਰਜ਼ਾਮੰਦੀ ਹੁੰਦਾ ਏ। ਯਰਤੀ ਆਪਣੇ ਕੰਮ ਲੱਗ ਗਿਆ।

ਉਸ ਨੇ ਇਕ ਕੈਂਚੀ ਲੱਭੀ ਤੇ ਚੋਰ-ਪੈਰੀਂ ਨੌਕਰਾਣੀਆਂ ਕੋਲ ਪਹੁੰਚ ਗਿਆ। ਉਸ ਨੇ ਬੁਢੜੀਆਂ ਦੇ ਸਿਰਾਂ ਉਤੋਂ ਦੁਪਟੇ ਲਾਹੇ ਤੇ ਫਟਾਫਟ ਉਹਨਾਂ ਦੀਆਂ ਗੁੱਤਾਂ ਕੱਟ ਦਿਤੀਆਂ। ਇਹ ਸਾਰਾ ਕੰਮ ਉਸ ਨੇ ਏਨੀ

ਸਫ਼ਾਈ ਨਾਲ ਕੀਤਾ ਕਿ ਕਿਸੇ ਨੂੰ ਵੀ ਕੁਝ ਵੀ ਸੁਣਾਈ ਨਾ ਦਿੱਤਾ। ਪਰ ਸਭ ਤੋਂ ਅਹਿਮ ਕੰਮ ਅਜੇ ਕਰਨ ਵਾਲਾ ਸੀ। ਧਰਤੀ ਨੇ ਦਹੀਂ ਦੀਆਂ ਭਰੀਆਂ ਦੋ ਮਸ਼ਕਾਂ ਫੜੀਆਂ, ਇਕ ਵੱਡੇ ਸਾਰੇ ਮਿੱਟੀ ਦੇ ਪਿਆਲੇ ਵਿਚ ਦਹੀਂ ਪਾ ਦਿੱਤਾ, ਫਿਰ ਪਲ-ਕੁ ਸੋਚਿਆ ਤੇ ਮਸ਼ਕਾਂ ਬੁਢੜੀਆਂ ਦੀਆਂ ਧੌਣਾਂ ਉਤੇ ਧਰ ਦਿੱਤੀਆਂ। ਇਸ ਵਾਰੀ ਵੀ ਉਹਨਾਂ ਨੂੰ ਕੁਝ ਸੁਣਾਈ ਨਾ ਦਿੱਤਾ। ਹੁਣ ਸਭ ਤੋਂ ਮੁਸ਼ਕਲ ਕੰਮ ਕਰਨ ਵਾਲਾ ਰਹਿ ਗਿਆ ਸੀ। ਧਰਤੀ ਨੇ ਨੌਕਰਾਣੀਆਂ ਦੀਆਂ ਗੁੱਤਾਂ ਖੋਲ੍ਹ ਲਈਆਂ ਤੇ ਦਹੀਂ ਨਾਲ ਉਨ੍ਹਾਂ ਦੇ ਵਾਲ ਆਪਣੀ ਸਾਥਣ ਦੀਆਂ ਗੱਲਾਂ ਤੇ ਠੋਡੀਆਂ ਉਤੇ ਚਿਪਕਾਉਣ ਲੱਗ ਪਿਆ।

"ਮੇਰਾ ਖਹਿੜਾ ਛੱਡ! ਚਲਿਆ ਜਾ ਇਥੋਂ!" ਰੂਪਵੰਤੀ ਨੇ ਤ੍ਰਬਕਦਿਆਂ ਫੁਸਰ ਫੁਸਰ ਕੀਤਾ।

ਪਰ ਧਰਤੀ-ਗੁਲਾਕ ਨੇ ਉਸ ਨੂੰ ਖ਼ਚਰਿਆਂ ਵਾਂਗ ਅੱਖ ਮਾਰੀ:

"ਚੁਪ ਰਹਿ! ਕੀ ਤੂੰ ਬੁੱਢੇ ਵਪਾਰੀ ਦੇ ਘਰ ਸਦਾ ਲਈ ਰਹਿਣਾ ਚਾਹੁੰਦੀ ਏਂ?"

ਤੇ ਕੁੜੀ ਧਰਤੀ ਦਾ ਕਹਿਣਾ ਮੰਨ ਗਈ।

ਧਰਤੀ ਨੇ ਕੁੜੀ ਦੇ ਚਿਹਰੇ ਉਤੇ ਆਖ਼ਰੀ ਵਾਲ ਚਿਪਕਾਇਆ ਤੇ ਆਪ ਹੀ ਆਪਣੀ ਕਾਰੀਗਰੀ ਨੂੰ ਵੇਖ ਵੇਖ ਖ਼ੁਸ਼ ਹੋਣ ਲੱਗਾ: ਰੂਪਵੰਤੀ ਬਖ਼ਤੀ-ਗੁੱਲ ਨੂੰ ਲੰਮੀ ਸਾਰੀ ਦਾੜ੍ਹੀ ਉਤਰ ਆਈ ਸੀ ਤੇ ਉਪਰਲੇ ਬੁੱਲ੍ਹ ਉਤੇ ਧੌਲੀਆਂ ਮੁੱਛਾਂ ਲਮਕ ਰਹੀਆਂ ਸਨ। ਉਸ ਦਿਨ ਬੜੀ ਗਰਮੀ ਸੀ ਤੇ ਦਹੀਂ ਕੁੜੀ ਦੇ ਚਿਹਰੇ ਉਤੇ ਇਕਦਮ ਸੁੱਕ ਗਿਆ। ਧਰਤੀ ਨੇ ਦਾੜ੍ਹੀ ਨੂੰ ਖਿੱਚ ਕੇ ਵੇਖਿਆ ਤੇ ਉਸ ਨੂੰ ਯਕੀਨ ਹੋ ਗਿਆ ਕਿ ਉਸ ਨੂੰ ਲਾਹਿਆ ਨਹੀਂ ਜਾ ਸਕਦਾ ਸੀ। ਧਰਤੀ ਬੜਾ ਹੀ ਖ਼ੁਸ਼ ਹੋਇਆ।

"ਬੜੀ ਮਜ਼ਬੂਤੀ ਨਾਲ ਲਾਈ ਗਈ ਏ! ਹੁਣ ਵੇਖਦੇ ਹਾਂ ਕਿ ਧੌਲੀ ਦਾੜ੍ਹੀ ਵਾਲੀ ਲਾੜੀ ਲਾੜੇ ਨੂੰ ਪਸੰਦ ਆਉਂਦੀ ਏ ਕਿ ਨਹੀਂ?"

ਧਰਤੀ ਨੇ ਇੰਜ ਕਿਹਾ। ਉਸ ਨੇ ਇਕ ਤੀਲਾ ਫੜਿਆ ਤੇ ਇਕ ਬੁਢੜੀ ਲਾਗੇ ਜਾ ਕੇ ਉਸ ਦੀਆਂ ਨਾਸਾਂ ਵਿਚ ਜਲੂਹਣ ਕਰਨ ਲੱਗ ਪਿਆ। ਬੁਢੜੀ ਨੇ ਛਿੱਕ ਮਾਰੀ ਤੇ ਜਾਗ ਪਈ। ਉਸ ਨੇ ਏਨੀ ਜ਼ੋਰ ਦੀ ਛਿੱਕ ਮਾਰੀ ਕਿ ਉਸ ਦੀ ਗੁਆਂਢਣ ਦੀ ਵੀ ਨੀਂਦ ਖੁਲ੍ਹ ਗਈ। ਨੌਕਰਾਣੀਆਂ ਨੇ ਇਕੱਠੀਆਂ ਨੇ ਉਬਾਸੀ ਲਈ ਤੇ ਸਿਰ ਹਿਲਾਏ। ਭਾਰੀ ਮਸ਼ਕਾਂ ਉਹਨਾਂ ਦੀਆਂ ਧੌਣਾਂ ਉਤੇ ਮਜ਼ਬੂਤੀ ਨਾਲ ਜੁੜੀਆਂ ਹੋਈਆਂ ਸਨ। ਉਹ ਕਿਬੀਤਕਾ ਦੇ ਅੰਦਰ ਦੌੜਨ ਲੱਗੀਆਂ ਪਰ ਉਹ ਮਸ਼ਕਾਂ ਨੂੰ ਕਿਸੇ ਵੀ ਤਰ੍ਹਾਂ ਛੰਡ ਨਾ ਸਕੀਆਂ। ਅੰਤ ਵਿਚ, ਜਦੋਂ ਔਰਤਾਂ ਨੇ ਮਸ਼ਕਾਂ ਕੋਲੋਂ ਪਿੱਛਾ ਛੁਡਾਇਆ ਤਾਂ ਉਹਨਾਂ ਨੇ ਇਕ ਦੂਜੀ ਵੱਲ ਵੇਖਿਆ। ਉਹਨਾਂ ਦੀਆਂ ਏਨੇ ਜ਼ੋਰ ਦੀ ਚੀਕਾਂ ਨਿਕਲੀਆਂ ਕਿ ਵਿਹੜੇ ਵਿਚ ਊਠਾਂ ਨੇ ਆਪਣੀਆਂ ਨਕੇਲਾਂ ਤੁੜਵਾ ਲਈਆਂ ਤੇ ਰੇਗਿਸਤਾਨ ਵੱਲ ਭੱਜ ਉੱਠੇ।

"ਹਾਏ ਲੋਕੋ, ਅਸੀਂ ਮਾਰੀਆਂ ਗਈਆਂ! ਹਾਏ ਲੋਕੋ, ਅਸੀਂ ਲੁਟੀਆਂ ਗਈਆਂ!" ਬੁਢੜੀਆਂ ਨੇ ਚੀਕ-ਚਿਹਾੜਾ ਪਾ ਦਿੱਤਾ। "ਭੈੜੇ ਜਿੰਨ-ਭੂਤ ਨੇ ਸਾਡਾ ਮਖ਼ੌਲ ਉਡਾਇਆ ਏ ਤੇ ਸਾਡੀਆਂ ਸੁਹਣੀਆਂ ਗੁੱਤਾਂ ਚੁਰਾ ਲਈਆਂ ਨੇ! ਸਾਡੇ ਸਿਰ, ਹਾਏ ਸਾਡੇ ਸਿਰ ਵਿਚਾਰੇ ਗੰਜੇ ਹੋ ਗਏ ਨੇ!"

ਬਖ਼ਤੀ-ਗੁੱਲ ਇਹ ਸਭ ਕੁਝ ਵੇਖ ਰਹੀ ਸੀ ਤੇ ਬੜੀ ਮੁਸ਼ਕਲ ਨਾਲ ਆਪਣਾ ਹਾਸਾ ਰੋਕ ਰਹੀ ਸੀ।

"ਤੁਹਾਨੂੰ ਕੀ ਹੋਇਐ, ਜ਼ਨਾਨੀਓ?!" ਅੰਤ ਵਿਚ ਉਸ ਨੇ ਪੁਕਾਰਿਆ।

ਨੌਕਰਾਣੀਆਂ ਨੇ ਕੁੜੀ ਵੱਲ ਵੇਖਿਆ ਤੇ ਭੈ ਨਾਲ ਸੁੰਨ ਹੋ ਗਈਆਂ: ਰੂਪਵੰਤੀ ਨੂੰ ਦਾੜ੍ਹੀ ਉਤਰ ਆਈ ਸੀ! ਉਹਨਾਂ ਨੇ ਸਮਝਿਆ ਕਿ ਘਰ ਵਿਚ ਕੋਈ ਬਦਰੂਹ ਆ ਗਈ ਸੀ ਤੇ ਉਹ ਚੀਕਾਂ ਮਾਰਦੀਆਂ ਹੋਈਆਂ ਕਿਬੀਤਕਾ ਵਿਚੋਂ ਨੱਸ ਨਿਕਲੀਆਂ। ਉਹ ਇੰਜ ਚੀਕਾਂ ਮਾਰ ਰਹੀਆਂ ਸਨ ਕਿ ਉਸੇ ਵੇਲੇ ਮਾਲਕ ਦੌੜਦਾ

ਹੋਇਆ ਘਰ ਵੱਲ ਆਇਆ। ਲੰਮੀ ਧੌਲੀ ਦਾੜ੍ਹੀ ਵਾਲੀ ਲਾੜੀ ਨੂੰ ਵੇਖ ਕੇ ਉਸ ਦਾ ਦਿਲ ਦਹਿਲ ਗਿਆ ਤੇ ਮੁਰਦੇ ਵਾਂਗ ਗਲੀਚੇ ਉਤੇ ਡਿਗ ਪਿਆ। ਤਦ ਘਰ ਦੇ ਸਾਰੇ ਜੀਅ ਦੌੜਦੇ ਹੋਏ ਆਏ। ਨੌਕਰਾਣੀਆਂ ਨੇ ਸੌਦਾਗਰ ਉਤੇ ਠੰਡਾ ਪਾਣੀ ਡੋਲ੍ਹਿਆ ਤੇ ਉਸ ਨੂੰ ਹੋਸ਼ ਆ ਗਈ।

"ਇਸ ਦੈਂਤ ਨੂੰ ਇਥੋਂ ਕੱਢ ਮਾਰੋ।" ਸੌਦਾਗਰ ਚੀਕਿਆ। ਉਹ ਡਰ ਕਾਰਨ ਆਪਣੇ ਆਪ ਵਿਚ ਨਹੀਂ ਸੀ। "ਮੇਰੇ ਦੋਸਤ, ਮੁੱਲਾਂ ਨੂੰ ਛੇਤੀ ਤੋਂ ਛੇਤੀ ਬੁਲਾਓ ਤਾਂ ਜੋ ਉਹ ਇਥੇ ਦਿਨ ਰਾਤ ਓਦੋਂ ਤਕ ਨਮਾਜ਼ ਪੜ੍ਹਦਾ ਰਹੇ ਜਦ ਤਕ ਕਿ ਮੇਰੇ ਘਰ ਵਿਚੋਂ ਦੁਸ਼ਟ ਭੂਤ-ਪਰੇਤ ਨਹੀਂ ਨਿਕਲ ਜਾਂਦੇ!"

ਬੁਢੜੀਆਂ ਨੇ ਬਹੁਤਾ ਸੋਚਿਆ ਵਿਚਾਰਿਆ ਨਾ, ਤੇ ਕੁੜੀ ਨੂੰ ਬਾਂਹਵਾਂ ਤੋਂ ਫੜ ਕੇ ਦਰਵਾਜ਼ਿਓਂ ਬਾਹਰ ਕੱਢ ਦਿੱਤਾ।

ਹੁਣ ਅਸੀਂ ਸੌਦਾਗਰ ਨੂੰ ਭੁੱਲ ਜਾਂਦੇ ਹਾਂ ਤੇ ਰੂਪਵੰਤੀ ਦੀ ਗੱਲ ਕਰਦੇ ਹਾਂ।

ਸੌਦਾਗਰ ਦੇ ਘਰ ਦੇ ਦਰਵਾਜ਼ੇ ਵਿਚੋਂ ਨਿਕਲਣ ਉਤੇ ਬਖ਼ਤੀ-ਗੁੱਲ ਖ਼ੁਸ਼ੀ ਵਿਚ ਫੁੱਲੀ ਨਹੀਂ ਸਮਾ ਰਹੀ ਸੀ। ਉਹ ਹਵਾ ਨਾਲੋਂ ਵੀ ਤੇਜ਼ ਉਡਦੀ ਹੋਈ ਆਪਣੇ ਪਿਤਾ ਦੇ ਘਰ ਵੱਲ ਚਲੀ ਗਈ। ਯਰਤੀ ਉਸ ਦੇ ਮੋਢੇ ਉਤੇ ਬੈਠਾ ਹੋਇਆ ਖਿੜਖਿੜ ਕੇ ਹੱਸੀ ਜਾ ਰਿਹਾ ਸੀ। ਉਹ ਸੌਦਾਗਰ ਅਤੇ ਉਸ ਦੀਆਂ ਨੌਕਰਾਣੀਆਂ ਦਾ ਹਾਸਾ ਉਡਾ ਰਿਹਾ ਸੀ। ਇੰਜ ਉਹ ਦੌੜਦੇ ਹੋਏ ਇਕ ਵੱਡੇ ਸਾਰੇ ਨਾਲੇ ਕੋਲ ਪਹੁੰਚ ਗਏ ਜਿਸ ਵਿਚ ਠੰਡਾ ਸ਼ਫ਼ਾਫ਼ ਪਾਣੀ ਸੀ। ਗੁੱਲ ਨੇ ਪਾਣੀ ਦਾ ਬੁੱਕ ਭਰਿਆ ਤੇ ਆਪਣੇ ਚਿਹਰੇ ਉਤੋਂ ਵਾਲ ਧੋਣ ਲੱਗ ਪਈ। ਪਰ ਦਹੀਂ ਏਨੀ ਪੱਕੀ ਤਰ੍ਹਾਂ ਜੜ ਚੁੱਕਾ ਸੀ ਕਿ ਵਾਲ ਚਮੜੀ ਦੇ ਨਾਲ ਹੀ ਪੁੱਟੇ ਜਾ ਸਕਦੇ ਸਨ।

"ਕਾਹਲ ਨਾ ਕਰ! ਆਰਾਮ ਨਾਲ, ਗੁੱਲ!" ਮੁੰਡਾ ਉਸ ਉਤੇ ਕੜਕਿਆ ਪਰ ਗੁੱਲ ਨੇ ਉਸ ਦੀ ਗੱਲ ਵੱਲ ਧਿਆਨ ਨਾ ਦਿੱਤਾ। ਉਹ ਭੁੰਜੇ ਡਿਗ ਪਈ ਤੇ ਰੋਣ ਕੁਰਲਾਉਣ ਲੱਗ ਪਈ:

"ਹੁਣ ਮੈਂ ਇਸ ਦਾੜ੍ਹੀ ਨਾਲ ਕਿਵੇਂ ਜੀਵਾਂਗੀ! ਗਧੇ ਵੀ ਮੇਰਾ ਮਜ਼ਾਕ ਉਡਾਇਆ ਕਰਨਗੇ!"

ਯਰਤੀ ਨੇ ਜਵਾਬ ਦਿੱਤਾ:

"ਤੂੰ ਢੇਰੀ ਨਾ ਢਾਹ! ਜੇ ਤੈਨੂੰ ਤੇਰੀ ਦਾੜ੍ਹੀ ਚੰਗੀ ਨਹੀਂ ਲੱਗਦੀ ਤਾਂ ਆ, ਛੇਤੀ ਕਰ, ਮੇਰੀ ਮਾਂ ਦੇ ਘਰ ਚਲਦੇ ਹਾਂ। ਉਥੇ ਮੈਂ ਤੇਰਾ ਸਾਰਾ ਗ਼ਮ ਦੂਰ ਕਰ ਦਿਆਂਗਾ, ਜਿਵੇਂ ਹਵਾ ਬੱਦਲਾਂ ਨੂੰ ਉਡਾ ਦਿੰਦੀ ਏ।"

ਉਹ ਚਲੇ ਗਏ।

ਜਦੋਂ ਯਰਤੀ-ਗੁਲਾਕ ਦੀ ਬੁੱਢੀ ਮਾਂ ਨੇ ਉਸ ਨੂੰ ਅਤੇ ਉਸ ਦੇ ਨਾਲ ਲੰਮੀ ਦਾੜ੍ਹੀ ਵਾਲੀ ਕੁੜੀ ਨੂੰ ਵੇਖਿਆ ਤਾਂ ਉਸ ਦੀ ਚੀਕ ਨਿਕਲ ਗਈ ਤੇ ਰੋਣ ਹੀ ਲੱਗੀ ਸੀ, ਪਰ ਯਰਤੀ ਨੇ ਉਸ ਨੂੰ ਰੋਕ ਦਿੱਤਾ:

"ਐਦਜੇ-ਜਾਨ, ਜੇ ਤੁਸੀਂ ਚੀਕਾਂ ਮਾਰੀਆਂ ਤਾਂ ਅਸੀਂ ਮਾਰੇ ਜਾਵਾਂਗੇ। ਬੁੱਢਾ ਵਪਾਰੀ ਇਥੇ ਦੌੜਾ ਦੌੜਾ ਆਵੇਗਾ ਤੇ ਉਸ ਨੂੰ ਉਸ ਗੱਲ ਦਾ ਪਤਾ ਲੱਗ ਜਾਵੇਗਾ ਜਿਸ ਦਾ ਕਿ ਉਸ ਨੂੰ ਪਤਾ ਨਹੀਂ ਲੱਗਣਾ ਚਾਹੀਦਾ। ਚੰਗਾ ਹੋਵੇ ਜੇ ਤੁਸੀਂ ਵੱਡੇ ਤਾਂਬੀਏ ਵਿਚ ਪਾਣੀ ਗਰਮ ਕਰੋ ਤੇ ਸਾਡੇ ਗੁਆਂਢੀ ਦੀ ਧੀ ਦੀ ਮੂੰਹ ਹੱਥ ਧੋਣ ਵਿਚ ਸਹਾਇਤਾ ਕਰੋ!"

ਉਹਨਾਂ ਨੇ ਇੰਜ ਹੀ ਕੀਤਾ।

ਅਗਲੇ ਦਿਨ ਫੁੱਲ ਵਰਗੀ ਖ਼ੁਸ਼ਨਸੀਬ ਬਖ਼ਤੀ-ਗੁੱਲ ਤੇ ਚੁਸਤ ਚਲਾਕ ਯਰਤੀ-ਗੁਲਾਕ ਫਿਰ ਮਿਲ ਕੇ ਪ੍ਰਭਾਤ ਦੇ ਆਗਮਨ ਦਾ ਸਵਾਗਤ ਕਰ ਰਹੇ ਸਨ। ਤੇ ਗੁੱਲ ਬੁੱਢੇ ਵਪਾਰੀ ਮੁਹੰਮਦ ਲਈ ਨਹੀਂ ਸਗੋਂ ਆਪਣੇ ਨਿੱਕੇ ਜਿਹੇ ਸਾਥੀ ਲਈ ਆਪਣਾ ਕੁੜੀਆਂ ਵਾਲਾ ਗੀਤ ਗਾ ਰਹੀ ਸੀ:

ਬਾਗ਼ ਪੀਲੇ ਜਿਉਂ ਨਿੰਬੂ ਹੋਸਣ,
ਟਾਹਣੀਆਂ ਉਤੋਂ ਪੱਤੇ ਝੜਸਣ...


ਤੇ ਧਰਤੀ–ਗੁਲਾਕ ਆਪਣੀ ਬਰੀਕ ਆਵਾਜ਼ ਵਿਚ ਉਸ ਨਾਲ ਮਿਲ ਕੇ ਗਾ ਰਿਹਾ ਸੀ:

ਅੰਗੂਰ ਫਲ ਜਿਉਂ ਅੰਬਰ ਹੋਵੇ
ਅਨਾਰ ਫਲ ਜਿਉਂ ਹੀਰਾ ਹੋਵੇ...

ਉਹ ਇਸ ਤਰ੍ਹਾਂ ਗਾਉਂਦੇ ਤੇ ਜੀਵਨ ਦੀਆਂ ਖ਼ੁਸ਼ੀਆਂ ਮਾਣਦੇ ਰਹਿੰਦੇ, ਪਰ ਅਮੀਰ ਸੌਦਾਗਰ ਨੂੰ ਪਹਿਲਾਂ ਵਾਂਗ ਹੀ ਕੁਲਹਿਣਾ ਅਕੇਵਾਂ ਖਾਈ ਜਾ ਰਿਹਾ ਸੀ।



ਯਰਤੀ–ਗੁਲਾਕ ਤੇ ਜਾਦੂਗਰ



ਇਕ ਵਾਰ ਸਵੇਰੇ ਯਰਤੀ–ਗੁਲਾਕ ਤੇ ਉਸ ਦੀ ਮਾਂ ਨੇ ਖੇਤ ਵੱਲ ਜਾਣਾ ਸੀ। ਉਹਨਾਂ ਨੇ ਚਾਹ ਦੇ ਨੱਕੋ ਨੱਕ ਭਰੇ ਪਿਆਲੇ ਪੀਤੇ ਤੇ ਰੋਟੀ ਖਾਧੀ, ਪਰ ਥਾਲੀ ਵਿਚ ਅਜੇ ਵੀ ਇਕ ਰੋਟੀ ਤੇ ਭੇਡ ਦੇ ਦੁੱਧ ਦੇ ਪਨੀਰ ਦੀ ਇਕ ਟੁਕੜੀ ਬਚ ਗਈ ਸੀ। ਯਰਤੀ ਨੇ ਥਾਲੀ ਵੱਲ ਹੱਥ ਵਧਾਇਆ: ਰੋਟੀ ਬੜੀ ਰੜ੍ਹੀ ਹੋਈ ਤੇ ਗਰਮ ਸੀ।

ਯਰਤੀ ਨੇ ਸੋਚਿਆ: "ਜੇ ਰੋਟੀ ਦੁਪਹਿਰ ਦੇ ਖਾਣੇ ਲਈ ਬਚਾ ਕੇ ਰਖੀ ਜਾਵੇ ਤਾਂ ਇਹ ਸੁੱਕ ਜਾਵੇਗੀ ਤੇ ਏਨੀ ਸਵਾਦੀ ਨਹੀਂ ਰਹੇਗੀ। ਚੰਗਾ ਹੋਵੇ ਜੇ ਇਸ ਨੂੰ ਮੈਂ ਹੁਣੇ ਖਾ ਲਵਾਂ।"

ਪਰ ਮਾਂ ਨੇ ਮੁੰਡੇ ਦੇ ਮੋਢੇ ਉਤੇ ਹੱਥ ਰੱਖਿਆ ਤੇ ਆਖਿਆ:

"ਪੁਤਰ, ਇਹ ਰੋਟੀ ਤੇ ਪਨੀਰ ਦੀ ਟੁਕੜੀ ਖੇਤ ਵਿਚ ਤੇਰੇ ਅੱਬਾ ਲਈ ਲੈ ਚੱਲਾਂਗੇ। ਅੱਜ ਉਹ ਮੂੰਹ–ਹਨੇਰੇ ਹੀ ਖੇਤ ਵਿਚ ਚਲਿਆ ਗਿਆ ਸੀ, ਉਹਨੂੰ ਸ਼ਾਇਦ, ਭੁੱਖ ਲੱਗ ਗਈ ਹੋਵੇ।"

ਇੰਜ ਰੋਟੀ ਤੇ ਪਨੀਰ ਦੀ ਟੁਕੜੀ ਥਾਲੀ ਵਿਚ ਹੀ ਪਈਆਂ ਰਹੀਆਂ।

ਪਰ ਉਸੇ ਵੇਲੇ ਕੰਧ ਪਿਛੋਂ ਲਮਕਵੀਂ ਆਵਾਜ਼ ਆਈ: "ਬੁਰ–ਹਾ–ਹਾ! ਬੁਰ–ਹਾ–ਹਾ!"

ਮਾਂ ਨੇ ਇਹ ਆਵਾਜ਼ ਸੁਣੀ ਤੇ ਉਸ ਦਾ ਰੰਗ ਫੱਕ ਹੋ ਗਿਆ। ਉਹ ਭੁੜਕ ਕੇ ਨਮਦੇ ਤੋਂ ਉੱਠੀ ਅਤੇ ਪਨੀਰ ਸਮੇਤ ਗਰਮ ਰੋਟੀ ਚੁੱਕ ਕੇ ਦਰਵਾਜ਼ੇ ਵੱਲ ਭੱਜੀ।

"ਐਦਜੇ–ਜਾਨ!" ਮੁੰਡੇ ਨੇ ਮਾਂ ਦੇ ਕਮੀਜ਼ ਦਾ ਪੱਲਾ ਫੜ ਲਿਆ। "ਤੁਸੀਂ ਇਹ ਆਖ਼ਰੀ ਰੋਟੀ ਬਾਹਰ ਕਿਉਂ ਲਿਜਾ ਰਹੇ ਹੋ? ਤੁਸੀਂ ਤਾਂ ਇਹ ਪੈਲੀ ਵਿਚ ਲੈ ਕੇ ਜਾਣਾ ਚਾਹੁੰਦੇ ਸੀ!"

ਭੈ–ਭੀਤ ਹੋਈ ਮਾਂ ਨੇ ਫੁਸਰ ਫੁਸਰ ਕੀਤਾ:

"ਚੁੱਪ ਰਹਿ, ਪੁਤਰ। ਇਹ ਜਾਦੂਗਰ ਟਾਹਰਾਂ ਮਾਰ ਰਿਹੈ। ਉਹ ਪੀਰ ਏ ਤੇ ਪੀਰਾਂ ਨੂੰ ਹਮੇਸ਼ਾ ਦਾਨ ਦਿੱਤਾ ਜਾਂਦੈ।"

ਪਰ ਮੁੰਡਾ ਉਸ ਨੂੰ ਜਾਣ ਨਹੀਂ ਦੇ ਰਿਹਾ ਸੀ:

"ਪਰ ਕੀ ਜਾਦੂਗਰ ਕੰਗਾਲ ਏ?"

"ਇਹ ਤੂੰ ਕੀ ਕਹਿ ਰਿਹੈਂ! ਪੀਰ ਕੰਗਾਲ ਨਹੀਂ ਹੁੰਦੇ!"

"ਮਤਲਬ ਇਹ ਹੋਇਆ ਕਿ ਉਹ ਬੁਢੜਾ ਏ?"

"ਨਹੀਂ, ਉਹ ਬੁਢੜਾ ਬਿਲਕੁਲ ਨਹੀਂ।"

"ਤਾਂ ਫਿਰ ਉਹ ਬੀਮਾਰ ਹੋਣੈ?"

"ਤੂੰ ਇਹ ਕਿਵੇਂ ਸੋਚ ਸਕਦੈਂ, ਪੁਤਰਾ? ਪੀਰ ਦੀ ਪਵਿਤਰਤਾ ਉਸ ਨੂੰ ਬੀਮਾਰੀਆਂ ਤੋਂ ਬਚਾਉਂਦੀ ਏ!"

ਇਹ ਜਵਾਬ ਦੇ ਕੇ ਬੁਢੜੀ ਫਾਟਕ ਵੱਲ ਦੌੜਦੀ ਗਈ। ਪਰ ਧਰਤੀ ਬੜਾ ਚੁਸਤ ਸੀ। ਉਹ ਪਹਿਲਾਂ ਹੀ ਫਾਟਕ ਲਾਗੇ ਪਹੁੰਚ ਗਿਆ। ਉਸ ਨੇ ਭੁੜਕ ਕੇ ਫਾਟਕ ਦਾ ਹੋੜਾ ਦੋਹਾਂ ਹੱਥਾਂ ਨਾਲ ਘੁਟ ਕੇ ਫੜ ਲਿਆ।

"ਐਦਜੇ-ਜਾਨ!" ਮੁੰਡੇ ਨੇ ਚੀਂ-ਚੀਂ ਕੀਤਾ। "ਜੇ ਜਾਦੂਗਰ ਤੰਦਰੁਸਤ ਤੇ ਜਵਾਨ ਏ ਤਾਂ ਤੁਸੀਂ ਉਸ ਨੂੰ ਇਹ ਆਖ਼ਰੀ ਰੋਟੀ ਕਿਉਂ ਦੇ ਰਹੇ ਹੋ? ਉਹ ਤੁਹਾਡੇ ਨਾਲੋਂ ਤਗੜਾ ਏ, ਅੱਬਾ ਨਾਲੋਂ ਜਵਾਨ ਏ, ਤੇ ਸਾਡੇ ਤਿੰਨਾਂ ਨਾਲੋਂ ਹੀ ਅਮੀਰ ਏ!"

ਬੁਢੜੀ ਨੂੰ ਗੁੱਸਾ ਚੜ੍ਹ ਗਿਆ:

"ਲੋਕਾਂ ਦਾ ਕਹਿਣੈ: 'ਜੋ ਗਰਜਦੇ ਨੇ, ਉਹ ਬਰਸਦੇ ਨਹੀਂ।' ਤੂੰ ਵੀ ਇਹੋ ਜਿਹਾ ਹੀ ਏਂ, ਮੇਰੇ ਬੱਚੇ, ਤੂੰ ਗੱਲਾਂ ਬੜੀਆਂ ਕਰਦਾ ਏਂ, ਪਰ ਸਮਝਦਾ ਕੁਝ ਵੀ ਨਹੀਂ! ਜਾਦੂਗਰ ਕੋਈ ਮਾਮੂਲੀ ਆਦਮੀ ਨਹੀਂ, ਉਹ ਜਾਦੂਗਰ ਏ! ਉਹਨੂੰ ਨਰਾਜ਼ ਨਹੀਂ ਕਰਨਾ ਚਾਹੀਦੈ। ਜੇ ਉਸ ਨੂੰ ਗੁੱਸਾ ਚੜ੍ਹ ਗਿਆ ਤਾਂ ਸਾਡੇ ਘਰ ਉਤੇ ਬਿਪਤਾ ਆ ਪਵੇਗੀ।"

ਮੁੰਡੇ ਨੂੰ ਗੱਲ ਦੀ ਸਮਝ ਨਾ ਆਈ:

"ਕਿਹੜੀ ਬਿਪਤਾ?"

ਬੁਢੜੀ ਨੇ ਉਸ ਨੂੰ ਸਾਰੀ ਗੱਲ ਸਮਝਾਈ:

"ਜਾਦੂਗਰ ਕੁਝ ਵੀ ਕਰ ਸਕਦੈ: ਉਹ ਇਕ ਲਫ਼ਜ਼ ਮੂੰਹੋਂ ਕੱਢੇਗਾ ਤਾਂ ਸਾਡੇ ਘਰ ਵਿਚ ਦੁਸ਼ਟ ਭੂਤ-ਪਰੇਤਾਂ ਦਾ ਵਾਸਾ ਹੋ ਜਾਵੇਗਾ, ਜੇ ਦੋ ਲਫ਼ਜ਼ ਕੱਢੇਗਾ ਤਾਂ ਅਸੀਂ ਬੀਮਾਰ ਪੈ ਕੇ ਮਰ ਜਾਵਾਂਗੇ—ਤੂੰ ਵੀ, ਮੈਂ ਵੀ, ਤੇ ਬੁੱਢਾ ਬਾਪ ਵੀ! ਉਹ ਸਾਡੇ ਸਾਰੇ ਗੁਆਂਢੀਆਂ ਨਾਲ ਸਾਡਾ ਝਗੜਾ ਕਰਾ ਸਕਦੈ, ਤੇ ਸਾਰੇ ਪਿੰਡ ਵਿਚ ਸਾਡਾ ਕੋਈ ਵੀ ਦੋਸਤ ਨਹੀਂ ਰਹੇਗਾ। ਤੇ ਦੋਸਤਾਂ ਬਿਨਾਂ ਬੰਦਾ ਕਾਹਦੇ ਜੋਗਾ ਹੁੰਦੈ? ਉਹ ਮਾਰੂਥਲ ਵਿਚ ਇਕ ਰੁਖੜੇ ਵਰਗਾ ਹੁੰਦਾ ਏ, ਜਿਸ ਨੂੰ ਦਗਦਾ ਸੂਰਜ ਝੁਲਸਾ ਦਿੰਦਾ ਏ ਤੇ ਉਸ ਨੂੰ ਚੁਮਾਸੇ ਤੋਂ ਬਚਾਉਣ ਵਾਲਾ ਕੋਈ ਵੀ ਨਹੀਂ ਹੁੰਦਾ!"

ਏਨੀ ਗੱਲ ਕਹਿ ਕੇ ਬੁਢੜੀ ਨੇ ਚਾਰੇ ਪਾਸੇ ਥੁੱਕਿਆ ਤਾਂ ਜੋ ਜਾਦੂਗਰ ਉਸ ਦੀਆਂ ਇਹਨਾਂ ਗੱਲਾਂ ਨੂੰ ਨਜ਼ਰ ਨਾ ਲਾ ਦੇਵੇ ਤੇ ਕਿਬੀਤਕਾ ਵਿਚੋਂ ਨਿਕਲ ਗਈ।

ਧਰਤੀ-ਗੁਲਾਕ ਵੀ ਆਪਣੀ ਮਾਂ ਦੇ ਪਿਛੇ ਪਿਛੇ ਦੌੜ ਗਿਆ। ਉਹ ਭੁੜਕ ਕੇ ਕੰਧ ਉਤੇ ਇਹ ਵੇਖਣ ਲਈ ਚੜ੍ਹ ਗਿਆ ਕਿ ਗਲੀ ਵਿਚ ਕੀ ਹੋ ਰਿਹਾ ਸੀ।

ਗਲੀ ਵਿਚ ਇਕ ਬੜਾ ਵੱਡਾ ਹਜੂਮ ਤੁਰਿਆ ਜਾ ਰਿਹਾ ਸੀ। ਹਜੂਮ ਦੇ ਅੱਗੇ ਅੱਗੇ ਇਕ ਹੱਟਾ ਕੱਟਾ ਆਦਮੀ ਸੀ। ਉਸ ਦੀ ਦਾੜ੍ਹੀ ਕਾਲੀ ਸੀ ਤੇ ਉਸ ਨੇ ਊਠ ਦੀ ਉੱਨ ਦਾ ਲੰਮਾ ਚੋਗਾ ਪਾਇਆ ਹੋਇਆ ਸੀ ਜਿਹੜਾ ਜ਼ਮੀਨ ਨੂੰ ਛੂਹ ਰਿਹਾ ਸੀ। ਉਸ ਦੇ ਸਿਰ ਉਤੇ ਵੱਡੀ ਸਾਰੀ ਪਗੜੀ ਸੱਜ ਰਹੀ ਸੀ। ਉਸ ਦੀ ਕਮਰ ਤੇ ਧੌਣ ਦੁਆਲੇ ਲਾਲ ਤੇ ਨੀਲੇ ਰੰਗਾਂ ਦੇ ਧਾਗਿਆਂ ਦੇ ਕਾਲੀਨ ਤੋਂ ਬਣਾਈਆਂ ਫੁਮ੍ਹਣਾਂ ਵਾਲੀਆਂ ਗੁਥਲੀਆਂ ਲਟਕ ਰਹੀਆਂ ਸਨ ਜਿਨ੍ਹਾਂ ਨੂੰ ਤਵੀਤ ਸਮਝਿਆ ਜਾਂਦਾ ਸੀ। ਜ਼ਨਾਨੀਆਂ ਤੇ ਬੱਚੇ ਦੌੜਦੇ ਹੋਏ ਜਾਦੂਗਰ ਕੋਲ ਜਾਂਦੇ ਤੇ ਉਸ ਦੇ ਹੱਥ ਵਿਚ ਦਾਨ ਪਾਉਂਦੇ—ਕੋਈ ਰੋਟੀ, ਕੋਈ ਸੁੱਕੇ ਖ਼ਰਬੂਜ਼ਿਆਂ ਦੀ ਗੱਠ, ਕੋਈ ਕੁਕੜੀ ਤੇ ਕੋਈ ਅੰਗੂਰਾਂ ਦੇ ਗੁੱਛੇ।

ਜਾਦੂਗਰ ਨੇ ਆਪਣੀ ਕਾਲੀ ਦਾੜ੍ਹੀ ਅਸਮਾਨ ਵੱਲ ਚੁੱਕ ਕੇ ਲੰਮੀ ਹੇਕ ਲਾਈ:

"ਹੋ... ਹੋ... ਹੋ! ਮੈਂ ਆਸਮਾਨ ਦੇ ਤਾਰੇ ਗਿਣ ਲੈਂਦਾ ਹਾਂ, ਮੈਂ ਧਰਤੀ ਤੋਂ ਭੂਤਾਂ ਪਰੇਤਾਂ ਦਾ ਅੰਤ

ਕਰਦਾ ਹਾਂ, ਗੁਆਚੀ ਚੀਜ਼ ਜ਼ਮੀਨ ਹੇਠੋਂ ਵੀ ਲੱਭ ਸਕਦਾ ਹਾਂ! ਮੈਂ ਨਜੂਮੀ ਹਾਂ, ਮੈਂ ਜੋਤਸ਼ੀ ਹਾਂ, ਮੈਂ ਬੀਮਾਰੀਆਂ ਦੂਰ ਭਜਾਉਂਦਾ ਹਾਂ!"

ਯਰਤੀ ਨੇ ਵੇਖਿਆ ਕਿ ਉਸ ਦੀ ਰੋਟੀ ਵੀ ਜਾਦੂਗਰ ਦੇ ਵੱਡੇ ਸਾਰੇ ਥੈਲੇ ਵਿਚ ਅਲੋਪ ਹੋ ਗਈ ਸੀ। ਉਸ ਨੇ ਟੂਣੇਹਾਰ ਵੱਲ ਆਪਣਾ ਨਿੱਕਾ ਜਿਹਾ ਘਸੁੰਨ ਉੱਗਰਿਆ ਤੇ ਕੰਧ ਉਤੋਂ ਛਾਲ ਮਾਰ ਕੇ ਹਜੂਮ ਦੇ ਪਿਛੇ ਪਿਛੇ ਦੌੜ ਗਿਆ।

ਗਲੀ ਦੇ ਧੁਰ ਸਿਰੇ ਉਤੇ ਇਕ ਆਦਰਯੋਗ ਤੇ ਮਿਹਨਤੀ ਆਦਮੀ ਬਿਆਸ਼ਿਮ-ਆਗਾ ਰਹਿੰਦਾ ਸੀ।

ਜਦੋਂ ਜਾਦੂਗਰ ਉਸ ਦੇ ਘਰ ਕੋਲ ਗਿਆ ਤਾਂ ਆਪਣੀ ਲੰਮੀ ਸੋਟੀ ਨਾਲ ਦਰਵਾਜ਼ਾ ਖੜਕਾਉਣ ਲੱਗਾ:

"ਓ-ਇ! ਬਿਆਸ਼ਿਮ-ਆਗਾ! ਤੇਰੀ ਕੰਧ ਉਤੇ ਕਾਲੇ ਕਾਂ ਵਰਗੀ ਹੋਣੀ ਬੈਠੀ ਹੋਈ ਏ! ਜੇ ਤੂੰ ਚਾਹੁੰਦੈਂ ਕਿ ਉਹ ਤੇਰੇ ਘਰ ਨਾ ਆਵੇ ਤਾਂ ਹੁਣੇ ਹੀ ਤਿੰਨ ਹਫ਼ਤੇ ਦਾ ਮੇਮਣਾ ਤੇ ਅੱਧੀ ਬੋਰੀ ਜੌਂਆਂ ਦੀ ਮੇਰੇ ਹਵਾਲੇ ਕਰ ਦੇ!"

ਉਸ ਵੇਲੇ ਦਰਵਾਜ਼ਾ ਖੁਲ੍ਹਿਆ ਤੇ ਘਰ ਦਾ ਮਾਲਕ ਆਪ ਮਹਿਮਾਨ ਨੂੰ ਮਿਲਣ ਵਾਸਤੇ ਨਿਕਲਿਆ। ਉਸ ਨੇ ਜਾਦੂਗਰ ਅੱਗੇ ਧੁਰ ਧਰਤੀ ਤਕ ਆਪਣਾ ਸਿਰ ਨਿਵਾਇਆ ਤੇ ਮਹਿਮਾਨ ਨੂੰ ਆਪਣੇ ਵਿਹੜੇ ਵਿਚ ਲੈ ਗਿਆ। ਭੀੜ ਵੀ ਉਹਨਾਂ ਦੇ ਮਗਰ ਹੀ ਧੁਸ ਦੇ ਕੇ ਅੰਦਰ ਚਲੀ ਗਈ ਕਿਉਂਕਿ ਹਰ ਕੋਈ ਵੇਖਣਾ ਚਾਹੁੰਦਾ ਸੀ ਕਿ ਜਾਦੂਗਰ ਪੀਰ ਬਿਆਸ਼ਿਮ-ਆਗਾ ਦੇ ਘਰ ਵਿਚੋਂ ਭੂਤ-ਪਰੇਤ ਕਿਵੇਂ ਕੱਢੇਗਾ। ਯਰਤੀ-ਗੁਲਾਕ ਵੀ ਉੱਥੇ ਪਹੁੰਚਿਆ ਹੋਇਆ ਸੀ।

ਘਰ ਦੇ ਮਾਲਕ ਨੇ ਆਪਣਾ ਸਭ ਤੋਂ ਵਧੀਆ ਗਲੀਚਾ ਵਿਹੜੇ ਵਿਚ ਵਿਛਾ ਦਿੱਤਾ। ਜਾਦੂਗਰ ਭੁੜਕ ਕੇ ਉਸ ਉਤੇ ਹੋ ਗਿਆ, ਹੱਥ ਹਿਲਾਉਣ ਲੱਗਾ ਤੇ ਇਕੋ ਥਾਂ ਉਤੇ ਭੁਆਟਣੀਆਂ ਲੈਣ ਲੱਗਾ। ਉਹ ਪੂਰਾ ਜ਼ੋਰ ਲਾ ਕੇ ਚੀਕਾਂ ਮਾਰੀ ਜਾ ਰਿਹਾ ਸੀ ਤੇ ਨੇਕ ਜਿੰਨਾਂ ਨੂੰ ਸਹਾਇਤਾ ਲਈ ਬੁਲਾ ਰਿਹਾ ਸੀ।

"ਬੁਰ-ਹਾ-ਹਾ-ਹਾ! ਵਾਦੀਆਂ ਵਿਚ ਰਹਿੰਦੀਓ ਮੇਰੀਓ ਰੂਹੋ! ਪਹਾੜਾਂ ਵਿਚ ਉਡਦੀਓ ਮੇਰੀਓ ਪਰੀਓ! ਪਤਾਲ ਵਿਚ ਛਿਪੇ ਹੋਏ ਮੇਰੇ ਦੇਵੋ! ਇਧਰ ਆਵੋ! ਮੇਰੇ ਕੋਲ ਆਵੋ!"

ਉਸ ਦੀਆਂ ਚੀਕਾਂ ਹੋਰ ਉੱਚੀਆਂ ਤੇ ਭੁਆਟਣੀਆਂ ਹੋਰ ਤੇਜ਼ ਹੁੰਦੀਆਂ ਜਾ ਰਹੀਆਂ ਸਨ। ਉਸ ਨੇ ਚੀਕਾਂ ਮਾਰ ਮਾਰ ਕੇ ਲੋਕਾਂ ਨੂੰ ਏਨਾ ਡਰਾ ਦਿੱਤਾ ਸੀ ਕਿ ਕਈ ਤਾਂ ਵਿਹੜੇ ਵਿਚੋਂ ਦੌੜ ਗਏ ਅਤੇ ਜਿਹੜੇ ਉਥੇ ਰਹਿ ਗਏ ਸਨ ਉਹਨਾਂ ਨੂੰ ਡਰ ਨਾਲ ਕਾਠ ਵੱਜ ਗਿਆ ਸੀ।

"ਗੋਡਿਆਂ ਭਾਰ ਹੋ ਜਾਓ!" ਜਾਦੂਗਰ ਨੇ ਡਰਾਉਣੀ ਆਵਾਜ਼ ਵਿਚ ਚੀਕ ਮਾਰੀ ਤੇ ਹੱਥ ਸਿਰ ਉਤੇ ਕਰ ਲਏ। "ਅੱਖਾਂ ਬੰਦ ਕਰ ਲਵੋ! ਜਿੰਨ ਇਥੇ ਨੇ! ਮੈਂ ਉਹਨਾਂ ਨੂੰ ਵੇਖ ਰਿਹਾਂ, ਉਹ ਨੇੜੇ ਆਉਂਦੇ ਜਾ ਰਹੇ ਨੇ!"

ਲੋਕ ਗੋਡਿਆਂ ਦੇ ਭਾਰ ਹੋ ਗਏ ਤੇ ਅੱਖਾਂ ਮੁੰਗੇੜ ਲਈਆਂ ਪਰ ਯਰਤੀ-ਗੁਲਾਕ ਨੇ ਅੱਖਾਂ ਨਹੀਂ ਮੁੰਗੇੜੀਆਂ, ਉਹ ਅੱਖਾਂ ਖੁਲ੍ਹੀਆਂ ਰਖ ਕੇ ਵੇਖਦਾ ਰਿਹਾ ਕਿਉਂਕਿ ਨੇਕ ਜਿੰਨਾਂ ਦੇ ਦਰਸ਼ਨ ਕਰਨ ਦੀ ਉਸ ਦੀ ਇੱਛਾ ਬੜੀ ਹੀ ਪ੍ਰਬਲ ਸੀ, ਜਿਹੜੇ ਹੁਣ ਬਦਰੂਹਾਂ ਨਾਲ ਭਿੜਨਗੇ ਜਿਹੜੀਆਂ ਬਿਨਾਂ ਪੁੱਛਿਆਂ ਆਦਰਯੋਗ ਬਿਆਸ਼ਿਮ ਦੇ ਘਰ ਆ ਵੜੀਆਂ ਸਨ।

"ਤੂੰ ਇਥੇ ਏਂ, ਮੇਰੇ ਸਾਮ੍ਹਣੇ ਏਂ, ਹੇ ਸਰਵਸ਼ਕਤੀਮਾਨ ਜਿੰਨ!" ਜਾਦੂਗਰ ਸਾਰੇ ਵਿਹੜੇ ਵਿਚ ਰੌਲਾ ਪਾ ਰਿਹਾ ਸੀ। "ਤੂੰ ਇਕੋ ਹੱਥ ਨਾਲ ਪਹਾੜ ਉਠਾ ਲਏਂ, ਇਕ ਉਂਗਲ ਨਾਲ ਬੰਦਾ ਮਾਰ ਦਏਂ!"

ਲੋਕ ਜ਼ਮੀਨ ਉਤੇ ਲੇਟੇ ਹੋਏ ਸਨ ਅਤੇ ਭਿਆਨਕ ਜਿੰਨ ਵੱਲ ਅੱਖਾਂ ਚੁੱਕ ਕੇ ਵੇਖਣ ਤੋਂ ਵੀ ਡਰ ਰਹੇ

ਕਰਦਾ ਹਾਂ, ਗੁਆਚੀ ਚੀਜ਼ ਜ਼ਮੀਨ ਹੇਠੋਂ ਵੀ ਲੱਭ ਸਕਦਾ ਹਾਂ! ਮੈਂ ਨਜੂਮੀ ਹਾਂ, ਮੈਂ ਜੋਤਸ਼ੀ ਹਾਂ, ਮੈਂ ਬੀਮਾਰੀਆਂ ਦੂਰ ਭਜਾਉਂਦਾ ਹਾਂ!"

ਯਰਤੀ ਨੇ ਵੇਖਿਆ ਕਿ ਉਸ ਦੀ ਰੋਟੀ ਵੀ ਜਾਦੂਗਰ ਦੇ ਵੱਡੇ ਸਾਰੇ ਥੈਲੇ ਵਿਚ ਅਲੋਪ ਹੋ ਗਈ ਸੀ। ਉਸ ਨੇ ਟੂਣੇਹਾਰ ਵੱਲ ਆਪਣਾ ਨਿੱਕਾ ਜਿਹਾ ਘਸੁੰਨ ਉੱਗਰਿਆ ਤੇ ਕੰਧ ਉਤੋਂ ਛਾਲ ਮਾਰ ਕੇ ਹਜੂਮ ਦੇ ਪਿਛੇ ਪਿਛੇ ਦੌੜ ਗਿਆ।

ਗਲੀ ਦੇ ਧੁਰ ਸਿਰੇ ਉਤੇ ਇਕ ਆਦਰਯੋਗ ਤੇ ਮਿਹਨਤੀ ਆਦਮੀ ਬਿਆਸ਼ਿਮ–ਆਗਾ ਰਹਿੰਦਾ ਸੀ।

ਜਦੋਂ ਜਾਦੂਗਰ ਉਸ ਦੇ ਘਰ ਕੋਲ ਗਿਆ ਤਾਂ ਆਪਣੀ ਲੰਮੀ ਸੋਟੀ ਨਾਲ ਦਰਵਾਜ਼ਾ ਖੜਕਾਉਣ ਲੱਗਾ:

"ਓ–ਇ! ਬਿਆਸ਼ਿਮ–ਆਗਾ! ਤੇਰੀ ਕੰਧ ਉਤੇ ਕਾਲੇ ਕਾਂ ਵਰਗੀ ਹੋਣੀ ਬੈਠੀ ਹੋਈ ਏ! ਜੇ ਤੂੰ ਚਾਹੁੰਦੈਂ ਕਿ ਉਹ ਤੇਰੇ ਘਰ ਨਾ ਆਵੇ ਤਾਂ ਹੁਣੇ ਹੀ ਤਿੰਨ ਹਫਤੇ ਦਾ ਮੇਮਣਾ ਤੇ ਅੱਧੀ ਬੋਰੀ ਜੌਆਂ ਦੀ ਮੇਰੇ ਹਵਾਲੇ ਕਰ ਦੇ!"

ਉਸ ਵੇਲੇ ਦਰਵਾਜ਼ਾ ਖੁਲ੍ਹਿਆ ਤੇ ਘਰ ਦਾ ਮਾਲਕ ਆਪ ਮਹਿਮਾਨ ਨੂੰ ਮਿਲਣ ਵਾਸਤੇ ਨਿਕਲਿਆ। ਉਸ ਨੇ ਜਾਦੂਗਰ ਅੱਗੇ ਧੁਰ ਧਰਤੀ ਤਕ ਆਪਣਾ ਸਿਰ ਨਿਵਾਇਆ ਤੇ ਮਹਿਮਾਨ ਨੂੰ ਆਪਣੇ ਵਿਹੜੇ ਵਿਚ ਲੈ ਗਿਆ। ਭੀੜ ਵੀ ਉਹਨਾਂ ਦੇ ਮਗਰ ਹੀ ਧੁਸ ਦੇ ਕੇ ਅੰਦਰ ਚਲੀ ਗਈ ਕਿਉਂਕਿ ਹਰ ਕੋਈ ਵੇਖਣਾ ਚਾਹੁੰਦਾ ਸੀ ਕਿ ਜਾਦੂਗਰ ਪੀਰ ਬਿਆਸ਼ਿਮ–ਆਗਾ ਦੇ ਘਰ ਵਿਚੋਂ ਭੂਤ–ਪਰੇਤ ਕਿਵੇਂ ਕੱਢੇਗਾ। ਯਰਤੀ–ਗੁਲਾਕ ਵੀ ਉੱਥੇ ਪਹੁੰਚਿਆ ਹੋਇਆ ਸੀ।

ਘਰ ਦੇ ਮਾਲਕ ਨੇ ਆਪਣਾ ਸਭ ਤੋਂ ਵਧੀਆ ਗਲੀਚਾ ਵਿਹੜੇ ਵਿਚ ਵਿਛਾ ਦਿੱਤਾ। ਜਾਦੂਗਰ ਭੁੜਕ ਕੇ ਉਸ ਉਤੇ ਹੋ ਗਿਆ, ਹੱਥ ਹਿਲਾਉਣ ਲੱਗਾ ਤੇ ਇਕੋ ਥਾਂ ਉਤੇ ਭੁਆਟਣੀਆਂ ਲੈਣ ਲੱਗਾ। ਉਹ ਪੂਰਾ ਜ਼ੋਰ ਲਾ ਕੇ ਚੀਕਾਂ ਮਾਰੀ ਜਾ ਰਿਹਾ ਸੀ ਤੇ ਨੇਕ ਜਿੰਨਾਂ ਨੂੰ ਸਹਾਇਤਾ ਲਈ ਬੁਲਾ ਰਿਹਾ ਸੀ।

"ਬੁਰ–ਹਾ–ਹਾ–ਹਾ! ਵਾਦੀਆਂ ਵਿਚ ਰਹਿੰਦੀਓ ਮੇਰੀਓ ਰੂਹੋ! ਪਹਾੜਾਂ ਵਿਚ ਉਡਦੀਓ ਮੇਰੀਓ ਪਰੀਓ! ਪਤਾਲ ਵਿਚ ਛਿਪੇ ਹੋਏ ਮੇਰੇ ਦੇਵੋ! ਇਧਰ ਆਵੋ! ਮੇਰੇ ਕੋਲ ਆਵੋ!"

ਉਸ ਦੀਆਂ ਚੀਕਾਂ ਹੋਰ ਉੱਚੀਆਂ ਤੇ ਭੁਆਟਣੀਆਂ ਹੋਰ ਤੇਜ਼ ਹੁੰਦੀਆਂ ਜਾ ਰਹੀਆਂ ਸਨ। ਉਸ ਨੇ ਚੀਕਾਂ ਮਾਰ ਮਾਰ ਕੇ ਲੋਕਾਂ ਨੂੰ ਏਨਾ ਡਰਾ ਦਿੱਤਾ ਸੀ ਕਿ ਕਈ ਤਾਂ ਵਿਹੜੇ ਵਿਚੋਂ ਦੌੜ ਗਏ ਅਤੇ ਜਿਹੜੇ ਉਥੇ ਰਹਿ ਗਏ ਸਨ ਉਹਨਾਂ ਨੂੰ ਡਰ ਨਾਲ ਕਾਠ ਵੱਜ ਗਿਆ ਸੀ।

"ਗੋਡਿਆਂ ਭਾਰ ਹੋ ਜਾਓ!" ਜਾਦੂਗਰ ਨੇ ਡਰਾਉਣੀ ਆਵਾਜ਼ ਵਿਚ ਚੀਕ ਮਾਰੀ ਤੇ ਹੱਥ ਸਿਰ ਉਤੇ ਕਰ ਲਏ। "ਅੱਖਾਂ ਬੰਦ ਕਰ ਲਵੋ! ਜਿੰਨ ਇਥੇ ਨੇ! ਮੈਂ ਉਹਨਾਂ ਨੂੰ ਵੇਖ ਰਿਹਾਂ, ਉਹ ਨੇੜੇ ਆਉਂਦੇ ਜਾ ਰਹੇ ਨੇ!"

ਲੋਕ ਗੋਡਿਆਂ ਦੇ ਭਾਰ ਹੋ ਗਏ ਤੇ ਅੱਖਾਂ ਮੁੰਗੇੜ ਲਈਆਂ ਪਰ ਯਰਤੀ–ਗੁਲਾਕ ਨੇ ਅੱਖਾਂ ਨਹੀਂ ਮੁੰਗੇੜੀਆਂ, ਉਹ ਅੱਖਾਂ ਖੁਲ੍ਹੀਆਂ ਰਖ ਕੇ ਵੇਖਦਾ ਰਿਹਾ ਕਿਉਂਕਿ ਨੇਕ ਜਿੰਨਾਂ ਦੇ ਦਰਸ਼ਨ ਕਰਨ ਦੀ ਉਸ ਦੀ ਇੱਛਾ ਬੜੀ ਹੀ ਪ੍ਰਬਲ ਸੀ, ਜਿਹੜੇ ਹੁਣ ਬਦਰੂਹਾਂ ਨਾਲ ਭਿੜਨਗੇ ਜਿਹੜੀਆਂ ਬਿਨਾਂ ਪੁੱਛਿਆਂ ਆਦਰਯੋਗ ਬਿਆਸ਼ਿਮ ਦੇ ਘਰ ਆ ਵੜੀਆਂ ਸਨ।

"ਤੂੰ ਇਥੇ ਏਂ, ਮੇਰੇ ਸਾਮ੍ਹਣੇ ਏਂ, ਹੇ ਸਰਵਸ਼ਕਤੀਮਾਨ ਜਿੰਨ!" ਜਾਦੂਗਰ ਸਾਰੇ ਵਿਹੜੇ ਵਿਚ ਰੌਲਾ ਪਾ ਰਿਹਾ ਸੀ। "ਤੂੰ ਇਕੋ ਹੱਥ ਨਾਲ ਪਹਾੜ ਉਠਾ ਲਏਂ, ਇਕ ਉਂਗਲ ਨਾਲ ਬੰਦਾ ਮਾਰ ਦਏਂ!"

ਲੋਕ ਜ਼ਮੀਨ ਉਤੇ ਲੇਟੇ ਹੋਏ ਸਨ ਅਤੇ ਭਿਆਨਕ ਜਿੰਨ ਵੱਲ ਅੱਖਾਂ ਚੁੱਕ ਕੇ ਵੇਖਣ ਤੋਂ ਵੀ ਡਰ ਰਹੇ

ਸਨ, ਪਰ ਧਰਤੀ–ਗੁਲਾਕ ਨੇ ਬੜੇ ਧਿਆਨ ਨਾਲ ਵੇਖਿਆ। ਉਥੇ ਕੁਝ ਵੀ ਵਿਖਾਈ ਨਾ ਦਿੱਤਾ, ਹਾਲਾਂਕਿ ਉਹ ਜਾਦੂਗਰ ਦੀ ਪਗੜੀ ਉਤੇ ਬੈਠਾ ਹੋਇਆ ਸੀ।

"ਹੁਣ ਤੁਹਾਨੂੰ ਸੁਣਾਈ ਦੇਵੇਗਾ..." ਜਾਦੂਗਰ ਨੇ ਲੋਕਾਂ ਨੂੰ ਡਰਾਉਣਾ ਜਾਰੀ ਰਖਿਆ, ਪਰ ਉਸੇ ਪੱਲ ਉਸ ਦੀ ਪਗੜੀ ਤੋਂ ਤਿੱਖੀ, ਕੰਨਪਾੜਵੀਂ ਆਵਾਜ਼ ਆਈ:

"ਇਥੇ ਕੋਈ ਜਿੰਨ ਨਹੀਂ ਏ! ਇਸ ਗੁਸਤਾਖ਼ ਜਾਦੂਗਰ ਦਾ ਇਤਬਾਰ ਨਾ ਕਰੋ! ਉਹ ਝੂਠਾ ਤੇ ਠੱਗ ਏ!"

ਸਾਰੇ ਲੋਕ ਗੋਡਿਆਂ ਦੇ ਭਾਰ ਖੜੇ ਹੋ ਗਏ ਅਤੇ ਉਹਨਾਂ ਨੇ ਵੇਖਿਆ ਕਿ ਸਚਮੁੱਚ ਹੀ ਉਥੇ ਕੋਈ ਜਿੰਨ ਨਹੀਂ ਸੀ। ਜਾਦੂਗਰ ਦੇ ਹੱਥਾਂ ਦੇ ਤੋਤੇ ਉੱਡ ਗਏ। ਉਹ ਏਨਾ ਬੁਰੀ ਤਰ੍ਹਾਂ ਡਰ ਗਿਆ ਕਿ ਕੁਝ ਕਹੇ ਬਿਨਾਂ ਆਪਣਾ ਥੈਲਾ ਫੜ ਕੇ ਵਿਹੜੇ ਵਿਚੋਂ ਪੱਤਾ ਵਾਚ ਗਿਆ।

ਉਹ ਗਲੀ ਵਿਚ ਦੌੜਿਆ ਜਾ ਰਿਹਾ ਸੀ ਤੇ ਕੰਨਾਂ ਉਤੇ ਹੱਥ ਧਰੇ ਹੋਏ ਸਨ, ਪਰ ਫਿਰ ਵੀ ਉਸ ਨੂੰ ਲੋਕਾਂ ਦਾ ਰੌਲਾ ਸੁਣਾਈ ਦੇ ਰਿਹਾ ਸੀ:

"ਝੂਠਾ ਤੇ ਠੱਗ! ਇਥੇ ਕੋਈ ਜਿੰਨ ਹੈ ਨਹੀਂ!"

ਲੋਕਾਂ ਨੂੰ ਰੌਲਾ ਪਾਈ ਜਾਣ ਦਿੰਦੇ ਹਾਂ ਤੇ ਆਪ ਅਸੀਂ ਚਲ ਕੇ ਵੇਖਦੇ ਹਾਂ ਕਿ ਜਾਦੂਗਰ ਨਾਲ ਅੱਗੋਂ ਕੀ ਵਾਪਰਿਆ!

ਜਾਦੂਗਰ ਦੀ ਸਮਝ ਵਿਚ ਕੁਝ ਨਹੀਂ ਆ ਰਿਹਾ ਸੀ। ਜੇ ਇਹ ਗੱਲ ਉਸ ਦੇ ਦੁਸ਼ਮਣ ਨੇ ਆਖੀ ਹੁੰਦੀ ਤਾਂ ਉਹ ਉਸ ਨੂੰ ਵੇਖ ਸਕਦਾ ਸੀ। ਪਰ ਆਵਾਜ਼ ਨਾ ਤਾਂ ਵਿਹੜੇ ਵੱਲੋਂ ਤੇ ਨਾ ਹੀ ਗਲੀ ਵੱਲੋਂ, ਸਗੋਂ ਉਸ ਦੀ ਆਪਣੀ ਪਗੜੀ ਵੱਲੋਂ ਆਈ ਸੀ।

ਜਦੋਂ ਜਾਦੂਗਰ ਬਿਆਸ਼ਿਮ–ਆਗਾ ਦੇ ਘਰ ਤੋਂ ਦੂਰ ਜਾ ਚੁੱਕਾ ਸੀ ਤਾਂ ਉਹ ਰੁਕ ਗਿਆ ਤਾਂ ਜੋ ਤੇਜ਼ ਤੇਜ਼ ਦੌੜਨ ਮਗਰੋਂ ਸਾਹ ਲਿਆ ਜਾ ਸਕੇ, ਪਰ ਅਚਾਨਕ ਉਹੀ ਆਵਾਜ਼ ਉਸ ਦੀ ਦਾੜ੍ਹੀ ਵਿਚੋਂ ਆਈ:

"ਝੂਠਿਆ, ਫਰੇਬੀਆ, ਜੋ ਕੁਝ ਵੀ ਤੂੰ ਠੱਗਿਆ ਈ, ਵਾਪਸ ਕਰ ਦੇ!"

ਜਾਦੂਗਰ ਇੰਜ ਭੁੜਕਿਆ ਜਿਵੇਂ ਉਸ ਨੂੰ ਠੂੰਹੇਂ ਨੇ ਜਾਂ ਜ਼ਹਿਰੀਲੇ ਸੱਪ ਨੇ ਡੰਗ ਲਿਆ ਹੋਵੇ, ਤੇ ਆਪਣੇ ਘਰ ਵੱਲ ਤੀਰ ਹੋ ਗਿਆ। ਉਹ ਦੌੜਦਾ ਹੋਇਆ ਆਪਣੇ ਕਿਬੀਤਕਾ ਵਿਚ ਪਹੁੰਚ ਗਿਆ ਤੇ ਸਾਹਸਤ–ਹੀਣ ਹੋਇਆ ਗਲੀਚੇ ਉਤੇ ਡਿਗ ਪਿਆ।

ਪਰ ਘਰ ਵਿਚ ਵੀ ਉਸ ਦੁਸ਼ਟ ਨੂੰ ਚੈਨ ਨਸੀਬ ਨਾ ਹੋਇਆ। ਦੁਪਹਿਰ ਦੇ ਖਾਣੇ ਦਾ ਵੇਲਾ ਹੋ ਗਿਆ ਸੀ।

ਉਸ ਦੀ ਪਤਨੀ ਨੇ ਤਰ ਪਲਾਓ ਦਾ ਇਕ ਵੱਡਾ ਸਾਰਾ ਕਟੋਰਾ ਉਸ ਦੇ ਅੱਗੇ ਲਿਆ ਰਖਿਆ: ਚੌਲਾਂ ਉਤੇ ਕੁਕੜੀ ਦੇ ਮਾਸ ਦੀਆਂ ਬੋਟੀਆਂ ਸਨ ਤੇ ਪਿਆਜ ਦੀਆਂ ਹਰੀਆਂ ਭੂਕਾਂ ਭੁੱਖ ਚਮਕਾ ਰਹੀਆਂ ਸਨ। ਚਿੱਟੀਆਂ ਸਵਾਦੀ ਰੋਟੀਆਂ ਘਿਓ ਨਾਲ ਚੋਪੜੀਆਂ ਹੋਣ ਕਰਕੇ ਲਿਸ਼ਕ ਰਹੀਆਂ ਸਨ। ਮੇਮਣੇ ਦੇ ਮਾਸ ਦੀ ਇਹੋ ਜਿਹੀ ਤਰੀ ਧਰਤੀ–ਗੁਲਾਕ ਨੇ ਪਹਿਲਾਂ ਕਦੀ ਵੀ ਨਹੀਂ ਡਿੱਠੀ ਸੀ। ਤਰੀ ਨਾਲ ਭਰੇ ਪਤੀਲੇ ਦੇ ਲਾਗੇ ਹੀ ਇਕ ਥਾਲੀ ਵਿਚ ਮਾਸ ਦੀਆਂ ਬੋਟੀਆਂ ਪਈਆਂ ਹੋਈਆਂ ਸਨ ਜਿਨ੍ਹਾਂ ਉਤੇ ਲਸਣ ਤੇ ਗਾਜਰਾਂ ਦੀ ਚਟਣੀ ਲੱਗੀ ਹੋਈ ਸੀ ਅਤੇ ਇਸ ਸਭ ਦੇ ਉਤੇ ਖਜੂਰਾਂ ਲਿਸ਼ਕ ਰਹੀਆਂ ਸਨ।

ਜਾਦੂਗਰ ਦੇ ਮੂੰਹ ਵਿਚ ਪਾਣੀ ਭਰ ਆਇਆ।

ਉਸ ਨੇ ਸਵੇਰ ਦਾ ਕੁਝ ਨਹੀਂ ਖਾਧਾ ਸੀ ਤੇ ਹੁਣ ਉਸ ਨੂੰ ਭੁੱਖ ਨੇ ਡਾਢਾ ਸਤਾਇਆ ਹੋਇਆ ਸੀ। ਪਰ

ਉਸ ਨੇ ਚੌਲਾਂ ਦੀ ਅਜੇ ਬੁਰਕੀ ਵੀ ਨਹੀਂ ਭਰੀ ਸੀ ਕਿ ਦਸਤਰਖ਼ਾਨ ਹੇਠੋਂ ਆਵਾਜ਼ ਆਈ:

"ਖਲੋਈਂ! ਪਰਾਇਆ ਮਾਲ ਹੁਣੇ ਵਾਪਸ ਕਰ ਦੇ, ਡਾਕੂਆ! ਨਹੀਂ ਤਾਂ ਬੁਰਕੀ ਤੇਰੇ ਸੰਘ ਵਿਚ ਫਸ ਜਾਣੀ ਏ!"

ਜਾਦੂਗਰ ਨੇ ਥਾਲ ਨੂੰ ਪਰ੍ਹਾਂ ਧੱਕਿਆ ਤੇ ਬਿਸਤਰੇ ਉਤੇ ਜਾ ਪਿਆ।

ਪਰ ਸੁੱਤਿਆਂ ਵੀ ਉਸ ਨੂੰ ਰਤਾ ਚੈਨ ਨਾ ਮਿਲਿਆ। ਅਜੇ ਉਸ ਦੀ ਅੱਖ ਲੱਗੀ ਹੀ ਸੀ ਕਿ ਜ਼ਿੱਦੀ ਆਵਾਜ਼ ਨੇ ਉਸ ਦੇ ਕੰਨ ਦੇ ਐਨ ਹੇਠਾਂ ਭਿਣ ਭਿਣ ਕੀਤਾ:

"ਵਾਪਸ ਕਰ ਦੇ, ਵਾਪਸ ਕਰ ਦੇ, ਜੋ ਕੁਝ ਵੀ ਲੋਕਾਂ ਕੋਲੋਂ ਲੁੱਟਿਆ ਈ, ਬੇਸ਼ਰਮਾ, ਵਾਪਸ ਕਰ ਦੇ!"

ਜਾਦੂਗਰ ਨੇ ਕੰਬਲ ਫੜਿਆ ਤੇ ਉਸ ਵਿਚ ਆਪਣਾ ਸਿਰ ਲੁਕਾ ਲਿਆ। ਪਰ ਇਸ ਦਾ ਵੀ ਕੋਈ ਲਾਭ ਨਾ ਹੋਇਆ। ਕਿਸੇ ਨੇ ਉਸ ਦੀ ਦਾੜ੍ਹੀ ਨੂੰ ਖਿੱਚਿਆ:

"ਉੱਠ ਜਾਗ! ਜੇ ਤੂੰ ਲੁੱਟ ਦਾ ਮਾਲ ਵਾਪਸ ਨਾ ਕੀਤਾ ਤਾਂ ਮੈਂ ਤੇਰਾ ਬੂਥਾ ਐਸਾ ਭੰਨਾਂਗਾ ਕਿ ਪਿੰਡ ਵਿਚ ਮੂੰਹ ਵਿਖਾਉਣ ਜੋਗਾ ਨਹੀਂ ਰਹੇਂਗਾ!"

ਜਾਦੂਗਰ ਤ੍ਰਬਕ ਦੇ ਉਠਿਆ। ਉਹ ਘਰ ਵਿਚੋਂ ਦੌੜ ਜਾਣਾ ਚਾਹੁੰਦਾ ਸੀ। ਉਸ ਨੇ ਆਪਣੇ ਲੰਮੇ ਬੂਟ ਫੜਨੇ ਚਾਹੇ ਪਰ ਇਕ ਬੂਟ ਆਪ ਹੀ ਬੁੜ੍ਹਕਣ ਤੇ ਹੱਸਣ ਲੱਗ ਪਿਆ। ਉਹ ਆਪਣਾ ਚੋਲਾ ਗਲ ਪਾਉਣਾ ਚਾਹੁੰਦਾ ਸੀ ਪਰ ਚੋਲਾ ਉਸ ਦੇ ਹੱਥਾਂ ਵਿਚੋ ਇੰਜ ਤਿਲਕ ਗਿਆ ਜਿਵੇਂ ਸੱਪ ਤਿਲਕਦਾ ਹੈ। ਜਾਦੂਗਰ ਦਾ ਰੋਣ ਨਿਕਲ ਗਿਆ।

"ਰੋ, ਭਾਵੇਂ ਨਾ ਰੋ, ਤੈਨੂੰ ਪਸ਼ਚਾਤਾਪ ਕਰਨਾ ਹੀ ਪੈਣਾ ਏ, ਨਹੀਂ ਤਾਂ ਇਸ ਤੋਂ ਵੀ ਬੁਰਾ ਹਸ਼ਰ ਹੋਵੇਗਾ!" ਜਾਦੂਗਰ ਦੀ ਬਗ਼ਲ ਵਿਚੋਂ ਆਵਾਜ਼ ਆਈ। ਜਾਦੂਗਰ ਨੇ ਆਪਣੇ ਕੰਨਾਂ ਵਿਚ ਉਂਗਲਾਂ ਦੇ ਲਈਆਂ ਤੇ ਵਿਹੜੇ ਵਿਚ ਜਾ ਨਿਕਲਿਆ।

ਪਰ ਜਾਦੂਗਰ ਦੇ ਵਿਹੜੇ ਵਿਚ ਕਿਸਾਨ ਕੰਮ ਕਰ ਰਹੇ ਸਨ। ਉਸ ਪਿੰਡ ਵਿਚ ਇਕ ਰਿਵਾਜ ਸੀ ਕਿ ਆਪ ਜਾਦੂਗਰ ਤੀਲਾ ਭੰਨ ਕੇ ਦੂਹਰਾ ਨਹੀਂ ਕਰਦਾ ਸੀ, ਜਦਕਿ ਹਰ ਸਵੇਰ ਕਿਸਾਨ ਉਸ ਦਾ ਕੰਮ ਕਰਨ ਆਇਆ ਕਰਦੇ ਸਨ। ਉਸ ਦਿਨ ਉਹ ਛੱਤ ਉਤੇ ਕਿਸ਼ਮਿਸ਼ ਸੁਕਾਉਣ ਲਈ ਖਿਲਾਰ ਰਹੇ ਸਨ। ਆਪਣੇ ਮਾਲਕ ਨੂੰ ਵੇਖ ਕੇ ਉਹ ਉੱਚੀ ਉੱਚੀ ਹੱਸਣ ਲੱਗੇ:

"ਨਿਕੰਮਿਓਂ! ਹੱਸੀ ਕੀ ਜਾਂਦੇ ਹੋ?!" ਜਾਦੂਗਰ ਸੜ ਬਲ ਕੇ ਕੋਲਾ ਹੋ ਗਿਆ।

ਪਰ ਕਿਸਾਨ ਹੋਰ ਵੀ ਉੱਚੀ ਉੱਚੀ ਹੱਸਣ ਲੱਗੇ। ਜਾਦੂਗਰ ਉਹਨਾਂ ਨੂੰ ਗਾਲ੍ਹਾਂ ਕੱਢਣ ਲੱਗ ਪਿਆ। ਇਹ ਰੌਲਾ ਗੌਲਾ ਸੁਣ ਕੇ ਉਸ ਦੀ ਪਤਨੀ ਅੰਦਰੋਂ ਦੌੜੀ ਆਈ ਤੇ ਹੱਥ ਉਤੇ ਹੱਥ ਮਾਰ ਕੇ ਆਖਣ ਲੱਗੀ:

"ਆਪਣੀ ਬੇਇਜ਼ਤੀ ਨਾ ਕਰ, ਮਾਲਕ! ਆਪਣੀ ਦਾੜ੍ਹੀ ਵੱਲ ਵੇਖ ਕਿ ਉਹ ਕਿਹੋ ਜਿਹੀ ਏ?!"

ਜਾਦੂਗਰ ਨੇ ਆਪਣੀ ਦਾੜ੍ਹੀ ਫੜਨੀ ਚਾਹੀ, ਪਰ ਉਹ ਫੜ ਨਾ ਸਕਿਆ ਕਿਉਂਕਿ ਅੱਧੀ ਦਾੜ੍ਹੀ ਤਾਂ ਕੱਟੀ ਪਈ ਸੀ।

"ਹਾਇ ਓਇ!" ਜਾਦੂਗਰ ਕੁਰਲਾ ਉਠਿਆ। "ਮੈਂ ਸਾਰੀ ਜ਼ਿੰਦਗੀ ਕਿਸਾਨਾਂ ਨੂੰ ਦੁਸ਼ਟ ਜਿੰਨਾਂ ਦਾ ਡਰ ਦਿੰਦਾ ਰਿਹਾ, ਪਰ ਮੈਂ ਆਪ ਉਹਨਾਂ ਦੀ ਹੋਂਦ ਵਿਚ ਕਦੀ ਵੀ ਵਿਸ਼ਵਾਸ ਨਹੀਂ ਕਰਦਾ ਸਾਂ। ਅੱਜ ਮੈਂ ਵੇਖਦਾ ਹਾਂ ਕਿ ਬਦਰੂਹਾਂ ਮੇਰੇ ਆਪਣੇ ਘਰ ਵਿਚ ਆ ਵੱਸੀਆਂ ਨੇ!"

ਉਹ ਢਹਿ ਕੇ ਕਿਸਾਨਾਂ ਦੇ ਪੈਰੀਂ ਪੈ ਗਿਆ ਤੇ ਉਹਨਾਂ ਨਾਲ ਵਾਅਦਾ ਕੀਤਾ ਕਿ ਅਗੇ ਤੋਂ ਕਦੀ ਵੀ

ਲੋਕਾਂ ਨਾਲ ਠੱਗੀਆਂ ਨਹੀਂ ਕਰੇਗਾ ਤੇ ਗਰੀਬ ਲੋਕਾਂ ਨੂੰ ਸਭ ਕੁਝ ਵਾਪਸ ਕਰ ਦਏਗਾ ਜੋ ਕੁਝ ਉਹ ਪਿਛਲੇ ਕਈ ਸਾਲਾਂ ਤੋਂ ਲੁਟਦਾ ਆ ਰਿਹਾ ਸੀ। ਉਸ ਦੀ ਇਕੋ ਇਕ ਇੱਛਾ ਇਹ ਸੀ ਕਿ ਜਿੰਨ ਉਸ ਨੂੰ ਤੰਗ ਨਾ ਕਰਨ।

ਚੁਸਤ ਚਲਾਕ ਧਰਤੀ ਅਛੋਪਲੇ ਜਿਹੇ ਜਾਦੂਗਰ ਦੇ ਘਰ ਵਿਚੋਂ ਨਿਕਲ ਗਿਆ ਤੇ ਬਿਨਾਂ ਕਿਸੇ ਕਾਹਲੀ ਦੇ ਆਪਣੇ ਘਰ ਵੱਲ ਤੁਰ ਪਿਆ। ਰਾਹ ਵਿਚ ਉਹ ਗਾ ਰਿਹਾ ਸੀ:

ਮੈਂ ਨਿੱਕਾ ਹਾਂ, ਪਰ ਤਿੱਖਾ ਹਾਂ,
ਮੈਂ ਸਾਰਿਆਂ ਨਾਲੋਂ ਛੁਹਲਾ ਹਾਂ!

ਉਹ ਅਜੇ ਆਪਣੇ ਘਰ ਅੰਦਰ ਵੜਿਆ ਹੀ ਸੀ ਅਤੇ ਆਪਣਾ ਗੀਤ ਅਜੇ ਮੁਕਾਇਆ ਵੀ ਨਹੀਂ ਸੀ ਕਿ ਕਿਸੇ ਨੇ ਦਰਵਾਜ਼ਾ ਖੜਕਾਇਆ।

ਮਾਂ ਨੇ ਦਰਵਾਜ਼ਾ ਖੋਲ੍ਹਿਆ।

"ਲੈ ਮਾਲਕਣੇ, ਆਪਣੀ ਰੋਟੀ ਵਾਪਸ ਲੈ ਲੈ!" ਦਰਵਾਜ਼ੇ ਪਿਛੋਂ ਸੋਗੀ ਜਿਹੀ ਆਵਾਜ਼ ਆਈ। "ਚੰਗੇ ਤੇ ਮੰਦੇ—ਸਾਰੇ ਭੂਤਾਂ ਪਰੇਤਾਂ ਦੇ ਬਦਲੇ ਲੈ ਲੈ। ਮੈਨੂੰ ਇਹਨਾਂ ਅਸਹਿ ਜਮਦੂਤਾਂ ਕੋਲੋਂ ਨਿਜਾਤ ਦਿਵਾ ਦੇ।"

ਇਹ ਗੱਲ ਜਾਦੂਗਰ ਨੇ ਆਖੀ ਸੀ ਕਿਉਂਕਿ ਉਥੇ ਜਾਦੂਗਰ ਹੀ ਆਇਆ ਹੋਇਆ ਸੀ। ਉਸ ਨੇ ਪਨੀਰ ਸਮੇਤ ਰੋਟੀ ਮਾਂ ਨੂੰ ਵਾਪਸ ਕਰ ਦਿੱਤੀ।


ਮਾਂ ਬੜੀ ਹੈਰਾਨ ਹੋਈ।

ਜਾਦੂਗਰ ਚਲਿਆ ਗਿਆ।

ਤੇ ਧਰਤੀ–ਗੁਲਾਕ ਖਿੜ ਖਿੜ ਕੇ ਹੱਸ ਪਿਆ।



ਧਰਤੀ–ਗੁਲਾਕ ਤੇ ਡਾਕੂ



ਇਕ ਵਾਰ ਕਿਤਿਓਂ ਦੂਰੋਂ ਧਰਤੀ–ਗੁਲਾਕ ਦੇ ਅੱਬਾ ਕੋਲ ਕੋਈ ਮਹਿਮਾਨ ਆਇਆ। ਉਹ ਮੰਨਿਆ–ਪ੍ਰਮੰਨਿਆ ਕਾਫਿਲਾ ਸਾਲਾਰ ਸੀ ਤੇ ਅੱਬਾ ਦਾ ਬੜਾ ਪੁਰਾਣਾ ਦੋਸਤ ਸੀ। ਧਰਤੀ ਦੇ ਅੱਬਾ ਨੇ ਵਿਹੜੇ ਵਿਚਕਾਰ ਆਪਣਾ ਸਭ ਤੋਂ ਨਰਮ ਚਿੱਟਾ ਨਮਦਾ ਵਿਛਾ ਦਿੱਤਾ ਤੇ ਉਸ਼ ਉਤੇ ਪਤਵੰਤੇ ਮਹਿਮਾਨ ਨੂੰ ਬਿਠਾ ਦਿੱਤਾ।

ਮਹਿਮਾਨ ਨੇ ਆਖਿਆ:

"ਕਈ ਸਾਲਾਂ ਦੇ ਆਪਣੇ ਭਰਮਣ ਸਮੇਂ ਮੈਂ ਨਾ ਹੀ ਸੋਨਾ ਜਮ੍ਹਾਂ ਕਰ ਸਕਿਆ ਹਾਂ ਤੇ ਨਾ ਹੀ ਮੇਰੀ ਕੋਈ ਮਾਲਕੀ ਏ। ਮੇਰੀ ਦੌਲਤ ਬੱਸ ਮੇਰਾ ਚਿੱਟਾ ਖੋਤਾ ਹੀ ਏ। ਇਹ ਮੇਰਾ ਦੋਸਤ ਤੇ ਮਦਦਗਰ ਏ। ਮੈਂ ਮਸ਼ਹੂਰ ਹੋਰੇਜ਼ਮ ਤੋਂ ਲੈ ਕੇ ਹੋਰਾਸਨ ਤਕ ਕਾਫ਼ਲਿਆਂ ਦੇ ਸਾਰੇ ਰਾਹ ਇਹਦੇ ਨਾਲ ਹੀ ਗਾਹੇ ਨੇ, ਅਤੇ ਇਸ ਨੂੰ ਇਹਨਾਂ ਰਸਤਿਆਂ ਦਾ ਏਨਾ ਚੰਗਾ ਗਿਆਨ ਹੋ ਗਿਐ ਕਿ ਰੇਗਿਸਤਾਨ ਰੂਪੀ ਸਾਗਰ ਵਿਚ ਰਾਹ ਆਪੇ ਹੀ ਲੱਭ ਲੈਂਦਾ ਏ। ਹੁਣ ਤੁਸੀਂ ਇਸ ਨੂੰ ਰੱਜਵਾਂ ਚਾਰਾ ਖਵਾਓ ਤੇ ਰਾਤ ਨੂੰ ਕਿਸੇ ਸੁਰੱਖਿਅਤ ਥਾਂ ਉਤੇ ਬੰਨ੍ਹ ਦਿਓ।"

ਅੱਬਾ ਨੇ ਜਵਾਬ ਦਿੱਤਾ:

"ਤੂੰ ਕੋਈ ਫ਼ਿਕਰ ਨਾ ਕਰ। ਸਾਡੇ ਪਿੰਡ ਵਿਚ ਕੋਈ ਵੀ ਤੇਰੇ ਦੋਸਤ ਨੂੰ ਨਹੀਂ ਛੇੜੇਗਾ। ਮੈਂ ਖੋਤੇ ਨੂੰ ਕੰਧ ਦੇ ਪਿਛੇ ਬੰਨ੍ਹ ਦਿੰਦਾ ਹਾਂ ਤੇ ਆਪਣੇ ਇਕਲੌਤੇ ਪੁਤਰ ਨੂੰ ਉਹਦਾ ਧਿਆਨ ਰਖਣ ਲਈ ਕਹਿ ਦਿੰਦਾ ਹਾਂ।"

ਧਰਤੀ–ਗੁਲਾਕ ਨੇ ਚਿੱਟੇ ਖੋਤੇ ਦੀ ਰਾਖੀ ਦਾ ਕੰਮ ਸੰਭਾਲ ਲਿਆ, ਜਦਕਿ ਖੋਤਾ ਕੰਧ ਲਾਗੇ ਉੱਗੇ ਘਾਹ ਵਿਚ ਮੂੰਹ ਮਾਰਨ ਲੱਗ ਪਿਆ।

ਧਰਤੀ–ਗੁਲਾਕ ਇਸ ਗੱਲੋਂ ਬੜਾ ਖ਼ੁਸ਼ ਸੀ ਕਿ ਏਨੇ ਕੀਮਤੀ ਜਾਨਵਰ ਦੀ ਰਾਖੀ ਰਖਣ ਦਾ ਕੰਮ ਉਸ ਨੂੰ ਸੌਂਪਿਆ ਗਿਆ ਸੀ। ਉਹ ਬੜੀ ਮੜਕ ਨਾਲ ਉੱਚੀ ਕੰਧ ਉਤੇ ਬੈਠ ਗਿਆ ਅਤੇ ਬੜੇ ਮਾਣ ਨਾਲ ਲੱਤਾਂ ਹਿਲਾਈ ਜਾ ਰਿਹਾ ਸੀ। ਤੇ ਉਥੇ ਅਜਿਹੇ ਲੋਕ ਮੌਜੂਦ ਵੀ ਸਨ ਜਿਨ੍ਹਾਂ ਸਾਮ੍ਹਣੇ ਫ਼ਖ਼ਰ ਮਾਣ ਦਾ ਵਿਖਾਵਾ ਕੀਤਾ ਜਾ ਸਕੇ। ਪਿੰਡ ਦੇ ਸਾਰੇ ਬੱਚੇ ਧਰਤੀ–ਗੁਲਾਕ ਦੇ ਘਰ ਲਾਗੇ ਆ ਇਕੱਠੇ ਹੋਏ ਸਨ। ਉਹ ਚਿੱਟੇ ਖੋਤੇ ਦੇ ਮੁਲਾਇਮ ਝੁੱਲ ਤੇ ਉਕਰੇ ਹੋਏ ਚਾਂਦੀ ਦੇ ਬਕਲਾਂ ਵਾਲੀਆਂ ਸ਼ਾਨਦਾਰ ਲਗਾਮਾਂ ਵੇਖ ਵੇਖ ਖ਼ੁਸ਼ ਹੋ ਰਹੇ ਸਨ। ਅਜਿਹੇ ਬਕਲ ਸਿਰਫ਼ ਉਰਗੇਂਚ ਤੇ ਮੰਨੇ–ਪ੍ਰਮੰਨੇ ਕਾਰੀਗਰ ਹੀ ਬਣਾ ਸਕਦੇ ਸਨ।

ਬੱਚਿਆਂ ਨੂੰ ਖੋਤਾ ਬੜਾ ਹੀ ਚੰਗਾ ਲੱਗਾ। ਉਹ ਇਕ ਦੂਜੇ ਨੂੰ ਟੋਕਦੇ ਹੋਏ ਧਰਤੀ–ਗੁਲਾਕ ਨੂੰ ਕਹਿ ਰਹੇ

ਸਨ ਕਿ ਖੋਤੇ ਦੀ ਰਾਖੀ ਮਿਲ ਕੇ ਕੀਤੀ ਜਾਵੇ। ਪਰ ਇੰਜ ਕਿਵੇਂ ਹੋ ਸਕਦਾ ਸੀ। ਯਰਤੀ ਬੱਚਿਆਂ ਉਤੇ ਕੜਕ ਰਿਹਾ ਸੀ। ਉਹ ਇਹ ਕੰਮ ਹੋਰ ਕਿਸੇ ਨਾਲ ਵੀ ਮਿਲ ਕੇ ਨਹੀਂ ਕਰਨਾ ਚਾਹੁੰਦਾ ਸੀ:

"ਓਇ, ਦੁਰਦੀ-ਕਲਿਚ, ਤੂੰ ਕਿਧਰ ਚੜ੍ਹਦਾ ਜਾਂਦੈਂ! ਤੇਰੇ ਹੱਥ ਗੰਦੇ ਨੇ, ਲਗਾਮਾਂ ਨੂੰ ਹੱਥ ਨਾ ਲਾ!"

"ਓਇ, ਗੁਲ-ਜਮਾਲ! ਖੋਤੇ ਦੇ ਨੇੜੇ ਨਾ ਆਵੀਂ, ਉਸ ਨੇ ਤੈਨੂੰ ਦੁਲੱਤੀ ਮਾਰਨੀ ਏ!"

ਬੱਚੇ ਖੋਤੇ ਵੱਲ ਵੇਖਦੇ ਹੋਏ ਦੇਰ ਤਕ ਗਲੀ ਵਿਚ ਖਲੋਤੇ ਰਹੇ। ਪਰ ਹਰ ਗੱਲ ਦਾ ਅੰਤ ਹੁੰਦਾ ਹੈ। ਉਹਨਾਂ ਨੇ ਲਗਾਮਾਂ ਨੂੰ ਵੀ ਤੇ ਝੁੱਲ ਨੂੰ ਵੀ ਚੰਗੀ ਤਰ੍ਹਾਂ ਵੇਖ ਚਾਖ ਲਿਆ ਸੀ। ਇੰਜ, ਖੋਤੇ ਦਾ ਧਿਆਨ ਰਖਣ ਲਈ ਇਕੱਲਾ ਯਰਤੀ-ਗੁਲਾਕ ਹੀ ਉਥੇ ਰਹਿ ਗਿਆ। ਛੇਤੀ ਹੀ ਉਸ ਨੂੰ ਅਕੇਵੇਂ ਨੇ ਆ ਘੇਰਿਆ ਅਤੇ ਇਸ ਅਕੇਵੇਂ ਨੂੰ ਦੂਰ ਭਜਾਉਣ ਲਈ ਉਸ ਨੂੰ ਇਕ ਬੜਾ ਚੰਗਾ ਤਰੀਕਾ ਆਉਂਦਾ ਸੀ—ਗੀਤ ਗਾਉਣਾ। ਜੋ ਕੁਝ ਉਸ ਨੇ ਵੇਖਿਆ ਉਸ ਬਾਰੇ ਹੀ ਗੀਤ ਗਾਉਣ ਲੱਗ ਪਿਆ:

ਅਹੁ ਵੇਖੋ, ਚਰਦਾ ਪਿਆ ਏ ਚਿੱਟਾ ਖੋਤਾ,
ਆਓ ਵੇਖੋ, ਕਿੰਨਾ ਸਿਆਣਾ ਹੈ ਇਹ ਖੋਤਾ,—

ਕਈ ਰਾਹਾਂ ਥੀਂ ਲੰਘਿਆ ਹੈ ਇਹ ਖੋਤਾ, ਜਿਸ ਦੀ ਰਾਖੀ ਕਰੇ ਯਰਤੀ-ਗੁਲਾਕ ਛੋਟਾ...

ਯਰਤੀ ਗਾ ਰਿਹਾ ਸੀ ਤੇ ਸੂਰਜ ਹੋਰ ਨੀਵਾਂ ਹੁੰਦਾ ਜਾ ਰਿਹਾ ਸੀ। ਘੁਸਮੁਸਾ ਹੋਣ ਲੱਗ ਪਿਆ ਸੀ ਪਰ ਯਰਤੀ ਨੂੰ ਇਸ ਦਾ ਕੋਈ ਡਰ ਨਹੀਂ ਸੀ: ਉਹ ਹੋਰ ਵੀ ਉੱਚੀ ਉੱਚੀ ਗਾਉਣ ਲੱਗ ਪਿਆ।

ਤੇ ਅਚਾਨਕ ਮੁੰਡੇ ਨੂੰ ਬਹੁਤ ਹੀ ਨੇੜਿਓਂ ਇਕ ਬੜੀ ਹੀ ਕੋਮਲ ਆਵਾਜ਼ ਸੁਣਾਈ ਦਿੱਤੀ:

"ਤੇਰੀ ਆਵਾਜ਼ ਕਿੰਨੀ ਰਸੀਲੀ ਏ! ਕੀ ਤੂੰ ਗਾਉਣਾ ਬੁਲਬੁਲ ਕੋਲੋਂ ਸਿਖਿਐ?"

ਯਰਤੀ-ਗੁਲਾਕ ਨੇ ਨੀਝ ਲਾ ਕੇ ਵੇਖਿਆ ਤਾਂ ਉਸ ਨੂੰ ਇਕ ਕੁੜੀ ਵਿਖਾਈ ਦਿੱਤੀ ਜਿਹੜੀ ਕਾਰਨੇਸ਼ਨ ਨਾਲੋਂ ਵੀ ਛਬੀਲੀ ਸੀ ਤੇ ਕਰਾਮਾਤੀ ਪਰੀ ਵਰਗੀ ਸੁਹਣੀ ਸੀ। ਯਰਤੀ-ਗੁਲਾਕ ਨੇ ਆਪਣੀ ਜ਼ਿੰਦਗੀ ਵਿਚ ਪਹਿਲਾਂ ਕਦੀ ਏਨੀ ਸੁਹਣੀ ਕੁੜੀ ਨਹੀਂ ਵੇਖੀ ਸੀ। ਪਰ ਉਸ ਨੂੰ ਕੋਈ ਹੈਰਾਨੀ ਨਹੀਂ ਹੋਈ: ਇਸ ਵਿਚ ਹੈਰਾਨੀ ਵਾਲੀ ਕਿਹੜੀ ਗੱਲ ਹੋ ਸਕਦੀ ਸੀ ਕਿ ਖ਼ੁਦ ਖਾਨ ਦੀ ਧੀ, ਇਥੋਂ ਤਕ ਕਿ ਬਾਦਸ਼ਾਹ ਦੀ ਧੀ ਇਸ ਜੰਗਲੀ ਖੋਤੇ ਨੂੰ ਵੇਖਣ ਆ ਗਈ ਸੀ! ਉਸ ਨੇ ਕੁੜੀ ਅੱਗੇ ਸਿਰ ਝੁਕਾਇਆ ਤੇ ਆਖਿਆ:

"ਨੇੜੇ ਆ ਜਾ, ਡਰ ਨਾ, ਮੇਰਾ ਖੋਤਾ ਦੁਲੱਤੀ ਨਹੀਂ ਮਾਰਦਾ। ਜੇ ਚਾਹੇਂ ਤਾਂ ਇਸ ਨੂੰ ਹੱਥ ਲਾ ਕੇ ਵੇਖ ਲੈ।"

ਪਰ ਕੁੜੀ ਨੇ ਖੋਤੇ ਵੱਲ ਤੱਕਿਆ ਵੀ ਨਾ, ਉਹ ਦੌੜ ਕੇ ਯਰਤੀ-ਗੁਲਾਕ ਦੇ ਕੋਲ ਗਈ ਤੇ ਬੜੇ ਹੀ ਪਿਆਰ ਨਾਲ ਫੁਸਰ ਫੁਸਰ ਕੀਤਾ:

"ਤੇਰੇ ਵਰਗੇ ਸੁਡੌਲ ਜਿਗੀਤ ਨਾਲ, ਭਲਾ, ਕਿਸ ਦਾ ਮੁਕਾਬਲਾ ਕੀਤਾ ਜਾ ਸਕਦੈ! ਕੀ ਇਹ ਗੀਤ ਕਿਤੇ ਤੇਰੇ ਬਾਰੇ ਹੀ ਨਹੀਂ ਜਿਸ ਵਿਚ ਕਿਹਾ ਗਿਐ ਕਿ ਤੇਰੀ ਖ਼ੂਬਸੂਰਤੀ ਚੰਨ ਵਾਂਗ ਸਾਰੀ ਦੁਨੀਆ ਨੂੰ ਚਾਨਣ ਦਿੰਦੀ ਏ।"

ਯਰਤੀ ਨੇ ਪਹਿਲੀ ਵਾਰੀ ਇਸ ਤਰ੍ਹਾਂ ਦੀ ਗੱਲ ਸੁਣੀ ਸੀ, ਪਰ ਉਹ ਬੌਂਦਲਿਆ ਬਿਲਕੁਲ ਨਹੀਂ। ਉਸ ਨੇ ਆਪਣੀਆਂ ਗੁੱਤਾਂ ਸੰਵਾਰੀਆਂ ਤੇ ਕੁੜੀ ਨੂੰ ਜਵਾਬ ਦਿੱਤਾ:

"ਜੇ ਤੂੰ ਮੈਨੂੰ ਚੰਨ ਆਖਦੀ ਏਂ ਤਾਂ ਮੈਂ ਤੈਨੂੰ ਸੂਰਜ ਆਖਾਂਗਾ। ਤੇ ਜੇ ਤੂੰ ਮੈਨੂੰ ਸੂਰਜ ਆਖੇਂਗੀ ਤਾਂ ਮੇਰਾ

ਜਵਾਬ ਇਹ ਹੋਵੇਗਾ ਕਿ ਸੂਰਜ ਦੀ ਤਾਂ ਇਕ ਅੱਖ ਏ, ਜਦਕਿ ਤੇਰੀਆਂ ਦੋ ਅੱਖਾਂ ਨੇ!" ਇਹ ਕਹਿ ਕੇ ਯਰਤੀ ਹੱਸ ਪਿਆ।

ਕੁੜੀ ਵੀ ਹੱਸਣ ਲੱਗ ਪਈ, ਫਿਰ ਉਸ ਨੇ ਆਪਣੇ ਕਮਰਬੰਦ ਨਾਲੋਂ ਮਿਠਿਆਈਆਂ ਦੀ ਗੁੱਥੀ ਲਾਹੀ ਤੇ ਮੁੰਡੇ ਦਾ ਮੂੰਹ ਮਿੱਠੇ ਹਲਵੇ ਨਾਲ ਭਰ ਦਿੱਤਾ। ਯਰਤੀ-ਗੁਲਾਕ ਹਲਵੇ ਦਾ ਬੜਾ ਸ਼ੁਕੀਨ ਸੀ। ਪਰ ਉਸ ਨੇ ਹਲਵਾ ਅਜੇ ਸੰਘੋਂ ਹੇਠਾਂ, ਕੀਤਾ ਹੀ ਸੀ ਕਿ ਪਰੀ ਵਰਗੀ ਸੁਹਣੀ, ਕਾਰਨੇਸ਼ਨ ਵਰਗੀ ਛਬੀਲੀ ਰੂਪਵੰਤੀ ਛਿਪਨ ਹੋ ਗਈ ਸੀ ਤੇ ਉਹਦੇ ਨਾਲ ਹੀ ਕੀਮਤੀ ਖੋਤਾ ਵੀ ਗੁੰਮ ਹੋ ਗਿਆ ਸੀ!

ਯਰਤੀ ਰੌਲਾ ਪਾਉਣਾ ਚਾਹੁੰਦਾ ਸੀ ਪਰ ਉਸ ਦਾ ਮੂੰਹ ਹਲਵੇ ਨਾਲ ਤੁਸਣਿਆ ਪਿਆ ਸੀ।

ਯਰਤੀ ਉਹਨਾਂ ਦਾ ਪਿਛਾ ਕਰਨਾ ਚਾਹੁੰਦਾ ਸੀ, ਪਰ ਉਹ ਕੰਧ ਉਤੋਂ ਡਿਗ ਪਿਆ। ਸੱਟ ਲਗਣ ਕਾਰਨ ਉਸ ਨੂੰ ਏਨੀ ਪੀੜ ਹੋਈ ਕਿ ਉਹ ਉੱਠ ਵੀ ਨਾ ਸਕਿਆ।

ਤਦ ਉਸ ਦਾ ਰੋਣ ਨਿਕਲ ਗਿਆ।

ਉਸ ਦੇ ਰੋਣ ਦੀ ਆਵਾਜ਼ ਸੁਣ ਕੇ ਮਾਂ ਦੌੜੀ ਦੌੜੀ ਆਈ ਤੇ ਉਸ ਨੂੰ ਖੋਤੇ ਦੇ ਗੁਆਚ ਜਾਣ ਦਾ ਪਤਾ ਲੱਗ ਗਿਆ।

ਬੁੱਢੇ ਕਾਫਿਲਾ ਸਲਾਰ ਨੂੰ ਏਨਾ ਦੁਖ ਹੋਇਆ ਕਿ ਉਸ ਦੇ ਮੂੰਹੋਂ ਕੋਈ ਗੱਲ ਨਹੀਂ ਨਿਕਲ ਰਹੀ ਸੀ। ਉਹ ਆਪਣੀ ਦਾੜ੍ਹੀ ਨੂੰ ਖਿੱਚੀ ਜਾ ਰਿਹਾ ਸੀ ਤੇ ਹੂੰਗਰਾਂ ਮਾਰੀ ਜਾ ਰਿਹਾ ਸੀ।

ਅੱਬਾ ਨੇ ਉਸ ਨੂੰ ਧਰਵਾਸ ਦਿੰਦਿਆਂ ਕਿਹਾ:

"ਹੌਸਲਾ ਕਰ। ਮੈਂ ਆਪਣਾ ਊਠ ਤੇ ਘਰ ਵੇਚ ਦਿਆਂਗਾ ਤੇ ਤੇਰੇ ਖੋਤੇ ਦੀ ਕੀਮਤ ਤਾਰ ਦਿਆਂਗਾ।"

ਮਾਂ ਨੇ ਵੀ ਮਹਿਮਾਨ ਨੂੰ ਧਰਵਾਸ ਦਿੱਤੀ:

"ਮੈਂ ਸਵੇਰ ਤੋਂ ਸ਼ਾਮ ਤਕ ਗਲੀਚੇ ਬੁਣਿਆ ਕਰਾਂਗੀ ਤੇ ਤੈਨੂੰ ਪਹਿਲਾਂ ਨਾਲੋਂ ਵੀ ਚੰਗਾ ਖੋਤਾ ਖ਼ਰੀਦ ਦਿਆਂਗੀ।"

ਪਰ ਕਾਫਿਲਾ ਸਲਾਰ ਅਜੇ ਵੀ ਅਧੀਰ ਸੀ।

ਯਰਤੀ-ਗੁਲਾਕ ਨੂੰ ਡਰ ਸੀ ਕਿ ਮਾਪੇ ਉਸ ਨੂੰ ਬੁਰਾ ਭਲਾ ਕਹਿਣਗੇ ਪਰ ਨਾ ਹੀ ਅੱਬਾ ਨੇ ਤੇ ਨਾ ਹੀ ਮਾਂ ਨੇ ਉਸ ਨੂੰ ਕੁਝ ਕਿਹਾ। ਉਹ ਇਸ ਪੁਰਾਣੀ ਕਹਾਵਤ ਨੂੰ ਚੰਗੀ ਤਰ੍ਹਾਂ ਜਾਣਦੇ ਸਨ: "ਝੱਗਾ ਚੁਕਣ ਨਾਲ ਆਪਣਾ ਹੀ ਢਿੱਡ ਨੰਗਾ ਹੁੰਦੈ?" ਸੋ, ਉਹ ਚੁਪ ਰਹੇ। ਪਰ ਇਸ ਕਾਰਨ ਮੁੰਡੇ ਦੇ ਮਨ ਉਤੇ ਬੋਝ ਹੋਰ ਵੀ ਵਧ ਗਿਆ ਸੀ।

ਯਰਤੀ ਫਿਰ ਰੋਣ ਲੱਗ ਪਿਆ:

"ਜੇ ਮੈਂ ਏਨਾ ਘੁਮੰਡੀ ਨਾ ਹੁੰਦਾ ਤੇ ਆਪਣੇ ਸਾਥੀਆਂ ਨੂੰ ਭਜਾਉਂਦਾ ਨਾ ਤਾਂ ਉਹ ਖੋਤੇ ਦਾ ਧਿਆਨ ਰਖਣ ਵਿਚ ਮੇਰੀ ਮਦਦ ਕਰਦੇ ਤੇ ਚਿੱਟਾ ਖੋਤਾ ਹੁਣ ਤਕ ਕੰਧ ਪਿਛੇ ਘਾਹ ਨੂੰ ਮੂੰਹ ਮਾਰ ਰਿਹਾ ਹੁੰਦਾ। ਸਾਰਾ ਕਸੂਰ ਮੇਰਾ ਹੀ ਏ।"

ਇਸ ਤਰ੍ਹਾਂ ਸੋਚਦਿਆਂ ਯਰਤੀ ਨੇ ਆਪਣੇ ਅਥਰੂ ਪੂੰਝੇ ਤੇ ਹੌਲੀ ਹੌਲੀ ਕਿਬੀਤਕਾ ਵਿਚੋਂ ਨਿਕਲ ਗਿਆ। ਮਾਪੇ ਗੂੜ੍ਹੀ ਨੀਂਦੇ ਸੁੱਤੇ ਹੋਏ ਸਨ ਤੇ ਉਸ ਨੂੰ ਕਿਸੇ ਵੀ ਨਾ ਵੇਖਿਆ। ਯਰਤੀ ਨੇ ਖੋਤੇ ਨੂੰ ਢੂੰਡਣ ਦਾ ਮਨ ਬਣਾ ਲਿਆ ਸੀ।

ਯਰਤੀ ਬੜਾ ਚਿਰ ਰੇਗਿਸਤਾਨ ਵਿਚ ਭਟਕਦਾ ਰਿਹਾ। ਉਹ ਖੜਵੇਂ ਟਿਲਿਆਂ ਉਤੇ ਚੰਬੜ ਚੰਬੜ ਕੇ ਚੜ੍ਹਿਆ, ਸੁੱਕੇ ਹੋਏ ਨਾਲਿਆਂ ਵਿਚ ਵੜਿਆ। ਉਹ ਕੰਡਿਆਲੀਆਂ ਝਾੜੀਆਂ ਥਾਣੀਂ ਲੰਘਿਆ, ਲੱਕ ਲੱਕ

ਤਕ ਰੇਤ ਵਿਚ ਖੁਭਿਆ, ਪਰ ਉਸ ਨੂੰ ਖੋਤਾ ਕਿਤੇ ਵੀ ਨਾ ਮਿਲਿਆ।

ਰਾਤ ਘਿਰ ਆਈ, ਪਰ ਚੰਨ ਅਜੇ ਚੜ੍ਹਿਆ ਨਹੀਂ ਸੀ। ਯਰਤੀ ਨੂੰ ਕੁਝ ਵੀ ਵਿਖਾਈ ਨਹੀਂ ਦੇ ਰਿਹਾ ਸੀ। ਉਹ ਖੋਤੇ ਨੂੰ 'ਵਾਜਾਂ ਮਾਰਨ ਲੱਗਾ। ਉਹ ਬੜੇ ਹੀ ਲਾਡ ਨਾਲ ਉਸ ਦਾ ਨਾਂ ਲੈ ਲੈ ਕੇ ਪੁਕਾਰਦਾ ਪਰ ਖੋਤੇ ਨੇ ਕਿਤਿਓਂ ਵੀ ਹੁੰਗਾਰਾ ਨਾ ਭਰਿਆ। ਮੁੰਡਾ ਬੁਰੀ ਤਰ੍ਹਾਂ ਥੱਕ ਟੁੱਟ ਗਿਆ ਸੀ। ਉਹ ਰੇਤ ਦੇ ਇਕ ਟਿੱਲੇ ਉਤੇ ਲੰਮਾ ਪੈ ਗਿਆ ਤੇ ਪਹੁ-ਫੁਟਾਲੇ ਦੀ ਉਡੀਕ ਕਰਨ ਲੱਗਾ। ਉਸ ਦਾ ਘਰ ਵਾਪਸ ਜਾਣ ਨੂੰ ਬੜਾ ਹੀ ਦਿਲ ਕਰ ਰਿਹਾ ਸੀ, ਪਰ ਉਸ ਨੇ ਆਪਣੇ ਆਪ ਨੂੰ ਕਿਹਾ:

"ਖਾਲੀ ਹੱਥੀਂ ਵਾਪਸ ਜਾਣ ਨਾਲੋਂ ਤਾਂ ਰੇਗਿਸਤਾਨ ਵਿਚ ਹੀ ਠੰਡ ਤੇ ਪਿਆਸ ਨਾਲ ਮਰ ਜਾਣਾ ਚੰਗੈ!"

ਤੇ ਅਚਾਨਕ ਰੇਗਿਸਤਾਨ ਵਿਚ ਤੇਜ਼ ਹਵਾ ਚੱਲਣ ਲੱਗੀ। ਉਹ ਮੁੰਡੇ ਨੂੰ ਇਉਂ ਉਡਾ ਕੇ ਲੈ ਗਈ ਜਿਵੇਂ ਉਹ ਸੁੱਕਾ ਤੀਲਾ ਹੋਵੇ। ਯਰਤੀ ਧਰਤੀ ਉਤੇ ਉੱਡਦਾ ਜਾ ਰਿਹਾ ਸੀ। ਉਹ ਬੜਾ ਚਿਰ ਉੱਡਦਾ ਗਿਆ। ਉਹ ਤਾਂ ਇਹ ਵੀ ਸੋਚਣ ਲੱਗ ਪਿਆ ਸੀ ਹੁਣ ਉਹ ਪਰਤ ਕੇ ਕਦੀ ਵੀ ਆਪਣੇ ਘਰ ਨਹੀਂ ਜਾ ਸਕੇਗਾ। ਪਰ ਹਰ ਸ਼ੈ ਦਾ ਅੰਤ ਹੁੰਦਾ ਹੈ: ਮੁੰਡਾ ਸਕਸਾਉਲ ਦੀ ਇਕ ਟਾਹਣੀ ਨਾਲ ਅੜ ਗਿਆ ਤੇ ਪਹੁ-ਫੁਟਾਲੇ ਤਕ ਇੰਜ ਹੀ ਲਮਕਿਆ ਰਿਹਾ।

ਲਾਗੋਂ ਦੀ ਕੋਈ ਕੁੜੀ ਜੇ ਲੰਘਦੀ, ਉਹ ਕਹਿੰਦੀ: ਇਹ ਪੰਛੀ ਹੈ।

ਲਾਗੋਂ ਦੀ ਕੋਈ ਮੁੰਡਾ ਜੇ ਲੰਘਦਾ, ਉਹ ਕਹਿੰਦਾ: ਇਹ ਤੀਰ ਹੈ ਕਿਸੇ ਸ਼ਿਕਾਰੀ ਦਾ।

ਲਾਗੋਂ ਦੀ ਕੋਈ ਬਜ਼ੁਰਗ ਜੇ ਲੰਘਦਾ, ਆਪਣੇ ਅੰਨ੍ਹੇ ਦੀਦਿਆਂ ਨਾਲ ਵੇਖ ਕੇ ਗੁਣਗੁਣ ਕਰਦਾ: ਇਹ ਪਿਛਲੇ ਸਾਲ ਦਾ ਸੁੱਕਾ ਪੱਤਾ ਹੈ!

ਪਰ ਇਹ ਨਾ ਹੀ ਪੰਛੀ, ਨਾ ਹੀ ਤੀਰ ਤੇ ਨਾ ਹੀ ਪੱਤਾ ਸੀ। ਇਹ ਤਾਂ ਯਰਤੀ-ਗੁਲਾਕ ਸੀ ਜਿਸ ਨੂੰ ਸਿਰ ਹੇਠਾਂ ਕਰ ਕੇ ਰੁੱਖ ਉਤੇ ਲਟਕੇ ਨੂੰ ਬੇਅਰਾਮੀ ਹੋ ਰਹੀ ਸੀ। ਉਸ ਨੇ ਹੱਥ ਪੈਰ ਮਾਰਨੇ ਸ਼ੁਰੂ ਕੀਤੇ ਤੇ ਰੇਤ ਉਤੇ ਡਿਗ ਪਿਆ। ਰੇਤ ਏਨੀ ਨਰਮ ਸੀ, ਤੇ ਯਰਤੀ ਏਨਾ ਥੱਕਿਆ ਹੋਇਆ ਸੀ ਕਿ ਉਹ ਡਿਗਦਿਆਂ ਹੀ ਇਵੇਂ ਸੌਂ ਗਿਆ ਜਿਵੇਂ ਕੋਈ ਅਮੀਰ ਆਦਮੀ ਨਰਮ ਖੰਭਾਂ ਦੇ ਸਿਰਹਾਣਿਆਂ ਉਤੇ ਸੌਂਦਾ ਹੈ।

ਸਾਨੂੰ ਨਹੀਂ ਪਤਾ ਕਿ ਉਹ ਕਿੰਨਾ-ਕੁ ਚਿਰ ਸੁੱਤਾ ਰਿਹਾ ਸੀ, ਪਰ ਜਗਾਇਆ ਉਸ ਨੂੰ ਘੋੜਿਆਂ ਦੀ ਟਾਪ ਨੇ ਸੀ। ਮੁੰਡੇ ਨੇ ਆਪਣੀ ਖੁੱਡ ਵਿਚੋਂ ਸਿਰ ਬਾਹਰ ਕੱਢਿਆ, ਬਿੜਕਾਂ ਲਈਆਂ ਤੇ ਟਾਪ ਬਿਲਕੁਲ ਨੇੜਿਓਂ ਸੁਣਾਈ ਦੇਣ ਲੱਗੀ। ਉਹ ਦਰਖ਼ਤ ਦੀ ਟਹਿਣੀ ਉਤੇ ਚੜ੍ਹ ਗਿਆ ਤੇ ਵੇਖਿਆ ਕਿ ਸਕਸਾਉਲਾਂ ਦੀ ਝਿੰਗੀ ਦੇ ਸਿਰੇ ਉਤੇ ਕੁਝ ਲੋਕ ਦਾਇਰਾ ਬਣਾ ਕੇ ਬੈਠੇ ਹੋਏ ਸਨ ਅਤੇ ਉਹਨਾਂ ਦੇ ਵਿਚਕਾਰ ਵਿਛੇ ਇਕ ਅਲੀਸ਼ਾਨ ਤੁਰਕਮੇਨੀ ਗਲੀਚੇ ਉਤੇ ਇਕ ਕੁੜੀ ਬੈਠੀ ਹੋਈ ਸੀ ਜਿਹੜੀ ਪਰੀ ਵਰਗੀ ਸੁਹਣੀ ਤੇ ਕਾਰਨੇਸ਼ਨ ਵਰਗੀ ਛਬੀਲੀ ਸੀ। ਯਰਤੀ ਨੇ ਉਸ ਨੂੰ ਫੱਟ ਪਛਾਣ ਲਿਆ। ਉਹ ਸਮਝ ਗਿਆ ਕਿ ਇਹ ਲੋਕ ਡਾਕੂ ਸਨ ਤੇ ਇਹ ਕੁੜੀ ਉਹਨਾਂ ਦੀ ਅਤਾਮਾਨ* ਸੀ।


ਯਰਤੀ ਨੇ ਟਾਹਣੀ ਉਤੋਂ ਛਾਲ ਮਾਰ ਦਿੱਤੀ ਤੇ ਰੀਂਗਦਾ ਹੋਇਆਂ ਉਹਨਾਂ ਦੇ ਲਾਗੇ ਪਹੁੰਚ ਗਿਆ ਤਾਂ ਜੋ ਡਾਕੂਆਂ ਦੀ ਗਲਬਾਤ ਹੁੰਦੀ ਸੁਣੀ ਜਾ ਸਕੇ।

ਕੁੜੀ ਕਹਿ ਰਹੀ ਸੀ:

"ਤੁਸੀਂ ਕਿਹੜਾ ਮਾਲ ਲੈ ਕੇ ਮੇਰੇ ਕੋਲ ਆਏ ਹੋ?"

---

* ਸਰਦਾਰ, ਆਗੂ।



ਸਭ ਤੋਂ ਲੰਮਾ ਡਾਕੂ ਅੱਗੇ ਵਧਿਆ ਤੇ ਕੁੜੀ ਸਾਮ੍ਹਣੇ ਸਿਰ ਝੁਕਾ ਕੇ ਆਖਿਆ:

"ਮੈਂ ਬਾਜ਼ਾਰ ਗਿਆ ਸਾਂ। ਬੁੱਢਾ ਹਟਵਾਣੀਆ ਆਪਣੀ ਹੱਟੀ ਦੀ ਦਹਿਲੀਜ਼ ਉਤੇ ਬੈਠਾ ਉਂਘਲਾ ਰਿਹਾ ਸੀ ਤੇ ਮੈਂ ਉਸ ਕੋਲੋਂ ਸਭ ਤੋਂ ਵਧੀਆ ਮਖ਼ਮਲ ਦਾ ਟੋਟਾ ਚੁੱਕ ਲਿਆਇਆਂ।"

ਤੇ ਉਸ ਡਾਕੂ ਨੇ ਹਸੀਨਾ ਦੇ ਪੈਰਾਂ ਲਾਗੇ ਮਖ਼ਮਲ ਦਾ ਟੋਟਾ ਰਖ ਦਿੱਤਾ। ਉਸ ਦੇ ਮਗਰੋਂ ਇਕ ਹੋਰ ਡਾਕੂ ਅੱਗੇ ਆਇਆ:

"ਮੈਂ ਚੌਕ ਵਿਚ ਗਿਆ ਸਾਂ। ਉਥੇ ਵੱਡਾ ਵਜ਼ੀਰ ਸ਼ਾਹੀ ਅਮਲੇ–ਫੈਲੇ ਨੂੰ ਨਾਲ ਲੈ ਕੇ ਮਹਿਲ ਵੱਲ ਜਾ ਰਿਹਾ ਸੀ। ਮੈਂ ਉਸ ਦੇ ਕਮਰਬੰਦ ਨਾਲੋਂ ਹੀਰਿਆਂ–ਜੜੀ ਤਲਵਾਰ ਲਾਹ ਲਈ ਸੀ।"

ਡਾਕੂ ਨੇ ਤਲਵਾਰ ਕੁੜੀ ਦੇ ਪੈਰਾਂ ਲਾਗੇ ਰਖ ਦਿੱਤੀ। ਉਸੇ ਵੇਲੇ ਤੀਜਾ ਡਾਕੂ ਅੱਗੇ ਹੋਇਆ। ਉਸ ਨੇ ਬੜੇ ਹੰਕਾਰ ਨਾਲ ਆਪਣੇ ਨਾਲਦਿਆਂ ਵੱਲ ਵੇਖਿਆ ਤੇ ਸ਼ੇਖੀਖ਼ੋਰਾਂ ਵਾਂਗ ਕਹਿਣ ਲੱਗਾ:

"ਏਧਰ ਵੇਖੋ, ਮੈਂ ਕੀ ਲੈ ਕੇ ਆਇਆ ਹਾਂ। ਮੈਂ ਖ਼ਾਨ ਦੇ ਮਹਿਲ ਵਿਚ ਗਿਆ ਸਾਂ। ਮੈਂ ਰੱਸਿਆਂ ਦੀ ਪੌੜੀ ਬਣਾ ਕੇ ਖ਼ਾਨ ਦੇ ਹਮਾਮ ਦੀ ਬਾਰੀ ਥਾਣੀਂ ਅੰਦਰ ਵੜ ਗਿਆ ਤੇ ਜਦੋਂ ਖ਼ਾਨ ਨਹਾ ਰਿਹਾ ਸੀ ਤਾਂ ਮੈਂ ਉਸ ਦੀ ਪਗੜੀ ਚੁੱਕ ਲਿਆਇਆ।"

ਏਨੀ ਗੱਲ ਕਹਿ ਕੇ ਤੀਜੇ ਡਾਕੂ ਨੇ ਚਿੱਟੀ ਰੇਸ਼ਮੀ ਪਗੜੀ, ਜਿਹੜੀ ਮੋਤੀਆਂ ਨਾਲ ਜੜੀ ਹੋਈ ਸੀ, ਹਸੀਨਾ ਦੇ ਪੈਰਾਂ ਅੱਗੇ ਧਰ ਦਿੱਤੀ। ਇਸ ਤਰ੍ਹਾਂ ਦੀ ਪਗੜੀ ਪਹਿਨਣ ਦਾ ਹੱਕ ਸਿਰਫ਼ ਸਰਵਸ਼ਕਤੀਮਾਨ ਖ਼ਾਨ ਨੂੰ ਹੀ ਸੀ!

ਆਪਣੇ ਸਾਥੀ ਦੀ ਏਨੀ ਦਲੇਰੀ ਤੋਂ ਹੈਰਾਨ ਹੋਏ ਡਾਕੂ ਚੁਪ ਕਰ ਕੇ ਖਲੋਤੇ ਰਹੇ ਜਦਕਿ ਹਸੀਨਾ ਖਿੜ ਖਿੜ ਕੇ ਹੱਸ ਪਈ:

"ਤੁਸੀਂ ਤਿੰਨਾਂ ਨੇ ਮਿਲ ਕੇ ਓਨਾ ਕੰਮ ਨਹੀਂ ਕੀਤੈ ਜਿੰਨਾ ਮੈਂ ਇੱਕਲੀ ਨੇ ਹੀ ਕਰ ਲਿਐ!"

ਡਾਕੂਆਂ ਨੂੰ ਬੜੀ ਹੈਰਾਨੀ ਹੋਈ, ਜਦਕਿ ਕੁੜੀ ਨੇ ਆਪਣੀ ਗੱਲ ਜਾਰੀ ਰੱਖੀ:

"ਅਸੀਂ ਰੇਗਿਸਤਾਨ ਵਿਚ ਕਿੰਨੀ ਵਾਰੀ ਆਪਣੇ ਰਾਹ ਤੋਂ ਭਟਕੇ ਹਾਂ! ਸਾਡੇ ਵਿਚੋਂ ਕਿੰਨਿਆਂ ਦੀਆਂ ਜਾਨਾਂ ਜਾਂਦੀਆਂ ਰਹੀਆਂ ਨੇ, ਜਿਹੜੇ ਕਾਲੇ ਰੇਗਿਸਤਾਨ ਵਿਚ ਰਾਹ ਭੁੱਲ ਗਏ ਸਨ! ਇਸੇ ਵਾਸਤੇ ਮੈਂ ਬੁੱਢੇ ਕਾਫ਼ਿਲਾ ਸਾਲਾਰ ਦੇ ਚਿੱਟੇ ਖੋਤੇ ਦੀ ਦਿਨ ਰਾਤ ਤਾੜ ਰਖਦੀ ਰਹੀ ਸਾਂ। ਇਸ ਨੂੰ ਰੇਗਿਸਤਾਨ ਦੇ ਸਾਰੇ ਰਾਹਾਂ ਦਾ ਪਤੈ, ਉਹ ਘੋੜਿਆਂ ਤੇ ਊਠਾਂ ਦੇ ਅੱਗੇ ਅੱਗੇ ਜਾਂਦੈ, ਤੇ ਰਾਹੀਆਂ ਨੂੰ ਹਮੇਸ਼ਾ ਪਾਣੀ ਤੇ ਰੁੱਖਾਂ ਦੀ ਠੰਡੀ ਛਾਂ ਵੱਲ ਲੈ ਜਾਂਦੈ। ਮੈਂ ਇਸ ਖੋਤੇ ਨੂੰ ਲੱਭ ਲਿਆ ਏ। ਅਹੁ ਵੇਖੋ!"

ਅਤਾਮਾਨ–ਕੁੜੀ ਨੇ ਕਿਹਾ ਤੇ ਆਪਣੇ ਹੱਥ ਨਾਲ ਸਕਸਾਊਲ ਦੀਆਂ ਸੰਘਣੀਆਂ ਝਾੜੀਆਂ ਵੱਲ ਇਸ਼ਾਰਾ ਕੀਤਾ।

ਧਰਤੀ ਨੇ ਆਪਣਾ ਨਿਕਾ ਜਿਹਾ ਕੱਦ ਉੱਚਾ ਕੀਤਾ ਤੇ ਵੇਖਿਆ ਕਿ ਝਾੜੀਆਂ ਵਿਚਾਲੇ ਰੁੱਖ ਨਾਲ ਬੱਝਾ ਹੋਇਆ ਉਸ ਦਾ ਕੀਮਤੀ ਖੋਤਾ ਖੜਾ ਸੀ।

ਉਸ ਨੂੰ ਬੜਾ ਹੀ ਅਚੰਭਾ ਹੋਇਆ, ਜਦਕਿ ਕੁੜੀ ਨੇ ਆਪਣੀ ਗੱਲ ਜਾਰੀ ਰੱਖੀ।

"ਮੈਂ ਇਕ ਮੂਰਖ ਮੁੰਡੇ ਨੂੰ ਭਰਮਾ ਲਿਆ। ਮੈਂ ਉਸ ਨੂੰ ਮਿੱਠੀਆਂ ਮਿੱਠੀਆਂ ਗੱਲਾਂ ਨਾਲ ਵਰਗਲਾ ਲਿਆ! ਮੈਂ ਉਸ ਮੂਰਖ ਦੇ ਸਾਮ੍ਹਣੇ ਹੀ ਖੋਤਾ ਕੱਢ ਕੇ ਲੈ ਗਈ, ਜਿਸ ਵਰਗਾ ਹੋਰੇਜ਼ਮ ਤੋਂ ਲੈ ਕੇ ਖੁਰਾਸਾਨ ਤਕ ਹੋਰ ਕੋਈ ਵੀ ਨਹੀਂ।"

ਇਹ ਗੱਲ ਧਰਤੀ ਕੋਲੋਂ ਸਹਾਰੀ ਨਾ ਗਈ। ਉਸ ਨੇ ਘਾਹ ਵਿਚੋਂ ਇਕ ਤਿੱਖੀ ਕਾਨੀ ਪੁੱਟੀ ਤੇ ਚੋਰ–ਪੈਰੀਂ

ਕੁੜੀ ਦੇ ਲਾਗੇ ਚਲਿਆ ਗਿਆ। ਉਸ ਨੇ ਕਾਨੀ ਕੁੜੀ ਦੀ ਕਮਰ ਵਿਚ ਜ਼ੋਰ ਨਾਲ ਖੋਭ ਦਿੱਤੀ। ਹਸੀਨਾ ਦੀਆਂ ਚੀਕਾਂ ਨਿਕਲ ਗਈਆਂ ਤੇ ਉਹ ਡਾਕੂਆਂ ਉਤੇ ਝਪਟ ਪਈ:

"ਗੁਸਤਾਖ਼ੋ!" ਉਹ ਕੜਕੀ। "ਕਿਸ ਦੀ ਹਿੰਮਤ ਹੋਈ ਮੈਨੂੰ ਛੁਹ ਜਾਣ ਦੀ! ਦੱਸੋ, ਕਿਸ ਦੀ?! ਕਸੂਰਵਾਰ ਦਾ ਕੋਈ ਲਿਹਾਜ ਨਹੀਂ ਕੀਤਾ ਜਾਵੇਗਾ!"

ਡਾਕੂ ਉਸ ਦੇ ਸਾਮ੍ਹਣੇ ਗੋਡਿਆਂ ਦੇ ਭਾਰ ਹੋ ਗਏ ਤੇ ਰਹਿਮ ਦੀ ਪੁਕਾਰ ਕਰਨ ਲੱਗੇ:

"ਸਾਡੇ ਉਤੇ ਮਿਹਰ ਕਰ, ਖ਼ਾਨਮ-ਜਾਨ! ਸਾਡੇ ਵਿਚੋਂ ਕਿਸੇ ਨੇ ਵੀ ਤੈਨੂੰ ਹੱਥ ਨਹੀਂ ਲਾਇਆ। ਤੈਨੂੰ ਭੁਲੇਖਾ ਲੱਗੈ!"

ਤੇ ਅਚਾਨਕ ਹੀ ਸਭ ਤੋਂ ਉੱਚੇ ਲੰਮੇ ਡਾਕੂ ਦੀਆਂ ਪਾਗਲ ਹੋਏ ਊਠ ਵਾਂਗ ਚੀਕਾਂ ਨਿਕਲ ਗਈਆਂ। ਉਹ ਭੁੜਕ ਉਠਿਆ ਤੇ ਆਪਣੇ ਲਾਗੇ ਦੇ ਡਾਕੂ ਦੇ ਇਕ ਕਰਾਰੀ ਜੜ ਦਿੱਤੀ।

"ਮੇਰੇ ਪਿੰਡੇ ਵਿਚ ਸੂਈਆਂ ਚੁਭਾਉਣ ਦੀ ਤੇਰੀ ਹਿੰਮਤ ਕਿਵੇਂ ਪਈ, ਓਇ?!"

ਪਰ ਯਰਤੀ ਅਟਕਿਆ ਨਹੀਂ ਤੇ ਬੜੀ ਤੇਜ਼ੀ ਨਾਲ ਦੂਜੇ ਤੇ ਤੀਜੇ ਡਾਕੂ ਨੂੰ ਵੀ ਕਾਨੀ ਖੋਭ ਦਿੱਤੀ।

ਡਾਕੂ ਇਕ ਦੂਜੇ ਉਤੇ ਝਪਟ ਪਏ, ਏਨੀ ਜ਼ੋਰਦਾਰ ਹੱਥੋਪਾਈ ਹੋਈ ਕਿ ਰੇਤ ਉੱਡਣ ਲੱਗੀ ਤੇ ਧਰਤੀ ਕੰਬਣ ਲੱਗੀ।

ਉਹਨਾਂ ਨੂੰ ਹਟਾਉਣ ਦੀਆਂ ਕੁੜੀ ਦੀਆਂ ਸਾਰੀਆਂ ਕੋਸ਼ਿਸ਼ਾਂ ਅਜਾਈਂ ਗਈਆਂ, ਉਸ ਦੇ ਚੀਕ ਚਿਹਾੜੇ ਦਾ ਵੀ ਕੋਈ ਲਾਭ ਨਾ ਹੋਇਆ। ਡਾਕੂਆਂ ਨੇ ਹੱਥੋਪਾਈ ਜਾਰੀ ਰਖੀ।

ਯਰਤੀ ਤਾਂ ਇਹੋ ਚਾਹੁੰਦਾ ਸੀ। ਉਸ ਨੇ ਖੋਤੇ ਨੂੰ ਦਰਖ਼ਤ ਨਾਲੋਂ ਖੋਲ੍ਹਿਆ, ਉਸ ਦੀ ਪਿੱਠ ਉਤੇ ਚੜ੍ਹ ਕੇ ਬੈਠ ਗਿਆ ਤੇ ਉਸ ਨੂੰ ਹਿਕ ਕੇ ਸਕਸਾਊਲਾਂ ਦੇ ਝੁੰਡ ਤੋਂ ਦੂਰ ਲੈ ਗਿਆ।

ਖੋਤਾ ਹਵਾ ਵਾਂਗ ਸਰਪਟ ਦੌੜ ਪਿਆ ਅਤੇ ਆਪਣੇ ਸਵਾਰ ਦਾ ਭਾਰ ਉਸ ਨੂੰ ਬਿਲਕੁਲ ਮਹਿਸੂਸ ਨਹੀਂ ਹੋ ਰਿਹਾ ਸੀ, ਜਦਕਿ ਯਰਤੀ-ਗੁਲਾਕ ਉਸ ਨੂੰ ਦੂਹਾ ਦੂਹ ਹਿੱਕੀ ਜਾ ਰਿਹਾ ਸੀ:

"ਚਲ, ਚਲ! ਉੱਡਦਾ ਚੱਲ, ਮਿਤਰਾ, ਨਹੀਂ ਤਾਂ ਅਸੀਂ ਦੋਵੇਂ ਹੀ ਮਾਰੇ ਜਾਵਾਂਗੇ!" ਤੇ ਖੋਤਾ ਹੋਰ ਤੇਜ਼ ਦੌੜਨ ਲੱਗ ਪਿਆ। ਉਹ ਕੰਨ ਕੱਸ ਕੇ ਆਪਣੇ ਪਿਛੇ ਧੂੜ ਦੇ ਬੱਦਲ ਉਡਾਈ ਜਾ ਰਿਹਾ ਸੀ।

ਪਰ ਯਰਤੀ ਨੂੰ ਪਿਛਾ ਕਰ ਰਹੇ ਘੋੜਿਆਂ ਦੀ ਟਾਪ ਸੁਣਾਈ ਦਿੱਤੀ। ਖੋਤਾ ਪੂਰਾ ਜ਼ੋਰ ਲਾ ਕੇ ਦੌੜਦਾ ਜਾ ਰਿਹਾ ਸੀ ਪਰ ਉਸ ਨੂੰ ਵਧੀਆ ਤੁਰਕਮੇਨੀ ਨਸਲ ਦੇ ਇਕ ਕਾਲੇ ਘੋੜੇ ਨੇ ਆ ਘੇਰਿਆ ਜਿਹੜਾ ਵਾ-ਵਰੋਲੇ ਨਾਲੋਂ ਵੀ ਤੇਜ਼ ਦੌੜਦਾ ਸੀ।

"ਖਲੋਈਂ, ਢੀਠਾ!" ਡਾਕੂ-ਕੁੜੀ ਖੋਤੇ ਉਤੇ ਕੜਕੀ। "ਆਪਣੇ ਆਪ ਖੁਲ੍ਹ ਕੇ ਆਪਣੀ ਮਾਲਕਣ ਕੋਲੋਂ ਚਲੇ ਜਾਣ ਦੀ ਤੇਰੀ ਹਿੰਮਤ ਕਿਵੇਂ ਹੋਈ!" ਤੇ ਉਹ ਖੋਤੇ ਨੂੰ ਚੰਗਾ ਮੰਦਾ ਆਖਣ ਲੱਗ ਪਈ। ਉਹ ਯਰਤੀ ਨੂੰ ਕਿਵੇਂ ਵੇਖ ਸਕਦੀ ਸੀ: ਉਹ ਤਾਂ ਝੁੱਲ ਦੀ ਕਿਨਾਰੀ ਹੇਠ ਲੁਕ ਗਿਆ ਸੀ।

ਡਾਕੂ-ਕੁੜੀ ਨੇ ਖੋਤੇ ਦੀ ਲਗਾਮ ਆਪਣੇ ਘੋੜੇ ਦੀ ਕਾਠੀ ਨਾਲ ਬੰਨ੍ਹ ਲਈ ਤੇ ਖੋਤੇ ਨੂੰ ਹਿੱਕ ਕੇ ਫਿਰ ਸਕਸਾਊਲ ਦੇ ਝੁੰਡ ਵਿਚ ਲੈ ਗਈ। ਉਧਰ ਯਰਤੀ-ਗੁਲਾਕ ਝੁੱਲ ਦੇ ਹੇਠੋਂ ਨਿਕਲਿਆ ਤੇ ਖੋਤੇ ਦੇ ਲੱਕ ਉਤੇ ਟਪੋਸੀਆਂ ਮਾਰਦਾ ਹੋਇਆ ਉਸ ਦੇ ਸਿਰ ਤਕ ਪਹੁੰਚ ਗਿਆ। ਉਥੇ ਪਹੁੰਚ ਕੇ ਉਸ ਨੇ ਖੋਤੇ ਦਾ ਕੰਨ ਘੁਟ ਕੇ ਫੜ ਲਿਆ। ਉਸ ਨੂੰ ਆਪਣੇ ਲਾਗੇ ਹੀ ਘੋੜੇ ਦੀ ਢੂੰਗੀ ਵਿਖਾਈ ਦੇ ਰਹੀ ਸੀ। ਯਰਤੀ ਨੇ ਬੜੀ ਹੀ ਫੁਰਤੀ ਨਾਲ ਘੋੜੇ ਦੀ ਪੂਛਲ ਤੋਂ ਇਕ ਵਾਲ ਪੁੱਟ ਲਿਆ। ਪੀੜ ਹੋਣ ਕਾਰਨ ਘੋੜਾ ਹਿਣਕਿਆ ਤੇ ਆਪਣੀਆਂ ਪਿਛਲੀਆਂ ਟੰਗਾਂ ਉਤੇ ਖੜਾ ਹੋ ਗਿਆ। ਘੋੜੇ ਉਤੇ ਸਵਾਰ ਹਸੀਨਾ ਲੜਖੜਾਈ ਤੇ ਕਾਠੀ ਵਿਚੋਂ ਡਿਗ ਪਈ।

ਘੋੜਾ, ਖੋਤਾ ਤੇ ਯਰਤੀ—ਤਿੰਨੇ ਹੀ ਅੱਗੇ ਦੌੜ ਗਏ। ਹੁਣ ਥੋੜ੍ਹਾ ਜਿੰਨਾ ਕੰਮ ਬਾਕੀ ਰਹਿ ਗਿਆ ਸੀ: ਦੌੜਾਕ ਘੋੜਾ ਸ਼ਾਂਤ ਹੋ ਗਿਆ, ਯਰਤੀ ਟਪੋਸੀ ਮਾਰ ਕੇ ਉਸ ਉਤੇ ਚੜ੍ਹ ਗਿਆ, ਉੱਚੀ ਉੱਚੀ ਸ਼ਿਸ਼ਕਾਰਿਆ ਅਤੇ ਆਪਣੇ ਜੱਦੀ ਪਿੰਡ ਵੱਲ ਦੌੜਾ ਕੇ ਲੈ ਗਿਆ।

ਸਿਆਣਿਆਂ ਦਾ ਕਹਿਣਾ ਬਿਲਕੁਲ ਠੀਕ ਹੈ: "ਬਹਾਦਰ ਜਿਗੀਤ ਦਾ ਘੋੜਾ ਲੰਗੜਾਉਂਦਾ ਨਹੀਂ, ਤੇ ਚੋਲਾ ਘਸਦਾ ਨਹੀਂ।"

ਉਹ ਤਰਕਾਲਾਂ ਨੂੰ ਬੜਾ ਪਛੜ ਕੇ ਆਪਣੇ ਘਰ ਪਹੁੰਚਿਆ।

ਚੁੱਲ੍ਹੇ ਦੇ ਲਾਗੇ ਭੁੰਜੇ ਹੀ ਯਰਤੀ ਦਾ ਅੱਬਾ, ਮਾਂ ਤੇ ਬੁਢਾ ਕਾਫਿਲਾ ਸਲਾਰ ਸਿਰ ਸੁੱਟ ਕੇ ਬੈਠੇ ਹੋਏ ਸਨ।

"ਮੁਸੀਬਤ ਕਦੀ ਇਕੱਲੀ ਨਹੀਂ ਆਉਂਦੀ," ਅੱਬਾ ਨੇ ਆਖਿਆ, "ਪਹਿਲਾਂ ਖੋਤਾ ਗੁਆਚ ਗਿਆ ਤੇ ਹੁਣ ਯਰਤੀ-ਗੁਲਾਕ ਗੁੰਮ ਹੋ ਗਿਐ!"

"ਮੈਂ ਇਥੇ ਹਾਂ!" ਯਰਤੀ ਨੇ ਟਾਹਰ ਮਾਰੀ। ਉਹ ਦੌੜਦਾ ਦੌੜਦਾ ਆਪਣੇ ਅੱਬਾ ਕੋਲ ਆਇਆ ਤੇ ਭੁੜਕ ਕੇ ਉਸ ਦੀ ਹਥੇਲੀ ਉਤੇ ਚੜ੍ਹ ਗਿਆ।

ਮਾਂ ਮੁੰਡੇ ਦੀ ਇਸ ਕਾਰਨ ਲਾਹ-ਪਾਹ ਕਰਨੀ ਚਾਹੁੰਦੀ ਸੀ ਕਿ ਉਹ ਪੁੱਛੇ ਬਿਨਾਂ ਹੀ ਘਰੋਂ ਨਿਕਲ ਗਿਆ ਸੀ ਤੇ ਏਨਾ ਚਿਰ ਬਾਹਰ ਰਿਹਾ ਸੀ, ਜਦਕਿ ਖੇਤ ਵਿਚ ਏਨਾ ਜ਼ਿਆਦਾ ਕੰਮ ਕਰਨ ਵਾਲਾ ਪਿਆ ਸੀ, ਪਰ ਉਸੇ ਵੇਲੇ ਵਿਹੜੇ ਵਿਚ ਖੋਤਾ ਹਿਣਕ ਪਿਆ। ਉਹ ਉੱਚੀ ਉੱਚੀ ਤੇ ਲਮਕਾ ਕੇ ਹਿਣਕ ਰਿਹਾ ਸੀ। ਮਾਂ ਨੇ ਕੂਕ ਮਾਰੀ ਤੇ ਯਰਤੀ-ਗੁਲਾਕ ਨੂੰ ਘੁੱਟ ਕੇ ਹਿੱਕ ਨਾਲ ਲਾ ਲਿਆ, ਅੱਬਾ ਤੇ ਬੁਢਾ ਕਾਫਿਲਾ ਸਲਾਰ ਖ਼ੁਸ਼ੀ ਵਿਚ ਹੱਸਣ ਲੱਗ ਪਏ।

ਪਰ ਖੋਤਾ ਹਿਣਕੀ ਜਾ ਰਿਹਾ ਸੀ ਤੇ ਹਿਣਕਦਾ ਹਿਣਕਦਾ ਪਾਈਪ ਵਾਂਗ ਭਰੜਾਉਣ ਲੱਗਾ, ਪਰ ਲੋਕਾਂ ਨੂੰ ਉਸ ਦੀ ਭਰੜਾਈ ਹੋਈ ਆਵਾਜ਼ ਵੀ ਬੁਲਬੁਲ ਦੇ ਗੀਤ ਨਾਲੋਂ ਮਿੱਠੀ ਲੱਗ ਰਹੀ ਸੀ।


ਏਨੀ ਮੇਰੀ ਬਾਤ, ਉਤੋਂ ਪੈ ਗਈ ਰਾਤ!

ਹੁਣ ਤੁਸੀਂ ਵੇਖਿਆ ਹੈ ਕਿ ਘੁਮੰਡ ਨਹੀਂ ਕਰਨਾ ਚਾਹੀਦਾ, ਦੋਸਤਾਂ ਦੀ ਮਦਦ ਤੋਂ ਇਨਕਾਰ ਨਹੀਂ ਕਰਨਾ ਚਾਹੀਦਾ, ਜਦੋਂ ਉਹ ਸੱਚੇ ਦਿਲੋਂ ਮਦਦ ਕਰਨੀ ਚਾਹੁੰਦੇ ਹੋਣ। ਤੁਸੀਂ ਇਹ ਵੀ ਸਮਝ ਗਏ ਹੋਵੋਗੇ ਕਿ ਸੁਹਣੀਆਂ ਸ਼ਕਲਾਂ ਵਾਲਿਆਂ ਦੇ ਦਿਲ ਹਮੇਸ਼ਾ ਨੇਕ ਨਹੀਂ ਹੁੰਦੇ। ਤੁਹਾਨੂੰ ਇਹ ਵੀ ਪਤਾ ਹੈ ਕਿ ਖੋਤੇ ਦਾ ਹਿਣਕਣਾ ਵੀ ਕਦੀ ਕਦੀ ਬੁਲਬੁਲ ਦੇ ਗੀਤ ਨਾਲੋਂ ਪਿਆਰਾ ਲਗਦਾ ਹੈ।

ਇਹ ਇਕ ਪੁਰਾਣੀ ਪਰੀ-ਕਥਾ ਹੈ ਤੇ ਪਰੀ-ਕਥਾ ਹਮੇਸ਼ਾ ਸੱਚੀ ਹੁੰਦੀ ਹੈ। ਮੈਂ ਇਸ ਨੂੰ ਆਪ ਨਹੀਂ ਘੜਿਆ, ਮੈਂ ਇਸ ਨੂੰ ਬਜ਼ੁਰਗਾਂ ਕੋਲੋਂ ਸੁਣਿਆ ਹੈ, ਜਿਹੜੇ ਮੇਰੇ ਨਾਲੋਂ ਵੀ ਬਿਰਧ ਹਨ।



ਧਰਤੀ–ਗੁਲਾਕ ਤੇ ਦਰਵੇਸ਼



ਸੂਰਜ ਸਵੇਰ ਤੋਂ ਹੀ ਧਰਤੀ ਨੂੰ ਝੁਲਸਾਉਣ ਲੱਗ ਪਿਆ ਸੀ। ਪੰਛੀ ਠੰਡੇ ਖੂਹਾਂ ਵੱਲ ਉੱਡ ਗਏ ਸਨ। ਇਥੋਂ ਤਕ ਕਿ ਕਿਰਲੇ ਵੀ ਪੱਥਰਾਂ ਥੱਲੇ ਲੁਕ ਗਏ ਸਨ। ਪਰ ਕਿਸਾਨਾਂ ਨੇ ਕੋਈ ਵੀ ਓਟ ਨਹੀਂ ਲਈ ਸੀ। ਉਹ ਸਵੇਰ ਤੋਂ ਸ਼ਾਮ ਤਕ ਖੇਤਾਂ ਵਿਚ ਲੱਕ–ਤੋੜਵੀਂ ਮਿਹਨਤ ਕਰਦੇ ਰਹੇ ਤੇ ਧੁੱਪ ਉਹਨਾਂ ਨੂੰ ਝੁਲਸਾਉਂਦੀ ਰਹੀ।

ਧਰਤੀ ਆਪਣੇ ਅੱਬਾ ਨਾਲ ਮਿਲ ਕੇ ਸਵੇਰ ਤੋਂ ਹੀ ਕਪਾਹ ਦੇ ਖੇਤ ਨੂੰ ਸਿੰਜਦਾ ਰਿਹਾ ਸੀ ਤੇ ਉਹ ਬੜਾ ਹੀ ਥੱਕ ਗਿਆ ਸੀ ਕਿਉਂਕਿ ਇਹ ਕੋਈ ਸੌਖਾ ਕੰਮ ਨਹੀਂ ਸੀ। ਸਿਆਣਿਆਂ ਨੇ ਇਹ ਐਵੇਂ ਨਹੀਂ ਆਖਿਆ:
"ਸਿੰਜਣ ਘੱਲੀਏ ਖੇਤ, ਜਾਣੀਏ ਆਲਸ ਦਾ ਭੇਤ!"

ਉਹ ਤਰਕਾਲੀਂ ਦੇਰ ਤਕ ਕੰਮ ਕਰਦੇ ਰਹੇ ਤੇ ਜਦੋਂ ਸੂਰਜ ਨੇ ਦੁਮੇਲ ਨੂੰ ਜਾ ਛੁਹਿਆ ਤਾਂ ਬਜ਼ੁਰਗ ਨੇ ਆਖਿਆ:

"ਅਸੀਂ ਬਥੇਰੀ ਮਿਹਨਤ ਕਰ ਲਈ, ਪੁਤਰਾ, ਆ ਘਰ ਚੱਲੀਏ ਤੇ ਰੱਜ ਕੇ ਚਾਹ ਪੀਵੀਏ।"

ਧਰਤੀ ਨੇ ਨਾਲੇ ਵਿਚ ਹੱਥ ਧੋਤੇ ਅਤੇ ਆਪਣੀ ਛੋਟੀ ਜਿਹੀ ਕਹੀ ਮੋਢੇ ਉਤੇ ਧਰੀ ਤੇ ਆਪਣੇ ਅੱਬਾ ਦੇ ਪਿਛੇ ਪਿਛੇ ਤੁਰ ਪਿਆ। ਅੱਬਾ ਗਾ ਰਿਹਾ ਸੀ ਤੇ ਧਰਤੀ ਵੀ ਉਹਦੇ ਨਾਲ ਹੀ ਗਾਉਣ ਲੱਗ ਪਿਆ:

ਪਹਾੜਾਂ ਦੀਆਂ ਚੋਟੀਆਂ ਦੀ ਬਰਫ਼ ਹੈ ਚਿੱਟੀ,
ਪਰ ਕਪਾਹ ਦੀਆਂ ਫੁੱਟੀਆਂ ਹੋਰ ਵੀ ਚਿੱਟੀਆਂ,
ਕਬੂਤਰ ਦਾ ਖੰਭ ਹੋਵੇ ਹਲਕਾ
ਪਰ ਕਪਾਹ ਦੀ ਫੁੱਟੀ ਹੋਰ ਵੀ ਹਲਕੀ।
ਕਪਾਹ ਸਾਨੂੰ ਹੈ ਕਪੜੇ ਦਿੰਦੀ,
ਕਪਾਹ ਸਾਨੂੰ ਹੈ ਖਾਣਾ ਦਿੰਦੀ,
ਉਸ ਬੰਦੇ ਦੀ ਮਹਿਮਾ ਹੋਵੇ,
ਜੋ ਖੇਤਾਂ ਵਿਚ ਕਪਾਹ ਉਗਾਵੇ...

ਗੀਤ ਮੁੱਕ ਗਿਆ ਤੇ ਪੈਂਡਾ ਵੀ ਮੁੱਕ ਗਿਆ। ਪਿਤਾ ਤੇ ਪੁਤਰ ਘਰ ਪਹੁੰਚ ਗਏ ਸਨ।
ਮਾਂ ਉਹਨਾਂ ਨੂੰ ਅੱਗੋਂ ਹੋ ਕੇ ਮਿਲੀ ਤੇ ਕਿਹਾ:
"ਛੇਤੀ ਛੇਤੀ ਬੈਠ ਜਾਓ। ਖਾਣਾ ਤਿਆਰ ਏ।"

ਬਜ਼ੁਰਗ ਤੇ ਮੁੰਡੇ ਨੇ ਵਿਹੜੇ ਵਿਚ ਨਮਦਾ ਵਿਛਾ ਲਿਆ, ਉਸ ਉਤੇ ਚਿੱਟੀ ਚਾਦਰ ਵਿਛਾਈ ਤੇ ਉਡੀਕਣ ਲੱਗੇ ਕਿ ਬੁਢੜੀ ਕਦੋਂ ਉਹਨਾਂ ਨੂੰ ਘੋਟਵਾਂ ਕੱਦੂ ਦਿੰਦੀ ਹੈ। ਪਰ ਉਸ ਦਿਨ ਸ਼ਾਮ ਦੇ ਖਾਣੇ ਲਈ ਬੁਢੜੀ ਨੇ ਘੋਟਵਾਂ ਕੱਦੂ ਨਹੀਂ ਸਗੋਂ ਲਪਟਾਂ ਛਡਦਾ ਥਿੰਦਾ ਪਲਾਓ ਬਣਾਇਆ ਸੀ। ਉਸ ਨੇ ਮੁਸਕ੍ਰਾਉਂਦਿਆਂ ਘਰ ਦੇ ਮਾਲਕ ਅੱਗੇ ਪਲਾਓ ਨਾਲ ਭਰੀ ਇਕ ਥਾਲੀ ਰੱਖੀ ਜਿਸ ਉਤੇ ਭੇਡੂ ਦੇ ਭੁੰਜੇ ਹੋਏ ਮਾਸ ਦੇ ਟੁਕੜੇ ਪਰੋਸੇ ਹੋਏ ਸਨ। ਤਦ ਬੁਢੜੀ ਨੇ ਬੜੇ ਹੀ ਪਿਆਰ ਨਾਲ ਆਖਿਆ:

"ਜਿਸ ਨੇ ਮਿਹਨਤ ਕੀਤੀ ਏ ਉਹ ਆਰਾਮ ਵੀ ਕਰ ਸਕਦੈ। ਅੱਜ ਤੁਸੀਂ ਬੜਾ ਕੰਮ ਕੀਤੈ ਤੇ ਤੁਹਾਨੂੰ ਚੰਗਾ ਖਾਣਾ ਖਾਣ ਦਾ ਹੱਕ ਏ। ਮੈਂ ਆਪਣੀ ਗੁਆਂਢਣ ਕੋਲੋਂ ਉੱਨ ਦੇ ਇਕ ਗੋਲੇ ਬਦਲੇ ਭੇਡੂ ਦੇ ਚਰਬੀ ਵਾਲੇ ਮਾਸ ਦਾ ਇਕ ਟੁਕੜਾ ਲੈ ਲਿਆ ਤੇ ਸਵਾਦੀ ਪਲਾਓ ਦਾ ਪੂਰਾ ਪਤੀਲਾ ਤਿਆਰ ਕੀਤੈ।"

ਯਰਤੀ ਤੇ ਅੱਬਾ ਨੇ ਬਾਂਹਵਾਂ ਕੁੰਜੀਆਂ, ਰੋਟੀਆਂ ਉਤੇ ਲੱਸਣ ਰਗੜਿਆ ਅਤੇ ਪੀਲੇ ਤੇ ਚਰਬੀ ਨਾਲ ਫਣਫਣੇ ਬਣੇ ਪਲਾਓ ਦੀ ਬੁਰਕੀ ਮੂੰਹ ਵਿਚ ਪਾਉਣ ਹੀ ਲੱਗੇ ਸਨ ਕਿ ਅਚਾਨਕ ਕੰਧ ਦੇ ਪਿਛੋਂ ਗਿਲੇ-ਭਰੀ ਤਿੱਖੀ ਆਵਾਜ਼ ਆਈ:

"ਅੱਲਾ ਦੇ ਨਾਂ ਉਤੇ ਦਰਵਾਜ਼ਾ ਖੋਲ੍ਹ ਦਿਓ ਤੇ ਵਿਚਾਰੇ ਪਾਂਧੀਆਂ ਨੂੰ ਘਰ ਅੰਦਰ ਆ ਲੈਣ ਦਿਓ, ਜਿਹੜੇ ਤੁਹਾਡੇ ਦਰ 'ਤੇ ਆ ਕੇ ਭੁੱਖ ਨਾਲ ਤੜਪ ਰਹੇ ਨੇ।"

ਬੁਢੜੀ ਇਕਦਮ ਉੱਠੀ ਤੇ ਫਾਟਕ ਚੁਪਟ ਖੋਲ੍ਹ ਕੇ, ਦਸਤੂਰ ਮੁਤਾਬਕ, ਆਖਿਆ:

"ਆ ਜਾਓ, ਭਲੇ ਲੋਕੋ। ਅਜ ਤਕ ਕੋਈ ਵੀ ਜੀਅ ਸਾਡੇ ਦਰ ਤੋਂ ਭੁੱਖਾ-ਭਾਣਾ ਨਹੀਂ ਗਿਆ।"

ਰਾਹੀ ਅੰਦਰ ਆ ਗਏ। ਇਹ ਦੋ ਮੋਟੇ ਦਰਵੇਸ਼ ਸਨ। ਉਹਨਾਂ ਦੇ ਗਲ ਪਾਟੀਆਂ ਲੀਰਾਂ ਤੇ ਗੰਦੇ ਥਿੰਦੇ ਚੋਲੇ ਪਏ ਹੋਏ ਸਨ ਜਿਨ੍ਹਾਂ ਦੇ ਦੁਆਲੇ ਕਮਰਬੰਦ ਦੀ ਥਾਂ ਰੱਸੀਆਂ ਬੱਝੀਆਂ ਹੋਈਆਂ ਸਨ। ਘਰ ਦੇ ਮਾਲਕਾਂ ਅੱਗੇ ਸਿਰ ਨਿਵਾਉਣ ਮਗਰੋਂ ਦਰਵੇਸ਼ਾਂ ਨੇ ਨਮਾਜ਼ ਪੜ੍ਹਨੀ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਉਹ ਸੱਦੇ ਦੀ ਉਡੀਕ ਕੀਤੇ ਬਿਨਾਂ ਹੀ ਪਲਾਓ ਨਾਲ ਭਰੇ ਥਾਲ ਲਾਗੇ ਬੈਠ ਗਏ ਅਤੇ ਏਨੀ ਜਲਦੀ ਚਟਮ ਕਰ ਗਏ ਕਿ ਯਰਤੀ ਦੀ ਅੱਖ ਦਾ ਅਜੇ ਇਕ ਪਲਕਾਰਾ ਵੀ ਨਹੀਂ ਵੱਜਿਆ ਸੀ।

ਬਜ਼ੁਰਗ ਨੇ ਹੱਡੀਆਂ ਦੀ ਢੇਰੀ ਵੱਲ ਵੇਖਿਆ, ਜਿਹੜੀਆਂ ਸਵਾਦੀ ਖਾਣੇ ਵਿਚੋਂ ਬਚੀਆਂ ਸਨ, ਤੇ ਉਸ ਦਾ ਹਾਉਕਾ ਨਿਕਲ ਗਿਆ। ਪਰ ਇਕ ਅਖਾਣ ਹੈ: "ਚਾਹ ਦਾ ਆਖਰੀ ਟੇਪਾ ਵੀ ਮਹਿਮਾਨ ਨੂੰ ਪਿਲਾਓ!" ਘਰ ਦੇ ਮਾਲਕ ਨੇ ਆਪਣੇ ਕਮਰਬੰਦ ਨਾਲੋਂ ਚਮੜੇ ਦੀ ਇਕ ਛੋਟੀ ਜਿਹੀ ਗੁੱਥੀ ਲਾਹੀ, ਜਿਸ ਵਿਚ ਉਸ ਦੀ ਮਨਪਸੰਦ ਚਾਹ-ਪੱਤੀ ਸੀ। ਮਹਿਮਾਨ ਦੀ ਸੇਵਾ ਤੇ ਇੱਜ਼ਤ ਕਰਨਾ ਮੇਜ਼ਬਾਨ ਦਾ ਫ਼ਰਜ਼ ਹੈ।

ਜਦੋਂ ਮਹਿਮਾਨਾਂ ਨੇ ਰੱਜ ਕੇ ਖਾ ਪੀ ਲਿਆ ਤਾਂ ਮੇਜ਼ਬਾਨਾਂ ਨੇ ਉਹਨਾਂ ਨੂੰ ਆਪਣੀਆਂ ਰਜ਼ਾਈਆਂ ਦੇ ਕੇ ਕਿਬੀਤਕਾ ਦੇ ਅੰਦਰ ਸੰਵਾ ਦਿੱਤਾ ਤੇ ਆਪ ਵਿਹੜੇ ਵਿਚ ਛਕੜੇ ਦੇ ਹੇਠਾਂ ਲੰਮੇ ਪਏ ਸਾਰੀ ਰਾਤ ਠੰਡ ਨਾਲ ਕੰਬਦੇ ਰਹੇ।

ਅਗਲੀ ਸਵੇਰ ਬਜ਼ੁਰਗ ਤੇ ਯਰਤੀ ਫਿਰ ਕਪਾਹ ਵਾਲੇ ਖੇਤ ਵਿਚ ਕੰਮ ਕਰਨ ਚਲੇ ਗਏ ਤੇ ਬੁਢੜੀ ਮਹਿਮਾਨਾਂ ਦੇ ਕੁਰਤੇ ਤੇ ਗੰਦੇ ਥਿੰਦੇ ਚੋਲੇ ਧੋਣ ਲੱਗ ਪਈ।

ਅਗਲੇ ਦਿਨ, ਤੇ ਉਸ ਤੋਂ ਅਗਲੇਰੇ ਦਿਨ ਵੀ ਇੰਜ ਹੀ ਹੋਇਆ: ਯਰਤੀ ਸਵੇਰ ਤੋਂ ਲੈ ਕੇ ਤਰਕਾਲਾਂ ਤਕ ਆਪਣੇ ਮਾਪਿਆਂ ਨਾਲ ਮਿਲ ਕੇ ਕੰਮ ਕਰਦਾ ਰਹਿੰਦਾ ਜਦਕਿ ਦੋ ਮੋਟੇ ਦਰਵੇਸ਼ ਖਾਂਦੇ, ਪੀਂਦੇ ਤੇ ਸੁੱਤੇ ਹੀ ਰਹਿੰਦੇ, ਤੀਲਾ ਤੋੜ ਕੇ ਵੀ ਦੂਹਰਾ ਨਾ ਕਰਦੇ। ਜਦੋਂ ਬੁਢੜੀ ਉਹਨਾਂ ਨੂੰ ਦੱਸਣ ਲੱਗੀ ਕਿ ਕਿਸਾਨ ਦੀ ਜ਼ਿੰਦਗੀ ਬੜੀ ਮੁਸ਼ਕਲ ਹੁੰਦੀ ਹੈ ਤਾਂ ਉਹ ਬੜੇ ਲਾਡ ਨਾਲ ਕਹਿਣ ਲੱਗੇ:

"ਤੂੰ ਚਿੰਤਾ ਨਾ ਕਰ, ਸੁਆਣੀਏ, ਅੱਲਾ ਤੈਨੂੰ ਭਾਗ ਲਾਏਗਾ।"

ਉਹ ਵਿਹੜੇ ਵਿਚਕਾਰ ਵਿਛੇ ਗਲੀਚੇ ਉਤੇ ਬੈਠੇ ਝੂਮਦੇ ਹੋਏ ਗਾਉਣ ਲੱਗੇ ਰਹਿੰਦੇ।

ਚੌਥੇ ਤੇ ਪੰਜਵੇਂ ਦਿਨ ਵੀ ਇੰਜ ਹੀ ਹੋਇਆ।

ਅੰਤ ਵਿਚ ਯਰਤੀ ਨੇ ਆਪਣੀ ਮਾਂ ਨੂੰ ਆਖਿਆ:

"ਐਦਜੇ-ਜਾਨ, ਤੁਸੀਂ ਇਹਨਾਂ ਲੁਟੇਰਿਆਂ ਨੂੰ ਘਰੋਂ ਕੱਢਦੇ ਕਿਉਂ ਨਹੀਂ? ਅਸੀਂ ਹੋਰ ਕਦ ਤਕ ਇਹਨਾਂ ਨੂੰ ਖੁਆਉਂਦੇ ਰਹਾਂਗੇ, ਜਦਕਿ ਸਾਡਾ ਆਪਣਾ ਗੁਜ਼ਾਰਾ ਮਸਾਂ ਮਸਾਂ ਹੁੰਦੈ?"

"ਤੂੰ ਇਹ ਕੀ ਆਖਦੈਂ, ਪੁਤਰਾ!" ਜਵਾਬ ਵਿਚ ਬੁਢੜੀ ਨੇ ਫੁਸਰ ਫੁਸਰ ਕੀਤਾ। "ਮਹਿਮਾਨਾਂ, ਖਾਸ ਕਰਕੇ ਦਰਵੇਸ਼ਾਂ, ਨੂੰ ਘਰੋਂ ਕੱਢਿਆ ਜਾ ਸਕਦੈ, ਭਲਾ? ਜੇ ਅਸੀਂ ਇੰਜ ਕੀਤਾ ਤਾਂ ਮੁੱਲਾਂ ਸਾਨੂੰ ਕਦੀ ਵੀ ਮਾਫ਼ ਨਹੀਂ ਕਰੇਗਾ: ਇਹ ਪੀਰ ਜੁ ਹੋਏ!"

ਦਰਵੇਸ਼ ਖਾ ਖਾ ਕੇ ਹੋਰ ਮੋਟੇ ਹੋ ਗਏ, ਉਹਨਾਂ ਦੇ ਮੂੰਹਾਂ ਉਤੇ ਲਾਲੀ ਆ ਗਈ। ਪੰਜਵੇਂ ਦਿਨ ਉਹਨਾਂ ਨੇ ਮੇਜ਼ਬਾਨਾਂ ਨੂੰ ਕਿਹਾ:

"ਖੁਸ਼ ਹੋਵੋ, ਮੋਮਨੋਂ! ਅੱਜ ਅਸੀਂ ਸਾਰੀ ਰਾਤ ਨਮਾਜ਼ ਪੜ੍ਹਦੇ ਰਹੇ ਹਾਂ ਤੇ ਸਾਨੂੰ ਅੱਲਾ ਦੀ ਰਜ਼ਾ ਦਾ ਪਤਾ ਲੱਗਾ ਏ। ਉਸ ਨੇ ਸਾਨੂੰ ਹੁਕਮ ਫ਼ਰਮਾਇਆ ਹੈ ਕਿ ਅਸੀਂ ਸਦਾ ਵਾਸਤੇ ਇਥੇ ਹੀ ਰਹਿ ਜਾਈਏ, ਇਸ ਲਈ, ਤੁਹਾਡੇ ਘਰ ਉਤੇ ਹੁਣ ਅੱਲਾ ਦੀਆਂ ਮਿਹਰਾਂ ਨੇ। ਅਸੀਂ ਹਰ ਸਵੇਰ ਤੇ ਸ਼ਾਮ ਤੁਹਾਡੀ ਤੰਦਰੁਸਤੀ ਲਈ ਪਾਕ ਕਿਤਾਬ—ਕੁਰਾਨ—ਵਿਚੋਂ ਆਇਤਾਂ ਪੜ੍ਹਿਆ ਕਰਾਂਗੇ।"

ਇੰਜ, ਦਰਵੇਸ਼ ਯਰਤੀ-ਗੁਲਾਕ ਦੇ ਮਾਪਿਆਂ ਦੇ ਘਰ ਵਿਚ ਹੀ ਰਹਿਣ ਲੱਗ ਪਏ। ਬੁਢੜੀ ਚੁੱਪ ਵੱਟੀ ਰਖਦੀ। ਬਜ਼ੁਰਗ ਹਾਉਕੇ ਭਰਦਾ ਰਹਿੰਦਾ ਤੇ ਆਪਣੇ ਨਿੱਕੇ ਜਿਹੇ ਪੁੱਤਰ ਦੇ ਕੰਨਾਂ ਵਿਚ ਫੁਸਰ ਫੁਸਰ ਕਰਦਾ:

"ਅਸੀਂ ਕੀ ਕਰ ਸਕਦੇ ਹਾਂ, ਪੁਤਰਾ? ਕਿਸਾਨ ਦੀ ਕਿਸਮਤ ਵਿਚ ਇਹੋ ਹੀ ਲਿਖਿਆ ਏ। ਜੋ ਕੁਝ ਖ਼ਾਨ ਕੋਲੋਂ ਬਚਿਆ ਰਹਿ ਜਾਂਦਾ ਉਹ ਬਾਈ ਹੜੱਪ ਜਾਂਦੈ। ਤੇ ਜੋ ਕੁਝ ਬਾਈ ਨਹੀਂ ਲੈਂਦਾ ਉਹ ਅੱਲਾ ਦੇ ਪੀਰ ਲੈ ਲੈਂਦੇ ਨੇ। ਇੰਜ ਮੁੱਢ-ਕਦੀਮ ਤੋਂ ਹੀ ਹੁੰਦਾ ਆਇਐ। ਅਸੀਂ ਵੀ ਤੇਰੀ ਮਾਂ ਸਮੇਤ ਇਸੇ ਤਰ੍ਹਾਂ ਦਾ ਜੀਵਨ ਬਤੀਤ ਕਰ ਰਹੇ ਹਾਂ।"

ਯਰਤੀ ਨੂੰ ਆਪਣੇ ਬਜ਼ੁਰਗ ਪਿਤਾ ਉਤੇ ਏਨਾ ਤਰਸ ਆਇਆ ਕਿ ਉਸ ਦਾ ਰੋਣ ਨਿਕਲ ਚੱਲਿਆ ਸੀ।

"ਜੇ ਦਰਵੇਸ਼ ਸਰਦੀਆਂ ਤਕ ਇਥੇ ਹੀ ਰਹੇ ਤਾਂ ਅੱਬਾ ਤੇ ਐਦਜੇ ਭੁੱਖ ਤੇ ਠੰਡ ਨਾਲ ਹੀ ਮਰ ਜਾਣਗੇ!" ਮੁੰਡੇ ਨੇ ਇੰਜ ਸੋਚਿਆ ਅਤੇ ਆਪਣੇ ਘਰ ਵਿਚੋਂ ਬਿਨਾਂ-ਸੱਦੇ ਮਹਿਮਾਨਾਂ ਨੂੰ ਹਰ ਹਾਲਤ ਵਿਚ ਕੱਢ ਦੇਣ ਦਾ ਫ਼ੈਸਲਾ ਕੀਤਾ। ਪਰ ਉਸ ਨੂੰ ਅਜੇ ਪਤਾ ਨਹੀਂ ਸੀ ਕਿ ਇੰਜ ਕੀਤਾ ਕਿਵੇਂ ਜਾਵੇ।

ਯਰਤੀ ਦੇਰ ਤਕ ਸੋਚਦਾ ਰਿਹਾ। ਜਦੋਂ ਉਹ ਝੁਲਸਾਂਦੀ ਧੁੱਪ ਵਿਚ ਪੈਲੀ ਵਿਚ ਕੰਮ ਕਰਦਾ ਤਾਂ ਵੀ ਸੋਚਦਾ, ਘਰ ਵਿਚ ਖੋਤੇ ਤੇ ਊਠ ਨੂੰ ਪਾਣੀ ਪਿਲਾਉਣ ਵਿਚ ਆਪਣੇ ਅੱਬਾ ਦੀ ਮਦਦ ਕਰਨ ਲੱਗਿਆਂ ਵੀ ਸੋਚਦਾ ਤੇ ਰਾਤ ਨੂੰ ਵੀ ਸੋਚਦਾ ਰਹਿੰਦਾ, ਤੇ ਆਖਿਰਕਾਰ, ਉਸ ਨੂੰ ਇਕ ਤਰਕੀਬ ਸੁੱਝ ਗਈ।

ਇਕ ਵਾਰੀ, ਮੱਸਿਆ ਦੀ ਰਾਤ ਵੇਲੇ, ਜਦੋਂ ਦਰਵੇਸ਼ ਚੰਗੀ ਤਰ੍ਹਾਂ ਖਾ ਪੀ ਕੇ ਨਿੱਘੇ ਕਿਬੀਤਕਾ ਵਿਚ ਸੁੱਤੇ ਹੋਏ ਘੁਰਾੜੇ ਮਾਰ ਰਹੇ ਸਨ ਤਾਂ ਯਰਤੀ ਛਕੜੇ ਹੇਠੋਂ ਨਿਕਲਿਆ ਤੇ ਚੋਰ-ਪੈਰੀਂ ਦਰਵੇਸ਼ਾਂ ਲਾਗੇ ਚਲਿਆ ਗਿਆ। "ਪੀਰ" ਏਨੀ ਗੂੜ੍ਹੀ ਨੀਂਦ ਸੁਤੇ ਹੋਏ ਸਨ ਕਿ ਉਹਨਾਂ ਨੂੰ ਕੁਝ ਵੀ ਸੁਣਾਈ ਨਾ ਦਿੱਤਾ। ਯਰਤੀ ਨੇ ਇਕ ਡੋਰੀ ਫੜੀ ਤੇ ਦੋਹਾਂ ਭਰਮਣਕਾਰੀ ਸਾਧੂਆਂ ਦੀਆਂ ਲੰਮੀਆਂ ਦਾੜ੍ਹੀਆਂ ਘੁਟ ਕੇ ਬੰਨ੍ਹ ਦਿੱਤੀਆਂ।

"ਠਹਿਰੋ ਜ਼ਰਾ, ਵਿਹਲੜੋ!" ਮੁੰਡੇ ਨੇ ਉਹਨਾਂ ਨੂੰ ਮੁਕੀ ਵਿਖਾਈ। "ਮੈਂ ਬੇਗਾਨਾ ਅੰਨ ਖਾਣ ਦੀ ਤੁਹਾਡੀ ਆਦਤ ਹਟਾਉਦਾਂ!"

ਏਨਾ ਕਹਿ ਕੇ ਯਰਤੀ ਨੇ ਇਕ ਲੰਮੀ ਜਿਹੀ ਕਾਨੀ ਫੜੀ ਤੇ ਇਸ ਨਾਲ ਇਕ ਦਰਵੇਸ਼ ਦੀਆਂ ਨਾਸਾਂ ਵਿਚ ਜਲੂਹਣ ਕਰਨ ਲੱਗ ਪਿਆ। ਮੋਟੇ ਦਰਵੇਸ਼ ਨੇ ਛਿੱਕ ਮਾਰੀ, ਦੂਜੀ ਵੱਖੀ ਪਰਨੇ ਹੋ ਗਿਆ ਤੇ ਫਿਰ ਘੁਰਾੜੇ ਮਾਰਨ ਲੱਗ ਪਿਆ। ਤਦ ਯਰਤੀ ਹੌਲੀ ਜਿਹੀ ਦੂਜੇ ਦਰਵੇਸ਼ ਕੋਲ ਗਿਆ। ਦੂਜੇ ਦਰਵੇਸ਼ ਨੇ ਕਾਨੀ ਨੂੰ ਇੰਜ ਲਾਂਭੇ ਧੱਕਿਆ ਜਿਵੇਂ ਮੱਖੀ ਉਡਾਈਦੀ ਹੈ, ਪਰ ਯਰਤੀ ਡਟਿਆ ਰਿਹਾ ਤੇ ਉਸ ਦੀਆਂ ਨਾਸਾਂ ਵਿਚ ਓਦੋਂ ਤਕ ਕੁਤਕੁਤੀਆਂ ਕੱਢਦਾ ਰਿਹਾ ਜਦ ਤਕ ਕਿ ਦਰਵੇਸ਼ ਜਾਗ ਨਾ ਪਿਆ। ਦਰਵੇਸ਼ ਨੇ ਅੱਖਾਂ ਖੋਲ੍ਹੀਆਂ, ਸਿਰਹਾਣਿਆਂ ਉਤੇ ਬੈਠ ਗਿਆ ਤੇ ਉਬਾਸੀਆਂ ਲੈਣ ਲੱਗ ਪਿਆ। ਫਿਰ ਉਸ ਨੇ ਨਿੱਘੀ ਰਜ਼ਾਈ ਵਗਾਹ ਕੇ ਸੁਟੀ ਤੇ ਕਿਬੀਤਕਾ ਵਿਚੋਂ ਬਾਹਰ ਨਿਕਲ ਕੇ ਇਹ ਪਤਾ ਕਰਨ ਦਾ ਫੈਸਲਾ ਕੀਤਾ ਕਿ ਨਾਸ਼ਤਾ ਕਰਨ ਦਾ ਵੇਲਾ ਅਜੇ ਹੋਇਆ ਸੀ ਕਿ ਨਹੀਂ। ਪਰ ਦਰਵੇਸ਼ ਜਿਉਂ ਹੀ ਉਠਿਆ, ਉਸ ਨੂੰ ਜਾਪਿਆ ਕਿ ਕਿਸੇ ਨੇ ਉਸ ਦੀ ਦਾੜ੍ਹੀ ਫੜੀ ਹੋਈ ਹੈ। ਦਰਵੇਸ਼ ਨੂੰ ਗੁੱਸਾ ਚੜ੍ਹ ਗਿਆ ਤੇ ਉਹ ਆਪਣੇ ਸਾਥੀ ਉਤੇ ਕੜਕਣ ਲੱਗਾ:

"ਓਇ ਤੂੰ, ਬੁੱਢਿਆ ਊਠਾ, ਛੱਡ ਦੇ! ਤੂੰ ਮੇਰੀ ਦਾੜ੍ਹੀ ਕਿਉਂ ਫੜੀ ਹੋਈ ਏ?"

ਦੂਜਾ ਦਰਵੇਸ਼ ਵੀ ਜਾਗ ਪਿਆ ਤੇ ਭੁੜਕ ਕੇ ਉੱਠਿਆ। ਉਸ ਨੇ ਉਸੇ ਵੇਲੇ ਆਪਣੀ ਦਾੜ੍ਹੀ ਨੂੰ ਹੱਥ ਪਾਇਆ ਤੇ ਪੀੜ ਨਾਲ ਚੀਕ ਪਿਆ।

"ਤੇਰਾ ਬੇੜਾ ਗਰਕ! ਤੂੰ ਮੇਰੀ ਅੱਧੀ ਦਾੜ੍ਹੀ ਪੁੱਟ ਦਿੱਤੀ ਏ ਜਿਸ ਦੇ ਇਕ ਇਕ ਵਾਲ ਉਤੇ ਫਰਿਸ਼ਤਾ ਲਟਕਿਆ ਹੋਇਐ!"

"ਬਦਮਾਸ਼ਾ!" ਪਹਿਲਾ ਦਰਵੇਸ਼ ਕੂਕਿਆ। "ਮੈਂ ਤੇਰੀ ਨਹੀਂ, ਤੂੰ ਮੇਰੀ ਦਾੜ੍ਹੀ ਪੁੱਟੀ ਏ! ਮੈਂ ਤੈਨੂੰ ਕਦੀ ਮਾਫ਼ ਨਹੀਂ ਕਰਾਂਗਾ!"

ਇਹ ਕਹਿੰਦਿਆਂ ਉਸ ਨੇ ਆਪਣੇ ਸਾਥੀ ਦੀ ਮੋਟੀ ਵੱਖੀ ਵਿਚ ਏਨੇ ਜ਼ੋਰ ਦੀ ਘਸੁੰਨ ਮਾਰਿਆ ਕਿ ਦੋਵੇਂ ਹੀ ਰਜ਼ਾਈ ਉਤੇ ਡਿਗ ਪਏ। ਉਹ ਇਕ ਦੂਜੇ ਨੂੰ ਪੂਰੇ ਜ਼ੋਰ ਨਾਲ ਕੁੱਟਦੇ ਹੋਏ ਭੁੰਜੇ ਹੀ ਇਧਰ ਉਧਰ ਰਿੜ੍ਹ ਰਹੇ ਸਨ।

ਰੌਲਾ ਗੌਲਾ ਸੁਣ ਕੇ ਬਜ਼ੁਰਗ ਨੱਸਾ ਨੱਸਾ ਆਇਆ। ਹਨੇਰੇ ਵਿਚ ਉਸ ਨੂੰ ਪਤਾ ਹੀ ਨਾ ਲੱਗਾ ਕਿ ਕੀ ਹੋ ਰਿਹਾ ਸੀ। ਉਸ ਨੇ ਸੋਚਿਆ ਕਿ ਕਿਬੀਤਕਾ ਵਿਚ ਚੋਰ ਆ ਵੜੇ ਸਨ ਅਤੇ ਉਹਨਾਂ ਨੇ ਪਤਵੰਤੇ ਮਹਿਮਾਨਾਂ ਉਤੇ ਹਮਲਾ ਕਰ ਦਿੱਤਾ ਸੀ। ਬਜ਼ੁਰਗ ਨੇ ਡਾਂਗ ਫੜ੍ਹ ਲਈ ਤੇ ਹੁੱਲੜਬਾਜ਼ਾਂ ਦੇ ਚੌੜੇ ਪਿੰਡਿਆਂ ਨੂੰ ਝੰਬਣ ਲੱਗ ਪਿਆ। ਯਰਤੀ ਵੀ ਵਿਹਲਾ ਨਹੀਂ ਬੈਠਾ ਹੋਇਆ ਸੀ। ਉਹ ਭੁੜਕ ਕੇ ਕੰਧ ਉਤੇ ਚੜ੍ਹ ਗਿਆ ਤੇ ਸੰਘ ਪਾੜ ਪਾੜ ਕੇ ਰੌਲਾ ਪਾਉਣ ਲੱਗ ਪਿਆ:

"ਓਇ, ਗੁਆਂਢੀਓ! ਸਾਡੀ ਮਦਦ ਕਰੋ! ਸਾਡੇ ਘਰ ਲੁਟੇਰੇ ਆ ਵੜੇ ਨੇ ਤੇ ਸਾਡੇ ਸਾਧੂ-ਮਹਿਮਾਨਾਂ ਨੂੰ ਮਾਰ ਦੇਣ ਲੱਗੇ ਨੇ! ਜੇ ਤੁਸੀਂ ਨਾ ਆਏ ਤਾਂ ਤੁਹਾਡੇ ਉਤੇ ਅੱਲਾ ਦਾ ਕਹਿਰ ਢਹਿ ਪੈਣੈ!"

ਉਸ ਨੇ ਰੌਲਾ ਪਾ ਪਾ ਕੇ ਪਿੰਡ ਦੇ ਸਾਰੇ ਲੋਕਾਂ ਨੂੰ ਜਗਾ ਦਿੱਤਾ। ਊਠ ਅੜਾਉਣ ਲੱਗੇ, ਖੋਤੇ ਹਿਣਕਣ ਲੱਗੇ, ਕੁੱਤੇ ਉੱਚੀ ਉੱਚੀ ਭੌਂਕਣ ਲੱਗੇ, ਅਤੇ ਬਜ਼ੁਰਗਾਂ ਦੇ ਘਰ ਸਾਰੇ ਪਾਸਿਆਂ ਤੋਂ ਗੁਆਂਢੀ ਦੌੜਦੇ ਹੋਏ ਆਉਣ ਲੱਗੇ, ਜਿਨ੍ਹਾਂ ਨੇ ਹੱਥਾਂ ਵਿਚ ਕੋਈ ਨਾ ਕੋਈ ਹਥਿਆਰ ਫੜਿਆ ਹੋਇਆ ਸੀ: ਕਿਸੇ ਨੇ ਕਹੀ, ਕਿਸੇ ਨੇ ਡਾਂਗ, ਕਿਸੇ ਨੇ ਬੰਦੂਕ।

ਦਰਵੇਸ਼ ਕਿਬੀਤਕਾ ਵਿਚੋਂ ਚਿਰੋਕਣੇ ਬਾਹਰ ਨਿਕਲ ਆਏ ਸਨ ਤੇ ਵਿਹੜੇ ਵਿਚ ਹੀ ਲੜੀ ਜਾ ਰਹੇ ਸਨ।

ਪਿੰਡ ਦੇ ਸਾਰੇ ਕਿਸਾਨ ਹੁਲੜਬਾਜ਼ਾਂ ਉਤੇ ਟੁੱਟ ਪਏ ਅਤੇ ਉਹਨਾਂ ਨੂੰ ਐਸੀ ਤੌਣੀ ਚਾੜ੍ਹੀ ਕਿ ਦਰਵੇਸ਼ ਆਪਣੇ ਮੋਟਾਪੇ ਨੂੰ ਭੁਲ ਕੇ ਘਰ ਵਿਚੋਂ ਦੌੜ ਨਿਕਲੇ ਅਤੇ ਪਿਛਾਂਹ ਮੁੜ ਕੇ ਵੇਖੇ ਬਿਨਾਂ ਰੇਗਿਸਤਾਨ ਵੱਲ ਤੀਰ ਹੋ ਗਏ। ਪਿੰਡ ਦੇ ਸਾਰੇ ਕੁੱਤੇ ਉਹਨਾਂ ਦਾ ਪਿੱਛਾ ਕਰਨ ਲੱਗੇ! ਉਹ ਧਮਕੀ-ਭਰੇ ਲਹਿਜੇ ਵਿਚ ਭੌਂਕ ਰਹੇ ਸਨ ਅਤੇ ਉਹਨਾਂ ਨੇ ਭਗੌੜਿਆਂ ਦੇ ਗਿੱਟਿਆਂ ਨੂੰ ਜਾ ਦਬੋਚਿਆ ਸੀ।

ਉਸ ਦਿਨ ਪਿਤਾ, ਮਾਂ ਤੇ ਯਰਤੀ-ਗੁਲਾਕ ਨੇ ਪੇਟ ਭਰ ਕੇ ਪਲਾਓ ਖਾਧਾ ਤੇ ਜਦੋਂ ਰਾਤ ਪੈ ਗਈ ਤਾਂ ਸੌਣ ਵਾਸਤੇ ਆਪਣੇ ਕਿਬੀਤਕਾ ਦੇ ਅੰਦਰ ਚਲੇ ਗਏ।

ਯਰਤੀ ਨੇ ਅੱਬਾ ਨੂੰ ਆਖਿਆ:

"ਅੱਬਾ-ਜਾਨ, ਤੁਹਾਡਾ ਕੀ ਖ਼ਿਆਲ ਏ, ਹੁਣ ਸਾਰੇ ਦਰਵੇਸ਼ ਸਾਡੇ ਘਰ ਤੋਂ ਕੋਹਾਂ ਦੂਰ ਰਿਹਾ ਕਰਨਗੇ?"

ਅੱਬਾ ਨੇ ਜਵਾਬ ਦਿੱਤਾ:

"ਜਦੋਂ ਤੂੰ ਇਹ ਗੱਲ ਆਖ ਰਿਹਾ ਏਂ ਉਹ ਘੜੀ ਸੁਲੱਖਣੀ ਹੋਵੇ। ਨੇਕ ਜਿੰਨ ਦੀ ਸਾਡੇ ਉਤੇ ਮਿਹਰ ਹੋ ਗਈ ਏ ਤੇ ਅਸੀਂ ਆਫ਼ਤ ਤੋਂ ਬਚ ਗਏ ਹਾਂ।"

ਯਰਤੀ-ਗੁਲਾਕ ਨੇ ਬੜੇ ਆਰਾਮ ਨਾਲ ਉਬਾਸੀ ਲਈ ਅਤੇ ਆਪਣੇ ਉਤੇ ਨਿੱਘੀ ਰਜ਼ਾਈ ਖਿੱਚ ਕੇ ਖ਼ੁਸ਼ ਰੌਂ ਵਿਚ ਪਿਤਾ ਦੇ ਕੰਨ ਵਿਚ ਫੁਸਰ ਫੁਸਰ ਕੀਤਾ:

"ਤੁਸੀਂ ਠੀਕ ਹੀ ਆਖਿਐ, ਅੱਬਾ-ਜਾਨ। ਅੱਜ ਤੁਹਾਡਾ ਨੇਕ ਜਿੰਨ ਆਪਣੇ ਕਿਬੀਤਕਾ ਵਿਚ ਨਰਮ ਗਲੀਚੇ ਉਤੇ ਸੰਵੇਂਗਾ।"

ਇਹ ਗੱਲ ਕਹਿ ਕੇ ਯਰਤੀ ਗੂੜ੍ਹੀ ਨੀਂਦ ਸੌਂ ਗਿਆ।

ਮਾਂ ਨੇ ਸੁੱਤੇ ਹੋਏ ਪੁਤਰ ਵੱਲ ਵੇਖਿਆ ਤੇ ਸਿਰ ਹਿਲਾਇਆ, ਅਤੇ ਅੱਬਾ ਹੱਸਣ ਲੱਗ ਪਿਆ।



ਯਰਤੀ–ਗੁਲਾਕ ਚਾਹਖ਼ਾਨੇ ਵਿਚ



ਜਦੋਂ ਸਿਆਲ ਆ ਗਿਆ ਤੇ ਸੀਤ ਹਵਾਵਾਂ ਰੇਗਿਸਤਾਨ ਵਿਚ ਵਗਣ ਲੱਗੀਆਂ ਤਾਂ ਚਾਹਖ਼ਾਨੇ ਵਿਚ ਕਿਸਾਨਾਂ ਦਾ ਆਉਣਾ ਜਾਣਾ ਵਧ ਗਿਆ। ਚਾਹਖ਼ਾਨਾ ਪਿੰਡ ਦੇ ਬਾਹਰਵਾਰ ਸੀ। ਉਥੇ ਦੇਰ ਰਾਤ ਤਕ ਹਾਸਾ ਮਜ਼ਾਕ ਗੜ੍ਹਕਦਾ ਰਹਿੰਦਾ। ਗਈ ਰਾਤ ਤਕ ਬਜ਼ੁਰਗ ਗੱਲਾਂ 'ਚ ਲੱਗੇ ਰਹਿੰਦੇ ਅਤੇ ਅੱਗ ਸੇਕਦੇ ਰਹਿੰਦੇ। ਉਹ ਕਿਹੜੀ ਗੱਲ ਸੀ ਜਿਹੜੀ ਬਜ਼ੁਰਗਾਂ ਦੇ ਮੂੰਹੋਂ ਸੁਣੀ ਨਾ ਗਈ ਹੋਵੇ ਜਿਨ੍ਹਾਂ ਨੇ ਆਪਣੇ ਜੀਵਨ ਵਿਚ ਸੈਂਕੜੇ ਰਾਹ ਗਾਹੇ ਹੋਏ ਸਨ! ਦੁਤਾਰੇ ਦੀ ਰਸੀਲੀ ਟੁਣਕਾਰ ਦੇ ਨਾਲ ਨਾਲ ਗਭਰੂ ਭਾਂਤ ਭਾਂਤ ਦੇ ਗੀਤ ਗਾਇਆ ਕਰਦੇ ਸਨ! ਜਦ ਤਕ ਨਗ਼ਮੇ ਗਾਏ ਜਾਂਦੇ ਰਹਿੰਦੇ, ਜਦ ਤਕ ਬਾਤਾਂ ਸੁਣਾਈਆਂ ਜਾਂਦੀਆਂ ਰਹਿੰਦੀਆਂ ਤਦ ਤਕ ਚੁੱਲ੍ਹੇ ਵਿਚ ਅੱਗ ਬਲਦੀ ਰਹਿੰਦੀ, ਮਹਿਮਾਨਾਂ ਦਾ ਹੋਰ ਚਾਹ ਪੀਣ ਨੂੰ ਦਿਲ ਕਰਦਾ ਰਹਿੰਦਾ। ਚਾਹਖ਼ਾਨੇ ਦਾ ਖ਼ੁਸ਼ਬਾਸ਼ ਮਾਲਕ ਮਹਿਕਾਂ ਛਡਦੀ ਚਾਹ ਦੀਆਂ ਭਰੀਆਂ ਚਾਹਦਾਨੀਆਂ ਅਤੇ ਵੱਡੇ ਵੱਡੇ ਪਿਆਲਿਆਂ ਵਾਲੀਆਂ ਟ੍ਰੇਆਂ ਲਿਆਉਣ ਦਾ ਕੰਮ ਮਸਾਂ ਮਸਾਂ ਭੁਗਤਾਉਂਦਾ ਸੀ। ਬਾਹਰ ਵਿਹੜੇ ਵਿਚ ਹਵਾ ਝਈਆਂ ਲੈ ਲੈ ਪੈਂਦੀ ਸੀ, ਜਦਕਿ ਪਿਆਲਿਆਂ ਉਤੇ ਪੋਸਤ ਤੇ ਗੁਲਾਬ ਦੇ ਫੁੱਲ ਸੱਜੇ ਹੋਏ ਸਨ ਜਿਹੜੇ ਕਿਸੇ ਦੇ ਹੁਨਰਮੰਦ ਹੱਥ ਨੇ ਬਣਾਏ ਸਨ। ਬਜ਼ੁਰਗਾਂ ਦਾ ਇਹ ਕਹਿਣਾ ਬਿਲਕੁਲ ਠੀਕ ਏ: "ਫੁੱਲ ਨੂੰ ਵੇਖ ਤੇ ਇਹ ਤੇਰੇ ਦਿਲ ਨੂੰ ਨਿੱਘ ਦੇਵੇਗਾ!" ਤੇ ਦਾਨਾਈ ਵਾਲੀ ਇਕ ਹੋਰ ਗੱਲ: "ਅੱਗ ਹੱਥਾਂ ਨੂੰ ਨਿੱਘੀ, ਗੱਲ ਦਿਲਾਂ ਨੂੰ ਨਿੱਘੀ।" ਐਸਾ ਕੋਈ ਵੀ ਨਹੀਂ ਸੀ ਜਿਹੜਾ ਚਾਹਖ਼ਾਨੇ ਵਿਚ ਆ ਕੇ ਅੱਗ ਨਾ ਸੇਕਦਾ ਹੋਵੇ ਤੇ ਮਿਤਰਾਂ ਨਾਲ ਬੈਠ ਕੇ ਖ਼ੁਸ਼ਬੂਦਾਰ ਹਰੀ ਚਾਹ ਦਾ ਭਰਿਆ ਪਿਆਲਾ ਨਾ ਪੀਂਦਾ ਹੋਵੇ।

ਯਰਤੀ–ਗੁਲਾਕ ਦਾ ਬਜ਼ੁਰਗ ਪਿਤਾ ਵੀ ਚਾਹਖ਼ਾਨੇ ਵਿਚ ਆਇਆ ਕਰਦਾ ਸੀ ਤੇ ਆਪਣੇ ਨਿੱਕੇ ਜਿਹੇ ਪੁਤਰ ਨੂੰ ਵੀ ਅਕਸਰ ਨਾਲ ਲਿਆਇਆ ਕਰਦਾ ਸੀ। ਯਰਤੀ–ਗੁਲਾਕ ਨੂੰ ਚਾਹਖ਼ਾਨੇ ਵਿਚ ਚੰਗਾ ਚੰਗਾ ਲਗਦਾ ਸੀ: ਉਹ ਆਪਣੇ ਅੱਬਾ ਦੀ ਤੇਲਪੇਕ—ਭੇਡ ਦੀ ਖੱਲ ਦੀ ਟੋਪੀ—ਉਤੇ ਚੜ੍ਹ ਕੇ ਬੈਠ ਜਾਂਦਾ ਸੀ ਤੇ ਗਭਰੂਆਂ ਦੇ ਨਗ਼ਮੇ ਤੇ ਬਜ਼ੁਰਗਾਂ ਦੀਆਂ ਬਾਤਾਂ ਸੁਣਿਆ ਕਰਦਾ ਸੀ। ਪਰ ਓਦੋਂ ਯਰਤੀ ਨੂੰ ਹੋਰ ਵੀ ਮਜ਼ਾ ਆਉਂਦਾ ਸੀ ਜਦੋਂ ਚਾਹਖ਼ਾਨੇ ਵਿਚ ਲਤੀਫੇਬਾਜ਼ ਜੁੜ ਬੈਠਿਆ ਕਰਦੇ ਸਨ। ਉਹ ਲਾਗੇ ਚਾਗੇ ਦੇ ਸਾਰੇ ਪਿੰਡਾਂ ਵਿਚੋਂ ਆਉਂਦੇ ਹੁੰਦੇ ਸਨ ਤੇ ਮਜ਼ਾਕ ਕਰਦੇ ਤੇ ਦਿਲਚਸਪ ਕਹਾਣੀਆਂ ਸੁਣਾਇਆ ਕਰਦੇ ਸਨ। ਉਥੇ ਕਈ ਕੁਝ ਸੁਣਨ ਵਾਲਾ ਸੀ! ਤੇਲਪੇਕ ਦੀ ਨਿੱਘੀ ਲੂਈਂ ਵਿਚ ਬੈਠਾ ਮੁੰਡਾ ਠੱਠੇਬਾਜ਼ਾਂ ਦੀਆਂ ਗੱਲਾਂ ਸੁਣ ਕੇ ਏਨਾ ਹੱਸਦਾ ਕਿ ਉਸ ਦੀਆਂ ਅੱਖਾਂ ਵਿਚ ਅਥਰੂ ਆ ਜਾਂਦੇ। ਉਹਨਾਂ ਵਿਚੋਂ ਕੁਝ ਤਾਂ ਏਡੇ ਹੰਡੇ–ਵਰਤੇ ਠੱਠੇਬਾਜ਼ ਸਨ ਕਿ ਸਾਰੀ ਸ਼ਾਮ ਇਕੱਲੇ ਮੁਹਾਵਰਿਆਂ ਤੇ ਅਖਾਣਾਂ ਨਾਲ ਹੀ ਗੱਲਾਂ ਕਰ ਸਕਦੇ ਸਨ।

ਮੌਜ–ਮੇਲੇ ਵਾਲੀ ਇਸ ਬਹਿਸ ਵਿਚ ਯਰਤੀ–ਗੁਲਾਕ ਦਾ ਵੀ ਆਪਣੀ ਅਕਲ ਅਜ਼ਮਾਉਣ ਨੂੰ ਬੜਾ ਹੀ ਦਿਲ ਕਰਦਾ ਸੀ। ਪਰ ਉਸ ਦੇ ਅੱਬਾ ਨੇ ਉਸ ਨੂੰ ਪੱਕੀ ਕੀਤੀ ਹੋਈ ਸੀ:

"ਯਾਦ ਰੱਖੀਂ, ਪੁਤਰਾ: ਜੇ ਗੱਲ ਚਾਂਦੀ ਏ ਤਾਂ ਚੁੱਪ—ਹੀਰਾ! ਜੇ ਤੂੰ ਅਜੇ ਮੁੰਡਾ ਖੁੰਡਾ ਹੀ ਏਂ ਤਾਂ ਚੁੱਪ ਕਰ ਕੇ ਵੱਡਿਆਂ ਦੀਆਂ ਗੱਲਾਂ ਸੁਣੀ ਜਾ। ਤੈਨੂੰ ਇਸ ਗੱਲੇ ਹੀ ਸ਼ੁਕਰਗੁਜ਼ਾਰ ਹੋਣਾ ਚਾਹੀਦੈ ਕਿ ਤੂੰ ਏਨੀਆਂ ਸਿਆਣੀਆਂ ਗੱਲਾਂ ਸੁਣ ਲੈਂਦਾ ਏਂ।"

ਇਹ ਗੱਲ ਤਾਂ ਅੱਬਾ ਨੇ ਆਖੀ ਸੀ, ਪਰ ਯਰਤੀ ਇਸ ਤਰ੍ਹਾਂ ਦਾ ਮੁੰਡਾ ਨਹੀਂ ਸੀ ਕਿ ਆਪਣੀ ਜ਼ਬਾਨ ਨੂੰ ਉੱਲੀ ਲੱਗਣ ਦੇਵੇ। ਇਕ ਵਾਰੀ ਉਸ ਨੇ ਇੰਜ ਕੀਤਾ ਸੀ ਤੇ ਉਸ ਨੂੰ ਇਸ ਦੀ ਭਾਰੀ ਕੀਮਤ ਤਾਰਨੀ ਪਈ ਸੀ।

ਇਕ ਵਾਰ ਹੋਇਆ ਇੰਜ ਕਿ ਬਰਫ਼ਾਨੀ ਤੂਫ਼ਾਨ ਤੋਂ ਬਚਦਾ ਹੋਇਆ ਇਕ ਸੌਦਾਗਰ ਆਪਣੇ ਨੌਕਰਾਂ ਸਮੇਤ ਚਾਹਖ਼ਾਨੇ ਵਿਚ ਆ ਗਿਆ। ਉਹ ਚੁੱਲ੍ਹੇ ਦੇ ਐਨ ਲਾਗੇ ਬੈਠ ਗਿਆ, ਮਹਿੰਦੀ ਰੰਗ ਰੰਗੀ ਆਪਣੀ ਦਾੜ੍ਹੀ ਉਤੇ ਹੱਥ ਫੇਰਿਆ, ਆਪਣੀਆਂ ਅਤਰ ਲੱਗੀਆਂ ਮੁੱਛਾਂ ਵਿਚ ਹੱਸਿਆ ਤੇ ਕਿਸਾਨਾਂ ਦੀਆਂ ਗੱਲਾਂ ਸੁਣਨ ਲੱਗ ਪਿਆ। ਉਸ ਨੂੰ ਓਦੋਂ ਬੜੀ ਹੈਰਾਨੀ ਹੋਈ ਜਦੋਂ ਉਸ ਨੂੰ ਇਹ ਪਤਾ ਲੱਗਾ ਕਿ ਚਾਹਖ਼ਾਨੇ ਵਿਚ ਇਕੱਠੇ ਹੋਏ ਲੋਕ ਚੰਗੇ ਮਜ਼ਾਕ ਦੀ ਚੰਗੀ ਕਦਰ ਕਰਦੇ ਸਨ। ਚੁਸਤ ਗੱਲਾਂ ਪੰਛੀਆਂ ਵਾਂਗ ਚਾਹਖ਼ਾਨੇ ਵਿਚ ਉਡਦੀਆਂ ਸਨ ਤੇ ਹਮਕਲਾਮ ਦੇ ਮੱਥੇ ਉਤੇ ਨਹੀਂ, ਸਿਧਿਆਂ ਮੂੰਹ ਉਤੇ ਵਜਦੀਆਂ ਸਨ। ਛੇਤੀ ਹੀ ਗੱਲਾਂ ਦਾ ਰੁਖ਼ ਖ਼ੁਦ ਸੌਦਾਗਰ ਤੇ ਉਸ ਦੀ ਰੰਗੀ ਹੋਈ ਦਾੜ੍ਹੀ ਵੱਲ ਹੋ ਗਿਆ। ਤਦ ਸੌਦਾਗਰ ਨੇ ਵੀ ਆਪਣਾ ਜਲਵਾ ਕੁਝ ਇਸ ਤਰੀਕੇ ਨਾਲ ਵਿਖਾਉਣਾ ਚਾਹਿਆ ਕਿ ਸਾਡਾ ਪਿੰਡ ਉਸ ਨੂੰ ਦੇਰ ਤੱਕ ਯਾਦ ਰੱਖੇ। ਉਹ ਉੱਠਿਆ ਤੇ ਕਿਹਾ:

"ਸੁਣੋ ਕਿਸਾਨੋ! ਗੱਲਾਂ ਤੁਹਾਡੀਆਂ ਬੜੀਆਂ ਚੁਸਤ ਨੇ ਤੇ ਗੱਲਾਂ ਦਾ ਤੁਹਾਡੇ ਕੋਲ ਕੋਈ ਘਾਟਾ ਵੀ ਨਹੀਂ। ਮੈਂ ਤੁਹਾਡੀ ਝੂਠੀ ਵਡਿਆਈ ਨਹੀਂ ਕਰਦਾ, ਪਰ ਤੁਹਾਡੀਆਂ ਇਹ ਮਜ਼ਾਹੀਆ ਗੱਲਾਂ ਸੁਣ ਕੇ ਖ਼ੁਦ ਅਲਦਾਰ–ਕੋਸੇ ਵੀ ਬੜਾ ਨਿਹਾਲ ਹੁੰਦਾ, ਜਿਹੜਾ ਮੰਨਿਆ–ਪ੍ਰਮੰਨਿਆ ਮਸਖ਼ਰਾ ਤੇ ਬੜਾ ਚਲਦਾ ਪੁਰਜ਼ਾ ਏ। ਪਰ ਮੈਂ ਇਕ ਸ਼ਰਤ ਲਾਉਣੀ ਚਾਹੁੰਦਾ ਹਾਂ। ਮੈਂ ਤਾਂਬੇ ਦੇ ਇਕ ਟਕੇ ਦੇ ਮੁਕਾਬਲੇ ਸੋਨੇ ਦੀਆਂ ਦਸ ਮੁਹਰਾਂ ਦਾਅ ਉਤੇ ਲਾਉਂਦਾ ਹਾਂ। ਚਲੋ, ਤੁਹਾਡੇ ਵਿਚੋਂ ਕੋਈ ਵੀ ਮੇਰੇ ਨੌਕਰ ਅਮਾਨ ਖ਼ੁਸ਼ਬਾਸ਼ ਨਾਲ ਬਹਿਸ ਕੇ ਵੇਖੇ!"

ਸਾਰਿਆਂ ਨੇ ਚੁੱਪ ਵੱਟ ਲਈ ਕਿਉਂਕਿ ਅਮਾਨ ਖੁਸ਼ਬਾਸ਼ ਦੀ ਸਾਰੇ ਤੁਰਕਮੇਨਸਤਾਨ ਵਿਚ—ਮੇਰਵ ਦੇ ਬਾਗ਼ਾਂ ਤੋਂ ਲੈ ਕੇ ਸਾਫ਼–ਸ਼ਫ਼ਾਫ਼ ਅਰਾਲ ਸਾਗਰ ਤਕ—ਧਾਂਕ ਜੰਮੀ ਹੋਈ ਸੀ। ਉਹ ਏਡਾ ਗਾਲੜੀ ਸੀ ਕਿ ਹੋਰ ਕੋਈ ਵੀ ਉਸ ਜਿੰਨੀਆਂ ਗੱਲਾਂ ਨਹੀਂ ਕਰ ਸਕਦਾ ਸੀ! ਇਸ ਲਈ, ਹੋਰ ਕੋਈ ਮੂੰਹ ਖੋਲ੍ਹਣ ਤੋਂ ਡਰਦਾ ਸੀ ਕਿ ਗ਼ਲਤ ਗੱਲ ਕਹਿ ਕੇ ਆਪਣੇ ਪਿੰਡ ਦਾ ਕਿਤੇ ਨੱਕ ਹੀ ਨਾ ਵੱਢਾ ਬੈਠੇ।

ਜਦੋਂ ਮਹਿੰਦੀ ਰੰਗੀ ਦਾੜ੍ਹੀ ਵਾਲੇ ਸੌਦਾਗਰ ਨੇ ਵੇਖਿਆ ਕਿ ਕੋਈ ਵੀ ਜਵਾਬ ਨਹੀਂ ਦੇ ਰਿਹਾ ਸੀ ਤਾਂ ਉਸ ਨੇ ਕਿਸਾਨਾਂ ਦੀ ਖਿੱਲੀ ਉਡਾਉਂਦਿਆਂ ਆਖਿਆ:

"ਤੁਸੀਂ ਇੰਜ ਕਿਉਂ ਦੜ ਗਏ ਹੋ ਜਿਵੇਂ ਚੂਚੇ ਇੱਲ ਤੋਂ ਡਰਦੇ ਨੇ? ਜਾਂ ਫਿਰ ਮੇਰੀਆਂ ਗੱਲਾਂ ਨੇ ਤੁਹਾਡੀਆਂ ਜ਼ਬਾਨਾਂ ਨੂੰ ਸਾੜ ਦਿੱਤੈ?"

ਪਰ ਕਿਸੇ ਨੇ ਵੀ ਇਸ ਗੁਸਤਾਖ਼ ਮਖ਼ੌਲ ਦਾ ਜਵਾਬ ਨਾ ਦਿੱਤਾ। ਤਦ ਯਰਤੀ ਕੋਲੋਂ ਰਿਹਾ ਨਾ ਗਿਆ ਤੇ ਉਸ ਨੇ ਸਾਰਿਆਂ ਨੂੰ ਮੁਸੀਬਤ ਵਿਚੋਂ ਕੱਢਿਆ। ਉਸ ਨੇ ਸੋਚਿਆ:

"ਜੇ ਮੈਂ ਇਹ ਮੌਕਾ ਖੁੰਝਾ ਦਿੱਤਾ ਤਾਂ ਦੂਜਾ ਮੌਕਾ ਫਿਰ ਬੜੀ ਦੇਰ ਬਾਅਦ ਮਿਲਣਾ ਏ। ਤੇ ਅੱਜ ਮੈਂ ਸਾਰੇ ਇਲਾਕੇ ਵਿਚ ਸ਼ੁਹਰਤ ਹਾਸਲ ਕਰ ਸਕਦਾ ਹਾਂ।"

ਉਹ ਆਪਣੇ ਪਿਤਾ ਦੀ ਟੋਪੀ ਉਤੇ ਉੱਠ ਖਲੋਤਾ ਤੇ ਸੰਘ ਪਾੜ ਪਾੜ ਕੇ ਬੋਲਣ ਲੱਗਾ:

"ਜੇ ਤੁਹਾਡੇ ਕੋਲ ਅਮਾਨ ਖੁਸ਼ਬਾਸ਼ ਏ ਤਾਂ ਸਾਡੇ ਪਿੰਡ ਵਿਚ ਵੀ ਐਸੇ ਗਭਰੂ ਨੇ ਜਿਹੜੇ ਤੁਹਾਡੇ ਅਮਾਨ ਨਾਲੋਂ ਵੀ ਹਾਜ਼ਿਰ ਜਵਾਬ ਨੇ! ਜੇ ਤੁਹਾਡੇ ਬਾਗ਼ ਵਿਚ ਗੁਲਾਬ ਖਿੜੇ ਨੇ ਤਾਂ ਸਾਡੇ ਵਿਚ ਕਾਰਨੇਸ਼ਨ ਨਿਸਰਿਆ ਹੋਇਐ!"

ਇਹ ਗੱਲ ਸੁਣ ਕੇ ਕਾਲੀ ਦਾੜ੍ਹੀ ਵਾਲਾ ਲੰਮ-ਸਲੰਮਾ ਅਮਾਨ ਅੱਗੇ ਆਇਆ, ਹੱਥ ਢਾਕਾਂ ਉਤੇ ਰੱਖੇ ਤੇ ਖਿੱਲੀ ਉਡਾਉਂਦਿਆਂ ਮੁੰਡੇ ਨੂੰ ਆਖਿਆ:

"ਭੱਖੜਾ ਵੀ ਆਪਣੇ ਆਪ ਨੂੰ ਬਾਗ਼ ਸਮਝਦਾ ਏ!" ਤੇ ਸਾਰੇ ਹੀ ਇਹ ਮਜ਼ਾਕ ਸੁਣ ਕੇ ਹੱਸਣ ਲੱਗ ਪਏ।

"ਸੂਰਜ ਦੀ ਗਰਮੀ ਨਾਲ ਭੱਖੜੇ ਨੂੰ ਵੀ ਫੁੱਲ ਲਗਦੇ ਨੇ!" ਮੁੰਡਾ ਵੰਗਾਰ ਨੂੰ ਪ੍ਰਵਾਨ ਕਰਦਿਆਂ ਕੜਕਿਆ।

"ਕੀੜੀ ਵਾਸਤੇ ਸੂਰਜ ਬੜਾ ਦੂਰ ਏ!" ਅਮਾਨ ਨੇ ਆਪਣੇ ਵਿਰੋਧੀ ਦੇ ਨਿੱਕੇ ਜਿਹੇ ਕੱਦ ਵੱਲ ਇਸ਼ਾਰਾ ਕਰਦਿਆਂ ਟਕੋਰ ਕੀਤੀ।

ਪਰ ਯਰਤੀ ਨੇ ਵੀ ਉਸੇ ਵੇਲੇ ਭਾਜੀ ਮੋੜ ਦਿੱਤੀ:

"ਉੱਚੀ ਦੁਕਾਨ ਫਿੱਕਾ ਪਕਵਾਨ!" ਮੁੰਡੇ ਨੇ ਚੀਂ ਚੀਂ ਕੀਤਾ ਤੇ ਸਾਰੇ ਜਣੇ ਖਿੜ ਖਿੜ ਹੱਸ ਪਏ ਤੇ ਜ਼ੋਰ ਜ਼ੋਰ ਦੀ ਤਾੜੀਆਂ ਮਾਰਨ ਲੱਗ ਪਏ। ਅਮਾਨ ਦਾ ਨਮੋਸ਼ੀ ਨਾਲ ਮੂੰਹ ਲਾਲ ਹੋ ਗਿਆ।

ਪਰ ਉਸ ਨੇ ਵੀ ਹਾਰ ਨਾ ਮੰਨੀ:

"ਉਇ ਮੁੰਡੂ, ਤੋਰ ਕੱਢਣਾ ਛੱਡ, ਮਸਾਂ ਚਾਲੇ ਈ ਚੱਲ!" ਉਹ ਕ੍ਰੋਧ ਵਿਚ ਮੁੰਡੇ ਉਤੇ ਕੜਕਿਆ।

ਪਰ ਯਰਤੀ ਨੇ ਵੀ ਜਵਾਬ ਅਖਾਣਾਂ ਦੇ ਰੂਪ ਵਿਚ ਦਿੱਤਾ:

"ਬੋਲੀ ਦਾ ਫੱਟ ਤਲਵਾਰ ਦੇ ਫੱਟ ਨਾਲੋਂ ਵੀ ਡੂੰਘਾ ਹੁੰਦੈ! ਜਿੰਨਾ ਨਿੱਕਾ, ਓਨਾ ਹੀ ਤਿੱਖਾ!"

ਅਮਾਨ ਨੂੰ ਯਰਤੀ ਵਿਹਲ ਨਹੀਂ ਦੇ ਰਹੀ ਸੀ ਤੇ ਉਸ ਨੇ ਨਿੱਕੇ ਜਿਹੇ ਮਸਖ਼ਰੇ ਤੋਂ ਜਾਨ ਛੁਡਾਉਣੀ ਚਾਹੀ:

"ਕੁੱਤੇ ਭੌਂਕਦੇ ਰਹਿੰਦੇ ਨੇ ਤੇ ਹਾਥੀ ਲੰਘ ਜਾਂਦੇ ਨੇ!"

ਪਰ ਯਰਤੀ ਵੀ ਆਪਣੇ ਹਰੀਫ਼ ਨੂੰ ਹਰ ਹਾਲਤ ਵਿਚ ਗੁੱਠੇ ਲਾਉਣ ਉਤੇ ਤੁੱਲਿਆ ਹੋਇਆ ਸੀ:

"ਆਂ-ਹਾਂ!" ਉਸ ਦੀ ਚੀਕ ਸਾਰੇ ਚਾਹਖ਼ਾਨੇ ਵਿਚ ਫੈਲ ਗਈ। "ਮੂਸਾ ਨੱਠਾ ਮੌਤ ਤੋਂ, ਮੌਤ ਅੱਗੇ ਖਲੀ!"

ਪਰ ਅਮਾਨ ਹੁਣ ਤਕ ਸੰਭਲ ਚੁੱਕਾ ਸੀ ਤੇ ਮੁੰਡੇ ਦੀ ਗੱਲ ਉਤੇ ਹੱਸ ਪਿਆ:

"ਸੌ ਸਿਆਣਿਆਂ ਇਕੋ ਮੱਤ, ਮੂਰਖ ਆਪੋ ਆਪਣੀ!"

ਹੁਣ ਤਾਂ ਸਿਰ ਉਤੋਂ ਦੀ ਪਾਣੀ ਲੰਘ ਗਿਆ ਸੀ। ਯਰਤੀ ਮੂਰਖ ਬਣਿਆ ਨਹੀਂ ਰਹਿਣਾ ਚਾਹੁੰਦਾ ਸੀ: ਆਖ਼ਰੀ ਫੈਸਲਾ ਉਸ ਦੇ ਹੱਥਾਂ ਵਿਚ ਹੀ ਹੋਣਾ ਚਾਹੀਦਾ ਸੀ।

"ਗੰਢੇ ਵੇਚਣ ਵਾਲੇ ਨੂੰ ਲਸਣ ਦੇ ਮੁੱਲ ਦਾ ਪਤਾ ਹੁੰਦੈ!" ਉਹ ਜਵਾਬ ਵਿਚ ਗਰਜਣਾ ਚਾਹੁੰਦਾ ਸੀ, ਪਰ ਗਰਜ ਦੀ ਥਾਂ ਉਸ ਦੇ ਸੰਘ ਵਿਚੋਂ ਚੀਕ ਜਿਹੀ ਹੀ ਨਿਕਲੀ ਜਿਹੜੀ ਚੂਹੇ ਦੀ ਚੀਂ-ਚੀਂ ਵਰਗੀ ਸੀ।



ਉਸ ਦਾ ਸਾਹ ਇਸ ਤਰ੍ਹਾਂ ਸੁੱਕ ਗਿਆ ਜਿਵੇਂ ਖੂਹ ਵਿਚੋਂ ਪਾਣੀ ਸੁੱਕ ਜਾਂਦਾ ਹੈ। ਉਹ ਸਿਰਫ਼ ਮੂੰਹ ਹੀ ਖੋਲ੍ਹਦਾ ਸੀ ਪਰ ਆਵਾਜ਼ ਬਿਲਕੁਲ ਨਹੀਂ ਨਿਕਲ ਰਹੀ ਸੀ। ਯਰਤੀ ਸਮਝ ਗਿਆ ਕਿ ਉਹ ਬੜਾ ਸੰਘ ਪਾੜ ਪਾੜ ਕੇ ਬੋਲਦਾ ਰਿਹਾ ਸੀ, ਇਸ ਵਾਸਤੇ, ਉਸ ਦਾ ਗਲਾ ਬੈਠ ਗਿਆ ਸੀ।

ਅਮਾਨ ਹੱਸ ਪਿਆ:

"ਤੇਰੀ ਹਾਲਤ ਪਤਲੀ ਏ। ਮੇਰੇ ਮਜ਼ਾਕ ਨਾਲ ਤੇਰਾ ਸੰਘ ਪੱਕ ਗਿਐ!"

ਤੇ ਮਹਿੰਦੀ ਰੰਗੀ ਦਾੜ੍ਹੀ ਵਾਲਾ ਸੌਦਾਗਰ ਠਹਾਕਾ ਮਾਰ ਕੇ ਹੱਸ ਪਿਆ। ਉਸ ਦੇ ਨਾਲ ਹੀ ਉਸ ਦੇ ਨੌਕਰ ਵੀ ਠਹਾਕੇ ਮਾਰਨ ਲੱਗ ਪਏ। ਸ਼ਰਮ ਤੇ ਦੁਖ ਦਾ ਮਾਰਿਆ ਵਿਚਾਰਾ ਯਰਤੀ ਆਪਣੀਆਂ ਕਾਲੀਆਂ ਗੁੱਤਾਂ ਫੜ ਕੇ ਜ਼ਾਰ ਜ਼ਾਰ ਰੋਣ ਲੱਗ ਪਿਆ। ਉਹ ਹਾਰ ਗਿਆ ਸੀ।

ਪਰ ਉਸੇ ਵੇਲੇ ਚਾਹਖ਼ਾਨੇ ਦੀ ਦੁਰੇਡੀ ਗੁੱਠ ਵਿਚੋਂ ਇਕ ਬਜ਼ੁਰਗ ਦੀ ਆਵਾਜ਼ ਆਈ:

"ਕਾਹਲੀ ਅੱਗੇ ਟੋਏ ਤੇ ਕਾਹਲੀ ਕਿਥੋਂ ਹੋਏ!"

ਉਸੇ ਵੇਲੇ ਇਕ ਹੋਰ ਆਵਾਜ਼ ਆਈ:

"ਘੁਮਿਆਰੀ ਨੇ ਤਾਂ ਆਪਣਾ ਭਾਂਡਾ ਸਲਾਹੁਣਾ ਹੀ ਹੁੰਦੈ, ਦੂਸਰੇ ਸਲਾਹੁਣ ਤਾਂ ਮੰਨੀਏ!"

ਤੇ ਤੀਜੇ ਜਣੇ ਨੇ ਕਿਹਾ:

"ਸੰਜਮ ਕਰ ਕੇ ਖਾਹ, ਨੱਕ ਦੀ ਸੇਧੇ ਜਾ।"

ਯਰਤੀ-ਗੁਲਾਕ ਦੇ ਅੱਬਾ ਕੋਲੋਂ ਵੀ ਰਿਹਾ ਨਾ ਗਿਆ:

"ਚਿੜੀਆਂ ਦਾ ਮਰਨਾ, ਗਵਾਰਾਂ ਦਾ ਹਾਸਾ! ਖੂਹ ਪੁਟਦੇ ਨੂੰ ਖਾਤਾ ਤਿਆਰ!"

ਚਾਹਖ਼ਾਨੇ ਦੇ ਮੋਟੇ ਮਾਲਕ ਨੇ, ਜਿਹੜਾ ਹੱਸ ਹੱਸ ਕੇ ਦੂਹਰਾ ਹੋਈ ਜਾ ਰਿਹਾ ਸੀ, ਗੱਲ ਮੁਕਾਈ:

"ਆਪਣਾ ਮੂੰਹ ਦਿਸੀਵੇ ਨਾਹ, ਲੋਕ ਪਸੰਦੀ ਆਵੇ ਨਾ!"

ਕਿਸਾਨ ਏਨੇ ਭੜਕੇ ਕਿ ਪ੍ਰਸਿਧ ਗਾਲੜੀ ਨੂੰ ਹੋਰ ਕੋਈ ਗੱਲ ਕਰਨ ਦਾ ਮੌਕਾ ਹੀ ਨਾ ਦਿੱਤਾ। ਅਮਾਨ ਚੁੱਪ ਕਰ ਗਿਆ। ਸੌਦਾਗਰ ਸੀਖ-ਪਾ ਹੋ ਗਿਆ ਤੇ ਆਪਣੇ ਨੌਕਰ ਨੂੰ ਅੰਨ੍ਹੇਵਾਹ ਗਾਲ੍ਹਾਂ ਕੱਢਣ ਲੱਗ ਪਿਆ ਜਿਸ ਨੇ ਲੋਕਾਂ ਸਾਮ੍ਹਣੇ ਉਸ ਦਾ ਨੱਕ ਵਢਾਇਆ ਸੀ। ਪਰ ਜੋ ਹੋਣਾ ਸੀ ਸੋ ਹੋ ਗਿਆ ਸੀ: ਕੱਖੋਂ ਹੌਲੇ ਹੋਏ ਮਸਖ਼ਰੇ ਨੇ ਟੋਪੀ ਨਾਲ ਆਪਣਾ ਮੂੰਹ ਢੱਕ ਲਿਆ ਤੇ ਚਾਹਖ਼ਾਨੇ ਵਿਚੋਂ ਨਿਕਲ ਗਿਆ। ਸੌਦਾਗਰ ਵੀ ਉਸ ਦੇ ਪਿਛੇ ਦੌੜ ਜਾਣਾ ਚਾਹੁੰਦਾ ਸੀ ਪਰ ਕਿਸਾਨਾਂ ਨੇ ਉਸ ਦੇ ਮਖ਼ਮਲੀ ਚੋਲੇ ਦੀਆਂ ਕੰਨੀਆਂ ਫੜ ਕੇ ਉਸ ਨੂੰ ਰੋਕ ਲਿਆ।

"ਖਲੋਈਂ, ਧਨਾਢਾ!" ਉਹਨਾਂ ਨੇ ਰੌਲਾ ਪਾ ਦਿੱਤਾ। "ਚੋਰ ਦੀ ਦਾੜ੍ਹੀ ਵਿਚ ਤਿਣਕਾ! ਇਸ ਅਖਾਣ ਦਾ ਪਤਾ ਈ? ਪਹਿਲਾਂ ਤਾਂ ਉਹ ਦਸ ਮੁਹਰਾਂ ਫੜਾ ਜਿਹੜੀਆਂ ਤੂੰ ਦਾਅ 'ਤੇ ਲਾਈਆਂ ਸਨ, ਤੇ ਫਿਰ, ਜੇ ਤੂੰ ਚਾਹਵੇਂ, ਸਾਡੇ ਨਿੱਘੇ ਚੁੱਲ੍ਹੇ ਨੂੰ ਛੱਡ ਕੇ ਕੱਕਰ ਵਿਚ ਜਾ ਸਕਦਾ ਏਂ।"

ਸੌਦਾਗਰ ਨੇ ਮੁਹਰਾਂ ਵਾਲੀ ਗੁੱਥਲੀ ਚਾਹਖ਼ਾਨੇ ਦੇ ਕੱਚੇ ਫ਼ਰਸ਼ ਉਤੇ ਵਗਾਹ ਕੇ ਸੁੱਟੀ ਤੇ ਆਪਣੇ ਨੌਕਰ ਦੇ ਪਿਛੇ ਦੌੜ ਗਿਆ।

ਕਿਸਾਨਾਂ ਨੇ ਪੈਸੇ ਗਿਣੇ ਤੇ ਇਹ ਫ਼ੈਸਲਾ ਕੀਤਾ ਕਿ ਸੌਦਾਗਰ ਕੋਲੋਂ ਮਿਲੀਆਂ ਸੋਨੇ ਦੀਆਂ ਦਸ ਮੁਹਰਾਂ ਖ਼ਰਚ ਕੇ ਇਕ ਨਵਾਂ ਨਾਲਾ ਪੁਟਿਆ ਜਾਵੇ ਤਾਂ ਜੋ ਹਰੇਕ ਕਿਸਾਨ ਆਪਣੇ ਆਪਣੇ ਘਰ ਦੀ ਕੰਧ ਲਾਗੇ ਦੋ-ਦੋ ਤਿੰਨ-ਤਿੰਨ ਦਰਖ਼ਤ ਲਾ ਸਕੇ। ਇਸ ਫ਼ੈਸਲੇ ਉਤੇ ਸਾਰਿਆਂ ਨੂੰ ਹੀ ਤਸੱਲੀ ਸੀ ਤੇ ਉਹ ਆਪੋ ਆਪਣੀ ਘਰੀਂ ਚਲੇ ਗਏ।


ਯਰਤੀ–ਗੁਲਾਕ ਵੀ ਆਪਣੇ ਅੱਬਾ ਨਾਲ ਘਰ ਵੱਲ ਤੁਰ ਪਿਆ। ਸੀਤਲ ਅਕਾਸ਼ ਵਿਚ ਚੰਨ ਚਾਨਣ ਵੰਡ ਰਿਹਾ ਸੀ ਤੇ ਉਸ ਦੇ ਚਾਨਣ ਦੀ ਨਿਲੱਤਣ ਕਾਰਨ ਯਰਤੀ ਦਾ ਦਿਲ ਹੋਰ ਵੀ ਠੰਡਾ ਹੁੰਦਾ ਜਾ ਰਿਹਾ ਸੀ। ਅੱਬਾ ਨੇ ਕੋਈ ਗੱਲ ਨਾ ਕੀਤੀ ਤੇ ਯਰਤੀ ਵੀ ਚੁੱਪ ਹੀ ਰਿਹਾ। ਉਹ ਸਮਝਦਾ ਸੀ ਕਿ ਅੱਬਾ ਨੂੰ ਗੁੱਸਾ ਚੜ੍ਹਿਆ ਹੋਇਆ ਸੀ।

ਰਾਹ ਵਿਚ ਉਹਨਾਂ ਵਿਚੋਂ ਕਿਸੇ ਨੇ ਵੀ ਗੱਲ ਨਾ ਕੀਤੀ। ਘਰ ਪਹੁੰਚ ਕੇ ਬਜ਼ੁਰਗ ਨੇ ਆਪਣੇ ਪੁਤਰ ਨੂੰ ਲੂਈਂਦਾਰ ਟੋਪੀ ਉਤੋਂ ਲਾਹਿਆ, ਆਪਣੀ ਤਲੀ ਉਤੇ ਰਖਿਆ ਤੇ ਸਿਰ ਫੇਰਦਾ ਹੋਇਆ ਬੋਲਿਆ:

"ਆਇ–ਹਾਇ, ਯਰਤੀ, ਯਰਤੀ! ਅਜ ਤੈਨੂੰ ਬੜੇ ਹੀ ਅਖਾਣ ਚੇਤੇ ਆਏ ਪਰ ਸਭ ਤੋਂ ਜ਼ਰੂਰੀ ਅਖਾਣ ਭੁੱਲ ਹੀ ਗਿਆ: 'ਦਾਨੇ ਨੂੰ ਦਾਨਾਈ ਸੋਭਾ ਦੇਵੇ ਤੇ ਨਿਆਣੇ ਨੂੰ—ਨਿਮਰਤਾ।' ਤੈਨੂੰ ਭਲਕੇ ਹੀ ਜਾ ਕੇ ਸਾਡੇ ਮਿਹਰਬਾਨ ਗੁਆਂਢੀਆਂ ਦਾ ਸ਼ੁਕਰੀਆ ਅਦਾ ਕਰਨਾ ਚਾਹੀਦੈ ਜਿਹੜੇ ਔਖੀ ਘੜੀ ਤੇਰੀ ਮਦਦ ਲਈ ਬਹੁੜੇ ਤੇ ਘੁਮੰਡੀ ਮਹਿਮਾਨ ਸਾਮ੍ਹਣੇ ਸਾਡੇ ਪਿੰਡ ਦੀ ਨਮੋਸ਼ੀ ਨਹੀਂ ਹੋਣ ਦਿੱਤੀ।" ਇਹ ਗੱਲ ਅੱਬਾ ਨੇ ਆਖੀ, ਪਰ ਯਰਤੀ ਨੇ ਕੁਝ ਨਾ ਆਖਿਆ ਕਿਉਂਕਿ ਉਸ ਕੋਲ ਆਖਣ ਲਈ ਕੁਝ ਵੀ ਨਹੀਂ ਸੀ।



ਗੱਲਾਂ ਕਰਦਾ ਊਠ



"ਜਿੱਥੇ ਪਾਣੀ, ਉਥੇ ਹੀ ਪ੍ਰਾਣੀ," ਇਹ ਇਕ ਲਕੋਕਤੀ ਹੈ। ਪਰ ਜੇ ਪਾਣੀ ਮੋਢਿਆਂ ਨੂੰ ਥਪੇੜੇ ਮਾਰੇ, ਚੋਲੇ ਦੇ ਗਲਮੇ ਦੇ ਅੰਦਰ ਵੜ ਜਾਵੇ, ਪੈਰ ਉਖੇੜ ਦੇਵੇ ਤੇ ਤੂਫ਼ਾਨੀ ਵਹਾਅ ਵੱਲ ਲੈ ਜਾਵੇ ਤਾਂ ਪਾਣੀ ਵੀ ਕੋਈ ਖ਼ੁਸ਼ੀ ਨਹੀਂ ਦਿੰਦਾ।

ਯਰਤੀ ਅਜੇ ਦੂਰ ਖੇਤ ਵਿਚ ਹੀ ਸੀ ਕਿ ਅਸਮਾਨ ਨੂੰ ਘਨਘੋਰ ਘਟਾ ਨੇ ਢੱਕ ਲਿਆ। ਮੁੰਡਾ ਵਾਹੋ ਦਾਹੀ ਆਪਣੇ ਘਰ ਵੱਲ ਜਾ ਰਿਹਾ ਸੀ। ਉਹ ਆਪਣੇ ਬੁੱਢੇ ਊਠ ਨੂੰ ਪੂਰਾ ਜ਼ੋਰ ਲਾ ਕੇ ਹਿੱਕੀ ਜਾ ਰਿਹਾ ਸੀ, ਪਰ ਬੁੱਢਾ ਊਠ ਸਰਪਟ ਨਹੀਂ ਦੌੜ ਸਕਦਾ ਸੀ। ਇਸ ਲਈ, ਮੋਹਲੇਧਾਰ ਮੀਂਹ ਨੇ ਉਹਨਾਂ ਨੂੰ ਰਾਹ ਵਿਚ ਹੀ ਘੇਰ ਲਿਆ। ਬੱਦਲ ਗਰਜ ਰਹੇ ਸਨ ਤੇ ਸਾਰੀ ਸਟੈਪੀ ਤੂਫ਼ਾਨੀ ਸਾਗਰ ਵਿਚ ਬਦਲ ਗਈ ਸੀ। ਏਨਾ ਜ਼ੋਰਦਾਰ ਮੀਂਹ ਵਰ੍ਹਦਾ ਯਰਤੀ ਨੇ ਪਹਿਲਾਂ ਕਦੀ ਵੀ ਨਹੀਂ ਵੇਖਿਆ ਸੀ। ਉਹ ਇਕਦਮ ਗੜੁੱਚ ਹੋ ਗਿਆ। ਉਹ ਊਠ ਦੀ ਪਿੱਠ ਨਾਲ ਚੰਬੜ ਗਿਆ ਤੇ ਸਹਿਮਿਆ ਹੋਇਆ ਸੋਚ ਰਿਹਾ ਸੀ: "ਜੇ ਮੀਂਹ ਦੇ ਛਰ੍ਹਾਟਿਆਂ ਨੇ ਮੈਨੂੰ ਭੁੰਜੇ ਸੁੱਟ ਦਿੱਤਾ ਤਾਂ ਮੈਂ ਤੂਫ਼ਾਨੀ ਵਹਾਵਾਂ ਵਿਚ ਰੁੜ੍ਹ ਜਾਵਾਂਗਾ ਤੇ ਆਪਣੀ ਮਾਂ ਤੇ ਪਿਤਾ ਨੂੰ ਫਿਰ ਕਦੀ ਵੀ ਵੇਖ ਨਹੀਂ ਸਕਾਂਗਾ।"

ਆਪਣਾ ਬਚਾਓ ਕਰਨ ਦੀ ਲੋੜ ਸੀ। ਯਰਤੀ ਨੇ ਆਪਣੀ ਸਾਰੀ ਤਾਕਤ ਬਟੋਰੀ ਤੇ ਊਠ ਦੀ ਲੰਮੀ ਧੌਣ ਉਤੇ ਰੀਂਗਣ ਲੱਗਾ। ਉਸ ਨੂੰ ਪਤਾ ਸੀ ਕਿ ਉਹ ਕੀ ਕਰ ਰਿਹਾ ਸੀ: ਜਾਨਵਰ ਦੇ ਸਿਰ ਤਕ ਪਹੁੰਚ ਕੇ ਉਹ ਆਪਣੀ ਮਨਪਸੰਦ ਥਾਂ—ਊਠ ਦੇ ਕੂਲੇ ਜਿਹੇ ਕੰਨ ਹੇਠਾਂ ਬੈਠ ਗਿਆ। ਉਥੇ ਉਸ ਨੂੰ ਉਵੇਂ ਹੀ ਨਿੱਘ ਆ ਰਿਹਾ ਸੀ ਜਿਵੇਂ ਆਪਣੇ ਅੱਬਾ ਦੇ ਕਿਬੀਤਕਾ ਵਿਚ। ਇੰਜ ਯਰਤੀ ਆਪਣੇ ਪਿੰਡ ਦੇ ਲਾਗੇ ਪਹੁੰਚ ਗਿਆ। ਬਾਰਸ਼ ਬੰਦ ਹੋ ਗਈ ਸੀ ਪਰ ਮੁੰਡੇ ਦਾ ਆਪਣੀ ਥਾਂ ਤੋਂ ਨਿਕਲਣ ਨੂੰ ਦਿਲ ਨਹੀਂ ਕਰ ਰਿਹਾ ਸੀ: ਉਹ ਥਾਂ ਉਸ ਲਈ ਇਕ ਮਿਨਾਰ ਵਰਗੀ ਸੀ ਜਿਥੋਂ ਉਹ ਕਈ ਕਿਲੋਮੀਟਰ ਤਕ ਦਾ ਆਲਾ-ਦੁਆਲਾ ਵੇਖ ਸਕਦਾ ਸੀ।

ਉਸ ਨੇ ਵੇਖਿਆ ਕਿ ਇਕ ਮੁੰਡਾ ਉਸ ਵੱਲ ਦੌੜਦਾ ਆ ਰਿਹਾ ਸੀ ਜਿਹੜਾ ਲਾਗਲੇ ਪਿੰਡ ਦਾ ਰਹਿਣ ਵਾਲਾ ਸੀ। ਇਸ ਵਾਸਤੇ, ਯਰਤੀ ਨੇ ਉਸ ਨੂੰ ਆਵਾਜ਼ ਨਾ ਮਾਰੀ। ਉਸ ਮੁੰਡੇ ਨੇ ਵੇਖਿਆ ਕਿ ਊਠ ਇਕੱਲਾ ਹੀ ਤੁਰਿਆ ਜਾ ਰਿਹਾ ਸੀ ਤੇ ਉਸ ਦਾ ਕੋਈ ਵੀ ਵਾਰਸ ਨਹੀਂ ਸੀ। ਸੋ, ਮੁੰਡੇ ਨੇ ਸੋਚਿਆ: "ਇਹ ਊਠ ਗੁਆਚ ਗਿਆ ਲਗਦੈ। ਜੇ ਮੈਂ ਇਸ ਨੂੰ ਫੜ ਕੇ ਆਪਣੇ ਘਰ ਲੈ ਜਾਵਾਂ ਤਾਂ ਸਾਡਾ ਘਰ ਮਾਲਾ-ਮਾਲ ਹੋ ਜਾਵੇਗਾ।"

ਉਹ ਦੌੜਦਾ ਹੋਇਆ ਊਠ ਲਾਗੇ ਗਿਆ ਤੇ ਉਸ ਨੂੰ ਨਕੇਲ ਤੋਂ ਫੜ ਲਿਆ, ਪਰ ਉਸੇ ਪੱਲ ਊਠ ਦੇ ਕੰਨ ਹੇਠੋਂ ਇਕ ਭੇਦ-ਭਰੀ ਆਵਾਜ਼ ਆਈ:

"ਓਇ ਮੁੰਡਿਆ! ਤੂੰ ਪਰਾਏ ਮਾਲ ਨੂੰ ਹੱਥ ਨਾ ਲਾ!"

ਮੁੰਡਾ ਗੱਲਾਂ ਕਰਦੇ ਊਠ ਕੋਲੋਂ ਏਨਾ ਡਰਿਆ ਕਿ ਦੌੜਦਾ ਹੋਇਆ ਤਿਲਕ ਕੇ ਚਿੱਕੜ ਵਿਚ ਜਾ ਡਿੱਗਾ। ਫਿਰ ਉਹ ਉੱਠਿਆ ਤੇ ਇਧਰ ਉਧਰ ਵੇਖੇ ਬਿਨਾਂ ਉਥੋਂ ਤੀਰ ਹੋ ਗਿਆ।

ਉਹ ਦੌੜਦਾ ਜਾਂਦਾ ਰੌਲਾ ਪਾਈ ਜਾ ਰਿਹਾ ਸੀ:

"ਬਹੁੜੋ, ਬਹੁੜੋ! ਊਠ ਵਿਚ ਭੂਤ ਪਰੇਤ ਵੜ ਗਏ ਨੇ!"

ਇਹ ਚੀਕ ਚਿਹਾੜਾ ਇਕ ਬੁੱਢੇ ਜੋਤਸ਼ੀ ਦੇ ਕੰਨੀਂ ਪੈ ਗਿਆ। ਉਸ ਨੇ ਯਰਤੀ-ਗੁਲਾਕ ਦੀ ਆਵਾਜ਼ ਵੀ ਸੁਣੀ ਤੇ ਉਸ ਨੂੰ ਵੀ ਇਹ ਵਹਿਮ ਹੋ ਗਿਆ ਕਿ ਬੁੱਢੇ ਊਠ ਵਿਚ ਕੋਈ ਕਰਾਮਾਤੀ ਸ਼ਕਤੀ ਸੀ। ਉਹ ਬੜਾ ਖ਼ੁਸ਼ ਹੋਇਆ ਕਿਉਂਕਿ ਉਹ ਬੜੇ ਚਿਰਾਂ ਤੋਂ ਕਿਸੇ ਕਰਾਮਾਤੀ ਸ਼ੈ ਦੀ ਭਾਲ ਵਿਚ ਸੀ ਜਿਸ ਨਾਲ ਉਹ ਆਪਣੇ ਮਾਲਕ—ਭਿਆਨਕ ਖ਼ਾਨ—ਨੂੰ ਹੈਰਾਨ ਕਰਨਾ ਚਾਹੁੰਦਾ ਸੀ। ਜੋਤਸ਼ੀ ਨੇ ਊਠ ਦੀ ਨਕੇਲ ਫੜੀ ਤੇ ਪਿੰਡੋਂ ਬਾਹਰ ਧੂਹਣ ਲੱਗ ਪਿਆ।

ਯਰਤੀ ਡਰ ਗਿਆ ਤੇ ਉਸ ਦੀਆਂ ਡਾਡਾਂ ਨਿਕਲ ਗਈਆਂ:

"ਓਇ, ਚਾਚਾ, ਜਾਨਵਰ ਨੂੰ ਛਡ ਦੇ! ਜੋ ਕੁਝ ਤੇਰਾ ਨਹੀਂ ਏ, ਉਸ ਨੂੰ ਹੱਥ ਨਾ ਲਾਈਂ!"

ਪਰ ਉਸ ਦੀਆਂ ਚੀਕਾਂ ਅਜਾਈਂ ਗਈਆਂ ਕਿਉਂਕਿ ਜੋਤਸ਼ੀ ਨੇ ਉਹਨਾਂ ਵੱਲ ਕੋਈ ਧਿਆਨ ਨਾ ਦਿੱਤਾ। ਉਹ ਤਾਂ ਇਸ ਗੱਲੋਂ ਬੜਾ ਹੀ ਖ਼ੁਸ਼ ਸੀ ਕਿ ਊਠ ਗੱਲਾਂ ਹੀ ਨਹੀਂ ਕਰ ਸਕਦਾ ਸੀ ਸਗੋਂ ਆਪਣਾ ਗੁੱਸਾ ਵੀ ਵਿਖਾ ਸਕਦਾ ਸੀ।

ਪਿਛਲੇ ਕੁਝ ਸਾਲਾਂ ਤੋਂ ਖ਼ਾਨ ਜੋਤਸ਼ੀ ਦੀ ਕੋਈ ਕਦਰ ਨਹੀਂ ਕਰਦਾ ਸੀ। ਉਹ ਮਹਿਲ ਵਿਚ ਖ਼ਾਨ ਦਾ ਹਕੀਮ ਸੀ ਤੇ ਸੁਪਨਿਆਂ ਦੇ ਭੇਦ ਦੱਸਿਆ ਕਰਦਾ ਸੀ, ਪਰ ਖ਼ਾਨ ਨੂੰ ਉਸ ਦੀਆਂ ਦਵਾਈਆਂ ਨਾਲ ਕੋਈ ਫ਼ਾਇਦਾ ਨਹੀਂ ਹੁੰਦਾ ਸੀ ਤੇ ਉਸ ਦੇ ਟੇਵੇ ਕਦੀ ਵੀ ਸੱਚੇ ਸਾਬਤ ਨਹੀਂ ਹੋਏ ਸਨ। ਆਖ਼ਿਰਕਾਰ ਖ਼ਾਨ ਨੂੰ ਜੋਤਸ਼ੀ ਉਤੇ ਬੜਾ ਗੁੱਸਾ ਆਇਆ ਅਤੇ ਉਸ ਨੂੰ ਆਪਣੇ ਮਹਿਲ ਵਿਚੋਂ ਕੱਢ ਦਿੱਤਾ। ਉਸ ਨੇ ਆਪਣਾ ਪੈਰ ਜ਼ੋਰ ਨਾਲ ਜ਼ਮੀਨ ਉਤੇ ਮਾਰਿਆ ਤੇ ਆਖਿਆ:

"ਮੂਰਖ ਜਾਦੂਗਰਾ, ਇਥੋਂ ਨਿਕਲ ਜਾ ਤੇ ਓਦੋਂ ਤਕ ਮੁੜ ਕੇ ਇਥੇ ਆਉਣ ਦੀ ਹਿੰਮਤ ਨਾ ਕਰੀਂ ਜਦ ਤਕ ਕਿ ਮੈਨੂੰ ਕੋਈ ਸੱਚੀ ਕਰਾਮਾਤ ਨਹੀਂ ਵਿਖਾ ਸਕਦਾ!"

ਉਸ ਵੇਲੇ ਤੋਂ ਕਈ ਸਾਲ ਲੰਘ ਗਏ ਸਨ ਤੇ ਬੁੱਢਾ ਜੋਤਸ਼ੀ ਕੋਈ ਅਜੂਬਾ ਲੱਭਣ ਦੇ ਬੜੇ ਹੀ ਜਤਨ ਕਰਦਾ ਰਿਹਾ ਪਰ ਲੱਭ ਨਾ ਸਕਿਆ। ਉਹ ਸੁੱਕ ਕੇ ਤੀਲਾ ਹੋ ਗਿਆ ਸੀ, ਉਸ ਦਾ ਚੋਲਾ ਬਿਲਕੁਲ ਘਸ ਗਿਆ ਸੀ ਤੇ ਉਸ ਦੀ ਪਗੜੀ ਪੁਰਾਣੇ ਪੋਣੇ ਵਰਗੀ ਹੋ ਗਈ ਸੀ। ਇਸੇ ਵਾਸਤੇ, ਗੱਲਾਂ ਕਰਦੇ ਊਠ ਨੂੰ ਵੇਖ ਕੇ ਸ਼ਾਹੀ ਜੋਤਸ਼ੀ ਏਨਾ ਖ਼ੁਸ਼ ਹੋ ਗਿਆ ਸੀ ਕਿ ਉਹ ਤੁਰ ਨਹੀਂ, ਸਗੋਂ ਨੰਗੇ ਪੈਰੀਂ ਚਿਕੜ ਵਿਚੋਂ ਦੀ ਦੌੜਦਾ ਜਾ ਰਿਹਾ ਸੀ ਤਾਂ ਜੋ ਆਪਣੇ ਮਾਲਕ ਨੂੰ ਛੇਤੀ ਤੋਂ ਛੇਤੀ ਖ਼ੁਸ਼ ਕਰਕੇ ਫਿਰ ਤੋਂ ਉਸ ਦੀ ਕਿਰਪਾ ਦਾ ਪਾਤਰ ਬਣਿਆ ਜਾ ਸਕੇ।

"ਹੇ ਖ਼ਾਨਾਂ ਦੇ ਖ਼ਾਨ!" ਜੋਤਸ਼ੀ ਦੀ ਆਵਾਜ਼ ਸਾਰੇ ਰੇਗਿਸਤਾਨ ਵਿਚ ਗੂੰਜੀ। "ਤੂੰ ਆਪਣੇ ਨੌਕਰ ਉਤੇ ਖ਼ੁਸ਼ ਹੋਵੇਂਗਾ!" ਤੇ ਉਹ ਤਿਲਕਵੇਂ, ਗੰਦੇ ਰਾਹ ਉਤੇ ਛਹਲੇ ਬਕਰੇ ਵਾਂਗ ਦੁੜੰਗੇ ਮਾਰਦਾ ਜਾ ਰਿਹਾ ਸੀ।

"ਹੇ ਭਿਆਨਕ ਖ਼ਾਨ! ਤੂੰ ਸਵੇਰ ਤੋਂ ਸ਼ਾਮ ਤਕ ਊਠ ਨਾਲ ਗੱਲਾਂ ਕਰ ਸਕਿਆ ਕਰੇਂਗਾ ਤੇ ਮੈਂ, ਤੇਰਾ

ਬੁੱਢਾ ਜੋਤਸ਼ੀ, ਫਿਰ ਨਰਮ ਸਿਰਹਾਣਿਆਂ ਉਤੇ ਸੌਂਇਆ ਕਰਾਂਗਾ ਤੇ ਦੋਹੀਂ ਹੱਥੀਂ ਥਿੰਦਾ ਪਲਾਓ ਖਾਇਆ ਕਰਾਂਗਾ!"

ਇਹ ਗੱਲਾਂ ਨਜੂਮੀ ਆਪਣੇ ਆਪ ਨਾਲ ਹੀ ਕਰ ਰਿਹਾ ਸੀ ਪਰ ਧਰਤੀ ਨੇ ਉਹਦੀ ਸਾਰੀ ਗੱਲ ਸੁਣ ਲਈ ਸੀ। ਮੁੰਡਾ ਬੜਾ ਹੀ ਡਰ ਗਿਆ ਸੀ, ਉਹ ਭਿਆਨਕ ਖ਼ਾਨ ਦੇ ਮਹਿਲ ਅੰਦਰ ਨਹੀਂ ਜਾਣਾ ਚਾਹੁੰਦਾ ਸੀ। ਪਰ ਉਹ ਆਪਣੇ ਉਠ ਨੂੰ ਬਗਾਨੇ ਹੱਥਾਂ ਵਿਚ ਛੱਡ ਕੇ ਜਾ ਵੀ ਤਾਂ ਨਹੀਂ ਸਕਦਾ ਸੀ!

"ਜੋ ਹੋਵੇਗਾ, ਸੋ ਵੇਖਿਆ ਜਾਵੇਗਾ!" ਮੁੰਡੇ ਨੇ ਸੋਚਿਆ। "ਉਠ ਨੂੰ ਬਚਾਉਣ ਦੀ ਖ਼ਾਤਰ ਖ਼ੁਦ ਖ਼ਾਨ ਨਾਲ ਵੀ ਮੱਥਾ ਲਾਉਣਾ ਹੀ ਪਵੇਗਾ। ਅਸਲੀ ਪਹਿਲਵਾਨ ਤਾਂ ਖ਼ਾਨ ਕੋਲੋਂ ਕੀ, ਧਰਤੀ ਹੇਠੋਂ ਨਿਕਲ ਕੇ ਵੀ ਆਜ਼ਾਦ ਹੋ ਸਕਦੈ।"

ਇੰਜ, ਉਹ ਇਕ ਉੱਚੀ ਕੱਚੀ ਕੰਧ ਲਾਗੇ ਪਹੁੰਚ ਗਏ ਜਿਹੜੀ ਖ਼ਾਨ ਦੇ ਮਹਿਲ ਦੁਆਲੇ ਉਸਾਰੀ ਗਈ ਹੋਈ ਸੀ। ਕੰਧਾਂ ਉਤੇ ਬੁਰਜੀਆਂ ਸਨ ਤੇ ਬੁਰਜੀਆਂ ਉਤੇ ਖ਼ਾਨ ਦੇ ਯੋਧੇ ਖੜੇ ਸਨ ਜਿਹੜੇ ਰਸਤੇ ਉਤੇ ਪੂਰੀ ਨਿਗਰਾਨੀ ਰਖ ਰਹੇ ਸਨ। ਪਰ ਜੋਤਸ਼ੀ ਨੇ ਉਹਨਾਂ ਵੱਲ ਵੇਖਿਆ ਤੱਕ ਨਾ। ਉਸ ਨੇ ਬੜੇ ਮਾਣ ਨਾਲ ਸਿਰ ਉੱਚਾ ਕੀਤਾ ਹੋਇਆ ਸੀ ਤੇ ਮਹਿਲ ਦਾ ਦਰਵਾਜ਼ਾ ਉਸ ਦੇ ਸਾਮ੍ਹਣੇ ਖੁਲ੍ਹ ਗਿਆ ਸੀ।

ਜੋਤਸ਼ੀ ਪਹਿਲੇ ਵਿਹੜੇ ਵਿਚ ਗਿਆ। ਉਥੇ ਖ਼ਾਨ ਦੇ ਸੁਹਣੇ ਘੋੜੇ ਬੱਝੇ ਹੋਏ ਸਨ ਅਤੇ ਉਹਨਾਂ ਦੇ ਦੁਆਲੇ ਸੁਹਣੇ ਪਹਿਰਾਵਿਆਂ ਵਾਲੇ ਨੌਕਰ ਦੌੜ ਭੱਜ ਕਰ ਰਹੇ ਸਨ। ਪਰ ਅਭਿਮਾਨੀ ਜੋਤਸ਼ੀ ਨੇ ਉਹਨਾਂ ਵੱਲ ਵੀ ਕੋਈ ਧਿਆਨ ਨਾ ਦਿੱਤਾ। ਉਸ ਨੇ ਆਪਣਾ ਸਿਰ ਹੋਰ ਵੀ ਉੱਚਾ ਕੀਤਾ ਤੇ ਅਗਲਾ, ਚਾਂਦੀ ਦਾ ਦਰਵਾਜ਼ਾ ਵੀ ਉਸ ਦੇ ਸਾਮ੍ਹਣੇ ਖੁੱਲ੍ਹ ਗਿਆ।

ਉਹ ਅਗਲੇ ਵਿਹੜੇ ਵਿਚ ਦਾਖ਼ਲ ਹੋਇਆ। ਵਿਹੜੇ ਦੇ ਵਿਚਕਾਰ ਇਕ ਉੱਚਾ ਫ਼ੁਹਾਰਾ ਚੱਲ ਰਿਹਾ ਸੀ। ਸਖ਼ਤ ਗਰਮੀ ਦੇ ਦਿਨੀਂ ਵੀ ਇਥੇ ਠੰਡ ਦਾ ਬੋਲਬਾਲਾ ਹੁੰਦਾ ਸੀ। ਇਸ ਵਿਹੜੇ ਵਿਚ ਖ਼ਾਨ ਦੇ ਸਲਾਹਕਾਰ ਬੈਠੇ ਹੋਏ ਚੌਪਟ ਖੇਡ ਰਹੇ ਸਨ। ਉਥੇ ਉਹ ਆਪਣੇ ਮਾਲਕ ਦਾ ਹੁਕਮ ਮਿਲਣ ਦੀ ਉਡੀਕ ਵਿਚ ਰਹਿੰਦੇ ਸਨ। ਉਹਨਾਂ ਨੇ ਬੜੀ ਹੈਰਾਨੀ ਨਾਲ ਪਹਿਲਾਂ ਜੋਤਸ਼ੀ ਵੱਲ ਤੇ ਫਿਰ ਉਸ ਦੇ ਉਠ ਵੱਲ ਵੇਖਿਆ ਪਰ ਬੁੱਢੇ ਨੇ ਉਹਨਾਂ ਵੱਲ ਇਕ ਵੀ ਸੁਵੱਲੀ ਨਜ਼ਰ ਨਾ ਸੁੱਟੀ। ਤਦ ਦੋ ਕਾਲੇ ਕਲੂਟੇ ਗ਼ੁਲਾਮ ਦੌੜਦੇ ਹੋਏ ਬੁੱਢੇ ਵੱਲ ਆਏ ਤੇ ਰੌਲਾ ਪਾਉਣ ਲੱਗ ਪਏ:

"ਹੇ ਆਦਰਯੋਗ ਖ਼ਵਾਜਾ ਤੇ ਦਾਨਿਆਂ ਦੇ ਦਾਨੇ! ਤੇਰੇ ਵਸਤਰ ਮੈਲੇ ਹੋ ਗਏ ਨੇ, ਤੇ ਕੀ ਤੇਰਾ ਉਠ ਬੁੱਚੜਖ਼ਾਨੇ ਵਿਚੋਂ ਨਿਕਲ ਕੇ ਆਇਆ ਏ? ਤੂੰ ਇਸ ਹਾਲਤ ਵਿਚ ਖ਼ਾਨ ਸਾਹਿਬ ਕੋਲ ਕਿਵੇਂ ਜਾਏਂਗਾ?"

ਪਰ ਜੋਤਸ਼ੀ ਨੇ ਗ਼ੁਲਾਮਾਂ ਨੂੰ ਧੱਕ ਪਰ੍ਹੇ ਕੀਤਾ। ਉਹ ਤੀਸਰੇ, ਸੋਨੇ ਦੇ ਦਰਵਾਜ਼ੇ ਕੋਲ ਗਿਆ, ਉਸ ਨੂੰ ਆਪਣੇ ਡੰਡੇ ਨਾਲ ਟਕੋਰਿਆ ਤੇ ਤੀਜਾ, ਸੋਨੇ ਦਾ ਦਰਵਾਜ਼ਾ ਉਸ ਦੇ ਸਾਮ੍ਹਣੇ ਪੂਰੀ ਤਰ੍ਹਾਂ ਖੁੱਲ੍ਹ ਗਿਆ।

ਉਹ ਖ਼ਾਨ ਦੇ ਬਾਗ਼ ਵਿਚ ਦਾਖ਼ਲ ਹੋਇਆ। ਫੁੱਲਾਂ, ਮੰਡਪਾਂ ਤੇ ਫ਼ੁਹਾਰਿਆਂ ਨੇ ਬਾਗ਼ ਨੂੰ ਚਾਰ ਚੰਨ ਲਾਏ ਹੋਏ ਸਨ। ਬਾਗ਼ ਦੇ ਵਿਚਕਾਰ ਇਕ ਜੂਹ ਸੀ ਜਿਸ ਦੁਆਲੇ ਤਿੰਨ ਨਾਲੇ ਵਹਿ ਰਹੇ ਸਨ। ਉਥੇ ਅੰਗੂਰਾਂ ਦੀਆਂ ਵੇਲਾਂ ਦੀ ਛਾਂ ਹੇਠ ਸੁਨਹਿਰੀ ਕਢਾਈ ਵਾਲੇ ਉੱਚੇ ਸਿਰਹਾਣਿਆਂ ਉਤੇ ਭਿਆਨਕ ਖ਼ਾਨ ਬੈਠਾ ਹੋਇਆ ਸੀ। ਉਹ ਸਭਨਾਂ ਦਾ ਮਾਲਕ ਸੀ ਜਿਹੜਾ ਕਿਸੇ ਨੂੰ ਮਾਫ਼ ਵੀ ਕਰ ਸਕਦਾ ਸੀ ਤੇ ਸਜ਼ਾ ਵੀ ਦੇ ਸਕਦਾ ਸੀ। ਖ਼ਾਨ ਆਪਣੇ ਅਹਿਲਕਾਰਾਂ ਨਾਲ ਗੱਲਾਂ ਕਰ ਰਿਹਾ ਸੀ ਤੇ ਮੰਨੇ-ਪ੍ਰਮੰਨੇ ਵਜ਼ੀਰ ਮੂੰਹ ਟੱਡ ਕੇ ਉਸ ਦੀਆਂ ਗੱਲਾਂ ਸੁਣ ਰਹੇ ਸਨ ਤਾਂਜੋ ਖ਼ਾਨ ਦੀ ਇਕ ਵੀ ਗੱਲ ਅਣਸੁਣੀ ਨਾ ਰਹਿ ਜਾਵੇ। ਉਹ ਉਸ ਕੋਲੋਂ ਏਨਾ ਡਰਦੇ ਕੰਬਦੇ ਸਨ!

ਹਾਂ, ਤੇ ਬੁੱਢਾ ਜਾਦੂਗਰ ਉਹਨਾਂ ਦੀ ਗਲਬਾਤ ਵਿਚ ਦਖ਼ਲ ਦੇਣ ਦੀ ਹਿੰਮਤ ਨਾ ਕਰ ਸਕਿਆ। ਉਹ ਆਪਣੇ ਕਰਾਮਾਤੀ ਊਠ ਨਾਲ ਇਕ ਪਾਸੇ ਖੜਾ ਹੋ ਕੇ ਉਡੀਕ ਕਰਨ ਲੱਗਾ ਕਿ ਦਾਨਿਆਂ ਦਾ ਦਾਨਾ ਮਾਲਕ ਉਸ ਵੱਲ ਆਪਣੀ ਸਵੱਲੀ ਨਜ਼ਰ ਕਦੋਂ ਸੁੱਟਦਾ ਹੈ। ਹਾਂ, ਤੇ ਯਰਤੀ-ਗੁਲਾਕ ਵੀ ਤਾਂ ਉਥੇ ਹੀ ਸੀ: ਉਹ ਊਠ ਦੇ ਕੰਨ ਵਿਚੋਂ ਝਾਤੀਆਂ ਮਾਰ ਮਾਰ ਕੇ ਖ਼ਾਨ ਵੱਲ ਬੜੀ ਉਤਸੁਕਤਾ ਨਾਲ ਵੇਖ ਰਿਹਾ ਸੀ। ਉਸ ਕੋਲ ਕਰਨ ਵਾਲਾ ਹੋਰ ਕੋਈ ਕੰਮ ਨਹੀਂ ਸੀ। ਇਸ ਲਈ, ਉਹ ਉਹਨਾਂ ਦੀਆਂ ਗੱਲਾਂ ਸੁਣਨ ਲੱਗ ਪਿਆ।

ਵੱਡੇ ਵਜ਼ੀਰ ਨੇ ਖ਼ਾਨ ਅੱਗੇ ਸਿਰ ਝੁਕਾਇਆ ਤੇ ਆਖਿਆ:

"ਹੇ ਮਿਹਰਬਾਨਾਂ ਦੇ ਮਿਹਰਬਾਨ, ਕਦਰਦਾਨਾਂ ਦੇ ਕਦਰਦਾਨ, ਦਾਨਿਆਂ ਦੇ ਦਾਨੇ, ਸਿਆਣਿਆਂ ਦੇ ਸਿਆਣੇ! ਆਪਣੇ ਵਫ਼ਾਦਾਰ ਬੰਦੇ ਦੀ ਗੱਲ ਵੱਲ ਧਿਆਨ ਦੇਹ! ਬਸੰਤ ਰੁੱਤੇ ਪਹਾੜਾਂ ਦੀਆਂ ਟੀਸੀਆਂ ਉਤੇ ਬਰਫ਼ ਪਿਘਲਦੀ ਏ, ਉਹ ਸਾਰੇ ਦਰਿਆਵਾਂ ਨੂੰ ਪਾਣੀ ਨਾਲ ਭਰ ਦਿੰਦੀ ਏ ਤੇ ਪਿਛੇ ਜਿਹੇ ਹੋਈ ਬਾਰਸ਼ ਨਾਲ ਉਹ ਹੋਰ ਵੀ ਭਰ ਗਏ ਨੇ। ਤੇ ਤੁਸੀਂ ਜਾਣਦੇ ਹੀ ਹੋ ਕਿ ਪਾਣੀ ਸੋਨੇ ਦੇ ਬਰਾਬਰ ਹੁੰਦੈ। ਉਹ ਸੋਨੇ ਨਾਲੋਂ ਵੀ ਕੀਮਤੀ ਹੁੰਦੈ! ਪਰ ਉਹ ਕਿਸਾਨ ਦੇ ਖੇਤਾਂ ਵਿਚ ਕਿਉਂ ਜਾਂਦੈ? ਤੁਸੀਂ ਦਰਿਆ ਉਤੇ ਉੱਚਾ ਬੰਨ੍ਹ ਮਾਰਨ ਦਾ ਹੁਕਮ ਦੇਵੋ, ਪਾਣੀ ਨੂੰ ਮੋੜ ਲਵੋ ਤੇ ਸੋਨਾ ਵਹਿ ਵਹਿ ਕੇ ਤੁਹਾਡੇ ਸੰਦੂਕ ਭਰ ਦਏਗਾ!"

ਵੱਡੇ ਵਜ਼ੀਰ ਦੀ ਇਸ ਮਨਹੂਸ ਸਾਜ਼ਿਸ਼ ਬਾਰੇ ਸੁਣ ਕੇ ਯਰਤੀ-ਗੁਲਾਕ ਦਾ ਦਿਲ ਦਹਿਲ ਗਿਆ। ਉਸ ਨੂੰ ਪਤਾ ਸੀ ਕਿ ਪਾਣੀ ਬਿਨਾਂ ਉਸ ਦੇ ਅੱਬਾ ਦੇ ਖੇਤ ਵਿਚ ਨਾ ਹੀ ਕਣਕ ਤੇ ਨਾ ਹੀ ਕਪਾਹ ਪੈਦਾ ਹੋਵੇਗੀ। ਉਹ ਸਮਝ ਗਿਆ ਕਿ ਥੋੜ੍ਹੇ ਜਿਹੇ ਪਾਣੀ ਦੇ ਬਦਲੇ ਕਿਸਾਨ ਇਸ ਜ਼ਾਲਮ ਖ਼ਾਨ ਦੇ ਗ਼ੁਲਾਮ ਬਣ ਜਾਣਗੇ। ਵੱਡੇ ਵਜ਼ੀਰ ਦੀ ਸਲਾਹ ਸੁਣ ਕੇ ਖ਼ਾਨ ਬੜਾ ਖ਼ੁਸ਼ ਹੋਇਆ ਤੇ ਕੂਕਿਆ:

"ਓਇ, ਮੇਰਿਆ ਵਜ਼ੀਰਾ! ਅੱਜ ਤੂੰ ਬੜੀ ਅਕਲ ਦੀ ਗੱਲ ਕੀਤੀ ਏ। ਮੈਂ ਆਪਣੇ ਮੁਲਕ ਤੇ ਗੁਆਂਢੀ ਮੁਲਕਾਂ ਦੀ ਸਾਰੀ ਦੌਲਤ ਆਪਣੇ ਖ਼ਜ਼ਾਨੇ ਵਿਚ ਜਮ੍ਹਾਂ ਕਰ ਲਵਾਂਗਾ। ਜਿਵੇਂ ਤੂੰ ਆਖਿਐ, ਉਵੇਂ ਹੀ ਹੋਵੇਗਾ: ਸਾਰੇ ਗ਼ੁਲਾਮਾਂ ਤੇ ਕੈਦੀਆਂ ਨੂੰ ਬੁਲਾ ਤੇ ਉਹਨਾਂ ਨੂੰ ਹੁਕਮ ਦੇ ਕਿ ਦਿਨ ਰਾਤ ਇਕ ਕਰ ਕੇ ਸਾਡੇ ਦਰਿਆ ਉਤੇ ਬੰਨ੍ਹ ਮਾਰ ਦੇਣ।" ਤੇ ਖ਼ਾਨ ਨੇ ਤਸੱਲੀ ਦੇ ਲੋਰ ਵਿਚ ਏਨੇ ਜ਼ੋਰ ਦੀ ਤਾੜੀ ਮਾਰੀ ਕਿ ਉਸ ਦੀਆਂ ਬਾਂਹਵਾਂ ਵਿਚ ਪਏ ਚਾਲੀ ਦੇ ਚਾਲੀ ਕੜੇ ਇੰਜ ਖੜਕੇ ਜਿਵੇਂ ਘੰਟੀਆਂ ਹੋਣ।

ਵਜ਼ੀਰ ਨੇ ਖ਼ਾਨ ਅੱਗੇ ਧੁਰ ਜ਼ਮੀਨ ਤੱਕ ਸਿਰ ਝੁਕਾਇਆ ਤੇ ਉਸ ਦੇ ਹੁਕਮ ਦੀ ਪਾਲਣਾ ਕਰਨ ਵਾਸਤੇ ਦੌੜ ਨਿਕਲਿਆ।

ਤੇ ਅਚਾਨਕ ਊਠ ਅੜਾਇਆ:

"ਵਜ਼ੀਰ-ਆਗਾ, ਰੁਕ ਜਾ! ਹੁਣੇ ਰੁਕ ਜਾ, ਨਹੀਂ ਤਾਂ ਬੜੀ ਮਾੜੀ ਗੱਲ ਹੋਵੇਗੀ!"

ਹੈਰਾਨ ਪਰੇਸ਼ਾਨ ਹੋਇਆ ਵਜ਼ੀਰ ਰੁਕ ਗਿਆ ਤੇ ਖ਼ਾਨ ਜ਼ਰੀ ਦੇ ਸਿਰਹਾਣਿਆਂ ਤੋਂ ਡਿਗ ਪੈਣ ਲੱਗਾ ਸੀ। ਉਸ ਦੇ ਨਜ਼ਦੀਕੀ ਲੋਕਾਂ ਨੇ ਆਪਣੀਆਂ ਦਾੜ੍ਹੀਆਂ ਫੜ ਲਈਆਂ ਤੇ ਸਿਰ ਹਿਲਾਉਂਦੇ ਹੋਏ ਹੂੰਗਰਾਂ ਮਾਰਨ ਲੱਗੇ:

"ਆਇ-ਹਾਇ, ਹਾਏ-ਹਾਏ, ਮਹਾਨ ਖ਼ਾਨ ਦੇ ਮਹਿਲ ਵਿਚ ਕਿਤੇ ਜਿੰਨ ਭੂਤ ਤਾਂ ਨਹੀਂ ਆ ਵੜੇ?!"

ਪਰ ਬੁੱਢਾ ਜੋਤਸ਼ੀ ਅੱਗੇ ਵਧਿਆ, ਖ਼ਾਨ ਦੇ ਪੈਰਾਂ ਲਾਗਲੀ ਜ਼ਮੀਨ ਨੂੰ ਚੁੰਮਿਆ ਤੇ ਜਸ਼ਨੀ ਅੰਦਾਜ਼ ਵਿਚ ਬੋਲਿਆ:

"ਹੇ ਖ਼ਾਨਾਂ ਦੇ ਖ਼ਾਨ, ਦਾਨਿਆਂ ਦੇ ਦਾਨੇ! ਮੈਂ ਤੁਹਾਡੀ ਇੱਛਾ ਪੂਰੀ ਕਰ ਦਿੱਤੀ ਏ ਤੇ ਤੁਹਾਡੇ ਵਾਸਤੇ

ਅਸਲੀ ਅਜੂਬਾ ਲੈ ਕੇ ਆਇਆ ਹਾਂ। ਅਹੁ ਵੇਖੋ, ਮੇਰਾ ਗੱਲਾਂ ਕਰਦਾ ਊਠ, ਜਿਸ ਵਰਗਾ ਦੁਨੀਆ ਵਿਚ ਹੋਰ ਕੋਈ ਨਹੀਂ!"

ਪਰ ਖ਼ਾਨ ਨੂੰ ਜੋਤਸ਼ੀ ਉਤੇ ਇਕਦਮ ਵਿਸ਼ਵਾਸ ਨਾ ਆਇਆ। ਤਦ ਬੁੱਢੇ ਜਾਦੂਗਰ ਨੇ ਗੱਲ ਵਧਾਈ:

"ਤੁਸੀਂ ਆਪ ਹੀ ਇਸ ਸਿਆਣੇ ਜਾਨਵਰ ਨਾਲ ਗੱਲ ਕਰ ਕੇ ਵੇਖ ਲਓ ਤੇ ਆਪ ਨੂੰ ਯਕੀਨ ਹੋ ਜਾਵੇਗਾ ਕਿ ਮੇਰੀ ਗੱਲ ਵਿਚ ਰਤਾ ਵੀ ਝੂਠ ਨਹੀਂ!"

ਤੇ ਖ਼ਾਨ ਨੇ ਪਸੰਦੀਦਗੀ ਨਾਲ ਸਿਰ ਹਿਲਾਇਆ। ਪਰ ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਗੱਲ ਕਿਵੇਂ ਤੋਰੀ ਜਾਵੇ: ਉਹ ਆਪਣੇ ਅਹਿਲਕਾਰਾਂ ਤੇ ਸਿਆਣਿਆਂ ਨਾਲ ਤਾਂ ਹਰ ਰੋਜ਼ ਗੱਲਾਂ ਕਰਿਆ ਕਰਦਾ ਸੀ, ਪਰ ਅਜੇ ਤਕ ਊਠ ਨਾਲ ਗੱਲ ਨਹੀਂ ਕਰਨੀ ਪਈ ਸੀ। ਅਖ਼ੀਰ ਉਸ ਨੇ ਝਿਜਕਦਿਆਂ ਆਖਿਆ:

"ਹੇ ਮਹਾਂ ਸਿਆਣੇ ਊਠ, ਮੇਰੇ ਲਾਗੇ ਆ ਤੇ ਆਪਣੀਆਂ ਸਿਆਣੀਆਂ ਗੱਲਾਂ ਨਾਲ ਸਾਨੂੰ ਨਿਹਾਲ ਕਰ!"

ਪਰ ਊਠ ਨੇੜੇ ਨਹੀਂ ਗਿਆ ਤੇ ਦੂਰੋਂ ਹੀ ਖ਼ਾਨ ਅੱਗੇ ਸਿਰ ਝੁਕਾ ਕੇ ਬੜੇ ਆਦਰ ਭਾਵ ਨਾਲ ਆਖਿਆ:

"ਹੇ ਮੇਰੇ ਖ਼ਾਨ, ਤੂੰ ਰੇਸ਼ਮੀ ਵਸਤਰ ਪਹਿਨੇ ਹੋਏ ਨੇ, ਤੇਰੇ ਸਲਾਹਕਾਰਾਂ ਨੇ ਮਖ਼ਮਲੀ ਵਸਤਰ ਪਹਿਨੇ ਹੋਏ ਨੇ। ਮੈਂ ਝੁੱਲ ਪਾਏ ਬਿਨਾਂ ਤੇਰੇ ਲਾਗੇ ਆਉਣ ਦੇ ਲਾਇਕ ਨਹੀਂ ਹਾਂ।"

ਤਦ ਖ਼ਾਨ ਹੋਰ ਵੀ ਹੈਰਾਨ ਹੋਇਆ ਤੇ ਹੁਕਮ ਦਿੱਤਾ ਕਿ ਊਠ ਉਤੇ ਸਭ ਤੋਂ ਵਧੀਆ ਜ਼ਰੀ ਦਾ ਚੋਲਾ ਪਾਇਆ ਜਾਵੇ। ਸਾਊ ਊਠ ਨੇ ਜਵਾਬ ਦਿੱਤਾ:

"ਤੇਰਾ ਸ਼ੁਕਰੀਆ, ਹੇ ਸਖੀ ਖ਼ਾਨ! ਹੁਣ, ਜਦੋਂ ਮੇਰਾ ਸੁਕਿਆ ਹੋਇਆ ਸਰੀਰ ਝੁੱਲ ਨਾਲ ਢੱਕਿਆ ਗਿਆ ਏ ਮੈਂ ਤੇਰੇ ਲਾਗੇ ਆ ਸਕਦਾ ਹਾਂ ਤੇ ਕਹਿ ਸਕਦਾ ਹਾਂ ਕਿ ਮੈਂ ਉਹ ਨਹੀਂ ਹਾਂ ਜੋ ਲੋਕ ਮੈਨੂੰ ਸਮਝਦੇ ਨੇ, ਤੂੰ ਗੱਲਾਂ ਉਸ ਨਾਲ ਨਹੀਂ ਕਰ ਰਿਹਾ ਜਿਸ ਨੂੰ ਵੇਖ ਰਿਹਾ ਏਂ, ਤੇ ਉਸ ਨੂੰ ਵੇਖ ਨਹੀਂ ਰਿਹਾ ਜਿਹੜਾ ਤੇਰੇ ਨਾਲ ਗੱਲਾਂ ਕਰ ਰਿਹੈ!"

ਖ਼ਾਨ ਨੂੰ ਊਠ ਦੇ ਜਵਾਬ ਦੀ ਸਮਝ ਬਿਲਕੁਲ ਨਾ ਪਈ ਪਰ ਜਾਨਵਰ ਦੀ ਸਿਆਣਪ ਉਤੇ ਹੈਰਾਨ ਹੁੰਦਿਆਂ ਪੁੱਛਿਆ:

"ਤੂੰ ਕੌਣ ਏਂ?"

ਯਰਤੀ ਘਬਰਾਇਆ ਨਾ ਤੇ ਊਠ ਵੱਲੋਂ ਜਵਾਬ ਦਿੱਤਾ:

"ਮੈਂ ਉੱਘਾ ਵਿਗਿਆਨੀ ਹਾਂ, ਹਿਸਾਬਦਾਨ ਹਾਂ, ਮਹਿਲ ਉਸਾਰਦਾ ਹਾਂ ਤੇ ਬੀਮਾਰੀਆਂ ਦਾ ਇਲਾਜ ਕਰਦਾ ਹਾਂ। ਇਹ ਸਾਰਾ ਇਲਮ ਮੈਂ ਆਪਣੇ ਅੱਬਾ ਦੇ ਅੱਬਾ ਕੋਲੋਂ ਸਿਖਿਐ ਤੇ ਮੇਰੇ ਅੱਬਾ ਦੇ ਅੱਬਾ ਨੇ ਆਪਣੇ ਅੱਬਾ ਦੇ ਅੱਬਾ ਕੋਲੋਂ, ਤੇ ਉਸ ਦੇ ਅੱਬਾ ਨੇ ਆਪਣੇ ਅੱਬਾ..." ਊਠ ਬੜੀ ਦੇਰ ਤਕ ਬੋਲਦਾ ਰਿਹਾ, ਏਨੀ ਦੇਰ ਤਕ ਕਿ ਖ਼ਾਨ ਊਂਘਣ ਵੀ ਲੱਗ ਪਿਆ ਸੀ ਪਰ ਸਿਆਣੇ ਊਠ ਦੇ ਸੁਭਾਸ਼ਣ ਦੇ ਵਹਾ ਨੂੰ ਰੋਕਣ ਦੀ ਉਸ ਦੀ ਜੁਰਅਤ ਨਾ ਹੋਈ। ਜਦੋਂ ਊਠ ਨੇ ਆਪਣਾ ਭਾਸ਼ਣ ਮੁਕਾਇਆ ਤਾਂ ਖ਼ਾਨ ਪੁਕਾਰ ਉਠਿਆ:

"ਹੇ ਮਹਾਂ ਗਿਆਨੀ! ਮੈਨੂੰ ਨਹੀਂ ਪਤਾ ਕਿ ਤੇਰਾ ਅੱਬਾ, ਤੇਰੇ ਅੱਬਾ ਦਾ ਅੱਬਾ, ਤੇਰੇ ਅੱਬਾ ਦੇ ਅੱਬਾ ਦਾ ਅੱਬਾ ਕੌਣ ਸੀ, ਪਰ ਮੈਂ ਸਮਝਦਾ ਹਾਂ ਕਿ ਉਹ ਸਾਰੇ ਹੀ ਬੜੇ ਸਿਆਣੇ ਸਨ। ਪਰ ਤੂੰ ਊਠ ਕਿਵੇਂ ਬਣ ਗਿਆ?"

ਤੇ ਊਠ ਨੇ ਜਵਾਬ ਦਿੱਤਾ:

"ਮੇਰੀ ਜੀਵਨ-ਗਾਥਾ ਬੜੀ ਲੰਮੀ ਏ ਤੇ ਗ਼ਮਾਂ-ਭਰੀ ਏ ਜਿਵੇਂ ਮਾਰੂਥਲਾਂ ਥੀਂ ਰਸਤਾ। ਹਜ਼ਾਰ ਸਾਲ

ਹੋਏ ਮੈਂ ਜ਼ਮੀਨ ਤੋਂ ਲੈ ਕੇ ਅਸਮਾਨ ਤਕ ਇਕ ਬਲੌਰੀ ਪੁਲ ਬਣਾਇਆ ਸੀ। ਉਹ ਮੈਂ ਇਕ ਜ਼ਾਲਮ ਜਾਦੂਗਰਨੀ ਵਾਸਤੇ ਬਣਾਇਆ ਸੀ। ਪਰ ਇਕ ਵਾਰੀ ਮੇਰਾ ਉਸ ਨਾਲ ਝਗੜਾ ਹੋ ਗਿਆ ਤੇ ਉਸ ਨੇ ਮੈਨੂੰ ਊਠ ਬਣਾ ਦਿੱਤਾ। ਪਰ ਮੈਂ ਆਪਣਾ ਸਾਰਾ ਇਲਮ ਤੇ ਦਾਨਾਈ ਬਰਕਰਾਰ ਰਖ ਸਕਿਆ ਤੇ ਹੁਣ, ਹੇ ਭਿਆਨਕ ਖ਼ਾਨ, ਮੈਂ ਤੈਨੂੰ ਭਾਰੀ ਬਦਨਸੀਬੀਆਂ ਤੋਂ ਬਚਾਉਣਾ ਚਾਹੁੰਦਾ ਹਾਂ!"

ਊਠ ਦੀਆਂ ਇਹ ਗੱਲਾਂ ਸੁਣ ਕੇ ਖ਼ਾਨ ਡਰ ਨਾਲ ਥਰ ਥਰ ਕੰਬਣ ਲੱਗਾ। ਉਹ ਜ਼ਰੀ ਦੇ ਸਿਰਹਾਣਿਆਂ ਤੋਂ ਭੁੜਕ ਕੇ ਉਠਿਆ ਤੇ ਕੁਰਲਾ ਪਿਆ:

"ਬੋਲੋ, ਮਹਾਂ ਗਿਆਨੀ ਜੀ; ਸਾਰੀ ਹਕੀਕਤ ਫ਼ਰਮਾਓ ਤੇ ਡਰੋ ਬਿਲਕੁਲ ਨਾ!"

ਊਠ ਨੇ ਜਵਾਬ ਦਿੱਤਾ:

"ਤੂੰ ਦਰਿਆ ਨੂੰ ਬੰਨ੍ਹ ਨਾ ਮਾਰ, ਜਿਵੇਂ ਕਿ ਤੇਰੇ ਬੇਈਮਾਨ ਵਜ਼ੀਰ ਨੇ ਸਲਾਹ ਦਿੱਤੀ ਏ! ਚੇਤੇ ਰਖ: ਇਹ ਦਰਿਆ ਤੇਰੇ ਮੁਲਕ ਵਿਚ ਆਉਣ ਤੋਂ ਪਹਿਲਾਂ ਕਈ ਧਰਤੀਆਂ ਤੇ ਮੁਲਕਾਂ ਥਾਣੀਂ ਵਗਦਾ ਏ ਤੇ ਹਰ ਥਾਂ ਆਪਣਾ ਪਾਣੀ ਵੰਡਦਾ ਏ। ਬੰਨ੍ਹ ਤੇਰੇ ਇਲਾਕੇ ਵਿਚ ਨਹੀਂ ਮਾਰਿਆ ਜਾਣਾ ਚਾਹੀਦਾ, ਸਗੋਂ ਉਥੇ ਜਿਥੇ ਬਰਫ਼ ਦਰਿਆ ਨੂੰ ਪਾਣੀ ਦਿੰਦੀ ਏ, ਮਤਲਬ ਕਿ ਪਹਾੜਾਂ ਦੀਆਂ ਟੀਸੀਆਂ ਉਤੇ। ਤਦ ਹੀ ਤੂੰ ਇਸ ਦੁਨੀਆ ਵਿਚ ਸਾਰੇ ਪਾਣੀ ਦਾ ਮਾਲਕ ਬਣ ਸਕੇਂਗਾ ਤੇ ਤੂੰ ਮਿਆਨ ਵਿਚੋਂ ਤਲਵਾਰ ਕੱਢਣ ਤੋਂ ਬਿਨਾਂ ਹੀ ਇਸ ਬ੍ਰਹਿਮੰਡ ਦੇ ਸਾਰੇ ਮਾਲਕਾਂ ਉਤੇ ਜਿੱਤ ਪ੍ਰਾਪਤ ਕਰ ਸਕੇਂਗਾ!"

ਊਠ ਨੇ ਆਪਣੀ ਗੱਲ ਮੁਕਾਈ ਤੇ ਖ਼ਾਨ ਨੂੰ ਸਿਜਦਾ ਕੀਤਾ ਤੇ ਖ਼ਾਨ ਨੇ ਊਠ ਦੀ ਖ਼ਰਵੀ ਧੌਣ ਨੂੰ ਕਲਾਵੇ ਵਿਚ ਲੈ ਕੇ ਉਸ ਦੇ ਬੁੱਲ੍ਹ ਚੁੰਮ ਲਏ। ਪਰ ਮਹਾਂ ਗਿਆਨੀ ਊਠ ਨੂੰ ਇਹ ਚੁੰਮੀ ਚੰਗੀ ਨਾ ਲੱਗੀ। ਉਸ ਨੇ ਜ਼ੋਰ ਜ਼ੋਰ ਦੀ ਸਿਰ ਮਾਰਦਿਆਂ ਅੜਾਉਣਾ ਸ਼ੁਰੂ ਕਰ ਦਿੱਤਾ ਤੇ ਉਹ ਖ਼ਾਨ ਨੂੰ ਦੁਲੱਤੀ ਮਾਰਨ ਹੀ ਵਾਲਾ ਸੀ ਕਿ ਧਰਤੀ-ਗੁਲਾਕ ਉਸ ਉਤੇ ਕੜਕਿਆ:

"ਕੈਂਕ-ਕੈਂਕ!" ਤੇ ਮਹਾਂ ਗਿਆਨੀ ਊਠ ਨੇ ਹਿਲੂਣੇ ਹੋਏ ਖ਼ਾਨ ਅੱਗੇ ਗੋਡ ਮਾਰ ਲਏ।

"ਹਾਂ, ਇੰਜ ਹੀ ਹੋਵੇ!" ਮੁਲਕ ਦੇ ਮਾਲਕ ਨੇ ਆਖਿਆ। ਪਰ ਉਸੇ ਵੇਲੇ ਵੱਡਾ ਵਜ਼ੀਰ ਉਠਿਆ। ਉਹ ਇਸ ਗੱਲੋਂ ਡਰ ਗਿਆ ਸੀ ਕਿ ਖ਼ਾਨ ਦਾ ਹੁਣ ਇਕ ਨਵਾਂ ਚਹੇਤਾ ਸੀ। ਉਸ ਨੇ ਜ਼ਹਿਰੀਲੇ ਸੱਪ ਵਾਂਗ ਫੁੰਕਾਰਾ ਮਾਰਿਆ:

"ਹੇ ਪਰਦੇਸੀ ਦਾਨਿਆ, ਕੀ ਮੈਂ ਤੈਨੂੰ ਪੁੱਛ ਸਕਦਾ ਹਾਂ ਕਿ ਬਾਜ਼ਾਂ ਤੋਂ ਇਲਾਵਾ ਹੋਰ ਕੌਣ ਬਰਫ਼ਾਨੀ ਟੀਸੀਆਂ ਤਕ ਪਹੁੰਚ ਸਕਦਾ ਏ, ਜਿਥੇ ਸਾਡੇ ਦਰਿਆ ਦਾ ਮੁੱਢ ਬੱਝਦਾ ਏ?"

"ਮੈਂ," ਊਠ ਨੇ ਬੜੇ ਅਰਾਮ ਨਾਲ ਜਵਾਬ ਦਿੱਤਾ, "ਮੈਂ ਜਾ ਸਕਦਾ ਹਾਂ, ਜਿਸ ਨੇ ਜਾਦੂਗਰਨੀ ਲਈ ਬਲੌਰੀ ਪੁਲ ਬਣਾਇਆ ਸੀ, ਨੇਕ ਜਿੰਨਾਂ ਵਾਸਤੇ ਪੰਛੀਆਂ ਦੀਆਂ ਹੱਡੀਆਂ ਦਾ ਮਹਿਲ ਬਣਾਇਆ ਸੀ, ਸ਼ੈਤਾਨਾਂ ਦੇ ਬਾਦਸ਼ਾਹ ਲਈ ਅੱਗ ਦੀਆਂ ਲਪਟਾਂ ਦਾ ਮੰਡਪ ਬਣਾਇਆ ਸੀ! ਮੈਂ ਉੱਚੇ ਉੱਚੇ ਪਹਾੜਾਂ ਉਤੇ ਬੰਨ੍ਹ ਵੀ ਮਾਰ ਸਕਦਾ ਹਾਂ ਤੇ ਸਾਰਾ ਪਾਣੀ ਮਹਾਨ ਖ਼ਾਨ ਦੀ ਮਾਲਕੀ ਹੇਠਲੇ ਇਲਾਕੇ ਵੱਲ ਮੋੜ ਸਕਦਾ ਹਾਂ।"

ਵਜ਼ੀਰ ਚੁੱਪ ਕਰ ਗਿਆ ਤੇ ਖ਼ਾਨ ਏਡੀਆਂ ਵੱਡੀਆਂ ਸੇਵਾਵਾਂ ਲਈ ਬੇਸ਼ੁਮਾਰ ਖ਼ਜ਼ਾਨੇ ਦੇਣ ਦੀ ਪੇਸ਼ਕਸ਼ ਕਰਨ ਲੱਗਾ। ਪਰ ਊਠ ਨੇ ਅਣਖੀਆਂ ਵਾਂਗ ਜਵਾਬ ਦਿੱਤਾ:

"ਦਾਨਿਆਂ ਨੂੰ ਸੁਗਾਤਾਂ ਦੀ ਲੋੜ ਨਹੀਂ ਹੁੰਦੀ। ਆਪਣਾ ਖ਼ਜ਼ਾਨਾ ਆਪਣੇ ਕੋਲ ਹੀ ਰੱਖ, ਮੈਂ ਉਸ ਤੋਂ ਬਿਨਾਂ ਹੀ ਬੰਨ੍ਹ ਮਾਰ ਦਿਆਂਗਾ। ਪਰ ਤੂੰ ਰਾਹ ਵਿਚ ਵਰਤਣ ਲਈ ਮੈਨੂੰ ਇਕ ਬੋਰੀ ਚਾਵਲਾਂ ਦੀ, ਇਕ

ਮਸ਼ਕ ਤੇਲ ਦੀ ਦੇ ਦੇ ਤੇ ਮੇਰੇ ਵਾਪਸ ਆਉਣ ਦੀ ਉਡੀਕ ਤੈਨੂੰ ਤੇਤੀ ਸਾਲ ਤੇ ਤੇਤੀ ਦਿਨ ਕਰਨੀ ਪਵੇਗੀ। ਮੈਂ ਭਾਰੀ ਬਾਰਸ਼ਾਂ ਮਗਰੋਂ ਸ਼ੁਕਰਵਾਰ ਵਾਲੇ ਦਿਨ ਪਰਤ ਆਵਾਂਗਾ।"

"ਹਾਂ, ਇੰਜ ਹੀ ਹੋਵੇ!" ਸ਼ੁਕਰਗੁਜ਼ਾਰ ਖ਼ਾਨ ਨੇ ਆਖਿਆ ਤੇ ਨੌਕਰਾਂ ਨੇ ਉਸੇ ਵੇਲੇ ਊਠ ਉਤੇ ਚੌਲ ਤੇ ਤੇਲ ਲੱਦ ਦਿੱਤੇ ਅਤੇ ਉਸ ਦੇ ਗਲ ਵਿਚ ਸੋਨੇ ਦੀ ਟੱਲੀ ਵੀ ਪਾ ਦਿੱਤੀ, ਬਾਵਜੂਦ ਇਸ ਗੱਲ ਦੇ ਕਿ ਸਿਆਣੇ ਊਠ ਨੇ ਅਜਿਹੀ ਸੁਗਾਤ ਲੈਣ ਤੋਂ ਬੜਾ ਹੀ ਇਨਕਾਰ ਕੀਤਾ ਸੀ।

ਉਸ ਮਗਰੋਂ ਖ਼ਾਨ, ਉਸ ਦੇ ਵਜ਼ੀਰਾਂ ਤੇ ਅਹਿਲਕਾਰਾਂ ਨੇ ਊਠ ਨੂੰ ਵਿਦਾ ਕੀਤਾ ਤੇ ਜਦੋਂ ਉਹ ਮਹਿਲ ਵਿਚ ਵਾਪਸ ਆਏ ਤਾਂ ਭਾਰੀ ਬਾਰਸ਼ ਮਗਰੋਂ ਆਉਣ ਵਾਲੇ ਸ਼ੁਕਰਵਾਰ ਦੀ ਉੱਡੀਕ ਕਰਨ ਲੱਗੇ। ਪਰ ਰੇਗਿਸਤਾਨ ਵਿਚ ਮੀਂਹ ਘਟ ਵਧ ਹੀ ਪੈਂਦਾ ਹੈ ਤੇ ਜੇ ਪੈਂਦਾ ਵੀ ਹੈ ਤਾਂ ਬੜਾ ਹਲਕਾ ਹਲਕਾ। ਇਸ ਲਈ ਖ਼ਾਨ ਨੂੰ ਬੋਲਦੇ ਊਠ ਦੀ ਬੜੀ ਹੀ ਲੰਮੀ ਉਡੀਕ ਕਰਨੀ ਪਈ।

ਪਾਣੀ ਪਹਿਲਾਂ ਵਾਂਗ ਹੀ ਗ਼ਰੀਬ ਪਿੰਡਾਂ ਥਾਣੀਂ ਵਹਿੰਦਾ ਰਿਹਾ। ਉਹ ਤੇਜ਼, ਪਾਰਦਰਸ਼ੀ ਨਾਲਿਆਂ ਵਿਚ ਕਲ-ਕਲ ਕਰਦਾ ਰਿਹਾ ਤੇ ਹਰ ਸਾਲ ਬਸੰਤ ਰੁੱਤੇ ਖੇਤ ਕਣਕ ਤੇ ਕਪਾਹ ਦੀਆਂ ਫਸਲਾਂ ਨਾਲ ਹਰੇ-ਭਰੇ ਹੋ ਜਾਂਦੇ। ਹਰੇ-ਭਰੇ ਇਸ ਲਈ ਹੋ ਜਾਂਦੇ ਸਨ ਕਿਉਂਕਿ ਇਕ ਪੁਰਾਣੇ ਅਖਾਣ ਮੁਤਾਬਕ, ਜਿੱਥੇ ਪਾਣੀ ਉਥੇ ਹੀ ਪ੍ਰਾਣੀ।

ਇਹ ਬਾਤ ਮੈਂ ਤੁਹਾਨੂੰ ਸੁਣਾਈ ਹੈ ਤੇ ਜਿਹੜੀ ਨਹੀਂ ਸੁਣਾ ਸਕਿਆ ਦੂਸਰੇ ਲੋਕ ਆ ਕੇ ਸੁਣਾ ਦੇਣਗੇ।



ਚਾਂਦੀ ਦੀ ਟੋਪੀ

ਇਹ ਗੱਲ ਹੋਈ ਜਾਂ ਨਹੀਂ ਹੋਈ, ਕੋਈ ਨਹੀਂ ਜਾਣਦਾ, ਪਰ ਕਹਿੰਦੇ ਨੇ ਕਿ ਇਕ ਬੁੱਢਾ ਬਾਦਸ਼ਾਹ ਰਹਿੰਦਾ ਹੁੰਦਾ ਸੀ ਜਿਹੜਾ ਧਰਤੀ ਤੇ ਜਲ ਦਾ ਮਾਲਕ ਸੀ, ਸਾਰੇ ਲੋਕਾਂ ਅਤੇ ਸ਼ਹਿਰਾਂ ਉਤੇ ਉਸ ਦਾ ਰਾਜ ਸੀ, ਉਸ ਕੋਲ ਕਈ ਮਹਿਲ ਤੇ ਬੇਸ਼ੁਮਾਰ ਖ਼ਜ਼ਾਨੇ ਸਨ। ਪਰ ਉਸ ਦੇ ਵਾਸਤੇ ਸਭ ਤੋਂ ਕੀਮਤੀ ਖ਼ਜ਼ਾਨਾ ਉਸ ਦੀ ਧੀ, ਖ਼ਾਨ-ਸੁਲਤਾਨਾ ਸੀ ਜਿਹੜੀ ਬਦਾਮ ਦੇ ਖਿੜੇ ਹੋਏ ਫੁੱਲ ਵਰਗੀ ਹਸੀਨ ਸੀ। ਬਾਦਸ਼ਾਹ ਉਸ ਨੂੰ ਬੇਅੰਤ ਪਿਆਰ ਕਰਦਾ ਸੀ, ਪਰ ਪਰਜਾ ਜਾਣਦੀ ਸੀ ਕਿ ਹਸੀਨਾ ਬੜੀ ਜ਼ਾਲਮ ਤੇ ਜ਼ਿੱਦੀ ਸੀ। ਬਾਲ-ਅਵਸਥਾ ਤੋਂ ਹੀ ਹਜ਼ਾਰਾਂ ਨੌਕਰ ਤੇ ਨੌਕਰਾਣੀਆਂ ਉਸ ਦੀ ਸੇਵਾ ਕਰਿਆ ਕਰਦੇ ਸਨ ਅਤੇ ਉਸ ਦੇ ਮੂੰਹੋਂ ਗੱਲ ਅਜੇ ਨਿਕਲਦੀ ਹੀ ਸੀ ਕਿ ਸਾਰੇ ਹੀ ਉਸ ਦੀ ਇੱਛਾ ਪੂਰੀ ਕਰਨ ਲਈ ਦੌੜ ਪੈਂਦੇ ਸਨ। ਇਥੋਂ ਤਕ ਕਿ ਬਾਦਸ਼ਾਹ ਦੀ ਰਜ਼ਾ ਵੀ ਉਸ ਲਈ ਕਾਨੂੰਨ ਨਹੀਂ ਸੀ।

ਇਕ ਵਾਰੀ ਬਾਦਸ਼ਾਹ ਨੇ ਆਪਣੀ ਧੀ ਨੂੰ ਆਖਿਆ:

"ਨੀ ਖ਼ਾਨ-ਸੁਲਤਾਨ! ਮੈਂ ਹੁਣ ਬੁੱਢਾ ਹੋ ਗਿਆ ਹਾਂ। ਕੀ ਤੇਰੇ ਲਈ ਆਪਣੀ ਪਸੰਦ ਦਾ ਵਰ ਲੱਭਣ ਦਾ ਵਕਤ ਨਹੀਂ ਆਇਆ, ਤਾਂ ਜੋ ਮੈਂ ਜੀਊਂਦੇ ਜੀਅ ਤੇਰੇ ਚੰਗੇ ਭਾਗਾਂ ਨੂੰ ਵੇਖ ਵੇਖ ਖ਼ੁਸ਼ ਹੋ ਸਕਾਂ ਤੇ ਮਰਨ ਲੱਗਿਆਂ ਆਪਣੀ ਅਮੀਰ ਸਲਤਨਤ ਦੀ ਵਾਗਡੋਰ ਭਰੋਸੇਯੋਗ ਹੱਥਾਂ ਵਿਚ ਦੇ ਸਕਾਂ?"

ਪਰ ਹਸੀਨਾ ਨੇ ਜਵਾਬ ਦਿੱਤਾ:

"ਨਹੀਂ, ਅਜੇ ਵਕਤ ਨਹੀਂ ਆਇਆ।"

ਤਦ ਬਾਦਸ਼ਾਹ ਘੂਰੀ ਵੱਟ ਕੇ ਕੜਕਿਆ:

"ਤੂੰ ਆਪਣੀ ਹੀ ਨਾ ਸੋਚ, ਸਾਰੀ ਸਲਤਨਤ ਦੀ ਸੋਚ! ਸਾਡੇ ਮੁਲਕ ਵਿਚ ਪਹਿਲਵਾਨਾਂ ਵਰਗੇ ਬਹਾਦਰ ਜਿਗੀਤਾਂ ਦੀ ਕੋਈ ਘਾਟ ਨਹੀਂ। ਚੌਧਵੀਂ ਦੇ ਚੰਨ ਵਰਗੇ ਸੁਹਣੇ ਤੇ ਸਿਆਣੇ ਗਭਰੂਆਂ ਦੀ ਕੋਈ ਘਾਟ ਨਹੀਂ। ਤੂੰ ਉਹਨਾਂ ਵਿਚੋਂ ਕਿਸੇ ਇਕ ਨੂੰ ਚੁਣਨਾ ਹੀ ਏ। ਇਹ ਮੇਰੀ ਰਜ਼ਾ ਏ। ਤੂੰ ਭਲਕੇ ਹੀ ਆਪਣੀ ਪਸੰਦ ਦੇ ਗਭਰੂ ਦਾ ਨਾਂ ਦਸ ਦਈਂ!"

ਹਸੀਨਾ ਗਲੀਚੇ ਉਤੇ ਡਿਗ ਪਈ ਤੇ ਡੁਸਕਣ ਲੱਗੀ, ਪਰ ਬਾਦਸ਼ਾਹ ਉਥੋਂ ਚਲਿਆ ਗਿਆ।

ਅਗਲੇ ਦਿਨ ਕ੍ਰੋਧਵਾਨ ਹਸੀਨਾ ਆਪਣੇ ਪਿਤਾ ਦੇ ਕਮਰੇ ਵਿਚ ਆਈ, ਰੇਸ਼ਮੀ ਸਿਰਹਾਣੇ ਉਤੇ ਬੈਠ ਗਈ ਤੇ ਅੱਖਾਂ ਨੀਵੀਆਂ ਪਾ ਕੇ ਆਖਿਆ:

"ਮੈਂ ਸਹਿਮਤ ਹਾਂ, ਅੱਬਾ।"

"ਕੌਣ ਹੈ ਤੇਰੀ ਪਸੰਦ ਦਾ ਗਭਰੂ?" ਬਾਦਸ਼ਾਹ ਕੂਕਿਆ। "ਇਸ ਧਰਤੀ ਤੇ ਪਾਣੀ ਦਾ ਮਾਲਕ ਕੌਣ

ਹੋਵੇਗਾ? ਸਾਰੇ ਲੋਕਾਂ ਤੇ ਸ਼ਹਿਰਾਂ ਉਤੇ ਕਿਸ ਦਾ ਰਾਜ ਹੋਵੇਗਾ? ਮਹਿਲਾਂ ਤੇ ਬੇਸ਼ੁਮਾਰ ਖ਼ਜ਼ਾਨੇ ਕਿਸ ਦੇ ਹੋਣਗੇ? ਉਸ ਦਾ ਨਾਂ ਦੱਸ!"

"ਉਹ ਆਪ ਹੀ ਆਪਣਾ ਨਾਂ ਦੱਸੇਗਾ," ਹਸੀਨਾ ਨੇ ਜਵਾਬ ਦਿੱਤਾ। ਪਰ ਬਾਦਸ਼ਾਹ ਨੂੰ ਆਪਣੀ ਧੀ ਦੇ ਜਵਾਬ ਦੀ ਸਮਝ ਨਾ ਪਈ। ਤਦ ਹਸੀਨਾ ਖਿੜ ਖਿੜ ਕੇ ਹੱਸ ਪਈ ਤੇ ਆਪਣੇ ਸਿਰ ਉਤੋਂ ਸ਼ਾਨਦਾਰ, ਚਾਂਦੀ ਦੀ ਕਢਾਈ ਕੀਤੀ ਟੋਪੀ ਲਾਹੀ ਤੇ ਆਖਿਆ:

"ਤੂੰ ਇਹ ਟੋਪੀ ਵੇਖਦਾ ਏਂ, ਅੱਬਾ? ਸਾਡੇ ਸਾਰੇ ਮੁਲਕ ਵਿਚ ਇਹੋ ਜਿਹੀ ਦੂਜੀ ਕੋਈ ਟੋਪੀ ਨਹੀਂ ਏ। ਮੈਂ ਨੌਕਰਾਂ ਨੂੰ ਹੁਕਮ ਦਿਆਂਗੀ ਕਿ ਇਸ ਨੂੰ ਸਭ ਤੋਂ ਉੱਚੇ ਮੀਨਾਰ ਉਤੇ ਰਖ ਦੇਣ। ਤੇ ਜਿਹੜਾ ਕੋਈ ਵੀ ਇਸ ਨੂੰ ਉਥੋਂ ਲਾਹ ਸਕੇਗਾ ਉਹ ਹੀ ਮੇਰਾ ਪਤੀ ਬਣੇਗਾ।"

ਏਨੀ ਗੱਲ ਕਹਿ ਕੇ ਹਸੀਨਾ ਉਥੋਂ ਦੌੜ ਗਈ। ਉਸੇ ਵੇਲੇ ਸੈਂਕੜੇ ਨੌਕਰ ਮਸਜਿਦ ਵੱਲ ਦੌੜ ਨਿਕਲੇ, ਗੋਲ ਪੌੜੀਆਂ ਰਾਹੀਂ ਮਸਜਿਦ ਦੇ ਸਭ ਤੋਂ ਉੱਚੇ ਮੀਨਾਰ ਉਤੇ ਪਹੁੰਚ ਗਏ ਜਿਸ ਉਤੇ ਚੌਧਵੀਂ ਦੇ ਚੰਨ ਦਾ, ਸੋਨੇ ਦੀ ਝਾਲ ਕੀਤਾ ਹੋਇਆ ਨਿਸ਼ਾਨ ਗੱਡਿਆ ਹੋਇਆ ਸੀ। ਉਸ ਦੇ ਉਪਰਲੇ ਸਿਰੇ ਉਤੇ ਬਾਦਸ਼ਾਹ ਦੀ ਧੀ ਦੀ ਟੋਪੀ ਟੰਗ ਦਿੱਤੀ ਗਈ। ਮੀਨਾਰ ਦੇ ਦਰਵਾਜ਼ੇ ਨੂੰ ਉਹਨਾਂ ਨੇ ਕੁੱਟੇ ਹੋਏ ਤਾਂਬੇ ਦੀਆਂ ਪਤਰੀਆਂ ਲਾ ਕੇ ਬੰਦ ਕਰ ਦਿੱਤਾ ਤਾਂ ਜੋ ਕੋਈ ਵੀ ਪੌੜੀਆਂ ਰਾਹੀਂ ਉਤੇ ਨਾ ਚੜ੍ਹ ਸਕੇ।

ਢੰਡੋਰਚੀਆਂ ਨੇ ਤੁਰਮ ਵਜਾਏ ਤੇ ਘੁਮੰਡੀ ਹਸੀਨਾ ਦੀ ਇੱਛਾ ਦਾ ਲੋਕਾਂ ਸਾਮ੍ਹਣੇ ਐਲਾਨ ਕੀਤਾ, ਤੇ ਜਵਾਨ ਨਿਡਰ ਜਿਗੀਤ ਦੇਸ ਦੇ ਕੋਨੇ ਕੋਨੇ ਤੋਂ ਰਾਜਧਾਨੀ ਵਿਚ ਵਹੀਰਾਂ ਘੱਤ ਕੇ ਆਉਣ ਲੱਗੇ, ਜਿਥੇ ਬਾਦਸ਼ਾਹ ਦੇ ਮਹਿਲ ਸਾਮ੍ਹਣੇ ਮੈਦਾਨ ਵਿਚ ਤਾੜ ਦੇ ਰੁੱਖ ਵਰਗਾ ਲੰਮਾ ਪਤਲਾ, ਹਾਥੀ ਦੇ ਦੰਦ ਵਰਗਾ ਮੁਲਾਇਮ, ਵੱਡੀ ਮਸਜਿਦ ਦਾ ਮੀਨਾਰ ਉਸਰਿਆ ਹੋਇਆ ਸੀ।

ਹਿੰਮਤੀ ਗਭਰੂ ਸ਼ਕਤੀਸ਼ਾਲੀ ਘੋੜਿਆਂ ਉਤੇ ਚੜ੍ਹ ਕੇ ਮੀਨਾਰ ਦੇ ਸਿਰੇ ਤਕ ਉੱਚੀ ਛਾਲ ਮਾਰਨ ਦੇ ਜਤਨ ਕਰਦੇ ਰਹੇ ਪਰ ਹਰ ਵਾਰੀ ਉਹ ਭੁੰਜੇ ਡਿਗ ਕੇ ਸੁਵਾਸ ਤਿਆਗ ਜਾਂਦੇ। ਕੋਈ ਵੀ ਚਾਂਦੀ ਦੀ ਟੋਪੀ ਲਾਹ ਨਾ ਸਕਿਆ। ਚੌਕਸ ਗਭਰੂਆਂ ਨੇ ਮਸਜਿਦ ਦੀਆਂ ਤਿਲਕਵੀਆਂ ਦੀਵਾਰਾਂ ਰਾਹੀਂ ਚੜ੍ਹਨ ਲਈ ਪੂਰਾ ਜ਼ੋਰ ਲਾਇਆ ਪਰ ਉਹਨਾਂ ਦਾ ਵੀ ਉਹੀ ਹਸ਼ਰ ਹੋਇਆ। ਜ਼ਾਲਮ ਹਸੀਨਾ ਆਪਣੇ ਸੌਣ-ਕਮਰੇ ਦੀ ਖਿੜਕੀ ਵਿਚੋਂ ਇਹ ਨਜ਼ਾਰਾ ਵੇਖ ਵੇਖ ਕੇ ਹਸਦੀ ਰਹਿੰਦੀ ਸੀ। ਉਸ ਦੇ ਜ਼ਾਲਮ ਦਿਲ ਵਿਚ ਤਰਸ ਜਾਂ ਹਮਦਰਦੀ ਨੇ ਕਦੀ ਵੀ ਪੈਰ ਨਹੀਂ ਪਾਇਆ ਸੀ। ਹਰ ਰੋਜ਼ ਇਸੇ ਤਰ੍ਹਾਂ ਹੁੰਦਾ ਰਿਹਾ।

ਬਾਦਸ਼ਾਹ ਦੇ ਮੁਲਕ ਵਿਚ ਹੀ ਨਹੀਂ ਸਗੋਂ ਗੁਆਂਢੀ ਦੇਸਾਂ ਵਿਚ ਵੀ ਅਜਿਹਾ ਕੋਈ ਪਰਿਵਾਰ ਨਹੀਂ ਹੋਣਾ ਜਿਸ ਵਿਚ ਪੁਤਰ, ਭਰਾ ਜਾਂ ਰਿਸ਼ਤੇਦਾਰ ਦੀ ਮੌਤ ਉਤੇ ਵੈਣ ਨਾ ਪਾਏ ਗਏ ਹੋਣ। ਛੇਤੀ ਹੀ ਚਾਂਦੀ ਦੀ ਟੋਪੀ ਦੀ ਖ਼ਬਰ ਉਸ ਪਿੰਡ ਤਕ ਵੀ ਪਹੁੰਚ ਗਈ ਜਿਸ ਵਿਚ ਯਰਤੀ-ਗੁਲਾਕ ਆਪਣੇ ਅੱਬਾ ਨਾਲ ਰਹਿੰਦਾ ਸੀ। ਨਿਰਸੰਦੇਹ, ਉਸ ਪਿੰਡ ਦੇ ਚੰਗੇ ਤੋਂ ਚੰਗੇ ਗਭਰੂ ਵੀ ਆਪਣੀ ਬਹਾਦਰੀ ਵਿਖਾਉਣੀ ਚਾਹੁੰਦੇ ਸਨ। ਉਹ ਸਫ਼ਰ ਦੀਆਂ ਤਿਆਰੀਆਂ ਕਰਨ ਲੱਗੇ। ਉਹਨਾਂ ਦੀਆਂ ਮਾਵਾਂ ਭੈਣਾਂ ਬਥੇਰਾ ਰੋਈਆਂ ਕੁਰਲਾਈਆਂ, ਬਥੇਰੇ ਵਾਸਤੇ ਪਾਏ ਪਰ ਉਹ ਜਾਣ ਤੋਂ ਨਾ ਰੁਕੇ। ਹਿੰਮਤੀ ਜਿਗੀਤ ਚੁਪ ਚਾਪ ਆਪਣੇ ਘੋੜਿਆਂ ਉਤੇ ਕਾਠੀਆਂ ਕੱਸਦੇ ਰਹੇ। ਤਦ ਯਰਤੀ-ਗੁਲਾਕ ਵੀ ਦੌੜਦਾ ਹੋਇਆ ਉਹਨਾਂ ਦੇ ਕੋਲ ਆ ਕੇ ਰੌਲਾ ਪਾਉਣ ਲੱਗ ਪਿਆ:

"ਓਇ, ਜਿਗੀਤੋ! ਤੁਸੀਂ ਸਾਡੇ ਪਿੰਡ ਦਾ ਮਾਣ ਤੇ ਤਾਣ ਹੋ! ਮੈਂ ਤਾਂ ਸੋਚਦਾ ਸਾਂ ਕਿ ਤੁਸੀਂ ਦਾਨਿਆਂ ਦੇ ਦਾਨੇ ਹੋ, ਪਰ ਤੁਸੀਂ ਭੇਡ ਤੇ ਗਿੱਦੜ ਵਿਚਲਾ ਫਰਕ ਵੀ ਨਹੀਂ ਦੱਸ ਸਕਦੇ! ਇਸ ਜ਼ਾਲਮ ਹਸੀਨਾ ਦਾ ਇਤਬਾਰ ਨਾ ਕਰੋ! ਉਹ ਤੁਹਾਨੂੰ ਸਾਰਿਆਂ ਨੂੰ ਖ਼ਤਮ ਕਰਨਾ ਚਾਹੁੰਦੀ ਏ!"

ਪਰ ਜਵਾਨੀ ਦਾ ਜੋਸ਼ ਤੇ ਦਾਨਾਈ ਦਾ ਮੇਲ ਨਹੀਂ ਹੁੰਦਾ।

ਜਵਾਨ ਮੁੰਡੇ ਆਪਣੇ ਘੋੜਿਆਂ ਉਤੇ ਸਵਾਰ ਹੋਏ ਤੇ ਚਲੇ ਗਏ। ਉਹਨਾਂ ਦੇ ਪਿਛੇ ਰੇਗਿਸਤਾਨ ਵਿਚ ਧੂੜ ਦੇ ਬੱਦਲ ਉਡਦੇ ਜਾ ਰਹੇ ਸਨ।

ਯਰਤੀ ਨੇ ਉਹਨਾਂ ਨੂੰ ਜਾਂਦਿਆਂ ਨੂੰ ਵੇਖਿਆ ਤੇ ਆਪਣੀ ਮਾਂ ਨੂੰ ਆਖਿਆ:

"ਐਦਜੇ-ਜਾਨ, ਮੈਨੂੰ ਹਸੀਨਾ ਦੀ ਲੋੜ ਨਹੀਂ, ਪਰ ਮੈਂ ਸ਼ਹਿਰ ਜਾ ਕੇ ਮੀਨਾਰ ਉਤੋਂ ਬਾਦਸ਼ਾਹ ਦੀ ਧੀ ਦੀ ਚਾਂਦੀ ਦੀ ਟੋਪੀ ਲਾਹੁਣ ਦੀ ਕੋਸ਼ਿਸ਼ ਕਰ ਵੇਖਦਾ ਹਾਂ। ਕੀ ਮੈਨੂੰ ਆਪਣੇ ਪਿੰਡ ਦੇ ਏਡੇ ਬਹਾਦਰ ਗਭਰੂਆਂ ਦੀ ਸਹਾਇਤਾ ਨਹੀਂ ਕਰਨੀ ਚਾਹੀਦੀ?"

ਇਹ ਗੱਲ ਕਹਿ ਕੇ ਯਰਤੀ ਆਪਣੇ ਬੁੱਢੇ ਖੋਤੇ ਉਤੇ ਕਾਠੀ ਪਾਉਣ ਲੱਗਾ।

ਉਸ ਦੀ ਮਾਂ ਰੋਣ ਲੱਗ ਪਈ ਤੇ ਉਸ ਨੂੰ ਬਾਦਸ਼ਾਹ ਦੇ ਮਹਿਲ ਵੱਲ ਜਾਣ ਤੋਂ ਹੋੜਨ ਲੱਗੀ।

ਉਸ ਨੇ ਆਖਿਆ:

"ਮੈਂ ਤੈਨੂੰ ਨਹੀਂ ਜਾਣ ਦੇਣਾ, ਮੇਰਿਆ ਪੁਤਰਾ, ਪੋਸਤ ਦੀ ਡੋਡੀ ਵਰਗਿਆ, ਫੁੱਲ ਦੀ ਪੰਖੜੀ ਤੇ ਸੋਨੇ ਦੇ ਸੇਬ ਵਰਗਿਆ। ਜ਼ਾਲਮ ਹਸੀਨਾ ਨੇ ਤੇਰੀ ਵੀ ਜਾਨ ਲੈ ਲੈਣੀ ਏ। ਉਸ ਦੇ ਪੱਥਰ-ਦਿਲ ਵਿਚ ਤੇਰੇ ਲਈ ਵੀ ਰਹਿਮ ਪੈਦਾ ਨਹੀਂ ਹੋਣਾ।"

ਪਿਤਾ ਨੇ ਹੁੰਗਰ ਛੱਡੀ ਤੇ ਤਰਲਾ ਕੀਤਾ:

"ਅਕਲ ਕਰ, ਪੁਤਰਾ! ਤੂੰ ਮੇਰੀ ਧੌਲੀ ਦਾੜ੍ਹੀ ਨੂੰ ਲਾਜ ਲਾ ਦੇਣੀ ਏਂ ਤੇ ਆਪਣੀ ਜਾਨ ਗੁਆ ਬਹਿਣੀ ਏ। ਉਹ ਕਾਰਨਾਮਾ ਤੇਰੇ, ਕਾਢੇ ਜਿਹੇ ਕੋਲੋਂ ਨਹੀਂ ਹੋਣ ਲੱਗਾ ਜਿਹੜਾ ਮੰਨੇ ਪ੍ਰਮੰਨੇ ਪਹਿਲਵਾਨ ਵੀ ਨਹੀਂ ਕਰ ਸਕੇ।"

ਚੁਸਤ ਚਲਾਕ ਯਰਤੀ-ਗੁਲਾਕ ਨੇ ਆਪਣੇ ਮਾਤਾ ਪਿਤਾ ਨੂੰ ਘੁਟ ਕੇ ਗਲਵਕੜੀ ਪਾਈ ਤੇ ਜਵਾਬ ਦਿੱਤਾ:

"ਤੁਸੀਂ ਰੋਵੋ ਨਾ। ਜਿਥੋਂ ਦੀ ਊਠ ਵੀ ਨਾ ਲੰਘ ਸਕੇ ਉਥੋਂ ਦੀ ਲੰਘ ਜਾਵੇ ਨਿਕਾ ਜਿਹਾ ਚੂਹਾ।"

ਉਸ ਨੇ ਦਿਨ-ਦਿਹਾਰ ਉਤੇ ਪਾਉਣ ਵਾਲੇ ਆਪਣੇ ਚੋਲੇ ਦੁਆਲੇ ਰੰਗ-ਬਰੰਗਾ ਕਮਰਬੰਦ ਬੰਨ੍ਹਿਆ ਤੇ ਖੋਤੇ ਉਤੇ ਚੜ੍ਹ ਕੇ ਚਲਿਆ ਗਿਆ।

ਰੇਗਿਸਤਾਨ ਦੀਆਂ ਰੇਤਾਂ ਥਾਣੀਂ ਆਪਣੇ ਖੋਤੇ ਨੂੰ ਹਿਕ ਹਿਕ ਕੇ ਜਾਂਦਿਆਂ ਬੜਾ ਹੀ ਚਿਰ ਲੱਗਾ। ਅਖ਼ੀਰ ਉਸ ਨੂੰ ਸ਼ਹਿਰ ਵਿਖਾਈ ਦਿੱਤਾ। ਇਹ ਬੁੱਢੇ ਬਾਦਸ਼ਾਹ ਦੇ ਮੁਲਕ ਦੀ ਰਾਜਧਾਨੀ ਸੀ। ਸ਼ਹਿਰ ਦੀਆਂ ਉੱਚੀਆਂ ਉੱਚੀਆਂ ਦੀਵਾਰਾਂ ਉਤੇ ਹਰੇ ਰੰਗ ਦੇ ਰੇਸ਼ਮੀ ਝੰਡੇ ਲਹਿਰਾ ਰਹੇ ਸਨ ਜਿਨ੍ਹਾਂ ਉਤੇ ਅਜਗਰਾਂ ਦੀਆਂ ਸ਼ਕਲਾਂ ਬਣੀਆਂ ਹੋਈਆਂ ਸਨ। ਨੁਕਰਾਂ ਉਤੇ ਬੁਰਜਾਂ ਦੀਆਂ ਬਾਰੀਆਂ ਵਿਚ ਭਲਵਾਨਾਂ ਵਰਗੇ ਤਗੜੇ ਸੁਹਣੇ ਢੰਡੋਰਚੀ ਖਲੋਤੇ ਹੋਏ ਆਦਮੀ ਦੇ ਕੱਦ ਜਿੱਡੇ ਲੰਮੇ ਲੰਮੇ ਤੁਰਮ ਵਜਾ ਰਹੇ ਸਨ। ਉਹ ਬਾਦਸ਼ਾਹ ਦੀ ਧੀ ਨਾਲ ਵਿਆਹ ਕਰਾਉਣ ਦਾ ਉੱਚਾ ਮਾਣ ਪ੍ਰਾਪਤ ਕਰਨ ਦੇ ਚਾਹਵਾਨਾਂ ਨੂੰ ਆਪਣੀ ਤਾਕਤ ਤੇ ਚੁਸਤੀ ਵਿਖਾਉਣ ਦਾ ਸੱਦਾ ਦੇ ਰਹੇ ਸਨ।

ਉਹ ਉੱਚੀ ਉੱਚੀ ਤੁਰਮ ਵਜਾ ਰਹੇ ਸਨ ਤੇ ਜ਼ੋਰ ਜ਼ੋਰ ਦੀ ਬੋਲ ਰਹੇ ਸਨ:

"ਸੁਣੋ, ਲੋਕੋ! ਜਿਹੜਾ ਵੀ ਕੋਈ ਸ਼ਹਿਰ ਦੀ ਮਸਜਿਦ ਦੇ ਮੀਨਾਰ ਉਤੋਂ ਹਸੀਨਾ ਖ਼ਾਨ-ਸੁਲਤਾਨਾ ਦੀ ਚਾਂਦੀ ਦੀ ਟੋਪੀ ਲਾਹਵੇਗਾ ਉਹ ਹੀ ਉਸ ਦਾ ਪਤੀ ਤੇ ਬਾਦਸ਼ਾਹ ਦਾ ਵਾਰਸ ਬਣੇਗਾ, ਉਹ ਹੀ ਧਰਤੀ

ਤੇ ਪਾਣੀ ਦਾ ਮਾਲਕ ਹੋਵੇਗਾ, ਉਸ ਦਾ ਹੀ ਸਾਰੇ ਲੋਕਾਂ ਤੇ ਸ਼ਹਿਰਾਂ ਉਤੇ ਰਾਜ ਹੋਵੇਗਾ, ਸਾਰੇ ਮਹਿਲ ਤੇ ਬੇਸ਼ੁਮਾਰ ਖ਼ਜ਼ਾਨੇ ਉਸੇ ਦੇ ਹੀ ਹੋਣਗੇ।"

ਲੋਕਾਂ ਦੀਆਂ ਭੀੜਾਂ ਸ਼ਹਿਰ ਦੇ ਦਰਵਾਜ਼ੇ ਵੱਲ ਵਧਦੀਆਂ ਜਾ ਰਹੀਆਂ ਸਨ। ਯਰਤੀ ਨੇ ਸ਼ਹਿਰ ਦੀ ਕੰਧ ਦੇ ਬਾਹਰਵਾਰ ਇਕ ਬੋਹੜ ਦੀ ਛਾਵੇਂ ਆਪਣੀ ਖੋਤੇ ਨੂੰ ਬੰਨ੍ਹ ਦਿੱਤਾ ਤੇ ਭੀੜ ਦੇ ਨਾਲ ਹੀ ਸ਼ਹਿਰ ਦੇ ਸਭ ਤੋਂ ਵੱਡੇ ਮੈਦਾਨ ਵੱਲ ਛੁਹਲੇ ਪੈਰੀਂ ਚਲਿਆ ਗਿਆ।

ਯਰਤੀ ਨੇ ਮੀਨਾਰ ਵੱਲ ਵੇਖਿਆ ਜਿਹੜਾ ਏਨਾ ਉੱਚਾ ਸੀ ਕਿ ਵੇਖਦਿਆਂ ਉਸ ਦਾ ਸਿਰ ਚਕਰਾ ਗਿਆ। ਉਸ ਨੇ ਮੀਨਾਰ ਦੀ ਕੰਧ ਨੂੰ ਹੱਥ ਲਾ ਕੇ ਵੇਖਿਆ ਜਿਹੜੀ ਏਨੀ ਪਧਰੀ ਤੇ ਮੁਲਾਇਮ ਸੀ ਕਿ ਉਸ ਨਾਲ ਚੰਬੜਿਆ ਵੀ ਨਹੀਂ ਜਾ ਸਕਦਾ ਸੀ। ਉਹ ਦੌੜ ਕੇ ਦਰਵਾਜ਼ੇ ਵੱਲ ਇਹ ਵੇਖਣ ਲਈ ਗਿਆ ਕਿ ਉਥੇ ਸ਼ਾਇਦ ਕੋਈ ਝੀਤ ਹੋਵੇ ਤਾਂ ਜੋ ਉਥੋਂ ਦੀ ਵੜ ਕੇ ਪੌੜੀਆਂ ਥਾਣੀਂ ਉਪਰ ਚੜ੍ਹਿਆ ਜਾ ਸਕੇ। ਪਰ ਦਰਵਾਜ਼ੇ ਨੂੰ ਤਾਂਬੇ ਦੀਆਂ ਪਤਰੀਆਂ ਲਾ ਕੇ ਏਨੀ ਚੰਗੀ ਤਰ੍ਹਾਂ ਬੰਦ ਕੀਤਾ ਗਿਆ ਸੀ ਕਿ ਉਥੇ ਕੋਈ ਵੀ ਝੀਤ ਨਹੀਂ ਸੀ। ਇਸ ਤੋਂ ਇਲਾਵਾ ਦਰਵਾਜ਼ੇ ਅੱਗੇ ਹਥਿਆਰਬੰਦ ਪਹਿਰੇਦਾਰ ਖੜੇ ਸਨ। ਯਰਤੀ-ਗੁਲਾਕ ਬੜਾ ਉਦਾਸ ਹੋਇਆ। ਉਹ ਮੈਦਾਨ ਵਿਚ ਹੀ ਬੈਠ ਗਿਆ ਤੇ ਮੁਨਾਰੇ ਦੀ ਚੋਟੀ ਵੱਲ ਵੇਖਦਾ ਹੋਇਆ ਸੋਚੀਂ ਪੈ ਗਿਆ। ਅਚਾਨਕ ਉਸ ਨੂੰ ਬੀਬੇ ਕਬੂਤਰਾਂ ਦੀ ਇਕ ਡਾਰ ਵਿਖਾਈ ਦਿੱਤੀ। ਕਬੂਤਰ ਕਪਾਹ ਦੀਆਂ ਫੁੱਟੀਆਂ ਵਾਂਗ ਮੀਨਾਰ ਦੇ ਦੁਆਲੇ ਚੱਕਰ ਲਾਉਂਦੇ ਹੋਏ ਉੱਡ ਰਹੇ ਸਨ।

"ਨੀ ਖ਼ਾਨ-ਸੁਲਤਾਨਾ, ਜ਼ਾਲਮ ਪਰੀਏ!" ਮੁੰਡੇ ਨੇ ਟਾਹਰ ਮਾਰੀ ਤੇ ਖ਼ੁਸ਼ੀ ਵਿਚ ਆਇਆ ਨੱਚਣ ਲੱਗ ਪਿਆ। "ਹੁਣ ਤੂੰ ਮੇਰੇ ਕਾਬੂ ਆ ਗਈ ਏਂ!"

ਉਸ ਨੇ ਆਪਣੇ ਖੀਸਿਆਂ ਵਿਚ ਹੱਥ ਮਾਰਿਆ ਤੇ ਉਸ ਨੂੰ ਰੋਟੀ ਦੇ ਭੋਰੇ ਲੱਭੇ ਜਿਹੜੀ ਉਸ ਦੀ ਮਾਂ ਨੇ ਤੁਰਨ ਲੱਗਿਆਂ ਉਸ ਨੂੰ ਦਿੱਤੀ ਸੀ। ਉਸ ਨੇ ਮੀਨਾਰ ਲਾਗੇ ਭੋਰੇ ਖਿਲਾਰ ਦਿੱਤੇ ਤੇ ਪੱਥਰ ਦੇ ਚੌਤਰੇ ਪਿਛੇ ਲੁਕ ਕੇ ਉਡੀਕਣ ਲੱਗਾ। ਬੀਬੇ ਕਬੂਤਰ ਮੀਨਾਰ ਦੁਆਲੇ ਉਡਦੇ ਰਹੇ, ਉਡਦੇ ਰਹੇ ਤੇ ਫਿਰ ਹੇਠਾਂ ਉਤਰ ਆਏ। ਹੌਲੀ ਹੌਲੀ ਗੁਟਕੂੰ ਗੁਟਕੂੰ ਕਰਦੇ ਹੋਏ ਉਹ ਭੋਰੇ ਚੁਗਣ ਲੱਗੇ। ਯਰਤੀ ਆਪਣੀ ਥਾਂ ਤੋਂ ਹਿਲਿਆ ਤੇ ਸਭ ਤੋਂ ਵੱਡੇ ਕਬੂਤਰ ਵੱਲ ਵਧਣ ਲੱਗਾ। ਉਸ ਨੇ ਇਕ ਛੜੱਪਾ ਮਾਰ ਕੇ ਕਬੂਤਰ ਦੀ ਪੂਛ ਫੜ ਲਈ ਜਿਹੜਾ ਉਸ ਦੇ ਹੱਥਾਂ ਵਿਚ ਫੜਫੜਾਉਣ ਲੱਗਾ, ਤੇ ਯਰਤੀ ਆਪਣਾ ਪੂਰਾ ਜ਼ੋਰ ਲਾ ਕੇ ਚੀਕਾਂ ਮਾਰਨ ਲੱਗਾ:

"ਹੇ, ਹੇ, ਸ਼ੀ, ਸ਼ੀ! ਉੱਡੋ ਕਬੂਤਰੋ, ਉੱਡੋ! ਮੈਨੂੰ ਮੁਨਾਰੇ ਉਤੇ ਲੈ ਚਲੋ!"

ਕਬੂਤਰਾਂ ਨੂੰ ਯਰਤੀ-ਗੁਲਾਕ ਦੀਆਂ ਗੱਲਾਂ ਦੀ ਸਮਝ, ਬੇਸ਼ਕ, ਨਹੀਂ ਪਈ ਸੀ, ਪਰ ਉਹ ਚੀਕਾਂ ਸੁਣ ਕੇ ਏਨਾ ਡਰ ਗਏ ਕਿ ਉਹ ਉਥੋਂ ਉੱਡ ਗਏ।

ਉਹਨਾਂ ਦੇ ਨਾਲ ਹੀ ਯਰਤੀ ਵੀ ਬਾਦਸ਼ਾਹ ਦੀ ਰਾਜਧਾਨੀ ਉਪਰ ਬੜੀ ਉਚਾਈ ਉਤੇ ਉਡ ਰਿਹਾ ਸੀ। ਉਪਰੋਂ ਉਸ ਨੂੰ ਮਹਿਲ ਤੇ ਵਿੰਗੀਆਂ-ਟੇਢੀਆਂ ਗਲੀਆਂ ਵਿਖਾਈ ਦਿੱਤੀਆਂ, ਬਾਜ਼ਾਰ ਤੇ ਚੌਕ ਵਿਖਾਈ ਦਿੱਤੇ, ਖੇਤ ਤੇ ਸਿੰਜਾਈ ਨਹਿਰਾਂ ਵਿਖਾਈ ਦਿੱਤੀਆਂ, ਪਰ ਮਸਜਿਦ ਦਾ ਮੀਨਾਰ ਵਿਖਾਈ ਨਾ ਦਿੱਤਾ। ਕਬੂਤਰ ਉਸ ਨੂੰ ਬਿਲਕੁਲ ਉਲਟ ਦਿਸ਼ਾ ਵਿਚ ਲਿਜਾ ਰਹੇ ਸਨ! ਮੁੰਡਾ ਸਹਿਮ ਗਿਆ। ਉਸ ਦੇ ਹੱਥ ਢਿੱਲੇ ਪੈ ਗਏ। ਉਸ ਨੇ ਆਖ਼ਰੀ ਤਾਕਤ ਬਟੋਰ ਕੇ ਕਬੂਤਰ ਦੀ ਪੂਛ ਨੂੰ ਹੋਰ ਘੁਟ ਕੇ ਫੜ ਲਿਆ ਤੇ ਕਸੀਸ ਵੱਟ ਲਈ। ਪਰ ਕਬੂਤਰ ਵੀ ਤਾਂ ਥੱਕਣ ਲੱਗ ਪਏ ਸਨ। ਉਹ ਵਾਪਸ ਮੁੜ ਆਏ ਤੇ ਮੀਨਾਰ ਦੇ ਉਕਰੇ ਹੋਏ ਛੱਜੇ ਉਤੇ ਬੈਠ ਗਏ। ਯਰਤੀ ਨੇ ਅੱਖਾਂ ਖੋਲ੍ਹੀਆਂ ਤੇ ਬੜਾ ਹੀ ਖ਼ੁਸ਼ ਹੋਇਆ।



"ਕੰਮ ਬਣ ਗਿਐ!" ਮੁੰਡੇ ਨੇ ਸੋਚਿਆ ਤੇ ਮੀਨਾਰ ਉਤੋਂ ਟੋਪੀ ਲਾਹੁਣ ਲਈ ਅੱਗੇ ਵਧਿਆ, ਪਰ ਇਹ ਏਨਾ ਸੌਖਾ ਕੰਮ ਨਹੀਂ ਸੀ! ਉਸ ਦੇ ਅੱਗੇ ਢਾਲਵੀਂ ਛੱਤ ਸੀ, ਜਿਸ ਉਤੇ ਸੁਨਹਿਰੀ ਅਰਧ-ਚੰਨ ਲੱਗਾ ਹੋਇਆ ਸੀ ਅਤੇ ਇਸ ਤੋਂ ਵੀ ਵਧ ਉਚਾਈ ਉਤੇ ਬਾਦਸ਼ਾਹ ਦੀ ਧੀ ਦੀ ਟੋਪੀ ਦਿਸ ਰਹੀ ਸੀ ਜਿਹੜੀ ਨਗੀਨਿਆਂ ਨਾਲ ਜੜੀ ਹੋਈ ਅਸਮਾਨ ਵਿਚ ਝਿਲਮਿਲ ਝਿਲਮਿਲ ਕਰ ਰਹੀ ਸੀ।

ਪਰ ਹੁਣ ਪਿਛਾਂਹ ਨਹੀਂ ਮੁੜਿਆ ਜਾ ਸਕਦਾ ਸੀ। ਹਾਂ, ਤੇ ਯਰਤੀ ਵੀ ਅਜਿਹੇ ਲੋਕਾਂ ਵਿਚੋਂ ਨਹੀਂ ਸੀ ਜਿਹੜੇ ਕੰਮ ਸ਼ੁਰੂ ਕਰ ਕੇ ਅਧਵਾਟੇ ਹੀ ਛੱਡ ਦਿੰਦੇ ਹੋਣ। ਉਹ ਛੱਤ ਦੀਆਂ ਟਾਇਲਾਂ ਨੂੰ ਫੜ ਫੜ ਕੇ ਉਪਰ ਚੜ੍ਹਨ ਲੱਗਾ। ਕਦੀ ਕਦੀ ਉਹ ਹੇਠਾਂ ਤਿਲਕ ਜਾਂਦਾ ਪਰ ਫਿਰ ਉਪਰ ਚੜ੍ਹਨ ਲਗਦਾ। ਲਓ, ਉਹ ਅਰਧ-ਚੰਨ ਦੇ ਹੇਠਲੇ ਸਿਰੇ ਨੂੰ ਜਾ ਚੰਬੜਿਆ ਸੀ। ਥੋੜ੍ਹਾ ਜਿੰਨਾ ਹੋਰ ਜ਼ੋਰ ਲਾਇਆ ਤੇ ਬਾਦਸ਼ਾਹ ਦੀ ਧੀ ਦੀ ਬਹੁਮੁੱਲੀ ਟੋਪੀ ਉਸ ਦੇ ਹੱਥ ਵਿਚ ਆ ਗਈ। ਪਰ ਚਾਲੀ ਗੁੰਝਲਾਂ ਤੇ ਚਾਲੀ ਗੰਢਾਂ ਖੋਲ੍ਹਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ ਜਿਹੜੀਆਂ ਟੋਪੀ ਟੰਗਣ ਵੇਲੇ ਰੇਸ਼ਮੀ ਡੋਰੀਆਂ ਨਾਲ ਮਾਰੀਆਂ ਗਈਆਂ ਸਨ! ਹਾਏ, ਤੇ ਏਨੀ ਉਚਾਈ ਉਤੇ! ਖੱਬੇ ਹੱਥ ਨਾਲ ਉਸ ਨੇ ਅਰਧ-ਚੰਨ ਦਾ ਸਿਰਾ ਫੜਿਆ ਹੋਇਆ ਸੀ ਤੇ ਉਸ ਦਾ ਸੱਜਾ ਹੱਥ ਹੀ ਵਿਹਲਾ ਸੀ। ਤੇ ਇਕ ਹੱਥ ਨਾਲ ਕਿੰਨਾ-ਕੁ ਕੰਮ ਕੀਤਾ ਜਾ ਸਕਦਾ ਹੈ? ਪਰ ਸਿਦਕ ਵਾਲੇ ਲੋਕ ਵਗਦੇ ਤੂਫ਼ਾਨ ਵਿਚ ਵੀ ਅੱਗ ਬਾਲ ਸਕਦੇ ਹਨ। ਲੋੜ ਪੈਣ ਉਤੇ ਯਰਤੀ ਬੜਾ ਸਿਦਕਦਿਲ ਤੇ ਸਿਰੜੀ ਹੋ ਜਾਂਦਾ ਸੀ। ਰੇਗਿਸਤਾਨ ਦੇ ਸਿਰੇ ਉਤੇ ਸੂਰਜ ਦੀ ਲਾਲ ਟਿੱਕੀ ਅੱਜੇ ਡੁੱਬੀ ਨਹੀਂ ਸੀ ਕਿ ਖ਼ਾਨ-ਸੁਲਤਾਨਾ ਦੀ ਟੋਪੀ ਯਰਤੀ ਦੇ ਹੱਥਾਂ ਵਿਚ ਆ ਚੁੱਕੀ ਸੀ!

ਮੁੰਡਾ ਬੜਾ ਖ਼ੁਸ਼ ਹੋਇਆ। ਪਰ ਅਹਿਮਕ ਹੀ ਸਮੇਂ ਤੋਂ ਪਹਿਲਾਂ ਖ਼ੁਸ਼ ਹੁੰਦਾ ਹੈ। ਯਰਤੀ ਨੇ ਹੇਠਾਂ ਵੱਲ ਵੇਖਿਆ ਤੇ ਉਸ ਦਾ ਦਿਲ ਹੀ ਬੈਠ ਗਿਆ। ਹੇਠਾਂ ਤਾਂ ਪਤਾਲ ਸੀ ਜਿਸ ਵਿਚ ਕਾਢਿਆਂ ਜਿੱਡੇ ਛੋਟੇ ਛੋਟੇ ਮਨੁੱਖ ਰੀਂਗ ਰਹੇ ਸਨ ਤੇ ਬਾਦਸ਼ਾਹ ਦਾ ਮਹਿਲ ਉਥੋਂ ਯਰਤੀ ਦੇ ਪਿਤਾ ਦੇ ਕਿਬੀਤਕਾ ਨਾਲੋਂ ਵੱਡਾ ਨਹੀਂ ਲਗਦਾ ਸੀ। ਡਰ ਕਾਰਨ ਉਸ ਦੇ ਪੈਰਾਂ ਹੇਠੋਂ ਛੱਤ ਖਿਸਕਦੀ ਜਾ ਰਹੀ ਸੀ। ਹੁਣ ਉਹ ਉਥੋਂ ਕਿਵੇਂ ਉਤਰੇ?

ਉਸ ਵੇਲੇ ਹੇਠੋਂ ਤਿੰਨ ਵਾਰੀ ਟੱਲ ਵੱਜਣ ਦੀ ਗੂੰਜਾਰ ਆਈ। ਇਸ ਦਾ ਮਤਲਬ ਇਹ ਸੀ ਕਿ ਬਾਜ਼ਾਰ ਬੰਦ ਹੋਣ ਵਾਲਾ ਸੀ। ਤੇ ਇਕਦਮ ਲਾਗਲੇ ਮੀਨਾਰਾਂ ਉਤੇ ਮੁੱਲਾਂ ਨਮਾਜ਼ ਪੜ੍ਹਨ ਲੱਗ ਪਏ ਸਨ।

ਛੇਤੀ ਹੀ ਰਾਤ ਪੈ ਜਾਣੀ ਸੀ।

"ਓਇ ਯਰਤੀ," ਮੁੰਡੇ ਨੇ ਆਪਣੇ ਆਪ ਨੂੰ ਕਿਹਾ। "ਤੂੰ ਹੋਰ ਕਿੰਨਾ-ਕੁ ਚਿਰ ਐਨ ਅਸਮਾਨ ਹੇਠ ਲਮਕਿਆ ਰਹੇਂਗਾ? ਹੇਠਾਂ ਉਤਰਨ ਦੀ ਕਾਹਲ ਕਰਨੀ ਚਾਹੀਦੀ ਏ। ਦੁਪਹਿਰ ਵੇਲੇ ਰੇਗਿਸਤਾਨ ਅੱਗ ਉਗਲਦਾ ਹੈ ਪਰ ਅੱਧੀ ਰਾਤ ਨੂੰ ਸੀਤ। ਜੇ ਮੈਂ ਮੀਨਾਰ ਉਤੇ ਹੀ ਰਹਿ ਗਿਆ ਤਾਂ ਠੰਡ ਨਾਲ ਕੁੰਗੜ ਜਾਵਾਂਗਾ ਜਿਵੇਂ ਬਰਫ਼ਾਨੀ ਪਹਾੜ ਦੀ ਟੀਸੀ ਉਤੇ ਖੜਾ ਰਾਹੀ।"

ਯਰਤੀ ਨੇ ਇਹ ਸੋਚਿਆ ਤੇ ਕਬੂਤਰਾਂ ਨੂੰ ਨੀਝ ਲਾ ਕੇ ਢੂੰਡਣ ਲੱਗਾ। ਪਰ ਪੰਛੀ ਤਾਂ ਚਿਰੋਕਣੇ ਸੁੱਤੇ ਹੋਏ ਸਨ। ਯਰਤੀ ਨੇ ਬੜਾ ਹੀ ਸੋਚਿਆ ਪਰ ਕੋਈ ਚਾਰਾ ਨਾ ਚੱਲਿਆ।

ਉਧਰ ਰੇਗਿਸਤਾਨ ਉਤੇ ਸ਼ਾਮ ਦੀ ਠੰਡੀ ਹਵਾ ਦਾ ਪਹਿਲਾ ਬੁੱਲਾ ਆਇਆ। ਉਹ ਸ਼ਹਿਰ ਦੀਆਂ ਦੀਵਾਰਾਂ ਦੇ ਅੰਦਰ ਵੜਿਆ, ਵਿੰਗ-ਤੜਿੰਗੀਆਂ ਭੀੜੀਆਂ ਗਲੀਆਂ ਵਿਚ ਘੱਟਾ ਉਡਾਇਆ, ਬਾਦਸ਼ਾਹ ਦੇ ਬਾਗ਼ਾਂ ਵਿਚ ਪੱਤਿਆਂ ਨੂੰ ਖੜਕਾਇਆ, ਹੋਰ ਉੱਚਾ ਹੋਇਆ ਤੇ ਛੱਤਾਂ ਉਤੇ ਖੜਾਕ ਕਰਦਾ ਹੋਇਆ ਵਾ-ਵਰੋਲਾ ਬਣ ਕੇ ਮੀਨਾਰ ਵੱਲ ਉੱਡ ਗਿਆ ਜਿਥੇ ਯਰਤੀ-ਗੁਲਾਕ ਚਾਂਦੀ ਦੀ ਟੋਪੀ ਲੈ ਕੇ ਬੈਠਾ ਹੋਇਆ ਸੀ। ਵਾ-ਵਰੋਲਾ ਬਾਦਸ਼ਾਹ ਦੀ ਧੀ ਦੀ ਟੋਪੀ ਨੂੰ ਖੰਭ ਵਾਂਗ ਉਡਾ ਕੇ ਲੈ ਗਿਆ। ਪਰ ਯਰਤੀ ਏਨੀ ਕੀਮਤੀ

ਚੀਜ਼ ਨੂੰ ਆਪਣੇ ਹੱਥੋਂ ਕਿਵੇਂ ਜਾਣ ਦਿੰਦਾ, ਜਿਸ ਨੂੰ ਉਸ ਨੇ ਸਾਰਾ ਦਿਨ ਕੰਧਾਂ ਨਾਲ ਚੰਬੜ ਚੰਬੜ ਕੇ ਚੜ੍ਹਦਿਆਂ ਤੇ ਜਾਨ ਖ਼ਤਰੇ ਵਿਚ ਪਾ ਕੇ ਪ੍ਰਾਪਤ ਕੀਤਾ ਸੀ ਟੋਪੀ ਹਵਾ ਵਿਚ ਉੱਡੀ ਤੇ ਨਾਲ ਹੀ ਛਹਲਾ ਧਰਤੀ ਵੀ ਉੱਡ ਗਿਆ।

ਸ਼ਾਮ ਦੀ ਹਵਾ ਦੇਰ ਤਕ ਬਾਦਸ਼ਾਹ ਦੀ ਧੀ ਦੀ ਝਿਲਮਿਲ ਝਿਲਮਿਲ ਕਰਦੀ ਟੋਪੀ ਨਾਲ ਖੇਡਦੀ ਰਹੀ ਤੇ ਰਾਤ ਦੇ ਹਨੇਰੇ ਅਸਮਾਨ ਵਿਚ ਧਰਤੀ ਨੂੰ ਦੇਰ ਤਕ ਉਡਾਉਂਦੀ ਰਹੀ ਪਰ ਅੱਧੀ ਰਾਤ ਹੋਣ ਤਕ ਹਵਾ ਮੱਠੀ ਪੈ ਗਈ ਸੀ। ਚਾਂਦੀ ਦੀ ਟੋਪੀ ਤਰਦੀ ਹੋਈ ਗੁਲਾਬ ਦੇ ਬੂਟੇ ਉਤੇ ਜਾ ਪਈ ਜਿਹੜਾ ਬਾਦਸ਼ਾਹ ਦੇ ਮਹਿਲ ਦੇ ਐਨ ਸਾਮ੍ਹਣੇ ਉਗਿਆ ਹੋਇਆ ਸੀ। ਧਰਤੀ ਛਾਲ ਮਾਰ ਕੇ ਉਤਰਿਆ ਤੇ ਕਿਹਾ:

"ਲਓ ਜੀ, ਮੈਂ ਜ਼ਮੀਨ ਉਤੇ ਉਤਰ ਹੀ ਆਇਆ ਹਾਂ। ਚਲ ਕੇ ਵੇਖਦਾ ਹਾਂ ਕਿ ਮੇਰਾ ਖੋਤਾ ਕੀ ਕਰ ਰਿਹੈ। ਉਸ ਨੂੰ ਸਜਰਾ ਘਾਹ ਚਾਰਨ ਦਾ ਵਕਤ ਹੋ ਗਿਐ।"

ਉਸ ਨੇ ਕਮਰਬੰਦ ਕੱਸਿਆ ਤੇ ਚਾਂਦੀ ਦੀ ਟੋਪੀ ਘੁਟ ਕੇ ਆਪਣੀ ਹਿੱਕ ਨਾਲ ਲਾ ਕੇ ਸ਼ਹਿਰ ਦੇ ਦਰਵਾਜ਼ੇ ਵੱਲ ਕਦਮ ਪੁਟਦਾ ਹੋਇਆ ਤੁਰ ਪਿਆ।

ਹੁਣ ਅਸੀਂ ਧਰਤੀ ਨੂੰ ਛਡ ਕੇ ਬਾਦਸ਼ਾਹ ਦੇ ਮਹਿਲ ਵਿਚ ਦਾਖ਼ਲ ਹੁੰਦੇ ਹਾਂ।

ਹਸੀਨਾ ਖ਼ਾਨ-ਸੁਲਤਾਨਾ ਨੂੰ ਅਜੇ ਜਾਗ ਨਹੀਂ ਆਈ ਸੀ ਕਿ ਉਸ ਦੀਆਂ ਸਹੇਲੀਆਂ ਦੌੜਦੀਆਂ ਹੋਈਆਂ ਉਸ ਦੇ ਸੌਣ-ਕਮਰੇ ਵਿਚ ਆਈਆਂ।

ਉਹਨਾਂ ਨੇ ਮੱਛਰ-ਦਾਨੀ ਹਟਾਈ ਤੇ ਹਸੀਨਾ ਨੂੰ ਜਗਾਉਂਦੀਆਂ ਹੋਈਆਂ ਕੂਕਣ ਲੱਗੀਆਂ:

"ਖ਼ੁਸ਼ਖ਼ਬਰੀ! ਖ਼ੁਸ਼ਖ਼ਬਰੀ! ਜਾਗ ਨੀ ਸੁਹਣੀਏ ਖ਼ਾਨ-ਸੁਲਤਾਨਾ। ਕਿਸੇ ਹਿੰਮਤੀ ਜਿਗੀਤ ਨੇ ਉੱਚੇ ਮੀਨਾਰ ਉਤੋਂ ਟੋਪੀ ਲਾਹ ਲਈ ਏ। ਹੁਣ ਤੂੰ ਆਪਣਾ ਦਿਲ ਉਸ ਦੇ ਹਵਾਲੇ ਕਰ ਦੇ, ਤੇ ਅਸੀਂ ਤੇਰੇ ਵਿਆਹ ਦੀਆਂ ਖ਼ੁਸ਼ੀਆਂ ਮਨਾਵਾਂਗੀਆਂ!"

ਹਸੀਨਾ ਆਪਣੇ ਬਿਸਤਰੇ ਤੋਂ ਇੰਜ ਭੁੜਕ ਕੇ ਉੱਠੀ ਜਿਵੇਂ ਉਸ ਨੂੰ ਸੱਪ ਨੇ ਡੰਗ ਲਿਆ ਹੋਵੇ। ਉਸ ਨੇ ਰੇਸ਼ਮੀ ਸਿਰਹਾਣੇ ਵਗਾਹ ਸੁੱਟੇ ਤੇ ਸਹੇਲੀਆਂ ਨੂੰ ਲੱਤਾਂ ਮਾਰੀਆਂ। ਉਹ ਚੀਕੀ:

"ਚੁੱਪ ਕਰੋ! ਮੇਰਾ ਮਜ਼ਾਕ ਉਡਾਉਣ ਦੀ ਤੁਹਾਨੂੰ ਕਿਸ ਨੇ ਇਜਾਜ਼ਤ ਦਿੱਤੀ ਏ!"

ਉਸ ਨੇ ਆਪਣੇ ਸੌਣ-ਕਮਰੇ ਦੀ ਬਾਰੀ ਖੋਲ੍ਹੀ ਤੇ ਵੇਖਿਆ ਕਿ ਮੀਨਾਰ ਉਤੇ ਟੋਪੀ ਸਚਮੁਚ ਹੀ ਨਹੀਂ ਸੀ। ਉਧਰ ਬਾਦਸ਼ਾਹ ਆਪਣੇ ਅਹਿਲਕਾਰਾਂ ਨੂੰ ਨਾਲ ਲੈ ਕੇ ਕਮਰੇ ਵਿਚ ਆਇਆ: ਉਹ ਸਾਰੇ ਹਸੀਨਾ ਨੂੰ ਮੁਬਾਰਕਬਾਦ ਦੇਣ ਆਏ ਸਨ।

ਐਨ ਦੁਪਹਿਰ ਵੇਲੇ ਮੁਨਾਰਿਆਂ ਉਤੇ ਫਿਰ ਤੁਰਮ ਵੱਜੇ, ਟੱਲੀਆਂ ਨੇ ਟਣ ਟਣ ਕੀਤਾ, ਬੰਸਰੀਆਂ ਵੱਜਣ ਲੱਗੀਆਂ। ਇਸ ਸਭ ਕੁਝ ਦਾ ਮਤਲਬ ਲੋਕਾਂ ਨੂੰ ਚੌਕ ਵਿਚ ਆਉਣ ਦਾ ਸੱਦਾ ਦੇਣਾ ਸੀ। ਮਹਿਲ ਦੇ ਦਰਵਾਜ਼ੇ ਖੁਲ੍ਹ ਗਏ ਤੇ ਖ਼ੁਦ ਬਾਦਸ਼ਾਹ ਆਪਣੀ ਧੀ ਨੂੰ ਨਾਲ ਲੈ ਕੇ ਲੋਕਾਂ ਸਾਮ੍ਹਣੇ ਆ ਗਿਆ। ਧਰਤੀ ਤੇ ਪਾਣੀ ਦਾ ਮਾਲਕ, ਲੋਕਾਂ ਤੇ ਸ਼ਹਿਰਾਂ ਦਾ ਹਾਕਮ, ਮਹਿਲਾਂ ਤੇ ਬੇਸ਼ੁਮਾਰ ਖ਼ਜ਼ਾਨਿਆਂ ਦਾ ਸਵਾਮੀ ਕਾਲੀਨਾਂ ਦੇ ਸ਼ਾਮਿਆਨੇ ਹੇਠ ਬਣਾਏ ਗਏ ਇਕ ਮੰਚ ਉਤੇ ਆ ਗਿਆ ਤੇ ਸੋਨੇ ਦੀ ਕਢਾਈ ਕੀਤੇ ਸਿਰਹਾਣਿਆਂ ਉਤੇ ਬੈਠ ਗਿਆ। ਉਸ ਦੇ ਲਾਗੇ ਹੀ ਹਸੀਨਾ ਖ਼ਾਨ-ਸੁਲਤਾਨਾ ਬੈਠ ਗਈ। ਉਸੇ ਵੇਲੇ ਨੌਕਰਾਂ ਨੇ ਪੱਖੇ ਲੈ ਕੇ ਅਤੇ ਯੋਧਿਆਂ ਨੇ ਧੁੱਪ ਵਿਚ ਲਿਸ਼ਕਦੇ ਕਵਚ ਪਾ ਕੇ ਉਹਨਾਂ ਦੁਆਲੇ ਘੇਰਾ ਪਾ ਲਿਆ।

ਤਦ ਬਾਦਸ਼ਾਹ ਨੇ ਫ਼ਰਮਾਇਆ:

"ਉਸ ਪਹਿਲਵਾਨ ਗਭਰੂ ਨੂੰ ਇਥੇ ਲਿਆਓ ਜਿਹੜਾ ਸਾਰਿਆਂ ਨਾਲੋਂ ਹਿੰਮਤੀ ਤੇ ਸਾਰਿਆਂ ਨਾਲੋਂ ਨਿਡਰ

ਏ, ਜਿਸ ਨੇ ਏਨੇ ਉੱਚੇ ਮੀਨਾਰ ਤੋਂ ਚਾਂਦੀ ਦੀ ਟੋਪੀ ਲਾਹੀ ਏ। ਉਸ ਨੂੰ ਸਾਰੇ ਲੋਕਾਂ ਦੀ ਹਾਜ਼ਰੀ ਵਿਚ ਉਹ ਇਨਾਮ ਦਿੱਤਾ ਜਾਵੇਗਾ ਜਿਸ ਦਾ ਅਸੀਂ ਵਾਅਦਾ ਕੀਤਾ ਸੀ!"

ਅਹਿਲਕਾਰ ਆਪਣੇ ਮਾਲਕ ਦੀ ਇੱਛਾ ਉਤੇ ਫੁੱਲ ਚੜ੍ਹਾਉਣ ਲਈ ਉਸੇ ਵੇਲੇ ਦੌੜ ਗਏ ਪਰ ਜਦੋਂ ਉਹ ਵਾਪਸ ਆਏ ਤਾਂ ਉਹ ਡਾਢੇ ਪਰੇਸ਼ਾਨ ਲਗਦੇ ਸਨ। ਉਹ ਕੁਝ ਕਹੇ ਬਿਨਾਂ ਬਾਦਸ਼ਾਹ ਦੇ ਪੈਰੀਂ ਢਹਿ ਪਏ।

"ਵਿਹਲੜੋ! ਮੇਰਾ ਨੀਂਗਰ ਕਿੱਥੇ ਏ?!" ਹਸੀਨਾ ਖ਼ਾਨ-ਸੁਲਤਾਨਾ ਕੜਕੀ।

ਪਰ ਅਹਿਲਕਾਰ ਚੁੱਪ ਸਨ। ਉਹਨਾਂ ਵਿਚੋਂ ਕੋਈ ਵੀ ਹਿੱਲਿਆ ਤਕ ਨਾ।

"ਤੁਸੀਂ ਬੋਲਦੇ ਕਿਉਂ ਨਹੀਂ?" ਬਾਦਸ਼ਾਹ ਨੇ ਹੌਲੀ ਜਿਹੀ ਪੁੱਛਿਆ, ਪਰ ਉਸ ਦੀ ਹਰ ਗੱਲ ਚੌਕ ਦੇ ਦੂਸਰੇ ਸਿਰੇ ਤਕ ਵੀ ਸੁਣਾਈ ਦੇ ਰਹੀ ਸੀ ਕਿਉਂਕਿ ਉਥੇ ਸੰਨਾਟਾ ਛਾਇਆ ਹੋਇਆ ਸੀ।

ਪਰ ਬਾਦਸ਼ਾਹ ਦੇ ਅਹਿਲਕਾਰ ਇਸ ਵਾਰੀ ਵੀ ਚੁੱਪ ਰਹੇ। ਤਦ ਸਭ ਤੋਂ ਬੁੱਢਾ ਵਜ਼ੀਰ, ਜਿਹੜਾ ਏਨਾ ਬਿਰਧ ਸੀ ਕਿ ਲੋਕ ਇਹ ਗੱਲ ਭੁਲ ਗਏ ਸਨ ਕਦੋਂ ਉਹ ਬਾਦਸ਼ਾਹ ਦੇ ਮੁਲਕ ਵਿਚ ਆਇਆ ਸੀ, ਭੁੰਜਿਓਂ ਉੱਠਿਆ ਅਤੇ ਹਸੀਨਾ ਵੱਲ ਜਾਂਦਿਆਂ ਆਪਣੀ ਦਾੜ੍ਹੀ ਆਪਣੇ ਹੱਥਾਂ ਵਿਚ ਫੜ ਲਈ ਜੋ ਮਸਕੀਨੀ ਤੇ ਉਦਾਸੀ ਦੀ ਨਿਸ਼ਾਨੀ ਸੀ।

ਉਸ ਨੇ ਆਖਿਆ:

"ਹੇ ਹਸੀਨਾਂ ਦੀ ਹਸੀਨਾ, ਹੇ ਸਿਆਣੀਆਂ ਦੀ ਸਿਆਣੀ! ਹੇ ਤਾਰੇ ਦੀ ਧੀਏ ਤੇ ਗੁਲਾਬ ਦੀ ਭੈਣੇ, ਉਹ ਕੁਝ ਵੇਖਣ ਲਈ ਤਿਆਰ ਹੋ ਜਾ, ਜੋ ਪਹਿਲਾਂ ਕਦੇ ਵੇਖਿਆ ਨਹੀਂ, ਉਹ ਕੁਝ ਸੁਣਨ ਲਈ ਤਿਆਰ ਹੋ ਜਾ, ਜੋ ਕੁਝ ਕਦੇ ਸੁਣਿਆ ਨਹੀਂ।"

ਏਨਾ ਕਹਿ ਕੇ ਉਸ ਨੇ ਆਪਣਾ ਹੱਥ ਲਹਿਰਾਇਆ। ਉਸੇ ਵੇਲੇ ਭੀੜ ਪਿਛਾਂਹ ਹਟ ਗਈ। ਸੋਨੇ ਦੀ ਕਢਾਈ ਵਾਲੇ ਚੋਲੇ ਪਹਿਨੀ ਹੋਏ ਵੱਡੇ ਵਜ਼ੀਰ ਬਾਦਸ਼ਾਹ ਦੇ ਨੇੜੇ ਹੋ ਗਏ। ਉਹਨਾਂ ਦੇ ਹੱਥਾਂ ਵਿਚ ਬਾਰੀਕ ਨਕਾਸ਼ੀ ਵਾਲਾ ਪਿਤਲ ਦਾ ਇਕ ਥਾਲ ਸੀ ਜਿਸ ਵਿਚ ਮੁਸਕਾਣਾਂ ਖਿਲਾਰਦਾ ਹੋਇਆ ਇਕ ਮੁੰਡਾ ਖੜਾ ਸੀ ਜਿਸ ਦਾ ਕੱਦ ਊਠ ਦੇ ਕੰਨ ਨਾਲੋਂ ਵੀ ਅੱਧਾ ਸੀ। ਉਸ ਦੇ ਹੱਥਾਂ ਵਿਚ ਚਾਂਦੀ ਦੀ ਟੋਪੀ ਸੀ।

ਹਸੀਨਾ ਨੇ ਨਿਕਚੂ ਜਿਹੇ ਮੁੰਡੇ ਵੱਲ ਵੇਖਿਆ, ਆਪਣੇ ਗੋਡਿਆਂ ਉਤੇ ਹੱਥ ਮਾਰੇ ਤੇ ਚੀਕਣ ਲੱਗ ਪਈ:

"ਕਮੀਨਿਓਂ! ਮੇਰੇ ਨਾਲ ਇਹ ਘਟੀਆ ਮਜ਼ਾਕ ਕਿਸੇ ਨੇ ਕੀਤੈ? ਕੀ ਇਹ ਹੀ ਸਭ ਤੋਂ ਬਹਾਦਰ ਤੇ ਸਭ ਤੋਂ ਨਿਡਰ ਏ! ਇਸ ਨੂੰ ਤਾਂ ਸਾਰੇ ਨੂੰ ਹੀ ਬਦਾਮ ਦੇ ਖੋਲ ਵਿਚ ਬੰਦ ਕੀਤਾ ਜਾ ਸਕਦੈ।"

ਪਰ ਧਰਤੀ ਘਬਰਾਇਆ ਨਹੀਂ। ਉਸ ਨੇ ਜਵਾਬ ਦਿੱਤਾ:

"ਅਕਲ ਵੱਡੀ ਕਿ ਮੱਝ!"

ਇਹ ਵੇਖ ਕੇ ਕਿ ਹਸੀਨਾ ਦੀਆਂ ਅੱਖਾਂ ਵਿਚੋਂ ਅਥਰੂ ਪਰਲ ਪਰਲ ਵਹਿਣ ਲੱਗ ਪਏ ਸਨ, ਧਰਤੀ ਨੇ ਹੋਰ ਇਹ ਆਖਿਆ:

"ਰੋਣਾ ਭਲਾ ਕਿਉਂ ਹੋਇਆ! ਮੈਂ ਮੀਨਾਰ ਉਤੇ ਇਸ ਲਈ ਨਹੀਂ ਚੜ੍ਹਿਆ ਸਾਂ ਕਿ ਤੇਰਾ ਪਤੀ ਅਤੇ ਸਾਰੇ ਮੁਲਕ ਦਾ ਬਾਦਸ਼ਾਹ ਬਣ ਜਾਵਾਂ। ਮੈਨੂੰ ਤੇਰੀ ਬਿਲਕੁਲ ਕੋਈ ਲੋੜ ਨਹੀਂ। ਤੂੰ ਸੁਣਿਆ ਹੋਵੇਗਾ ਕਿ ਲੋਕ ਕੀ ਕਹਿੰਦੇ ਨੇ: 'ਦੁਲੱਤੇ ਮਾਰਨ ਵਾਲੇ ਗਧੇ ਨੂੰ ਗੁਲਕੰਦ ਖਵਾਉਣ ਦਾ ਕੋਈ ਲਾਭ ਨਹੀਂ।' ਇਹ ਕੰਮ ਮੈਂ ਤੇਰੀ ਖ਼ਾਤਰ ਨਹੀਂ ਕੀਤਾ, ਮੈਂ ਤਾਂ ਜੋਸ਼ੀਲੇ ਜਿਗੀਤਾਂ ਨੂੰ ਬਚਾਉਣਾ ਚਾਹੁੰਦਾ ਸਾਂ ਜਿਹੜੇ ਤੇਰੇ ਸੱਦੇ ਉਤੇ ਅੱਗ ਵੱਲ ਪਤੰਗਿਆਂ ਵਾਂਗ ਉਡਦੇ ਆ ਰਹੇ ਸਨ। ਪਰ ਹੁਣ ਤੂੰ ਸੱਦੇਂ ਭਾਵੇਂ ਨਾ ਸੱਦੇਂ, ਭਾਵੇਂ ਸਾਰੇ ਮੀਨਾਰਾਂ

ਉਤੇ ਟੋਪੀਆਂ ਟੰਗ ਦੇਵੇਂ—ਹੁਣ ਕੋਈ ਨਹੀਂ ਆਉਣ ਲੱਗਾ! ਇਸ ਟੋਪੀ ਵਿਚੋਂ ਮੈਂ ਆਪਣੇ ਬੁੱਢੇ ਖੋਤੇ ਦੇ ਮੱਥੇ ਦਾ ਸ਼ਿੰਗਾਰ ਬਣਾ ਲਵਾਂਗਾ: ਉਹ ਦੁਲੱਤੀਆਂ ਬਿਲਕੁਲ ਨਹੀਂ ਮਾਰਦਾ!"

ਯਰਤੀ ਦੀ ਇਹ ਗੱਲ ਸੁਣ ਕੇ ਭੀੜ ਹੱਸ ਪਈ।

"ਨੌਕਰੋ, ਯੋਧਿਓ, ਗੁਲਾਮੋ!" ਬਾਦਸ਼ਾਹ ਦੀ ਧੀ ਕੜਕੀ। "ਇਸ ਬਦਤਮੀਜ਼ ਮੁੰਡੇ ਦਾ ਸਿਰ ਕਲਮ ਕਰ ਦੇਵੋ!"

ਨੌਕਰ ਇਸ ਹੁਕਮ ਦੀ ਪਾਲਣਾ ਕਰਨ ਲਈ ਦੌੜੇ, ਪਰ ਯਰਤੀ ਨੂੰ ਜਿਵੇਂ ਧਰਤੀ ਨੇ ਨਿਗਲ ਲਿਆ ਹੋਵੇ। ਉਸ ਨੂੰ ਬੜਾ ਹੀ ਢੂੰਡਿਆ ਗਿਆ ਪਰ ਉਹ ਕਿਤੇ ਵੀ ਨਾ ਲੱਭਾ। ਘਾਹ ਦੇ ਢੇਰ ਵਿਚ ਸੂਈ ਨੂੰ ਕੋਈ ਸੌਖਿਆਂ ਥੋੜ੍ਹਾ ਲਭਿਆ ਜਾ ਸਕਦਾ ਹੈ!

ਯਰਤੀ ਤਾਂ ਓਦੋਂ ਤਕ ਬਹੁਤ ਦੂਰ, ਸ਼ਹਿਰ ਦੀ ਦੀਵਾਰ ਦੇ ਪਾਰ ਜਾ ਚੁੱਕਾ ਸੀ। ਉਸ ਨੇ ਆਪਣੇ ਵਫਾਦਾਰ ਖੋਤੇ ਨੂੰ ਖੋਲ੍ਹਿਆ, ਚੰਬੜ ਚੰਬੜ ਕੇ ਉਸ ਦੀ ਪਿੱਠ ਉਤੇ ਚੜ੍ਹਿਆ ਤੇ, ਬਿਨਾਂ ਕੋਈ ਕਾਹਲ ਕੀਤਿਆਂ, ਆਪਣੇ ਖੋਤੇ ਨੂੰ ਪਿੰਡ ਵੱਲ ਦੁੜਕੀ ਚਾਲੇ ਪਾ ਲਿਆ।

"ਚਲ, ਚਲ!" ਮੁੰਡਾ ਖੋਤੇ ਨੂੰ ਹਿਕੀ ਜਾ ਰਿਹਾ ਸੀ। "ਦੁੜੰਗੇ ਮਾਰ ਛੁਹਲਿਆ, ਜੇ ਮਾਰ ਸਕਦਾ ਏਂ। ਸਾਡੇ ਕਪਾਹ ਦੇ ਖੇਤ ਬਾਦਸ਼ਾਹ ਦੇ ਸ਼ਹਿਰ ਨਾਲੋਂ ਕਿਤੇ ਵਧ ਖੁਲ੍ਹੇ ਡੁੱਲ੍ਹੇ ਨੇ!"

ਉਹ ਆਪਣੇ ਭੂਰੇ ਦੋਸਤ ਨਾਲ ਇੰਜ ਗੱਲਾਂ ਕਰਦਾ ਕਰਦਾ ਅੱਗੇ ਵਧਦਾ ਗਿਆ। ਧੁੱਪ ਡਲ੍ਹਕਾਂ ਮਾਰ ਰਹੀ ਸੀ ਤੇ ਯਰਤੀ ਦੇ ਸਾਮ੍ਹਣੇ ਜ਼ਿੰਦਗੀ ਵਾਂਗ ਹੀ ਰੇਗਿਸਤਾਨ ਦਾ ਲੰਮਾ ਰਸਤਾ ਵਿਛਿਆ ਹੋਇਆ ਸੀ।



ਯਰਤੀ–ਗੁਲਾਕ ਸਫ਼ਰ ਉਤੇ ਚੱਲ ਪਿਆ



ਰੇਗਿਸਤਾਨ ਵਿਚ ਰਸਤਾ ਲੰਮਾ ਹੁੰਦਾ ਹੈ ਪਰ ਰੇਗਿਸਤਾਨ ਦੀ ਵੀ ਕੋਈ ਹਦ ਹੁੰਦੀ ਹੈ। ਲੰਮੀ ਤੋਂ ਲੰਮੀ ਬਾਤ ਪਾਈ ਜਾ ਸਕਦੀ ਏ ਪਰ ਬਾਤ ਦਾ ਵੀ ਕਦੀ ਤਾਂ ਅੰਤ ਹੁੰਦਾ ਹੀ ਹੈ।

ਪਤਾ ਨਹੀਂ, ਇਹ ਗੱਲ ਹੋਈ ਜਾਂ ਨਹੀਂ ਹੋਈ, ਪਰ ਕਹਿੰਦੇ ਨੇ ਕਿ ਉਸ ਪਿੰਡ ਤੋਂ ਥੋੜ੍ਹੀ ਦੂਰੀ ਉਤੇ, ਜਿਸ ਵਿਚ ਯਰਤੀ ਰਹਿੰਦਾ ਹੁੰਦਾ ਸੀ, ਰੇਗਿਸਤਾਨ ਵਿਚ ਇਕ ਪੁਰਾਣਾ ਖੂਹ ਸੀ। ਖੂਹ ਦੇ ਲਾਗੇ ਹੀ ਤਿੰਨ ਉੱਚੇ ਉੱਚੇ ਸ਼ਹਿਤੂਤ ਉੱਗੇ ਹੋਏ ਸਨ।

ਉਹ ਖੂਹ ਆਪਣੇ ਸਾਫ਼ ਸ਼ਫ਼ਾਫ਼ ਪਾਣੀ ਲਈ ਸਾਰੇ ਰੇਗਿਸਤਾਨ ਵਿਚ ਮਸ਼ਹੂਰ ਸੀ। ਇਸੇ ਕਰਕੇ, ਸ਼ਹਿਤੂਤਾਂ ਦੀ ਸੰਘਣੀ ਛਾਂ ਹੇਠ ਆਰਾਮ ਕਰਨ ਲਈ ਕਾਫ਼ਲੇ ਅਕਸਰ ਰੁਕ ਜਾਂਦੇ ਹੁੰਦੇ ਸਨ ਤਾਂ ਜੋ ਲੋਕ ਵੀ, ਘੋੜੇ ਵੀ, ਖੋਤੇ ਵੀ ਤੇ ਊਠ ਵੀ ਠੰਡਾ ਪਾਣੀ ਪੀ ਕੇ ਆਪਣੀ ਪਿਆਸ ਬੁਝਾ ਸਕਣ। ਰਾਹੀਆਂ ਨੇ ਇਸ ਖੂਹ ਦਾ ਨਾਂ "ਅਕ–ਸੂ" ਐਵੇਂ ਹੀ ਨਹੀਂ ਪਾਇਆ ਹੋਇਆ ਸੀ ਜਿਸ ਦਾ ਮਤਲਬ ਸੀ "ਚਿੱਟਾ ਪਾਣੀ", ਜਿਸ ਤੋਂ ਸਾਫ਼ ਤੇ ਮਿੱਠਾ ਪਾਣੀ ਹੋਰ ਕਿਤੇ ਵੀ ਨਹੀਂ ਮਿਲਦਾ ਸੀ।

ਯਰਤੀ ਉਸ ਖੂਹ ਉਤੇ ਅਕਸਰ ਆਇਆ ਕਰਦਾ ਸੀ।

ਉਸ ਨੂੰ ਇਹ ਵੇਖਣਾ ਚੰਗਾ ਲੱਗਦਾ ਸੀ ਕਿ ਕਿਵੇਂ ਊਠ ਲੈ–ਤਾਲ ਨਾਲ ਝੂਮਦੇ ਹੋਏ ਖੂਹ ਵੱਲ ਆਇਆ ਕਰਦੇ ਸਨ। ਉਹ ਬੜੇ ਆਰਾਮ ਨਾਲ ਗੋਠ ਮਾਰਦੇ ਤੇ ਸਾਰਬਾਨ ਟਾਹਰਾਂ ਮਾਰਦੇ ਤੇ ਮਖ਼ੌਲਾਂ ਕਰਦੇ ਹੋਏ ਉਹਨਾਂ ਦੀਆਂ ਪਿੱਠਾਂ ਉਤੋਂ ਭਾਰੀ ਛੱਟਾਂ ਉਤਾਰਿਆ ਕਰਦੇ ਸਨ।

ਉਸ ਨੂੰ ਇਹ ਵੇਖਣਾ ਵੀ ਚੰਗਾ ਲਗਦਾ ਸੀ ਕਿ ਲੋਕ ਆਪਣੀ ਥਕਾਵਟ ਨੂੰ ਭੁਲ ਭੁਲਾ ਕੇ ਕਿਵੇਂ ਦਰਖ਼ਤਾਂ ਦੀ ਠੰਡੀ ਛਾਂ ਹੇਠ ਨਮਦੇ ਤੇ ਰੰਗ–ਬਰੰਗੇ ਗਲੀਚੇ ਵਿਛਾਇਆ ਕਰਦੇ ਸਨ। ਉਹ ਧੂਣੀਆਂ ਬਾਲਦੇ, ਲੰਮੇ, ਥਕਾ ਮਾਰਨ ਵਾਲੇ ਸਫ਼ਰ ਮਗਰੋਂ ਵੱਡੇ ਵੱਡੇ ਪਤੀਲਿਆਂ ਦੁਆਲੇ ਬੈਠ ਕੇ ਰੱਜ ਰੱਜ ਕੇ ਖਾਣਾ ਖਾਂਦੇ। ਪਾਣੀ ਪੀਣ ਲੱਗਿਆਂ ਊਠ ਅੜਾਉਂਦੇ, ਖੋਤੇ ਟੀਟਣੇ ਮਾਰਦੇ, ਸੁਹਣੇ ਸੁਣੱਖੇ ਘੋੜੇ ਹਿਣਕਦੇ, ਖੂਹ ਦਾ ਲੱਕੜੀ ਦਾ ਗੇੜ ਚੀਂ–ਚੀਂ, ਕਿੜ–ਕਿੜ ਕਰਦਾ, ਚਮੜੇ ਦੀਆਂ ਵੱਡੀਆਂ ਵੱਡੀਆਂ ਟਿੰਡਾਂ ਠੰਡਾ ਠੰਡਾ ਪਾਣੀ ਕੱਢ ਕੇ ਲਿਆਉਂਦੀਆਂ, ਸ਼ੀਸ਼ੇ ਵਰਗਾ ਸਾਫ਼ ਪਾਣੀ ਕਲ ਕਲ ਕਰਦਾ ਹੋਇਆ ਮਟਕਿਆਂ ਤੇ ਮਸ਼ਕਾਂ ਨੂੰ ਨੱਕੋ ਨੱਕ ਭਰ ਦਿੰਦਾ।

ਪੁਰਾਣੇ ਖੂਹ ਦੇ ਲਾਗੇ ਬਹੁਤ ਕੁਝ ਵੇਖਿਆ ਜਾ ਸਕਦਾ ਸੀ, ਪਰ ਯਰਤੀ ਨੂੰ ਰਾਹੀਆਂ ਕੋਲੋਂ ਦੂਰ–ਦੁਰੇਡੇ ਦੇਸਾਂ ਦੀਆਂ ਬਾਤਾਂ ਸੁਣਨਾ ਚੰਗਾ ਲਗਦਾ ਸੀ।

ਉਸ ਨੂੰ ਗਰਮ ਪੌਣ-ਪਾਣੀ ਵਾਲੇ ਦੇਸਾਂ ਦੀਆਂ ਕਹਾਣੀਆਂ ਚੰਗੀਆਂ ਲਗਦੀਆਂ ਸਨ ਜਿੱਥੇ ਜੰਗਲਾਂ ਵਿਚ ਹਾਥੀਆਂ ਦੇ ਝੁੰਡ ਘੁੰਮਦੇ ਫਿਰਦੇ ਰਹਿੰਦੇ ਹਨ, ਜਿਥੇ ਤਾੜ ਦੇ ਰੁੱਖਾਂ ਦੇ ਬੇਲਿਆਂ ਵਿਚ ਸਵੇਰ ਤੋਂ ਸ਼ਾਮ ਤਕ ਛੁਹਲੇ ਬਾਂਦਰ ਚੀਕ-ਚਿਹਾੜਾ ਪਾਈ ਰਖਦੇ ਤੇ ਛਾਲਾਂ ਮਾਰਦੇ ਰਹਿੰਦੇ ਹਨ, ਵੱਡੇ ਵੱਡੇ ਦਰਿਆਵਾਂ ਦੇ ਬਰੇਤਿਆਂ ਉਤੇ ਆਲਸੀ ਗੈਂਡੇ ਊਂਘਦੇ ਰਹਿੰਦੇ ਹਨ।

ਉਸ ਨੂੰ ਵੱਡੇ ਵੱਡੇ ਪਰਾਚੀਨ ਸ਼ਹਿਰਾਂ ਦੀਆਂ ਕਹਾਣੀਆਂ ਸੁਣਨਾ ਚੰਗਾ ਲੱਗਦਾ ਸੀ ਜਿਨ੍ਹਾਂ ਵਿਚ ਕਮਾਲ ਦੇ ਕਾਰੀਗਰ ਰਹਿੰਦੇ ਸਨ, ਜਿਹੜੇ ਕਾਗ਼ਜ਼ ਬਣਾ ਸਕਦੇ ਸਨ, ਫ਼ੌਲਾਦ ਨੂੰ ਅੱਗ ਵਿਚ ਗਾਲ ਕੇ ਪਾਣ ਚਾੜ੍ਹ ਸਕਦੇ ਸਨ, ਸੁਹਣੀਆਂ ਸੁਹਣੀਆਂ ਇਮਾਰਤਾਂ ਤੇ ਪੁਲ ਉਸਾਰ ਸਕਦੇ ਸਨ, ਪਾਰਦਰਸ਼ੀ ਕੱਚ ਢਾਲ ਸਕਦੇ ਸਨ ਜਿਸ ਵਰਗਾ ਦੁਨੀਆ ਵਿਚ ਹੋਰ ਕਿਤੇ ਵੀ ਨਹੀਂ ਢਾਲਿਆ ਜਾਂਦਾ।

ਉਸ ਨੂੰ ਦੂਰ-ਦੁਰੇਡੇ ਸਮੁੰਦਰਾਂ ਬਾਰੇ ਸੁਣਨਾ ਚੰਗਾ ਲਗਦਾ ਸੀ ਜਿਹੜੇ ਚਮਕਦੀ ਧੁੱਪ ਵਿਚ ਨੀਲੇ ਅਤੇ ਖ਼ਰਾਬ ਮੌਸਮ ਵਿਚ ਕਾਲੇ ਲਗਦੇ ਹਨ; ਉੱਚੀਆਂ ਪਹਾੜੀਆਂ ਬਾਰੇ ਜਿਨ੍ਹਾਂ ਦੀਆਂ ਟੀਸੀਆਂ ਉਤੇ ਬਾਜ਼ਾਂ ਤੇ ਗਿਰਝਾਂ ਦਾ ਵਾਸਾ ਹੁੰਦਾ ਹੈ; ਨੀਲੀ ਭਾਹ ਮਾਰਦੀ ਬਰਫ਼ ਨਾਲ ਢੱਕੇ ਮੈਦਾਨਾਂ ਬਾਰੇ; ਠੰਡੇ ਪੌਣ-ਪਾਣੀ ਵਾਲੇ ਦੇਸਾਂ ਦੇ ਸ਼ਿਕਾਰੀਆਂ ਬਾਰੇ ਜਿਹੜੇ ਲੂੰਬੜੀਆਂ ਤੇ ਅਰਮਾਈਨ* ਦੀਆਂ ਖੱਲਾਂ ਕਮਾਉਂਦੇ ਸਨ।

ਉਸ ਨੇ ਕਈ ਵਾਰੀ ਵਿਦਵਾਨ ਲੋਕਾਂ ਬਾਰੇ ਗੱਲਾਂ ਸੁਣੀਆਂ ਸਨ ਜਿਹੜੇ ਰਾਤ ਵੇਲੇ ਤਾਰਿਆਂ ਦੇ ਗਤੀ-ਮਾਰਗਾਂ ਦਾ ਅਧਿਅਨ ਕਰਦੇ ਤੇ ਬੀਮਾਰਾਂ ਦਾ ਇਲਾਜ ਕਰਦੇ ਸਨ।

ਉਸ ਨੇ ਕੁਨ-ਉਰਗੇਂਚ ਤੇ ਬੁਖ਼ਾਰੇ ਦੇ ਮਾਲਾ-ਮਾਲ ਬਾਜ਼ਾਰਾਂ, ਹਿੰਦੁਸਤਾਨ ਦੀਆਂ ਸੁੰਦਰੀਆਂ ਤੇ ਚੀਨ ਦੇ ਦਾਨਿਆਂ ਦੀਆਂ ਕਹਾਣੀਆਂ ਵੀ ਸੁਣੀਆਂ ਹੋਈਆਂ ਸਨ।

ਪੁਰਾਣੇ ਖੂਹ ਲਾਗੇ ਧਰਤੀ ਨੇ ਕਈ ਕੁਝ ਸੁਣਿਆ ਸੀ ਤੇ ਹੁਣ ਉਹ ਆਪ ਹਰ ਥਾਂ ਜਾਣਾ ਚਾਹੁੰਦਾ ਸੀ, ਗੁਆਂਢੀ ਦੇਸਾਂ ਦੇ ਚੰਗੇ ਤੇ ਮਾੜੇ ਪੱਖਾਂ ਬਾਰੇ ਜਾਣਨਾ ਚਾਹੁੰਦਾ ਸੀ: ਦਾਨਿਆਂ ਕੋਲੋਂ ਦਾਨਾਈ, ਵਿਦਵਾਨਾਂ ਕੋਲੋਂ ਗਿਆਨ, ਕਾਰੀਗਰਾਂ ਕੋਲੋਂ ਕਾਰੀਗਰੀ, ਸ਼ਿਕਾਰੀਆਂ ਕੋਲੋਂ ਹਿੰਮਤ ਤੇ ਦਲੇਰੀ ਹਾਸਲ ਕਰਨਾ ਚਾਹੁੰਦਾ ਸੀ।

ਪਰ ਅੱਬਾ ਨੇ ਧਰਤੀ-ਗੁਲਾਕ ਨੂੰ ਆਖਿਆ:

"ਮੇਰਿਆ ਲੇਲਿਆ, ਤੇਰੇ ਪਿਓ, ਦਾਦੇ ਤੇ ਪੜਦਾਦੇ, ਸਾਰਿਆਂ ਨੇ ਹੀ ਲੰਮੀਆਂ ਉਮਰਾਂ ਭੋਗੀਆਂ ਨੇ, ਪਰ ਸਾਰੀ ਉਮਰ ਉਹਨਾਂ ਨੂੰ ਸਿਰਫ਼ ਇਕ ਰਾਹ ਹੀ ਆਉਂਦਾ ਸੀ—ਕਿਬੀਤਕਾ ਤੋਂ ਕਪਾਹ ਦੇ ਖੇਤ ਤਕ ਦਾ ਰਾਹ। ਦੂਰ-ਦੁਰੇਡੇ ਦੇਸਾਂ ਵੱਲ ਉਹ ਲੋਕ ਜਾਂਦੇ ਨੇ ਜਿਨ੍ਹਾਂ ਕੋਲ ਬੜਾ ਹੀ ਧਨ ਹੋਵੇ, ਪਰ ਤਾਂਬੇ ਦੇ ਇਕ ਟੱਕੇ ਨਾਲ ਤਾਂ ਤੂੰ ਆਪਣੇ ਘਰ ਦੀ ਕੰਧ ਤੋਂ ਵੀ ਅੱਗੇ ਨਹੀਂ ਜਾ ਸਕਣਾ।"

ਇਹ ਗੱਲ ਪਿਤਾ ਨੇ ਆਖੀ ਸੀ, ਤੇ ਇਹੋ ਗੱਲ ਥੁੜ੍ਹ ਨੇ ਆਖੀ ਸੀ। ਪਰ ਧਰਤੀ ਦਾ ਇਹ ਖ਼ਿਆਲ ਨਹੀਂ ਸੀ। ਉਹ ਹਰ ਹਾਲਤ ਵਿਚ ਦੁਨੀਆ ਵੇਖਣੀ ਤੇ ਦੁਨੀਆ ਨੂੰ ਆਪਾ ਵਿਖਾਉਣਾ ਚਾਹੁੰਦਾ ਸੀ। ਉਸ ਨੇ ਤਾਂ ਬੜੇ ਚਿਰ ਦਾ ਦੂਸਰੇ ਦੇਸੀਂ ਚਲੇ ਜਾਣਾ ਸੀ ਪਰ ਉਹ ਆਪਣੇ ਮਾਪਿਆਂ ਨੂੰ ਦੁਖੀ ਨਹੀਂ ਕਰਨਾ ਚਾਹੁੰਦਾ ਸੀ।

ਇਕ ਵਾਰੀ ਧਰਤੀ ਖੂਹ ਉਤੇ ਗਿਆ ਤੇ ਵੇਖਿਆ ਕਿ ਦਰਖ਼ਤਾਂ ਦੀ ਛਾਂ ਹੇਠਾਂ ਇਕ ਬੜਾ ਵੱਡਾ ਕਾਫ਼ਲਾ ਰਾਤ-ਕਟੀ ਕਰਨ ਲਈ ਬੈਠਾ ਹੋਇਆ ਸੀ। ਉਸ ਵਿਚ ਤਿੰਨ ਸੌ ਊਠ ਸਨ। ਧਰਤੀ ਨੂੰ ਪਤਾ ਲੱਗਾ ਕਿ ਕਾਫ਼ਲਾ ਖ਼ੀਵਾ ਤੋਂ ਤੁਰਿਆ ਸੀ ਤੇ ਉਸ ਨੇ ਦੁਰੇਡੇ ਕੋਕੰਡ ਜਾਣਾ ਸੀ।

---

* ਗਾਲ੍ਹੜ ਜਾਤੀ ਦਾ ਇਕ ਜੀਵ ਜਿਹੜਾ ਠੰਡੇ ਪੌਣ-ਪਾਣੀ ਵਾਲੇ ਦੇਸਾਂ ਵਿਚ ਰਹਿੰਦਾ ਹੈ।

ਕਪਾਹ ਦੀਆਂ ਗੱਠਾਂ ਤੇ ਵੜੇਵਿਆਂ ਦੇ ਤੇਲ ਦੇ ਪੀਪਿਆਂ ਉਤੋਂ ਦੀ ਟੱਪਦਾ ਹੋਇਆ, ਗਲੀਚਿਆਂ ਦੀਆਂ ਬਣੀਆਂ ਖੁਰਜੀਆਂ ਤੇ ਸਾਮਾਨ ਵਾਲੀਆਂ ਰੰਗ-ਬਰੰਗੀਆਂ ਬੋਰੀਆਂ ਵਿਚੋਂ ਦੀ ਲੰਘਦਾ ਹੋਇਆ ਯਰਤੀ ਖੂਹ ਤਕ ਪਹੁੰਚ ਗਿਆ ਜਿਥੇ ਸਾਰਬਾਨਾਂ ਤੇ ਸੌਦਾਗਰਾਂ ਦੀ ਟੋਲੀ ਖੜੀ ਸੀ। ਉਹਨਾਂ ਦੇ ਵਿਚਕਾਰ ਇਕ ਵਧੀਆ ਗਲੀਚੇ ਉਤੇ ਚਿੱਟੀ ਦਾੜ੍ਹੀ ਵਾਲਾ ਇਕ ਆਦਮੀ ਬੈਠਾ ਹੋਇਆ ਸੀ ਜਿਸ ਦੇ ਸਿਰ ਉਤੇ ਭੇਡੂ ਦੀ ਖੱਲ ਦੀ ਟੋਪੀ ਸੀ ਤੇ ਉਹ ਦੋਤਾਰਾ ਵੱਜਾਉਣ ਦੇ ਨਾਲ ਨਾਲ ਗਾ ਵੀ ਰਿਹਾ ਸੀ। ਯਰਤੀ ਨੂੰ ਗੀਤ ਬੜੇ ਪਸੰਦ ਸਨ। ਉਸ ਨੇ ਪੁਰਾਣੇ ਖੂਹ ਲਾਗੇ ਕਈ ਵਾਰੀ ਵੱਖ ਵੱਖ ਗਵੱਈਆਂ ਨੂੰ ਸੁਣਿਆ ਸੀ, ਪਰ ਇਸ ਬਜ਼ੁਰਗ ਨੂੰ ਉਸ ਨੇ ਪਹਿਲਾਂ ਕਦੀ ਨਹੀਂ ਵੇਖਿਆ ਸੀ ਤੇ ਕਦੀ ਵੀ ਏਨੇ ਰਸੀਲੇ ਗੀਤ ਨਹੀਂ ਸੁਣੇ ਸਨ।

ਉਸ ਨੇ ਆਪਣੀ ਜਾਣ-ਪਛਾਣ ਵਾਲੇ ਇਕ ਸਾਰਬਾਨ ਨੂੰ ਪੁੱਛਿਆ:

"ਦੁਰਦੀ-ਜਾਨ, ਮੈਨੂੰ ਦੱਸ ਕਿ ਇਹ ਬਜ਼ੁਰਗ ਕੌਣ ਏ ਜਿਹੜਾ ਇੰਜ ਗਾਉਂਦੈ ਜਿਵੇਂ ਰਾਤ ਵੇਲੇ ਬੁਲਬੁਲ ਗਾ ਰਹੀ ਹੋਵੇ?"

ਸਾਰਬਾਨ ਨੇ ਜਵਾਬ ਦਿੱਤਾ:

"ਬੁਲਬੁਲ ਬੜਾ ਸੁਹਣਾ ਗਾਉਂਦੀ ਏ, ਪਰ ਜਿਸ ਕਿਸੇ ਨੇ ਬਜ਼ੁਰਗ ਸਾਲਿਹ ਨੂੰ ਗਾਉਂਦੇ ਨੂੰ ਇਕ ਵਾਰੀ ਸੁਣ ਲਿਆ ਉਹ ਬੁਲਬੁਲ ਨੂੰ ਸੁਣਨਾ ਵੀ ਭੁੱਲ ਜਾਵੇਗਾ!"

ਜਦੋਂ ਯਰਤੀ ਨੂੰ ਪਤਾ ਲੱਗਾ ਕਿ ਇਹ ਨਾਮਾਲੂਮ ਗਵੱਈਆ ਮੰਨਿਆ-ਪ੍ਰਮੰਨਿਆ ਬਖ਼ਸ਼ੀ ਸਾਲਿਹ ਹੀ ਸੀ ਤਾਂ ਉਸ ਦੀ ਖ਼ੁਸ਼ੀ ਦਾ ਕੋਈ ਪਾਰਾਵਾਰ ਨਾ ਰਿਹਾ। ਇਹ ਨਾਂ ਉਸ ਨੇ ਆਪਣੇ ਅੱਬਾ ਕੋਲੋਂ ਕਈ ਵਾਰ ਸੁਣਿਆ ਸੀ ਪਰ ਅਜੇ ਤਕ ਉਸ ਨੂੰ ਗਾਉਂਦੇ ਨੂੰ ਕਦੀ ਵੀ ਨਹੀਂ ਸੁਣਿਆ ਸੀ।

ਯਰਤੀ-ਗੁਲਾਕ ਨਰਮ ਰੂੰ ਦੀਆਂ ਗੱਠਾਂ ਦੇ ਉੱਚੇ ਢੇਰ ਉਤੇ ਚੜ੍ਹ ਗਿਆ ਤਾਂ ਜੋ ਬਜ਼ੁਰਗ ਦੇ ਸਾਰੇ ਗੀਤਾਂ ਦਾ ਆਨੰਦ ਮਾਣ ਸਕੇ।

ਹੌਲੀ ਹੌਲੀ ਰਾਤ ਵੀ ਪੈ ਗਈ। ਹਨੇਰੇ ਵਿਚ ਧੂਣੀਆਂ ਦੀ ਅੱਗ ਹੋਰ ਵੀ ਚਮਕਣ ਲੱਗੀ, ਰੇਗਿਸਤਾਨ ਵਿਚ ਦੂਰ ਕਿਤੇ ਗਿੱਦੜ ਹਵਾਂਕ ਰਹੇ ਸਨ, ਦੂਜ ਦਾ ਸੁਨਹਿਰੀ ਚੰਨ ਕਿਸੇ ਬੇੜੀ ਵਾਂਗ ਕਾਲੇ ਅਸਮਾਨ ਵਿਚ ਤਰ ਰਿਹਾ ਸੀ ਤੇ ਬਖ਼ਸ਼ੀ ਗਾਈ ਹੀ ਜਾ ਰਿਹਾ ਸੀ ਤੇ ਹਰ ਗੀਤ ਦੂਜੇ ਨਾਲੋਂ ਵੀ ਵਧ ਕੇ ਸੀ।

ਪਰਭਾਤ ਹੋਣ ਵਾਲੀ ਸੀ। ਮੈਦਾਨ ਵਿਚ ਠੰਡੀ ਠੰਡੀ ਹਵਾ ਰੁਮਕਣ ਲੱਗੀ। ਦੂਰ ਪਿੰਡ ਵਿਚ ਕੁੱਕੜਾਂ ਨੇ ਬਾਗਾਂ ਦਿੱਤੀਆਂ, ਚਮਕਦੇ ਹੋਏ ਤਾਰੇ ਬੁਝਣ ਲੱਗੇ, ਪਰ ਬਖ਼ਸ਼ੀ ਵਕਤ ਤੇ ਥਕਾਵਟ ਨੂੰ ਭੁੱਲ ਕੇ ਅਜੇ ਵੀ ਗਾਈ ਜਾ ਰਿਹਾ ਸੀ। ਲੋਕ ਉਸ ਦੇ ਗੀਤ ਸੁਣ ਸੁਣ ਕੇ ਰੱਜ ਹੀ ਨਹੀਂ ਰਹੇ ਸਨ ਕਿਉਂਕਿ ਗੀਤ ਵੀ ਇਕ ਵੱਡੀ ਨਦੀ ਵਾਂਗ ਹੁੰਦਾ ਹੈ ਜਿਹੜੀ ਹਰੇਕ ਦੀ ਪਿਆਸ ਬੁਝਾਉਂਦੀ ਹੈ ਜਿਹੜਾ ਵੀ ਉਸ ਦੇ ਨੇੜੇ ਆਉਂਦਾ ਹੈ।

ਛੁਹਲੇ ਯਰਤੀ-ਗੁਲਾਕ ਨੇ ਸਾਰਿਆਂ ਨਾਲ ਮਿਲ ਕੇ "ਤੁਰਕਮੇਨੀਆ ਦੀ ਬੁਲਬੁਲ" ਦੇ ਗੀਤਾਂ ਦਾ ਅਨੰਦ ਮਾਣਿਆ। ਜੇ ਗੀਤ ਉਦਾਸੀ-ਭਰਿਆ ਹੁੰਦਾ ਤਾਂ ਉਹ ਰੋ ਪੈਂਦਾ, ਪਰ ਜੇ ਗੀਤ ਮਜ਼ਾਹੀਆ ਹੁੰਦਾ ਤਾਂ ਉਹ ਬੜਾ ਖ਼ੁਸ਼ ਹੁੰਦਾ। ਉਹ ਕਪਾਹ ਦੀਆਂ ਨਰਮ ਗੱਠਾਂ ਉਤੇ ਏਨੇ ਆਰਾਮ ਨਾਲ ਬੈਠਾ ਹੋਇਆ ਸੀ ਕਿ ਉਹ ਗੀਤ ਸੁਣਦਾ ਸੁਣਦਾ ਤੇ ਰੇਗਿਸਤਾਨ ਉਤੇ ਅਸੀਮ ਅਕਾਸ਼ ਵੱਲ ਵੇਖਦਾ ਵੇਖਦਾ ਲੰਮਾ ਪੈ ਗਿਆ।

ਉਸ ਦਿਨ ਯਰਤੀ ਤੜਕਸਾਰ ਤੋਂ ਹੀ ਖੇਤ ਵਿਚ ਕੰਮ ਕਰਨ ਚੱਲਿਆ ਗਿਆ ਸੀ ਤੇ ਮਗਰੋਂ ਰਾਤ ਪੈਣ ਤਕ ਪਿੰਡ ਦੇ ਮੁੰਡਿਆਂ ਨਾਲ ਇਧਰ ਉਧਰ ਦੌੜਦਾ ਭੱਜਦਾ ਰਿਹਾ ਸੀ ਤੇ ਬੜਾ ਹੀ ਥੱਕ ਗਿਆ ਸੀ। ਜਦੋਂ ਆਦਮੀ ਥੱਕਿਆ ਹੋਵੇ ਤਾਂ ਉਸ ਨੂੰ ਨੀਂਦ ਵੀ ਛੇਤੀ ਹੀ ਆ ਜਾਂਦੀ ਹੈ। ਯਰਤੀ ਦਾ ਸਿਰ ਝੁਕ ਕੇ ਉਸ ਦੀ

ਹਿੱਕ ਨਾਲ ਲੱਗ ਗਿਆ, ਉਸ ਦੀਆਂ ਅੱਖਾਂ ਬੰਦ ਹੋ ਗਈਆਂ ਤੇ ਉਹ ਰੂੰ ਦੀਆਂ ਗੱਠਾਂ ਵਿਚ ਧਸ ਕੇ ਗੂੜ੍ਹੀ ਨੀਂਦ ਸੌਂ ਗਿਆ।

ਗੀਤ ਨੇ ਉਸ ਨੂੰ ਲੋਰੀਆਂ ਦਿੱਤੀਆਂ ਸਨ।

ਯਰਤੀ ਕਿੰਨਾ ਚਿਰ ਸੁੱਤਾ ਰਿਹਾ ਸੀ, ਇਹ ਕੋਈ ਨਹੀਂ ਕਹਿ ਸਕਦਾ ਪਰ ਜਾਗ ਉਸ ਨੂੰ ਤਦ ਆਈ ਜਦੋਂ ਕੋਈ ਜਣਾ ਉਸ ਨੂੰ ਏਦਾਂ ਹੂਟੇ ਦੇ ਰਿਹਾ ਸੀ ਜਿਵੇਂ ਉਹ ਝੰਗੂੜੇ ਵਿਚ ਪਿਆ ਹੋਵੇ। ਮੁੰਡੇ ਦੀ ਅੱਖ ਖੁਲ੍ਹ ਗਈ ਪਰ ਉਸ ਨੂੰ ਕੁਝ ਵੀ ਵਿਖਾਈ ਨਾ ਦਿੱਤਾ ਕਿਉਂਕਿ ਆਲੇ ਦੁਆਲੇ ਹਨੇਰਾ ਸੀ। ਉਹ ਉੱਠਣਾ ਚਾਹੁੰਦਾ ਸੀ ਪਰ ਉਸ ਦੀਆਂ ਬਾਹਵਾਂ ਰੇਸ਼ਮੀ ਰੇਸ਼ਿਆਂ ਵਿਚ ਫਸ ਗਈਆਂ। ਯਰਤੀ ਦੀ ਡਰ ਨਾਲ ਚੀਕ ਨਿਕਲ ਗਈ ਪਰ ਉਸ ਦੀ ਚੀਕ ਕਿਸੇ ਨੂੰ ਵੀ ਸੁਣਾਈ ਨਾ ਦਿੱਤੀ। ਤਦ ਮੁੰਡੇ ਨੇ ਆਪਣੀ ਸਾਰੀ ਸ਼ਕਤੀ ਬਟੋਰੀ ਤੇ ਹੱਥਾਂ ਨਾਲ ਚੀਹੜੇ ਰੇਸ਼ਿਆਂ ਨੂੰ ਹਟਾਉਂਦਾ ਹੋਇਆ ਅੱਗੇ ਰਿੜਨ ਲੱਗਾ। ਉਹ ਧੂੜ ਕਾਰਨ ਖੰਘਦਾ, ਹਫ਼ਦਾ ਹੋਇਆ ਬੜੀ ਦੇਰ ਤਕ ਹਨੇਰੇ ਵਿਚ ਰੀਂਗਦਾ ਗਿਆ ਤੇ, ਆਖਿਰਕਾਰ, ਉਸ ਨੂੰ ਸੂਰਜ ਵਿਖਾਈ ਦਿੱਤਾ। ਸੂਰਜ ਬਹੁਤ ਉੱਚਾ ਚੜ੍ਹ ਆਇਆ ਸੀ ਤੇ ਧਰਤੀ ਨੂੰ ਬੁਰੀ ਤਰ੍ਹਾਂ ਲੂਹ ਰਿਹਾ ਸੀ। ਯਰਤੀ ਨੇ ਸਾਮ੍ਹਣੇ ਝਾਤ ਮਾਰੀ ਤੇ ਉਸ ਨੂੰ ਕਾਲੀਆਂ ਰੇਤਾਂ ਦਾ ਅਸੀਮ ਸਾਗਰ ਵਿਖਾਈ ਦਿੱਤਾ। ਰੇਗਿਸਤਾਨ ਵਿਚ ਤਿਰਛੇ ਟਿੱਲੇ ਹੀ ਖ਼ੌਫ਼ਨਾਕ ਪਹਿਰੇਦਾਰਾਂ ਵਾਂਗ ਖੜੇ ਸਨ। ਤਦ ਹੀ ਯਰਤੀ ਨੂੰ ਪਤਾ ਲੱਗਾ ਕਿ ਉਸ ਨਾਲ ਕੀ ਵਾਪਰ ਗਿਆ ਸੀ ਤੇ ਉਹ ਜ਼ਾਰ ਜ਼ਾਰ ਰੋਣ ਲੱਗ ਪਿਆ। ਜਦੋਂ ਉਸ ਨੂੰ ਨੀਂਦ ਆ ਗਈ ਸੀ ਤਾਂ ਉਹ ਕਪਾਹ ਦੀ ਗੱਠ ਵਿਚ ਡਿਗ ਪਿਆ ਸੀ। ਸਾਰਬਾਨਾਂ ਦਾ ਗੱਠਾਂ ਊਠਾਂ ਉਤੇ ਲੱਦਣ ਵੇਲੇ ਮੁੰਡੇ ਵੱਲ ਧਿਆਨ ਨਾ ਗਿਆ ਤੇ ਉਹ ਯਰਤੀ-ਗੁਲਾਕ ਨੂੰ ਵੀ ਕਪਾਹ ਦੇ ਨਾਲ ਹੀ ਦੂਰ-ਦੁਰੇਡੇ ਦੇਸਾਂ ਵੱਲ ਲੈ ਤੁਰੇ। ਯਰਤੀ ਰੋਂਦਾ ਰਿਹਾ ਤੇ ਊਠ ਅੱਗੇ ਹੀ ਅੱਗੇ ਤੁਰਦੇ ਗਏ, ਆਪਣੀਆਂ ਟੱਲੀਆਂ ਟੁਣਕਾਉਂਦੇ ਗਏ। ਉਹ ਕਾਫਲਿਆਂ ਵਾਲੇ ਪੁਰਾਣੇ ਰਸਤੇ ਉਤੇ ਦੁਰੇਡੇ ਕੋਕੰਡ ਵੱਲ ਜਾ ਰਹੇ ਸਨ ਤੇ ਮੁੰਡੇ ਨੂੰ ਵੀ ਉਸ ਦੇ ਮਾਪਿਆਂ ਦੇ ਘਰ ਤੋਂ ਦੂਰ ਹੀ ਦੂਰ ਲਈ ਜਾ ਰਹੇ ਸਨ।

ਆਖ਼ਰਕਾਰ ਇਕ ਸਾਰਬਾਨ ਨੇ ਸੁਣਿਆ ਕਿ ਗੱਠ ਵਿਚੋਂ ਚੀਂ ਚੀਂ ਦੀ ਆਵਾਜ਼ ਆ ਰਹੀ ਸੀ। ਉਸ ਨੇ ਮੁੜ ਕੇ ਵੇਖਿਆ ਤੇ ਉਸ ਨੂੰ ਯਰਤੀ-ਗੁਲਾਕ ਵਿਖਾਈ ਦਿੱਤਾ।

"ਤੂੰ ਕਿਥੋਂ ਏਂ, ਮੁੰਡਿਆ?" ਸਾਰਬਾਨ ਕੜਕਿਆ। "ਤੂੰ ਸਾਡੇ ਨਾਲ ਕਿਉਂ ਆ ਗਿਐਂ? ਤੈਨੂੰ ਤਾਂ ਪੰਛੀਆਂ ਨੇ ਹੀ ਠੂੰਗੇ ਮਾਰ ਮਾਰ ਖਾ ਜਾਣੈ ਤੇ ਊਠਾਂ ਨੇ ਦਰੜ ਦੇਣੈ! ਮਾਪਿਆਂ ਬਿਨਾਂ ਤੇਰੀ ਹਾਲਤ ਬੁਰੀ ਹੋਵੇਗੀ!"

ਯਰਤੀ ਤਾਂ ਆਪ ਵੀ ਸਮਝਦਾ ਸੀ ਕਿ ਉਹ ਬੁਰੀ ਹਾਲਤ ਵਿਚ ਫਸ ਗਿਆ ਹੋਇਆ ਸੀ। ਉਸ ਕੋਲੋਂ ਆਪਣਾ ਰੋਣ ਥੰਮ੍ਹਿਆ ਨਹੀਂ ਜਾ ਰਿਹਾ ਸੀ, ਪਰ ਉਸੇ ਪੱਲ ਉਸ ਨੇ ਇਕ ਬੜੀ ਹੀ ਲਡਿਆਉਂਦੀ ਹੋਈ ਆਵਾਜ਼ ਸੁਣੀ:

"ਮੈਂ ਇਸ ਮੁੰਡੇ ਦੇ ਮਾਪਿਆਂ ਦੀ ਥਾਂ ਲਵਾਂਗਾ!" ਤੇ ਇਕ ਤਗੜੇ ਹੱਥ ਨੇ ਬੜੇ ਧਿਆਨ ਨਾਲ ਮੁੰਡੇ ਨੂੰ ਚੁੱਕ ਲਿਆ।

ਮੁੰਡੇ ਨੇ ਵੇਖਿਆ ਤਾਂ ਉਸ ਨੂੰ ਚਿੱਟੀ ਦਾੜ੍ਹੀ ਵਿਖਾਈ ਦਿੱਤੀ, ਜਿਹੜੀ ਉਸ ਦੇ ਅੱਬਾ ਦੀ ਦਾੜ੍ਹੀ ਵਾਂਗ ਹੀ ਚਿੱਟੀ ਸੀ। ਉਸ ਨੂੰ ਦਿਆਲੂ ਅੱਖਾਂ ਦਿਸੀਆਂ ਜਿਹੜੀਆਂ ਉਹਦੀ ਮਾਂ ਦੀਆਂ ਅੱਖਾਂ ਵਰਗੀਆਂ ਹੀ ਸਨ। ਇਹਨਾਂ ਅੱਖਾਂ ਵਿਚੋਂ ਚਾਨਣ ਰਿਸ਼ਮਾਂ ਝਰ ਰਹੀਆਂ ਸਨ ਤੇ ਸਮੁੱਚੇ ਚਿਹਰੇ ਉਤੇ ਮਹੀਨ ਮਹੀਨ ਤੇ ਮਿਹਰਬਾਨ ਝੁਰੜੀਆਂ ਦੌੜ ਰਹੀਆਂ ਸਨ। ਯਰਤੀ ਨੇ ਬਖ਼ਸ਼ੀ ਸਾਲਿਹ ਨੂੰ ਇਕਦਮ ਪਛਾਣ ਲਿਆ ਸੀ। ਬਜ਼ੁਰਗ

ਨੇ ਆਪਣੇ ਚੋਲੇ ਦੇ ਖੀਸੇ ਵਿਚੋਂ ਲਾਲ ਰੇਸ਼ਮੀ ਰੁਮਾਲ ਕੱਢਿਆ, ਬੜੇ ਧਿਆਨ ਨਾਲ ਬੱਚੇ ਦੇ ਅਥਰੂ ਪੂੰਝੇ ਤੇ ਆਖਿਆ:

"ਰੋ ਨਾ, ਮੇਰਾ ਬੱਚਾ। ਸੂਰਮਿਆਂ ਨੂੰ ਰੋਣਾ ਸ਼ੋਭਾ ਨਹੀਂ ਦਿੰਦਾ। ਮੈਂ ਆਪਣੇ ਥੈਲੇ ਵਿਚ ਤੇਰੇ ਲਈ ਕਿਬੀਤਕਾ ਬਣਾ ਦਿਆਂਗਾ, ਝੁਲਸਦੀ ਧੁਖ ਤੋਂ ਆਪਣੀ ਦਾੜ੍ਹੀ ਨਾਲ ਛਾਂ ਕਰਾਂਗਾ, ਠੰਡੀ ਹਵਾ ਤੋਂ ਬਚਾਉਣ ਲਈ ਆਪਣੇ ਰੂੰਦਾਰ ਚੋਲੇ ਦੀ ਬਾਂਹ ਵਿਚ ਲੁਕਾ ਲਵਾਂਗਾ, ਤੇ ਸਾਨੂੰ ਦੋਹਾਂ ਨੂੰ ਹੀ ਬਹੁਤੇ ਖਾਣੇ ਦੀ ਲੋੜ ਨਹੀਂ।"

"ਹੇ, ਮੇਰੇ ਬਾਬਾ ਸਾਲਿਹ!" ਯਰਤੀ ਨੇ ਬਜ਼ੁਰਗ ਨੂੰ ਜਵਾਬ ਦਿੱਤਾ। "ਮੈਨੂੰ ਪਤੈ ਕਿ ਤੇਰੇ ਨਾਲ ਮੈ ਤੰਗੀਆਂ ਨਹੀਂ ਕੱਟਾਂਗਾ, ਪਰ ਮੈਂ ਰੋ ਤਾਂ ਇਸ ਕਰਕੇ ਰਿਹਾਂ ਕਿ ਮੈਂ ਨਾ ਹੀ ਅੱਬਾ ਨੂੰ ਤੇ ਨਾ ਹੀ ਐਦਜੇ ਨੂੰ ਦੱਸ ਕੇ ਆਇਆਂ। ਉਹ ਦੁਖੀ ਹੋਣਗੇ ਤੇ ਮੈਨੂੰ ਮਰ ਗਿਆ ਸਮਝ ਲੈਣਗੇ, ਤੇ ਜੇ ਉਹਨਾਂ ਨੂੰ ਪਤਾ ਲੱਗ ਗਿਆ ਕਿ ਮੈਂ ਆਪਣੀ ਮਰਜ਼ੀ ਨਾਲ ਹੀ ਦੁਰੇਡੇ ਦੇਸਾਂ ਵੱਲ ਚਲਿਆ ਗਿਆ ਸਾਂ ਤਾਂ ਉਹ ਮੈਨੂੰ ਨਾਸ਼ੁਕਰਾ ਸਮਝਣਗੇ।"

ਬੁੱਢੇ ਬਖ਼ਸ਼ੀ ਨੇ ਮੁਸਕ੍ਰਾ ਕੇ ਜਵਾਬ ਦਿੱਤਾ:

"ਇਹ ਤਾਂ ਬੜੀ ਹੀ ਚੰਗੀ ਗੱਲ ਏ ਕਿ ਤੂੰ ਆਪਣੇ ਮਾਪਿਆਂ ਨੂੰ ਏਨਾ ਪਿਆਰ ਕਰਦਾ ਏਂ ਅਤੇ ਉਹਨਾਂ ਦਾ ਓਨਾ ਹੀ ਫ਼ਿਕਰ ਕਰਦਾ ਏਂ ਜਿੰਨਾ ਉਹ ਤੇਰਾ ਕਰਦੇ ਨੇ। ਪਰ ਕੀ ਰੋਣ ਨਾਲ ਕਿਸੇ ਦਾ ਗ਼ਮ ਦੂਰ ਕੀਤਾ ਜਾ ਸਕਦਾ? ਤੂੰ ਰੋ ਨਾ, ਮੈਨੂੰ ਪਤੈ ਤੈਨੂੰ ਮੁਸੀਬਤ ਤੋਂ ਕਿਵੇਂ ਬਚਾਇਆ ਜਾਣੈ। ਛੇਤੀ ਹੀ ਰੇਗਿਸਤਾਨ ਵਿਚ ਹਵਾ ਵਗਣ ਲੱਗ ਪੈਣੀ ਏ, ਤੇ ਤੂੰ ਆਪਣੇ ਆਦਰਯੋਗ ਪਿਤਾ ਤੇ ਮਿਹਰਬਾਨ ਮਾਤਾ ਲਈ ਕੁਝ ਨਿੱਘੇ ਸ਼ਬਦ ਕਹਿ ਦਈਂ ਤੇ ਹਵਾ ਇਹਨਾਂ ਸ਼ਬਦਾਂ ਨੂੰ ਤੇਰੇ ਜੱਦੀ ਘਰ ਤਕ ਪਹੁੰਚਾ ਦਏਗੀ।"

ਬੁੱਢੇ ਬਖ਼ਸ਼ੀ ਨੇ ਇਹ ਗੱਲ ਆਖੀ ਤੇ ਕਾਫ਼ਲੇ ਨੇ ਆਪਣਾ ਸਫ਼ਰ ਜਾਰੀ ਰਖਿਆ। ਊਠਾਂ ਦੇ ਗਲ ਪਈਆਂ ਟੱਲੀਆਂ ਹੌਲੀ ਹੌਲੀ ਟਣ ਟਣ ਕਰ ਰਹੀਆਂ ਸਨ ਜਿਹੜੇ ਕਾਫਲਾ ਸਲਾਰ ਦੇ ਚਿੱਟੇ ਖੋਤੇ ਦੇ ਪਿਛੇ ਪਿਛੇ ਹੌਲੀ ਹੌਲੀ ਕਦਮ ਪੁਟਦੇ ਜਾ ਰਹੇ ਸਨ...

ਕਾਫ਼ਲਾ ਉਥੇ ਸੀ ਪਰ ਉਹ ਉਥੇ ਨਹੀਂ ਸੀ। ਰੇਗਿਸਤਾਨ ਦੀ ਤੱਤੀ ਰੇਤ ਤਾਂ ਪੈਰਾਂ ਦੇ ਨਿਸ਼ਾਨ ਹੀ ਮਿਟਾ ਦਿੰਦੀ ਏ।

ਉਸ ਸਵੇਰ ਬੁੱਢਾ ਤੇ ਬੁਢੜੀ ਬੜੇ ਉਦਾਸ ਸਨ।

ਲੌਢਾ ਵੇਲਾ ਹੋ ਗਿਆ ਸੀ ਪਰ ਯਰਤੀ ਅਜੇ ਤਕ ਘਰ ਨਹੀਂ ਪਰਤਿਆ ਸੀ।

ਬੁਢੜੀ ਗਾ ਰਹੀ ਸੀ:

ਕਿਥੇ ਏਂ ਤੂੰ ਸਾਡਿਆ ਬਚੜਿਆ,
ਚੁਸਤ ਤੇ ਚਲਾਕ ਬਚੜਿਆ,
ਫੁੱਲ ਤੇ ਸੂਰਜ ਵਰਗਾ ਬਚੜਿਆ?

ਬਜ਼ੁਰਗ ਨੇ ਡੂੰਘਾ ਹਾਉਕਾ ਲਿਆ ਤੇ ਉਹ ਵੀ ਗਾਉਣ ਲੱਗ ਪਿਆ:

ਕਿਥੇ ਏਂ ਤੂੰ ਸਾਡਿਆ ਬਚੜਿਆ,
ਬਾਜ਼ ਤੇ ਚਿਤਰੇ ਵਰਗਿਆ ਬਚੜਿਆ?

ਫਿਰ ਬੁਢੜੀ ਰੋਣ ਲੱਗ ਪਈ:

"ਲੋਕ ਠੀਕ ਹੀ ਕਹਿੰਦੇ ਨੇ ਕਿ ਬੱਚੇ ਅੱਖਾਂ ਦੇ ਤਾਰੇ ਹੁੰਦੇ ਨੇ। ਸਾਡਾ ਧਰਤੀ ਹੁਣ ਨਹੀਂ ਰਿਹਾ ਤੇ ਸਾਡੇ ਜੀਊਣ ਦਾ ਵੀ ਹੁਣ ਕੋਈ ਹੱਜ ਨਹੀਂ।"

ਬਜ਼ੁਰਗ ਨੇ ਕੁਝ ਵੀ ਨਾ ਆਖਿਆ।

ਉਹ ਚੁੱਪ ਕੀਤਾ ਰਿਹਾ। ਗ਼ਮ ਕਾਰਨ ਉਸ ਦੀ ਜ਼ਬਾਨ ਉਤੇ ਕੋਈ ਗੱਲ ਨਹੀਂ ਆ ਰਹੀ ਸੀ।

ਉਹਨਾਂ ਨੇ ਇਕ ਦੂਜੇ ਦੀ ਬਾਂਹ ਫੜੀ ਤੇ ਰੇਗਿਸਤਾਨ ਵੱਲ ਤੁਰ ਪਏ। ਉਹ ਪਿੰਡ ਦੇ ਸਿਰੇ ਉਤੇ ਖਲੋ ਕੇ ਕਾਲੀਆਂ ਰੇਤਾਂ ਦੇ ਅਸੀਮ ਸਾਗਰ ਨੂੰ ਵੇਖ ਰਹੇ ਸਨ। ਪਰ ਉਧਰੋਂ ਕੋਈ ਵੀ ਨਹੀਂ ਆ ਰਿਹਾ ਸੀ। ਸੂਰਜ ਅਸਤ ਹੋ ਗਿਆ ਸੀ।

ਅਚਾਨਕ ਉਹਨਾਂ ਨੂੰ ਮਧਮ ਜਿਹੀ ਸੀਟੀ ਵਜਦੀ ਸੁਣਾਈ ਦਿੱਤੀ। ਇਹ ਰੇਤਾਂ ਦਾ ਗੀਤ ਸੀ ਜਿਹੜੀਆਂ ਆਪਣੀ ਗਰਮਾਇਸ਼ ਸ਼ਾਮ ਦੀ ਠੰਡਕ ਨੂੰ ਦੇ ਰਹੀਆਂ ਸਨ। ਇਸ ਗੀਤ ਦੇ ਅਲਾਪ ਦੇ ਨਾਲ ਹੀ ਵਗਦੀ ਹੋਈ ਹਵਾ ਉਹਨਾਂ ਤਕ ਇੰਜ ਪਹੁੰਚੀ ਮਾਣੋ ਕਿਸੇ ਨੇ ਡੂੰਘਾ ਹਾਉਕਾ ਭਰਿਆ ਹੋਵੇ। ਹਵਾ ਨੇ ਬਜ਼ੁਰਗ ਦੀ ਦਾੜ੍ਹੀ ਨੂੰ ਛੁਹਿਆ, ਬੁਢੜੀ ਦੇ ਲੀੜੇ ਦੀਆਂ ਕੰਨੀਆਂ ਨਾਲ ਅਠਖੇਲੀਆਂ ਕੀਤੀਆਂ ਤੇ ਪਿਤਾ ਤੇ ਮਾਤਾ ਨੇ ਰੇਗਿਸਤਾਨ ਦੇ ਗੀਤ ਵਿਚ ਜਾਣੀ-ਪਛਾਣੀ ਆਵਾਜ਼ ਸੁਣੀ:

"ਅੱਬਾ-ਜਾਨ, ਐਦਜੇ-ਜਾਨ! ਮੇਰਾ ਇੰਤਜ਼ਾਰ ਕਰੋ! ਝੂਰੋ ਨਾ! ਮੈਂ ਛੇਤੀ ਹੀ ਮੁੜ ਆਵਾਂਗਾ ਤੇ ਤੁਹਾਡੇ ਲਈ ਸੁਗਾਤਾਂ ਲਿਆਵਾਂਗਾ। ਅੱਬਾ ਜੀ, ਤੁਹਾਡੇ ਲਈ ਕੋਕੰਡ ਤੋਂ ਰੇਸ਼ਮੀ ਚੋਲਾ ਲਿਆਵਾਂਗਾ, ਤੇ ਮਾਤਾ ਜੀ, ਤੁਹਾਡੇ ਲਈ ਫੁਲ-ਬੂਟਿਆਂ ਵਾਲਾ ਕਸ਼ਮੀਰੀ ਸ਼ਾਲ ਲਿਆਵਾਂਗਾ। ਮੈਂ ਬੱਸ ਏਨਾ ਹੀ ਵੇਖਣਾ ਚਾਹੁੰਦਾ ਹਾਂ ਕਿ ਦੁਨੀਆ ਵਿਚ ਕੀ ਕੁਝ ਹੋ ਵਾਪਰ ਰਿਹੈ..."

ਇਸ ਤਰ੍ਹਾਂ ਹਵਾ ਨੇ ਫੁਸਰ ਫੁਸਰ ਕੀਤਾ ਤੇ ਕਾਰਾਕੁਮ ਰੇਗਿਸਤਾਨ ਵੱਲ ਉੱਡ ਗਈ ਅਤੇ ਉਸ ਦੇ ਨਾਲ ਹੀ ਧਰਤੀ-ਗੁਲਾਕ ਦੀ ਆਵਾਜ਼ ਵੀ ਦੂਰ ਜਾ ਕੇ ਖ਼ਾਮੋਸ਼ ਹੋ ਗਈ।

ਹੁਣ ਬੁੱਢਾ ਤੇ ਬੁਢੜੀ ਰੋ ਨਹੀਂ ਰਹੇ ਸਨ।

ਉਹ ਮੁਸਕ੍ਰਾਉਂਦੇ ਹੋਏ ਆਪਣੇ ਘਰ ਚਲੇ ਗਏ ਤੇ ਉਡੀਕ ਕਰਨ ਲੱਗੇ ਕਿ ਉਹਨਾਂ ਦਾ ਹੁਨਰਮੰਦ ਤੇ ਸ਼ਕਤੀਸ਼ਾਲੀ, ਸਿਆਣਾ ਤੇ ਤਜਰਬੇਕਾਰ ਧਰਤੀ ਕਦੋਂ ਵਾਪਸ ਆਵੇਗਾ।

ਬੁੱਢੜੀ ਨੇ ਆਖਿਆ:

"ਮੁੰਡਾ ਸਾਡਾ ਜ਼ਰੂਰ ਹੀ ਮੁੜ ਆਵੇਗਾ। ਦੁਨੀਆ ਵਿਚ ਕਈ ਸੁਹਣੇ ਸੁਹਣੇ ਇਲਾਕੇ ਨੇ, ਕਈ ਅਮੀਰ ਮੁਲਕ ਨੇ, ਪਰ ਇਨਸਾਨ ਲਈ ਸਭ ਤੋਂ ਪਿਆਰੀ ਥਾਂ ਉਹ ਹੁੰਦੀ ਏ, ਜਿਥੇ ਉਸ ਨੇ ਜਨਮ ਲਿਆ ਹੋਵੇ।"



ਪਾਠਕ ਨੂੰ

ਸਾਡੇ ਇਸ ਪ੍ਰਕਾਸ਼ਨ ਬਾਰੇ ਤੁਸੀਂ ਜਿਹੜੇ ਸੁਝਾਅ ਅਤੇ ਰਾਵਾਂ ਭੇਜਣਾ ਮੁਨਾਸਿਬ ਸਮਝੋਗੇ, ਉਹਨਾਂ ਲਈ ਅਸੀਂ ਸ਼ੁਕਰਗੁਜ਼ਾਰ ਹੋਵਾਂਗੇ।

ਸਾਨੂੰ ਆਸ ਹੈ ਕਿ ਤੁਹਾਡੀ ਭਾਸ਼ਾ ਵਿਚ ਪ੍ਰਕਾਸ਼ਤ ਹੋਇਆ ਰੂਸੀ ਅਤੇ ਸੋਵੀਅਤ ਸਾਹਿਤ ਤੁਹਾਨੂੰ ਸਾਡੇ ਲੋਕਾਂ ਦੇ ਸਭਿਆਚਾਰ ਅਤੇ ਜੀਵਨ ਢੰਗ ਬਾਰੇ ਹੋਰ ਡੂੰਘੀ ਜਾਣਕਾਰੀ ਪ੍ਰਾਪਤ ਕਰਨ ਵਿਚ ਮਦਦ ਕਰੇਗਾ।

ਸਾਡਾ ਪਤਾ:
ਰਾਦੂਗਾ ਪ੍ਰਕਾਸ਼ਨ
17, ਜ਼ੂਬੋਵਸਕੀ ਬੂਲੇਵਾਰ
119859, ਮਾਸਕੋ, ਸੋਵੀਅਤ ਯੂਨੀਅਨ

Переводчик *Кашмир Сингх*
Редактор русского текста *И. Логинов*
Контрольный редактор *С. Михайлиди*
Художник *В. Власов*
Художественный редактор *К. Баласанова*
Технический редактор *Р. Никифорова*
Корректор *Н. Моченова*

ИБ № 5926

Сдано в набор 11.04.89. Подписано в печать 13.12.89. Формат 70 × 90/16. Бумага офсетная. Гарнитура панджаби. Печать офсетная. Условн. печ. л. 17,55. Усл. кр-отт. 71,96. Уч.-изд. л. 22,39. Тираж 2 110 экз. Заказ № 489. Цена 3 р. Изд. № 6358. Издательство «Радуга» В/О «Совэкспорткнига» Государственного комитета СССР по печати. 119859, Москва, ГСП-3, Зубовский бульвар, 17. Фирма-партнер: Панджаб Бук Сентр, г. Чандигарх, Индия. Можайский полиграфкомбинат В/О «Совэкспорткнига». Государственного комитета СССР по печати. 143200, г. Можайск, ул. Мира, 93.

$Т\frac{4803590104-041}{031(01)-90}270-90$





ਤੁਰਕਮੇਨੀ ਲੋਕ ਕੇਂਦਰੀ ਏਸ਼ੀਆ ਦੇ ਪਰਾਚੀਨ ਖ਼ਾਨਾਬਦੋਸ਼ ਲੋਕਾਂ ਵਿਚੋਂ ਹਨ ਜਿਨ੍ਹਾਂ ਦੀ ਲੋਕਧਾਰਾ ਦੀਆਂ ਰਵਾਇਤਾਂ ਬੜੀਆਂ ਅਮੀਰ ਹਨ। ਇਹਨਾਂ ਵਿਚ ਕਵਿਤਾਵਾਂ ਤੇ ਕਿੱਸੇ ਸ਼ਾਮਲ ਹਨ ਜਿਹੜੇ ਦੋਤਾਰੇ ਦੀ ਧੁਨ ਨਾਲ ਸੁਣਾਏ ਜਾਂਦੇ ਹਨ। ਹਾਂ, ਤੇ ਪਰੀ-ਕਹਾਣੀਆਂ ਵੀ ਇਹਨਾਂ ਵਿਚ ਹੀ ਆਉਂਦੀਆਂ ਹਨ, ਜਿਨ੍ਹਾਂ ਵਿਚ ਤੁਰਕਮੇਨੀ ਲੋਕਾਂ ਦੇ ਰਸਮਾਂ ਰਿਵਾਜਾਂ ਤੇ ਰਹਿਣੀ ਬਹਿਣੀ, ਲੋਕਾਂ ਦੇ ਇਤਿਹਾਸ ਦੀ ਅਕਾਸੀ ਹੁੰਦੀ ਹੈ। ਇਹਨਾਂ ਦੇ ਨਾਇਕ ਅਣੋਖੇ ਰਸਤਿਆਂ ਉਤੇ ਚਲਦੇ ਹੋਏ ਕਾਰਾਕੁਮ ਦੇ ਰੇਗਿਸਤਾਨ ਥਾਣੀਂ ਵਿਚਰਦੇ ਹਨ। ਤੁਰਕਮੇਨੀ ਭਾਸ਼ਾ ਵਿਚ ਕਾਰਾਕੁਮ ਦਾ ਅਰਥ ਹੈ "ਕਾਲੀਆਂ ਰੇਤਾਂ"। ਇਕ ਕਲਪਤ ਪੰਛੀ ਸਮਰੁਗ ਅੱਖ ਦੇ ਪਲਕਾਰੇ ਵਿਚ ਕਿਸੇ ਸ਼ਕਤੀਸ਼ਾਲੀ ਬਾਦਸ਼ਾਹ ਦੇ ਮੁਲਕ ਵਿਚ ਲੈ ਜਾਂਦਾ ਹੈ ਜਿਥੇ ਚਾਲੀ ਦਿਨ ਤੇ ਚਾਲੀ ਰਾਤਾਂ ਜਸ਼ਨ ਹੁੰਦੇ ਰਹਿੰਦੇ ਹਨ ਜਿਨ੍ਹਾਂ ਦੌਰਾਨ ਲੋਕ ਪਲਾਓ ਤੇ ਜਾਇਰਾਨ ਦਾ ਮਾਸ ਖਾਂਦੇ ਹਨ। ਪਰੀ-ਕਹਾਣੀਆਂ ਵਿਚ ਕਿਸਾਨ ਜ਼ਮੀਨ ਵਾਹੁੰਦੇ ਹਨ, ਬੁੱਢੀਆਂ ਗਲੀਚੇ ਬੁਣਦੀਆਂ ਹਨ ਅਤੇ ਇਕ ਜਵਾਨ ਪਹਿਲਵਾਨ ਬਦਸ਼ਕਤੀਆਂ ਤੋਂ ਪੁਰਅਮਨ ਜੀਵਨ ਦੀ ਰਖਿਆ ਕਰਦਾ ਹੈ: ਉਹ ਦਿਓਆਂ ਨਾਲ ਭਿੜਦਾ ਹੈ, ਦੈਂਤਾਂ ਦੀ ਅਲਖ ਮੁਕਾਉਂਦਾ ਹੈ।

ਇਸ ਸੰਗ੍ਰਿਹ ਵਿਚ ਜੀਵ-ਜੰਤੂਆਂ ਤੇ ਜਾਦੂਗਰਾਂ ਬਾਰੇ ਕਥਾਵਾਂ ਤੋਂ ਇਲਾਵਾ ਲੋਕਾਂ ਦੇ ਆਮ ਜੀਵਨ ਬਾਰੇ ਕਹਾਣੀਆਂ ਵੀ ਸ਼ਾਮਲ ਹਨ ਜਿਹੜੀਆਂ ਪਾਠਕਾਂ ਨੂੰ ਚੰਗੀਆਂ ਲਗਦੀਆਂ ਹਨ। ਇਹਨਾਂ ਵਿਚ ਯਰਤੀ-ਗੁਲਾਕ ਬਾਰੇ ਕਥਾ-ਮਾਲਾ ਆਉਂਦੀ ਹੈ। ਲੋਕਾਂ ਵਿਚ ਯਰਤੀ-ਗੁਲਾਕ ਨੂੰ ਹਾਜ਼ਰ ਜਵਾਬ, ਤਿੱਖੀ ਬੁਧੀ ਵਾਲਾ ਤੇ ਬੜਾ ਚੁਸਤ ਚਲਾਕ ਸਮਝਿਆ ਜਾਂਦਾ ਹੈ।